Downloaded from https:// www.studiestoday.com

# ਮੱਧ-ਕਾਲੀਨ ਪੰਜਾਬੀ-ਕਾਵਿ
# ਝਲਕਾਂ ਤੇ ਇਤਿਹਾਸ

ਬਾਰ੍ਹਵੀਂ ਸ਼੍ਰੇਣੀ ਲਈ

(ਸੋਧਿਆ ਸੰਸਕਰਨ)

**ਪੰਜਾਬ ਸਕੂਲ ਸਿੱਖਿਆ ਬੋਰਡ**
ਸਾਹਿਬਜ਼ਾਦਾ ਅਜੀਤ ਸਿੰਘ ਨਗਰ

Downloaded from https:// www.studiestoday.com

Downloaded from https:// www.studiestoday.com

© ਪੰਜਾਬ ਸਰਕਾਰ

**ਐਡੀਸ਼ਨ : 2017 ..................... 23,000 ਕਾਪੀਆਂ**

All rights, including those of translation, reproduction
and annotation etc., are reserved by the
Punjab Government.

ਸੰਪਾਦਕ
**ਸ੍ਰੀਮਤੀ ਰਜਿੰਦਰ ਚੌਹਾਨ**
ਵਿਸ਼ਾ-ਮਾਹਰ
ਪੰਜਾਬ ਸਕੂਲ ਸਿੱਖਿਆ ਬੋਰਡ

**ਚਿਤਾਵਨੀ**

1. ਕੋਈ ਵੀ ਏਜੰਸੀ-ਹੋਲਡਰ ਵਾਧੂ ਪੈਸੇ ਵਸੂਲਣ ਦੇ ਮੰਤਵ ਨਾਲ਼ ਪਾਠ-ਪੁਸਤਕਾਂ 'ਤੇ ਜਿਲਦਸਾਜ਼ੀ ਨਹੀਂ ਕਰ ਸਕਦਾ। (ਏਜੰਸੀ-ਹੋਲਡਰਾਂ ਨਾਲ਼ ਹੋਏ ਸਮਝੌਤੇ ਦੀ ਧਾਰਾ ਨੰ. 7 ਅਨੁਸਾਰ)
2. ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਛਪਵਾਈਆਂ ਅਤੇ ਪ੍ਰਕਾਸ਼ਿਤ ਪਾਠ-ਪੁਸਤਕਾਂ ਦੇ ਜਾਲ੍ਹੀ/ ਨਕਲੀ ਪ੍ਰਕਾਸ਼ਨਾਂ (ਪਾਠ-ਪੁਸਤਕਾਂ) ਦੀ ਛਪਾਈ, ਪ੍ਰਕਾਸ਼ਨ, ਸਟਾਕ ਕਰਨਾ, ਜਮ੍ਹਾਖੋਰੀ ਜਾਂ ਵਿਕਰੀ ਆਦਿ ਕਰਨਾ ਭਾਰਤੀ ਦੰਡ ਪ੍ਰਨਾਲ਼ੀ ਦੇ ਅੰਤਰਗਤ ਫ਼ੌਜਦਾਰੀ ਜੁਰਮ ਹੈ।
(ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਪਾਠ-ਪੁਸਤਕਾਂ ਬੋਰਡ ਦੇ 'ਵਾਟਰ ਮਾਰਕ' ਵਾਲ਼ੇ ਕਾਗ਼ਜ਼ ਉੱਪਰ ਹੀ ਛਪਵਾਈਆਂ ਜਾਂਦੀਆਂ ਹਨ।)

**ਮੁੱਲ : ₹ 78.00**

**ਸਕੱਤਰ**, ਪੰਜਾਬ ਸਕੂਲ ਸਿੱਖਿਆ ਬੋਰਡ, ਵਿੱਦਿਆ ਭਵਨ, ਫੇਜ਼-8, ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062 ਰਾਹੀਂ ਪ੍ਰਕਾਸ਼ਿਤ ਅਤੇ ਮੈਸ. ਨੋਵਾ ਪਬਲੀਕੇਸ਼ਨਜ਼, ਸੀ-51, ਫੋਕਲ ਪੁਆਇੰਟ ਐਕਸਟੈਨਸ਼ਨ, ਜਲੰਧਰ ਦੁਆਰਾ ਛਾਪੀ ਗਈ।

Downloaded from https:// www.studiestoday.com

Downloaded from https:// www.studiestoday.com

# ਦੋ ਸ਼ਬਦ

ਪੰਜਾਬ ਸਕੂਲ ਸਿੱਖਿਆ ਬੋਰਡ, 1969 ਈ. ਵਿੱਚ ਹੋਂਦ ਵਿੱਚ ਆਉਣ ਉਪਰੰਤ ਸਕੂਲ ਸਿੱਖਿਆ ਪੱਧਰ ਨੂੰ ਉੱਚਾ ਚੁੱਕਣ ਲਈ ਸਮੇਂ-ਸਮੇਂ, ਵੱਖ-ਵੱਖ ਵਿਸ਼ਿਆਂ ਦੇ ਪਾਠ-ਕ੍ਰਮਾਂ ਨੂੰ ਨਵਿਆ ਕੇ ਉਹਨਾਂ ਅਨੁਸਾਰ ਉੱਤਮ ਪਾਠ-ਪੁਸਤਕਾਂ ਤਿਆਰ ਕਰਨ ਦੇ ਉਪਰਾਲੇ ਕਰਦਾ ਰਿਹਾ ਹੈ। ਇਸ ਸਿਲਸਿਲੇ ਵਿੱਚ ਸੀਨੀਅਰ ਸੈਕੰਡਰੀ ਸ਼੍ਰੇਣੀਆਂ ਦੇ ਪੰਜਾਬੀ ਵਿਸ਼ੇ ਦੇ ਨਵੇਂ ਪਾਠ-ਕ੍ਰਮਾਂ ਦਾ ਨਿਰਮਾਣ ਕਰਕੇ ਲੁੜੀਂਦੀਆਂ ਪਾਠ-ਪੁਸਤਕਾਂ ਐੱਨ.ਸੀ.ਐੱਫ਼. 2005 ਅਤੇ ਪੀ.ਸੀ.ਐੱਫ਼. 2013 ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਤਿਆਰ ਕੀਤੀਆਂ ਗਈਆਂ ਹਨ। ਪੰਜਾਬੀ ਭਾਸ਼ਾ, ਪੰਜਾਬੀ ਸਾਹਿਤ ਅਤੇ ਪੰਜਾਬੀ ਜੀਵਨ ਤੇ ਸੱਭਿਆਚਾਰ ਦੇ ਵਿਭਿੰਨ ਪੱਖਾਂ ਬਾਰੇ ਬੁਨਿਆਦੀ ਵਾਕਫ਼ੀਅਤ ਅਤੇ ਇਹਨਾਂ ਦੀ ਸਲਾਹੁਤਾ ਇਹਨਾਂ ਪਾਠ-ਪੁਸਤਕਾਂ ਦੀ ਸਾਂਝੀ ਸਿਫ਼ਤ ਹੈ।

ਮੱਧ-ਕਾਲੀਨ ਪੰਜਾਬੀ-ਕਾਵਿ (ਝਲਕਾਂ ਤੇ ਇਤਿਹਾਸ) ਭਾਗ-2, ਬਾਰ੍ਹਵੀਂ ਸ਼੍ਰੇਣੀ ਦਾ ਚੋਣਵਾਂ ਵਿਸ਼ਾ ਪੰਜਾਬੀ ਦੇ ਪਾਠ-ਕ੍ਰਮ ਦੀ ਲੋੜ ਅਨੁਸਾਰ ਤਿਆਰ ਕੀਤਾ ਗਿਆ ਹੈ। ਇਸ ਦਾ ਮੁੱਖ ਮਨੋਰਥ ਪੰਜਾਬੀ-ਕਾਵਿ ਦੀ ਵੰਨਗੀ ਦੇ ਕੇ ਵਿਦਿਆਰਥੀਆਂ ਨੂੰ ਪੰਜਾਬੀ ਕਵਿਤਾ ਦੀ ਅਮੀਰ ਪਰੰਪਰਾ ਤੋਂ ਜਾਣੂ ਕਰਵਾਉਣਾ ਹੈ। ਇਸ ਪਾਠ-ਪੁਸਤਕ ਵਿੱਚ ਪਾਠ-ਸਮਗਰੀ ਦੇ ਸੰਕਲਨ ਸਮੇਂ ਨਿਰੇ ਕਾਲ-ਕ੍ਰਮ ਅਨੁਸਾਰ ਤਰਤੀਬ ਦੀ ਬਜਾਏ ਸਾਹਿਤ ਦੀਆਂ ਵੱਖ-ਵੱਖ ਧਾਰਾਵਾਂ ਨੂੰ ਮੁੱਖ ਰੱਖਿਆ ਗਿਆ ਹੈ। ਇਸ ਪਿੱਛੇ ਮਨੋਰਥ ਇਹ ਹੈ ਕਿ ਵਿਦਿਆਰਥੀਆਂ ਨੂੰ ਵੱਖ-ਵੱਖ ਧਾਰਾਵਾਂ ਨਾਲ਼ ਸੰਬੰਧਿਤ ਪੰਜਾਬੀ ਕਵਿਤਾ ਨੂੰ ਬਿਹਤਰ ਢੰਗ ਨਾਲ ਸਮਝਣ ਅਤੇ ਗ੍ਰਹਿਣ ਕਰਨ ਵਿੱਚ ਸੌਖ ਰਹੇ। ਵਿਦਿਆਰਥੀਆਂ ਦੀ ਸੁਵਿਧਾ ਲਈ ਸੰਬੰਧਿਤ ਕਵੀਆਂ ਦੇ ਜੀਵਨ ਅਤੇ ਰਚਨਾਵਾਂ ਬਾਰੇ ਸੰਖੇਪ ਜਾਣਕਾਰੀ ਦਿੱਤੀ ਗਈ ਹੈ ਅਤੇ ਔਖੇ/ਨਵੇਂ ਸ਼ਬਦਾਂ ਦੇ ਅਰਥ ਵੀ ਦਿੱਤੇ ਗਏ ਹਨ। ਗੁਰਮਤਿ-ਕਾਵਿ ਦੀ ਅਰਥਾਂ ਸਹਿਤ ਵਿਆਖਿਆ ਚੁਣੀ ਗਈ ਰਚਨਾ ਦੇ ਨਾਲ਼ ਹੀ ਦਿੱਤੀ ਗਈ ਹੈ।

ਇਸ ਪਾਠ-ਪੁਸਤਕ ਦੇ ਕਵਿਤਾ-ਭਾਗ ਵਿੱਚ ਜਿੱਥੇ ਸੂਫ਼ੀ-ਕਾਵਿ, ਗੁਰਮਤਿ-ਕਾਵਿ, ਕਿੱਸਾ-ਕਾਵਿ ਅਤੇ ਬੀਰ-ਕਾਵਿ ਦੀਆਂ ਵੰਨਗੀਆਂ ਸ਼ਾਮਲ ਕੀਤੀਆਂ ਗਈਆਂ ਹਨ, ਉੱਥੇ ਪੰਜਾਬੀ ਕਵਿਤਾ ਦੇ ਇਤਿਹਾਸ-ਭਾਗ ਵਿੱਚ ਇਹਨਾਂ ਕਵਿਤਾਵਾਂ ਦੇ ਰਚਨਹਾਰਿਆਂ ਦੇ ਪ੍ਰਾਪਤ ਪ੍ਰਮਾਣਿਕ ਸੰਖੇਪ ਜੀਵਨ-ਬਿਓਰੇ ਅਤੇ ਉਹਨਾਂ ਦੁਆਰਾ ਲਿਖੀਆਂ ਹੋਰ ਰਚਨਾਵਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ। ਇੰਞ ਇਸ ਪੁਸਤਕ ਦੇ ਦੋਵੇਂ ਭਾਗ ਇੱਕ-ਦੂਜੇ ਦੇ ਪੂਰਕ ਹਨ।

ਮੈਨੂੰ ਯਕੀਨ ਹੈ ਕਿ ਪਾਠ-ਪੁਸਤਕ ਦੀ ਪਾਠ-ਸਮਗਰੀ ਬਾਰ੍ਹਵੀਂ ਸ਼੍ਰੇਣੀ ਦੇ ਵਿਦਿਆਰਥੀਆਂ ਦੀਆਂ ਵਿੱਦਿਅਕ ਲੋੜਾਂ ਪੂਰੀਆਂ ਕਰੇਗੀ ਅਤੇ ਉਹਨਾਂ ਦਾ ਮਾਨਸਿਕ ਦਿਸਹੱਦਾ ਵਿਸ਼ਾਲ ਹੋਵੇਗਾ। ਇਹ ਵੀ ਉਮੀਦ ਕੀਤੀ ਜਾਂਦੀ ਹੈ ਕਿ ਇਸ ਪਾਠ-ਪੁਸਤਕ ਦਾ ਅਧਿਐਨ ਕਰਦਿਆਂ ਵਿਦਿਆਰਥੀਆਂ ਦਾ ਸਾਹਿਤਿਕ ਸੁਹਜ ਵੀ ਵਧੇਗਾ ਅਤੇ ਉਹ ਪੰਜਾਬੀ ਦੇ ਗੌਰਵਮਈ ਸਾਹਿਤਿਕ ਤੇ ਸੱਭਿਆਚਾਰਿਕ ਵਿਰਸੇ ਦੀ ਵਡਿਆਈ ਨੂੰ ਸਲਾਹ ਸਕਣਗੇ।

ਇਸ ਪਾਠ-ਪੁਸਤਕ ਨੂੰ ਸ੍ਰੀਮਤੀ ਅਮਰੀਤਾ ਗਿੱਲ, ਡਾਇਰੈਕਟਰ ਅਕਾਦਮਿਕ ਦੀ ਅਗਵਾਈ ਅਤੇ ਸ੍ਰੀਮਤੀ ਮਨਜੀਤ ਕੌਰ,ਡਿਪਟੀ ਡਾਇਰੈਕਟਰ ਪੰਜਾਬੀ ਵਿਕਾਸ ਕੇਂਦਰ ਦੀ ਨਿਗਰਾਨੀ ਹੇਠ ਸ੍ਰੀਮਤੀ ਰਜਿੰਦਰ ਚੌਹਾਨ, ਵਿਸ਼ਾ-ਮਾਹਰ ਨੇ ਸੰਪਾਦਿਤ ਕੀਤਾ ਹੈ। ਇਸ ਪਾਠ-ਪੁਸਤਕ ਦੀ ਤਿਆਰੀ ਵਿੱਚ ਖੇਤਰੀ-ਮਾਹਰਾਂ, ਅਧਿਆਪਕਾਂ, ਵਿਸ਼ਾ-ਮਾਹਰਾਂ ਵਿਸ਼ੇਸ਼ ਕਰਕੇ ਡਾ. ਅਮਰਜੀਤ ਕੌਰ ਵਿਰਕ, ਡਾ. ਸੁਖਬੀਰ ਸਿੰਘ ਵਿਰਦੀ, ਸ੍ਰੀ ਤਰਸੇਮ ਸਿੰਘ ਬੁਟਰ, ਸ੍ਰੀਮਤੀ ਨਿਤਾਸ਼ਾ ਕੋਹਲੀ, ਸ੍ਰੀਮਤੀ ਜਸਵੀਰ ਕੌਰ ਅਤੇ ਸ੍ਰੀ ਮਨਮੋਹਨ ਸਿੰਘ ਦਾਊਂ ਨੇ ਸਹਿਯੋਗ ਦਿੱਤਾ।



Downloaded from https:// www.studiestoday.com

Downloaded from https:// www.studiestoday.com

ਇਸ ਪਾਠ-ਪੁਸਤਕ ਦਾ ਪੰਜਾਬੀ ਕਵਿਤਾ ਤੇ ਇਤਿਹਾਸ ਵਾਲ਼ਾ ਭਾਗ ਸਵ. ਡਾ. ਕੇਸਰ ਸਿੰਘ ਕੇਸਰ, ਸਾਬਕਾ ਪ੍ਰੋਫ਼ੈਸਰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਉਚੇਚੇ ਤੌਰ 'ਤੇ ਲਿਖਵਾਇਆ ਗਿਆ ਸੀ। ਮੈਂ ਇਹਨਾਂ ਦੇ ਇਸ ਬਹੁਮੁੱਲੇ ਯੋਗਦਾਨ ਲਈ ਹਾਰਦਿਕ ਧੰਨਵਾਦੀ ਹਾਂ।

ਕਿਸੇ ਪਾਠ-ਪੁਸਤਕ ਦੀ ਉੱਤਮਤਾ ਦੀ ਪਰਖ ਕਰਨ ਵਾਲ਼ੇ ਵਿਦਿਆਰਥੀ ਅਤੇ ਅਧਿਆਪਕ ਹੁੰਦੇ ਹਨ। ਮੈਨੂੰ ਉਮੀਦ ਹੈ ਕਿ ਇਸ ਪਾਠ-ਪੁਸਤਕ ਸੰਬੰਧੀ ਇਸ ਵਰਗ ਦੀ ਪ੍ਰਤਿਕਿਰਿਆ ਬੋਰਡ ਨੂੰ ਪ੍ਰਾਪਤ ਹੋਵੇਗੀ ਜਿਸ ਦੀ ਲੋਅ ਵਿੱਚ ਇਸ ਪਾਠ-ਪੁਸਤਕ ਨੂੰ ਬਿਹਤਰ ਬਣਾਇਆ ਜਾ ਸਕੇਗਾ।

ਪੰਜਾਬ ਸਕੂਲ ਸਿੱਖਿਆ ਬੋਰਡ ਉਹਨਾਂ ਸਾਰੇ ਲੇਖਕਾਂ/ਲੇਖਕਾਂ ਦੇ ਵਾਰਸਾਂ ਦਾ ਧੰਨਵਾਦੀ ਹੈ ਜਿਨ੍ਹਾਂ ਦੇ ਕਾਵਿ-ਸੰਗ੍ਰਹਿਆਂ ਵਿੱਚੋਂ ਇਸ ਪਾਠ-ਪੁਸਤਕ ਲਈ ਕਵਿਤਾਵਾਂ ਸ਼ਾਮਲ ਕੀਤੀਆਂ ਗਈਆਂ ਹਨ ਅਤੇ ਉਹਨਾਂ ਨੇ ਕਿਰਪਾ-ਪੂਰਵਕ ਅਜਿਹਾ ਕਰਨ ਦੀ ਆਗਿਆ ਦਿੱਤੀ ਹੈ।

**ਚੇਅਰਮੈਨ**
ਪੰਜਾਬ ਸਕੂਲ ਸਿੱਖਿਆ ਬੋਰਡ



Downloaded from https:// www.studiestoday.com

Downloaded from https:// www.studiestoday.com

# ਵਿਸ਼ਾ-ਸੂਚੀ

## ਭਾਗ-1


| | | ਪੰਨਾ ਨੰ. |
|---|---|---|
| 1. | **ਭੂਮਿਕਾ** | vii |
| 2. | **ਸੂਫ਼ੀ-ਕਾਵਿ** | **2-33** |
| | ਸ਼ੇਖ਼ ਫ਼ਰੀਦ | 2 |
| | ਵਜੀਦ | 9 |
| | ਸ਼ਾਹ ਹੁਸੈਨ | 13 |
| | ਸੁਲਤਾਨ ਬਾਹੂ | 17 |
| | ਬੁੱਲ੍ਹੇ ਸ਼ਾਹ | 21 |
| | ਹਾਸ਼ਮ ਸ਼ਾਹ | 26 |
| | ਖ਼ਵਾਜਾ ਗ਼ੁਲਾਮ ਫ਼ਰੀਦ | 30 |
| 3. | **ਗੁਰਮਤਿ-ਕਾਵਿ** | **34-84** |
| | ਗੁਰੂ ਨਾਨਕ ਦੇਵ ਜੀ | 34 |
| | ਗੁਰੂ ਅੰਗਦ ਦੇਵ ਜੀ | 43 |
| | ਗੁਰੂ ਅਮਰਦਾਸ ਜੀ | 50 |
| | ਗੁਰੂ ਰਾਮਦਾਸ ਜੀ | 59 |
| | ਗੁਰੂ ਅਰਜਨ ਦੇਵ ਜੀ | 66 |
| | ਭਾਈ ਗੁਰਦਾਸ ਜੀ | 74 |
| | ਗੁਰੂ ਤੇਗ਼ ਬਹਾਦਰ ਜੀ | 81 |
| 4. | **ਕਿੱਸਾ-ਕਾਵਿ** | **85-103** |
| | ਪੀਲੂ | 85 |
| | ਹਾਫ਼ਿਜ਼ ਬਰਖ਼ੁਰਦਾਰ | 90 |
| | ਵਾਰਿਸ ਸ਼ਾਹ | 94 |
| | ਕਾਦਰਯਾਰ | 99 |
| 5. | **ਬੀਰ-ਕਾਵਿ** | **104-117** |
| | ਗੁਰੂ ਗੋਬਿੰਦ ਸਿੰਘ ਜੀ | 104 |
| | ਨਜਾਬਤ | 109 |
| | ਸ਼ਾਹ ਮੁਹੰਮਦ | 113 |




Downloaded from https:// www.studiestoday.com

Downloaded from https:// www.studiestoday.com

## ਭਾਗ-2

| ਕ੍ਰਮ-ਅੰਕ | ਵਿਸ਼ਾ | ਪੰਨਾ ਨੰ. |
|---|---|---|
| 1. | **'ਮੱਧ-ਕਾਲੀਨ ਪੰਜਾਬੀ ਕਵਿਤਾ ਦਾ ਸੰਖੇਪ ਇਤਿਹਾਸ' ਬਾਰੇ** | 118-134 |
| | (ੳ) ਪੰਜਾਬ, ਪੰਜਾਬੀ, ਗੁਰਮੁਖੀ ਤੇ ਪੰਜਾਬੀ ਸਾਹਿਤ | |
| | (ਅ) ਪੰਜਾਬੀ ਕਵਿਤਾ ਦਾ ਇਤਿਹਾਸ : ਦੋ ਯੁੱਗ (ਮੱਧ ਤੇ ਆਧੁਨਿਕ) | |
| | (ੲ) ਪੰਜਾਬੀ ਕਵਿਤਾ ਦੇ ਇਤਿਹਾਸ ਦੀ ਕਾਲ-ਵੰਡ | |
| | (ਸ) ਮੱਧ-ਯੁੱਗ ਦੀ ਪੰਜਾਬੀ ਕਵਿਤਾ ਦੀਆਂ ਪ੍ਰਮੁੱਖ ਧਾਰਾਵਾਂ | |
| 2. | **ਸੂਫ਼ੀ-ਕਾਵਿ** | 135-152 |
| | (ੳ) ਆਮ ਜਾਣਕਾਰੀ | |
| | (ਅ) ਪ੍ਰਮੁੱਖ ਸੂਫ਼ੀ ਕਵੀ | |
| 3. | **ਗੁਰਮਤਿ-ਕਾਵਿ** | 153-168 |
| | (ੳ) ਆਮ ਜਾਣਕਾਰੀ | |
| | (ਅ) ਪ੍ਰਮੁੱਖ ਗੁਰਮਤਿ ਕਵੀ | |
| 4. | **ਕਿੱਸਾ-ਕਾਵਿ** | 169-189 |
| | (ੳ) ਆਮ ਜਾਣਕਾਰੀ | |
| | (ਅ) ਪ੍ਰਮੁੱਖ ਕਿੱਸਾ ਕਵੀ | |
| 5. | **ਬੀਰ-ਕਾਵਿ** | 190-196 |
| | (ੳ) ਆਮ ਜਾਣਕਾਰੀ | |
| | (ਅ) ਪ੍ਰਮੁੱਖ ਵਾਰਾਂ | |



Downloaded from https:// www.studiestoday.com

Downloaded from https:// www.studiestoday.com

# ਭੂਮਿਕਾ

ਹਥਲੀ ਪਾਠ-ਪੁਸਤਕ ਸੀਨੀਅਰ ਸੈਕੰਡਰੀ ਸ਼੍ਰੇਣੀਆਂ ਭਾਗ-2 (ਬਾਰ੍ਹਵੀਂ) ਦੇ ਵਿਦਿਆਰਥੀਆਂ ਦੇ ਮਾਨਸਿਕ ਅਤੇ ਬੌਧਿਕ ਪੱਧਰ ਨੂੰ ਮੁੱਖ ਰੱਖ ਕੇ ਤਿਆਰ ਕੀਤੀ ਗਈ ਹੈ। ਮੱਧ-ਕਾਲੀਨ ਪੰਜਾਬੀ ਕਵਿਤਾ ਵਿੱਚ ਗੁਰਮਤਿ-ਕਾਵਿ, ਸੂਫ਼ੀ-ਕਾਵਿ, ਕਿੱਸਾ- ਕਾਵਿ ਅਤੇ ਬੀਰ-ਕਾਵਿ ਪ੍ਰਮੁੱਖ ਕਾਵਿ-ਧਾਰਾਵਾਂ ਹਨ। ਇਸ ਤੋਂ ਬਾਅਦ ਦੀ ਕਵਿਤਾ ਆਧੁਨਿਕ ਕਾਵਿ-ਧਾਰਾ ਅਧੀਨ ਆ ਜਾਂਦੀ ਹੈ। ਇਸ ਪੁਸਤਕ ਵਿੱਚ ਕਵਿਤਾ ਦਾ ਸੰਕਲਨ ਅਜਿਹੇ ਢੰਗ ਨਾਲ਼ ਕੀਤਾ ਗਿਆ ਹੈ, ਜਿਸ ਨਾਲ਼ ਵਿਦਿਆਰਥੀਆਂ ਨੂੰ ਇਹਨਾਂ ਕਾਵਿ-ਧਾਰਾਵਾਂ ਬਾਰੇ ਜਾਣਕਾਰੀ ਹੋ ਸਕੇ ਅਤੇ ਉਹ ਅੱਗੋਂ ਇਹਨਾਂ ਕਾਵਿ-ਧਾਰਾਵਾਂ ਨਾਲ਼ ਸੰਬੰਧਿਤ ਹੋਰ ਕਵੀਆਂ ਦੀਆਂ ਰਚਨਾਵਾਂ ਪੜ੍ਹਨ ਲਈ ਪ੍ਰੇਰਿਤ ਹੋ ਸਕਣ।

ਪੰਜਾਬੀ ਸਾਹਿਤ ਦੇ ਇਤਿਹਾਸਕਾਰਾਂ ਨੇ ਪੰਜਾਬੀ ਕਵਿਤਾ ਦਾ ਮੋਢੀ ਸ਼ੇਖ਼ ਫ਼ਰੀਦ ਨੂੰ ਮੰਨਿਆ ਹੈ। ਕੁਝ ਇਤਿਹਾਸਕਾਰ ਸ਼ੇਖ਼ ਫ਼ਰੀਦ ਤੋਂ ਤਿੰਨ ਚਾਰ ਸਦੀਆਂ ਪਹਿਲਾਂ ਦੀ ਮਿਲ਼ਦੀ ਨਾਥ-ਜੋਗੀਆਂ ਦੀ ਰਚਨਾ ਨੂੰ ਵੀ ਪੰਜਾਬੀ ਕਵਿਤਾ ਦਾ ਮੁੱਢ ਮੰਨਦੇ ਹਨ, ਪਰ ਇਸ ਬਾਰੇ ਵਿਦਵਾਨਾਂ ਵਿੱਚ ਮੱਤ-ਭੇਦ ਹਨ। ਇਸ ਸਮੇਂ ਦੀ ਮਿਲ਼ਦੀ ਰਚਨਾ ਦੀ ਭਾਸ਼ਾ ਸ਼ੁੱਧ ਪੰਜਾਬੀ ਨਹੀਂ, ਇਸ ਭਾਸ਼ਾ ਨੂੰ ਰਲ਼ਗੱਡ ਜਾਂ ਸਾਧੂਕੜੀ ਭਾਸ਼ਾ ਕਿਹਾ ਗਿਆ ਹੈ। ਸ਼ੇਖ਼ ਫ਼ਰੀਦ ਤੋਂ ਪਿੱਛੋਂ ਦੇ ਲਗ-ਪਗ ਸਵਾ ਦੋ ਸੌ ਸਾਲ ਦੇ ਸਮੇਂ ਵਿੱਚ ਰਚੀ ਗਈ ਕਵਿਤਾ ਪ੍ਰਾਪਤ ਨਹੀਂ ਹੁੰਦੀ। ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕੁਝ ਵਾਰਾਂ ਨੂੰ ਪ੍ਰਚਲਿਤ ਵਾਰਾਂ ਦੀਆਂ ਧੁਨੀਆਂ 'ਤੇ ਗਾਉਣ ਦੀ ਹਿਦਾਇਤ ਤੋਂ ਪਤਾ ਚੱਲਦਾ ਹੈ ਕਿ ਇਸ ਸਮੇਂ ਜਾਂ ਇਸ ਤੋਂ ਪਹਿਲਾਂ ਵੀ ਕੁਝ ਵਾਰਾਂ ਰਚੀਆਂ ਗਈਆਂ ਹੋਣਗੀਆਂ।

ਇਸ ਪਾਠ ਪੁਸਤਕ ਵਿੱਚ ਸੂਫ਼ੀ ਕਾਵਿ-ਧਾਰਾ ਨਾਲ਼ ਸੰਬੰਧਿਤ ਸੱਤ ਸੂਫ਼ੀ ਕਵੀਆਂ ਸ਼ੇਖ ਫ਼ਰੀਦ, ਵਜੀਦ, ਸ਼ਾਹ ਹੁਸੈਨ, ਸੁਲਤਾਨ ਬਾਹੂ, ਬੁੱਲ੍ਹੇ ਸ਼ਾਹ, ਹਾਸ਼ਮ ਸ਼ਾਹ ਅਤੇ ਖ਼ਵਾਜਾ ਗ਼ੁਲਾਮ ਫ਼ਰੀਦ ਦੀਆਂ ਰਚਨਾਵਾਂ ਸ਼ਾਮਲ ਕੀਤੀਆਂ ਗਈਆਂ ਹਨ। ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ ਕਿ ਸ਼ੇਖ਼ ਫ਼ਰੀਦ ਜੀ ਪੰਜਾਬੀ-ਕਾਵਿ ਦੇ ਮੋਢੀ ਮੰਨੇ ਜਾਂਦੇ ਹਨ। ਆਪ ਦੀ ਕਵਿਤਾ ਸਲੋਕਾਂ ਅਤੇ ਸ਼ਬਦਾਂ ਦੇ ਰੂਪ ਵਿੱਚ ਹੈ ਅਤੇ ਕਵਿਤਾ ਦਾ ਮੁੱਖ ਵਿਸ਼ਾ ਰੱਬੀ ਪ੍ਰੇਮ ਹੈ। ਉਹ ਇਸ ਸੰਸਾਰ ਨੂੰ ਨਾਸ਼ਵਾਨ ਦੱਸ ਕੇ ਪਰਮਾਤਮਾ ਦੀ ਭਗਤੀ ਕਰਨ ਦੀ ਪ੍ਰੇਰਨਾ ਦਿੰਦੇ ਹਨ। ਉਹਨਾਂ ਨੇ ਮਿੱਠਾ ਬੋਲਣ, ਸਹਿਣਸ਼ੀਲਤਾ, ਨਿਮਰਤਾ ਅਤੇ ਸਾਦਗੀ ਨਾਲ਼ ਜੀਵਨ ਜਿਊਂਣ ਆਦਿ ਦੇ ਵਿਸ਼ੇ ਲਏ ਹਨ। ਸ਼ੇਖ਼ ਫ਼ਰੀਦ ਜੀ ਦੀ ਰਚਨਾ ਤੋਂ ਪੰਜਾਬੀ ਸੂਫ਼ੀ-ਕਾਵਿ ਦਾ ਅਰੰਭ ਹੁੰਦਾ ਹੈ। ਇਸੇ ਕਾਵਿ-ਧਾਰਾ ਦੇ ਧਾਰਨੀ ਵਜੀਦ ਦੀ ਪ੍ਰਮੁੱਖ ਰਚਨਾ ਸਲੋਕਾਂ ਦੇ ਰੂਪ ਵਿੱਚ ਮਿਲ਼ਦੀ ਹੈ। ਉਸ ਅਨੁਸਾਰ ਪਰਮਾਤਮਾ ਸਰਬ-ਸ਼ਕਤੀਮਾਨ ਹੈ ਅਤੇ ਮਨੁੱਖ ਉਸ ਦੇ ਅੱਗੇ ਕੁਝ ਵੀ ਨਹੀਂ ਅਤੇ ਮਨੁੱਖ ਕਿਸੇ ਵੀ ਤਰ੍ਹਾਂ ਪਰਮਾਤਮਾ ਦੀ ਕਰਨੀ ਨੂੰ ਮੋੜ ਨਹੀਂ ਸਕਦਾ। ਉਹ ਪਰਮਾਤਮਾ ਦੀ ਬੰਦਗੀ ਉੱਤੇ ਜ਼ੋਰ ਦਿੰਦਾ ਹੈ।

ਸ਼ਾਹ ਹੁਸੈਨ ਨੇ ਇਸ ਸੂਫ਼ੀ ਵਿਚਾਰਧਾਰਾ ਨੂੰ ਪਕਿਆਈ ਦਿੱਤੀ। ਸ਼ਾਹ ਹੁਸੈਨ ਦੀ ਸਾਰੀ ਰਚਨਾ ਕਾਫ਼ੀਆਂ ਦੇ ਰੂਪ ਵਿੱਚ ਰਾਗਾਂ ਅਧੀਨ ਲਿਖੀ ਮਿਲ਼ਦੀ ਹੈ। ਇਸ ਸੂਫ਼ੀ-ਕਵੀ ਦੀਆਂ ਕਾਫ਼ੀਆਂ ਵਿੱਚ ਪ੍ਰਮੁੱਖ ਵਿਸ਼ੇ ਇਸ਼ਕ ਦੀ ਸ਼ਿੱਦਤ, ਪ੍ਰੀਤਮ-ਪਰਮਾਤਮਾ ਨੂੰ ਮਿਲ਼ਨ ਦੀ ਪ੍ਰਬਲ ਇੱਛਾ, ਧਾਰਮਿਕ ਪਾਖੰਡਾਂ ਅਤੇ ਕਰਮ-ਕਾਂਡਾਂ ਤੋਂ ਮੁਕਤੀ ਆਦਿ ਹਨ। ਕਵੀ ਨੇ ਜੀਵਨ ਵਿੱਚੋਂ ਉਪਮਾਵਾਂ ਅਤੇ ਚਿੰਨ੍ਹਾਂ ਦੀ ਵਰਤੋਂ ਕਰਕੇ ਇਹਨਾਂ



Downloaded from https:// www.studiestoday.com

Downloaded from https:// www.studiestoday.com

ਵਿਸ਼ਿਆਂ ਨੂੰ ਬਖ਼ੂਬੀ ਨਿਭਾਇਆ ਹੈ। ਇਸ ਧਾਰਾ ਦਾ ਅਗਲਾ ਕਵੀ ਸੁਲਤਾਨ ਬਾਹੂ ਹੈ, ਜਿਸ ਨੇ ਪੰਜਾਬੀ ਵਿੱਚ ਬੈਂਤ ਅਤੇ ਦੋਹੜੇ ਲਿਖ ਕੇ ਸੂਫ਼ੀ ਵਿਚਾਰਧਾਰਾ ਨੂੰ ਅੱਗੇ ਤੋਰਿਆ। ਸੁਲਤਾਨ ਬਾਹੂ ਨੇ ਆਤਮਾ ਨੂੰ ਪਰਮਾਤਮਾ ਵਿੱਚ ਅਭੇਦ ਹੋਣ ਦੀ ਵਿਚਾਰਧਾਰਾ ਨੂੰ ਅਪਣਾਇਆ ਹੈ। ਸ਼ਾਹ ਸ਼ਰਫ਼ ਦਾ ਨਾਂ ਵੀ ਸੂਫ਼ੀ ਕਵੀਆਂ ਵਿੱਚ ਆਉਂਦਾ ਹੈ। ਇਸ ਕਵੀ ਨੇ ਪਹਿਲੇ ਸੂਫ਼ੀ ਕਵੀਆਂ ਦੀ ਵਿਚਾਰਧਾਰਾ ਨਾਲ਼ ਮੇਲ਼ ਖਾਂਦੇ ਵਿਚਾਰ ਦਿੱਤੇ ਹਨ।

ਬੁਲ੍ਹੇ ਸ਼ਾਹ ਇਸ ਕਾਵਿ-ਧਾਰਾ ਦੇ ਨਵੇਕਲ਼ੇ ਪੜਾਅ ਦਾ ਧਾਰਨੀ ਹੈ। ਬੁਲ੍ਹੇ ਸ਼ਾਹ ਨੇ ਕਾਫ਼ੀਆਂ, ਬਾਰਾਂਮਾਹ, ਅਠਵਾਰੇ, ਦੋਹੜੇ, ਸੀਹਰਫ਼ੀਆਂ ਆਦਿ ਕਾਵਿ-ਰੂਪਾਂ ਵਿੱਚ ਰਚਨਾ ਕੀਤੀ। ਪਰੰਤੂ ਪੰਜਾਬੀ ਸੂਫ਼ੀ-ਕਾਵਿ ਸਾਹਿਤ ਵਿੱਚ ਉਸ ਦੀਆਂ ਕਾਫ਼ੀਆਂ ਵਧੇਰੇ ਮਸ਼ਹੂਰ ਹੋਈਆਂ। ਬੁਲ੍ਹੇ ਸ਼ਾਹ ਨੇ ਸ਼ਰੀਅਤ ਦੇ ਬਾਹਰੀ ਦਿਖਾਵਿਆਂ ਨਾਲ਼ੋਂ ਉਹਨਾਂ ਨੂੰ ਅੰਤਰਮਨ ਵਿੱਚ ਗ੍ਰਹਿਣ ਕਰਨ ਉੱਤੇ ਜ਼ੋਰ ਦਿੱਤਾ। ਉਸ ਦੀ ਰਚਨਾ ਵਿੱਚ ਸੰਸਾਰ ਦੀ ਨਾਸ਼ਮਾਨਤਾ, ਮੁਰਸ਼ਦ ਦੀ ਮਹੱਤਤਾ ਅਤੇ ਰੱਬੀ ਇਸ਼ਕ ਪ੍ਰਮੁੱਖ ਤੌਰ 'ਤੇ ਰੂਪਮਾਨ ਹੁੰਦੇ ਹਨ। ਅਲੀ ਹੈਦਰ ਦੀਆਂ ਕਾਫ਼ੀਆਂ ਵਿੱਚ ਸੂਫ਼ੀਆਨਾ ਅੰਦਾਜ਼ ਆਪਣੀ ਕਿਸਮ ਦਾ ਹੈ। ਉਹ ਆਪਣੇ ਇਸ਼ਟ ਦੀ ਇਬਾਦਤ ਅਤੇ ਅੱਲਾ ਦੀ ਮਿਹਰ ਨਾਲ਼ ਮੁਰਸ਼ਦ ਦੇ ਦੱਸੇ ਰਾਹ ਉੱਤੇ ਚੱਲ ਕੇ ਪਰਮਾਤਮਾ ਨੂੰ ਪਾਉਣ ਅਤੇ ਉਸ ਵਿੱਚ ਅਭੇਦ ਹੋਣ ਉੱਤੇ ਬਲ ਦਿੰਦਾ ਹੈ।

ਹਾਸ਼ਮ ਸ਼ਾਹ ਨੂੰ ਕਿੱਸਾ ਕਵੀ ਦੇ ਤੌਰ 'ਤੇ ਵਧੇਰੇ ਪ੍ਰਸਿੱਧੀ ਹਾਸਲ ਹੋਈ ਪਰੰਤੂ ਉਸ ਦੁਆਰਾ ਲਿਖੇ ਦੋਹੜਿਆਂ ਦੇ ਆਧਾਰ 'ਤੇ ਉਸ ਨੂੰ ਸੂਫ਼ੀ ਕਵੀਆਂ ਵਿੱਚ ਰੱਖਿਆ ਗਿਆ ਹੈ। ਦੋਹੜਿਆਂ ਤੋਂ ਇਲਾਵਾ ਉਸ ਨੇ ਡਿਉਢਾਂ ਵੀ ਲਿਖੀਆਂ। ਉਸ ਨੇ ਸੰਸਾਰ ਦੀ ਨਾਸ਼ਮਾਨਤਾ, ਇਸ਼ਕ ਮਜ਼ਾਜੀ ਅਤੇ ਇਸ਼ਕ ਹਕੀਕੀ ਦੇ ਵਿਸ਼ਿਆਂ ਨੂੰ ਬੜੀ ਡੂੰਘਾਈ ਨਾਲ਼ ਬਿਆਨਿਆ ਹੈ। ਇਸੇ ਕਾਵਿ-ਧਾਰਾ ਦੇ ਕਵੀ ਖ਼ਵਾਜ਼ਾ ਗੁਲਾਮ ਦੇ ਕਲਾਮ ਅਤੇ ਜੀਵਨ ਵਿੱਚ ਇਕਸੁਰਤਾ ਅਤੇ ਇਕਸਾਰਤਾ ਝਲਕਦੀ ਹੈ। ਖ਼ਵਾਜ਼ਾ ਗੁਲਾਮ ਫ਼ਰੀਦ ਨੇ 'ਕਾਫ਼ੀਆਂ' ਕਾਵਿ-ਰੂਪ ਵਿੱਚ ਰਚਨਾ ਕੀਤੀ। ਸੂਫ਼ੀ ਕਾਵਿ-ਧਾਰਾ ਦੇ ਕਵੀਆਂ ਨੇ ਕਾਫ਼ੀਆਂ, ਸਲੋਕਾਂ, ਦੋਹੜੇ, ਸੀਹਰਫ਼ੀਆਂ ਆਦਿ ਵੱਖ-ਵੱਖ ਕਾਵਿ ਰੂਪਾਂ ਰਾਹੀਂ ਆਪਣੀ ਵਿਚਾਰਧਾਰਾ ਨੂੰ ਪ੍ਰਗਟ ਕੀਤਾ ਹੈ।

ਗੁਰਮਤਿ-ਕਾਵਿ ਵਿੱਚ ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ, ਗੁਰੂ ਤੇਗ਼ ਬਹਾਦਰ ਜੀ, ਅਤੇ ਭਾਈ ਗੁਰਦਾਸ ਦੀਆਂ ਰਚਨਾਵਾਂ ਸ਼ਾਮਲ ਕੀਤੀਆਂ ਗਈਆਂ ਹਨ। ਗੁਰੂ ਸਾਹਿਬਾਨ ਨੇ ਮਨੁੱਖੀ ਕਲਿਆਣ, ਪ੍ਰੇਮ, ਸੇਵਾ, ਨਿਮਰਤਾ, ਹਲੀਮੀ, ਪਰਉਪਕਾਰ ਆਦਿ ਉੱਚੇ ਸਦਾਚਾਰਿਕ ਆਦਰਸ਼ਾਂ ਨੂੰ ਪ੍ਰਗਟਾਇਆ ਹੈ। ਗੁਰਬਾਣੀ ਵਿੱਚ ਛੰਦ ਅਤੇ ਕਾਵਿ-ਰੂਪ ਬਹੁ-ਭਾਂਤੀ ਵਰਤੇ ਗਏ ਹਨ। ਸ਼ੈਲੀ ਵਿੱਚ ਸਰਲਤਾ, ਸੁਭਾਵਿਕਤਾ ਅਤੇ ਸੰਜਮ ਹੈ। ਗੁਰੂ ਸਾਹਿਬਾਂ ਅਤੇ ਉਹਨਾਂ ਦੇ ਵਿਚਾਰਾਂ ਨਾਲ਼ ਮੇਲ ਖਾਂਦੇ ਹੋਰ ਅਨੇਕਾਂ ਸੰਤਾਂ-ਭਗਤਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਦਸਮ ਗ੍ਰੰਥ ਵਿੱਚ ਦਰਜ ਹੈ।

ਭਾਈ ਗੁਰਦਾਸ ਨੇ ਪੰਜਾਬੀ ਬੋਲੀ ਵਿੱਚ ਵਾਰਾਂ ਅਤੇ ਬ੍ਰਿਜ ਭਾਸ਼ਾ ਵਿੱਚ ਕਬਿੱਤ ਅਤੇ ਸਵੱਯੇ ਆਦਿ ਕਾਵਿ-ਰੂਪਾਂ ਦੀ ਰਚਨਾ ਕੀਤੀ। ਇਸ ਪਾਠ-ਪੁਸਤਕ ਵਿੱਚ ਆਪ ਦੀਆਂ ਵਾਰਾਂ ਵਿੱਚੋਂ ਕੁਝ ਪਉੜੀਆਂ ਸ਼ਾਮਲ ਕੀਤੀਆਂ ਗਈਆਂ ਹਨ। ਭਾਈ ਗੁਰਦਾਸ ਨੇ ਗੁਰੂ ਸਾਹਿਬਾਨ ਦੀ ਵਿਚਾਰਧਾਰਾ ਨੂੰ ਹੀ ਸਪਸ਼ਟਤਾ ਅਤੇ ਸਰਲਤਾ ਨਾਲ਼ ਬਿਆਨ ਕੀਤਾ। ਇਸੇ ਕਰਕੇ ਹੀ ਭਾਈ ਗੁਰਦਾਸ ਦੀ ਰਚਨਾ ਨੂੰ ਗੁਰਬਾਣੀ ਦੀ ਕੁੰਜੀ ਕਿਹਾ ਜਾਂਦਾ ਹੈ।



Downloaded from https:// www.studiestoday.com

Downloaded from https:// www.studiestoday.com

ਪੰਜਾਬੀ ਸਾਹਿਤ ਵਿੱਚ ਕਿੱਸਾ-ਕਾਵਿ ਇੱਕ ਹਰਮਨ-ਪਿਆਰਾ ਕਾਵਿ-ਰੂਪ ਹੈ। ਪੰਜਾਬੀ ਵਿੱਚ ਸਭ ਤੋਂ ਪਹਿਲਾ ਕਿੱਸਾ ਦਮੋਦਰ ਦਾ ਲਿਖਿਆ ਮਿਲ਼ਦਾ ਹੈ। ਇਸ ਕਿੱਸੇ ਵਿੱਚ 'ਹੀਰ ਰਾਂਝੇ' ਦੀ ਪ੍ਰੀਤ-ਕਹਾਣੀ ਦੇ ਬਿਆਨ ਦੇ ਨਾਲ਼-ਨਾਲ਼ ਪੰਜਾਬੀ ਦੇ ਸੱਭਿਆਚਾਰ ਨੂੰ ਸਜੀਵ ਰੂਪ ਵਿੱਚ ਚਿਤਰਿਆ ਹੈ। ਦਮੋਦਰ ਤੋਂ ਬਾਅਦ ਪੀਲੂ ਨੇ 'ਮਿਰਜ਼ਾ ਸਾਹਿਬਾਂ' ਦੀ ਪ੍ਰੀਤ-ਕਹਾਣੀ ਨੂੰ ਕਿੱਸੇ ਦੇ ਰੂਪ ਵਿੱਚ ਲਿਖਣ ਦੀ ਪਹਿਲ ਕੀਤੀ। ਉਸ ਨੇ ਇਹ ਕਿੱਸਾ ਸਦ ਕਾਵਿ-ਰੂਪ ਵਿੱਚ ਲਿਖਿਆ ਹੈ। ਪੀਲੂ ਤੋਂ ਬਾਅਦ ਹਾਫ਼ਿਜ਼ ਬਰਖ਼ੁਰਦਾਰ ਨੇ 'ਮਿਰਜ਼ਾ ਸਾਹਿਬਾਂ', 'ਯੂਸਫ਼ ਜ਼ੁਲੈਖ਼ਾਂ' ਅਤੇ 'ਸੱਸੀ ਪੁੰਨੂੰ' ਕਿੱਸੇ ਲਿਖੇ। ਹਾਫ਼ਿਜ਼ ਬਰਖ਼ੁਰਦਾਰ ਨੇ ਯੂਸਫ਼ ਜ਼ੁਲੈਖ਼ਾਂ ਦੀ ਪ੍ਰੀਤ-ਕਹਾਣੀ ਨੂੰ ਪਹਿਲੀ ਵਾਰ ਪੰਜਾਬੀ ਵਿੱਚ ਲਿਖਿਆ। ਉਸ ਦੇ ਸਾਰੇ ਕਿੱਸੇ ਹੋਣੀ-ਵੱਸ ਹੋਣ ਕਰਕੇ ਦੁਖਾਂਤ ਹਨ। ਹਾਫ਼ਿਜ਼ ਬਰਖ਼ੁਰਦਾਰ ਦਾ ਸਮਕਾਲੀ ਕਵੀ ਅਹਿਮਦ ਗੁੱਜਰ ਹੈ। ਅਹਿਮਦ ਗੁੱਜਰ ਨੇ ਪਹਿਲੀ ਵਾਰੀ 'ਹੀਰ ਰਾਂਝਾ' ਨੂੰ ਬੈਂਤ ਛੰਦ ਵਿੱਚ ਲਿਖਿਆ। ਅਹਿਮਦ ਤੋਂ ਬਾਅਦ ਮੁਕਬਲ ਨੇ 'ਹੀਰ ਰਾਂਝਾ' ਦਾ ਕਿੱਸਾ ਲਿਖਿਆ। ਉਸ ਨੇ ਕਿੱਸੇ ਵਿੱਚ ਮੁਹਾਵਰਿਆਂ ਦੀ ਬਹੁਤ ਵਰਤੋਂ ਕੀਤੀ ਹੈ। ਅਠਾਰ੍ਹਵੀਂ ਸਦੀ ਵਿੱਚ ਵਾਰਿਸ ਸ਼ਾਹ ਪੰਜਾਬੀ ਦਾ ਪ੍ਰਮੁੱਖ ਕਿੱਸਾਕਾਰ ਹੋਇਆ ਹੈ। ਵਾਰਿਸ ਸ਼ਾਹ ਨੇ ਕਿੱਸਾ 'ਹੀਰ ਰਾਂਝਾ' ਬੈਂਤ ਛੰਦ ਵਿੱਚ ਲਿਖਿਆ। ਵਾਰਿਸ ਸ਼ਾਹ ਨੇ ਕਿੱਸੇ ਨੂੰ ਮੰਗਲਾਚਰਨ ਨਾਲ਼ ਸ਼ੁਰੂ ਕਰਕੇ ਸਾਰੀ ਕਹਾਣੀ ਨੂੰ ਬੜੇ ਪ੍ਰਭਾਵਸ਼ਾਲੀ ਢੰਗ ਨਾਲ਼ ਨਿਭਾਉਂਦੇ ਹੋਏ ਅੰਤ ਵਿੱਚ ਸਾਰੀ ਕਹਾਣੀ ਨੂੰ ਅਧਿਆਤਮਿਕ ਰੰਗਣ ਦੇਣ ਦੀ ਕੋਸ਼ਿਸ਼ ਕੀਤੀ ਹੈ। ਵਾਰਿਸ ਸ਼ਾਹ ਤੋਂ ਬਾਅਦ ਹਾਮਦ ਅਤੇ ਹਾਸ਼ਮ ਸ਼ਾਹ ਮਸ਼ਹੂਰ ਕਿੱਸਾਕਾਰ ਹੋਏ ਹਨ। ਹਾਸ਼ਮ ਸ਼ਾਹ ਤੋਂ ਬਾਅਦ ਅਹਿਮਦ ਯਾਰ ਨੇ ਪੰਜਾਬੀ ਵਿੱਚ ਕਿੱਸੇ ਲਿਖੇ। ਅਹਿਮਦ ਯਾਰ ਨੇ ਪੁਰਾਣੇ ਪ੍ਰਚਲਿਤ ਕਿੱਸਿਆਂ ਨੂੰ ਨਵੇਂ ਰੂਪ ਵਿੱਚ ਪੇਸ਼ ਕੀਤਾ ਅਤੇ ਦੂਸਰੀਆਂ ਭਾਸ਼ਾਵਾਂ ਵਿੱਚ ਲਿਖੇ ਜਾ ਚੁੱਕੇ ਕਿੱਸਿਆਂ ਨੂੰ ਪੰਜਾਬੀ ਵਿੱਚ ਲਿਖਿਆ। ਆਪ ਦੇ ਕਿੱਸਿਆਂ ਵਿੱਚੋਂ ਵਧੇਰੇ ਪ੍ਰਭਾਵਸ਼ਾਲੀ ਕਿੱਸਾ 'ਕਾਮਰੂਪ' ਹੈ। ਫ਼ਜ਼ਲ ਸ਼ਾਹ ਨੇ ਕਿੱਸਾ 'ਸੋਹਣੀ ਮਹੀਂਵਾਲ' ਲਿਖ ਕੇ ਕਿੱਸਾ-ਕਾਵਿ ਪਰੰਪਰਾ ਨੂੰ ਅੱਗੇ ਤੋਰਿਆ। ਕਾਦਰਯਾਰ ਨੇ ਕਿੱਸਾ 'ਪੂਰਨ ਭਗਤ' ਲਿਖਿਆ। ਇਹ ਕਿੱਸਾ ਸੀਹਰਫ਼ੀਆਂ ਵਿੱਚ ਲਿਖਿਆ ਹੈ। ਸਾਰੀ ਕਥਾ ਪੰਜ ਸੀਹਰਫ਼ੀਆਂ ਵਿੱਚ ਮੁਕੰਮਲ ਕੀਤੀ ਗਈ ਹੈ। ਕਿਸ਼ਨ ਸਿੰਘ ਆਰਿਫ਼ ਦੀ ਰਚਨਾ 'ਕਲੀਆਂ ਵਾਲੀ ਹੀਰ' ਅਤੇ ਮੁਹੰਮਦ ਬਖ਼ਸ਼ ਦਾ ਕਿੱਸਾ 'ਸੈਫ਼ਲ ਮਲੂਕ' ਵਰਨਣਯੋਗ ਹਨ। ਭਗਵਾਨ ਸਿੰਘ ਨੇ ਕਿੱਸਾ 'ਹੀਰ ਰਾਂਝਾ', 'ਸੋਹਣੀ ਮਹੀਂਵਾਲ', 'ਮਿਰਜ਼ਾ ਸਾਹਿਬਾਂ' ਅਤੇ ਜਿਊਣਾ ਮੌੜ ਆਦਿ ਰਚਨਾਵਾਂ ਲਿਖੀਆਂ। 'ਹੀਰ ਰਾਂਝਾ' ਭਗਵਾਨ ਸਿੰਘ ਦੀ ਪਹਿਲੀ ਰਚਨਾ ਹੈ, ਜਿਸ ਵਿੱਚ ਉਸ ਨੇ ਬੈਂਤ ਦੇ ਰਵਾਇਤੀ ਕਾਵਿ ਰੂਪ ਨੂੰ ਛੱਡ ਕੇ ਕਬਿੱਤ ਤੋਂ ਇਲਾਵਾ ਦੋਹਰਾ, ਸਵੱਯਾ, ਚੌਪਈ 'ਤੇ ਸੋਰਠਾ ਛੰਦਾਂ ਦੀ ਵਰਤੋਂ ਕੀਤੀ। ਗਿਆਨੀ ਦਿੱਤ ਸਿੰਘ ਨੇ ਕਿੱਸਾ 'ਸ਼ੀਰੀਂ ਫਰਿਹਾਦ' ਲਿਖਿਆ। ਕਿੱਸਾ ਕਾਵਿ-ਧਾਰਾ ਦੇ ਵਿਕਸਿਤ ਹੋਣ ਨਾਲ਼ ਪੰਜਾਬੀ ਸਾਹਿਤ ਲੋਕ ਭਾਵਨਾਵਾਂ ਨਾਲ਼ ਜੁੜਿਆ ਰਿਹਾ ਹੈ। ਇਸ ਪਾਠ-ਪੁਸਤਕ ਵਿੱਚ ਪੀਲੂ, ਹਾਫ਼ਿਜ਼ ਬਰਖ਼ੁਰਦਾਰ, ਵਾਰਿਸ ਸ਼ਾਹ ਅਤੇ ਕਾਦਰਯਾਰ ਦੀਆਂ ਰਚਨਾਵਾਂ ਸ਼ਾਮਲ ਕੀਤੀਆਂ ਗਈਆਂ ਹਨ।

ਪੰਜਾਬੀ ਸਾਹਿਤ ਵਿੱਚ ਬੀਰ-ਰਸ ਦਾ ਵਿਸ਼ੇਸ਼ ਸਥਾਨ ਹੈ। ਪੁਰਾਤਨ ਕਾਲ ਤੋਂ ਪੰਜਾਬੀ ਬੀਰ-ਰਸੀ ਕਾਵਿ ਦੀ ਰਚਨਾ ਹੁੰਦੀ ਆ ਰਹੀ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਦੀ ਵਾਰ, ਰਾਇ ਕਮਾਲਦੀਂ ਮੌਜਦੀ ਦੀ ਵਾਰ, ਟੁੰਡੇ ਅਸਰਾਜੇ ਦੀ ਵਾਰ ਆਦਿ ਵਾਰਾਂ ਦਾ ਜ਼ਿਕਰ ਆਉਂਦਾ ਹੈ ਪਰ ਇਹ ਵਾਰਾਂ ਮੁਕੰਮਲ ਰੂਪ ਵਿੱਚ ਪ੍ਰਾਪਤ ਨਹੀਂ ਹੁੰਦੀਆਂ। ਗੁਰੂ ਗੋਬਿੰਦ ਸਿੰਘ ਜੀ ਦੀ 'ਚੰਡੀ ਦੀ ਵਾਰ' ਅਤੇ 'ਨਜਾਬਤ ਦੀ ਵਾਰ', ਸ਼ਾਹ ਮੁਹੰਮਦ ਦਾ 'ਜੰਗਨਾਮਾ' ਬੀਰ-ਰਸੀ ਕਾਵਿ ਦੇ ਉੱਤਮ ਨਮੂਨੇ ਹਨ।



Downloaded from https:// www.studiestoday.com

Downloaded from https:// www.studiestoday.com

ਆਧੁਨਿਕ ਕਾਲ ਵਿੱਚ ਵੀ ਬੀਰ-ਰਸੀ ਕਾਵਿ ਰਚਿਆ ਜਾ ਰਿਹਾ ਹੈ। ਇਸ ਪਾਠ-ਪੁਸਤਕ ਵਿੱਚ ਬੀਰ-ਰਸੀ ਕਾਵਿ ਵਿੱਚ ਗੁਰੂ ਗੋਬਿੰਦ ਸਿੰਘ, ਨਜਾਬਤ ਅਤੇ ਸ਼ਾਹ ਮੁਹੰਮਦ ਸ਼ਾਮਲ ਕੀਤੇ ਗਏ ਹਨ। ਗੁਰੂ ਗੋਬਿੰਦ ਸਿੰਘ ਜੀ ਦੀ 'ਚੰਡੀ ਦੀ ਵਾਰ' ਪੰਜਾਬੀ ਸਾਹਿਤ ਵਿੱਚ ਬੀਰ-ਰਸ ਦੀ ਸਭ ਤੋਂ ਸ੍ਰੇਸ਼ਟ ਤੇ ਉੱਤਮ ਰਚਨਾ ਮੰਨੀ ਜਾਂਦੀ ਹੈ। ਨਜਾਬਤ ਨੇ ਵਾਰ ਨਾਦਰ ਸ਼ਾਹ ਲਿਖ ਕੇ ਬੀਰ-ਕਾਵਿ ਵਿੱਚ ਆਪਣਾ ਵੱਖਰਾ ਸਥਾਨ ਬਣਾਇਆ ਹੈ। ਸ਼ਾਹ ਮੁਹੰਮਦ ਦਾ 'ਜੰਗਨਾਮਾ ਸਿੰਘਾਂ ਤੇ ਫ਼ਿਰੰਗੀਆਂ' ਬੀਰ-ਰਸੀ ਕਾਵਿ ਦਾ ਉੱਤਮ ਨਮੂਨਾ ਹੈ। ਇਹਨਾਂ ਰਚਨਾਵਾਂ ਵਿੱਚੋਂ ਇਸ ਪਾਠ-ਪੁਸਤਕ ਵਿੱਚ ਲੁੜੀਂਦੀਆਂ ਅਤੇ ਮਹੱਤਵਪੂਰਨ ਘਟਨਾਵਾਂ ਹੀ ਦਿੱਤੀਆਂ ਗਈਆਂ ਹਨ।

ਇਸ ਪਾਠ-ਪੁਸਤਕ ਵਿੱਚ ਸੂਫ਼ੀ ਕਾਵਿ-ਧਾਰਾ, ਗੁਰਮਤਿ ਕਾਵਿ-ਧਾਰਾ ਕਿੱਸਾ ਕਾਵਿ-ਧਾਰਾ ਅਤੇ ਬੀਰ ਕਾਵਿ-ਧਾਰਾ ਨਾਲ਼ ਸੰਬੰਧਿਤ ਸਾਰੇ ਕਵੀਆਂ ਦੀਆਂ ਰਚਨਾਵਾਂ ਸ਼ਾਮਲ ਕੀਤੀਆਂ ਜਾਣੀਆਂ ਸੰਭਵ ਨਹੀਂ ਸਨ। ਇਸ ਪੁਸਤਕ ਦੇ ਆਕਾਰ ਨੂੰ ਧਿਆਨ ਵਿੱਚ ਰੱਖਦਿਆਂ ਇਹਨਾਂ ਕਾਵਿ-ਧਾਰਾਵਾਂ ਨਾਲ਼ ਸੰਬੰਧਿਤ ਕੁਝ ਕਵੀਆਂ ਦੀਆਂ ਰਚਨਾਵਾਂ ਹੀ ਸ਼ਾਮਲ ਕੀਤੀਆਂ ਗਈਆਂ ਹਨ।

***ਰਜਿੰਦਰ ਚੌਹਾਨ***
*ਵਿਸ਼ਾ-ਮਾਹਰ*



Downloaded from https:// www.studiestoday.com

Downloaded from https:// www.studiestoday.com

## ਭਾਗ—I

- ਸੂਫ਼ੀ-ਕਾਵਿ
- ਗੁਰਮਤਿ-ਕਾਵਿ
- ਕਿੱਸਾ-ਕਾਵਿ
- ਬੀਰ-ਕਾਵਿ



Downloaded from https:// www.studiestoday.com

Downloaded from https:// www.studiestoday.com

# ਸੂਫ਼ੀ-ਕਾਵਿ

## ਸ਼ੇਖ਼ ਫ਼ਰੀਦ

(1173-1266 ਈਃ)

ਸ਼ੇਖ਼ ਫ਼ਰੀਦ ਜਿਨ੍ਹਾਂ ਦਾ ਪੂਰਾ ਨਾਂ ਸ਼ੇਖ਼ ਫ਼ਰੀਦੁੱਦੀਨ ਮਸਊਦ ਸ਼ਕਰਗੰਜ ਸੀ, ਪੰਜਾਬੀ ਦੇ ਪਹਿਲੇ ਸੂਫ਼ੀ ਕਵੀ ਹੋਏ ਹਨ। ਆਪ ਦਾ ਜਨਮ ਜ਼ਿਲ੍ਹਾ ਮੁਲਤਾਨ ਦੇ ਪਿੰਡ ਖੋਤਵਾਲ,ਜੋ ਹੁਣ ਚਾਉਲੀ ਮਸ਼ਯਖ (ਪਾਕਿਸਤਾਨ) ਦੇ ਨਾਮ ਨਾਲ਼ ਪ੍ਰਸਿੱਧ ਹੈ, ਵਿੱਚ, ਸ਼ੇਖ਼ ਜਮਾਲੁਦੀਨ ਸੁਲੇਮਾਨ ਅਤੇ ਮਾਤਾ ਮਰੀਅਮ ਦੇ ਘਰ ਹੋਇਆ। ਆਪ ਖ਼ੁਆਜਾ ਕੁਤਬਦੀਨ ਬਖ਼ਤਿਆਰ ਕਾਕੀ ਦੇ ਮੁਰੀਦ ਸਨ। ਫ਼ਰੀਦ ਜੀ ਆਪਣੇ ਨਿੱਘੇ ਸੁਭਾਅ, ਹਲੀਮੀ ਅਤੇ ਮਿੱਠੀ ਜ਼ੁਬਾਨ ਕਰਕੇ ਪੰਜਾਬ ਵਾਸੀਆਂ ਵਿੱਚ ਹਰਮਨ-ਪਿਆਰੇ ਸਨ।

ਸ਼ੇਖ਼ ਫ਼ਰੀਦ ਜੀ ਦੀ ਕਾਵਿ-ਰਚਨਾ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ—ਸ਼ਬਦਾਂ ਅਤੇ ਸਲੋਕਾਂ ਵਿੱਚ ਹੈ। ਵੇਰਵੇ ਮੁਤਾਬਕ 112 ਸਲੋਕ ਅਤੇ 4 ਸ਼ਬਦ ਹਨ, ਜਿਨ੍ਹਾਂ ਵਿੱਚੋਂ ਦੋ ਸ਼ਬਦ ਰਾਗ ਆਸਾ ਵਿੱਚ ਅਤੇ ਦੋ ਸ਼ਬਦ ਰਾਗ ਸੂਹੀ ਵਿੱਚ ਹਨ। ਆਪ ਦੀ ਰਚਨਾ ਮਨੁੱਖ ਨੂੰ ਨਿਮਰਤਾ, ਪਿਆਰ ਅਤੇ ਹਮਦਰਦੀ ਭਰਪੂਰ ਸਾਦਾ ਅਤੇ ਸੱਚਾ-ਸੁੱਚਾ ਜੀਵਨ ਜਿਊਣ ਅਤੇ ਰੱਬ ਦੀ ਭਜਨ-ਬੰਦਗੀ ਕਰਨ ਦੀ ਪ੍ਰੇਰਨਾ ਦਿੰਦੀ ਹੈ।

ਆਪ ਭਾਵੇਂ ਸ਼ਰੀਅਤ ਵਿੱਚ ਰਹਿਣ ਦੀ ਪ੍ਰੇਰਨਾ ਦਿੰਦੇ ਸਨ ਪਰੰਤੂ ਆਪ ਦੀ ਰਚਨਾ ਵਿੱਚ ਕਿਧਰੇ ਵੀ ਕੱਟੜਤਾ ਜਾਂ ਸੰਕੀਰਨਤਾ ਦਾ ਰੰਗ ਨਹੀਂ ਉੱਭਰਦਾ। ਆਪ ਦੀ ਭਾਸ਼ਾ ਆਧੁਨਿਕ ਪੰਜਾਬੀ ਦੇ ਬਹੁਤ ਨੇੜੇ ਹੈ। ਬਹੁਤਾ ਰੰਗ ਲਹਿੰਦੀ ਉਪਬੋਲੀ ਵਾਲ਼ਾ ਹੈ। ਕਿਧਰੇ-ਕਿਧਰੇ ਫ਼ਾਰਸੀ ਅਤੇ ਅਰਬੀ ਦੇ ਸ਼ਬਦ ਵੀ ਮਿਲ਼ਦੇ ਹਨ। ਫਿਰ ਵੀ ਆਪ ਦੀ ਬੋਲੀ ਸਰਲ, ਠੇਠ ਅਤੇ ਸੰਜਮ ਵਾਲ਼ੀ ਹੈ। ਆਪ ਨੇ ਆਪਣੀ ਕਾਵਿ ਰਚਨਾ ਵਿੱਚ ਬਿੰਬਾਂ ਅਤੇ ਅਲੰਕਾਰਾਂ ਦੀ ਚੋਣ ਆਮ ਲੋਕ-ਜੀਵਨ ਵਿੱਚੋਂ ਕੀਤੀ ਹੈ।

ਹਥਲੇ ਕਾਵਿ-ਸੰਗ੍ਰਹਿ ਵਿੱਚ ਆਪ ਦਾ ਇੱਕ ਸ਼ਬਦ ਅਤੇ 12 ਸਲੋਕ ਸ਼ਾਮਲ ਕੀਤੇ ਗਏ ਹਨ। ਇਹਨਾਂ ਵਿੱਚ ਨਿਮਰਤਾ ਨਾਲ਼ ਜੀਵਨ ਬਿਤਾਉਣ, ਸੰਸਾਰ ਦੀ ਨਾਸ਼ਮਾਨਤਾ ਨੂੰ ਦਰਸਾਉਂਦੇ ਹੋਏ ਨੇਕ ਕਰਮ ਅਤੇ ਪ੍ਰਭੂ ਦੀ ਭਗਤੀ ਕਰਨ ਦੀ ਪ੍ਰੇਰਨਾ ਦਿੱਤੀ ਗਈ ਹੈ।

### ਦਿਲਹੁ ਮੁਹਬਤਿ ਜਿੰਨ ਸੇਈ ਸਚਿਆ

ਦਿਲਹੁ ਮੁਹਬਤਿ ਜਿੰਨ ਸੇਈ ਸਚਿਆ ।। ॥ ॥
ਜਿਨ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ ।।1।।
ਰਤੇ ਇਸਕ ਖੁਦਾਇ ਰੰਗਿ ਦੀਦਾਰ ਕੇ
ਵਿਸਰਿਆ ਜਿਨ ਨਾਮੁ ਤੇ ਭੁਇ ਭਾਰੁ ਥੀਏ ।।1।। ਰਹਾਉ।
ਆਪਿ ਲੀਏ ਲੜਿ ਲਾਇ ਦਰਿ ਦਰਵੇਸ ਸੇ।।
ਤਿਨ ਧੰਨੁ ਜਣੇਦੀ ਮਾਉ ਆਏ ਸਫਲੁ ਸੇ ।।2।।
ਪਰਵਦਗਾਰ ਅਪਾਰ ਅਗਮ ਬੇਅੰਤ ਤੂ।।
ਜਿਨਾ ਪਛਾਤਾ ਸਚੁ ਚੁੰਮਾ ਪੈਰ ਮੂੰ ।।3।।



Downloaded from https:// www.studiestoday.com

Downloaded from https:// www.studiestoday.com

ਤੇਰੀ ਪਨਹ ਖੁਦਾਇ ਤੂ ਬਖਸੰਦਗੀ॥
ਸ਼ੇਖ ਫਰੀਦੈ ਖੈਰੁ ਦੀਜੈ ਬੰਦਗੀ ॥4॥(488)

**ਸ਼ਬਦ-ਅਰਥ:**

ਮੁਹਬਤਿ ਜਿੰਨ- ਜਿਨ੍ਹਾਂ ਦੀ ਮੁਹੱਬਤ। ਸਚਿਆ-ਸੱਚੇ ਆਸ਼ਕ, ਸੱਚੀ ਮੁਹੱਬਤ ਕਰਨ ਵਾਲ਼ੇ। ਸੇਈ-ਉਹੀ ਬੰਦੇ। ਜਿਨ ਮਨਿ-ਜਿਨ੍ਹਾਂ ਦੇ ਮਨ ਵਿੱਚ। ਮੁਖਿ-ਮੂੰਹ ਵਿੱਚ। ਕਾਂਢੇ-ਕਹੇ ਜਾਂਦੇ ਹਨ। ਕਚਿਆ-ਕੱਚੀ ਪ੍ਰੀਤ ਵਾਲ਼ੇ। ਰਤੇ-ਰੰਗੇ ਹੋਏ। ਇਸਕ-ਪਿਆਰ, ਮੁਹੱਬਤ। ਰੰਗਿ-ਰੰਗ ਵਿੱਚ। ਭੁਇ-ਧਰਤੀ ਉੱਤੇ। ਥੀਏ-ਹੋ ਗਏ। ਲੜਿ-ਪੱਲੇ ਨਾਲ਼, ਲੜ ਨਾਲ਼। । ਦਰਿ-ਪ੍ਰਭੂ ਦੇ ਦਰ 'ਤੇ। ਸੇ- ਉਹੀ ਬੰਦੇ। ਜਣੇਦੀ-ਜੰਮਣ ਵਾਲ਼ੀ। ਧੰਨੁ-ਭਾਗਾਂ ਵਾਲ਼ੀ। ਮਾਉ-ਮਾਂ। ਪਰਵਦਗਾਰ-ਪਾਲਣਹਾਰ। ਅਗਮ-ਅਪਹੁੰਚ । ਤੂ-ਤੈਨੂੰ। ਸਚੁ-ਸਦਾ ਥਿਰ ਰਹਿਣ ਵਾਲ਼ੇ ਨੂੰ। ਮੂੰ – ਮੈਂ। ਪਨਹ – ਓਟ, ਪਨਾਹ। ਬਖਸੰਦਗੀ – ਬਖ਼ਸ਼ਣ ਵਾਲ਼ਾ।

**ਅਰਥ:**

ਜਿਨ੍ਹਾਂ ਮਨੁੱਖਾਂ ਦਾ ਰੱਬ ਨਾਲ਼ ਦਿਲੋਂ ਪਿਆਰ ਹੈ, ਉਹ ਸੱਚੇ ਆਸ਼ਕ ਹਨ ਪਰ ਜਿਨ੍ਹਾਂ ਦੇ ਮਨ ਵਿੱਚ ਕੁਝ ਹੋਰ ਹੈ ਅਤੇ ਮੂੰਹੋਂ ਕੁਝ ਹੋਰ ਆਖਦੇ ਹਨ ਉਹ ਕੱਚੇ ਆਸ਼ਕ ਆਖੇ ਜਾਂਦੇ ਹਨ। ਜਿਹੜੇ ਮਨੁੱਖ ਪ੍ਰਭੂ ਦੇ ਪਿਆਰ ਵਿੱਚ ਰੱਤੇ ਹੋਏ ਹਨ ਉਹੀ ਅਸਲ ਮਨੁੱਖ ਹਨ। ਜਿਨ੍ਹਾਂ ਨੂੰ ਰੱਬ ਦਾ ਨਾਮ ਭੁੱਲ ਗਿਆ ਹੈ, ਉਹ ਮਨੁੱਖ ਧਰਤੀ ਉੱਤੇ ਨਿਰਾ ਭਾਰ ਹੀ ਹਨ। ਉਹੀ ਮਨੁੱਖ ਰੱਬ ਦੇ ਦਰਵਾਜ਼ੇ ਉੱਤੇ ਦਰਵੇਸ਼ ਹਨ ਅਤੇ ਉਹੀ ਮਨੁੱਖ ਰੱਬ ਦੇ ਦਰ ਤੋਂ ਖ਼ੈਰ ਮੰਗ ਸਕਦੇ ਹਨ, ਜਿਨ੍ਹਾਂ ਨੂੰ ਰੱਬ ਨੇ ਆਪਣੇ ਲੜ ਲਾ ਲਿਆ ਹੈ। ਉਹਨਾਂ ਦੀ ਜੰਮਣ ਵਾਲ਼ੀ ਮਾਂ ਭਾਗਾਂ ਵਾਲ਼ੀ ਹੈ, ਉਹਨਾਂ ਦਾ ਜਗਤ ਵਿੱਚ ਆਉਣਾ ਮੁਬਾਰਕ ਹੈ। ਜਿਨ੍ਹਾਂ ਨੇ ਇਹ ਸਮਝ ਲਿਆ ਹੈ ਕਿ ਤੂੰ ਸਦਾ ਕਾਇਮ ਰਹਿਣ ਵਾਲ਼ਾ ਹੈਂ, ਮੈਂ ਉਹਨਾਂ ਦੇ ਪੈਰ ਚੁੰਮਦਾ ਹਾਂ। ਮੈਨੂੰ ਪਰਮਾਤਮਾ ਤੇਰਾ ਹੀ ਆਸਰਾ ਹੈ , ਤੂੰ ਬਖ਼ਸ਼ਣ ਵਾਲ਼ਾ ਹੈਂ। ਸ਼ੇਖ਼ ਫ਼ਰੀਦ ਜੀ ਕਹਿੰਦੇ ਹਨ ਕਿ ਮੈਨੂੰ ਸ਼ੇਖ਼ ਫ਼ਰੀਦ ਨੂੰ ਤੂੰ ਆਪਣੀ ਬੰਦਗੀ ਦੀ ਖੈਰ ਪਾ।

## ਸਲੋਕ

ਫਰੀਦਾ ਥੀਉ ਪਵਾਹੀ ਦਭੁ ॥ ਜੇ ਸਾਂਈ ਲੋੜਹਿ ਸਭੁ ॥
ਇਕੁ ਛਿਜਹਿ, ਬਿਆ ਲਤਾੜੀਅਹਿ॥ ਤਾਂ ਸਾਂਈ ਦੇ ਦਰਿ
ਵਾੜੀਅਹਿ ॥16॥(1378)

**ਸ਼ਬਦ-ਅਰਥ :**

ਥੀਉ- ਹੋ ਜਾ, ਬਣ ਜਾ। ਪਵਾਹੀ – ਪਹੇ ਦੀ, ਰਸਤੇ ਦੀ। ਦਭੁ – ਘਾਹ। ਜੇ ਸਾਂਈ ਲੋੜਹਿ – ਜੇ ਤੂੰ ਸਾਂਈ (ਮਾਲਕ) ਨੂੰ ਲੱਭਦਾ ਹੈਂ। ਸਭੁ – ਹਰ ਥਾਂ , ਸਭ ਵਿੱਚ। ਇਕੁ –ਕਿਸੇ ਦਭੁ ਦੇ ਬੂਟੇ ਨੂੰ। ਛਿਜਹਿ – ਲੋਕ ਤੋੜਦੇ ਹਨ। ਬਿਆ – ਕਈ ਹੋਰ ਦੱਭ ਦੇ ਬੂਟੇ। ਲਤਾੜੀਅਹਿ –ਲਤਾੜੇ ਜਾਂਦੇ ਹਨ। ਸਾਂਈ ਦੇ ਦਰਿ- ਮਾਲਕ ਦੇ ਦਰ 'ਤੇ। ਵਾੜੀਅਹਿ –ਤੂੰ ਵਾੜਿਆ ਜਾਵੇਂਗਾ ਭਾਵ ਕਬੂਲ ਕੀਤਾ ਜਾਵੇਂਗਾ।

**ਅਰਥ:**

ਫ਼ਰੀਦ ਜੀ ਆਪਣੇ ਆਪ ਨੂੰ ਸੰਬੋਧਨ ਕਰਦੇ ਹੋਏ ਕਹਿੰਦੇ ਹਨ, ਹੇ ਫ਼ਰੀਦ! ਜੇ ਤੂੰ ਮਾਲਕ (ਪਰਮਾਤਮਾ) ਨੂੰ ਹਰ ਥਾਂ ਪਛਾਣਨਾ ਚਾਹੁੰਦਾ ਹੈਂ ਭਾਵ ਸਾਰਿਆਂ ਵਿੱਚ ਵੇਖਣਾ ਚਾਹੁੰਦਾ ਹੈਂ ਤਾਂ ਰਸਤੇ ਦੀ ਦੱਭ ਵਰਗਾ ਬਣ ਜਾ, ਜਿਸ ਦੇ ਕਿਸੇ ਇੱਕ ਬੂਟੇ ਨੂੰ ਲੋਕ ਤੋੜਦੇ ਹਨ ਅਤੇ ਕੋਈ ਹੋਰ ਬੂਟਾ ਪੈਰਾਂ ਹੇਠ ਲਤਾੜਿਆ ਜਾਂਦਾ ਹੈ। ਜੇ ਤੂੰ ਆਪਣਾ ਸੁਭਾਅ ਇਹੋ-ਜਿਹਾ ਨਿਮਰਤਾ ਵਾਲ਼ਾ ਬਣਾ ਲਵੇਂਗਾ ਤਾਂ ਤੂੰ ਪਰਮਾਤਮਾ ਦੇ ਦਰ 'ਤੇ ਕਬੂਲ ਕੀਤਾ ਜਾਵੇਂਗਾ।



Downloaded from https:// www.studiestoday.com

Downloaded from https:// www.studiestoday.com

ਫਰੀਦਾ ਖਾਕੁ ਨ ਨਿੰਦੀਐ ਖਾਕੂ ਜੇਡੁ ਨ ਕੋਇ।।
ਜੀਵਦਿਆ ਪੈਰਾ ਤਲੈ ਮੁਇਆ ਉਪਰਿ ਹੋਇ ।। 17 ।। (1378)

**ਸ਼ਬਦ-ਅਰਥ:**

ਖਾਕੁ- ਮਿੱਟੀ। ਜੇਡ -ਵਰਗਾ।

**ਅਰਥ**

ਹੇ ਫ਼ਰੀਦ! ਮਿੱਟੀ ਨੂੰ ਮਾੜਾ ਨਹੀਂ ਆਖਣਾ ਚਾਹੀਦਾ, ਮਿੱਟੀ ਦੀ ਬਰਾਬਰੀ ਕੋਈ ਨਹੀਂ ਕਰ ਸਕਦਾ। ਇਹ ਮਿੱਟੀ ਜਿਊਂਦੇ ਮਨੁੱਖ ਦੇ ਪੈਰਾਂ ਹੇਠ ਹੁੰਦੀ ਹੈ ਪਰ ਮਨੁੱਖ ਦੇ ਮਰਨ ਉਪਰੰਤ ਉਸ ਦੇ ਉੱਪਰ ਹੋ ਜਾਂਦੀ ਹੈ। ਇਸ ਸਲੋਕ ਵਿੱਚ ਫ਼ਰੀਦ ਜੀ ਨੇ ਨਿਮਰ-ਸੁਭਾਅ ਦੀ ਗੱਲ ਕੀਤੀ ਹੈ ਕਿ ਗ਼ਰੀਬੀ-ਸੁਭਾਅ ਜਾਂ ਨਿਮਰ-ਸੁਭਾਅ ਦੀ ਰੀਸ ਨਹੀਂ ਹੋ ਸਕਦੀ। ਗ਼ਰੀਬੀ-ਸੁਭਾਅ ਵਾਲ਼ਾ ਮਨੁੱਖ ਜ਼ਿੰਦਗੀ ਵਿੱਚ ਭਾਵੇਂ ਸਭ ਦੀ ਵਧੀਕੀ ਸਹਾਰਦਾ ਹੈ ਪਰ ਆਪਣੇ ਮਨ ਨੂੰ ਮਾਰਨ ਕਰਕੇ ਆਤਮਿਕ ਅਵਸਥਾ ਵਿੱਚ ਉਹ ਸਭ ਤੋਂ ਉੱਚਾ ਹੁੰਦਾ ਹੈ।

ਫਰੀਦਾ ਏ ਵਿਸੁ ਗੰਦਲਾ ਧਰੀਆਂ ਖੰਡੁ ਲਿਵਾੜਿ ।।
ਇਕਿ ਰਾਹੇ ਦੇ ਰਹਿ ਗਏ ਇਕਿ ਰਾਧੀ ਗਏ ਉਜਾੜਿ ।। 37 ।। (1379)

**ਸ਼ਬਦ-ਅਰਥ:**

ਏ- ਦੁਨੀਆਂ ਦੇ ਪਦਾਰਥ। ਵਿਸੁ- ਜ਼ਹਿਰ। ਖੰਡ ਲਿਵਾੜਿ-ਖੰਡ ਨਾਲ਼ ਗਲੇਫ਼ ਕੇ। ਇਕਿ - ਕਈ ਜੀਵ। ਰਾਹੇ ਦੇ-ਬੀਜਦੇ। ਰਹਿ ਗਏ - ਥੱਕ ਗਏ, ਮਰ ਗਏ। ਰਾਧੀ - ਬੀਜੀ ਹੋਈ। ਉਜਾੜਿ - ਉਜਾੜ ਕੇ, ਨਿਖਸਮੀ ਛੱਡ ਕੇ।

**ਅਰਥ:**

ਹੇ ਫ਼ਰੀਦ! ਇਹ ਦੁਨੀਆਂ ਦੇ ਪਦਾਰਥ ਮਾਨੋ ਜ਼ਹਿਰ ਦੀਆਂ ਭਰੀਆਂ ਹੋਈਆਂ ਗੰਦਲਾਂ ਹਨ, ਜੋ ਖੰਡ ਵਿੱਚ ਗਲੇਫ਼ ਕੇ ਰੱਖੀਆਂ ਹਨ। ਇਹਨਾਂ ਗੰਦਲਾਂ ਨੂੰ ਕਈ ਬੀਜਦੇ ਹੀ ਮਰ ਗਏ ਤੇ ਕਈ ਬੀਜੀਆਂ ਹੋਈਆਂ ਨੂੰ ਵਿੱਚੇ ਹੀ ਛੱਡ ਕੇ ਮਰ ਗਏ ਭਾਵ ਕੁਝ ਲੋਕ ਤਾਂ ਦੁਨਿਆਵੀ ਚੀਜ਼ਾਂ ਨੂੰ ਇਕੱਠੀਆਂ ਕਰਦਿਆਂ-ਕਰਦਿਆਂ ਹੀ ਮਰ ਗਏ ਅਤੇ ਕਈ ਇਕੱਠੀਆਂ ਕਰਕੇ ਉਹਨਾਂ ਨੂੰ ਛੱਡ ਗਏ।

ਫਰੀਦਾ ਦਰਿ ਦਰਵਾਜੇ ਜਾਇ ਕੇ ਕਿਉ ਡਿਠੋ ਘੜੀਆਲੁ।।
ਏਹੁ ਨਿਦੋਸਾ ਮਾਰੀਐ ਹਮ ਦੋਸਾਂ ਦਾ ਕਿਆ ਹਾਲੁ।। 39 ।। (1379)

**ਸ਼ਬਦ-ਅਰਥ:**

ਦਰਿ - ਦਰ 'ਤੇ, ਬੂਹੇ 'ਤੇ। ਦਰਵਾਜੇ - ਦਰਵਾਜ਼ੇ 'ਤੇ। ਜਾਇ ਕੈ- ਜਾ ਕੇ। ਕਿਉ- ਕੀ? ਨਿਦੋਸਾਂ - ਬੇ-ਦੋਸ਼ਾ। ਮਾਰੀਐ- ਮਾਰ ਖਾਂਦਾ ਹੈ।

**ਅਰਥ:**

ਹੇ ਫ਼ਰੀਦ! ਕੀ ਕਿਸੇ ਬੂਹੇ 'ਤੇ, ਕਿਸੇ ਦਰਵਾਜ਼ੇ 'ਤੇ ਜਾ ਕੇ ਕਦੀ ਘੜਿਆਲ ਵੱਜਦਾ ਵੇਖਿਆ ਹੈ? ਇਹ ਘੜਿਆਲ ਬੇਦੋਸ਼ਾ ਹੀ ਮਾਰ ਖਾਂਦਾ ਹੈ ਫਿਰ ਭਲਾ ਸਾਡਾ ਦੋਸ਼ੀਆਂ ਦਾ ਕੀ ਹਾਲ ਹੋਵੇਗਾ?

ਫਰੀਦਾ ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਨ ਦੇਹਿ।।
ਜੈ ਤੂ ਏਵੈ ਰਖਸੀ ਜੀਉ ਸਰੀਰਹੁ ਲੇਹਿ।। 42 ।। (1380)



Downloaded from https:// www.studiestoday.com

Downloaded from https:// www.studiestoday.com

**ਸ਼ਬਦ-ਅਰਥ:**

ਬਾਰਿ ਪਰਾਇਐ –ਪਰਾਏ ਬੂਹੇ 'ਤੇ। ਬੈਸਣਾ –ਬੈਠਣਾ। ਏਵੈ – ਇਸੇ ਤਰ੍ਹਾਂ ਭਾਵ ਦੂਜਿਆਂ ਦੇ ਬੂਹੇ 'ਤੇ। ਸਰੀਰਹੁ – ਸਰੀਰ ਵਿੱਚੋਂ । ਜੀਉ – ਜਿੰਦ।

**ਅਰਥ :**

ਫ਼ਰੀਦ ਜੀ ਕਹਿੰਦੇ ਹਨ, ਹੇ ਪਰਮਾਤਮਾ! ਮੈਨੂੰ ਕਿਸੇ ਪਰਾਏ ਦੇ ਦਰ 'ਤੇ ਨਾ ਬੈਠਣ ਦੇਈਂ ਭਾਵ ਮੈਨੂੰ ਕਿਸੇ ਦੇ ਆਸਰੇ ਨਾ ਰਹਿਣ ਦੇਈਂ ਜੇ ਤੂੰ ਇੰਞ ਹੀ ਰੱਖਣਾ ਹੈ ਭਾਵ ਜੇ ਤੂੰ ਮੈਨੂੰ ਦੂਜਿਆਂ ਦਾ ਮੁਥਾਜ ਹੀ ਬਣਾਉਣਾ ਹੈ ਤਾਂ ਮੇਰੇ ਸਰੀਰ ਵਿੱਚੋਂ ਮੇਰੀ ਜਿੰਦ ਕੱਢ ਲੈ।

ਫਰੀਦਾ ਵੇਖੁ ਕਪਾਹੈ ਜਿ ਥੀਆ ਜਿ ਸਿਰਿ ਥੀਆ ਤਿਲਾਹ।।
ਕਮਾਦੈ ਅਰੁ ਕਾਗਦੈ ਕੁੰਨੇ ਕੋਇਲਿਆਹ।।
ਮੰਦੇ ਅਮਲ ਕਰੇਦਿਆ ਏਹ ਸਜਾਇ ਤਿਨਾਹ।। 49।।(1380)

**ਸ਼ਬਦ-ਅਰਥ:**

ਜਿ– ਜੋ ਕੁਝ। ਥੀਆ– ਹੋਇਆ,ਵਾਪਰਿਆ। ਸਿਰਿ– ਸਿਰ ਉੱਤੇ। ਕੁੰਨੇ– ਮਿੱਟੀ ਦੀ ਹਾਂਡੀ, ਕੁੰਨੀ। ਅਮਲ – ਕੰਮ, ਕਰਤੂਤ । ਸਜਾਇ – ਦੰਡ, ਸਜ਼ਾ। ਤਿਨਾਹ– ਉਹਨਾਂ ਨੂੰ।

**ਅਰਥ:**

ਫਰੀਦ ਜੀ ਆਪਣੇ ਆਪ ਨੂੰ ਸੰਬੋਧਨ ਕਰਦੇ ਹੋਏ ਕਹਿੰਦੇ ਹਨ ਹੇ ਫ਼ਰੀਦ! ਜਿਹੜੀ ਹਾਲਤ ਕਪਾਹ ਦੀ ਹੁੰਦੀ ਹੈ ਭਾਵ ਵੇਲਣੇ ਵਿੱਚ ਵੇਲੀ ਜਾਂਦੀ ਹੈ, ਜੋ ਤਿਲ਼ਾਂ ਦੇ ਸਿਰ 'ਤੇ ਬੀਤਦੀ ਹੈ ਭਾਵ ਕੋਹਲੂ ਵਿੱਚ ਪੀੜੇ ਜਾਂਦੇ ਹਨ, ਜੋ ਕਮਾਦ, ਕਾਗ਼ਜ਼, ਮਿੱਟੀ ਦੀ ਹਾਂਡੀ ਅਤੇ ਕੋਲਿਆਂ ਨਾਲ਼ ਵਰਤਦੀ ਹੈ, ਇਹੋ-ਜਿਹਾ ਹਾਲ ਉਹਨਾਂ ਲੋਕਾਂ ਦਾ ਹੁੰਦਾ ਹੈ ਭਾਵ ਉਹ ਇਸ ਤਰ੍ਹਾਂ ਦੀ ਸਜ਼ਾ ਭੁਗਤਦੇ ਹਨ, ਜਿਹੜੇ ਆਪਣੇ ਲੋਭ ਲਾਲਚ ਦੀ ਖ਼ਾਤਰ ਮਾੜੇ ਕੰਮ ਕਰਦੇ ਹਨ।

ਫਰੀਦਾ ਕਿਥੈ ਤੈਡੇ ਮਾਪਿਆ ਜਿਨੀ ਤੂੰ ਜਣਿਓਹਿ।।
ਤੈ ਪਾਸਹੁ ਓਹਿ ਲਦਿ ਗਏ ਤੂ ਅਜੈ ਨ ਪਤੀਣੋਹਿ।। 73।।(1381)

**ਸ਼ਬਦ-ਅਰਥ:**

ਤੈਡੇ- ਤੇਰੇ। ਤੂ– ਤੈਨੂੰ। ਜਣਿਓਹਿ– ਜਨਮ ਦਿੱਤਾ। ਓਹਿ– ਉਹ ਤੇਰੇ ਮਾਪੇ। ਪਤੀਣੋਹਿ–ਤਸੱਲੀ ਹੋਈ, ਯਕੀਨ ਆਇਆ, ਪਤੀਜਿਆ।

**ਅਰਥ:**

ਹੇ ਫ਼ਰੀਦ! ਤੇਰੇ ਆਪਣੇ ਮਾਪੇ ਕਿੱਥੇ ਚਲੇ ਗਏ ਹਨ, ਜਿਨ੍ਹਾਂ ਨੇ ਤੈਨੂੰ ਜਨਮ ਦਿੱਤਾ ਸੀ। ਉਹ ਤੇਰੇ ਮਾਪੇ ਤੇਰੇ ਕੋਲ਼ੋਂ (ਪਾਸੋਂ) ਕਦੇ ਦੇ ਚਲੇ ਗਏ ਹਨ ਪਰ ਤੈਨੂੰ ਅਜੇ ਵੀ ਯਕੀਨ ਨਹੀਂ ਆਉਂਦਾ ਕਿ ਤੂੰ ਵੀ ਇੱਥੋਂ ਤੁਰ ਜਾਣਾ ਹੈ ਭਾਵ ਮਰ ਜਾਣਾ ਹੈ। ਇਸ ਕਰਕੇ ਤੂੰ ਰੱਬ ਦੀ ਬੰਦਗੀ ਵੱਲ ਧਿਆਨ ਕਰ।

ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ।।
ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ।। 78।।(1382)

**ਸ਼ਬਦ ਅਰਥ:**

ਮਨਿ–ਮਨ ਵਿੱਚ। ਨ ਹਢਾਇ–ਨਾ ਆਉਣ ਦੇ। ਦੇਹੀ–ਸਰੀਰ ਨੂੰ। ਨ ਲਗਈ– ਨਹੀਂ ਲੱਗਦਾ। ਪਲੈ ਸਭੁ ਕਿਛੁ ਪਾਇ–ਹਰੇਕ ਚੀਜ਼ ਸਾਂਭੀ ਰਹਿੰਦੀ ਹੈ, ਪੱਲੇ ਪਈ ਰਹਿੰਦੀ ਹੈ।



Downloaded from https:// www.studiestoday.com

Downloaded from https:// www.studiestoday.com

**ਅਰਥ:**

ਹੇ ਫ਼ਰੀਦ ! ਬੁਰਾਈ ਕਰਨ ਵਾਲ਼ੇ ਨਾਲ਼ ਵੀ ਤੂੰ ਭਲਾਈ ਕਰ ਅਤੇ ਮਨ ਵਿੱਚ ਗੁੱਸਾ ਨਾ ਆਉਣ ਦੇ। ਇਸ ਤਰ੍ਹਾਂ ਸਰੀਰ ਨੂੰ ਕੋਈ ਰੋਗ ਨਹੀਂ ਲੱਗਦਾ ਅਤੇ ਹਰੇਕ ਪਦਾਰਥ ਭਾਵ ਚੰਗਾ ਗੁਣ ਸਾਂਭਿਆ ਰਹਿੰਦਾ ਹੈ।

ਫਰੀਦਾ ਮੈਂ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਐ ਜਗਿ।।
ਊਚੇ ਚੜਿ ਕੈ ਦੇਖਿਆ ਤਾ ਘਰਿ ਘਰਿ ਏਹਾ ਅਗਿ।। 81 ।। (1382)

**ਸ਼ਬਦ-ਅਰਥ:**

ਮੁਝ ਕੂ–ਮੈਨੂੰ। ਸਬਾਇਐ ਜਗਿ–ਸਾਰੇ ਜਗਤ ਵਿੱਚ । ਊਚੇ ਚੜਿ ਕੈ–ਦੁੱਖ ਤੋਂ ਉੱਚਾ ਹੋ ਕੇ। ਘਰਿ-ਘਰਿ–ਹਰੇਕ ਘਰ ਵਿੱਚ। ਅਗਿ–ਅੱਗ।

**ਅਰਥ:**

ਹੇ ਫ਼ਰੀਦ ! ਮੈਂ ਪਹਿਲਾਂ ਆਪਣੇ ਮਨ ਦੇ ਦੁੱਖ ਤੋਂ ਘਬਰਾ ਕੇ ਇਹ ਸਮਝਿਆ ਕਿ ਦੁੱਖ ਸਿਰਫ਼ ਮੈਨੂੰ ਹੀ ਹੈ ਭਾਵ ਸਿਰਫ਼ ਮੈਂ ਹੀ ਦੁਖੀ ਹਾਂ ਪਰ ਇਹ ਦੁੱਖ ਤਾਂ ਸਾਰੇ ਜਗਤ ਵਿੱਚ ਵਾਪਰ ਰਿਹਾ ਹੈ। ਜਦੋਂ ਮੈਂ ਆਪਣੇ ਦੁੱਖ ਤੋਂ ਉਚੇਰਾ ਉੱਠ ਕੇ ਧਿਆਨ ਮਾਰਿਆ ਤਾਂ ਮੈਂ ਵੇਖਿਆ ਕਿ ਹਰੇਕ ਘਰ ਵਿੱਚ ਇਹੀ ਅੱਗ ਬਲ ਰਹੀ ਹੈ ਭਾਵ ਹਰੇਕ ਜੀਵ ਹੀ ਦੁਖੀ ਹੈ।

ਫਰੀਦਾ ਹਉ ਬਲਿਹਾਰੀ ਤਿਨ ਪੰਖੀਆ ਜੰਗਲਿ ਜਿੰਨਾ ਵਾਸੁ।।
ਕਕਰੁ ਚੁਗਨਿ ਥਲਿ ਵਸਨਿ ਰਬ ਨ ਛੋਡਨਿ ਪਾਸੁ।।101 ।। (1383)

**ਸ਼ਬਦ-ਅਰਥ:**

ਹਉ–ਮੈਂ। ਬਲਿਹਾਰੀ–ਸਦਕੇ, ਕੁਰਬਾਨ। ਜੰਗਲਿ–ਜੰਗਲ ਵਿੱਚ। ਵਾਸੁ–ਵਸੇਬਾ, ਰਿਹਾਇਸ਼। ਕਕਰੁ–ਕੰਕਰ, ਰੋੜ। ਥਲਿ–ਥਲ ਉੱਤੇ, ਜ਼ਮੀਨ ਉੱਤੇ। ਰਬ ਨ ਛੋਡਨਿ ਪਾਸੁ–ਰੱਬ ਦਾ ਆਸਰਾ ਨਹੀਂ ਛੱਡਦੇ।

**ਅਰਥ:**

ਹੇ ਫ਼ਰੀਦ ! ਮੈਂ ਉਹਨਾਂ ਪੰਛੀਆਂ ਤੋਂ ਸਦਕੇ ਜਾਂਦਾ ਹਾਂ ਜਿਨ੍ਹਾਂ ਦਾ ਵਾਸਾ ਜੰਗਲ਼ਾਂ ਵਿੱਚ ਹੈ, ਉਹ ਰੋੜ ਚੁਗਦੇ ਹਨ ਅਤੇ ਧਰਤੀ ਉੱਤੇ ਰਹਿੰਦੇ ਹਨ ਪਰ ਰੱਬ ਦਾ ਆਸਰਾ ਨਹੀਂ ਛੱਡਦੇ ਭਾਵ ਮਹਿਲਾਂ ਵਿੱਚ ਰਹਿਣ ਵਾਲ਼ੇ ਅਤੇ ਰੱਬ ਨੂੰ ਭੁਲਾ ਦੇਣ ਵਾਲ਼ੇ ਮਨੁੱਖ ਨਾਲ਼ੋਂ ਤਾਂ ਉਹ ਪੰਛੀ ਹੀ ਚੰਗੇ ਹਨ ਜਿਹੜੇ ਰੁੱਖਾਂ ਉੱਤੇ ਆਲ੍ਹਣੇ ਬਣਾ ਲੈਂਦੇ ਹਨ, ਰੋੜ ਚੁਗ ਕੇ ਗੁਜ਼ਾਰਾ ਕਰ ਲੈਂਦੇ ਹਨ ਪਰ ਰੱਬ ਨੂੰ ਹਮੇਸ਼ਾ ਯਾਦ ਰੱਖਦੇ ਹਨ।

ਕਵਣੁ ਸੁ ਅਖਰੁ ਕਵਣੁ ਗੁਣੁ ਕਵਣੁ ਸੁ ਮਣੀਆ ਮੰਤੁ।।
ਕਵਣੁ ਸੁ ਵੇਸੋ ਹਉ ਕਰੀ ਜਿਤੁ ਵਸਿ ਆਵੈ ਕੰਤੁ ।। 126 ।।(1384)

**ਸ਼ਬਦ-ਅਰਥ:**

ਮਣੀਆ–ਸ਼ਿਰੋਮਣੀ। ਹਉ–ਮੈਂ। ਜਿਤੁ–ਜਿਸ (ਵੇਸ) ਨਾਲ਼। ਵਸਿ–ਵਸ ਵਿੱਚ।

**ਅਰਥ:**

ਫ਼ਰੀਦ ਜੀ ਕਹਿੰਦੇ ਹਨ ਕਿ ਉਹ ਕਿਹੜਾ ਅੱਖਰ ਹੈ ? ਉਹ ਕਿਹੜਾ ਗੁਣ ਹੈ ? ਉਹ ਕਿਹੜਾ ਸ਼ਿਰੋਮਣੀ ਮੰਤਰ ਹੈ ? ਉਹ ਕਿਹੜਾ ਵੇਸ ਮੈਂ ਕਰਾਂ ਜਿਸ ਨਾਲ਼ ਮੇਰਾ ਖਸਮ (ਪਰਮਾਤਮਾ) ਮੇਰੇ ਵਸ ਵਿੱਚ ਆ ਜਾਵੇ।

ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ ।।
ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ।। 127 ।। (1384)



Downloaded from https:// www.studiestoday.com

Downloaded from https:// www.studiestoday.com

**ਸ਼ਬਦ-ਅਰਥ:**

ਖਵਣੁ–ਸਹਾਰਨਾ। ਜਿਹਬਾ–ਮਿੱਠੀ ਜੀਭ, ਮਿੱਠਾ ਬੋਲਣਾ।

**ਅਰਥ:**

ਫ਼ਰੀਦ ਜੀ ਕਹਿੰਦੇ ਹਨ ਕਿ ਨਿਊਣਾ ਅੱਖਰ ਹੈ, ਸਹਾਰਨਾ ਗੁਣ ਹੈ, ਮਿੱਠਾ ਬੋਲਣਾ ਸ਼ਿਰੋਮਣੀ ਮੰਤਰ ਹੈ। ਜੇ ਇਹ ਤਿੰਨ ਵੇਸ ਕਰ ਲਵੇਂ ਤਾਂ ਤੇਰਾ ਖ਼ਸਮ (ਪਰਮਾਤਮਾ) ਤੇਰੇ ਵੱਸ ਵਿੱਚ ਆ ਜਾਵੇ। ਭਾਵ ਜੇ ਇਹ ਤਿੰਨ ਗੁਣ ਤੇਰੇ ਵਿੱਚ ਆ ਜਾਣ ਤਾਂ ਤੂੰ ਆਪਣੇ ਖ਼ਸਮ ਨੂੰ ਵੱਸ ਵਿੱਚ ਕਰ ਸਕੇਂਗੀ।

## ਅਭਿਆਸ

1. **ਹੇਠਾਂ ਲਿਖੀਆਂ ਕਾਵਿ-ਤੁਕਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ:**

   (ੳ) ਫਰੀਦਾ ਵੇਖੁ ਕਪਾਹੈ ਜਿ ਥੀਆ ਜਿ ਸਿਰਿ ਥੀਆ ਤਿਲਾਹ ॥
   ਕਮਾਦੈ ਅਰੁ ਕਾਗਦੈ ਕੁੰਨੇ ਕੋਇਲਿਆਹ॥
   ਮੰਦੇ ਅਮਲ ਕਰੇਦਿਆ ਏਹ ਸਜਾਇ ਤਿਨਾਹ॥

   (ਅ) ਫਰੀਦਾ ਮੈਂ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਐ ਜਗਿ॥
   ਊਚੇ ਚੜਿ ਕੈ ਦੇਖਿਆ ਤਾਂ ਘਰਿ ਘਰਿ ਏਹਾ ਅਗਿ ॥

2. ਸ਼ੇਖ ਫ਼ਰੀਦ ਜੀ ਦੇ "ਦਿਲਹੁ ਮੁਹਬਤਿ ਜਿਨ ਸੇਈ ਸਚਿਆ" ਸ਼ਬਦ ਜਾਂ "ਫਰੀਦਾ ਥੀਉ ਪਵਾਹੀ ਦਭੁ॥ ਜੇ ਸਾਂਈ ਲੋੜਹਿ ਸਭੁ॥" ਸਲੋਕ ਦਾ ਕੇਂਦਰੀ ਭਾਵ ਲਿਖੋ।

3. ਫਰੀਦਾ ਦਰਿ ਦਰਵਾਜੈ ਜਾਇ ਕੈ ਕਿਉ ਡਿਠੋ ਘੜਿਆਲੁ॥
   ਏਹੁ ਨਿਦੋਸਾ ਮਾਰੀਐ ਹਮ ਦੋਸਾਂ ਦਾ ਕਿਆ ਹਾਲੁ॥
   ਉਪਰੋਕਤ ਸਲੋਕ ਦਾ ਕੇਂਦਰੀ ਭਾਵ ਆਪਣੇ ਸ਼ਬਦਾਂ ਵਿੱਚ ਲਿਖੋ।

4. 'ਨਿਵਣੁ ਸੁ ਅਖਰੁ ਖਵਣੁ ਗੁਣ ਜਿਹਬਾ ਮਣੀਆ ਮੰਤੁ॥
   ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ॥'
   ਉਪਰੋਕਤ ਸਲੋਕ ਦਾ ਕੇਂਦਰੀ ਭਾਵ ਆਪਣੇ ਸ਼ਬਦਾਂ ਵਿੱਚ ਲਿਖੋ।

5. **ਵਸਤੂਨਿਸ਼ਠ ਪ੍ਰਸ਼ਨ—**

   (ੳ) ਸ਼ੇਖ਼ ਫ਼ਰੀਦ ਜੀ "ਦਿਲਹੁ ਮੁਹਬਤਿ ਜਿਨ ਸੇਈ ਸਚਿਆ" ਸਲੋਕ ਵਿੱਚ ਪਰਮਾਤਮਾ ਤੋਂ ਖ਼ੈਰ ਵਿੱਚ ਕੀ ਮੰਗਦੇ ਹਨ ?

   (ਅ) ਸ਼ੇਖ਼ ਫ਼ਰੀਦ ਜੀ ਦੇ ਸਲੋਕ ਅਨੁਸਾਰ ਜਿਉਂਦੇ ਮਨੁੱਖ ਦੇ ਪੈਰਾਂ ਹੇਠ ਅਤੇ ਮਨੁੱਖ ਦੇ ਮਰਨ ਉਪਰੰਤ ਕਿਹੜੀ ਚੀਜ਼ ਉੱਪਰ ਹੁੰਦੀ ਹੈ ?

   (ੲ) "ਫਰੀਦਾ ਏ ਵਿਸੁ ਗੰਦਲਾ ਧਰੀਆ ਖੰਡੁ ਲਿਵਾੜਿ" ਸਲੋਕ ਵਿੱਚ ਫ਼ਰੀਦ ਜੀ ਨੇ ਵਿਸ–ਗੰਦਲ਼ਾਂ ਕਿਸ ਨੂੰ ਕਿਹਾ ਹੈ ?

   (ਸ) ਫ਼ਰੀਦ ਜੀ ਕਪਾਹ, ਤਿਲ਼, ਕਮਾਦ, ਕਾਗ਼ਜ਼ ਅਤੇ ਮਿੱਟੀ ਦੀ ਹਾਂਡੀ ਦੀ ਹਾਲਤ ਦੱਸ ਕੇ ਕਿਹੜੇ ਕੰਮਾਂ ਤੋਂ ਸੁਚੇਤ ਕਰਦੇ ਹਨ ?



Downloaded from https:// www.studiestoday.com

Downloaded from https:// www.studiestoday.com

(ਹ) "ਫਰੀਦਾ ਕਿਥੈ ਤੈਡੇ ਮਾਪਿਆ, ਜਿਨੀ ਤੂ ਜਣਿਓਹਿ" ਸਲੋਕ ਦਾ ਸੰਬੰਧ ਹੈ—

(1) ਸੰਸਾਰਿਕ ਨਾਸ਼ਮਾਨਤਾ ਨਾਲ਼

(2) ਨੈਤਿਕ ਕਦਰਾਂ-ਕੀਮਤਾਂ ਨਾਲ਼

(3) ਪ੍ਰਭੂ-ਪ੍ਰੇਮ ਨਾਲ਼

(4) ਸੱਚੀ ਭਗਤੀ ਨਾਲ਼।

(ਕ) ਸ਼ੇਖ਼ ਫ਼ਰੀਦ ਜੀ ਅਨੁਸਾਰ ਸਰੀਰ ਨੂੰ ਨਿਰੋਗ ਰੱਖਣ ਲਈ ਕਿਹੜਾ ਗੁਣ ਧਾਰਨ ਕਰਨਾ ਚਾਹੀਦਾ ਹੈ ?

(ਖ) ਫ਼ਰੀਦ ਜੀ "ਫਰੀਦਾ ਦਰਿ ਦਰਵਾਜੇ ਜਾਇ ਕੇ ਕਿਉ ਡਿਠੋ ਘੜੀਆਲ਼॥" ਸਲੋਕ ਵਿੱਚ ਘੜਿਆਲ ਦੀ ਉਦਾਹਰਨ ਦੇ ਕੇ ਕਿਹੜੀ ਗੱਲ ਤੋਂ ਸੁਚੇਤ ਕਰਦੇ ਹਨ ?

(ਗ) "ਊਚੇ ਚੜ੍ਹਿ ਕੈ ਦੇਖਿਆ ਤਾਂ ਘਰਿ ਘਰਿ ਏਹਾ ਅਗਿ॥" ਸਤਰ ਵਿੱਚ 'ਊਚੇ ਚੜਿ ਕੈ' ਤੋਂ ਭਾਵ ਹੈ :

(1) ਉੱਚੀ ਥਾਂ ਉੱਤੇ ਚੜ੍ਹ ਕੇ

(2) ਆਪਣੇ ਦੁੱਖ ਤੋਂ ਉਚੇਰਾ ਉੱਠ ਕੇ

(3) ਕੋਠੇ ਉੱਤੇ ਚੜ੍ਹ ਕੇ।

*****



Downloaded from https:// www.studiestoday.com

Downloaded from https:// www.studiestoday.com

## ਵਜੀਦ

(1525 - 1585 ਈ:)

ਵਜੀਦ ਜੀ ਪੰਜਾਬੀ ਦੇ ਪ੍ਰਸਿੱਧ ਸੂਫ਼ੀ ਕਵੀ ਹੋਏ ਹਨ। ਇਹਨਾਂ ਦੇ ਜੀਵਨ ਸੰਬੰਧੀ ਬਹੁਤੇ ਵੇਰਵੇ ਪ੍ਰਾਪਤ ਨਾ ਹੋਣ ਕਰਕੇ ਇਹਨਾਂ ਦੇ ਜਨਮ ਬਾਰੇ ਨਿਸ਼ਚਿਤ ਰੂਪ ਵਿੱਚ ਦੱਸਿਆ ਜਾਣਾ ਮੁਸ਼ਕਲ ਹੈ। ਕੁਝ ਵਿਦਵਾਨ ਆਪ ਦਾ ਸਮਾਂ 1550 ਈ: ਤੋਂ 1660 ਈ: ਤੱਕ ਵੀ ਨਿਸ਼ਚਿਤ ਕਰਦੇ ਹਨ ਅਤੇ ਆਪ ਨੂੰ ਜਲੰਧਰ ਦਾ ਜੰਮ-ਪਲ ਦੱਸਦੇ ਹਨ। ਕੁਝ ਵਿਦਵਾਨ ਆਪ ਦਾ ਜਨਮ 1130 ਹਿਜਰੀ ਮੁਤਾਬਕ 1718 ਈ: ਵਿੱਚ ਕਾਬਲ ਵਿੱਚ ਹੋਇਆ ਮੰਨਦੇ ਹਨ।

ਵਜੀਦ ਜੀ ਦੀ ਰਚਨਾ ਮੁੱਖ ਤੌਰ 'ਤੇ ਸਲੋਕ ਰੂਪ ਵਿੱਚ ਮਿਲ਼ਦੀ ਹੈ। ਇਹਨਾਂ ਵਿੱਚ ਆਪ ਨੇ ਅੜਿਲ ਅਤੇ ਦੋਹਰਾ ਆਦਿ ਛੰਦ ਵਰਤੇ ਹਨ। ਆਪ ਨੇ ਜੀਵਨ ਦੇ ਵੱਖ-ਵੱਖ ਪਹਿਲੂਆਂ ਨੂੰ ਵਿਸ਼ਲੇਸ਼ਣਾਤਮਕ ਦ੍ਰਿਸ਼ਟੀ ਤੋਂ ਪਰਖਿਆ ਹੈ ਅਤੇ ਜੀਵਨ ਦੀ ਅਸਥਿਰਤਾ ਅਤੇ ਨਾਸ਼ਮਾਨਤਾ ਦਾ ਉਲੇਖ ਕਰਦਿਆਂ ਮਨੁੱਖ ਨੂੰ ਨੈਤਿਕ ਕਦਰਾਂ ਕੀਮਤਾਂ ਧਾਰਨ ਕਰਨ ਦੀ ਪ੍ਰੇਰਨਾ ਦਿੱਤੀ ਹੈ। ਉਹ ਇਸ ਗੱਲ ਨੂੰ ਵਾਰ-ਵਾਰ ਦੁਹਰਾਉਂਦੇ ਹਨ ਕਿ ਪਰਮਾਤਮਾ ਸਰਬ ਸ਼ਕਤੀਮਾਨ ਹੈ ਅਤੇ ਸਾਰਾ ਸੰਸਾਰ ਉਸੇ ਦੀ ਮਰਜ਼ੀ ਅਨੁਸਾਰ ਚੱਲਦਾ ਹੈ। ਪਰਮਾਤਮਾ ਦੇ ਸਾਹਮਣੇ ਮਨੁੱਖ ਕੁਝ ਵੀ ਨਹੀਂ ਹੈ ਅਤੇ ਉਹ ਕਿਸੇ ਵੀ ਤਰ੍ਹਾਂ ਪਰਮਾਤਮਾ ਦੀ ਕਰਨੀ ਨੂੰ ਮੋੜ ਨਹੀਂ ਸਕਦਾ। 'ਕੌਣ ਸਾਹਿਬ ਨੂੰ ਆਖੇ ਐਉਂ ਨਹੀਂ ਅੰਞ ਕਰ' ਤੁਕ ਰਾਹੀਂ ਉਹ ਪਰਮਾਤਮਾ ਦੀਆਂ ਕਰਨੀਆਂ ਉੱਤੇ ਵਿਅੰਗ ਕਰਦੇ ਹਨ। ਆਪ ਦੀ ਬੋਲੀ ਠੇਠ ਪੰਜਾਬੀ ਹੈ। ਆਪ ਦੇ ਕਈ ਸਲੋਕ ਲੋਕਾਂ ਦੀ ਜ਼ੁਬਾਨ ਉੱਤੇ ਚੜ੍ਹੇ ਹੋਏ ਹਨ।

ਹਥਲੇ ਕਾਵਿ-ਸੰਗ੍ਰਹਿ ਵਿੱਚ ਸ਼ਾਮਲ ਕੀਤੇ ਗਏ ਸਲੋਕਾਂ ਵਿੱਚ ਆਪ ਨੇ ਸਮਾਜਿਕ ਅਨਿਆਂ ਵਿਰੁੱਧ ਅਵਾਜ਼ ਉਠਾਈ ਹੈ ਅਤੇ ਵਿਅੰਗਾਤਮਿਕ ਅੰਦਾਜ਼ ਵਿੱਚ ਇਸ ਦੀ ਜ਼ੁੰਮੇਵਾਰੀ ਰੱਬ ਉੱਤੇ ਸੁੱਟੀ ਹੈ।

ਮੂਰਖ ਨੋ ਅਸਵਾਰੀ, ਹਾਥੀ ਘੋੜਿਆਂ।
ਪੰਡਤ ਪੈਰ ਪਿਆਦੇ, ਪਾਟੇ ਜੋੜਿਆਂ।
ਕਰਦੇ ਸੁਘੜ ਮਜੂਰੀ, ਮੂਰਖ (ਦੇ) ਜਾਇ ਘਰਿ।
ਵਜੀਦਾ ਕੌਣ ਸਾਂਈ ਨੋ ਆਖੈ, ਐਉਂ ਨਹੀਂ ਅੰਞ ਕਰ।

*****

ਚੋਰਾਂ ਦੇ ਘਰਿ ਵਗ ਜੁ ਮਾਨਸ ਘਾਇੰਦੇ।
ਭਏ ਅਮਾਨ ਠੱਗ, ਜੁ ਫਾਹੇ ਪਾਇੰਦੇ।
ਇਹ ਕੁਦਰਤਿ ਤੇਰੀ ਵਰਤੇ, ਰੱਬਾ! ਤੁਧ ਘਰਿ।
ਵਜੀਦਾ ਕੌਣ ਸਾਹਿਬ ਨੋ ਆਖੈ, ਐਉਂ ਨਹੀਂ ਅੰਞ ਕਰ।

*****

ਘੜੀ ਘੜੀ ਘੜਿਆਲ ਕਿ ਵਾਜੇ ਕਹਿਤ ਹੈ।
ਬਹੁਤੀ ਗਈ ਵਿਹਾਇ, ਥੋੜੀ ਸੀ ਰਹਿਤ ਹੈ।
ਸਾਂਈ ਬੇਗ ਸਮਾਲ ਕਿ ਜਮ ਕੀ ਰਾਰ ਹੈ।
ਵਜੀਦਾ ਜਮ ਕੇ ਹਾਥਿ ਗੁਲੇਲ, ਪਟਾਕਾ ਪਾਰ ਹੈ।

*****



Downloaded from https:// www.studiestoday.com

Downloaded from https:// www.studiestoday.com

ਕਿਆ ਸਮਝਾਈਐ ਗਿਆਨ, ਅਗਿਆਨੀ ਜੀਵ ਕਉ।
ਪੜੀ ਭਰਮ ਕੀ ਚੂਕ, ਭਜੈ ਨਹਿੰ ਪੀਵ ਕਉ।
ਨਿੰਮ ਨ ਮਿੱਠੀ ਹੋਇ, ਸਿੰਚ ਗੁੜ ਘੀਉ ਸਿਉ।
ਵਜੀਦਾ ਜੈਸਾ ਹੋਇ ਸੁਭਾਉ, ਜਾਇਗਾ ਜੀਉ ਸਿਉ।
*****

ਇਕਨਾ ਦੇ ਧਨ ਪੱਲੇ, ਸ਼ਾਹ ਸਦਾਇੰਦੇ।
ਪਹਿਰਨ ਮਲਮਲ ਖਾਸਾ, ਮੁਸ਼ਕ ਹੰਢਾਇੰਦੇ।
ਇਕਨਾ ਭਿਖ ਨ ਪੈਂਦੀ, ਫਿਰਦੇ ਦਰ-ਬ-ਦਰ।
ਵਜੀਦਾ ਕੌਣ ਸਾਹਿਬ ਨੋ ਆਖੈ, ਐਉਂ ਨਹੀਂ ਅੰਵ ਕਰ।
*****

ਮਾਇਆ ਰਸ ਲਗਿ ਭੂਲੇ, ਮੌਤ ਨਹਿੰ ਸੂਝਈ।
ਕਹਿ ਕਹਿ ਹਾਰੇ ਗ੍ਰੰਥ, ਮੂੜ ਨਹੀਂ ਬੂਝਈ।
ਹਰਿ ਕਾ ਨਾਮ ਅਗਿਆਨੀ, ਰਿਦੈ ਨ ਲਿਆਵਈ।
ਵਜੀਦਾ ਦੀਪਕ ਜਿਉਂ ਬੁਝ ਜਾਇ, ਪ੍ਰਾਣ ਭੀ ਜਾਵਈ।
*****

ਇਕਨਾ ਨੂੰ ਘਿਉ ਖੰਡ, ਨ ਮੈਦਾ ਭਾਵਈ।
ਬਹੁਤੀ ਬਹੁਤੀ ਮਾਇਆ, ਚਲਦੀ ਆਵਈ।
ਇਕਨਾ ਨਾਹੀਂ ਸਾਗ, ਅਲੂਣਾ ਪੇਟ ਭਰ।
ਵਜੀਦਾ ਕੌਣ ਸਾਹਿਬ ਨੂੰ ਆਖੈ, ਐਉਂ ਨਹੀਂ ਅੰਵ ਕਰ।
*****

ਚੋਰ ਜੁ ਕਰਦੇ ਚੋਰੀ, ਲਿਆਵਣ ਲੁਟ ਘਰ।
ਖਾਂਦੇ ਦੁਧ ਮਲਾਈ, ਮਲੀਦੇ ਕੁੱਟ ਕਰ।
ਰਹਿੰਦੇ ਤੇਰੀ ਆਸ ਸੁ, ਜਾਂਦੇ ਭੁੱਖ ਮਰ।
ਵਜੀਦਾ ਕੌਣ ਸਾਹਿਬ ਨੋ ਆਖੈ, ਐਉਂ ਨਹੀਂ ਅੰਵ ਕਰ।
*****

ਨਾ ਕਰ ਖ਼ੁਦੀ ਗੁਮਾਨ, ਜੁਆਨ ਮਰ ਜਾਹਿੰਗਾ।
ਧਨ ਜੋਬਨ ਥਿਰ ਨਾਹਿ, ਅੰਤ ਪਛੁਤਾਹਿੰਗਾ।
ਜੈਸੀ ਕੱਚ ਕੀ ਚੂੜੀ, ਤੈਸੀ ਦੇਹ ਹੈ।
ਵਜੀਦਾ ਥਿਰ ਸਾਹਿਬ ਕਾ ਨਾਮ, ਹੋਰ ਸਭ ਖੇਹ ਹੈ।
*****

ਘਿਉ, ਸ਼ੱਕਰ ਤੇ ਮੈਦਾ ਮਿਲਦਾ ਕੁੱਤਿਆਂ।
ਜਿਨ੍ਹਾਂ ਦਾ ਪੀਂਦੇ ਦੁੱਧ, ਸੋ ਮਰਦੇ ਭੁੱਖਿਆਂ।
ਬੀਜਣ, ਗਾਹੁਣ, ਵਾਹੁਣ ਖੜਸਨਿ ਬੰਨ੍ਹ ਕਰ।
ਵਜੀਦਾ ਕੌਣ ਸਾਹਿਬ ਨੂੰ ਆਖੈ, ਐਉਂ ਨਹੀਂ ਅੰਵ ਕਰ।
*****



Downloaded from https:// www.studiestoday.com

Downloaded from https:// www.studiestoday.com

**ਸ਼ਬਦ-ਅਰਥ :**

ਪਿਆਦੇ- ਪੈਦਲ। ਸੁਘੜ- ਸਿਆਣੇ। ਘਾਇੰਦੇ- ਮਾਰਦੇ, ਵਧ ਕਰਦੇ। ਅਮਾਨ- ਇਮਾਨ ਦੇ ਰਾਖੇ। ਵਿਹਾਇ-ਗੁਜ਼ਰ ਗਈ ਹੈ, ਲੰਘ ਗਈ ਹੈ। ਸਾਂਈ ਬੇਗ ਸਮਾਲ ਕਿ ਜਮ ਕੀ ਰਾਰ ਹੈ- ਰੱਬ ਨੂੰ ਧਿਆਉ, ਮੌਤ ਦਾ ਸ਼ੋਰ ਪੈ ਰਿਹਾ ਹੈ। ਭਰਮ- ਭੁਲੇਖਾ। ਚੂਕ-ਭੁੱਲ। ਜਾਇਗਾ ਜੀਉ ਸਿਉ- ਆਦਤ ਜਾਨ ਦੇ ਨਾਲ਼ ਹੀ ਜਾਂਦੀ ਹੈ। ਮਲਮਲ ਖਾਸਾ-ਬਰੀਕ ਕੱਪੜਾ। ਮੁਸ਼ਕ-ਖ਼ੁਸ਼ਬੋ। ਭਿੱਖ-ਖ਼ੈਰ, ਭਿੱਛਿਆ। ਰਿਦੈ-ਹਿਰਦੇ ਵਿੱਚ, ਮਨ ਵਿੱਚ। ਦੀਪਕ-ਦੀਵਾ। ਪ੍ਰਾਣ ਭੀ ਜਾਵਈ- ਸਾਹ ਵੀ ਪੂਰੇ ਹੋ ਜਾਣਗੇ ਭਾਵ ਮਰ ਜਾਵੇਂਗਾ। ਗੁਮਾਨ-ਅਹੰਕਾਰ। ਥਿਰ ਨਾਹਿ- ਸਥਿਰ ਨਹੀਂ ਹੈ ਭਾਵ ਹਮੇਸ਼ਾਂ ਕਾਇਮ ਨਹੀਂ ਰਹੇਗਾ। ਖੇਹ-ਧੂੜ, ਮਿੱਟੀ। ਖੜਸਨਿ ਬੰਨ੍ਹ ਕਰ-ਗਊਆਂ-ਬੈਲਾਂ ਤੋਂ ਭਾਵ ਹੈ ਕਿ ਉਹਨਾਂ ਨੂੰ ਬੰਨ੍ਹ ਕੇ ਰੱਖਿਆ ਜਾਂਦਾ ਹੈ।

## ਅਭਿਆਸ

1. **ਹੇਠਾਂ ਲਿਖੇ ਕਾਵਿ-ਬੰਦਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :**

(ੳ) ਮਾਇਆ ਰਸ ਲਗਿ ਭੂਲੇ, ਮੌਤ ਨਹਿੰ ਸੂਝਈ।
ਕਹਿ ਕਹਿ ਹਾਰੇ ਗ੍ਰੰਥ, ਮੂੜ ਨਹੀਂ ਬੂਝਈ।
ਹਰਿ ਕਾ ਨਾਮ ਅਗਿਆਨੀ ਰਿਦੈ ਨ ਲਿਆਵਈ।
ਵਜੀਦਾ ਦੀਪਕ ਜਿਉਂ ਬੁਝ ਜਾਇ ਪ੍ਰਾਣ ਭੀ ਜਾਵਈ।

(ਅ) ਚੋਰ ਜੁ ਕਰਦੇ ਚੋਰੀ, ਲਿਆਵਣ ਲੁਟ ਘਰ।
ਖਾਂਦੇ ਦੁਧ ਮਲਾਈ, ਮਲੀਦੇ ਕੁੱਟ ਕਰ।
ਰਹਿੰਦੇ ਤੇਰੀ ਆਸ ਸੁ, ਜਾਂਦੇ ਭੁੱਖ ਮਰ।
ਵਜੀਦਾ ਕੌਣ ਸਾਹਿਬ ਨੋ ਆਖੈ, ਐਉਂ ਨਹੀਂ ਅੰਞ ਕਰ।

(ੲ) ਘੜੀ ਘੜੀ ਘੜਿਆਲ ਕਿ ਵਾਜੇ ਕਹਿਤ ਹੈ।
ਬਹੁਤੀ ਗਈ ਵਿਹਾਇ, ਥੋੜੀ ਸੀ ਰਹਿਤ ਹੈ।
ਸਾਂਈ ਬੇਗ ਸਮਾਲ ਕਿ ਜਮ ਕੀ ਰਾਰ ਹੈ।
ਵਜੀਦਾ ਜਮ ਕੇ ਹਾਥਿ ਗੁਲੇਲ, ਪਟਾਕਾ ਪਾਰ ਹੈ।

2. **ਹੇਠਾਂ ਲਿਖੀਆਂ ਕਾਵਿ-ਸਤਰਾਂ ਦਾ ਕੇਂਦਰੀ ਭਾਵ ਲਿਖੋ :**

(ੳ) ਕਿਆ ਸਮਝਾਈਐ ਗਿਆਨ, ਅਗਿਆਨੀ ਜੀਵ ਕਉ।
ਪੜੀ ਭਰਮ ਕੀ ਚੂਕ ਭਜੈ ਨਹਿੰ ਪੀਵ ਕਉ।
ਨਿੰਮ ਨ ਮਿੱਠੀ ਹੋਇ ਸਿੰਚ ਗੁੜ ਘੀਉ ਸਿਉ।
ਵਜੀਦਾ ਜੈਸਾ ਹੋਇ ਸੁਭਾਉ, ਜਾਇਗਾ ਜੀਉ ਸਿਉ।

(ਅ) ਘਿਉ, ਸ਼ੱਕਰ ਤੇ ਮੈਦਾ ਮਿਲ਼ਦਾ ਕੁੱਤਿਆਂ।
ਜਿਨ੍ਹਾਂ ਦਾ ਪੀਂਦੇ ਦੁੱਧ, ਸੋ ਮਰਦੇ ਭੁੱਖਿਆਂ।
ਬੀਜਣ, ਗਾਹੁਣ, ਵਾਹੁਣ ਖੜਸਨਿ ਬੰਨ੍ਹ ਕਰ।
ਵਜੀਦਾ ਕੌਣ ਸਾਹਿਬ ਨੂੰ ਆਖੈ, ਐਉਂ ਨਹੀਂ ਅੰਞ ਕਰ।



Downloaded from https:// www.studiestoday.com

Downloaded from https:// www.studiestoday.com

3. "ਨਾ ਕਰ ਖੁਦੀ ਗੁਮਾਨ, ਜੁਆਨ ਮਰ ਜਾਹਿੰਗਾ" ਬੰਦ ਦਾ ਕੇਂਦਰੀ ਭਾਵ ਲਿਖੋ।

***ਜਾਂ***

"ਚੋਰਾਂ ਦੇ ਘਰ ਵਗ ਜੁ ਮਾਨਸ ਘਾਇੰਦੇ।" ਬੰਦ ਦਾ ਕੇਂਦਰੀ ਭਾਵ ਲਿਖੋ।

4. ਵਸਤੂਨਿਸ਼ਠ ਪ੍ਰਸ਼ਨ :

(ੳ) 'ਚੋਰਾਂ ਦੇ ਘਰ ਵਗ ਜੁ ਮਾਨਸ ਘਾਇੰਦੇ।' ਤੁਕ ਕਿਸ ਸੂਫ਼ੀ ਸ਼ਾਇਰ ਦੀ ਰਚਨਾ ਹੈ ?

(ਅ) ਵਜੀਦ ਜੀ ਦੇ ਸਲੋਕ ਅਨੁਸਾਰ ਨਿੰਮ ਕਿਸ ਚੀਜ਼ ਵਿੱਚ ਸਿੰਜਣ ਦੇ ਬਾਵਜੂਦ ਮਿੱਠੀ ਨਹੀਂ ਹੁੰਦੀ ?

(ੲ) 'ਇਕਨਾ ਦੇ ਧਨ ਪੱਲੇ ਸ਼ਾਹ ਸਦਾਇੰਦੇ' ਸਲੋਕ ਵਿੱਚ ਜ਼ਿਕਰ ਹੈ—

(*i*) ਮਾਲਕ–ਨੌਕਰ

(*ii*) ਅਮੀਰੀ–ਗ਼ਰੀਬੀ

(*iii*) ਦੁੱਖ–ਸੁੱਖ

(*iv*) ਖ਼ੁਸ਼ੀ–ਗ਼ਮੀ

(ਸ) ਵਜੀਦ ਜੀ ਨੇ ਆਪਣੇ ਸਲੋਕਾਂ ਵਿੱਚ 'ਸਾਹਿਬ' ਕਿਸ ਨੂੰ ਆਖਿਆ ਹੈ ?

(ਹ) 'ਵਜੀਦ ਜੀ "ਨਾ ਕਰ ਖ਼ੁਦੀ ਗੁਮਾਨ, ਜੁਆਨ ਮਰ ਜਾਹਿੰਗਾ" ਸਲੋਕ ਵਿੱਚ ਜੁਆਨ ਨੂੰ ਕੀ ਸੁਨੇਹਾ ਦੇਂਦੇ ਹਨ ?

(ਕ) "ਮੂਰਖ ਨੂੰ ਅਸਵਾਰੀ ਹਾਥੀ ਘੋੜਿਆਂ।" ਸਲੋਕ ਵਿੱਚ ਵਜੀਦ ਜੀ ਨੇ ਕਿਸ ਬਾਰੇ ਵਿਅੰਗ ਕੀਤਾ ਹੈ :

(*i*) ਅਮੀਰੀ–ਗ਼ਰੀਬੀ

(*ii*) ਸਮਾਜਿਕ ਅਨਿਆਂ

(ਖ) "ਮਾਇਆ ਰਸ ਲਗਿ ਭੂਲੇ ਮੌਤ ਨਹਿੰ ਸੂਝਈ" ਸਲੋਕ ਵਿੱਚ ਵਜੀਦ ਜੀ ਮਨੁੱਖ ਨੂੰ ਕਿਸ ਦਾ ਨਾਂ ਹਿਰਦੇ ਵਿੱਚ ਧਿਆਉਣ ਲਈ ਕਹਿੰਦੇ ਹਨ ?

*****



Downloaded from https:// www.studiestoday.com

Downloaded from https:// www.studiestoday.com

## ਸ਼ਾਹ ਹੁਸੈਨ

(1539-1593 ਈ:)

ਸ਼ਾਹ ਹੁਸੈਨ ਪੰਜਾਬੀ ਦੇ ਪ੍ਰਸਿੱਧ ਸੂਫ਼ੀ ਕਵੀ ਹੋਏ ਹਨ। ਆਪ ਦਾ ਜਨਮ ਲਾਹੌਰ ਵਿਖੇ ਸ਼ੇਖ਼ ਉਸਮਾਨ ਢੱਡਾ ਦੇ ਘਰ ਹੋਇਆ। ਆਪ ਨੇ ਅਬੂ ਬਕਰ ਕੋਲ਼ੋਂ ਮੁਢਲੀ ਸਿੱਖਿਆ ਪ੍ਰਾਪਤ ਕੀਤੀ। ਸ਼ਾਹ ਹੁਸੈਨ ਪਹਿਲੇ ਸੂਫ਼ੀ ਕਵੀ ਹੋਏ ਹਨ, ਜਿਨ੍ਹਾਂ ਨੇ ਸ਼ਰ੍ਹਾ ਦੀਆਂ ਰੂੜ੍ਹੀਵਾਦੀ ਪਾਬੰਦੀਆਂ ਤੋਂ ਬਗ਼ਾਵਤ ਕੀਤੀ। ਆਪ ਮਸਤ-ਮਲੰਗ ਤਬੀਅਤ ਦੇ ਮਨੁੱਖ ਸਨ। ਆਪ ਨੇ ਆਪਣੀਆਂ ਰਚਨਾਵਾਂ ਵਿੱਚ ਮੁਰਸ਼ਦ-ਪ੍ਰੇਮ ਉੱਤੇ ਵਿਸ਼ੇਸ਼ ਜ਼ੋਰ ਦਿੱਤਾ ਹੈ। ਆਪ ਨੇ ਦਰਦ ਅਤੇ ਵਿਛੋੜੇ ਦੇ ਵਿਸ਼ੇ ਲਏ ਹਨ। ਇਹਨਾਂ ਵਿੱਚ ਗਹਿਰੀ ਹੂਕ ਅਤੇ ਪੀੜ ਹੈ।

ਆਪ ਦੀ ਰਚਨਾ ਰਾਗਾਂ ਵਿੱਚ ਹੋਣ ਕਰਕੇ ਗਾਈ ਜਾ ਸਕਦੀ ਹੈ। ਆਪ ਦੀ ਬੋਲੀ ਸਰਲ, ਸਾਦਾ ਅਤੇ ਠੇਠ ਹੈ। ਬੋਲੀ ਉੱਤੇ ਲਹਿੰਦੀ ਭਾਸ਼ਾ ਦਾ ਪ੍ਰਭਾਵ ਵਧੇਰੇ ਹੈ। ਕਾਫ਼ੀਆਂ ਵਿੱਚ ਗੁਰਬਾਣੀ ਦੀ ਸ਼ੈਲੀ ਅਤੇ ਅਲੰਕਾਰਾਂ ਦਾ ਪ੍ਰਭਾਵ ਹੈ। ਆਪ ਦੁਨੀਆਂ ਦੀ ਨਾਸ਼ਮਾਨਤਾ ਅਤੇ ਅਟੱਲ ਮੌਤ ਨੂੰ ਯਾਦ ਕਰਦੇ ਹੋਏ ਆਪਣੇ ਇਸ਼ਟ ਦੇ ਸੱਚੇ ਪ੍ਰੇਮ ਲਈ ਨਿਮਰਤਾ ਸਹਿਤ ਆਪਣਾ ਆਪਾ ਕੁਰਬਾਨ ਕਰ ਦੇਣਾ ਲੋਚਦੇ ਹਨ।

ਹਥਲੇ ਕਾਵਿ-ਸੰਗ੍ਰਹਿ ਵਿੱਚ ਆਪ ਦੀਆਂ ਛੇ ਕਾਫ਼ੀਆਂ ਸ਼ਾਮਲ ਕੀਤੀਆਂ ਗਈਆਂ ਹਨ। ਇਹਨਾਂ ਕਾਫ਼ੀਆਂ ਵਿੱਚ ਸ਼ਾਹ ਹੁਸੈਨ ਨੇ ਨਿਮਰਤਾ, ਗ਼ਰੀਬੀ, ਆਜਜ਼ੀ ਅਤੇ ਮਿੱਠਤ ਦੇ ਗੁਣਾਂ ਦੀ ਪ੍ਰੇਰਨਾ ਦਿੱਤੀ ਹੈ ਅਤੇ ਫ਼ਕੀਰਾਨਾ ਮਸਤੀ ਵਿੱਚ ਆਪੇ ਤੋਂ ਬੇਖ਼ੁਦ ਹੋ ਕੇ ਪਰਮਾਤਮਾ ਨੂੰ ਪਾਉਣ ਦੇ ਵਿਚਾਰ ਦਿੱਤੇ ਹਨ।

### ਇੱਥੇ ਰਹਿਣਾ ਨਾਹੀਂ

ਇੱਥੇ ਰਹਿਣਾ ਨਾਹੀਂ, ਕੋਈ ਬਾਤ ਚਲਣ ਦੀ ਕਰੁ ਵੋ। ਰਹਾਉ।
ਵੱਡੇ ਉੱਚੇ ਮਹਲ ਉਸਾਰਿਓ, ਗੋਰ ਨਿਮਾਣੀ ਘਰੁ ਵੋ।
ਜਿਸ ਦੇਹੀ ਤੂ ਮਾਣ ਕਰੇਨੈਂ, ਜਿਉਂ ਪਰਛਾਂਵੇਂ ਢਰੁ ਵੋ।
ਛੋੜ ਤ੍ਰਿਖਾਇ ਪਕੜਿ ਹਲੀਮੀ, ਭੈ ਸਾਹਿਬ ਥੀਂ ਡਰੁ ਵੋ।
ਕਹੇ ਹੁਸੈਨ ਹਯਾਤੀ ਲੋੜੇਂ, ਤਾ ਮਰਨ ਥੀਂ ਅਗੇ ਮਰ ਵੋ।

### ਕੈ ਬਾਗ਼ੈ ਦੀ ਮੂਲੀ

ਕੈ ਬਾਗ਼ੈ ਦੀ ਮੂਲੀ ਹੁਸੈਨਾ,
ਤੂੰ ਕੈ ਬਾਗ਼ੈ ਦੀ ਮੂਲੀ। 1 ਰਹਾਉ।
ਬਾਗ਼ਾਂ ਦੇ ਵਿੱਚ ਫੁਲਿ ਅਜਾਇਬ,
ਤੂੰ ਬੀ ਇੱਕ ਗੰਧੂਲੀ।
ਆਪਣਾ ਆਪਿ ਪਛਾਣੇ ਨਾਹੀਂ,
ਅਵਰਾਂ ਦੇਖਿ ਕਿਉਂ ਭੂਲੀ।
ਇਸ਼ਕੇ ਦੇ ਦਰਿਆਉ ਕਰਾਹੀ,
ਮਨਸੂਰ ਕਬੂਲੀ ਸੂਲੀ।
ਸ਼ਾਹ ਹੁਸੈਨ ਪਇਆ ਦਰਿ ਉੱਤੇ,
ਜੇ ਕਰਿ ਪਵੇ ਕਬੂਲੀ।



Downloaded from https:// www.studiestoday.com

Downloaded from https:// www.studiestoday.com

## ਰੱਬਾ ਮੇਰੇ ਅਉਗੁਣ ਚਿਤਿ ਨਾ ਧਰੀਂ

ਰੱਬਾ ਮੇਰੇ ਅਉਗੁਣ ਚਿਤਿ ਨਾ ਧਰੀਂ। 1 ਰਹਾਉ।
ਅਉਗੁਣਿਆਰੀ ਨੂੰ ਕੋ ਗੁਣ ਨਾਹੀਂ,
ਲੂੰ-ਲੂੰ ਐਬ ਭਰੀ।
ਜਿਉਂ ਭਾਵੈ ਤਿਉ ਰਾਖਿ ਪਿਆਰਿਆ,
ਮੈਂ ਤੇਰੇ ਦੁਆਰੈ ਪਰੀ।
ਕਹੈ ਹੁਸੈਨ ਫ਼ਕੀਰ ਨਿਮਾਣਾ,
ਅਦਲੋਂ ਫ਼ਜ਼ਲੁ ਕਰੀਂ।

## ਮੁਸ਼ਕਲ ਘਾਟ ਫ਼ਕੀਰੀ ਦਾ

ਮੁਸ਼ਕਲ ਘਾਟ ਫ਼ਕੀਰੀ ਦਾ ਵੋ,
ਮੁਸ਼ਕਲ ਘਾਟ ਫ਼ਕੀਰੀ ਦਾ।
ਪਾਇ ਕੁਠਾਲੀ ਦੁਰਮਤਿ ਗਾਲੀ।
ਕਰਮ ਜਗਾਇ ਸ਼ਰੀਰੀ ਦਾ ਵੋ। ਰਹਾਉ।
ਛੋਡਿ ਤਕੱਬਰੀ ਪਕੜਿ ਹਲੀਮੀ
ਰਾਹਿ ਪਕੜੋ ਸ਼ੀਰੀ ਦਾ ਵੋ।
ਕਹੈ ਹੁਸੈਨ ਫ਼ਕੀਰ ਨਿਮਾਣਾ,
ਦਫ਼ਤਰ ਪਾੜੋ ਮੀਰੀ ਦਾ ਵੋ।

## ਨਿਮਾਣਿਆਂ ਦੀ ਰੱਬਾ ਰੱਬਾ ਹੋਈ

ਨਿਮਾਣਿਆਂ ਦੀ ਰੱਬਾ ਰੱਬਾ ਹੋਈ। 1 ।ਰਹਾਉ।
ਭਠਿ ਪਈ ਤੇਰੀ ਚਿੱਟੀ ਚਾਦਰ,
ਚੰਗੀ ਫ਼ਕੀਰਾਂ ਦੀ ਲੋਈ।
ਦਰਗਹਿ ਵਿੱਚ ਸੁਹਾਗਣਿ ਸੋਈ,
ਜੋ ਖੁਲ੍ਹਿ ਖੁਲ੍ਹਿ ਨਚ ਖਲੋਈ।
ਕਹੈ ਹੁਸੈਨ ਫ਼ਕੀਰ ਸਾਂਈ ਦਾ,
ਤਾਂ ਦਰਿ ਲਹਸੇਂ ਢੋਈ।

## ਪਾਵੇਂਗਾ ਦੀਦਾਰ ਸਾਹਿਬ ਦਾ

ਪਾਵੇਂਗਾ ਦੀਦਾਰ ਸਾਹਿਬ ਦਾ,
ਫ਼ਕੀਰਾ ਹੋਰ ਭੀ ਨੀਵਾਂ ਹੋਇ। 1 ।ਰਹਾਉ।



Downloaded from https:// www.studiestoday.com

Downloaded from https:// www.studiestoday.com

ਟੋਪੀ ਮੈਲੀ ਸਾਬਣੁ ਥੋੜਾ,
ਬਹਿ ਕਿਨਾਰੇ ਧੋਇ।
ਮੀਣੀ ਢੱਗੀ ਨਾਮ ਸਾਂਈ ਦਾ,
ਅੰਦਰਿ ਬਹਿ ਕਰਿ ਚੋਇ।
ਉਛਲ ਨਦੀਆਂ ਤਾਰੂ ਹੋਈਆਂ,
ਮੈਂ ਕੰਢੇ ਰਹੀ ਖਲੋਇ।
ਕਹੈ ਹੁਸੈਨ ਫ਼ਕੀਰ ਸਾਂਈ ਦਾ,
ਹੋਣੀ ਹੋਇ ਸੋ ਹੋਇ।

**ਸ਼ਬਦ-ਅਰਥ :**

ਗੋਰ– ਕਬਰ। ਕਰੇਨੈਂ–ਕਰਦਾ ਹੈਂ। ਢਰੁ–ਢਲ਼ਦਾ ਹੈ। ਤ੍ਰਿਖਾਇ– ਤ੍ਰਿਸ਼ਨਾ। ਹਲੀਮੀ– ਨਿਮਰਤਾ। ਭੈ – ਡਰ। ਹਯਾਤੀ– ਜ਼ਿੰਦਗੀ। ਮਰਨ ਥੀਂ ਅੱਗੇ ਮਰ– ਅਭਿਮਾਨ ਛੱਡ ਕੇ ਜੀਵਨ ਬਤੀਤ ਕਰ। ਅਜਾਇਬ– ਅਜੀਬ, ਤਰ੍ਹਾਂ-ਤਰ੍ਹਾਂ ਦੇ, ਅਦਭੁਤ। ਗੰਧੂਲੀ– ਇੱਕ ਤਰ੍ਹਾਂ ਦੀ ਮਾਮੂਲੀ ਜੰਗਲ਼ੀ ਬੂਟੀ। ਕਰਾਹੀ– ਸ਼ੋਰ ਕਰ ਰਿਹਾ ਹੈ। ਕਬੂਲੀ– ਪ੍ਰਵਾਨ ਕੀਤੀ। ਦਰਿ– ਦਰਵਾਜ਼ਾ, ਚੌਖਟ, ਦਰਬਾਰ ਦਾ ਸੰਖੇਪ। ਐਬ- ਔਗੁਣ, ਦੋਸ਼। ਅਦਲੋਂ ਫ਼ਜ਼ਲੁ ਕਰੀਂ– ਮੇਰੇ ਵਿੱਚ ਬਹੁਤ ਕਮਜ਼ੋਰੀਆਂ ਹਨ, ਇਸ ਲਈ ਤੂੰ ਮੇਰੇ 'ਤੇ ਮਿਹਰ ਕਰ, ਨਿਆਂ ਕਰ। ਕੁਠਾਲੀ– ਮਿੱਟੀ ਦਾ ਬਣਾਇਆ ਬਰਤਨ, ਜਿਸ ਵਿੱਚ ਸੁਨਿਆਰ ਸੋਨਾ, ਚਾਂਦੀ ਆਦਿ ਧਾਤਾਂ ਢਾਲ਼ਦੇ ਹਨ। ਦੁਰਮਤਿ– ਨਾਦਾਨੀ, ਮੂਰਖਤਾ। ਕਰਮ– ਭਾਗ। ਸ਼ਰੀਰੀ– ਦੇਹੀ। ਤਕੱਬਰ – ਹੰਕਾਰ। ਹਲੀਮੀ– ਨਿਮਰਤਾ, ਨਰਮੀ, ਸਹਿਣਸ਼ੀਲਤਾ। ਸ਼ੀਰੀ- ਮਿਠਾਸ, ਮਿੱਠੀ ਜ਼ੁਬਾਨ। ਦਫ਼ਤਰ ਪਾੜੋ ਮੀਰੀ ਦਾ– ਵਡੱਪਣ ਦਾ ਮਾਣ ਛੱਡੋ। ਨਿਮਾਣਾ- ਹੰਕਾਰ ਰਹਿਤ, ਅਭਿਮਾਨ ਨਾ ਕਰਨ ਵਾਲ਼ਾ। ਰੱਬਾ ਰੱਬਾ– ਜੈ-ਜੈਕਾਰ ਤੋਂ ਭਾਵ ਹੈ। ਦਰਗਹਿ– ਦਰਬਾਰ, ਪਰਮਾਤਮਾ ਦੀ ਕਚਹਿਰੀ ਵਿੱਚ। ਢੋਈ– ਪਨਾਹ, ਓਟ। ਦੀਦਾਰ– ਦਰਸ਼ਨ, ਦੀਦ। ਉਛਲ ਨਦੀਆਂ ਤਾਰੂ ਹੋਈਆਂ– ਨਦੀਆਂ ਵਿੱਚ ਉਛਾਲ਼ਾ ਆ ਗਿਆ ਹੈ, ਹੁਣ ਇਹਨਾਂ ਨੂੰ ਤਰ ਕੇ ਹੀ ਲੰਘਿਆ ਜਾ ਸਕਦਾ ਹੈ।

## ਅਭਿਆਸ

**ਹੇਠਾਂ ਲਿਖੇ ਕਾਵਿ-ਬੰਦਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :**

(ੳ) ਮੀਣੀ ਢੱਗੀ ਨਾਮ ਸਾਂਈ ਦਾ
ਅੰਦਰਿ ਬਹਿ ਕਰਿ ਚੋਇ।
ਉਛਲ ਨਦੀਆਂ ਤਾਰੂ ਹੋਈਆਂ,
ਮੈਂ ਕੰਢੇ ਰਹੀ ਖਲੋਇ।



Downloaded from https:// www.studiestoday.com

Downloaded from https:// www.studiestoday.com

(ਅ) ਭਠਿ ਪਈ ਤੇਰੀ ਚਿੱਟੀ ਚਾਦਰ,
ਚੰਗੀ ਫ਼ਕੀਰਾਂ ਦੀ ਲੋਈ।
ਦਰਗਹਿ ਵਿੱਚ ਸੁਹਾਗਣਿ ਸੋਈ,
ਜੋ ਖੁਲ੍ਹਿ ਖੁਲ੍ਹਿ ਨਚ ਖਲੋਈ।

2. 'ਇੱਥੇ ਰਹਿਣਾ ਨਾਹੀਂ' ਕਾਫ਼ੀ ਦਾ ਕੇਂਦਰੀ ਭਾਵ ਲਿਖੋ।

3. 'ਕੈ ਬਾਗ਼ੈ ਦੀ ਮੂਲੀ' ਕਾਫ਼ੀ ਦਾ ਕੇਂਦਰੀ ਭਾਵ ਲਿਖੋ।

4. ਵਸਤੂਨਿਸ਼ਠ ਪ੍ਰਸ਼ਨ—

(ੳ) 'ਇੱਥੇ ਰਹਿਣਾ ਨਾਹੀ' ਕਿਹੜੇ ਸੂਫ਼ੀ ਕਵੀ ਦੀ ਰਚਨਾ ਹੈ ?

(ਅ) 'ਕੈ ਬਾਗ਼ੈ ਦੀ ਮੂਲੀ' ਹੇਠਾਂ ਲਿਖੇ ਸੂਫ਼ੀ ਕਵੀਆਂ ਵਿੱਚੋਂ ਕਿਸ ਦੀ ਰਚਨਾ ਹੈ—
*(i)* ਬੁੱਲ੍ਹੇ ਸ਼ਾਹ *(ii)* ਸ਼ਾਹ ਹੁਸੈਨ *(iii)* ਗ਼ੁਲਾਮ ਫ਼ਰੀਦ

(ੲ) "ਰੱਬਾ ਮੇਰੇ ਆਉਗੁਣ ਚਿਤਿ ਨਾ ਧਰੀਂ" ਕਾਫ਼ੀ ਵਿੱਚ ਕਿਸ ਵੱਲੋਂ ਪਰਮਾਤਮਾ ਨੂੰ ਸੰਬੋਧਨ ਕੀਤਾ ਗਿਆ ਹੈ—
*(i)* ਜੀਵ-ਆਤਮਾ ਵੱਲੋਂ *(ii)* ਸੰਗਤਾਂ ਵੱਲੋਂ
*(iii)* ਫ਼ਕੀਰਾਂ ਵੱਲੋਂ *(iv)* ਗੁਰੂ ਵੱਲੋਂ

(ਸ) 'ਮੁਸ਼ਕਲ ਘਾਟ ਫ਼ਕੀਰੀ ਦਾ' ਵਿੱਚ 'ਘਾਟ' ਸ਼ਬਦ ਦਾ ਕੀ ਅਰਥ ਹੈ ?

(ਹ) 'ਮੁਸ਼ਕਲ ਘਾਟ ਫ਼ਕੀਰੀ ਦਾ' ਕਾਫ਼ੀ ਵਿੱਚ 'ਛੋਡਿ ਤਕੱਬਰੀ ਪਕੜਿ ਹਲੀਮੀ' ਤੋਂ ਭਾਵ ਹੈ—
*(i)* ਹੰਕਾਰ ਛੱਡ ਕੇ ਨਿਮਰਤਾ ਅਪਣਾਉਣਾ
*(ii)* ਨਾਦਾਨੀ ਛੱਡ ਕੇ ਸਚਾਈ ਅਪਣਾਉਣਾ
*(iii)* ਔਗੁਣ ਛੱਡ ਕੇ ਗੁਣ ਅਪਣਾਉਣਾ
*(iv)* ਝੂਠ ਨੂੰ ਛੱਡ ਕੇ ਸੱਚ ਨੂੰ ਅਪਣਾਉਣਾ।

(ਕ) 'ਕੈ ਬਾਗ਼ੈ ਦੀ ਮੂਲੀ' ਕਾਫ਼ੀ ਵਿੱਚ ਸ਼ਾਹ ਹੁਸੈਨ ਨੇ ਮਨੁੱਖ ਦੀ ਤੁਲਨਾ ਕਿਸ ਨਾਲ਼ ਕੀਤੀ ਹੈ ?

(ਖ) 'ਨਿਮਾਣਿਆਂ ਦੀ ਰੱਬਾ ਰੱਬਾ ਹੋਈ' ਕਾਫ਼ੀ ਵਿੱਚ 'ਰੱਬਾ ਰੱਬਾ' ਹੋਈ ਤੋਂ ਭਾਵ ਹੈ—
*(i)* ਤੋਬਾ ਹੋਈ *(ii)* ਜੈ-ਜੈਕਾਰ ਹੋਈ।

(ਗ) 'ਪਾਵੇਂਗਾ ਦੀਦਾਰ ਸਾਹਿਬ ਦਾ' ਕਾਫ਼ੀ ਦੀ ਅਗਲੀ ਸਤਰ ਪੂਰੀ ਕਰੋ—
ਪਾਵੇਂਗਾ ਦੀਦਾਰ ਸਾਹਿਬ ਦਾ
ਫ਼ਕੀਰਾ ਹੋਰ ਭੀ ...... ਹੋਇ॥1॥ਰਹਾਉ॥ (ਉੱਚਾ/ਨੀਵਾਂ)

(ਘ) 'ਪਾਵੇਂਗਾ ਦੀਦਾਰ ਸਾਹਿਬ ਦਾ' ਕਾਫ਼ੀ ਵਿੱਚ ਸ਼ਾਹ ਹੁਸੈਨ ਨੇ 'ਮੀਣੀ ਢੱਗੀ' ਕਿਸ ਨੂੰ ਕਿਹਾ ਹੈ ?

*****



Downloaded from https:// www.studiestoday.com

Downloaded from https:// www.studiestoday.com

## ਸੁਲਤਾਨ ਬਾਹੂ

(1631-1691 ਈ:)

ਪੰਜਾਬੀ ਦੇ ਸੂਫ਼ੀ ਕਵੀਆਂ ਵਿੱਚੋਂ ਸੁਲਤਾਨ ਬਾਹੂ ਇੱਕ ਪ੍ਰਸਿੱਧ ਸੂਫ਼ੀ ਕਵੀ ਹੋਏ ਹਨ। ਆਪ ਦਾ ਜਨਮ ਪਿੰਡ ਆਵਾਣ ਜ਼ਿਲ੍ਹਾ ਝੰਗ ਵਿੱਚ ਬਾਯਜ਼ੀਦ ਮੁਹੰਮਦ ਅਤੇ ਬੀਬੀ ਰਾਸਤੀਕੁਦਸ ਸਰਾ ਦੇ ਘਰ ਹੋਇਆ। ਆਪ ਦੇ ਬਜ਼ੁਰਗ ਅਰਬ ਤੋਂ ਭਾਰਤ ਵਿੱਚ ਆਏ ਸਨ। ਆਪ ਨੇ ਸੱਯਦ ਅਬਦੁਲ ਰਹਿਮਾਨ ਸਾਹਿਬ ਪਾਸੋਂ ਰੂਹਾਨੀ ਸਿੱਖਿਆ ਗ੍ਰਹਿਣ ਕੀਤੀ।

ਸੁਲਤਾਨ ਬਾਹੂ ਨੇ ਅਰਬੀ ਅਤੇ ਫ਼ਾਰਸੀ ਵਿੱਚ ਲਗ-ਪਗ ਇੱਕ ਸੌ ਚਾਲ਼ੀ ਪੁਸਤਕਾਂ ਲਿਖੀਆਂ। ਪੰਜਾਬੀ ਵਿੱਚ ਆਪ ਦੀਆਂ ਲਗ-ਪਗ 196 ਸੀਹਰਫ਼ੀਆਂ ਮਿਲ਼ਦੀਆਂ ਹਨ। ਆਪ ਪੰਜਾਬੀ ਵਿੱਚ ਸੀਹਰਫ਼ੀ ਲਿਖਣ ਵਾਲ਼ੇ ਪਹਿਲੇ ਕਵੀਆਂ ਵਿੱਚੋਂ ਸਨ। ਆਪ ਦੀਆਂ ਸੀਹਰਫ਼ੀਆਂ ਵਿੱਚ ਹਰ ਤੁਕਾਂਤ ਦਾ ਅੰਤ 'ਹੂ' ਨਾਲ਼ ਹੁੰਦਾ ਹੈ।

ਸੁਲਤਾਨ ਬਾਹੂ ਦੀ ਰਚਨਾ ਦਾ ਮੁੱਖ ਵਿਸ਼ਾ ਇਸ਼ਕ ਹਕੀਕੀ ਹੈ। ਆਪ ਨੇ ਇੱਕ ਅੱਲਾ ਵਿੱਚ ਵਿਸ਼ਵਾਸ, ਉਸ ਦੀ ਖੋਜ ਅਤੇ ਪ੍ਰੇਮ ਰਾਹੀਂ ਉਸ ਦੇ ਦਰਸ਼ਨ ਅਤੇ ਪ੍ਰਾਪਤੀ ਦੇ ਨੁਕਤੇ ਨੂੰ ਬਿਆਨ ਕੀਤਾ ਹੈ।

ਤੇ-ਤਸਬੀਹ ਦਾ ਤੂੰ ਕਸਬੀ ਹੋਇਓਂ ਮਾਰੇਂ ਦਸ ਵਲੀਆਂ ਹੂ।
ਦਿਲ ਦਾ ਮਨਕਾ ਇੱਕ ਨਾ ਫੇਰੇਂ ਗਾਂਜ ਪਾਏ ਪੰਜ ਵੀਹੀਆਂ ਹੂ।
ਦੇਣ ਗਿਆ ਗਲ ਘੋਟੂ ਆਵੇ ਲੈਣ ਗਿਆ ਤਸ਼ਬੀਹਾਂ ਹੂ।
ਪੱਥਰ ਚਿਤ ਜਿਨ੍ਹਾਂ ਦਾ ਬਾਹੂ ਓਥੇ ਜ਼ਾਇਆ ਵਸਨਾਂ ਮੀਹਾਂ ਹੂ।

*****

ਤੇ-ਤੂੰ ਦੀ ਜਾਗ ਨਾ ਜਾਗ ਫ਼ਕੀਰਾ ਅੰਤ ਤੂੰ ਲੋੜ ਜਗਾਇਆ ਹੂ।
ਅੱਖੀਂ ਮੀਟੀਆਂ ਨ ਦਿਲ ਜਾਗੇ, ਜਾਗੇ ਜਾਂ ਮਤਲਬ ਪਾਇਆ ਹੂ।
ਏਹ ਨੁਕਤਾ ਜਦ ਪੁਖਤਾ ਕੀਤਾ ਤਾਂ ਜ਼ਾਹਰ ਆਖ ਬਣਾਇਆ ਹੂ।
ਬਾਹੂ ਮੈਂ ਤਾਂ ਭੁੱਲੀ ਵੈਂਦੀ ਮੁਰਸ਼ਦ ਰਾਹ ਵਿਖਾਇਆ ਹੂ।

******

ਦਾਲ-ਦਿਲ ਕਾਲੇ ਕਨੋਂ ਮੂੰਹ ਕਾਲਾ ਚੰਗਾ ਜੇ ਕੋ ਇਸ ਨੂੰ ਜਾਣੇ ਹੂ।
ਮੂੰਹ ਕਾਲਾ ਦਿਲ ਅੱਛਾ ਹੋਵੇ ਇਹ ਦਿਲ ਯਾਰ ਪਛਾਣੇ ਹੂ।
ਇਹ ਦਿਲ ਦੋਸਤ ਦੇ ਪਿੱਛੇ ਹੋਵੇ ਦੋਸਤ ਮਤਾਂ ਸਿੰਜਾਣੇ ਹੂ।
ਸੈ ਆਲਮ ਛੋੜ ਮਸੀਤਾਂ ਨੱਠੇ ਬਾਹੂ ਜਦ ਲੱਗੇ ਨੇ ਦਿਲ ਟਿਕਾਣੇ ਹੂ।

*****

ਐਨ-ਆਸ਼ਕ ਹੋਵੇਂ ਤੇ ਇਸ਼ਕ ਕਮਾਵੇਂ ਦਿਲ ਰੱਖੇਂ ਵਾਂਗ ਪਹਾੜਾਂ ਹੂ।
ਲੱਖ-ਲੱਖ ਤਾਅਨੇ ਝੱਲੇਂ ਸਿਰ 'ਤੇ ਲੈਂਵੇ ਬਾਗ਼ ਬਹਾਰਾਂ ਹੂ।



Downloaded from https:// www.studiestoday.com

Downloaded from https:// www.studiestoday.com

ਮਨਸੂਰ ਜੇਹੇ ਚਾ ਸੂਲੀ ਦਿੱਤੇ ਜੇੜ੍ਹੇ ਵਾਕਫ਼ ਕੁੱਲ ਅਸਰਾਰਾਂ ਹੂ।
ਸਿਜਦਿਓਂ ਸਿਰ ਨਾ ਚਾਏ ਬਾਹੂ ਤੋੜੇ ਕਾਫ਼ਰ ਕਹਿਣ ਹਜ਼ਾਰਾਂ ਹੂ।

*****

ਐਨ-ਇਸ਼ਕ ਜਿਨ੍ਹਾਂ ਦੀ ਹੱਡੀਂ ਰਚਿਆ, ਉਹ ਫਿਰਦੇ ਚੁੱਪ ਚਪਾਤੇ ਹੂ।
ਲੂੰ-ਲੂੰ ਦੇ ਵਿੱਚ ਲੱਖ ਜ਼ਬਾਨਾਂ ਉਹ ਕਰਦੇ ਗੁੰਗੀ ਬਾਤੇਂ ਹੂ।
ਉਹ ਕਰਦੇ ਵੁਜ਼ੂ ਇਸਮ ਆਜ਼ਮ ਦਾ, ਜਿਹੜੇ ਦਰਿਆ ਵਹਦਤ ਨਾਤ੍ਹੇ ਹੂ।
ਤਦ ਥੀਨ ਕਬੂਲ ਨਮਾਜ਼ਾਂ, ਜਦ ਯਾਰਾਂ ਯਾਰ ਪਛਾਤੇ ਹੂ।

*****

ਕਾਫ-ਕਾਮਿਲ਼ ਮੁਰਸ਼ਦ ਐਸਾ ਹੋਵੇ, ਜਿਹੜਾ ਧੋਬੀ ਵਾਂਗੂ ਛੱਟੇ ਹੂ।
ਨਾਲ਼ ਨਿਗਾਹ ਦੇ ਪਾਕ ਕਰੇਂਦਾ, ਇਹ ਸੱਜੀ ਸਾਬਣ ਨਾ ਘੱਤੇ ਹੂ।
ਮੈਲਿਆ ਥੀਂ ਕਰ ਦੇਂਦਾ ਚਿੱਟਾ, ਵਿੱਚ ਜ਼ਰਾ ਮੈਲ ਨਾ ਰੱਖੇ ਹੂ।
ਐਸਾ ਮੁਰਸ਼ਦ ਹੋਵੇ ਬਾਹੂ, ਜਿਹੜਾ ਲੂੰ-ਲੂੰ ਦੇ ਵਿੱਚ ਵੱਸੇ ਹੂ।

*****

ਲਾਮ-ਲਿਖਣ ਸਿਖਿਓ ਨੇ ਲਿਖ ਨਾ ਜਾਤਾ ਕਿਉਂ ਕਾਗਜ਼ ਕੀਤੋਈ ਜ਼ਾਇਆ ਹੂ।
ਕਤ ਕਲਮ ਨੂੰ ਮਾਰ ਨਾ ਜਾਣੇ ਤੇ ਕਾਤਿਬ ਨਾਮ ਧਰਾਇਆ ਹੂ।
ਸਭ ਸਲਾਹ ਤੇਰੀ ਹੋਸੀ ਖੋਟੀ ਜਦਾਂ ਕਾਤਿਬ ਦੇ ਹੱਥ ਆਇਆ ਹੂ।
ਸਹੀ ਸਲਾਹ ਤਿਨ੍ਹਾਂ ਦੀ ਬਾਹੂ ਜਿਨ੍ਹਾਂ ਅਲਫ਼ ਤੇ ਮੀਮ ਕਮਾਇਆ ਹੂ।

*****

ਨੂਨ-ਨਾਲ਼ ਕੁਸੰਗੀ ਸੰਗ ਨਾ ਕਰੀਏ ਕੁਲ ਨੂੰ ਲਾਜ ਨਾ ਲਾਈਏ ਹੂ।
ਤੁੰਮੇ ਤਰਬੂਜ ਮੂਲ ਨ ਹੁੰਦੇ ਤੋੜੇ ਮੱਕੇ ਲੈ ਜਾਈਏ ਹੂ।
ਕਾਂਵਾਂ ਦੇ ਬੱਚੇ ਹੰਸ ਨਾ ਹੋਵਣ ਤੋੜੇ ਮੋਤੀ ਚੋਗ ਚੁਗਾਈਏ ਹੂ।
ਕੌੜੇ ਖੂਹ ਨਾ ਹੁੰਦੇ ਮਿੱਠੇ ਬਾਹੂ ਤੋੜੇ ਸੈ ਮਣਾ ਖੰਡ ਪਾਈਏ ਹੂ।

*****

**ਸ਼ਬਦ-ਅਰਥ :**

ਤਸਬੀਹ- ਮਾਲ਼ਾ, ਸਿਮਰਨੀ, ਸੌ ਜਾਂ ਇੱਕ ਸੌ ਮਣਕਿਆਂ ਵਾਲ਼ੀ ਮਾਲਾ। ਕਸਬੀ- ਹੁਨਰਵਰ, ਪੇਸ਼ਾਵਰ। ਤਸ਼ਬੀਹਾਂ- ਮਿਸਾਲ, ਉਪਮਾ, ਅਲੰਕਾਰ। ਜ਼ਾਇਆ- ਵਿਅਰਥ, ਖ਼ਰਾਬ। ਵਸਨਾਂ- ਵੱਸਣਾ। ਨੁਕਤਾ- ਬਰੀਕ ਗੱਲ। ਪੁਖ਼ਤਾ-ਪੱਕਾ, ਨਿਪੁੰਨ, ਅਨੁਭਵੀ। ਜ਼ਾਹਰ- ਪ੍ਰਤੱਖ। ਮੁਰਸ਼ਦ- ਗੁਰੂ, ਪੀਰ। ਕਨੋਂ- ਨਾਲ਼ੋਂ। ਸਿੰਜਾਣੇ- ਪਛਾਣੇ, ਪਹਿਚਾਣੇ। ਆਲਮ-ਇਲਮ ਰੱਖਣ ਵਾਲ਼ਾ,ਵਿਦਵਾਨ। ਅਸਰਾਰਾਂ- ਭੇਤ, ਰਾਜ਼ ਅਸਰਾਰ (ਅ) ਦਾ ਬਹੁ-ਵਚਨ। ਸਿਜਦਾ- ਰੱਬ ਨੂੰ ਹਾਜ਼ਿਰ (ਮੌਜੂਦ) ਨਾਜ਼ਿਰ (ਵੇਖ ਰਿਹਾ)



Downloaded from https:// www.studiestoday.com

Downloaded from https:// www.studiestoday.com

ਸਮਝ ਕੇ ਸਿਰ ਧਰਤੀ 'ਤੇ ਰੱਖਣਾ ਜਾਂ ਮੱਥਾ ਟੇਕਣਾ। ਕਾਫ਼ਰ -ਰੱਬ ਨੂੰ ਨਾ ਮੰਨਣ ਵਾਲ਼ਾ, ਨਾਸਤਕ। ਵੁਜੂ-ਨਮਾਜ਼ ਪੜ੍ਹਨ ਤੋਂ ਪਹਿਲਾਂ ਹੱਥ-ਪੈਰ ਧੋਣੇ। ਇਸਮ-ਨਾਂ, ਪਾਰਬ੍ਰਹਮ ਦਾ ਇੱਕ ਨਾਂ। ਆਜ਼ਮ-ਮਹਾਨ, ਬਹੁਤ ਵੱਡਾ। ਕਾਮਿਲ਼-ਕਮਾਲ ਦਾ, ਮੁਕੰਮਲ, ਪੂਰਾ ਸੰਪੂਰਨ। ਪਾਕ- ਪਵਿੱਤਰ। ਸੱਜੀ-ਇੱਕ ਪ੍ਰਕਾਰ ਦਾ ਖਾਰ ਜੋ ਬੂਈਂ ਦੀ ਭਸਮ ਤੋਂ ਬਣਦਾ ਹੈ, (ਸੱਜੀ ਬਸਤਰ ਧੋਣ ਦੇ ਕੰਮ ਆਉਂਦੀ ਹੈ।) ਕਤ-ਕਿਉਂ, ਕਿਸ ਲਈ। ਸਲਾਹ-ਸ਼ਲਾਘਾ, ਤਾਰੀਫ਼। ਕਾਤਿਬ-ਲਿਖਣ ਵਾਲ਼ਾ, ਲਿਖਾਰੀ। ਖੋਟੀ-ਝੂਠੀ। ਅਲਫ਼-ਅੱਲਾ ਦਾ ਨਾਂ, ਅਰਬੀ ਅਤੇ ਫ਼ਾਰਸੀ ਵਰਨਮਾਲ਼ਾ ਦਾ ਪਹਿਲਾ ਅੱਖਰ। ਕੁਸੰਗੀ- ਬੁਰੀ ਸੋਹਬਤ, ਖੋਟਾ ਸਾਥ। ਕੁਲ-ਵੰਸ਼।

## ਅਭਿਆਸ

1. **ਹੇਠਾਂ ਲਿਖੇ ਕਾਵਿ-ਬੰਦਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ:**

   (ੳ) ਦਿਲ ਕਾਲੇ ਕਨੋਂ ਮੂੰਹ ਕਾਲਾ ਚੰਗਾ ਜੇ ਕੋ ਇਸ ਨੂੰ ਜਾਣੇ ਹੂ।
   ਮੂੰਹ ਕਾਲਾ ਦਿਲ ਅੱਛਾ ਹੋਵੇ ਇਹ ਦਿਲ ਯਾਰ ਪਛਾਣੇ ਹੂ।

   (ਅ) ਕਤ ਕਲਮ ਨੂੰ ਮਾਰ ਨਾ ਜਾਣੇ ਤੇ ਕਾਤਿਬ ਨਾਮ ਧਰਾਇਆ ਹੂ।
   ਸਭ ਸਲਾਹ ਤੇਰੀ ਹੋਸੀ ਖੋਟੀ ਜਦਾਂ ਕਾਤਿਬ ਦੇ ਹੱਥ ਆਇਆ ਹੂ।

2. **ਹੇਠਾਂ ਲਿਖੀਆਂ ਕਾਵਿ-ਸਤਰਾਂ ਦਾ ਕੇਂਦਰੀ ਭਾਵ ਲਿਖੋ :**

   (ੳ) ਆਸ਼ਕ ਹੋਵੇਂ ਤੇ ਇਸ਼ਕ ਕਮਾਵੇਂ ਦਿਲ ਰੱਖੇ ਵਾਂਗ ਪਹਾੜਾਂ ਹੂ।
   ਲੱਖ ਲੱਖ ਤਾਅਨੇ ਝੱਲੇਂ ਸਿਰ 'ਤੇ ਲੈਂਵੇ ਬਾਗ਼ ਬਹਾਰਾਂ ਹੂ।
   ਮਨਸੂਰ ਜੇਹੇ ਚਾ ਸੂਲੀ ਦਿੱਤੇ ਜੇੜ੍ਹੇ ਵਾਕਫ਼ ਕੁੱਲ ਅਸਰਾਰਾਂ ਹੂ।
   ਸਿਜਦਿਓਂ ਸਿਰ ਨਾ ਚਾਏ ਬਾਹੂ ਤੋੜੇ ਕਾਫ਼ਰ ਕਹਿਣ ਹਜ਼ਾਰਾਂ ਹੂ।

3. **ਵਸਤੂਨਿਸ਼ਠ ਪ੍ਰਸ਼ਨ—**

   (ੳ) 'ਸੁਲਤਾਨ ਬਾਹੂ ਕਿਹੜੀ ਕਾਵਿ-ਧਾਰਾ ਨਾਲ਼ ਸੰਬੰਧਿਤ ਕਵੀ ਹੈ ?
   - (*i*) ਗੁਰਮਤਿ ਕਾਵਿ-ਧਾਰਾ
   - (*ii*) ਸੂਫ਼ੀ ਕਾਵਿ-ਧਾਰਾ
   - (*iii*) ਕਿੱਸਾ-ਕਾਵਿ
   - (*iv*) ਬੀਰ ਕਾਵਿ-ਧਾਰਾ

   (ਅ) ਕਿਹੜਾ ਕਵੀ ਆਪਣੀਆਂ ਸੀਹਰਫ਼ੀਆਂ ਦੇ ਹਰ ਤੁਕਾਂਤ ਦਾ ਅੰਤ 'ਹੂ' ਨਾਲ਼ ਕਰਦਾ ਹੈ ?



Downloaded from https:// www.studiestoday.com

Downloaded from https:// www.studiestoday.com

(ੲ) ਸੁਲਤਾਨ ਬਾਹੂ ਦੀਆਂ ਕਿਹੜੀਆਂ ਰਚਨਾਵਾਂ ਵਿੱਚੋਂ ਚੋਣ ਕਰਕੇ ਰਚਨਾਵਾਂ ਸ਼ਾਮਲ ਕੀਤੀਆਂ ਹਨ—

(*i*) ਸੀਹਰਫ਼ੀਆਂ ਵਿੱਚੋਂ

(*ii*) ਦੋਹਰਿਆਂ ਵਿੱਚੋਂ

(*iii*) ਕਬਿੱਤਾਂ ਵਿੱਚੋਂ

(*iv*) ਸਲੋਕਾਂ ਵਿੱਚੋਂ

(ਸ) ਸੁਲਤਾਨ ਬਾਹੂ ਤੁੰਮੇ ਅਤੇ ਤਰਬੂਜ਼, ਕਾਂਵਾਂ ਤੇ ਹੰਸਾਂ ਦੇ ਬੱਚੇ ਅਤੇ ਕੌੜੇ ਤੇ ਮਿੱਠੇ ਖੂਹਾਂ ਦੀ ਉਦਾਹਰਨ ਦੇ ਕੇ ਮਨੁੱਖ ਨੂੰ ਕਿਸ ਦਾ ਸਾਥ ਨਾ ਦੇਣ ਲਈ ਪ੍ਰੇਰਦਾ ਹੈ ?

(ਹ) ਸੁਲਤਾਨ ਬਾਹੂ 'ਕਾਫ਼-ਕਾਮਿਲ ਮੁਰਸ਼ਦ ਐਸਾ ਹੋਵੇ,' 'ਸੀਹਰਫੀ' ਵਿੱਚ ਅੰਤ ਵਿੱਚ ਕਿਹੋ-ਜਿਹਾ ਮੁਰਸ਼ਦ ਚਾਹੁੰਦਾ ਹੈ—

(*i*) ਜਿਹੜਾ ਲੂੰ ਲੂੰ ਵਿੱਚ ਵੱਸੇ

(*ii*) ਜਿਹੜਾ ਸੱਚ ਦੇ ਰਾਹ ਚੱਲੇ।

(ਕ) ਹੇਠਾਂ ਲਿਖੀ ਸਤਰ ਪੂਰੀ ਕਰੋ—

ਉਹ ਕਰਦੇ ਵੁਜ਼ੂ ਇਸਮ ....... ਦਾ, ਜਿਹੜੇ ਦਰਿਆ ਵਹਦਤ ਨਾੜ੍ਹੇ ਹੂ।

*****



Downloaded from https:// www.studiestoday.com

Downloaded from https:// www.studiestoday.com

## ਬੁੱਲ੍ਹੇ ਸ਼ਾਹ

( 1680-1758 ਈ:)

ਬੁੱਲ੍ਹੇ ਸ਼ਾਹ ਪੰਜਾਬੀ ਦੇ ਮਹਾਨ ਸੂਫ਼ੀ ਕਵੀ ਹੋਏ ਹਨ। ਆਪ ਦਾ ਜਨਮ ਪਾਕਿਸਤਾਨ ਦੇ ਜ਼ਿਲ੍ਹਾ ਲਾਹੌਰ ਦੇ ਪ੍ਰਸਿੱਧ ਕਸਬੇ ਕਸੂਰ ਦੇ ਨੇੜਲੇ ਪਿੰਡ ਪਾਂਡੋਕੇ ਵਿੱਚ ਮੀਆਂ ਮੁਹੰਮਦ ਦਰਵੇਸ਼ ਦੇ ਘਰ ਹੋਇਆ। ਬੁੱਲ੍ਹੇ ਸ਼ਾਹ ਨੇ ਮੁਢਲੀ ਸਿੱਖਿਆ ਆਪਣੇ ਪਿੰਡ ਦੇ ਸਕੂਲ ਵਿੱਚੋਂ ਹੀ ਪ੍ਰਾਪਤ ਕੀਤੀ ਅਤੇ ਫਿਰ ਕਸੂਰ ਆ ਕੇ ਰਹਿਣ ਲੱਗੇ। ਲਾਹੌਰ ਆ ਕੇ ਸ਼ਾਹ ਇਨਾਇਤ ਨੂੰ ਆਪਣਾ ਗੁਰੂ ਮੰਨਿਆ, ਜਿਸ ਦੇ ਪ੍ਰੇਮ ਨੇ ਆਪ ਨੂੰ ਅਧਿਆਤਮਿਕ ਉਚਾਈਆਂ ਤੱਕ ਪਹੁੰਚਾਇਆ। ਬੁਲ੍ਹੇ ਸ਼ਾਹ ਨੇ ਦਿਖਾਵੇ ਲਈ ਨਿਭਾਈਆਂ ਜਾਂਦੀਆਂ ਰਹੁ-ਰੀਤਾਂ ਦਾ ਖੰਡਨ ਕੀਤਾ ਅਤੇ ਸੱਚੇ ਦਿਲੋਂ ਪਰਮਾਤਮਾ ਦਾ ਨਾਂ ਲੈਣ ਉੱਤੇ ਜ਼ੋਰ ਦਿੱਤਾ।

ਬੁਲ੍ਹੇ ਸ਼ਾਹ ਨੇ ਕਾਫ਼ੀਆਂ, ਦੋਹੜੇ, ਗੰਢਾਂ ਅਤੇ ਅਠਵਾਰੇ ਆਦਿ ਕਾਵਿ-ਰੂਪਾਂ ਵਿੱਚ ਸਿਰਜਣਾ ਕੀਤੀ ਪਰ ਆਪ ਦੀਆਂ ਕਾਫ਼ੀਆਂ ਨੂੰ ਸਭ ਤੋਂ ਵੱਧ ਪ੍ਰਸਿੱਧੀ ਮਿਲ਼ੀ। ਆਪ ਨੇ ਇਸਲਾਮੀ ਸ਼ਰ੍ਹਾ ਵਿੱਚ ਕੇਵਲ ਦਿਖਾਵਾ ਕਰਨ ਦਾ ਬੜੇ ਜ਼ੋਰਦਾਰ ਸ਼ਬਦਾਂ ਵਿੱਚ ਖੰਡਨ ਕੀਤਾ। ਆਪ ਦੇ ਖੁੱਲ੍ਹੇ-ਖੁਲਾਸੇ ਅੰਦਾਜ਼ ਕਾਰਨ ਅਤੇ ਕਵਿਤਾ ਵਿਚਲੇ ਵੇਰਵੇ ਪੰਜਾਬੀ ਲੋਕ-ਸੰਸਕ੍ਰਿਤੀ ਨਾਲ਼ ਸੰਬੰਧਿਤ ਹੋਣ ਕਰਕੇ ਆਪ ਦੀਆਂ ਰਚਨਾਵਾਂ ਪੰਜਾਬ ਭਰ ਵਿੱਚ ਹਰਮਨ-ਪਿਆਰੀਆਂ ਹੋਈਆਂ।

ਹਥਲੇ ਕਾਵਿ-ਸੰਗ੍ਰਹਿ ਵਿੱਚ ਸ਼ਾਮਲ ਕੀਤੀਆਂ ਗਈਆਂ ਕਾਫ਼ੀਆਂ ਵਿੱਚ ਆਪ ਨੇ ਆਪਣੇ ਇਸ਼ਟ ਨੂੰ ਪਾਉਣ ਦੀ ਤਾਂਘ, ਸੱਚ ਬੋਲਣ, ਦੁਨਿਆਵੀ ਕੰਮਾਂ ਵਿੱਚ ਰੁੱਝੇ ਰਹਿਣ ਅਤੇ ਬਾਹਰੀ ਦਿਖਾਵੇ ਦੀ ਨਿਖੇਧੀ ਦੇ ਭਾਵ ਪ੍ਰਗਟ ਕੀਤੇ ਹਨ।

### ਮੂੰਹ ਆਈ ਬਾਤ ਨਾ ਰਹਿੰਦੀ ਏ

ਮੂੰਹ ਆਈ ਬਾਤ ਨਾ ਰਹਿੰਦੀ ਏ।
ਝੂਠ ਆਖਾਂ ਤੇ ਕੁਝ ਬਚਦਾ ਏ,
ਸੱਚ ਆਖਿਆਂ ਭਾਂਬੜ ਮਚਦਾ ਏ,
ਜੀ ਦੋਹਾਂ ਗੱਲਾਂ ਤੋਂ ਜੱਚਦਾ ਏ,
ਜੱਚ ਜੱਚ ਕੇ ਜਿਹਬਾ ਕਹਿੰਦੀ ਏ।
ਮੂੰਹ ਆਈ ਬਾਤ ਨਾ ਰਹਿੰਦੀ ਏ।
ਜਿਸ ਪਾਇਆ ਭੇਤ ਕਲੰਦਰ ਦਾ,
ਰਾਹ ਖੋਜਿਆ ਆਪਣੇ ਅੰਦਰ ਦਾ,
ਉਹ ਵਾਸੀ ਹੈ ਸੁਖ ਮੰਦਰ ਦਾ,
ਜਿੱਥੇ ਕੋਈ ਨਾ ਚੜ੍ਹਦੀ ਲਹਿੰਦੀ ਏ।
ਮੂੰਹ ਆਈ ਬਾਤ ਨਾ ਰਹਿੰਦੀ ਏ।
ਇੱਕ ਲਾਜ਼ਮ ਬਾਤ ਅਦਬ ਦੀ ਏ,
ਸਾਨੂੰ ਬਾਤ ਮਲੂਮੀ ਸਭ ਦੀ ਏ,



Downloaded from https:// www.studiestoday.com

Downloaded from https:// www.studiestoday.com

ਹਰ ਹਰ ਵਿੱਚ ਸੂਰਤ ਰੱਬ ਦੀ ਏ,
ਕਿਤੇ ਜ਼ਾਹਰ ਕਿਤੇ ਛੁਪੇਂਦੀ ਏ।
ਮੂੰਹ ਆਈ ਬਾਤ ਨਾ ਰਹਿੰਦੀ ਏ

## ਤੋਬਾ ਨਾ ਕਰ ਯਾਰ ! ਕੈਸੀ ਤੋਬਾ ਹੈ

ਤੋਬਾ ਨਾ ਕਰ ਯਾਰ ! ਕੈਸੀ ਤੋਬਾ ਹੈ
ਨਿਤ ਪੜ੍ਹਦੇ ਇਸਤਗਫ਼ਾਰ ਕੈਸੀ ਤੋਬਾ ਹੈ।
ਸਾਵੀਂ ਦੇ ਕੇ ਲਹੋ ਸਵਾਈ, ਡਿਉਢੀਆਂ 'ਤੇ ਬਾਜ਼ੀ ਲਾਈ
ਇਹ ਮੁਸਲਮਾਨੀ ਕਿੱਥੇ ਪਾਈ, ਇਹ ਤੁਹਾਡੀ ਕਿਰਦਾਰ
ਕੈਸੀ ਤੋਬਾ ਹੈ।
ਜਿੱਥੇ ਨਾ ਜਾਣਾ ਉੱਥੇ ਜਾਏਂ, ਹੱਕ ਬਿਗਾਨਾ ਮੁੱਕਰ ਖਾਏਂ
ਕੂੜ ਕਿਤਾਬਾਂ ਸਿਰ 'ਤੇ ਚਾਏਂ, ਇਹ ਤੇਰਾ ਇਤਬਾਰ
ਕੈਸੀ ਤੋਬਾ ਹੈ।
ਮੂੰਹੋਂ ਤੋਬਾ ਦਿਲੋਂ ਨਾ ਕਰਦਾ, ਨਾਹੀ ਖੌਫ਼ ਖ਼ੁਦਾ ਦਾ ਧਰਦਾ
ਇਸ ਤੋਬਾ ਥੀਂ ਤੋਬਾ ਕਰੀਏ, ਤਾਂ ਬਖ਼ਸ਼ੇ ਗੱਫ਼ਾਰ
ਕੈਸੀ ਤੋਬਾ ਹੈ
ਬੁਲ੍ਹੇ ਸ਼ਾਹ ਦੀ ਸੁਣੋ ਹਕਾਇਤ, ਹਾਦੀ ਪਕੜਿਆਂ ਹੋਗੁ ਹਦਾਇਤ
ਮੇਰਾ ਮੁਰਸ਼ਦ ਸ਼ਾਹ ਇਨਾਇਤ, ਉਹ ਲੰਘਾਏ ਪਾਰ
ਕੈਸੀ ਤੋਬਾ ਹੈ।

*****

## ਉਲਟੇ ਹੋਰ ਜ਼ਮਾਨੇ ਆਏ

ਉਲਟੇ ਹੋਰ ਜ਼ਮਾਨੇ ਆਏ, ਹੁਣ ਅਸਾਂ ਭੇਤ ਸਜਨ ਦੇ ਪਾਏ।
ਆਪਣਿਆਂ ਵਿੱਚ ਉਲਫ਼ਤ ਨਾਹੀਂ, ਕੋਰੇ ਚਾਚੇ ਤਾਏ।
ਪਿਉ ਪੁੱਤਰ ਇਤਫਾਕ ਨਾ ਕਾਈ, ਧੀਆਂ ਨਾਲ਼ ਨਾ ਮਾਏ।
ਸੱਚਿਆਂ ਨੂੰ ਹੁਣ ਮਿਲ਼ਦੇ ਧੱਕੇ, ਝੂਠੇ ਕੋਲ ਬਹਾਏ।
ਕਾਉਂ ਲਗੜ ਨੂੰ ਮਾਰਨ ਲੱਗੇ, ਚਿੜੀਆਂ ਜੁੱਰੇ ਖਾਏ।
ਇਰਾਕੀਆਂ ਨੂੰ ਚਾਬਕ ਪੈਂਦੇ, ਗੱਦੋਂ ਖ਼ੁਦ ਖਵਾਏ।
ਅਗਲੇ ਜਾ ਬੰਗਾਲੇ ਬੈਠੇ, ਪਿਛਲਿਆਂ ਫ਼ਰਸ਼ ਵਿਛਾਏ।
ਬੁਲ੍ਹਾ ਜਿਨ੍ਹਾਂ ਹੁਕਮ ਹਜ਼ੂਰੋਂ ਆਂਦਾ, ਤਿਨ੍ਹਾਂ ਨੂੰ ਕੌਣ ਹਟਾਏ।



Downloaded from https:// www.studiestoday.com

Downloaded from https:// www.studiestoday.com

## ਮਾਟੀ ਕੁਦਮ ਕਰੇਂਦੀ ਯਾਰ

ਮਾਟੀ ਕੁਦਮ ਕਰੇਂਦੀ ਯਾਰ ! ਵਾਹ ਵਾਹ ਮਾਟੀ ਦੀ ਗੁਲਜ਼ਾਰ।
ਮਾਟੀ ਘੋੜਾ ਮਾਟੀ ਜੋੜਾ, ਮਾਟੀ ਦਾ ਅਸਵਾਰ।
ਮਾਟੀ ਮਾਟੀ ਨੂੰ ਦੌੜਾਵੇ, ਮਾਟੀ ਦਾ ਖੜਕਾਰ।
ਮਾਟੀ ਮਾਟੀ ਨੂੰ ਮਾਰਨ ਲੱਗੀ, ਮਾਟੀ ਦੇ ਹਥਿਆਰ।
ਜਿਸ ਮਾਟੀ ਪਰ ਬਹੁਤੀ ਮਾਟੀ, ਤਿਸ ਮਾਟੀ ਅਹੰਕਾਰ।
ਮਾਟੀ ਬਾਗ਼ ਬਗ਼ੀਚਾ ਮਾਟੀ, ਮਾਟੀ ਦੀ ਗੁਲਜ਼ਾਰ।
ਮਾਟੀ ਮਾਟੀ ਨੂੰ ਦੇਖਣ ਆਈ, ਮਾਟੀ ਦੀ ਬਹਾਰ।
ਹੱਸ ਖੇਡ ਫਿਰ ਮਾਟੀ ਹੋਵੇ, ਪੈਂਦੀ ਪਾਉਂ ਪਸਾਰ।
ਬੁਲ੍ਹਾ ਸ਼ਾਹ ਬੁਝਾਰਤ ਬੁਝੇ, ਬਹਿ ਸਿਰੇ ਥੀਂ ਭਾਰ।

## ਪਾਇਆ ਹੈ ਕਿਛੁ ਪਾਇਆ ਹੈ

ਪਾਇਆ ਹੈ ਕਿਛੁ ਪਾਇਆ ਹੈ
ਮੇਰੇ ਸਤਿਗੁਰ ਅਲਖ ਲਖਾਇਆ ਹੈ।
ਕਹੂੰ ਵੈਰ ਪੜਾ ਕਹੂੰ ਬੇਲੀ ਹੋ
ਕਹੂੰ ਮਜਨੂੰ ਹੋ ਕਹੂੰ ਲੇਲੀ ਹੋ
ਕਹੂੰ ਆਪ ਗੁਰੂ ਕਹੂੰ ਚੇਲੀ ਹੋ
ਆਪ ਆਪ ਕਾ ਪੰਥ ਬਤਾਇਆ ਹੈ।
ਕਹੂੰ ਮਸਜਦ ਕਾ ਵਰਤਾਰਾ ਹੈ
ਕਹੂੰ ਬਨਿਆ ਠਾਕੁਰ ਦੁਆਰਾ ਹੈ
ਕਹੂੰ ਬੈਰਾਗੀ ਜਟਧਾਰਾ ਹੈ
ਕਹੂੰ ਸ਼ੇਖ਼ ਨਬੀ ਬਣ ਆਇਆ ਹੈ।
ਕਹੂੰ ਤੁਰਕ ਹੋ ਕਲਮਾ ਪੜ੍ਹਤੇ ਹੋ
ਕਹੂੰ ਭਗਤ ਹਿੰਦੂ ਜਪ ਕਰਤੇ ਹੋ
ਕਹੂੰ ਘੋਰ ਗੁਫਾ ਮੇਂ ਪੜਤੇ ਹੋ
ਕਹੂੰ ਘਰ ਘਰ ਲਾਡ ਲਡਾਇਆ ਹੈ।
ਬੁਲ੍ਹਾ ਮੈਂ ਥੀ ਬੇਮੁਹਤਾਜ ਹੋਆ
ਮਹਰਾਜ ਮਿਲਿਆ ਮੇਰਾ ਕਾਜ ਹੋਆ
ਦਰਸ ਪੀਆ ਕਾ ਮੁਝਹਿ ਇਲਾਜ ਹੋਆ
ਆਪਿ ਆਪ ਮੈਂ ਆਪੁ ਸਮਾਇਆ ਹੈ।



Downloaded from https:// www.studiestoday.com

Downloaded from https:// www.studiestoday.com

**ਸ਼ਬਦ- ਅਰਥ:**

ਜੱਚਦਾ- ਰੁਕਦਾ। ਜਿਹਬਾ- ਜ਼ਬਾਨ। ਕਲੰਦਰ- ਫ਼ਕੀਰੀ ਦਾ ਇੱਕ ਵਿਸ਼ੇਸ਼ ਦਰਜਾ;ਮੁਸਲਮਾਨ ਫ਼ਕੀਰਾਂ ਦੇ ਪੰਜ ਦਰਜਿਆਂ ਵਿੱਚੋਂ ਇੱਕ। ਲਾਜ਼ਮ- ਜ਼ਰੂਰੀ, ਉਚਿਤ, ਮੁਨਾਸਬ। ਅਦਬ- ਆਦਰ, ਸਤਿਕਾਰ। ਜ਼ਾਹਰ- ਪ੍ਰਤੱਖ, ਪ੍ਰਗਟ। ਤੋਬਾ- ਕੁਕਰਮਾਂ ਅਥਵਾ ਬੁਰੇ ਕੰਮਾਂ ਨੂੰ ਤਿਆਗਣ ਦੀ ਪ੍ਰਤਿਗਿਆ ਕਰਨੀ। ਇਸਤਗ਼ਫ਼ਾਰ- ਗੁਨਾਹ ਬਖ਼ਸ਼ਾਉਣ ਲਈ ਪ੍ਰਾਰਥਨਾ ਕਰਨੀ। ਕਿਰਦਾਰ- ਖ਼ਸਲਤ, ਚਾਲ-ਚਲਣ। ਕੂੜ- ਝੂਠ। ਚਾਏਂ- ਚੁੱਕੇਂ। ਖੌਫ਼- ਡਰ, ਭੈ। ਗੱਫ਼ਾਰ- ਬਖ਼ਸ਼ਣ ਵਾਲ਼ਾ। ਹਕਾਇਤ- ਕਹਾਣੀ। ਹਾਦੀ- ਪੀਰ, ਗੁਰੂ, ਹਿਦਾਇਤ ਕਰਨ ਵਾਲ਼ਾ। ਹਦਾਇਤ- ਸਿੱਖਿਆ, ਗਿਆਨ। ਮੁਰਸ਼ਦ- ਗੁਰੂ, ਪੱਥ-ਪ੍ਰਦਰਸ਼ਕ। ਉਲਫ਼ਤ- ਪਿਆਰ। ਇਤਫ਼ਾਕ- ਏਕਾ, ਸਹਿਮਤੀ। ਲਗੜ- ਸ਼ਿਕਾਰੀ ਪੰਛੀ। ਜੁੱਰੇ- ਸ਼ਿਕਾਰੀ ਪੰਛੀ, ਬਾਜ਼। ਇਰਾਕੀ- ਇਰਾਕ ਦੇਸ ਦਾ ਘੋੜਾ। ਗੱਦੋਂ- ਖੋਤੇ ਨੂੰ, ਗਧੇ ਨੂੰ। ਖੂਦ- ਜਵੀ, ਹਰੀ ਕਣਕ। ਮਾਟੀ- ਮਿੱਟੀ ਦਾ ਬਣਿਆ ਸਰੀਰ। ਕੁਦਮ ਕਰੇਂਦੀ- ਖ਼ਰੂਦ ਕਰਦੀ, ਨਚਦੀ-ਟੱਪਦੀ। ਗੁਲਜ਼ਾਰ- ਫੁਲਵਾੜੀ, ਬਾਗ਼। ਅਲਖ- ਜੋ ਦਿਖਾਈ ਨਾ ਦੇਵੇ, ਯੋਗੀਆਂ ਦਾ ਪਰਸਪਰ ਸ਼ਿਸ਼ਟਾਚਾਰ-ਬੋਧਕ ਸ਼ਬਦ। ਮਸਜਦ- ਮਸੀਤ। ਕਲਮਾ- ਇਸਲਾਮੀ ਮੂਲ-ਮੰਤਰ। ਨਬੀ - ਪੈਗ਼ੰਬਰ, ਭਵਿਖ ਦੀ ਸੂਚਨਾ ਦੇਣ ਵਾਲ਼ਾ।

## ਅਭਿਆਸ

1. **ਹੇਠਾਂ ਲਿਖੇ ਕਾਵਿ-ਬੰਦਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ:**

(ੳ) ਜਿਸ ਪਾਇਆ ਭੇਤ ਕਲੰਦਰ ਦਾ
ਰਾਹ ਖੋਜਿਆ ਆਪਣੇ ਅੰਦਰ ਦਾ
ਉਹ ਵਾਸੀ ਹੈ ਸੁਖ ਮੰਦਰ ਦਾ
ਜਿੱਥੇ ਕੋਈ ਨਾ ਚੜ੍ਹਦੀ ਲਹਿੰਦੀ ਹੈ।

(ਅ) ਆਪਣਿਆਂ ਵਿੱਚ ਉਲਫਤ ਨਾਹੀਂ ਕੋਰੇ ਚਾਚੇ ਤਾਏ।
ਪਿਉ ਪੁੱਤਰ ਇਤਫ਼ਾਕ ਨਾ ਕਾਈ, ਧੀਆਂ ਨਾਲ਼ ਨਾ ਮਾਏ।
ਸੱਚਿਆਂ ਨੂੰ ਹੁਣ ਮਿਲ਼ਦੇ ਧੱਕੇ, ਝੂਠੇ ਕੋਲ਼ ਬਹਾਏ।
ਕਾਉਂ ਲਗੜ ਨੂੰ ਮਾਰਨ ਲੱਗੇ, ਚਿੜੀਆਂ ਜੁੱਰੇ ਖਾਏ।

(ੲ) ਕਹੂੰ ਮਸਜਦ ਕਾ ਵਰਤਾਰਾ ਹੈ
ਕਹੂੰ ਬਣਿਆ ਠਾਕੁਰ ਦੁਆਰਾ ਹੈ
ਕਹੂੰ ਬੈਰਾਗੀ ਜਟਧਾਰਾ ਹੈ
ਕਹੂੰ ਸ਼ੇਖ਼ ਨਬੀ ਬਣ ਆਇਆ ਹੈ ।

2. 'ਮੂੰਹ ਆਈ ਬਾਤ ਨਾ ਰਹਿੰਦੀ ਏ' ਜਾਂ 'ਤੋਬਾ ਨਾ ਕਰ ਯਾਰ' ਕਾਫ਼ੀ ਦਾ ਕੇਂਦਰੀ ਭਾਵ ਆਪਣੇ ਸ਼ਬਦਾਂ ਵਿੱਚ ਲਿਖੋ।

3. 'ਮਾਟੀ ਕੁਦਮ ਕਰੇਂਦੀ ਯਾਰ' ਕਾਫ਼ੀ ਦਾ ਕੇਂਦਰੀ ਭਾਵ ਲਿਖੋ।



Downloaded from https:// www.studiestoday.com

Downloaded from https:// www.studiestoday.com

4. ਵਸਤੂਨਿਸ਼ਠ ਪ੍ਰਸ਼ਨ—

(ੳ) ਤੁਹਾਡੀ ਪਾਠ-ਪੁਸਤਕ ਵਿੱਚ ਸ਼ਾਮਲ ਬੁੱਲ੍ਹੇ ਸ਼ਾਹ ਦੀ ਕਿਸੇ ਇੱਕ ਕਾਫ਼ੀ ਦਾ ਸਿਰਲੇਖ ਲਿਖੋ।

(ਅ) 'ਪਾਇਆ ਹੈ ਕਿਛੁ ਪਾਇਆ ਹੈ' ਕਾਫ਼ੀ ਹੇਠਾਂ ਲਿਖਿਆਂ ਵਿੱਚੋਂ ਕਿਹੜੇ ਸੂਫ਼ੀ ਕਵੀ ਦੀ ਰਚਨਾ ਹੈ :

(*i*) ਸ਼ਾਹ ਹੁਸੈਨ

(*ii*) ਬੁਲ੍ਹੇ ਸ਼ਾਹ

(*iii*) ਗ਼ੁਲਾਮ ਫ਼ਰੀਦ

(ੲ) 'ਮੂੰਹ ਆਈ ਬਾਤ ਨਾ ਰਹਿੰਦੀ ਏ' ਕਾਫ਼ੀ ਵਿੱਚ ਕਿਹੜੀ ਗੱਲ ਕਹਿਣ ਨਾਲ਼ ਭਾਂਬੜ ਮੱਚਦਾ ਹੈ—

(*i*) ਝੂਠ ਕਹਿਣ ਨਾਲ਼

(*ii*) ਸੱਚ ਕਹਿਣ ਨਾਲ਼

(ਸ) 'ਮੂੰਹ ਆਈ ਬਾਤ ਨਾ ਰਹਿੰਦੀ ਏ' ਕਾਫ਼ੀ ਵਿੱਚ ਬੁਲ੍ਹੇ ਸ਼ਾਹ ਅਨੁਸਾਰ ਹਰ ਹਰ ਵਿੱਚ ਕਿਸ ਦੀ ਸੂਰਤ ਵੱਸਦੀ ਹੈ ?

(ਹ) 'ਤੋਬਾ ਨਾ ਕਰ ਯਾਰ ਕੈਸੀ ਤੋਬਾ ਹੈ' ਕਾਫ਼ੀ ਵਿੱਚ ਸ਼ਬਦ 'ਇਸਤਗ਼ਫ਼ਾਰ ਤੋਂ ਭਾਵ ਹੈ—

(*i*) ਬੁਰੇ ਕੰਮਾਂ ਨੂੰ ਤਿਆਗਣ ਦੀ ਪ੍ਰਤਿਗਿਆ ਕਰਨੀ

(*ii*) ਗੁਨਾਹ ਬਖ਼ਸ਼ਾਉਣ ਲਈ ਪ੍ਰਾਰਥਨਾ ਕਰਨੀ।

(ਕ) 'ਮਾਟੀ ਕੁਦਮ ਕਰੇਂਦੀ ਯਾਰ' ਕਾਫ਼ੀ ਵਿੱਚ ਬੁੱਲ੍ਹੇ ਸ਼ਾਹ ਹੇਠ ਲਿਖਿਆਂ ਵਿੱਚੋਂ ਕਿਸ ਦਾ ਵਰਨਣ ਕਰਦਾ ਹੈ—

(*i*) ਸੰਸਾਰਿਕ ਨਾਸ਼ਮਾਨਤਾ

(*ii*) ਮਨੁੱਖੀ ਰਿਸ਼ਤੇ

(*iii*) ਸੱਭਿਆਚਾਰ

(*iv*) ਸਮਾਜਿਕ ਕਦਰਾਂ-ਕੀਮਤਾਂ

(ਖ) ਹੇਠਾਂ ਲਿਖੀਆਂ ਸਤਰਾਂ ਪੂਰੀਆਂ ਕਰੋ—

ਸੱਚਿਆਂ ਨੂੰ ਹੁਣ ਮਿਲ਼ਦੇ ਧੱਕੇ ......... ਕੋਲ਼ ਬਹਾਏ।

ਕਾਉਂ ਲਗੜ ਨੂੰ ਮਾਰਨ ਲੱਗੇ ......... ਜੁੱਰੇ ਖਾਏ।

ਇਰਾਕੀਆਂ ਨੂੰ ਚਾਬਕ ਪੈਂਦੇ .......... ਖ਼ੁਦ ਖਵਾਏ।

ਅਗਲੇ ਜਾ ਬੰਗਾਲੇ ਬੈਠੇ ......... ਫ਼ਰਸ਼ ਵਿਛਾਏ।

(ਚਿੜੀਆਂ, ਪਿਛਲਿਆਂ, ਝੂਠੇ, ਗੱਦੋਂ)

****



Downloaded from https:// www.studiestoday.com

Downloaded from https:// www.studiestoday.com

## ਹਾਸ਼ਮ ਸ਼ਾਹ

(1735-1843 ਈ:)

ਆਪ ਦਾ ਪੂਰਾ ਨਾਂ ਸੱਯਦ ਮੁਹੰਮਦ ਹਾਸ਼ਮ ਸੀ। ਆਪ ਦਾ ਜਨਮ ਪਿੰਡ ਜਗਦੇਉ ਕਲਾਂ, ਜ਼ਿਲ੍ਹਾ ਅੰਮ੍ਰਿਤਸਰ ਵਿੱਚ ਹਾਜੀ ਮੁਹੰਮਦ ਸ਼ਰੀਫ਼ ਦੇ ਘਰ ਹੋਇਆ। ਆਪ ਦੇ ਜੀਵਨ-ਕਾਲ ਸੰਬੰਧੀ ਵਿਦਵਾਨਾਂ ਵਿੱਚ ਮੱਤਭੇਦ ਹਨ। ਕਈ ਵਿਦਵਾਨ ਆਪ ਦਾ ਜੀਵਨ-ਕਾਲ 1752-53 ਈ: ਤੋਂ 1821 ਈ: ਤੱਕ ਮੰਨਦੇ ਹਨ ਅਤੇ ਕਈ 1735 ਈ: ਤੋਂ 1843 ਈ: ਤੱਕ।

ਹਾਸ਼ਮ ਸ਼ਾਹ ਨੂੰ ਪੰਜਾਬੀ ਭਾਸ਼ਾ ਤੋਂ ਇਲਾਵਾ ਅਰਬੀ, ਫ਼ਾਰਸੀ ਆਦਿ ਭਾਸ਼ਾਵਾਂ ਦਾ ਵੀ ਗਿਆਨ ਸੀ। ਪੰਜਾਬੀ ਸਾਹਿਤ ਲਈ ਆਪ ਨੇ ਦੁਨਿਆਵੀ ਪ੍ਰੀਤ-ਕਥਾਵਾਂ—ਸੱਸੀ ਪੁੰਨੂੰ, ਸ਼ੀਰੀਂ ਫਰਹਾਦ, ਲੈਲਾ ਮਜਨੂੰ ਅਤੇ ਸੋਹਣੀ ਮਹੀਂਵਾਲ ਦੇ ਕਿੱਸੇ ਲਿਖ ਕੇ ਕਿੱਸਾ-ਕਾਵਿ ਵਿੱਚ ਵਿਸ਼ੇਸ਼ ਸਥਾਨ ਹਾਸਲ ਕੀਤਾ ਅਤੇ ਇਸ ਦੇ ਨਾਲ਼ ਹੀ ਰਹੱਸਾਤਮਿਕ ਵਿਚਾਰਾਂ ਨਾਲ਼ ਭਰਪੂਰ ਦੋਹੜੇ, ਡਿਓਢਾਂ ਆਦਿ ਲਿਖ ਕੇ ਪੰਜਾਬੀ ਸੂਫ਼ੀ-ਕਾਵਿ ਵਿੱਚ ਵਿਸ਼ੇਸ਼ ਸਥਾਨ ਬਣਾਇਆ। ਆਪ ਦੇ ਦੋਹੜਿਆਂ ਨੂੰ 'ਦਰਿਆਇ ਹਕੀਕਤ' ਦਾ ਨਾਂ ਵੀ ਦਿੱਤਾ ਗਿਆ ਹੈ। ਇਹਨਾਂ ਦੋਹੜਿਆਂ ਵਿੱਚ ਆਪ ਨੇ ਸੰਸਾਰ ਦੀ ਨਾਸ਼ਮਾਨਤਾ ਅਤੇ ਇਸ਼ਕ ਹਕੀਕੀ ਆਦਿ ਸੰਬੰਧੀ ਵਿਚਾਰ ਦਰਸਾਏ ਹਨ। ਆਪ ਆਪਣੇ ਇਸ਼ਟ ਦੇ ਪ੍ਰੇਮ ਨੂੰ ਹੀ ਮੁਕਤੀ ਦਾ ਮਾਰਗ ਮੰਨਦੇ ਹਨ ਅਤੇ ਆਪ ਦੀ ਰਚਨਾ ਵਿੱਚ ਪਰਮਾਤਮਾ ਦੇ ਮਿਲ਼ਾਪ ਦੀ ਪ੍ਰਬਲ ਤਾਂਘ ਪ੍ਰਗਟ ਹੁੰਦੀ ਹੈ। ਆਪ ਦੀ ਬੋਲੀ ਠੇਠ, ਸਾਦਾ, ਸੰਜਮ ਅਤੇ ਵੇਦਨਾ ਭਰਪੂਰ ਹੈ।

ਹਥਲੇ ਕਾਵਿ ਸੰਗ੍ਰਹਿ ਲਈ ਆਪ ਦੇ ਦੋਹੜਿਆਂ ਵਿੱਚੋਂ ਸ਼ਾਮਲ ਕੀਤੇ ਗਏ ਦੋਹੜਿਆਂ ਵਿੱਚ ਆਪ ਨੇ ਸੱਚਾ ਜੀਵਨ ਜਿਊਂਣ, ਹੰਕਾਰ ਨਾ ਕਰਨ, ਸੰਸਾਰ ਦੀ ਨਾਸ਼ਮਾਨਤਾ, ਪਰਮਾਤਮਾ ਨਾਲ਼ ਪ੍ਰੇਮ ਅਤੇ ਭਗਤੀ ਭਾਵਨਾ ਸੰਬੰਧੀ ਵਿਚਾਰ ਪ੍ਰਗਟ ਕੀਤੇ ਹਨ।

### ਦੋਹੜਿਆਂ ਵਿੱਚੋਂ

ਗੁਲ ਤੇ ਖਾਰ ਪੈਦਾਇਸ਼ ਇਕਸੇ ਇਸ ਬਾਗ਼ ਚਮਨ ਦੇ ਦੋਵੇਂ।
ਇੱਕ ਸ਼ਬ ਉਮਰ ਗੁਲਾਂ ਦੀ ਓੜਕ ਅਤੇ ਖ਼ਾਰ ਰਹੇ ਨਿਤ ਉਵੇਂ।
ਥੋੜ੍ਹਾ ਰਹਿਣ ਕਬੂਲ ਪਿਆਰੇ, ਪਰ ਤੂੰ ਖ਼ਾਰ ਨ ਹੋਵੇਂ।
ਹਾਸ਼ਮ ਆਣ ਮਿਲੋਂ ਗਲ ਹੱਸ ਕੇ ਭਾਵੇਂ ਇੱਕ ਪਲ ਪਾਸ ਖਲੋਵੇਂ।

*****

ਇਹ ਦਿਲ ਖ਼ੁਆਰ ਕਰੇ ਨਿਤ ਮੈਨੂੰ ਇਸ ਹੋਸ਼ ਗਵਾਇਆ ਮੇਰਾ।
ਜਿਉਂ ਦਰਿਆ ਹਮੇਸ਼ਾ ਢਾਵੇ ਆਪਣਾ ਚਾਰ ਚੁਫੇਰਾ।
ਆਪਣੀ ਖ਼ਬਰ ਨਹੀਂ ਇਸ ਦਿਲ ਨੂੰ ਜਿਉਂ ਦੀਪਕ ਹੇਠ ਅੰਧੇਰਾ।
ਹਾਸ਼ਮ ਯਾਰ ਮਿਲੇ ਤਦ ਆਖਾਂ, ਅਸਾਂ ਖ਼ੂਬ ਡਿੱਠਾ ਮੁਖ ਤੇਰਾ।

*****

ਰੱਬ ਦਾ ਆਸ਼ਿਕ ਹੋਣ ਸੁਖਾਲਾ, ਇਹ ਬਹੁਤ ਸੁਖਾਲੀ ਬਾਜ਼ੀ।
ਗੋਸ਼ਾ ਪਕੜ ਰਹੇ ਹੋ ਸਾਬਿਰ, ਫੜ ਤਸਬੀ ਬਣੇ ਨਮਾਜ਼ੀ।



Downloaded from https:// www.studiestoday.com

Downloaded from https:// www.studiestoday.com

ਸੁਖ ਆਰਾਮ ਜਗਤ ਵਿੱਚ ਸੋਭਾ ਅਤੇ ਵੇਖ ਹੋਵੇ ਦਿਲ ਰਾਜ਼ੀ।
ਹਾਸ਼ਮ ਖ਼ਾਕ ਰੁਲਾਵੇ ਗਲੀਆਂ, ਇਹ ਕਾਫ਼ਿਰ ਇਸ਼ਕ ਮਜ਼ਾਜੀ।

*****

ਮੂਰਖ ਲੋਕ ਸਦਾ ਸੁਖ ਸੌਂਦੇ ਅਤੇ ਖ਼ੂਬ ਕਮਾਵਣ ਪੈਸਾ।
ਨਾ ਕੁਝ ਉਚ ਨਾ ਨੀਚ ਪਛਾਣਨ ਅਤੇ ਪ੍ਰੇਮ ਨਾ ਜਾਨਣ ਕੈਸਾ।
ਸ਼ਾਲਾ ਨਿਜ ਹੋਵੇ ਚਤੁਰਾਈ, ਸਾਨੂੰ ਖ਼ੁਆਰ ਕੀਤਾ ਤੁਧ ਐਸਾ।
ਹਾਸ਼ਮ ਕਾਟ ਪ੍ਰੇਮ ਕਰੇਂਦਾ, ਜਿਸ ਹੋਸ਼ ਹੋਵੇ ਵਿੱਚ ਜੈਸਾ।

*****

ਸਾਬਤ ਹੋ ਜਿਸ ਦਰਸ ਇਸ਼ਕ ਦਾ ਲਿਆ ਹਰਫ਼ ਹਕੀਕਤ ਵਾਲ਼ਾ।
ਹੋ ਬੇਜ਼ਾਰ ਗਿਆ ਸਭ ਇਲਮੋਂ ਅਤੇ ਤਸਬੀ ਰਹੀ ਨਾ ਮਾਲਾ।
ਨਾ ਉਹ ਸੁਘੜ ਨਾ ਮੂਰਖ ਹੋਯਾ,ਉਨ ਫੜਿਆ ਪੰਥ ਨਿਰਾਲਾ।
ਹਾਸ਼ਮ ਜ਼ਹਦ ਇਬਾਦਤ ਕੋਲਹੁੰ, ਉਨ ਮਤਲਬ ਲਿਆ ਸੁਖਾਲਾ।

*****

ਨਦੀਆਂ ਨੀਰ ਵਹਿਣ ਨਿਤ ਤਾਰੂ, ਇਹ ਕਦੀ ਨ ਹੋਵਣ ਹਲਕੇ।
ਜੋ ਜਲ ਅਜ ਗਿਆ ਇਸ ਰਾਹੀਂ, ਸੋ ਫੇਰ ਨ ਆਵੇ ਭਲਕੇ।
ਏਵੈਂ ਰਹਿਗੁ ਜਹਾਨ ਵਸੇਂਦਾ, ਪਰ ਅਸੀਂ ਨਾ ਬਹਿਸਾਂ ਰਲ ਕੇ।
ਹਾਸ਼ਮ ਕੌਣ ਕਰਗੁ ਦਿਲਬਰੀਆਂ, ਇਸ ਖ਼ਾਕ ਮਿੱਟੀ ਵਿੱਚ ਰਲ ਕੇ।

*****

ਨਹੀਂ ਕਬੂਲ ਇਬਾਦਤ ਤੇਰੀ, ਤੂੰ ਜਬ ਲਗ ਪਾਕ ਨ ਹੋਵੇਂ।
ਆਮਲ ਖ਼ਾਕ ਪਵੇ ਮੁੱਖ ਤੇਰਾ, ਜਬ ਲਗ ਖ਼ਾਕ ਨਾ ਹੋਵੇਂ।
ਨਹੀਂ ਬੇਬਾਕ ਕਦੀ ਹਰ ਤਰਫ਼ੋਂ, ਜਦ ਬੇਇਤਫ਼ਾਕ ਨਾ ਹੋਵੇਂ।
ਹਾਸ਼ਮ ਕੀ ਮੁਸ਼ਤਾਕ ਇਸ਼ਕ ਦਾ, ਭਲਾ ਜਾਂ ਸਿਰ ਤਾਕ ਨ ਹੋਵੇਂ।

*****

ਸੋ ਭਲਵਾਨ ਬਹਾਦਰ ਨਾਹੀਂ, ਜਿਹੜੇ ਢਾਹ ਲੈਣ ਕੁਝ ਮਸਤਾਂ।
ਸਾਹਿਬ ਜ਼ੋਰ ਹੋਵਹਿ ਜਗ ਜਾਣੇ, ਜਿਹੜੇ ਦਿਲ ਨੂੰ ਦੇਣ ਸ਼ਿਕਸਤਾਂ।
ਮੂਲ ਗਵਾ ਲਿਆ ਮੈਂ ਜੇਹੀਆਂ, ਅਸਾਂ ਸ਼ਹਿਵਤ ਹਿਰਸ ਪ੍ਰਸਤਾਂ।
ਸਾਹਿਬ ਮਗਜ਼ ਰਸੀਲੇ ਹਾਸ਼ਮ, ਜਿਹੜੇ ਕਰਿ ਕਰਿ ਬਹਿਣ ਨਿਸ਼ਸਤਾਂ।

*****

ਇਕਸੇ ਤਾਰ ਬਹਾਰ ਨ ਰਹਿੰਦੀ, ਨਹੀਂ ਇਕਸੇ ਤੋਰ ਜ਼ਮਾਨਾ।
ਹਰ ਇਕ ਚਾਲ ਨਹੀਂ ਅਲਬੇਲੀ, ਨਹੀਂ ਹਰਦਮ ਜ਼ੋਰ ਜਵਾਨਾ।
ਰੋਵਣ ਸੋਗ ਹਮੇਸ਼ ਨ ਹੋਵੇ, ਨਹੀਂ ਨਿਤ ਰਾਗ ਸ਼ਹਾਨਾ।
ਹਾਸ਼ਮ ਬੈਠ ਗਈਆਂ ਲਖ ਡਾਰਾਂ, ਇਹ ਜਗਤ ਮੁਸਾਫ਼ਰਖਾਨਾ।

*****



Downloaded from https:// www.studiestoday.com

Downloaded from https:// www.studiestoday.com

ਦਿਲ ਤੂੰ ਹੀ, ਦਿਲਬਰ ਭਿ ਤੂੰ ਹੀ, ਅਤੇ ਦੀਦ ਤੂੰ ਹੀ ਦੁੱਖ ਤੇਰਾ।
ਨੀਂਦਰ ਭੁੱਖ ਅਰਾਮ ਤੂੰ ਹੀ ਤੂੰ, ਅਤੇ ਤੈਂ ਬਿਨ ਜਗਤ ਅੰਧੇਰਾ।
ਨੈਣ ਪ੍ਰਾਣ ਹਯਾਤੀ ਤੂੰ ਹੀ, ਇੱਕ ਹਰਫ਼ ਨਹੀਂ ਵਿੱਚ ਮੇਰਾ।
ਹਾਸ਼ਮ ਸਾਂਝ ਤੁਸਾਡੇ ਦਮ ਦੀ, ਹੋਰ ਵਸਦਾ ਮੁਲਖ ਬਥੇਰਾ।

*****

**ਸ਼ਬਦ-ਅਰਥ :**

ਗੁਲ–ਫੁੱਲ, ਸ਼ਗੂਫਾ, ਪੁਸ਼ਪ। ਖ਼ਾਰ-ਕੰਡਾ। ਸ਼ਬ–ਰਾਤ। ਕਬੂਲ–ਮਨਜ਼ੂਰ। ਖ਼ੁਆਰ–ਜ਼ਲੀਲ, ਬੇਇੱਜ਼ਤ। ਗੋਸ਼ਾ–ਕੋਨਾ, ਨੁੱਕਰ, ਇੱਕ ਕਿਨਾਰਾ, ਤਰਫ਼। ਸਾਬਿਰ–ਹਜ਼ਰਤ ਅਲਹਿ ਅਸੱਲਾਮ ਦੀ ਵਿਸ਼ੇਸ਼ਤਾ ਦੱਸਣ ਵਾਲ਼ਾ ਨਾਂ (ਇਹ ਹਰ ਦੁੱਖ, ਤਕਲੀਫ਼ ਤੇ ਰੰਜ ਅਥਵਾ ਬਿਮਾਰੀਆਂ ਜਾਂ ਰੋਗਾਂ ਨੂੰ ਬੜੇ ਸਬਰ ਨਾਲ਼ ਝੱਲਦੇ ਸਨ)। ਤਸਬੀ–ਮਾਲ਼ਾ, ਸਿਮਰਨੀ, ਸੌ ਜਾਂ ਇੱਕ ਸੌ ਇੱਕ ਮਣਕਿਆਂ ਵਾਲ਼ੀ ਮਾਲ਼ਾ। ਨਮਾਜ਼ੀ–ਨਮਾਜ਼ ਪੜ੍ਹਨ ਵਾਲ਼ਾ। ਕਾਫ਼ਿਰ–ਨਾਸਤਕ, ਨਾਸ਼ੁਕਰਾ। ਇਸ਼ਕ ਮਜ਼ਾਜੀ–ਕਾਮਿਲ਼ ਮੁਰਸ਼ਦ ਨਾਲ਼ ਕੀਤਾ ਪਿਆਰ ਉਹ ਪੌੜੀ ਜਾਂ ਸੀੜ੍ਹੀ ਹੈ ਜੋ ਸਾਧਕ ਨੂੰ ਹਕੀਕੀ ਮਹੱਲ (ਖ਼ੁਦਾ) ਉੱਤੇ ਪੁਜਦਾ ਕਰਦੀ ਹੈ ਅਸਲ ਵਿੱਚ ਰੂਪ ਤੋਂ ਅਰੂਪ ਦੇ ਪ੍ਰੇਮ ਦਾ ਮਾਰਗ ਸੂਫ਼ੀ ਮਾਰਗ ਹੈ। ਮੌਲਾਨਾ ਜਾਮੀ ਨੇ ਮਜ਼ਾਜੀ ਇਸ਼ਕ ਨੂੰ ਗ਼ਨੀਮਤ ਕਿਹਾ ਹੈ ਕਿਉਂਕਿ ਇਹ ਇਸ਼ਕ ਹਕੀਕੀ ਦਾ ਵਸੀਲਾ ਹੈ। ਸ਼ਾਲਾ–ਇੰਨਸ਼ਾ ਅੱਲਾ, ਰੱਬ ਕਰੇ। ਹਰਫ਼–ਅੱਖਰ। ਹਕੀਕਤ–ਸਚਾਈ। ਬੇਜ਼ਾਰ–ਉਦਾਸ। ਇਲਮੋਂ–ਗਿਆਨ ਵੱਲੋਂ। ਜ਼ੁਹਦ–ਤਪੱਸਿਆ। ਇਬਾਦਤ–ਭਗਤੀ, ਬੰਦਗੀ। ਮਤਲਬ–ਮੰਤਵ। ਕਰਗੁ–ਕਰੇਗਾ। ਦਿਲਬਰੀਆਂ–ਲਾਡ–ਪਿਆਰ। ਕਬੂਲ–ਪ੍ਰਵਾਨ, ਸ੍ਵੀਕਾਰ। ਜਬ ਲਗ–ਜਦੋਂ ਤੱਕ। ਪਾਕ-ਪਵਿੱਤਰ। ਆਮਲ–ਅਮਲ ਕਰਨ ਵਾਲ਼ਾ ਅਭਿਆਸੀ। ਖ਼ਾਕ–ਧੂੜ, ਮਿੱਟੀ। ਬੇਬਾਕ-ਨਿਰਭੈ, ਸਾਫ਼। ਬੇਇਤਫਾਕ–ਅਸਹਿਮਤੀ। ਮੁਸ਼ਤਾਕ–ਚਾਹਵਾਨ, ਇੱਛਕ। ਤਾਕ–ਨਿਪੁੰਨ। ਸ਼ਿਕਸਤਾਂ–ਹਾਰਾਂ, ਟੁੱਟਣਾ, ਮੁਰਝਾਉਣਾ। ਸ਼ਹਿਵਤ–ਇੱਛਾ, ਰੁਚੀ, ਚਾਹ, ਕਾਮਚੇਸ਼ਟਾ। ਹਿਰਸ–ਤ੍ਰਿਸ਼ਨਾ। ਨਿਸ਼ਸਤਾਂ–ਬੈਠਣ ਦਾ ਭਾਵ, ਬੈਠਕ। ਦਿਲਬਰ–ਮਹਿਬੂਬ, ਦਿਲਕਸ਼, ਮਨਮੋਹਕ। ਦੀਦ–ਦ੍ਰਿਸ਼ਟੀ, ਨਜ਼ਰ। ਹਯਾਤੀ–ਜ਼ਿੰਦਗੀ, ਜੀਵਨ। ਦਮ-ਜ਼ਿੰਦਗਾਨੀ, ਜੀਵਨ। ਮੁਲਖ–ਮੁਲਕ, ਦੇਸ।

## ਅਭਿਆਸ

1. **ਹੇਠ ਲਿਖੇ ਕਾਵਿ-ਬੰਦਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :**

(ੳ) ਸਾਬਤ ਹੋ ਜਿਸ ਦਰਸ ਇਸ਼ਕ ਦਾ ਲਿਆ ਹਰਫ਼ ਹਕੀਕਤ ਵਾਲ਼ਾ।
ਹੋ ਬੇਜ਼ਾਰ ਗਿਆ ਸਭ ਇਲਮੋਂ ਅਤੇ ਤਸਬੀ ਰਹੀ ਨਾ ਮਾਲਾ।

(ਅ) ਸੋ ਭਲਵਾਨ ਬਹਾਦਰ ਨਾਹੀਂ ਜਿਹੜੇ ਢਾਹ ਲੈਣ ਕੁਝ ਮਸਤਾਂ।
ਸਾਹਿਬ ਜ਼ੋਰ ਹੋਵਹਿ ਜਗ ਜਾਣੇ, ਜਿਹੜੇ ਦਿਲ ਨੂੰ ਦੇਣ ਸ਼ਿਕਸਤਾਂ।

(ੲ) ਦਿਲ ਤੂੰ ਹੀ, ਦਿਲਬਰ ਭਿ ਤੂੰ ਹੀ, ਅਤੇ ਦੀਦ ਤੂੰ ਹੀ ਦੁੱਖ ਤੇਰਾ।
ਨੀਂਦਰ ਭੁੱਖ ਆਰਾਮ ਤੂੰ ਹੀ ਤੂੰ, ਅਤੇ ਤੈਂ ਬਿਨ ਜਗਤ ਅੰਧੇਰਾ।



Downloaded from https:// www.studiestoday.com

Downloaded from https:// www.studiestoday.com

2. 'ਇਹ ਦਿਲ ਖ਼ੁਆਰ ਕਰੇ ਨਿਤ ਮੈਨੂੰ ਇਸ ਹੋਸ਼ ਗਵਾਇਆ ਮੇਰਾ।
ਜਿਉਂ ਦਰਿਆ ਹਮੇਸ਼ਾ ਢਾਵੇ ਆਪਣਾ ਚਾਰ ਚੁਫੇਰਾ।
ਆਪਣੀ ਖ਼ਬਰ ਨਹੀਂ ਇਸ ਦਿਲ ਨੂੰ ਜਿਉਂ ਦੀਪਕ ਹੇਠ ਅੰਧੇਰਾ'।
ਉਪਰੋਕਤ ਸਤਰਾਂ ਦਾ ਕੇਂਦਰੀ ਭਾਵ ਲਿਖੋ।

3. ਵਸਤੂਨਿਸ਼ਠ ਪ੍ਰਸ਼ਨ—

(ੳ) ਤੁਹਾਡੀ ਪਾਠ-ਪੁਸਤਕ ਵਿੱਚ ਹਾਸ਼ਮ ਸ਼ਾਹ ਦੀਆਂ ਕਿਹੜੀਆਂ ਰਚਨਾਵਾਂ ਵਿੱਚੋਂ ਚੋਣ ਕਰਕੇ ਰਚਨਾਵਾਂ ਸ਼ਾਮਲ ਕੀਤੀਆਂ ਗਈਆਂ ਹਨ—

(*i*) ਦੋਹੜਿਆਂ ਵਿੱਚੋਂ (*ii*) ਕਾਫ਼ੀਆਂ ਵਿੱਚੋਂ
(*iii*) ਸਲੋਕਾਂ ਵਿੱਚੋਂ (*iv*) ਪ੍ਰੀਤ-ਕਥਾਵਾਂ ਵਿੱਚੋਂ

(ਅ) 'ਇੱਕ ਸ਼ਬ ਉਮਰ ਗੁਲਾਂ ਦੀ ਓੜਕ ਅਤੇ ਖਾਰ ਰਹੇ ਨਿਤ ਉਵੇਂ' ਉਪਰੋਕਤ ਸਤਰ ਵਿੱਚ 'ਖਾਰ' ਸ਼ਬਦ ਤੋਂ ਕੀ ਭਾਵ ਹੈ ?

(ੲ) 'ਨਦੀਆਂ ਨੀਰ ਵਹਿਣ ਨਿਤ ਤਾਰੂ, ਇਹ ਕਦੀ ਨਾ ਹੋਵਣ ਹਲਕੇ। ਜੋ ਜਲ ਗਿਆ ਇਸ ਰਾਹੀਂ, ਸੋ ਫੇਰ ਨਾ ਆਵੇ ਭਲਕੇ।'

ਉਪਰੋਕਤ ਦੋਹੜੇ ਵਿੱਚ ਹਾਸ਼ਮ ਸ਼ਾਹ ਨੇ ਕਿਹੜੀ ਗੱਲ ਵੱਲ ਸੰਕੇਤ ਕੀਤਾ ਹੈ—

(*i*) ਸੰਸਾਰਿਕ ਨਾਸ਼ਮਾਨਤਾ
(*ii*) ਰਲ਼-ਮਿਲ ਕੇ ਬੈਠਣ ਵੱਲ।

(ਸ) ਸ਼ਾਹ ਹੁਸੈਨ ਦੇ ਦੋਹੜੇ ਵਿੱਚ ਆਏ ਸ਼ਬਦ 'ਤਸਬੀ' ਤੋਂ ਕੀ ਭਾਵ ਹੈ ?

(ਹ) 'ਇਕਸੇ ਤਾਰ ਬਹਾਰ ਨਾ ਰਹਿੰਦੀ, ਨਹੀਂ ਇਕਸੇ ਤੋਰ ਜ਼ਮਾਨਾ' ਦੋਹੜੇ ਵਿੱਚ ਮੁਸਾਫ਼ਰਖ਼ਾਨਾ ਕਿਸ ਨੂੰ ਕਿਹਾ ਗਿਆ ਹੈ ?

(ਕ) 'ਹਾਸ਼ਮ ਸਾਂਝ ਤੁਸਾਡੇ ਦਮ ਦੀ, ਹੋਰ ਵਸਦਾ ਮੁਲਖ ਬਥੇਰਾ।'

ਉਪਰੋਕਤ ਸਤਰ ਵਿੱਚ ਹਾਸ਼ਮ ਸ਼ਾਹ ਕਿਸ ਨਾਲ਼ ਸਾਂਝ ਪਾਉਣ ਵੱਲ ਸੰਕੇਤ ਕਰਦਾ ਹੈ—

(*i*) ਪਰਮਾਤਮਾ ਨਾਲ਼
(*ii*) ਦੁਨਿਆਵੀ ਲੋਕਾਂ ਨਾਲ਼।

(ਖ) ਹੇਠਾਂ ਲਿਖੀਆਂ ਸਤਰਾਂ ਪੂਰੀਆਂ ਕਰੋ—

ਨਹੀਂ ਕਬੂਲ ਇਬਾਦਤ ਤੇਰੀ, ਤੂੰ ਜਬ ਲਗ ........ ਨਾ ਹੋਵੇਂ।
ਆਮਲ ਖ਼ਾਕ ਪਵੇ ਮੁੱਖ ਤੇਰਾ, ਜਬ ਲਗ ........ ਨਾ ਹੋਵੇਂ। (ਖ਼ਾਕ, ਪਾਕ)

*****



Downloaded from https:// www.studiestoday.com

Downloaded from https:// www.studiestoday.com

## ਖ਼ਵਾਜਾ ਗ਼ੁਲਾਮ ਫ਼ਰੀਦ

(1841-1901 ਈ:)

ਉੱਨ੍ਹੀਵੀਂ ਸਦੀ ਦੇ ਸੂਫ਼ੀ–ਕਾਵਿ ਦੇ ਸ਼ਿਰੋਮਣੀ ਕਵੀ ਖ਼ਵਾਜਾ ਗ਼ੁਲਾਮ ਫ਼ਰੀਦ ਇੱਕ ਅਜਿਹੇ ਵਾਸਤਵਿਕ ਸੂਫ਼ੀ ਕਵੀ ਸਨ ਜਿਨ੍ਹਾਂ ਦੇ ਕਲਾਮ ਅਤੇ ਜੀਵਨ ਵਿੱਚ ਇਕਸੁਰਤਾ ਅਤੇ ਇੱਕਸਾਰਤਾ ਸੀ। ਆਪ ਗ਼ੁਲਾਮ ਫ਼ਰੀਦ ਚਾਚੜਾਂ ਵਾਲ਼ੇ ਦੇ ਨਾਂ ਨਾਲ਼ ਵੀ ਮਸ਼ਹੂਰ ਹੋਏ। ਆਪ ਦਾ ਜਨਮ 1841 ਈ. ਨੂੰ ਮੌਲਾਨਾ ਖ਼ੁਦਾ ਬਖ਼ਸ਼ ਦੇ ਘਰ ਪਿੰਡ ਚਾਚੜਾਂ ਰਿਆਸਤ ਬਹਾਵਲਪੁਰ (ਪਾਕਿਸਤਾਨ) ਵਿੱਚ ਹੋਇਆ।

ਖ਼ਵਾਜਾ ਗ਼ੁਲਾਮ ਫ਼ਰੀਦ ਅਰਬੀ, ਫ਼ਾਰਸੀ, ਉਰਦੂ, ਹਿੰਦੀ ਅਤੇ ਮਾਰਵਾੜੀ ਦੇ ਵਿਦਵਾਨ ਸਨ। ਇਹ ਵਿਦਵਤਾ ਉਹਨਾਂ ਦੀਆਂ ਰਚਨਾਵਾਂ ਵਿੱਚ ਵੀ ਝਲਕਦੀ ਹੈ। ਖ਼ਵਾਜਾ ਗ਼ੁਲਾਮ ਫ਼ਰੀਦ ਨੇ 272 ਕਾਫ਼ੀਆਂ ਲਿਖੀਆਂ ਹਨ। ਇਹ ਕਾਫ਼ੀਆਂ 'ਅਸਰਾਰ–ਏ–ਫ਼ਰੀਦੀ' ਅਤੇ 'ਦੀਵਾਨ–ਏ–ਫ਼ਰੀਦੀ' ਪੁਸਤਕਾਂ ਵਿੱਚ ਸੰਗ੍ਰਹਿਤ ਹਨ। ਗਿਣਤੀ ਦੇ ਪੱਖ ਤੋਂ ਗ਼ੁਲਾਮ ਫ਼ਰੀਦ ਨੇ ਸਾਰੇ ਪੰਜਾਬੀ ਸੂਫ਼ੀ ਕਵੀਆਂ ਨਾਲ਼ੋਂ ਵੱਧ ਕਾਫ਼ੀਆਂ ਲਿਖੀਆਂ ਹਨ। ਗ਼ੁਲਾਮ ਫ਼ਰੀਦ ਦੀਆਂ ਕਾਫ਼ੀਆਂ ਦੀ ਭਾਸ਼ਾ ਮੁਲਤਾਨੀ ਹੈ। ਇਹਨਾਂ ਦੀਆਂ ਕਾਫ਼ੀਆਂ ਸੰਗੀਤਿਕ ਗੁਣਾਂ ਅਤੇ ਅਲੰਕਾਰਕ ਖ਼ੂਬੀਆਂ ਕਰਕੇ ਬਹੁਤ ਮਸ਼ਹੂਰ ਹੋਈਆਂ ਹਨ।

ਹਥਲੀ ਪਾਠ–ਪੁਸਤਕ ਵਿੱਚ ਗ਼ੁਲਾਮ ਫ਼ਰੀਦ ਦੀਆਂ ਰਚਨਾਵਾਂ ਵਿੱਚੋਂ 'ਸਾਵਣ ਬੂੰਦੜੀਆਂ ਝਰਲਾਵੇ' ਅਤੇ 'ਸ਼ਹੁ ਰਾਂਝਾ ਅਲਬੇਲਾ' ਕਾਫ਼ੀਆਂ ਲਈਆਂ ਗਈਆਂ ਹਨ 'ਸ਼ਹੁ ਰਾਂਝਾ ਅਲਬੇਲਾ' ਕਾਫ਼ੀ ਵਿੱਚ ਸੂਫ਼ੀਆਨਾ ਅੰਦਾਜ਼ ਵਿੱਚ ਗ਼ੁਲਾਮ ਫ਼ਰੀਦ ਨੇ ਹੀਰ ਦਾ ਰਾਂਝੇ ਨਾਲ਼ ਮੇਲ–ਮਿਲਾਪ, ਰਾਂਝੇ ਦਾ ਜੋਗੀ ਹੋ ਜਾਣਾ ਅਤੇ ਆਪਣੇ ਆਪ ਨੂੰ ਉਸ ਦੀ ਜੁਗਿਆਣੀ ਦੱਸਿਆ ਹੈ। 'ਰਾਂਝਾ' ਨਾਂ ਉਸ ਲਈ ਰੱਬ ਦਾ ਰੂਪ ਹੈ। ਉਹ ਦੁਨੀਆਂਦਾਰੀ ਛੱਡ ਕੇ ਅੱਲਾ ਦੀ ਬੰਦਗੀ ਵੱਲ ਪ੍ਰੇਰਿਤ ਕਰਦੇ ਹਨ। ਦੁਨੀਆਂ ਦੇ ਹਾਰ ਸ਼ਿੰਗਾਰ ਕਿਸੇ ਅਰਥ ਨਹੀਂ, ਜੇ ਕਰ ਉਸ ਪਰਮਾਤਮਾ ਨਾਲ਼ ਪਿਆਰ ਨਹੀਂ। ਇਹਨਾਂ ਨੇ ਹੀਰ–ਰਾਂਝੇ ਦੇ ਪਿਆਰ ਨੂੰ ਦਰਸਾ ਕੇ ਰੱਬ ਦੀ ਸੱਚੀ ਪ੍ਰੀਤ ਵੱਲ ਸੰਕੇਤ ਕੀਤਾ ਹੈ।

'ਸਾਵਣ ਬੂੰਦੜੀਆਂ ਝਰਲਾਵੇ' ਕਾਫ਼ੀ ਵਿੱਚ ਸਾਵਣ ਰੁੱਤ ਦੀ ਸੁੰਦਰਤਾ ਕਿਵੇਂ ਮਨ ਨੂੰ ਮੋਹ ਲੈਂਦੀ ਹੈ ਬਾਹਰੀ ਕੁਦਰਤੀ ਨਜ਼ਾਰਿਆਂ ਨਾਲ਼ ਭਰਪੂਰ ਸਾਵਣ ਰੁੱਤ ਬਿਰਹਣ ਦੀ ਅੰਦਰਲੀ ਰੁੱਤ ਨੂੰ ਕਿਵੇਂ ਹਾਕ ਮਾਰਦੀ ਹੈ। ਸੁਹਾਵਣਾ ਵਾਤਾਵਰਨ ਕਿਵੇਂ ਬਿਰਹਾ ਵਿੱਚ ਤੜਫ਼ ਰਹੀ ਦੁਖਿਆਰੀ ਨੂੰ ਹੋਰ ਜ਼ਿਆਦਾ ਤੜਫਾ ਰਿਹਾ ਹੈ, ਦਾ ਵਰਨਣ ਕੀਤਾ ਹੈ।

### ਸਾਵਣ ਬੂੰਦੜੀਆਂ ਝਰਲਾਵੇ

ਸਾਵਣ ਬੂੰਦੜੀਆਂ ਝਰਲਾਵੇ
ਕੂਕ ਕੂਕ ਪਾਪੀੜੇ ਪਪੀਹਾ
ਫੂਕ ਫੂਕ ਤਨ ਆਗ ਲਗਾਵੇ

ਕੋਇਲ ਕੂੰਜ ਮੁਰਰਵਾ ਬੈਠੇ
ਦਿਲ ਦੁਖਿਆਰੀ ਨੂੰ ਡੁਖ ਤਾਵੇ



Downloaded from https:// www.studiestoday.com

Downloaded from https:// www.studiestoday.com

ਨੈਨ ਚੈਨ ਸੇ ਝਗੜਤ ਝਗੜਤ
ਤੜਫਤ ਤੜਫਤ ਰੈਨ ਬਿਹਾਵੇ

ਛਤੀਆ ਧੜਕਤ ਜੀਅੜਾ ਲਰਜਤ
ਤੁਝ ਬਿਨ ਕਾਰੀ ਘਟਨ ਡਰਾਵੇ

ਰੁਮ ਝੁਮ ਰੁੱਤ ਬਰਖਾ ਸੋਹੇ
ਅੰਗ ਢੰਗ ਰਸ ਰਾਂਦ ਰਚਾਵੇ

ਬੀਤ ਗਏ ਦਿਨ ਰੈਣ ਦੁਖਾਂ ਦੇ
ਕਹੋ ਰੀ ਪੀਆ ਕੋ ਸੇਜ ਸੁਹਾਵੇ

ਪ੍ਰੀਤਮ ਪ੍ਰੀਤ ਫ਼ਰੀਦ ਨਾ ਪਾਲੀ
ਅੰਗ ਅੰਗ ਬਿਰਹਨ ਮੁਰਝਾਵੇ

**ਔਖੇ ਸ਼ਬਦਾਂ ਦੇ ਅਰਥ—**

ਪਾਪੀੜੇ – ਪਾਪੀ/ਦੁਖਿਆਰਾ। ਮੁਰਰਵਾ–ਮੋਰ। ਡੁਖ–ਦੁੱਖ। ਕਾਰੀ–ਕਾਲ਼ੀ। ਤਾਵੇ–ਦੇਵੇ। ਘਟਨ–ਕਾਲ਼ੀ ਘਟਾ, ਰਾਂਦ–ਦੁਖੜੇ।

## ਕਾਫ਼ੀ-ਸ਼ਹੁ ਰਾਂਝਾ ਅਲਬੇਲਾ

ਸ਼ਹੁ ਰਾਂਝਾ ਅਲਬੇਲਾ,
ਜੋਗੀ ਜਾਦੂਗਰ ਵੇ।

ਰਾਵਲ ਬੰਸੀ ਜੋੜ ਸੁਣਾਈ
ਵਿਸਰ ਗਿਉਮ ਘਰ ਬਰ ਵੇ।
ਯਾਰ ਰੰਝੇਟੇ ਮੁਰਲੀ ਵਾਹੀ
ਕਰ ਪੇਚ ਹੁਨਰ ਵੇ।

ਅਨਹਦ ਬੀਨ ਬਜਾ ਮਨ,
ਮੋਹਿਓਸ ਰੁਲਦੀ ਬੂਟੇ ਝਰ ਵੇ।

ਕੰਨੇ ਕੰਨੇ ਪੌਂਦੈ ਗਲ ਝਪ ਮਾਲਾਂ
ਰਹਿੰਦੈ ਹੁਸਨ ਨਗਰ ਵੇ।

ਤਖਤ ਹਜ਼ਾਰੋਂ ਰਾਂਝਣ ਆਇਆ,
ਹੀਰ ਤੱਤੀ ਦੇ ਘਰ ਵੇ।

ਜੋਗਨ ਥੀਸਾਂ ਖ਼ਾਕ ਹਮੇਸ਼ਾਂ
ਰੁਲਸਾਂ ਸ਼ਹਿਰ ਬਹਿਰ ਵੇਂ।



Downloaded from https:// www.studiestoday.com

Downloaded from https:// www.studiestoday.com

ਮਾਂ ਪਿਉ ਛੋੜ ਲੱਗੀ ਲੜ ਤੈਂਡੇ
ਸਾਂਵਲ ਕਾਰੀ ਕਰ ਵੇ।

ਬਾਝ ਪਰੀਂਦੇ ਬਾਝ ਨਾ ਕਾਈ
ਭੱਠ ਜ਼ੇਵਰ ਭੱਠ ਜ਼ਰ ਵੇ।

ਇਤਨਾ ਜ਼ੁਲਮ ਮੁਨਾਸਬ ਨਾਹੀ,
ਰੱਬ ਕੋਲੋਂ ਕੁਝ ਡਰ ਵੇ।

ਰਾਂਝਾ ਜੋਗੀ ਮੈਂ ਜੋਗਿਆਣੀ
ਡਿਤੜੀ ਇਸ਼ਕ ਖ਼ਬਰ ਵੇ।

ਯਾਰ ਫ਼ਰੀਦ ਨਾ ਵਿਸਰਮ ਹਰਗਿਜ਼,
ਸਿਕਦੀ ਵੈਸਾਂ ਮਰ ਵੇ।

**ਔਖੇ ਸ਼ਬਦਾਂ ਦੇ ਅਰਥ :**

**ਅਲਬੇਲਾ** – ਲਾਡਲਾ, ਮੌਜੀ, ਛੈਲ, ਬੇਫ਼ਿਕਰ। **ਰਾਵਲ** – ਪਿਆਰਾ। **ਗਿਊਮ** – ਗਿਆ। **ਪੇਚ** – ਘੁਮਾਉ, ਵਲ਼। **ਝਪ** –ਸੋਹਣੇ। **ਸਾਂਵਲ** – ਸੁੰਦਰ, ਚੰਗਾ। **ਜ਼ਰ-ਰੇਸ਼ਮੀ** – ਕੀਮਤੀ ਕੱਪੜੇ। **ਡਿਤੜੀ** – ਦਿੱਤੀ।

## ਅਭਿਆਸ

1. **ਹੇਠ ਲਿਖੇ ਕਾਵਿ-ਬੰਦਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :**

   (ੳ) ਅਨਹਦ ਬੀਨ ਬਜਾ ਮਨ,
   ਮੋਹਿਓਸ ਰੁਲਦੀ ਬੂਟੇ ਝਰ ਵੇ।
   ਕੰਨੇ ਕੰਨੇ ਪੌਂਦੇ ਗਲ ਝਪ ਮਾਲਾਂ
   ਰਹਿੰਦੈ ਹੁਸਨ ਨਗਰ ਵੇ।

   (ਅ) ਕੋਇਲ ਕੂੰਜ ਮੁਰਰਵਾ ਬੈਠੇ ਦਿਲ ਦੁਖਿਆਰੀ ਨੂੰ ਡੁਖ ਤਾਵੇ
   ਨੈਨ ਚੈਨ ਸੇ ਝਗੜਤ ਝਗੜਤ ਤੜਫਤ ਰੈਨ ਬਿਹਾਵੇ।

2. 'ਕਾਫ਼ੀ–ਸ਼ਹੁ ਰਾਂਝਾ ਅਲਬੇਲਾ' ਦਾ ਕੇਂਦਰੀ ਭਾਵ ਆਪਣੇ ਸ਼ਬਦਾਂ ਵਿੱਚ ਲਿਖੋ।

3. **ਵਸਤੂਨਿਸ਼ਠ ਪ੍ਰਸ਼ਨ—**

   (ੳ) 'ਸ਼ਹੁ–ਰਾਂਝਾ ਅਲਬੇਲਾ' ਕਿਸ ਸੂਫ਼ੀ ਕਵੀ ਦੀ ਰਚਨਾ ਹੈ ?

   (ਅ) ਖ਼ਵਾਜਾ ਗ਼ੁਲਾਮ ਫ਼ਰੀਦ ਦੀ ਕਿਸੇ ਇੱਕ ਰਚਨਾ ਦਾ ਨਾਂ ਦੱਸੋ।

   (ੲ) 'ਸ਼ਹੁ–ਰਾਂਝਾ ਅਲਬੇਲਾ' ਕਾਫ਼ੀ ਵਿੱਚ ਖ਼ਵਾਜਾ ਗ਼ੁਲਾਮ ਫ਼ਰੀਦ ਨੇ ਕਿਸ ਕੋਲ਼ੋਂ ਡਰਨ ਲਈ ਸੰਕੇਤ ਕੀਤਾ ਹੈ ?



Downloaded from https:// www.studiestoday.com

Downloaded from https:// www.studiestoday.com

(ਸ) 'ਕਾਫ਼ੀ-ਸ਼ਹੁ ਰਾਂਝਾ ਅਲਬੇਲਾ' ਵਿੱਚ ਜੋਗੀ ਅਤੇ ਜੁਗਿਆਣੀ ਸ਼ਬਦ ਕਿਸ ਵੱਲ ਸੰਕੇਤ ਕਰਦੇ ਹਨ :-

(*i*) ਆਤਮਾ-ਪਰਮਾਤਮਾ

(*ii*) ਹੀਰ-ਰਾਂਝਾ

(ਹ) ਹੇਠਾਂ ਦਿੱਤੇ ਸ਼ਬਦਾਂ ਵਿੱਚੋਂ ਸਹੀ ਸ਼ਬਦ ਚੁਣ ਕੇ ਸਤਰ ਪੂਰੀ ਕਰੋ—

ਰਾਵਲ ........ ਜੋੜ ਸੁਣਾਈ

ਵਿਸਰ ਗਿਊਮ ਘਰ ਬਰ ਵੇ। (ਬੀਨ, ਬੰਸੀ)

(ਕ) ਕੋਇਲ, ਕੂੰਜ, ਮੋਰ ਵਰਗੀਆਂ ਮਿੱਠੀਆਂ ਅਵਾਜ਼ਾਂ ਸੁਣ ਕੇ ਬਿਰਹਣ ਨੂੰ ਕਿਉਂ ਦੁੱਖ ਹੁੰਦਾ ਹੈ ?

(ਖ) 'ਤੁਝ ਬਿਨ ਕਾਰੀ ਘਟਨ ਡਰਾਵੈ' ਵਿੱਚ ਕਿਸ ਡਰ ਦਾ ਜ਼ਿਕਰ ਹੈ ?

(ਗ) ਬਿਰਹਣ ਦੇ ਦੁੱਖਾਂ ਦੇ ਦਿਨ-ਰਾਤ ਕਦੋਂ ਖ਼ਤਮ ਹੁੰਦੇ ਹਨ ?

*****



Downloaded from https:// www.studiestoday.com

Downloaded from https:// www.studiestoday.com

# ਗੁਰਮਤਿ-ਕਾਵਿ

## ਗੁਰੂ ਨਾਨਕ ਦੇਵ ਜੀ

**(1469-1539 ਈ:)**

ਗੁਰੂ ਨਾਨਕ ਦੇਵ ਜੀ ਸਿੱਖ ਧਰਮ ਦੇ ਪਹਿਲੇ ਗੁਰੂ ਅਤੇ ਪੰਜਾਬੀ ਦੇ ਸ੍ਰੇਸ਼ਟ ਕਵੀ ਹੋਏ ਹਨ।

ਗੁਰੂ ਨਾਨਕ ਦੇਵ ਜੀ ਦਾ ਜਨਮ 1469 ਈਸਵੀ ਵਿੱਚ ਮਾਤਾ ਤ੍ਰਿਪਤਾ ਜੀ ਅਤੇ ਪਿਤਾ ਮਹਿਤਾ ਕਲਿਆਣ ਦਾਸ ਜੀ ਦੇ ਘਰ ਨਨਕਾਣਾ ਸਾਹਿਬ ਜ਼ਿਲ੍ਹਾ ਸ਼ੇਖੂਪੁਰਾ (ਹੁਣ ਪਾਕਿਸਤਾਨ) ਵਿਖੇ ਹੋਇਆ। ਉਦੋਂ ਇਸ ਸਥਾਨ ਨੂੰ 'ਰਾਇ ਭੋਇ ਦੀ ਤਲਵੰਡੀ' ਕਿਹਾ ਜਾਂਦਾ ਸੀ। ਬਚਪਨ ਤੋਂ ਹੀ ਆਪ ਅਧਿਆਤਮਿਕ ਵਿਚਾਰਾਂ ਦੇ ਧਾਰਨੀ ਸਨ ਅਤੇ ਹਰ ਵੇਲ਼ੇ ਰੱਬ ਦੀ ਭਗਤੀ ਵਿੱਚ ਲੀਨ ਰਹਿੰਦੇ ਸਨ। ਆਪ ਦੇ ਮਾਤਾ-ਪਿਤਾ ਨੂੰ ਆਪ ਦਾ ਵਚਿੱਤਰ ਵਿਹਾਰ ਦੇਖ ਕੇ ਨਿਰਾਸ਼ਾ ਹੋਈ ਕਿਉਂਕਿ ਉਹ ਆਪ ਨੂੰ ਦੁਨੀਆਂਦਾਰੀ ਵਿੱਚ ਪ੍ਰਵੀਨ ਦੇਖਣਾ ਚਾਹੁੰਦੇ ਸਨ, ਪਰ ਆਪ ਦੁਨਿਆਵੀ ਕੰਮਾਂ-ਕਾਰਾਂ ਤੋਂ ਉਪਰਾਮ-ਚਿੱਤ ਹੀ ਰਹਿੰਦੇ ਸਨ। ਸਿੱਟੇ ਵਜੋਂ ਆਪ ਘਰ-ਬਾਰ ਤਿਆਗ ਕੇ ਸੱਚ ਦੇ ਪ੍ਰਚਾਰ ਲਈ ਨਿਕਲ਼ ਤੁਰੇ। ਆਪ ਨੇ ਲਗ-ਪਗ ਬਾਈ ਸਾਲ ਦੇਸਾਂ-ਪਰਦੇਸਾਂ ਦੀ ਯਾਤਰਾ ਕੀਤੀ। ਇਹਨਾਂ ਯਾਤਰਾਵਾਂ ਨੂੰ ਚਾਰ ਉਦਾਸੀਆਂ ਕਿਹਾ ਜਾਂਦਾ ਹੈ। ਆਪ ਨੇ ਸਧਾਰਨ ਲੋਕਾਂ ਦੇ ਕਲਿਆਣ ਲਈ ਅਤੇ ਉਹਨਾਂ ਨੂੰ ਜਾਗ੍ਰਿਤ ਕਰਨ ਲਈ ਸਮਾਜ ਵਿੱਚ ਪਸਰੀਆਂ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਬੁਰਾਈਆਂ ਵਿਰੁੱਧ ਅਵਾਜ਼ ਉਠਾਈ। ਯਾਤਰਾਵਾਂ ਦੌਰਾਨ ਉਹ ਅਨੇਕਾਂ ਫਿਰਕਿਆਂ, ਵਰਗਾਂ ਅਤੇ ਧਰਮਾਂ ਦੇ ਲੋਕਾਂ ਨੂੰ ਮਿਲ਼ੇ ਅਤੇ ਉਹਨਾਂ ਨਾਲ਼ ਵਿਚਾਰ-ਵਟਾਂਦਰਾ ਅਤੇ ਗੋਸ਼ਟੀਆਂ ਕੀਤੀਆਂ। ਉਹ ਵੱਡਿਆਂ ਅਤੇ ਤਾਕਤਵਰਾਂ ਦੀ ਬਜਾਏ ਆਮ ਲੋਕਾਂ ਦੀ ਧਿਰ ਬਣੇ। ਉਹਨਾਂ ਨੇ ਝੂਠ-ਪਖੰਡ ਅਤੇ ਮਨੁੱਖੀ ਵਿਤਕਰਿਆਂ ਵਿਰੁੱਧ ਅਵਾਜ਼ ਬੁਲੰਦ ਕੀਤੀ ਅਤੇ ਨੈਤਿਕ ਕਦਰਾਂ-ਕੀਮਤਾਂ ਨੂੰ ਅਪਣਾਉਣ ਉੱਤੇ ਜ਼ੋਰ ਦਿੱਤਾ। ਉਹ ਲੋਕਾਂ ਨੂੰ ਅਜਿਹੀ ਜੀਵਨ-ਜਾਚ ਸਿਖਾਉਣੀ ਚਾਹੁੰਦੇ ਸਨ, ਜਿਹੜੀ ਕਿ ਵਰਗ, ਜਾਤ ਅਤੇ ਧਰਮਾਂ ਦੇ ਬੰਧਨਾਂ ਤੋਂ ਮੁਕਤ ਹੋਵੇ। ਇਸੇ ਕਰਕੇ ਹੀ ਆਪ ਨੂੰ ਸਮਾਜ-ਸੁਧਾਰਕ ਅਤੇ ਕ੍ਰਾਂਤੀਕਾਰੀ ਆਗੂ ਵੀ ਕਿਹਾ ਜਾਂਦਾ ਹੈ।

ਆਪ ਦੀ ਕਾਵਿ-ਰਚਨਾ, ਜਿਸ ਨੂੰ ਬਾਣੀ ਕਿਹਾ ਜਾਂਦਾ ਹੈ, ਗਿਆਨ ਅਤੇ ਪ੍ਰੇਰਨਾ ਦਾ ਸੋਮਾ ਹੈ। ਇਸ ਬਾਣੀ ਤੋਂ ਮਨੁੱਖ ਮਾਤਰ ਨੂੰ ਵਹਿਮਾਂ, ਭਰਮਾਂ ਅਤੇ ਝੂਠੇ ਕਰਮ-ਕਾਂਡਾਂ ਤੋਂ ਮੁਕਤ ਹੋਣ ਅਤੇ ਜੀਵਨ ਪ੍ਰਤਿ ਸੁਹਿਰਦ ਹੋਣ ਦਾ ਉਤਸ਼ਾਹ ਮਿਲ਼ਦਾ ਹੈ।

ਗੁਰੂ ਗ੍ਰੰਥ ਸਾਹਿਬ ਵਿੱਚ ਆਪ ਦੇ ਨੌ ਸੌ ਚੁਹੱਤਰ (974) ਸ਼ਬਦ ਦਰਜ ਹਨ। ਆਪ ਨੇ ਉੱਨੀ ਰਾਗਾਂ ਵਿੱਚ ਬਾਣੀ ਰਚੀ। ਆਪ ਦੀ ਬਾਣੀ ਵਿੱਚ ਫ਼ਾਰਸੀ, ਅਰਬੀ, ਹਿੰਦੀ ਅਤੇ ਸੰਸਕ੍ਰਿਤ ਆਦਿ ਭਾਸ਼ਾਵਾਂ ਦੇ ਬਹੁਤ ਸਾਰੇ ਸ਼ਬਦ ਮਿਲ਼ਦੇ ਹਨ ਪਰ ਫਿਰ ਵੀ ਇਸ ਦੀ ਠੁੱਕ ਪੰਜਾਬੀ ਹੈ ਅਤੇ ਇਸ ਵਿੱਚ ਪੰਜਾਬ ਦੀ ਧਰਤੀ ਦੀ ਸੁਗੰਧ ਹੈ। ਆਪ ਨੇ ਸਲੋਕ, ਛੰਦ, ਸੋਹਲੇ, ਵਾਰ, ਬਾਰਾਂਮਾਹ, ਅਸ਼ਟਪਦੀਆਂ ਆਦਿ ਕਾਵਿ-ਰੂਪਾਂ ਵਿੱਚ ਬਾਣੀ ਰਚੀ। ਇਸ ਤੋਂ ਇਲਾਵਾ ਜਪੁਜੀ, ਆਸਾ ਦੀ ਵਾਰ, ਸਿਧ ਗੋਸ਼ਟਿ, ਬਾਰਾਂਮਾਹ, ਪੱਟੀ, ਥਿਤੀ, ਓਅੰਕਾਰ ਆਦਿ ਆਪ ਦੀਆਂ ਸੁ-ਪ੍ਰਸਿੱਧ ਅਤੇ ਵੱਡੇ ਆਕਾਰ ਵਾਲ਼ੀਆਂ ਰਚਨਾਵਾਂ ਹਨ।

ਹਥਲੇ ਸੰਗ੍ਰਹਿ ਵਿੱਚ ਗੁਰੂ ਨਾਨਕ ਦੇਵ ਜੀ ਰਚਿਤ 'ਬਾਰਹਮਾਹ ਤੁਖਾਰੀ' ਵਿੱਚੋਂ ਮਾਘ ਮਹੀਨੇ ਸੰਬੰਧੀ ਰਚਨਾ ਅਤੇ ਸੱਤ ਸ਼ਬਦ ਸ਼ਾਮਲ ਕੀਤੇ ਗਏ ਹਨ। ਇਹਨਾਂ ਵਿੱਚ ਆਪ ਨੇ ਹੱਕ-ਸੱਚ ਦੀ ਕਮਾਈ ਕਰਨ, ਵਹਿਮਾਂ-ਭਰਮਾਂ ਤੋਂ ਮੁਕਤ ਹੋ ਕੇ ਪਰਮਾਤਮਾ ਦੀ ਭਜਨ-ਬੰਦਗੀ ਬਾਰੇ ਵਿਚਾਰ ਪ੍ਰਗਟ ਕੀਤੇ ਹਨ :



Downloaded from https:// www.studiestoday.com

Downloaded from https:// www.studiestoday.com

## ਸਲੋਕ : ਪਵਣੁ ਗੁਰੂ ਪਾਣੀ ਪਿਤਾ

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ।।
ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ ।।
ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ ।
ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ।।
ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ।।
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ।। (ਪੰਨਾ 8)

**ਸ਼ਬਦ-ਅਰਥ :**

ਪਵਣੁ–ਹਵਾ, ਸਾਹ, ਪ੍ਰਾਣ । ਮਹਤੁ–ਵੱਡੀ । ਦਿਵਸੁ–ਦਿਨ । ਦੁਇ–ਦੋਵੇਂ । ਦਿਵਸੁ ਦਾਇਆ–ਦਿਨ ਖਿਡਾਵਾ ਹੈ । ਰਾਤਿ ਦਾਈ–ਰਾਤ ਖਿਡਾਵੀ ਹੈ । ਸਗਲ–ਸਾਰਾ । ਵਾਚੈ–ਪਰਖਦਾ ਹੈ । ਹਦੂਰਿ–ਅਕਾਲ ਪੁਰਖ ਦੀ ਹਜ਼ੂਰੀ ਵਿੱਚ । ਕਰਮੀ–ਕਰਮਾਂ ਅਨੁਸਾਰ । ਕੇ-ਕਈ ਜੀਵ । ਨੇੜੈ–ਅਕਾਲ ਪੁਰਖ ਦੇ ਨਜ਼ਦੀਕ । ਜਿਨੀ-ਜਿਨ੍ਹਾਂ ਮਨੁੱਖਾਂ ਨੇ । ਧਿਆਇਆ–ਸਿਮਰਿਆ ਹੈ । ਮਸਕਤਿ–ਮੁਸ਼ੱਕਤ, ਮਿਹਨਤ, ਘਾਲ–ਕਮਾਈ । ਘਾਲਿ–ਘਾਲ ਕੇ, ਸਫ਼ਲੀ ਕਰ ਗਏ । ਤੇ-ਉਹ ਮਨੁੱਖ । ਮੁਖ ਉਜਲੇ–ਉੱਜਲ ਮੁੱਖ ਵਾਲ਼ੇ । ਕੇਤੀ–ਕਈ ਜੀਵ । ਛੁਟੀ–ਮੁਕਤ ਹੋ ਗਏ, ਮਾਇਆ ਦੇ ਬੰਧਨਾਂ ਤੋਂ ਰਹਿਤ ਹੋ ਗਏ । ਨਾਲਿ–ਉਹਨਾਂ ਦੀ ਸੰਗਤ ਵਿੱਚ ।

**ਅਰਥ :**

ਹਵਾ ਸਰੀਰ ਲਈ ਇਸ ਤਰ੍ਹਾਂ ਹੈ ਜਿਵੇਂ ਜੀਵ ਦੀ ਆਤਮਾ ਲਈ ਗੁਰੂ ਹੈ, ਪਾਣੀ ਸਭ ਜੀਵਾਂ ਦਾ ਪਿਓ ਹੈ ਅਤੇ ਧਰਤੀ ਸਭ ਦੀ ਵੱਡੀ ਮਾਂ ਹੈ । ਦਿਨ ਅਤੇ ਰਾਤ ਦੋਵੇਂ ਖਿਡਾਵਾ ਅਤੇ ਖਿਡਾਵੀ ਹਨ, ਇਹ ਸਾਰਾ ਸੰਸਾਰ ਖੇਡ ਰਿਹਾ ਹੈ ਭਾਵ ਸੰਸਾਰ ਦੇ ਸਾਰੇ ਜੀਵ ਰਾਤ ਨੂੰ ਸੌਣ ਅਤੇ ਦਿਨੇ ਕਾਰ–ਵਿਹਾਰ ਵਿੱਚ ਲੱਗੇ ਰਹਿੰਦੇ ਹਨ। ਧਰਮਰਾਜ ਅਕਾਲਪੁਰਖ ਦੀ ਹਜ਼ੂਰੀ ਵਿੱਚ ਜੀਵਾਂ ਦੇ ਕੀਤੇ ਹੋਏ ਚੰਗੇ ਅਤੇ ਮੰਦੇ ਕੰਮ ਵਿਚਾਰਦਾ ਹੈ । ਆਪੋ–ਆਪਣੇ ਇਹਨਾਂ ਕੀਤੇ ਹੋਏ ਕਰਮਾਂ ਅਨੁਸਾਰ ਕਈ ਜੀਵ ਅਕਾਲ ਪੁਰਖ ਦੇ ਨੇੜੇ ਹੋ ਜਾਂਦੇ ਹਨ ਅਤੇ ਕਈ ਅਕਾਲ–ਪੁਰਖ ਤੋਂ ਦੂਰ ਰਹਿ ਜਾਂਦੇ ਹਨ ਜਿਨ੍ਹਾਂ ਨੇ ਪਰਮਾਤਮਾ ਦਾ, ਅਕਾਲਪੁਰਖ ਦਾ ਨਾਮ ਸਿਮਰਿਆ ਹੈ, ਉਹ ਆਪਣੀ ਮਿਹਨਤ ਸਫ਼ਲ ਕਰ ਗਏ ਹਨ । ਅਕਾਲ ਪੁਰਖ ਦੇ ਦਰ 'ਤੇ ਉਹ ਉੱਜਲ ਮੁੱਖ ਵਾਲ਼ੇ ਹਨ ਅਤੇ ਹੋਰ ਵੀ ਕਈ ਜੀਵ ਉਹਨਾਂ ਦੀ ਸੰਗਤ ਵਿੱਚ ਰਹਿ ਕੇ 'ਕੂੜ ਦੀ ਪਾਲ' ਢਾਹ ਕੇ ਮਾਇਆ ਦੇ ਬੰਧਨਾਂ ਤੋਂ ਅਜ਼ਾਦ ਹੋ ਗਏ ਹਨ । ਭਾਵ : ਇਹ ਸੰਸਾਰ ਇੱਕ ਰੰਗ–ਭੂਮੀ ਹੈ ਜਿਸ ਵਿੱਚ ਜੀਵ ਖਿਲਾੜੀ ਆਪੋ–ਆਪਣੀ ਖੇਡ ਖੇਡ ਰਹੇ ਹਨ। ਹਰੇਕ ਜੀਵ ਦੀ ਖੇਡ ਦੀ ਪੜਤਾਲ ਬੜੇ ਗਹੁ ਨਾਲ਼ ਹੋ ਰਹੀ ਹੈ । ਜਿਹੜੇ ਮਨੁੱਖ ਨਿਰੀ ਮਾਇਆ ਦੀ ਖੇਡ ਹੀ ਖੇਡੀ ਗਏ, ਉਹ ਪ੍ਰਭੂ ਤੋਂ ਵਿੱਥ ਪਾ ਗਏ ਪਰ ਜਿਨ੍ਹਾਂ ਨੇ ਸਿਮਰਨ ਦੀ ਖੇਡ ਖੇਡੀ, ਉਹ ਆਪਣੀ ਮਿਹਨਤ ਸਫ਼ਲ ਕਰ ਗਏ ਅਤੇ ਹੋਰ ਕਈ ਜੀਵਾਂ ਨੂੰ ਇਸ ਸੁਚੱਜੇ ਰਾਹ ਉੱਤੇ ਪਾਉਂਦੇ ਹੋਏ ਆਪ ਵੀ ਪਰਮਾਤਮਾ ਦੀ ਹਜ਼ੂਰੀ ਵਿੱਚ ਸੁਰਖ਼ਰੂ ਹੋ ਗਏ ।

## ਫਕੜ ਜਾਤੀ ਫਕੜੁ ਨਾਉ

ਫਕੜ ਜਾਤੀ ਫਕੜੁ ਨਾਉ ।।
ਸਭਨਾ ਜੀਆ ਇਕਾ ਛਾਉ ।।
ਆਪਹੁ ਜੇ ਕੋ ਭਲਾ ਕਹਾਏ ।।



Downloaded from https:// www.studiestoday.com

Downloaded from https:// www.studiestoday.com

ਨਾਨਕ ਤਾ ਪਰੁ ਜਾਪੈ ਜਾ ਪਤਿ ਲੇਖੈ ਪਾਏ॥

*(ਸਿਰੀਰਾਗ ਪੰਨਾ 83)*

**ਸ਼ਬਦ-ਅਰਥ :**

ਨਾਉ- ਨਾਮਣਾ, ਵਡਿਆਈ। ਫਕੜੁ-ਵਿਅਰਥ। ਛਾਉ-ਸਾਦ੍ਰਿਸ਼ਟਤਾ, ਨੁਹਾਰ। ਪਰੁ ਜਾਪੈ-ਚੰਗੀ ਤਰ੍ਹਾਂ ਪ੍ਰਗਟ ਹੁੰਦਾ ਹੈ।

**ਅਰਥ :**

ਜਾਤ ਦਾ ਅਹੰਕਾਰ ਅਤੇ ਨਾਮ ਦੇ ਵਡੱਪਣ ਦਾ ਹੰਕਾਰ ਵਿਅਰਥ ਹਨ। ਅਸਲ ਵਿੱਚ ਸਾਰੇ ਜੀਵਾਂ ਦੀ ਨੁਹਾਰ ਇੱਕੋ ਹੀ ਹੁੰਦੀ ਹੈ ਭਾਵ ਆਤਮਾ ਸਭ ਦੀ ਇੱਕੋ ਜਿਹੀ ਹੈ। ਜਾਤੀ ਜਾਂ ਵਡਿਆਈ ਦੇ ਸਦਕਾ ਜੇ ਕੋਈ ਜੀਵ ਆਪਣੇ ਆਪ ਨੂੰ ਚੰਗਾ ਅਖਵਾਏ ਤਾਂ ਉਹ ਚੰਗਾ ਨਹੀਂ ਬਣ ਜਾਂਦਾ। ਜੀਵ ਤਾਂ ਹੀ ਚੰਗਾ ਜਾਣਿਆ ਜਾਂਦਾ ਹੈ ਜੇ ਲੇਖੇ ਵਿੱਚ ਭਾਵ ਸੱਚੀ ਦਰਗਾਹ ਵਿੱਚ ਲੇਖਾ ਦੇਣ ਵੇਲ਼ੇ ਵੀ ਆਦਰ ਪਾਵੇ।

## ਹਕੁ ਪਰਾਇਆ ਨਾਨਕਾ

ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥
ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥
ਗਲੀ ਭਿਸਤਿ ਨ ਜਾਈਐ ਛੁਟੈ ਸਚੁ ਕਮਾਇ॥
ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ॥
ਨਾਨਕ ਗਲੀ ਕੂੜੀਈ ਕੂੜੋ ਪਲੈ ਪਾਇ॥

*(ਰਾਗ ਮਾਝ ਪੰਨਾ 141)*

**ਸ਼ਬਦ-ਅਰਥ :**

ਹਾਮਾ ਭਰੇ-ਸਿਫ਼ਾਰਸ਼ ਕਰਦਾ ਹੈ। ਮੁਰਦਾਰੁ-ਪਰਾਇਆ ਹੱਕ। ਭਿਸਤਿ-ਬਹਿਸ਼ਤ ਵਿੱਚ। ਛੁਟੈ-ਮੁਕਤੀ ਹਾਸਲ ਹੁੰਦੀ ਹੈ। ਕਮਾਇ-ਕਮਾ ਕੇ। ਮਾਰਣ-ਬਹਿਸ ਆਦਿ ਚਤਰਾਈ ਦੀਆਂ ਗੱਲਾਂ। ਕੂੜੀਈ ਗਲੀ-ਝੂਠੀਆਂ ਗੱਲਾਂ, ਕੂੜੀਆਂ ਗੱਲਾਂ। ਪਲੈ ਪਾਇ-ਮਿਲ਼ਦਾ ਹੈ।

**ਅਰਥ :**

ਪਰਾਇਆ ਹੱਕ ਮੁਸਲਮਾਨ ਲਈ ਸੂਰ ਹੈ ਅਤੇ ਹਿੰਦੂ ਲਈ ਗਾਂ ਹੈ। ਗੁਰੂ ਪੈਗੰਬਰ ਤਾਂ ਹੀ ਸਿਫ਼ਾਰਸ਼ ਕਰਦਾ ਹੈ ਜੇ ਮਨੁੱਖ ਪਰਾਇਆ ਹੱਕ ਨਾ ਖਾਵੇ। ਨਿਰੀਆਂ ਗੱਲਾਂ ਕਰਨ ਨਾਲ਼ ਬਹਿਸ਼ਤ ਵਿੱਚ ਨਹੀਂ ਅੱਪੜ ਸਕੀਦਾ। ਸੱਚ ਨੂੰ ਭਾਵ ਜਿਸ ਨੂੰ ਸੱਚਾ ਰਸਤਾ ਆਖਦੇ ਹਨ, ਉਸ ਨੂੰ ਅਮਲੀ ਜੀਵਨ ਵਿੱਚ ਵਰਤਿਆਂ ਹੀ ਮੁਕਤੀ ਹਾਸਲ ਹੁੰਦੀ ਹੈ। ਬਹਿਸ ਆਦਿ ਗੱਲਾਂ ਦੇ ਮਸਾਲੇ ਹਰਾਮ ਦੀ ਕਮਾਈ ਵਾਲ਼ੇ ਮਾਲ ਵਿੱਚ ਪਾਉਣ ਨਾਲ਼ ਉਹ ਹੱਕ ਦਾ ਮਾਲ ਨਹੀਂ ਬਣ ਜਾਂਦਾ। ਕੂੜੀਆਂ ਗੱਲਾਂ ਭਾਵ ਝੂਠੀਆਂ ਗੱਲਾਂ ਕਰਨ ਨਾਲ਼ ਕੂੜ ਹੀ ਮਿਲ਼ਦਾ ਹੈ।

## ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ

ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ॥
ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ॥



Downloaded from https:// www.studiestoday.com

Downloaded from https:// www.studiestoday.com

ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ।।
ਕਰਣੀ ਕਲਮਾ ਆਖਿ ਕੈ ਤਾ ਮੁਸਲਮਾਣੁ ਸਦਾਇ।।
ਨਾਨਕ ਜੇਤੇ ਕੂੜਿਆਰ ਕੂੜੈ ਕੂੜੀ ਪਾਇ।। *(ਰਾਗ ਮਾਝ ਪੰਨਾ 141)*

**ਸ਼ਬਦ-ਅਰਥ :**

ਵਖਤ- ਵਕਤ, ਸਮਾਂ। ਦੁਇ-ਦੂਜੀ। ਖੈਰ ਖੁਦਾਇ-ਰੱਬ ਤੋਂ ਸਭ ਦਾ ਭਲਾ ਮੰਗਣਾ। ਰਾਸਿ-ਸਾਫ਼। ਸਨਾਇ-ਵਡਿਆਈ। ਪਾਇ-ਪਾਇਆ, ਇੱਜ਼ਤ।

**ਅਰਥ :**

ਮੁਸਲਮਾਨਾਂ ਦੀਆਂ ਪੰਜ ਨਮਾਜ਼ਾਂ ਹਨ, ਉਹਨਾਂ ਦੇ ਪੰਜ ਵਕਤ ਹਨ ਤੇ ਪੰਜਾਂ ਹੀ ਨਿਮਾਜ਼ਾਂ ਦੇ ਵੱਖੋ-ਵੱਖਰੇ ਪੰਜ ਨਾਮ। ਪਰ ਸਾਡੇ ਮਤ ਅਨੁਸਾਰ ਅਸਲ ਨਿਮਾਜ਼ਾਂ ਇਸ ਤਰ੍ਹਾਂ ਹਨ- ਸੱਚ ਬੋਲਣਾ ਨਿਮਾਜ਼ ਦਾ ਪਹਿਲਾ ਨਾਮ ਹੈ ਭਾਵ ਸਵੇਰ ਦੀ ਪਹਿਲੀ ਨਮਾਜ਼ ਹੈ- ਸੱਚ ਬੋਲਣਾ। ਦੂਜੀ ਨਮਾਜ਼ ਹੈ ਹੱਕ ਦੀ ਕਮਾਈ: ਤੀਜੀ ਨਮਾਜ਼ ਹੈ ਰੱਬ ਤੋਂ ਸਭ ਦਾ ਭਲਾ ਮੰਗਣਾ; ਨੀਅਤ ਨੂੰ ਸਾਫ਼ ਕਰਨਾ ਅਤੇ ਮਨ ਨੂੰ ਸਾਫ਼ ਰੱਖਣਾ ਚੌਥੀ ਨਮਾਜ਼ ਹੈ : ਪਰਮਾਤਮਾ ਦੀ ਸਿਫ਼ਤ-ਸਲਾਹ ਅਤੇ ਵਡਿਆਈ ਕਰਨੀ ਪੰਜਵੀਂ ਨਿਮਾਜ਼ ਹੈ। ਇਹਨਾਂ ਪੰਜਾਂ ਨਮਾਜ਼ਾਂ ਦੇ ਨਾਲ਼-ਨਾਲ਼ ਉੱਚਾ ਆਚਰਨ ਬਣਾਉਣ ਰੂਪੀ ਕਲਮਾ ਪੜ੍ਹੋ ਤਾਂ ਹੀ ਆਪਣੇ ਆਪ ਨੂੰ ਸੱਚਾ ਮੁਸਲਮਾਨ ਅਖਵਾ ਸਕਦੇ ਹੋ। ਇਹਨਾਂ ਨਮਾਜ਼ਾਂ ਅਤੇ ਕਲਮੇ ਤੋਂ ਖੁੰਝੇ ਹੋਏ ਜਿੰਨੇ ਵੀ ਮਨੁੱਖ ਹਨ, ਉਹ ਕੂੜੇ ਦੇ ਵਪਾਰੀ ਹਨ ਅਤੇ ਕੂੜ ਦੀ ਇੱਜ਼ਤ ਵੀ ਕੂੜੀ ਹੁੰਦੀ ਹੈ।

## ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ

ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ।।
ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ।।
ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ।।
ਗਿਆਨੀ ਨਚਹਿ ਵਾਜੇ ਵਾਵਹਿ ਰੂਪ ਕਰਹਿ ਸੀਗਾਰੁ।।
ਊਚੇ ਕੂਕਹਿ ਵਾਦਾ ਗਾਵਹਿ ਜੋਧਾ ਕਾ ਵੀਚਾਰੁ।।
ਮੂਰਖਿ ਪੰਡਿਤ ਹਿਕਮਤਿ ਹੁਜਤਿ ਸੰਜੈ ਕਰਹਿ ਪਿਆਰੁ।।
ਧਰਮੀ ਧਰਮੁ ਕਰਹਿ ਗਾਵਾਵਹਿ ਮੰਗਹਿ ਮੋਖ ਦੁਆਰੁ।।
ਜਤੀ ਸਦਾਵਹਿ ਜੁਗਤਿ ਨ ਜਾਣਹਿ ਛਡਿ ਬਹਹਿ ਘਰ ਬਾਰੁ।।
ਸਭੁ ਕੋ ਪੂਰਾ ਆਪੇ ਹੋਵੈ ਘਟਿ ਨ ਕੋਈ ਆਖੈ।।
ਪਤਿ ਪਰਵਾਣਾ ਪਿਛੈ ਪਾਈਐ ਤਾ ਨਾਨਕ ਤੋਲਿਆ ਜਾਪੈ।।
*(ਰਾਗ ਆਸਾ ਪੰਨਾ 468)*

**ਸ਼ਬਦ-ਅਰਥ :**

ਲਬੁ-ਜੀਭ ਦਾ ਚਸਕਾ। ਮਹਤਾ-ਵਜ਼ੀਰ। ਸਿਕਦਾਰੁ-ਚੌਧਰੀ। ਨੇਬੁ-ਨਾਇਬ। ਸਦਿ-ਸੱਦ ਕੇ। ਅੰਧੀ ਰਯਤਿ-ਵਿਕਾਰਾਂ ਦੇ ਅਧੀਨ ਹੋ ਕੇ ਅੰਨ੍ਹੇ ਹੋਏ ਜੀਵ। ਭਾਹਿ-ਅੱਗ। ਮੁਰਦਾਰੁ-ਵੱਢੀ, ਰਿਸ਼ਵਤ।



Downloaded from https:// www.studiestoday.com

Downloaded from https:// www.studiestoday.com

ਭਰੇ ਮੁਰਦਾਰੁ- ਚੱਟੀ ਭਰਦੀ ਹੈ। ਗਿਆਨੀ-ਹੋਰਨਾਂ ਨੂੰ ਉਪਦੇਸ਼ ਕਰਨ ਵਾਲ਼ੇ। ਵਾਵਹਿ-ਵਜਾਉਂਦੇ ਹਨ। ਰੂਪ ਕਰਹਿ-ਕਈ ਭੇਸ ਵਟਾਉਂਦੇ ਹਨ। ਵਾਦਾ-ਝਗੜੇ ਯੁੱਧਾਂ ਦਾ ਪ੍ਰਸੰਗ। ਜੋਧਾ ਕਾ ਵੀਚਾਰੁ-ਸੂਰਮਿਆਂ ਦੀਆਂ ਕਹਾਣੀਆਂ ਦੀ ਵਿਆਖਿਆ। ਹਿਕਮਤਿ-ਚਲਾਕੀ। ਹੁਜਤਿ-ਦਲੀਲ। ਸੰਜੈ-ਮਾਇਆ ਇਕੱਠੀ ਕਰਨ ਵਿੱਚ। ਧਰਮੀ-ਆਪਣੇ-ਆਪ ਨੂੰ ਧਰਮਾਂ ਵਾਲ਼ਾ ਸਮਝਣ ਵਾਲ਼ਾ। ਗਵਾਵਹਿ-ਗੁਆ ਲੈਂਦੇ ਹਨ। ਮੋਖ ਦੁਆਰੁ-ਮੁਕਤੀ ਦਾ ਦਰਵਾਜ਼ਾ। ਜਤੀ-ਉਹ ਮਨੁੱਖ ਜਿਨ੍ਹਾਂ ਨੇ ਆਪਣੇ ਇੰਦਰਿਆਂ ਨੂੰ ਆਪਣੇ ਕਾਬੂ ਵਿੱਚ ਕੀਤਾ ਹੋਇਆ ਹੈ। ਜੁਗਤਿ-ਜਾਚ। ਘਟਿ-ਊਣਾ। ਪਤਿ-ਇੱਜ਼ਤ। ਪਰਵਾਣਾ-ਵੱਟਾ। ਪਿਛੈ-ਤੱਕੜੀ ਦੇ ਪਿਛਲੇ ਛਾਬੇ ਵਿੱਚ।

**ਅਰਥ :**

ਇਸ ਸੰਸਾਰ ਵਿੱਚ ਜੀਵਾਂ ਵਾਸਤੇ ਜੀਭ ਦਾ ਚਸਕਾ ਮਾਨੋ ਰਾਜਾ ਹੈ, ਪਾਪ ਵਜ਼ੀਰ ਹੈ ਅਤੇ ਝੂਠ ਚੌਧਰੀ ਹੈ। ਇਸੇ ਲੋਭ ਅਤੇ ਪਾਪ ਦੇ ਦਰਬਾਰ ਵਿੱਚ ਕਾਮ ਨਾਇਬ ਹੈ, ਇਸ ਨੂੰ ਸੱਦ ਕੇ ਸਲਾਹ ਪੁੱਛੀ ਜਾਂਦੀ ਹੈ, ਇਹੀ ਇਹਨਾਂ ਦਾ ਵੱਡਾ ਸਲਾਹਕਾਰ ਹੈ। ਪਰਜਾ ਗਿਆਨ ਤੋਂ ਸੱਖਣੀ ਹੋਣ ਕਰਕੇ ਮਾਨੋ ਅੰਨ੍ਹੀ ਹੋਈ ਹੋਈ ਹੈ ਅਤੇ ਤ੍ਰਿਸ਼ਨਾ ਦੀ ਅੱਗ ਦੀ ਚੱਟੀ ਭਰਦੀ ਹੈ। ਜਿਹੜੇ ਮਨੁੱਖ ਆਪਣੇ ਆਪ ਨੂੰ ਗਿਆਨਵਾਨ ਸਮਝਦੇ ਹਨ, ਉਹ ਨੱਚਦੇ ਹਨ, ਵਾਜੇ ਵਜਾਉਂਦੇ ਹਨ, ਕਈ ਤਰ੍ਹਾਂ ਦੇ ਭੇਸ ਵਟਾਉਂਦੇ ਹਨ ਅਤੇ ਸ਼ਿੰਗਾਰ ਕਰਦੇ ਹਨ; ਉਹ ਗਿਆਨੀ ਉੱਚੀ-ਉੱਚੀ ਕੂਕਦੇ ਹਨ, ਜੁੱਧਾਂ ਦੇ ਪ੍ਰਸੰਗ ਸੁਣਾਉਂਦੇ ਹਨ ਅਤੇ ਜੋਧਿਆਂ ਦੀਆਂ ਵਾਰਾਂ ਦੀ ਵਿਆਖਿਆ ਕਰਦੇ ਹਨ। ਪੜ੍ਹੇ-ਲਿਖੇ ਮੂਰਖ ਨਿਰੀਆਂ ਚਲਾਕੀਆਂ ਕਰਨੀਆਂ ਅਤੇ ਦਲੀਲਾਂ ਦੇਣੀਆਂ ਹੀ ਜਾਣਦੇ ਹਨ, ਪਰ ਮਾਇਆ ਇਕੱਠੀ ਕਰਨ ਵਿੱਚ ਜੁਟੇ ਹੋਏ ਹਨ।

ਜੋ ਮਨੁੱਖ ਆਪਣੇ ਆਪ ਨੂੰ ਧਰਮੀ ਸਮਝਦੇ ਹਨ ਉਹ ਆਪਣੇ ਵੱਲੋਂ ਤਾਂ ਧਰਮ-ਕਰਮ ਦਾ ਕੰਮ ਕਰਦੇ ਹਨ ਪਰ ਸਾਰੀ ਮਿਹਨਤ ਗੁਆ ਬੈਠਦੇ ਹਨ ਕਿਉਂਕਿ ਉਹ ਇਸ ਧਰਮ-ਕਰਮ ਬਦਲੇ ਮੁਕਤੀ ਦਾ ਦਰ ਮੰਗਦੇ ਹਨ ਕਿ ਅਸੀਂ ਮੁਕਤ ਹੋ ਜਾਈਏ ਭਾਵ ਧਰਮ ਦਾ ਕੰਮ ਤਾਂ ਕਰਦੇ ਹਨ ਪਰ ਨਿਸ਼ਕਾਮ ਹੋ ਕੇ ਨਹੀਂ ਉਹ ਅਜੇ ਵੀ ਵਾਸ਼ਨਾ ਦੇ ਬੱਧੇ ਹੋਏ ਹਨ।

ਕਈ ਅਜਿਹੇ ਹਨ, ਜਿਹੜੇ ਆਪਣੇ ਆਪ ਨੂੰ ਜਤੀ ਅਖਵਾਉਂਦੇ ਹਨ। ਜਤੀ ਹੋਣ ਦੀ ਅਸਲ ਜੁਗਤੀ ਜਾਣਦੇ ਨਹੀਂ ਅਤੇ ਐਵੇਂ ਵੇਖੋ ਵੇਖੀ ਘਰ-ਘਾਟ ਛੱਡ ਜਾਂਦੇ ਹਨ।

ਇਸ ਤਰ੍ਹਾਂ ਲਬ, ਪਾਪ, ਕੂੜ ਅਤੇ ਵਿਕਾਰਾਂ ਦਾ ਇਤਨਾ ਬੋਲਬਾਲਾ ਹੈ ਕਿ ਜਿੱਧਰ ਦੇਖੋ ਹਰੇਕ ਮਨੁੱਖ ਆਪਣੇ ਆਪ ਨੂੰ ਪੂਰਨ ਤੌਰ 'ਤੇ ਸਿਆਣਾ ਸਮਝਦਾ ਹੈ। ਕੋਈ ਮਨੁੱਖ ਇਹ ਨਹੀਂ ਆਖਦਾ ਕਿ ਮੇਰੇ ਵਿੱਚ ਕੋਈ ਊਣਤਾਈ ਹੈ। ਪਰ ਮਨੁੱਖ ਤੋਲ ਵਿੱਚ ਭਾਵ ਪਰਖ ਵਿੱਚ ਤਾਂ ਹੀ ਪੂਰਾ ਉੱਤਰਦਾ ਹੈ ਜੇਕਰ ਤੱਕੜੀ ਦੇ ਦੂਜੇ ਪਲੜੇ ਵਿੱਚ ਰੱਬ ਦੀ ਦਰਗਾਹ ਵਿੱਚੋਂ ਮਿਲ਼ੀ ਇੱਜ਼ਤ ਰੂਪੀ ਵੱਟਾ ਪਾਇਆ ਜਾਵੇ, ਭਾਵ ਕੇਵਲ ਉਹੀ ਮਨੁੱਖ ਸੰਪੂਰਨ ਹੈ ਜਿਸ ਨੂੰ ਰੱਬ ਦੀ ਦਰਗਾਹ ਵਿੱਚ ਵੀ ਆਦਰ ਮਿਲ਼ਦਾ।

## ਦੁਖੁ ਦਾਰੂ ਸੁਖੁ ਰੋਗੁ ਭਇਆ

ਦੁਖੁ ਦਾਰੂ ਸੁਖੁ ਰੋਗੁ ਭਇਆ ਜਾ ਸੁਖੁ ਤਾਮਿ ਨ ਹੋਈ।।
ਤੂੰ ਕਰਤਾ ਕਰਣਾ ਮੈਂ ਨਾਹੀ ਜਾ ਹਉ ਕਰੀ ਨ ਹੋਈ।।
ਬਲਿਹਾਰੀ ਕੁਦਰਤਿ ਵਸਿਆ।। ਤੇਰਾ ਅੰਤ ਨ ਜਾਈ ਲਖਿਆ।। ਰਹਾਉ।।



Downloaded from https:// www.studiestoday.com

Downloaded from https:// www.studiestoday.com

ਜਾਤਿ ਮਹਿ ਜੋਤਿ ਜੋਤਿ ਮਹਿ ਜਾਤਾ ਅਕਲ ਕਲਾ ਭਰਪੂਰਿ ਰਹਿਆ ।।
ਤੂੰ ਸਚਾ ਸਾਹਿਬੁ ਸਿਫਤਿ ਸੁਆਲਿਉ ਜਿਨਿ ਕੀਤੀ ਸੋ ਪਾਰਿ ਪਇਆ ।।
ਕਹੁ ਨਾਨਕ ਕਰਤੇ ਕੀਆ ਬਾਤਾ ਜੋ ਕਿਛੁ ਕਰਣਾ ਸੁ ਕਰਿ ਰਹਿਆ ।।

*(ਰਾਗ ਆਸਾ ਪੰਨਾ 469)*

**ਸ਼ਬਦ-ਅਰਥ :**

ਤਾਮਿ–ਤਦੋਂ। ਕਰਣਾ–ਕਰਨਹਾਰ। ਮੈਂ ਨਾਹੀਂ-ਮੈਂ ਕੁਝ ਵੀ ਨਹੀਂ। ਜਾ ਹਉ ਕਰੀ–ਜੇ ਮੈਂ ਆਪਣੇ ਆਪ ਨੂੰ ਕੁਝ ਸਮਝਾਂ। ਨ ਹੋਈ–ਨਹੀਂ ਫਬਦਾ, ਇਹ ਗੱਲ ਨਹੀਂ ਫਬਦੀ। ਜਾਤਿ–ਸ੍ਰਿਸ਼ਟੀ। ਜੋਤਿ–ਰੱਬ ਦਾ ਨੂਰ। ਜੋਤਿ ਮਹਿ–ਸਾਰੇ ਜੀਵਾਂ ਵਿੱਚ। ਜਾਤਾ–ਵੇਖਿਆ ਜਾਂਦਾ ਹੈ, ਦਿਸ ਰਿਹਾ ਹੈ। ਅਕਲ–ਸੰਪੂਰਨ। ਕਲਾ–ਟੋਟਾ,ਹਿੱਸਾ। ਅਕਲ ਕਲਾ–ਜਿਸ ਦੇ ਵੱਖੋ–ਵੱਖਰੇ ਟੋਟੇ ਨਾ ਹੋਣ, ਇੱਕ–ਰਸ ਸੰਪੂਰਨ ਪ੍ਰਭੂ। ਸੁਆਲਿਉ-ਸੋਹਣੀ, ਸੁੰਦਰ। ਜਿਨੀ ਕੀਤੀ– ਜਿਸ ਨੇ ਤੇਰੀ ਵਡਿਆਈ ਕੀਤੀ। ਕਹੁ ਕਰਤੇ ਕੀਆ ਬਾਤਾਂ–ਕਰਤਾਰ ਦੀਆਂ ਗੱਲਾਂ ਆਖ।

**ਅਰਥ :**

ਪਰਮਾਤਮਾ ਦੀ ਕੁਦਰਤ ਅਜੀਬ ਹੈ, ਬਿਪਤਾ ਜੀਵਾਂ ਦੇ ਰੋਗਾਂ ਦਾ ਇਲਾਜ ਬਣ ਜਾਂਦੀ ਹੈ ਅਤੇ ਸੁੱਖ ਉਹਨਾਂ ਲਈ ਦੁੱਖ ਦਾ ਕਾਰਨ ਹੋ ਜਾਂਦਾ ਹੈ। ਪਰ ਜੇ ਅਸਲੀ ਆਤਮਿਕ ਸੁੱਖ ਜੀਵ ਨੂੰ ਮਿਲ਼ ਜਾਵੇ ਤਾਂ ਦੁੱਖ ਨਹੀਂ ਰਹਿੰਦਾ। ਹੇ ਪਰਮਾਤਮਾ ! ਤੂੰ ਹੀ ਕਰਨਹਾਰ ਸਮਰੱਥ ਹੈ। ਤੂੰ ਆਪ ਹੀ ਇਹਨਾਂ ਭੇਤਾਂ ਨੂੰ ਸਮਝਦਾ ਹੈਂ ਮੇਰੀ ਕੋਈ ਸਮਰੱਥਾ ਨਹੀਂ ਕਿ ਮੈਂ ਇਹਨਾਂ ਨੂੰ ਸਮਝ ਸਕਾਂ। ਜੇ ਮੈਂ ਆਪਣੇ ਆਪ ਨੂੰ ਕੁਝ ਸਮਝਾਂ ਭਾਵ ਮੈਂ ਇਹ ਖ਼ਿਆਲ ਕਰਨ ਲੱਗ ਪਵਾਂ ਕਿ ਮੈਂ ਤੇਰੇ ਭੇਤ ਨੂੰ ਸਮਝ ਸਕਦਾ ਹਾਂ ਤਾਂ ਮੈਨੂੰ ਇਹ ਗੱਲ ਫਬਦੀ ਨਹੀਂ। ਕੁਦਰਤ ਵਿੱਚ ਵੱਸ ਰਹੇ ਪਰਮਾਤਮਾ ਦਾ ਭੇਤ ਨਹੀਂ ਪਾਇਆ ਜਾ ਸਕਦਾ, ਮੈਂ ਪਰਮਾਤਮਾ ਤੋਂ ਸਦਕੇ ਜਾਂਦਾ ਹਾਂ। ਸਾਰੀ ਸ੍ਰਿਸ਼ਟੀ ਵਿੱਚ ਪਰਮਾਤਮਾ ਦਾ ਹੀ ਨੂਰ ਵੱਸ ਰਿਹਾ ਹੈ, ਸਾਰੇ ਜੀਵਾਂ ਵਿੱਚ ਉਸ ਦਾ ਪ੍ਰਕਾਸ਼ ਹੈ, ਪਰਮਾਤਮਾ ਸਭਨਾਂ ਥਾਂਵਾਂ ਉੱਤੇ ਇੱਕ–ਰਸ (ਇੱਕ ਸਾਰ) ਵਿਆਪਕ ਹੈ। ਹੇ ਪਰਮਾਤਮਾ ! ਤੂੰ ਹਮੇਸ਼ਾਂ ਥਿਰ ਰਹਿਣ ਵਾਲ਼ਾ ਹੈਂ, ਜਿਸ ਨੇ ਤੇਰੇ ਗੁਣ ਗਾਏ ਹਨ, ਉਹ ਇਸ ਸੰਸਾਰ–ਸਾਗਰ ਤੋਂ ਤਰ ਗਿਆ ਹੈ। ਗੁਰੂ ਨਾਨਕ ਦੇਵ ਜੀ ਪ੍ਰੇਰਨਾ ਦਿੰਦੇ ਹਨ ਕਿ ਹੇ ਮਨੁੱਖ ! ਤੂੰ ਵੀ ਕਰਤਾਰ ਦੀ ਸਿਫ਼ਤ–ਸਲਾਹ ਕਰ ਤੇ ਆਖ ਕਿ ਪ੍ਰਭੂ ਜੋ ਕੁਝ ਕਰਨਾ ਚੰਗਾ ਸਮਝਦਾ ਹੈ, ਉਹ ਕਰ ਰਿਹਾ ਹੈ ਭਾਵ ਉਸ ਦੇ ਕੰਮਾਂ ਵਿੱਚ ਕਿਸੇ ਦਾ ਦਖ਼ਲ ਨਹੀਂ ਹੈ।

## ਨਾਵਣ ਚਲੇ ਤੀਰਥੀ

ਨਾਵਣ ਚਲੇ ਤੀਰਥੀ ਮਨਿ ਖੋਟੈ ਤਨਿ ਚੋਰ ।।
ਇਕੁ ਭਾਉ ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰ ।।
ਬਾਹਰਿ ਧੋਤੀ ਤੂਮੜੀ ਅੰਦਰ ਵਿਸੁ ਨਿਕੋਰ ।।
ਸਾਧ ਭਲੇ ਅਣਨਾਤਿਆ ਚੋਰ ਸਿ ਚੋਰਾ ਚੋਰ ।।

*(ਰਾਗ ਸੂਹੀ ਪੰਨਾ 789)*

**ਸ਼ਬਦ-ਅਰਥ :**

ਮਨਿ ਖੋਟੈ–ਖੋਟੇ ਮਨ ਨਾਲ਼। ਤਨਿ–ਸਰੀਰ ਵਿੱਚ। ਚੋਰ–ਵਿਕਾਰ ਰੂਪੀ ਚੋਰ। ਇਕੁ ਭਾਉ–ਇੱਕ ਹਿੱਸਾ।



Downloaded from https:// www.studiestoday.com

Downloaded from https:// www.studiestoday.com

ਲਥੀ-ਮੈਲ ਲਹਿ ਗਈ। ਦੁਇ ਭਾ-ਦੋ ਹਿੱਸੇ। ਹੋਰ-ਹੋਰ ਮੈਲ਼। ਤੂੰਮੜੀ-ਤੂੰਮੀ। ਵਿਸੁ-ਜ਼ਹਿਰ। ਨਿਕੋਰ-ਨਿਰੋਲ।

**ਅਰਥ :**

ਜੋ ਖੋਟੇ ਮਨ ਨਾਲ਼ ਤੀਰਥਾਂ ਉੱਤੇ ਨ੍ਹਾਉਣ ਤੁਰ ਪਏ ਅਤੇ ਸਰੀਰ ਵਿੱਚ ਵਿਕਾਰਾਂ ਦੇ ਚੋਰ ਵੀ ਉਸੇ ਤਰ੍ਹਾਂ ਟਿਕੇ ਰਹੇ ਤਾਂ, ਨ੍ਹਾਉਣ ਨਾਲ਼ ਇੱਕ ਹਿੱਸਾ ਮੈਲ ਭਾਵ ਸਰੀਰ ਦੀ ਬਾਹਰਲੀ ਤੂੰ ਮੈਲ਼ ਤਾਂ ਲਹਿ ਗਈ। ਪਰ ਮਨ ਵਿੱਚ ਹੰਕਾਰ ਦੀ ਦੂਣੀ ਮੈਲ਼ ਚੜ੍ਹ ਗਈ। ਤੂੰਮੀ ਵਾਲ਼ਾ ਹਾਲ ਹੀ ਹੋਇਆ ਉਹ ਬਾਹਰੋਂ ਤਾਂ ਧੋਤੀ ਗਈ ਪਰ ਉਸ ਦੇ ਅੰਦਰ ਨਿਰੋਲ ਵਿਸ ਭਾਵ ਕੁੜੱਤਣ ਟਿਕੀ ਰਹੀ। ਇਸੇ ਲਈ ਭਲੇ ਮਨੁੱਖ ਤੀਰਥਾਂ ਉੱਤੇ ਨਹਾਉਣ ਤੋਂ ਬਿਨਾਂ ਵੀ ਭਲੇ ਹਨ ਅਤੇ ਚੋਰ ਤੀਰਥਾਂ ਉੱਤੇ ਨ੍ਹਾ ਕੇ ਵੀ ਚੋਰ ਹੀ ਹਨ।

## ਮਾਘਿ ਪੁਨੀਤ ਭਈ

ਮਾਘਿ ਪੁਨੀਤ ਭਈ ਤੀਰਥੁ ਅੰਤਰਿ ਜਾਨਿਆ।।
ਸਾਜਨ ਸਹਜਿ ਮਿਲੇ ਗੁਣ ਗਹਿ ਅੰਕਿ ਸਮਾਨਿਆ।।
ਪ੍ਰੀਤਮ ਗੁਣ ਅੰਕੇ ਸੁਣਿ ਪ੍ਰਭ ਬੰਕੇ ਤੁਧੁ ਭਾਵਾ ਸਰਿ ਨਾਵਾ।।
ਗੰਗ ਜਮੁਨ ਤਹ ਬੇਣੀ ਸੰਗਮ ਸਾਤ ਸਮੁੰਦ ਸਮਾਵਾ।।
ਪੁੰਨ ਦਾਨ ਪੂਜਾ ਪਰਮੇਸੁਰ ਜੁਗਿ ਜੁਗਿ ਏਕੋ ਜਾਤਾ।।
ਨਾਨਕ ਮਾਘਿ ਮਹਾਰਸੁ ਹਰਿ ਜਪਿ ਅਠਸਠਿ ਤੀਰਥ ਨਾਤਾ।।

*(ਰਾਗ ਤੁਖਾਰੀ ਪੰਨਾ 1109)*

**ਸ਼ਬਦ-ਅਰਥ :**

ਮਾਘਿ-ਮਾਘ ਮਹੀਨੇ ਵਿੱਚ। ਪੁਨੀਤ-ਪਵਿੱਤਰ। ਤੀਰਥੁ-ਪਵਿੱਤਰ ਅਸਥਾਨ (ਖ਼ਾਸ ਤੌਰ 'ਤੇ ਉਹ, ਜੋ ਕਿਸੇ ਨਦੀ ਆਦਿਕ ਦੇ ਨੇੜੇ ਹੋਵੇ)। ਅੰਤਰਿ-ਹਿਰਦੇ ਵਿੱਚ। ਜਾਨਿਆ-ਪਛਾਣ ਲਿਆ, ਲੱਭ ਲਿਆ। ਸਹਜਿ-ਸਹਿਜ ਵਿੱਚ, ਅਡੋਲ ਅਵਸਥਾ ਵਿੱਚ। ਗਹਿ-ਗ੍ਰਹਿਣ ਕਰ ਕੇ। ਅੰਕਿ-ਅੰਕ ਵਿੱਚ, ਹਿਰਦੇ ਵਿੱਚ। ਸੁਣਿ-(ਤੇਰੇ ਗੁਣ) ਸੁਣ ਕੇ। ਬੰਕੇ-ਸੋਹਣੇ। ਸਰਿ-ਸਰੋਵਰ ਵਿੱਚ, ਤੀਰਥ ਉੱਤੇ। ਨਾਵਾ-ਨਾਵ੍ਹਾਂ, ਇਸ਼ਨਾਨ ਕਰ ਲੈਂਦਾ ਹਾਂ। ਤਹ-ਉਹ ਆਤਮਿਕ ਅਵਸਥਾ ਵਿੱਚ। ਬੇਣੀ ਸੰਗਮ-ਤ੍ਰਿਬੇਣੀ, ਗੰਗਾ-ਜਮਨਾ-ਸਰਸਵਤੀ ਤਿੰਨਾਂ ਪਵਿੱਤਰ ਨਦੀਆਂ ਦਾ ਮਿਲ਼ਾਪ-ਅਸਥਾਨ। ਜਪਿ-ਜਪ ਕੇ। ਜਾਤਾ-ਡੂੰਘੀ ਸਾਂਝ ਪਾ ਲਈ।

**ਅਰਥ :**

ਮਾਘ ਮਹੀਨੇ ਵਿੱਚ ਲੋਕ ਪ੍ਰਯਾਗ ਆਦਿਕ ਤੀਰਥਾਂ ਉੱਤੇ ਇਸ਼ਨਾਨ ਕਰਨ ਵਿੱਚ ਪਵਿੱਤਰਤਾ ਮੰਨਦੇ ਹਨ। ਪਰ ਜਿਸ ਜੀਵ ਨੇ ਆਪਣੇ ਹਿਰਦੇ ਵਿੱਚ ਹੀ ਤੀਰਥ ਪਛਾਣ ਲਿਆ ਹੈ, ਉਸ ਦੀ ਜਿੰਦ ਪਵਿੱਤਰ ਹੋ ਜਾਂਦੀ ਹੈ। ਜੋ ਜੀਵ ਪਰਮਾਤਮਾ ਦੇ ਗੁਣ ਆਪਣੇ ਹਿਰਦੇ ਵਿੱਚ ਵਸਾ ਕੇ ਉਸ ਦੇ ਚਰਨਾਂ ਵਿੱਚ ਲੀਨ ਹੁੰਦਾ ਹੈ, ਉਹ ਅਡੋਲ ਅਵਸਥਾ ਵਿੱਚ ਟਿਕ ਜਾਂਦਾ ਹੈ ਜਿੱਥੇ ਉਸ ਨੂੰ ਸੱਜਣ-ਪ੍ਰਭੂ ਮਿਲ਼ ਪੈਂਦਾ ਹੈ।

ਪ੍ਰਭੂ ! ਜੇ ਤੇਰੇ ਗੁਣ ਮੈਂ ਆਪਣੇ ਹਿਰਦੇ ਵਿੱਚ ਵਸਾ ਕੇ ਤੇਰੀ ਸਿਫ਼ਤ-ਸਾਲਾਹ ਸੁਣ ਕੇ ਤੈਨੂੰ ਚੰਗਾ ਲੱਗਣ ਲੱਗ ਪਵਾਂ, ਤਾਂ ਮੈਂ ਤੀਰਥ ਉੱਤੇ ਇਸ਼ਨਾਨ ਕਰ ਲਿਆ ਸਮਝਦਾ ਹਾਂ। ਤੇਰੇ ਚਰਨਾਂ ਵਿੱਚ ਲੀਨਤਾ



Downloaded from https:// www.studiestoday.com

Downloaded from https:// www.studiestoday.com

ਵਾਲ਼ੀ ਅਵਸਥਾ ਹੀ ਗੰਗਾ, ਜਮਨਾ, ਸਰਸਵਤੀ ਤਿੰਨਾਂ ਨਦੀਆਂ ਦਾ ਮਿਲ਼ਾਪ-ਥਾਂ ਤ੍ਰਿਵੇਣੀ ਹੈ ਉੱਥੇ ਹੀ ਮੈਂ ਸੱਤੇ ਸਮੁੰਦਰ ਸਮਾਏ ਮੰਨਦਾ ਹਾਂ।

ਜਿਸ ਮਨੁੱਖ ਨੇ ਹਰੇਕ ਜੁਗ ਵਿੱਚ ਵਿਆਪਕ ਪਰਮੇਸ਼ਰ ਨਾਲ਼ ਸਾਂਝ ਪਾ ਲਈ ਹੈ ਉਸ ਨੇ ਤੀਰਥ-ਇਸ਼ਨਾਨ ਆਦਿ ਸਾਰੇ ਪੁੰਨ-ਦਾਨ ਤੇ ਪੂਜਾ-ਕਰਮ ਕਰ ਲਏ।

ਮਾਘ ਮਹੀਨੇ ਵਿੱਚ ਤੀਰਥ-ਇਸ਼ਨਾਨ ਆਦਿ ਦੇ ਥਾਂ ਜਿਸ ਨੇ ਪ੍ਰਭੂ ਦਾ ਨਾਮ ਸਿਮਰ ਕੇ ਪ੍ਰਭੂ-ਨਾਮ ਦਾ ਮਹਾਂ-ਰਸ ਪੀ ਲਿਆ, ਉਸ ਨੇ ਅਠਾਹਠ ਤੀਰਥਾਂ ਦਾ ਹੀ ਇਸ਼ਨਾਨ ਕਰ ਲਿਆ।

## ਅਭਿਆਸ

1. **ਹੇਠਾਂ ਦਿੱਤੀਆਂ ਕਾਵਿ-ਤੁਕਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ-**

(ੳ) ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ ।।
ਗਿਆਨੀ ਨਚਹਿ ਵਾਜੇ ਵਾਵਹਿ ਰੂਪ ਕਰਹਿ ਸੀਗਾਰੁ ।।
ਊਚੇ ਕੂਕਹਿ ਵਾਦਾ ਗਾਵਹਿ ਜੋਧਾ ਕਾ ਵੀਚਾਰੁ ।।
ਮੂਰਖਿ ਪੰਡਿਤ ਹਿਕਮਤਿ ਹੁਜਤਿ ਸੰਜੈ ਕਰਹਿ ਪਿਆਰੁ ।।

(ਅ) ਫਕੜ ਜਾਤੀ ਫਕੜੁ ਨਾਉ ।। ਸਭਨਾ ਜੀਆ ਇਕਾ ਛਾਉ ।।
ਆਪਹੁ ਜੇ ਕੋ ਭਲਾ ਕਹਾਏ ।। ਨਾਨਕ ਤਾ ਪਰੁ ਜਾਪੈ ਜਾ ਪਤਿ ਲੇਖੈ ਪਾਏ।

(ੲ) ਜਾਤਿ ਮਹਿ ਜੋਤਿ ਜੋਤਿ ਮਹਿ ਜਾਤਾ ਅਕਲ ਕਲਾ ਭਰਪੂਰਿ ਰਹਿਆ ।।
ਤੂੰ ਸਚਾ ਸਾਹਿਬੁ ਸਿਫਤਿ ਸੁਆਲਿਉ ਜਿਨਿ ਕੀਤੀ ਸੋ ਪਾਰਿ ਪਇਆ ।।

2. ਸਲੋਕ 'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ' ਦਾ ਕੇਂਦਰੀ ਭਾਵ ਲਿਖੋ।

***ਜਾਂ***

'ਲਬੁ ਪਾਪੁ ਦੁਇ ਰਾਜਾ ਮਹਤਾ ਕੂੜ ਹੋਆ ਸਿਕਦਾਰੁ' ਸ਼ਬਦ ਦਾ ਕੇਂਦਰੀ ਭਾਵ ਲਿਖੋ।

3. 'ਪੰਜ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ' ਸ਼ਬਦ ਦਾ ਕੇਂਦਰੀ ਭਾਵ ਲਿਖੋ।

4. **ਵਸਤੂਨਿਸ਼ਠ ਪ੍ਰਸ਼ਨ—**

(ੳ) ਗੁਰੂ ਨਾਨਕ ਦੇਵ ਜੀ ਦੀ ਕਿਸੇ ਇੱਕ ਰਚਨਾ ਦਾ ਨਾਂ ਦੱਸੋ।

(ਅ) 'ਲਬੁ ਪਾਪ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ' ਹੇਠ ਲਿਖੇ ਗੁਰੂ ਸਾਹਿਬਾਨ ਵਿੱਚੋਂ ਕਿਹੜੇ ਗੁਰੂ ਸਾਹਿਬ ਦੀ ਰਚਨਾ ਹੈ:

(*i*) ਗੁਰੂ ਅੰਗਦ ਦੇਵ ਜੀ

(*ii*) ਗੁਰੂ ਅਰਜਨ ਦੇਵ ਜੀ

(*iii*) ਗੁਰੂ ਨਾਨਕ ਦੇਵ ਜੀ

(ੲ) 'ਪਵਣੁ ਗੁਰੂ ਪਾਣੀ ਪਿਤਾ' ਕਿਹੜਾ ਕਾਵਿ-ਰੂਪ ਹੈ :

(*i*) ਛੰਦ (*ii*) ਸਲੋਕ (*iii*) ਅਸ਼ਟਪਦੀ



Downloaded from https:// www.studiestoday.com

Downloaded from https:// www.studiestoday.com

(ਸ) 'ਫਕੜ ਜਾਤੀ ਫਕੜੁ ਨਾਉ' ਸਲੋਕ ਵਿੱਚ ਆਏ 'ਫਕੜੁ' ਸ਼ਬਦ ਤੋਂ ਕੀ ਭਾਵ ਹੈ ?

(ਹ) ਗੁਰੂ ਨਾਨਕ ਦੇਵ ਜੀ ਦੇ 'ਹਕੁ ਪਰਾਇਆ ਨਾਨਕਾ' ਸਲੋਕ ਅਨੁਸਾਰ ਮੁਸਲਮਾਨ ਅਤੇ ਹਿੰਦੂ ਲਈ ਪਰਾਇਆ ਹੱਕ ਖਾਣਾ ਕੀ ਹੈ ?

(ਕ) ਗੁਰਮਤਿ ਅਨੁਸਾਰ ਪੰਜ ਨਮਾਜ਼ਾਂ ਕਿਹੜੀਆਂ ਹਨ? ਕਿਸੇ ਇੱਕ ਦਾ ਨਾਂ ਦੱਸੋ।

(ਖ) ਗੁਰੂ ਨਾਨਕ ਦੇਵ ਜੀ ਅਨੁਸਾਰ ਅਸਲ ਧਰਮ-ਕਰਮ ਕੀ ਹੈ—

(*i*) ਫਲ਼ ਦੀ ਆਸ ਰੱਖੇ ਬਿਨਾਂ ਕੰਮ ਕਰਨਾ

(*ii*) ਧਰਮ-ਕਰਮ ਬਦਲੇ ਮੁਕਤੀ ਦਾ ਦਰ ਮੰਗਣਾ

(*iii*) ਘਰ-ਬਾਰ ਛੱਡ ਕੇ ਜਤੀ ਹੋਣਾ।

(ਗ) ਤੀਰਥਾਂ ਉੱਤੇ ਜਾ ਕੇ ਨ੍ਹਾਉਣ ਦੇ ਬਾਵਜੂਦ ਮਨ ਖੋਟਾ ਕਿਵੇਂ ਹੋ ਜਾਂਦਾ ਹੈ ?

(ਘ) ਤ੍ਰਿਵੇਣੀ ਕਿਹੜੀਆਂ ਤਿੰਨ ਨਦੀਆਂ ਦਾ ਮਿਲ਼ਾਪ ਹੈ ?

(ਣ) ਗੁਰੂ ਨਾਨਕ ਦੇਵ ਜੀ ਅਨੁਸਾਰ ਮਾਘ ਮਹੀਨੇ ਦਾ ਮਹਾਂ-ਰਸ ਕਿਹੜਾ ਹੈ—

(*i*) ਤੀਰਥਾਂ ਉੱਤੇ ਇਸ਼ਨਾਨ ਕਰਨਾ

(*ii*) ਪ੍ਰਭੂ ਦਾ ਨਾਮ ਸਿਮਰਨਾ।

*****



Downloaded from https:// www.studiestoday.com

Downloaded from https:// www.studiestoday.com

## ਗੁਰੂ ਅੰਗਦ ਦੇਵ ਜੀ

(1504-1552 ਈ:)

ਗੁਰੂ ਅੰਗਦ ਦੇਵ ਜੀ, ਸਿੱਖ ਧਰਮ ਦੇ ਦੂਜੇ ਗੁਰੂ ਹੋਏ ਹਨ। ਆਪ ਦਾ ਪਹਿਲਾ ਨਾਂ ਭਾਈ ਲਹਿਣਾ ਸੀ।

ਗੁਰੂ ਅੰਗਦ ਦੇਵ ਜੀ ਦਾ ਜਨਮ ਪਿੰਡ ਮੱਤੇ ਦੀ ਸਰਾਂ ਜ਼ਿਲ੍ਹਾ ਫ਼ਿਰੋਜ਼ਪੁਰ ਵਿੱਚ ਭਾਈ ਫੇਰੂਮਲ ਜੀ ਦੇ ਘਰ ਹੋਇਆ। ਅਠਾਈ ਵਰ੍ਹੇ ਦੀ ਉਮਰ ਵਿੱਚ ਆਪ ਦਾ ਸੰਪਰਕ ਗੁਰੂ ਨਾਨਕ ਦੇਵ ਜੀ ਨਾਲ਼ ਹੋਇਆ ਅਤੇ ਆਪ ਗੁਰੂ ਨਾਨਕ ਦੇਵ ਜੀ ਦੇ ਅਨਿੰਨ ਭਗਤ ਬਣ ਗਏ। ਆਪ ਦੀ ਨਿਮਰਤਾ, ਲਗਨ ਅਤੇ ਸੇਵਾ-ਭਾਵ ਨੂੰ ਦੇਖ ਕੇ ਗੁਰੂ ਨਾਨਕ ਦੇਵ ਜੀ ਨੇ ਆਪ ਨੂੰ ਗੁਰਗੱਦੀ ਸੌਂਪ ਦਿੱਤੀ।

ਆਪ ਨੇ ਲੋਕਾਂ ਨੂੰ ਪੰਜਾਬੀ ਬੋਲੀ ਅਤੇ ਗੁਰਮੁਖੀ ਲਿਪੀ ਸਿਖਾਈ ਅਤੇ ਉਸ ਦਾ ਪ੍ਰਚਾਰ ਅਤੇ ਪ੍ਰਸਾਰ ਕੀਤਾ। ਆਪ ਦੀ ਸਾਰੀ ਰਚਨਾ ਸਲੋਕਾਂ ਦੇ ਰੂਪ ਵਿੱਚ ਹੈ। ਇਹ ਸਲੋਕ ਗਿਣਤੀ ਵਿੱਚ 62 ਹਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਈਆਂ ਵੱਖ-ਵੱਖ ਵਾਰਾਂ ਵਿੱਚ ਦਰਜ ਹਨ। ਬਾਣੀ ਦਾ ਮੁੱਖ ਵਿਸ਼ਾ ਗੁਰੂ-ਭਗਤੀ ਅਤੇ ਸੇਵਾ-ਭਾਵ ਹੈ। ਆਪ ਨੇ ਆਪਣੀ ਬਾਣੀ ਰਾਹੀਂ ਸੁਚੱਜਾ ਜੀਵਨ ਜਿਊਂਣ ਲਈ ਬੜੀ ਸੌਖੀ ਅਤੇ ਸਾਦਾ ਬੋਲੀ ਵਿੱਚ ਸੁਝਾਅ ਦਿੱਤੇ ਹਨ। ਕਈ ਤੁਕਾਂ ਨੂੰ ਤਾਂ ਲੋਕ ਆਮ ਬੋਲ-ਚਾਲ ਵਿੱਚ ਅਖਾਉਤਾਂ ਵਾਂਗ ਪ੍ਰਯੋਗ ਕਰਦੇ ਹਨ।

ਹਥਲੇ ਕਾਵਿ-ਸੰਗ੍ਰਹਿ ਵਿੱਚ ਸ਼ਾਮਲ ਕੀਤੇ ਗਏ ਸਲੋਕਾਂ ਵਿੱਚ ਆਪ ਨੇ ਪਰਮਾਤਮਾ ਪ੍ਰਤਿ ਸੱਚਾ ਪ੍ਰੇਮ, ਲਗਨ ਅਤੇ ਜੀਵਨ-ਨੀਤੀ ਦੇ ਕੁਝ ਨੁਕਤੇ ਦੱਸੇ ਹਨ।

### ਅਠੀ ਪਹਰੀ ਅਠ ਖੰਡ

ਅਠੀ ਪਹਰੀ ਅਠ ਖੰਡ ਨਾਵਾ ਖੰਡੁ ਸਰੀਰੁ ॥
ਤਿਸੁ ਵਿਚਿ ਨਉ ਨਿਧਿ ਨਾਮੁ ਏਕੁ ਭਾਲਹਿ ਗੁਣੀ ਗਹੀਰੁ ॥
ਕਰਮਵੰਤੀ ਸਾਲਾਹਿਆ ਨਾਨਕ ਕਰਿ ਗੁਰੁ ਪੀਰੁ ॥
ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ ॥
ਤਿਨਾ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ ॥
ਓਥੈ ਅੰਮ੍ਰਿਤੁ ਵੰਡੀਐ ਕਰਮੀ ਹੋਇ ਪਸਾਉ ॥
ਕੰਚਨ ਕਾਇਆ ਕਸੀਐ ਵੰਨੀ ਚੜੈ ਚੜਾਉ ॥
ਜੇ ਹੋਵੈ ਨਦਰਿ ਸਰਾਫ ਕੀ ਬਹੁੜਿ ਨਾ ਪਾਈ ਤਾਉ ॥
ਸਤੀ ਪਹਰੀ ਸਤੁ ਭਲਾ ਬਹੀਐ ਪੜਿਆ ਪਾਸਿ ॥
ਓਥੈ ਪਾਪੁ ਪੁੰਨੁ ਬੀਚਾਰੀਐ ਕੂੜੈ ਘਟੈ ਰਾਸਿ ॥
ਓਥੈ ਖੋਟੇ ਸਟੀਅਹਿ ਖਰੇ ਕੀਚਹਿ ਸਾਬਾਸਿ ॥
ਬੋਲਣੁ ਫਾਦਲੁ ਨਾਨਕਾ ਦੁਖੁ ਸੁਖੁ ਖਸਮੈ ਪਾਸਿ ॥

*(ਰਾਗ ਮਾਝ ਪੰਨਾ 146)*



Downloaded from https:// www.studiestoday.com

Downloaded from https:// www.studiestoday.com

**ਸ਼ਬਦ-ਅਰਥ :**

ਅਠੀ ਪਹਰੀ-ਦਿਨ ਦੇ ਅੱਠਾਂ ਪਹਿਰਾਂ ਵਿੱਚ। ਅੱਠ ਖੰਡ-ਧਰਤੀ ਦੇ ਅੱਠ ਹਿੱਸਿਆਂ ਦੇ ਪਦਾਰਥਾਂ ਵਿੱਚ (ਭਾਵ ਜੇ ਧਰਤੀ ਨੂੰ ਨੌਂ ਖੰਡਾਂ ਵਿੱਚ ਵੰਡਣ ਦੀ ਥਾਂ ਇੱਕ ਖੰਡ ਮਨੁੱਖਾ ਸਰੀਰ ਨੂੰ ਮੰਨ ਲਿਆ ਜਾਏ ਤਾਂ ਬਾਕੀ ਅੱਠ ਖੰਡ ਧਰਤੀ ਦੇ ਸਾਰੇ ਪਦਾਰਥਾਂ ਵਿੱਚ)। ਗੁਣੀ ਗਹੀਰੁ-ਗੁਣਾਂ ਕਰਕੇ ਗਹੀਰ ਪ੍ਰਭੂ ਨੂੰ, ਅਥਾਹ ਗੁਣਾਂ ਵਾਲ਼ੇ ਪ੍ਰਭੂ ਨੂੰ। ਕਰਮਵੰਤੀ-ਭਾਗਾਂ ਵਾਲ਼ਿਆਂ ਨੇ। ਕਰਿ-ਕਰਕੇ, ਧਾਰ ਕੇ। ਸੁਰਤਿਆ-ਉੱਚੀ ਸੁਰਤ ਵਾਲ਼ਿਆਂ ਨੂੰ। ਮਨਿ-ਮਨ ਵਿੱਚ। ਦਰੀਆਵਾ ਸਿਉ-ਦਰਿਆਵਾਂ ਨਾਲ਼, ਉਹਨਾਂ ਗੁਰਮੁਖਾਂ ਨਾਲ਼ ਜਿਨ੍ਹਾਂ ਦੇ ਅੰਦਰ ਨਾਮ ਦਾ ਪ੍ਰਵਾਹ ਚੱਲ ਰਿਹਾ ਹੈ। ਪਸਾਉ-ਬਖ਼ਸ਼ਸ਼ । ਕੰਚਨ-ਸੋਨਾ। ਕਸੀਐ-ਕੱਸ ਲਾਈ ਜਾਂਦੀ ਹੈ, ਪਰਖ ਕੀਤੀ ਜਾਂਦੀ ਹੈ। ਵੰਨੀ ਚੜੈ ਚੜਾਉ-ਸੋਹਣਾ ਰੰਗ ਚੜ੍ਹਦਾ ਹੈ। ਸਤੁ-ਉੱਚਾ ਆਚਰਨ। ਫਾਦਲੁ-ਫਜ਼ੂਲ।

**ਅਰਥ :**

ਜੇ ਧਰਤੀ ਦੇ ਨੌਂ ਖੰਡਾਂ ਵਿੱਚੋਂ ਨੌਂਵਾਂ ਖੰਡ ਮਨੁੱਖੀ-ਸਰੀਰ ਨੂੰ ਮੰਨ ਲਿਆ ਜਾਵੇ, ਤਾਂ ਅੱਠੇ ਪਹਰ ਮਨੁੱਖ ਦਾ ਮਨ ਧਰਤੀ ਦੇ ਸਾਰੇ ਅੱਠ-ਖੰਡੀ ਪਦਾਰਥਾਂ ਵਿੱਚ ਹੀ ਲੱਗਾ ਰਹਿੰਦਾ ਹੈ। ਕੋਈ ਵਿਰਲੇ ਭਾਗਾਂ ਵਾਲ਼ੇ ਬੰਦੇ ਹੀ ਗੁਰੂ-ਪੀਰ ਧਾਰ ਕੇ ਇਸ ਨੌਂਵੇਂ ਖੰਡ ਸਰੀਰ ਵਿੱਚ ਨਉਨਿਧਿ ਨਾਮ ਲੱਭਦੇ ਹਨ, ਅਥਾਹ ਗੁਣਾਂ ਵਾਲ਼ੇ ਪ੍ਰਭੂ ਨੂੰ ਭਾਲਦੇ ਹਨ।

ਸਵੇਰੇ ਦੇ ਚਉਥੇ ਪਹਰ ਭਾਵ, ਅੰਮ੍ਰਿਤ ਵੇਲ਼ੇ ਉੱਚੀ ਸੁਰਤ ਵਾਲ਼ੇ ਬੰਦਿਆਂ ਦੇ ਮਨ ਵਿੱਚ ਹੀ ਇਸ ਨਉ-ਨਿਧਿ ਨਾਮ ਲਈ ਚਾਉ ਪੈਦਾ ਹੁੰਦਾ ਹੈ ਅਤੇ ਉਸ ਵੇਲ਼ੇ ਉਹਨਾਂ ਦੀ ਸਾਂਝ ਉਹਨਾਂ ਗੁਰਮੁਖਾਂ ਨਾਲ਼ ਬਣਦੀ ਹੈ, ਜਿਨ੍ਹਾਂ ਦੇ ਅੰਦਰ ਨਾਮ ਦਾ ਪ੍ਰਵਾਹ ਚੱਲ ਰਿਹਾ ਹੈ ਉਹਨਾਂ ਦੇ ਮਨ ਵਿੱਚ ਤੇ ਮੂੰਹ ਵਿੱਚ ਸੱਚਾ ਨਾਮ ਵੱਸਦਾ ਹੈ। ਉੱਥੇ ਸਤਸੰਗ ਵਿੱਚ ਨਾਮ-ਅੰਮ੍ਰਿਤ ਵੰਡਿਆ ਜਾਂਦਾ ਹੈ। ਪ੍ਰਭੂ ਦੀ ਮਿਹਰ ਨਾਲ਼ ਉਹਨਾਂ ਨੂੰ ਨਾਮ ਦੀ ਦਾਤ ਮਿਲ਼ਦੀ ਹੈ। ਜਿਵੇਂ ਤਾਅ ਦੇ -ਦੇ ਕੇ ਸੋਨੇ ਨੂੰ ਕੱਸ ਲਾਈਦੀ ਹੈ ਤਿਵੇਂ ਅੰਮ੍ਰਿਤ ਵੇਲ਼ੇ ਦੀ ਘਾਲ-ਕਮਾਈ ਦੀ ਉਹਨਾਂ ਦੇ ਸਰੀਰ ਨੂੰ ਕੱਸ ਲਗਦੀ ਹੈ, ਤੇ ਭਗਤੀ ਦਾ ਸੋਹਣਾ ਰੰਗ ਚੜ੍ਹਦਾ ਹੈ। ਜਦੋਂ ਸਰਾਫ਼ ਭਾਵ ਪ੍ਰਭੂ ਦੀ ਮਿਹਰ ਹੁੰਦੀ ਹੈ, ਤਾਂ ਫੇਰ ਤਪਾਣ ਭਾਵ ਹੋਰ ਘਾਲਾਂ ਘਾਲਣ ਦੀ ਲੋੜ ਨਹੀਂ ਰਹਿੰਦੀ।

ਇੱਕ ਪਹਰ-ਅੰਮ੍ਰਿਤ ਵੇਲ਼ਾ ਪ੍ਰਭੂ-ਚਰਨਾਂ ਵਿੱਚ ਬਿਤਾ ਕੇ ਬਾਕੀ ਦੇ ਸੱਤ ਪਹਿਰ ਵੀ ਚੰਗਾ ਆਚਰਨ ਬਣਾਉਣ ਲਈ ਗੁਰਮੁਖਾਂ ਪਾਸ ਬੈਠਣਾ ਚਾਹੀਦਾ ਹੈ, ਉਹਨਾਂ ਦੀ ਸੰਗਤ ਵਿੱਚ ਬੈਠਿਆਂ ਚੰਗੇ ਮੰਦੇ ਕੰਮ ਦੀ ਵਿਚਾਰ ਹੁੰਦੀ ਹੈ, ਝੂਠ ਦੀ ਪੂੰਜੀ ਘਟਦੀ ਹੈ ਕਿਉਂਕਿ ਉਸ ਸੰਗਤ ਵਿੱਚ ਖੋਟੇ ਕੰਮਾਂ ਨੂੰ ਸੁੱਟ ਦੇਈਦਾ ਹੈ ਤੇ ਖਰੇ ਕੰਮਾਂ ਦੀ ਸ਼ਲਾਘਾ ਕੀਤੀ ਜਾਂਦੀ ਹੈ ਉੱਥੇ ਇਹ ਵੀ ਸਮਝ ਪੈ ਜਾਂਦੀ ਹੈ ਕਿ ਕਿਸੇ ਵਾਪਰੇ ਦੁੱਖ ਦਾ ਗਿਲਾ ਕਰਨਾ ਵਿਅਰਥ ਹੈ, ਦੁੱਖ-ਸੁੱਖ ਉਹ ਖਸਮ ਭਾਵ ਪ੍ਰਭੂ ਆਪ ਹੀ ਦੇਂਦਾ ਹੈ।

## ਆਖਣੁ ਆਖਿ ਨ ਰਜਿਆ

ਆਖਣੁ ਆਖਿ ਨ ਰਜਿਆ ਸੁਨਣਿ ਨ ਰਜੇ ਕੰਨ।।
ਅਖੀ ਦੇਖਿ ਨ ਰਜੀਆ ਗੁਣ ਗਾਹਕ ਇਕ ਵੰਨ।।
ਭੁਖਿਆ ਭੁਖ ਨ ਉਤਰੈ ਗਲੀ ਭੁਖ ਨ ਜਾਇ।।
ਨਾਨਕ ਭੁਖਾ ਤਾ ਰਜੈ ਜਾ ਗੁਣ ਕਹਿ ਗੁਣੀ ਸਮਾਇ।। 2।।

*(ਰਾਗ ਮਾਝ ਪੰਨਾ 147)*



Downloaded from https:// www.studiestoday.com

Downloaded from https:// www.studiestoday.com

**ਸ਼ਬਦ-ਅਰਥ :**

ਆਖਣੁ- ਮੂੰਹ। ਇਕ ਵੰਨ-ਇੱਕ ਰੰਗ ਦੇ, ਇੱਕ-ਇੱਕ ਕਿਸਮ ਦੇ। ਭੁਖਿਆ-ਭੁੱਖ ਦੇ ਅਧੀਨ ਹੋਇਆਂ ਦੀ। ਗਲੀ-ਗੱਲਾਂ ਕੀਤਿਆਂ (ਭਾਵ ਸਮਝਾਉਿਂ ਕਿ, ਗੱਲੀਂ।) ਗੁਣੀ-ਗੁਣਾਂ ਦੇ ਮਾਲਕ-ਪ੍ਰਭੂ ਵਿੱਚ।

**ਅਰਥ :**

ਮੂੰਹ ਬੋਲ-ਬੋਲ ਕੇ ਰੱਜਦਾ ਨਹੀਂ ਭਾਵ, ਗੱਲਾਂ ਕਰਨ ਦਾ ਚਸਕਾ ਮੁੱਕਦਾ ਨਹੀਂ। ਕੰਨ ਗੱਲਾਂ ਸੁਣ-ਸੁਣ ਕੇ ਨਹੀਂ ਰੱਜਦੇ, ਅੱਖਾਂ ਰੂਪ ਰੰਗ ਵੇਖ-ਵੇਖ ਕੇ ਨਹੀਂ ਰੱਜਦੀਆਂ, ਇਹ ਸਾਰੇ ਇੰਦਰੇ ਇੱਕ-ਇੱਕ ਕਿਸਮ ਦੇ ਗੁਣਾਂ (ਰਸਾਂ) ਦੇ ਗਾਹਕ ਹਨ, ਆਪੋ-ਆਪਣੇ ਰਸਾਂ ਦੀ ਗਾਹਕੀ ਵਿੱਚ ਰੱਜਦੇ ਨਹੀਂ। ਰਸਾਂ ਦੇ ਅਧੀਨ ਹੋਏ ਇਹਨਾਂ ਇੰਦਰਿਆਂ ਦਾ ਚਸਕਾ ਹਟਦਾ ਨਹੀਂ, ਸਮਝਾਇਆਂ ਵੀ ਭੁੱਖ ਮਿਟ ਨਹੀਂ ਸਕਦੀ।

ਤ੍ਰਿਸ਼ਨਾ ਦਾ ਮਾਰਿਆ ਮਨੁੱਖ ਤਦੋਂ ਹੀ ਤ੍ਰਿਪਤ ਹੋ ਸਕਦਾ ਹੈ, ਜੇ ਗੁਣਾਂ ਦੇ ਮਾਲਕ ਪਰਮਾਤਮਾ ਦੇ ਗੁਣ ਉਚਾਰ ਕੇ ਉਸ ਵਿੱਚ ਲੀਨ ਹੋ ਜਾਵੇ।

## ਨਾਨਕ ਪਰਖੇ ਆਪ ਕਉ

ਨਾਨਕ ਪਰਖੇ ਆਪ ਕਉ ਤਾ ਪਾਰਖੁ ਜਾਣੁ ।।
ਰੋਗੁ ਦਾਰੂ ਦੋਵੈ ਬੁਝੈ ਤਾ ਵੈਦੁ ਸੁਜਾਣੁ ।।
ਵਾਟ ਨਾ ਕਰਈ ਮਾਮਲਾ ਜਾਣੈ ਮਿਹਮਾਣੁ ।।
ਮੂਲੁ ਜਾਣਿ ਗਲਾ ਕਰੇ ਹਾਣਿ ਲਾਏ ਹਾਣੁ ।।
ਲਬਿ ਨ ਚਲਈ ਸਚਿ ਰਹੈ ਸੋ ਵਿਸਟੁ ਪਰਵਾਣੁ ।।
ਸਰੁ ਸੰਧੇ ਆਗਾਸ ਕਉ ਕਿਉ ਪਹੁਚੈ ਬਾਣੁ ।।
ਅਗੈ ਓਹੁ ਅਗੰਮੁ ਹੈ ਵਾਹੇਦੜੁ ਜਾਣੁ ।। 12 ।।

*(ਰਾਗ ਮਾਝ ਪੰਨਾ 148)*

**ਸ਼ਬਦ-ਅਰਥ :**

ਸੁਜਾਣੁ-ਸਿਆਣਾ। ਮਾਮਲਾ-ਝਮੇਲਾ, ਝੇੜਾ। ਵਾਟ-ਰਾਹ ਵਿੱਚ। ਮੂਲੁ-ਅਸਲਾ। ਹਾਣੁ-ਉਮਰ, ਜ਼ਿੰਦਗੀ ਦਾ ਸਮਾਂ। ਹਾਣਿ-ਹਾਣੀ, ਹਮ-ਉਮਰ, ਆਪਣੇ ਸੁਭਾਉ ਵਾਲ਼ੇ, ਸਤਸੰਗੀਆਂ। ਲਬਿ-ਲੱਬ ਨਾਲ਼, ਲਬ ਦੇ ਆਸਰੇ। ਵਿਸਟੁ-ਵਿਚੋਲਾ। ਪਰਵਾਣੁ-ਮੰਨਿਆ। ਸਰੁ-ਤੀਰ। ਸੰਧੇ-ਚਲਾਏ। ਬਾਣੁ-ਤੀਰ। ਅਗੰਮੁ-ਜਿਸ ਤੱਕ ਪਹੁੰਚਿਆ ਨਾ ਜਾ ਸਕੇ। ਵਾਹੇਦੜੁ-ਤੀਰ ਵਾਹਣ ਵਾਲ਼ਾ।

**ਅਰਥ :**

ਜੇ ਮਨੁੱਖ ਦੂਜਿਆਂ ਦੀ ਪੜਚੋਲ ਕਰਨ ਦੀ ਥਾਂ ਆਪਣੇ ਆਪ ਨੂੰ ਪਰਖੇ, ਤਾਂ ਉਸ ਨੂੰ ਅਸਲ ਪਾਰਖੂ ਸਮਝੋ, ਦੂਜਿਆਂ ਦੇ ਵਿਕਾਰ-ਰੂਪੀ ਰੋਗ ਲੱਭਣ ਦੀ ਥਾਂ ਜੇ ਮਨੁੱਖ ਆਪਣਾ ਆਤਮਿਕ ਰੋਗ ਤੇ ਇਲਾਜ ਦੋਵੇਂ ਸਮਝ ਲਏ ਤਾਂ ਉਸ ਨੂੰ ਸਿਆਣਾ ਹਕੀਮ ਜਾਣ ਲਵੋ। ਇਹੋ-ਜਿਹਾ 'ਸੁਜਾਣ ਵੈਦ' ਜ਼ਿੰਦਗੀ ਦੇ ਰਾਹ ਵਿੱਚ ਹੋਰਨਾਂ ਨਾਲ਼ ਝੇੜੇ ਨਹੀਂ ਪਾ ਬੈਠਦਾ, ਉਹ ਆਪਣੇ ਆਪ ਨੂੰ ਜਗਤ ਵਿੱਚ ਮੁਸਾਫ਼ਰ ਜਾਣਦਾ ਹੈ। ਉਹ ਆਪਣੇ ਅਸਲੇ ਭਾਵ ਪ੍ਰਭੂ ਨਾਲ਼ ਡੂੰਘੀ ਸਾਂਝ ਪਾ ਕੇ ਹੀ ਗੱਲ ਕਰਦਾ ਹੈ ਅਤੇ ਆਪਣਾ ਸਮਾਂ



Downloaded from https:// www.studiestoday.com

Downloaded from https:// www.studiestoday.com

ਸਤਸੰਗੀਆਂ ਨਾਲ਼ ਮਿਲ਼ ਕੇ ਗੁਜ਼ਾਰਦਾ ਹੈ। ਉਹ ਮਨੁੱਖ ਲਬ ਦੇ ਆਸਰੇ ਨਹੀਂ ਤੁਰਦਾ,ਸੱਚ ਵਿੱਚ ਟਿਕਿਆ ਰਹਿੰਦਾ ਹੈ। (ਐਸਾ ਮਨੁੱਖ ਆਪ ਤਾਂ ਤਰਦਾ ਹੀ ਹੈ, ਹੋਰਨਾਂ ਲਈ ਵੀ ਪ੍ਰਮਾਣਿਕ ਵਿਚੋਲਾ ਬਣ ਜਾਂਦਾ ਹੈ।)

ਪਰ ਜੇ ਉਹ ਆਪ ਮਨਮੁਖ ਹੋਵੇ ਅਤੇ ਗੁਰਮੁਖਾਂ ਨਾਲ਼ ਅੜੇ ਤਾਂ ਉਹ ਇਸ ਤਰ੍ਹਾਂ ਹੀ ਹੈ ਜਿਵੇਂ ਆਕਾਸ਼ ਨੂੰ ਤੀਰ ਮਾਰਨਾ। ਜੋ ਮਨੁੱਖ ਅਕਾਸ਼ ਵੱਲ ਤੀਰ ਚਲਾਉਂਦਾ ਹੈ, ਉਸ ਦਾ ਤੀਰ ਕਿਵੇਂ ਨਿਸ਼ਾਨੇ 'ਤੇ ਅੱਪੜੇ ? ਉਹ ਅਕਾਸ਼ ਤਾਂ ਅੱਗੋਂ ਅਪਹੁੰਚ ਹੈ, ਸੋ ਯਕੀਨ ਜਾਣੋ ਕਿ ਤੀਰ ਚਲਾਉਣ ਵਾਲ਼ਾ ਹੀ ਵਿੰਨ੍ਹਿਆ ਜਾਂਦਾ ਹੈ।

## ਇਹੁ ਜਗੁ ਸਚੈ ਕੀ ਹੈ ਕੋਠੜੀ

ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ।।
ਇਕਨਾ ਹੁਕਮਿ ਸਮਾਇ ਲਏ ਇਕਨਾ ਹੁਕਮੇ ਕਰੇ ਵਿਣਾਸੁ।।
ਇਕਨਾ ਭਾਣੈ ਕਢਿ ਲਏ ਇਕਨਾ ਮਾਇਆ ਵਿਚਿ ਨਿਵਾਸੁ।।
ਏਵ ਭਿ ਆਖਿ ਨ ਜਾਪਈ ਜਿ ਕਿਸੈ ਆਣੇ ਰਾਸਿ।।
ਨਾਨਕ ਗੁਰਮੁਖਿ ਜਾਣੀਐ ਜਾ ਕਉ ਆਪਿ ਕਰੇ ਪਰਗਾਸੁ।। 3।।

*(ਰਾਗ ਆਸਾ ਪੰਨਾ 463)*

**ਸ਼ਬਦ-ਅਰਥ :**

ਸਚੈ ਕੀ ਹੈ ਕੋਠੜੀ–ਸਦਾ ਕਾਇਮ ਰਹਿਣ ਵਾਲ਼ੇ ਰੱਬ ਦੀ ਥਾਂ ਹੈ। ਇਕਨਾ–ਕਈ ਜੀਵਾਂ ਨੂੰ। ਹੁਕਮਿ–ਆਪਣੇ ਹੁਕਮ ਅਨੁਸਾਰ। ਸਮਾਇ ਲਏ–ਆਪਣੇ ਵਿੱਚ ਸਮਾ ਲੈਂਦਾ ਹੈ। ਭਾਣੈ-ਆਪਣੀ ਰਜ਼ਾ ਅਨੁਸਾਰ। ਕਢਿ ਲਏ–ਮਾਇਆ ਦੇ ਮੋਹ ਵਿੱਚੋਂ ਕੱਢ ਲੈਂਦਾ ਹੈ। ਏਵ ਭਿ–ਏਸ ਤਰ੍ਹਾਂ ਭੀ, ਇਹ ਗੱਲ ਭੀ। ਆਖਿ ਨ ਜਾਪਈ–ਆਖੀ ਨਹੀਂ ਜਾ ਸਕਦੀ। ਜਿ ਕਿਸੈ–ਕਿਸੇ ਜੀਵ ਨੂੰ। ਆਣੇ ਰਾਸਿ–ਰਾਸ ਲਿਆਉਂਦਾ ਹੈ, ਸਿੱਧੇ ਰਾਹੇ ਪਾਉਂਦਾ ਹੈ, ਬੇੜਾ ਪਾਰ ਕਰਦਾ ਹੈ। ਗੁਰਮੁਖਿ–ਗੁਰੂ ਦੀ ਰਾਹੀਂ। ਜਾਣੀਐ–ਸਮਝ ਆਉਂਦੀ ਹੈ। ਜਾ ਕਉ–ਜਿਸ ਮਨੁੱਖ ਉੱਤੇ।

**ਅਰਥ :**

ਇਹ ਜਗਤ ਪ੍ਰਭੂ ਦੇ ਰਹਿਣ ਦੀ ਥਾਂ ਹੈ, ਪ੍ਰਭੂ ਇਸ ਵਿੱਚ ਵੱਸ ਰਿਹਾ ਹੈ, ਕਈ ਜੀਵਾਂ ਨੂੰ ਆਪਣੇ ਹੁਕਮ ਅਨੁਸਾਰ ਇਸ ਸੰਸਾਰ-ਸਾਗਰ ਵਿੱਚੋਂ ਬਚਾ ਕੇ ਆਪਣੇ ਚਰਨਾਂ ਵਿੱਚ ਜੋੜ ਲੈਂਦਾ ਹੈ ਅਤੇ ਕਈ ਜੀਵਾਂ ਨੂੰ ਆਪਣੇ ਹੁਕਮ ਅਨੁਸਾਰ ਹੀ ਇਸੇ ਵਿੱਚ ਡੋਬ ਦੇਂਦਾ ਹੈ। ਕਈ ਜੀਵਾਂ ਨੂੰ ਆਪਣੀ ਰਜ਼ਾ ਅਨੁਸਾਰ ਮਾਇਆ ਦੇ ਮੋਹ ਵਿੱਚੋਂ ਕੱਢ ਲੈਂਦਾ ਹੈ, ਕਈਆਂ ਨੂੰ ਇਸੇ ਵਿੱਚ ਫਸਾਈ ਰੱਖਦਾ ਹੈ।

ਇਹ ਗੱਲ ਭੀ ਦੱਸੀ ਨਹੀਂ ਜਾ ਸਕਦੀ ਕਿ ਰੱਬ ਕਿਸ ਦਾ ਬੇੜਾ ਪਾਰ ਕਰਦਾ ਹੈ। ਗੁਰੂ ਅੰਗਦ ਦੇਵ ਜੀ ਕਹਿੰਦੇ ਹਨ ਜਿਸ ਵਡਭਾਗੀ ਮਨੁੱਖ ਨੂੰ ਚਾਨਣ ਬਖ਼ਸ਼ਦਾ ਹੈ, ਉਸ ਨੂੰ ਗੁਰੂ ਦੀ ਰਾਹੀਂ ਸਮਝ ਪੈ ਜਾਂਦੀ ਹੈ।

## ਹਉਮੈ ਏਹਾ ਜਾਤਿ ਹੈ

ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ।।
ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ।।



Downloaded from https:// www.studiestoday.com

Downloaded from https:// www.studiestoday.com

ਹਉਮੈ ਕਿਥਹੁ ਊਪਜੈ ਕਿਤੁ ਸੰਜਮਿ ਇਹ ਜਾਇ॥
ਹਉਮੈ ਏਹੋ ਹੁਕਮੁ ਹੈ ਪਇਐ ਕਿਰਤਿ ਫਿਰਾਹਿ॥
ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ॥
ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ॥
ਨਾਨਕੁ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ॥

*(ਰਾਗ ਆਸਾ ਪੰਨਾ 466)*

**ਸ਼ਬਦ- ਅਰਥ :**

ਜਾਤਿ–ਕੁਦਰਤੀ ਸੁਭਾਅ, ਲੱਖਣ। ਹਉਂਮੈਂ ਕਰਮ–ਹਉਮੈ ਦੇ ਕੰਮ, ਉਹ ਕੰਮ ਜਿਨ੍ਹਾਂ ਨਾਲ਼ 'ਹਉਂ' ਬਣੀ ਰਹੇ। ਏਈ–ਇਹੈ ਹੀ। **ਕਿਤੁ ਸੰਜਮਿ**–ਕਿਸ ਜੁਗਤ ਨਾਲ਼, ਕਿਸ ਤਰੀਕੇ ਨਾਲ਼। **ਪਇਐ ਕਿਰਤਿ ਫਿਰਾਹਿ**–ਕਿਰਤ ਦੇ ਪਾਉਣ ਦੇ ਕਾਰਨ ਜੀਵ ਫਿਰਦੇ ਹਨ, ਕੀਤੇ ਹੋਏ ਕਰਮਾਂ ਦੇ ਸੰਸਕਾਰਾਂ ਅਨੁਸਾਰ ਜੀਵ ਮੁੜ ਉਹਨਾਂ ਹੀ ਕੰਮਾਂ ਨੂੰ ਕਰਨ ਵਾਸਤੇ ਦੌੜਦੇ ਹਨ। **ਦੀਰਘ**- ਲੰਮਾ, ਢੇਰ ਚਿਰ ਰਹਿਣ ਵਾਲ਼ਾ। (ਕਿਸੇ ਕੁਸੰਗ ਵਿੱਚ ਪੈ ਕੇ ਜਦੋਂ ਇੱਕ–ਦੋ ਵਾਰੀ ਸ਼ਰਾਬ ਪੀਤਿਆਂ ਕਿਸੇ ਮਨੁੱਖ ਨੂੰ ਸ਼ਰਾਬ ਪੀਣ ਦਾ ਚਸਕਾ ਪੈ ਜਾਂਦਾ ਹੈ, ਤਾਂ ਉਹ ਚਸਕਾ ਹੀ ਮੁੜ ਆਪਣੇ ਆਪ ਉਸ ਨੂੰ ਸ਼ਰਾਬਖ਼ਾਨੇ ਵੱਲ ਲਈ ਫਿਰਦਾ ਹੈ। ਇਸ ਤਰ੍ਹਾਂ ਉਹ ਚਸਕਾ ਹੋਰ ਵਧ ਜਾਂਦਾ ਹੈ,ਇਹ ਇੱਕ ਦੀਰਘ ਰੋਗ ਬਣ ਜਾਂਦਾ ਹੈ। ਇਸੇ ਤਰ੍ਹਾਂ ਜੋ ਵੀ ਆਦਤ ਇੱਕ ਵਾਰੀ ਬਣਦੀ ਹੈ ਉਹ ਆਪਣੇ ਆਪ ਇਸ ਨਿਯਮ ਅਨੁਸਾਰ ਲੰਮੀ ਹੁੰਦੀ ਜਾਂਦੀ ਹੈ), **ਦਾਰੂ ਭੀ**–ਇਲਾਜ ਵੀ ਹੈ, (ਭਾਵ ਇਹ ਹਉਂਮੈਂ ਇਲਾਜ ਤੋਂ ਬਿਨਾਂ ਨਹੀਂ ਹੈ)। **ਇਸੁ ਮਾਹਿ**–ਇਸ ਹਉਂਮੈਂ ਵਿੱਚ, ਇਸ ਹਉਂਮੈਂ ਦਾ। **ਇਤੁ ਸੰਜਮਿ**– ਇਸ ਜੁਗਤੀ ਨਾਲ਼।

**ਅਰਥ :**

'ਹਉਂਮੈਂ' ਦਾ ਸੁਭਾਅ ਇਹੀ ਹੈ ਭਾਵ ਜੇ ਰੱਬ ਨਾਲੋਂ ਵੱਖਰੀ ਅਪਣਤ ਬਣੀ ਰਹੇ ਤਾਂ ਉਸ ਦਾ ਸਿੱਟਾ ਇਹੀ ਨਿਕਲ਼ਦਾ ਹੈ ਕਿ ਜੀਵ ਉਹੀ ਕੰਮ ਕਰਦੇ ਹਨ, ਜਿਨ੍ਹਾਂ ਨਾਲ਼ ਇਹ ਵੱਖਰੀ ਹੋਂਦ ਟਿਕੀ ਰਹੇ। ਇਸ ਵੱਖਰੀ ਹੋਂਦ ਦੇ ਬੰਧਨ ਵੀ ਇਹੀ ਹਨ ਭਾਵ, ਵੱਖਰੀ ਹੋਂਦ ਦੇ ਆਸਰੇ ਕੀਤੇ ਹੋਏ ਕੰਮਾਂ ਦੇ ਸੰਸਕਾਰ ਰੂਪ ਜ਼ੰਜੀਰ ਵੀ ਇਹੀ ਹਨ, ਜਿਨ੍ਹਾਂ ਦੇ ਅੰਦਰ ਘੇਰੇ ਹੋਏ, ਜੀਵ ਮੁੜ-ਮੁੜ ਜੂਨਾਂ ਵਿੱਚ ਪੈਂਦੇ ਹਨ।

ਸੁਤੇ ਹੀ ਮਨ ਵਿੱਚ ਪ੍ਰਸ਼ਨ ਉਠਦਾ ਹੈ ਕਿ ਜੀਵ ਦਾ ਇਹ ਅੱਡਰੀ ਹਸਤੀ ਵਾਲ਼ਾ ਭਰਮ ਕਿੱਥੋਂ ਪੈਦਾ ਹੁੰਦਾ ਹੈ ਅਤੇ ਕਿਸ ਤਰੀਕੇ ਨਾਲ਼ ਇਹ ਦੂਰ ਹੋ ਸਕਦਾ ਹੈ ?

(ਇਸ ਦਾ ਉੱਤਰ ਇਹ ਹੈ ਕਿ) ਇਹ ਵੱਖਰੀ ਸ਼ਖ਼ਸੀਅਤ ਬਣਾਉਣ ਵਾਲ਼ੇ ਰੱਬ ਦਾ ਹੀ ਹੁਕਮ ਹੈ ਅਤੇ ਜੀਵ ਪਿਛਲੇ ਕੀਤੇ ਹੋਏ ਕੰਮਾਂ ਦੇ ਸੰਸਕਾਰਾਂ ਅਨੁਸਾਰ ਮੁੜ ਉਹਨਾਂ ਹੀ ਕੰਮਾਂ ਨੂੰ ਕਰਨ ਵੱਲ ਦੌੜਦੇ ਹਨ, ਭਾਵ ਪਹਿਲੀ ਹੀ ਸ਼ਖ਼ਸੀਅਤ ਨੂੰ ਕਾਇਮ ਰੱਖਣ ਵਾਲ਼ੇ ਕੰਮ ਕਰਨਾ ਲੋਚਦੇ ਹਨ।

ਇਹ ਹਉਂਮੈਂ ਇੱਕ ਲੰਮਾ ਰੋਗ ਹੈ, ਪਰ ਇਹ ਲਾਇਲਾਜ ਨਹੀਂ ਹੈ। ਜੇ ਪ੍ਰਭੂ ਆਪਣੀ ਮਿਹਰ ਕਰੇ, ਤਾਂ ਜੀਵ ਗੁਰੂ ਦਾ ਸ਼ਬਦ ਕਮਾਉਂਦੇ ਹਨ। ਇਸ ਤਰੀਕੇ ਨਾਲ਼, ਭਾਵ ਗੁਰੂ ਦਾ ਸ਼ਬਦ ਕਮਾਉਣ ਨਾਲ਼ ਹਉਮੈ ਰੂਪੀ ਦੀਰਘ ਰੋਗ ਤੋਂ ਪੈਦਾ ਹੋਏ ਦੁੱਖ ਦੂਰ ਹੋ ਜਾਂਦੇ ਹਨ।



Downloaded from https:// www.studiestoday.com

Downloaded from https:// www.studiestoday.com

## ਅਭਿਆਸ

1. **ਹੇਠਾਂ ਦਿੱਤੀਆਂ ਕਾਵਿ-ਤੁਕਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :**

(ੳ) ਇਕਨਾ ਭਾਣੈ ਕਢਿ ਲਏ ਇਕਨਾ ਮਾਇਆ ਵਿਚਿ ਨਿਵਾਸੁ ॥
ਏਵ ਭਿ ਆਖਿ ਨ ਜਾਪਈ ਜਿ ਕਿਸੈ ਆਣੇ ਰਾਸਿ ॥
ਨਾਨਕ ਗੁਰਮੁਖ ਜਾਣੀਐ ਜਾ ਕਉ ਆਪਿ ਕਰੇ ਪਰਗਾਸੁ ॥

(ਅ) ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥
ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥
ਹਉਮੈ ਕਿਥਹੁ ਊਪਜੈ ਕਿਤੁ ਸੰਜਮਿ ਇਹ ਜਾਇ ॥
ਹਉਮੈ ਏਹੋ ਹੁਕਮੁ ਹੈ ਪਇਐ ਕਿਰਤਿ ਫਿਰਾਹਿ ॥

(ੲ) ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ ॥
ਤਿਨਾ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ ॥
ਓਥੈ ਅੰਮ੍ਰਿਤ ਵੰਡੀਐ ਕਰਮੀ ਹੋਇ ਪਸਾਉ ॥
ਕੰਚਨ ਕਾਇਆ ਕਸੀਐ ਵੰਨੀ ਚੜੈ ਚੜਾਉ ॥

2. 'ਨਾਨਕ ਪਰਖੇ ਆਪ ਕਉ' ਸ਼ਬਦ ਦਾ ਕੇਂਦਰੀ ਭਾਵ ਲਿਖੋ।

ਜਾਂ

'ਆਖਣੁ ਆਖਿ ਨ ਰਜਿਆ', ਸ਼ਬਦ ਦਾ ਕੇਂਦਰੀ ਭਾਵ ਲਿਖੋ।

3. ਵਸਤੂਨਿਸ਼ਠ ਪ੍ਰਸ਼ਨ—

(ੳ) 'ਅਠੀ ਪਹਰੀ ਅਠ ਖੰਡ' ਕਿਹੜੇ ਗੁਰੂ ਸਾਹਿਬ ਦੀ ਰਚਨਾ ਹੈ ?

(*i*) ਗੁਰੂ ਨਾਨਕ ਦੇਵ ਜੀ

(*ii*) ਗੁਰੂ ਅੰਗਦ ਦੇਵ ਜੀ

(*iii*) ਗੁਰੂ ਅਮਰਦਾਸ ਜੀ।

(ਅ) ਗੁਰੂ ਅੰਗਦ ਦੇਵ ਜੀ ਦੀ ਕਿਸੇ ਇੱਕ ਰਚਨਾ ਦਾ ਸਿਰਲੇਖ ਦੱਸੋ।

(ੲ) ਗੁਰੂ ਅੰਗਦ ਦੇਵ ਜੀ ਅਨੁਸਾਰ ਨੌਂਵਾਂ ਖੰਡ ਤੋਂ ਕੀ ਭਾਵ ਹੈ ?

(ਸ) ਗੁਰੂ ਅੰਗਦ ਦੇਵ ਜੀ ਦੀ ਰਚਨਾ 'ਆਖਣੁ ਆਖਿ ਨ ਰਜਿਆ' ਅਨੁਸਾਰ ਤ੍ਰਿਸ਼ਨਾ ਦੇ ਮਾਰੇ ਮਨੁੱਖੀ ਮਨ ਦੀ ਤ੍ਰਿਸ਼ਨਾ ਅਸਲ ਵਿੱਚ ਕਦੋਂ ਤ੍ਰਿਪਤ ਹੁੰਦੀ ਹੈ—

(*i*) ਮੂੰਹ ਨਾਲ਼ ਗੱਲਾਂ ਕਰਕੇ



Downloaded from https:// www.studiestoday.com

Downloaded from https:// www.studiestoday.com

(*ii*) ਕੰਨਾਂ ਨਾਲ਼ ਗੱਲਾਂ ਸੁਣ ਕੇ

(*iii*) ਪਰਮਾਤਮਾ ਦੇ ਗੁਣਾਂ ਨੂੰ ਉਚਾਰ ਕੇ।

(ਹ) ਗੁਰੂ ਅੰਗਦ ਦੇਵ ਜੀ ਅਸਲ ਪਾਰਖੂ ਕਿਸ ਨੂੰ ਕਹਿੰਦੇ ਹਨ ?

(ਕ) ਗੁਰੂ ਅੰਗਦ ਦੇਵ ਜੀ ਇਸ 'ਜਗੁ' ਨੂੰ ਕਿਸ ਦੀ ਕੋਠੜੀ ਕਹਿੰਦੇ ਹਨ ?

(ਖ) ਗੁਰੂ ਅੰਗਦ ਦੇਵ ਜੀ ਦੇ ਕਥਨ 'ਹਉਮੈ ....... ਰੋਗੁ ਹੈ' ਨੂੰ ਪੂਰਾ ਕਰੋ।

(ਗ) ਕਿਸ ਦੀ ਕਿਰਪਾ ਨਾਲ਼ ਮਨੁੱਖੀ ਜੀਵ ਗੁਰੂ ਦੇ ਸ਼ਬਦ ਨੂੰ ਕਮਾਉਂਦੇ ਹਨ ?

(ਘ) ਗੁਰੂ ਅੰਗਦ ਦੇਵ ਜੀ ਅਨੁਸਾਰ ਹਉਮੈਂ ਨੂੰ ਕਿਵੇਂ ਦੂਰ ਕੀਤਾ ਜਾ ਸਕਦਾ ਹੈ—

(*i*) ਆਪਣੀ ਵੱਖਰੀ ਹੋਂਦ ਬਣਾ ਕੇ।

(*ii*) ਗੁਰੂ ਦੇ ਸ਼ਬਦ ਨੂੰ ਕਮਾ ਕੇ।

(*iii*) ਆਪਣੀ ਸ਼ਖ਼ਸੀਅਤ ਕਾਇਮ ਰੱਖ ਕੇ।

****



Downloaded from https:// www.studiestoday.com

Downloaded from https:// www.studiestoday.com

## ਗੁਰੂ ਅਮਰਦਾਸ ਜੀ

(1479-1574 ਈ:)

ਗੁਰੂ ਅਮਰਦਾਸ ਜੀ ਦਾ ਜਨਮ ਪਿੰਡ ਬਾਸਰਕੇ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਸ੍ਰੀ ਤੇਜਭਾਨ ਜੀ ਦੇ ਘਰ ਹੋਇਆ। ਆਪ ਵੱਡੀ ਉਮਰ ਵਿੱਚ ਗੁਰੂ ਅੰਗਦ ਦੇਵ ਜੀ ਨੂੰ ਮਿਲ਼ੇ। ਆਪ ਵਿੱਚ ਅਥਾਹ ਸੇਵਾ-ਭਾਵਨਾ ਅਤੇ ਲਗਨ ਸੀ। ਤਿਹੱਤਰ ਸਾਲਾਂ ਦੀ ਉਮਰ ਵਿੱਚ ਆਪ ਨੂੰ ਗੁਰਗੱਦੀ ਸੌਂਪੀ ਗਈ। ਇਸ ਤਰ੍ਹਾਂ ਆਪ ਸਿੱਖ ਧਰਮ ਦੇ ਤੀਜੇ ਗੁਰੂ ਬਣੇ।

ਗੁਰੂ ਗ੍ਰੰਥ ਸਾਹਿਬ ਵਿੱਚ ਆਪ ਦੀ ਬਾਣੀ 17 ਰਾਗਾਂ ਵਿੱਚ ਦਰਜ ਹੈ। ਇਸ ਤੋਂ ਇਲਾਵਾ, ਸਲੋਕ, ਵਾਰਾਂ ਤੇ ਵਧੀਕ ਇਸ ਤੋਂ ਵੱਖਰੇ ਹਨ। ਗੁਰੂ ਅਮਰਦਾਸ ਜੀ ਨੇ ਸਾਰੀ ਦੀ ਸਾਰੀ ਬਾਣੀ ਬਿਰਧ-ਅਵਸਥਾ ਅਰਥਾਤ 72 ਤੋਂ 94 ਸਾਲ ਦੀ ਉਮਰ ਦੇ ਵਿਚਕਾਰ ਰਚੀ। ਆਪ ਦੀ ਰਚਨਾ ਵਿਸਮਾਦ ਅਤੇ ਅਨੰਦ ਦਾ ਮਹਾਂਸਾਗਰ ਹੈ। 'ਆਨੰਦ ਸਾਹਿਬ' ਆਪ ਜੀ ਦੀ ਪ੍ਰਮੁੱਖ ਰਚਨਾ ਹੈ। ਜਿਸ ਵਿੱਚ ਸ਼ਬਦਾਂ ਅਤੇ ਤੁਕਾਂ ਦੇ ਦੁਹਰਾਅ ਨਾਲ਼ ਇੱਕ ਤਰ੍ਹਾਂ ਦਾ ਮਨੋਹਰ ਸੰਗੀਤ ਪੈਦਾ ਹੁੰਦਾ ਹੈ। ਆਪ ਨੇ ਸਤੀ ਦੀ ਰਸਮ ਅਤੇ ਛੂਤ-ਛਾਤ ਵਰਗੀਆਂ ਸਮਾਜਿਕ ਬੁਰਾਈਆਂ ਦਾ ਖੰਡਨ ਕੀਤਾ ਅਤੇ ਉਸ ਨੂੰ ਆਪਣੀ ਰਚਨਾ ਦਾ ਵਿਸ਼ਾ ਬਣਾਇਆ। ਆਪ ਦੀ ਸਾਰੀ ਰਚਨਾ ਦੀ ਬੋਲੀ ਸਾਦਾ ਅਤੇ ਲੋਕ-ਪੱਧਰ ਦੀ ਹੈ।

ਹਥਲੇ ਸੰਗ੍ਰਹਿ ਵਿੱਚ ਸ਼ਾਮਲ ਸ਼ਬਦਾਂ ਵਿੱਚ ਆਪ ਨੇ ਮਨੁੱਖ ਨੂੰ ਅਭਿਮਾਨ ਨਾ ਕਰਨ, ਪ੍ਰਭੂ ਪਰਮਾਤਮਾ ਦੀ ਸ਼ਰਨ ਲੈਣ, ਹਉਂਮੈ ਨਾ ਕਰਨ, ਸਤੀ-ਪ੍ਰਥਾ ਬਾਰੇ ਅਤੇ ਪਰਮਾਤਮਾ ਦਾ ਨਾਮ ਸਿਮਰਨ ਆਦਿ ਬਾਰੇ ਵਿਚਾਰ ਦਿੱਤੇ ਹਨ।

### ਹਮ ਭੀਖਕ ਭੇਖਾਰੀ ਤੇਰੇ

ਹਮ ਭੀਖਕ ਭੇਖਾਰੀ ਤੇਰੇ ਤੂ ਨਿਜ ਪਤਿ ਹੈ ਦਾਤਾ।।<br>
ਹੋਹੁ ਦੈਆਲ ਨਾਮੁ ਦੇਹੁ ਮੰਗਤ ਜਨ ਕੰਉ ਸਦਾ ਰਹਉ ਰੰਗਿ ਰਾਤਾ।।<br>
ਹੰਉ ਬਲਿਹਾਰੈ ਜਾਉ ਸਾਚੇ ਤੇਰੇ ਨਾਮੁ ਵਿਟਹੁ।।<br>
ਕਰਣ ਕਾਰਣ ਸਭਨਾ ਕਾ ਏਕੋ ਅਵਰੁ ਨ ਦੂਜਾ ਕੋਈ।। 1।। ਰਹਾਉ।।<br>
ਬਹੁਤੇ ਫੇਰ ਪਏ ਕਿਰਪਨ ਕਉ ਅਬ ਕਿਛੁ ਕਿਰਪਾ ਕੀਜੈ।।<br>
ਹੋਹੁ ਦਇਆਲ ਦਰਸਨੁ ਦੇਹੁ ਅਪੁਨਾ ਐਸੀ ਬਖਸ ਕਰੀਜੈ।। 2।।<br>
ਭਨਤਿ ਨਾਨਕ ਭਰਮ ਪਟ ਖੂਲੇ ਗੁਰ ਪਰਸਾਦੀ ਜਾਨਿਆ।।<br>
ਸਾਚੀ ਲਿਵ ਲਾਗੀ ਹੈ ਭੀਤਰਿ ਸਤਿਗੁਰ ਸਿਉ ਮਨੁ ਮਾਨਿਆ।। 3।।

*(ਰਾਗ ਧਨਾਸਰੀ ਪੰਨਾ 666)*

**ਸ਼ਬਦ-ਅਰਥ :**

ਹਮ-ਅਸੀਂ ਜੀਵ। ਭੀਖਕ-ਮੰਗਤੇ। ਭੇਖਾਰੀ-ਮੰਗਤੇ। ਨਿਜ ਪਤਿ-ਆਪਣੇ-ਆਪ ਦਾ ਮਾਲਕ, ਸੁਤੰਤਰ। ਦਾਤਾ-ਦਾਤਾਂ ਦੇਣ ਵਾਲ਼ਾ। ਦੈਆਲ-ਦਇਆਵਾਨ। ਕੰਉ-ਨੂੰ। ਰਹਉ-ਰਹਉਂ, ਮੈਂ ਰਹਾਂ। ਰੰਗਿ-ਰੰਗ ਵਿੱਚ। ਰਾਤਾ-ਰੰਗਿਆ ਹੋਇਆ।। 1।। ਬਲਿਹਾਰੈ-ਕੁਰਬਾਨ। ਜਾਉ-ਜਾਉਂ, ਮੈਂ ਜਾਂਦਾ ਹਾਂ। ਵਿਟਹੁ-ਤੋਂ। ਕਰਣ ਕਾਰਣ-ਜਗਤ ਦਾ ਮੂਲ। ਫੇਰ-ਗੇੜ। ਕਿਰਪਨ ਕਉ-ਕੰਜੂਸ ਨੂੰ। ਕੀਜੈ-ਕਰ।



Downloaded from https:// www.studiestoday.com

Downloaded from https:// www.studiestoday.com

ਬਖਸ-ਬਖਸ਼। ਭਨਤਿ-ਆਖਦਾ ਹੈ। ਭਰਮ ਪਟ-ਭਰਮ ਦੇ ਪੜਦੇ। ਪਰਸਾਦੀ-ਕਿਰਪਾ ਨਾਲ਼ ਸਾਂਝ ਪਾ ਲਈ। ਸਾਚੀ-ਸਦਾ ਕਾਇਮ ਰਹਿਣ ਵਾਲ਼ੀ। ਲਿਵ-ਲਗਨ। ਭੀਤਰਿ-ਅੰਦਰ, ਮਨ ਵਿੱਚ। ਸਿਉ-ਨਾਲ਼।। 3 ।।

**ਅਰਥ :**

ਅਸੀਂ ਜੀਵ ਤੇਰੇ ਦਰ ਦੇ ਮੰਗਤੇ ਹਾਂ, ਤੂੰ ਸੁਤੰਤਰ ਰਹਿ ਕੇ ਸਭ ਨੂੰ ਦਾਤਾਂ ਦੇਣ ਵਾਲ਼ਾ ਹੈਂ। ਮੇਰੇ ਉੱਤੇ ਦਇਆਵਾਨ ਹੋ ਅਤੇ ਮੈਨੂੰ ਮੰਗਤੇ ਨੂੰ ਆਪਣਾ ਨਾਮ ਦੇਦੇ ਤਾਂ ਕਿ ਮੈਂ ਸਦਾ ਤੇਰੇ ਪ੍ਰੇਮ-ਰੰਗ ਵਿੱਚ ਰੰਗਿਆ ਰਹਾਂ। ਮੈਂ ਤੇਰੇ ਸਦਾ ਕਾਇਮ ਰਹਿਣ ਵਾਲ਼ੇ ਨਾਮ ਤੋਂ ਸਦਕੇ ਜਾਂਦਾ ਹਾਂ। ਤੂੰ ਸਾਰੇ ਜਗਤ ਦਾ ਮੂਲ ਹੈਂ ;ਤੂੰ ਹੀ ਸਭ ਜੀਵਾਂ ਨੂੰ ਪੈਦਾ ਕਰਨ ਵਾਲ਼ਾ ਹੈਂ। ਕੋਈ ਹੋਰ ਤੇਰੇ ਵਰਗਾ ਨਹੀਂ ਹੈਂ। ਮੈਨੂੰ ਕੰਜੂਸ ਨੂੰ ਹੁਣ ਤੱਕ ਜਨਮ ਮਰਨ ਦੇ ਅਨੇਕਾਂ ਗੇੜ ਪੈ ਚੁੱਕੇ ਹਨ, ਹੁਣ ਤਾਂ ਮੇਰੇ ਉੱਤੇ ਕੁਝ ਮਿਹਰ ਕਰ। ਮੇਰੇ ਉੱਤੇ ਦਇਆਵਾਨ ਹੋ। ਮੇਰੇ ਉੱਤੇ ਇਹੋ-ਜਿਹੀ ਬਖ਼ਸ਼ਸ਼ ਕਰ ਕਿ ਮੈਨੂੰ ਆਪਣਾ ਦੀਦਾਰ ਬਖ਼ਸ਼। ਗੁਰੂ ਦੀ ਕਿਰਪਾ ਨਾਲ਼ ਜਿਸ ਮਨੁੱਖ ਦੇ ਭਰਮ ਦੇ ਪਰਦੇ ਖੁੱਲ੍ਹ ਜਾਂਦੇ ਹਨ, ਉਸ ਦੀ ਪਰਮਾਤਮਾ ਨਾਲ਼ ਡੂੰਘੀ ਸਾਂਝ ਬਣ ਜਾਂਦੀ ਹੈ। ਉਸ ਦੇ ਹਿਰਦੇ ਵਿੱਚ ਪਰਮਾਤਮਾ ਨਾਲ਼ ਸਦਾ ਕਾਇਮ ਰਹਿਣ ਵਾਲ਼ੀ ਲਗਨ ਲੱਗ ਜਾਂਦੀ ਹੈ, ਗੁਰੂ ਨਾਲ਼ ਉਸ ਦਾ ਮਨ ਪਤੀਜ ਜਾਂਦਾ ਹੈ।

## ਸਤੀਆ ਏਹਿ ਨ ਆਖੀਅਨਿ

ਸਲੋਕ ਮ: 3।। ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ।।
ਨਾਨਕ ਸਤੀਆ ਜਾਣੀਅਨਿ ਜਿ ਬਿਰਹੇ ਚੋਟ ਮਰੰਨਿ।।
ਮ: 3।। ਭੀ ਸੋ ਸਤੀਆ ਜਾਣੀਅਨਿ ਸੀਲ ਸੰਤੋਖਿ ਰਹੰਨਿ।।
ਸੇਵਨਿ ਸਾਈ ਆਪਣਾ ਨਿਤ ਉਠਿ ਸੰਮਾਲੰਨਿ।।
ਮ: 3।। ਕੰਤਾ ਨਾਲਿ ਮਹੇਲੀਆ ਸੇਤੀ ਅਗਿ ਜਲਾਹਿ।।
ਜੇ ਜਾਣਹਿ ਪਿਰੁ ਆਪਣਾ ਤਾ ਤਨਿ ਦੁਖ ਸਹਾਹਿ।।
ਨਾਨਕ ਕੰਤ ਨ ਜਾਣਨੀ ਸੇ ਕਿਉ ਅਗਿ ਜਲਾਹਿ।।
ਭਾਵੈ ਜੀਵਉ ਕੈ ਮਰਉ ਦੂਰਹੁ ਹੀ ਭਜਿ ਜਾਹਿ।।
*(ਰਾਗ ਸੂਹੀ ਪੰਨਾ 787)*

**ਸ਼ਬਦ-ਅਰਥ :**

**ਸਤੀ**-ਉਹ ਇਸਤਰੀ ਜੋ ਆਪਣੀ ਪਤੀ ਦੇ ਮਰਨ ਉਪਰੰਤ ਉਸ ਦੇ ਨਾਲ਼ ਹੀ ਚਿਖਾ ਵਿੱਚ ਸੜ ਮਰਦੀ ਸੀ। ਏਹਿ-ਅਜਿਹੀਆਂ ਇਸਤਰੀਆਂ। ਆਖੀਅਨਿ-ਆਖੀਆਂ ਜਾਂਦੀਆਂ ਹਨ। ਮੜਿਆ-ਲੋਥ, ਲਾਸ਼। ਜਿ-ਜੋ। ਬਿਰਹਾ-ਵਿਛੋੜਾ। ਸੀਲ-ਸੁੱਚਾ ਆਚਰਨ। ਸੀਲ ਸੰਤੋਖਿ-ਸੁੱਚੇ ਆਚਰਨ-ਰੂਪ, ਸੰਤੋਖ ਵਿੱਚ। ਸੇਵਨਿ-ਸੇਵਾ ਕਰਦੀਆਂ ਹਨ। ਉਠਿ-ਉਠ ਕੇ, ਭਾਵ ਉੱਦਮ ਨਾਲ਼। ਮਹੇਲੀਆਂ-ਇਸਤਰੀਆਂ। ਕੰਤਾ ਨਾਲਿ-ਜਿਊਂਦੇ ਪਤੀ ਨਾਲ਼। ਸੇਤੀ-ਨਾਲ਼। ਸੇਤੀ ਅਗਿ ਜਲਾਹਿ-ਅੱਗ ਨਾਲ਼ ਸੜਦੀਆਂ ਹਨ, ਦੁੱਖ ਸਹਾਰਦੀਆਂ ਹਨ, ਸੰਸਾਰ ਦੇ ਦੁੱਖ-ਸੁੱਖ ਵਿੱਚ ਕੰਤ ਦਾ ਸਾਥ ਦੇਂਦੀਆਂ ਹਨ। ਕੈ-ਭਾਵੇਂ। ਭਾਵੈ ਜੀਵਉ ਕੈ ਮਰਉ-ਚਾਹੇ ਜੀਵੇ ਚਾਹੇ ਮਰੇ, ਚਾਹੇ ਦੁਖੀ ਹੋਵੇ ਚਾਹੇ ਸੁਖੀ ਹੋਵੇ।



Downloaded from https:// www.studiestoday.com

Downloaded from https:// www.studiestoday.com

**ਅਰਥ :**

ਉਹ ਇਸਤਰੀਆਂ ਸਤੀਆਂ ਨਹੀਂ ਆਖੀਆਂ ਜਾ ਸਕਦੀਆਂ ਜੋ ਪਤੀ ਦੀ ਲੋਥ ਨਾਲ਼ ਸੜ ਮਰਦੀਆਂ ਹਨ। ਅਸਲ ਸਤੀਆਂ ਉਹ ਹਨ ਜੋ ਪਤੀ ਦੀ ਮੌਤ ਤੇ ਵਿਛੋੜੇ ਦੀ ਸੱਟ ਨਾਲ਼ ਮਰ ਜਾਂਦੀਆਂ ਹਨ। ਉਹਨਾਂ ਇਸਤਰੀਆਂ ਨੂੰ ਵੀ ਸਤੀਆਂ ਹੀ ਸਮਝਣਾ ਚਾਹੀਦਾ ਹੈ, ਜਿਨ੍ਹਾਂ ਨੇ ਸਾਊਪੁਣਾ ਅਤੇ ਸੰਤੋਖ ਜਿਹੇ ਗੁਣਾਂ ਨੂੰ ਧਾਰਨ ਕੀਤਾ ਹੁੰਦਾ ਹੈ, ਜੋ ਆਪਣੇ ਪਤੀ ਦੀ ਸੇਵਾ ਕਰਦੀਆਂ ਹਨ ਅਤੇ ਸਦਾ ਉੱਦਮ ਨਾਲ਼ ਆਪਣਾ ਇਹ ਧਰਮ ਚੇਤੇ ਰੱਖਦੀਆਂ ਹਨ। ਸਤੀ ਇਸਤਰੀਆਂ ਆਪਣੇ ਪਤੀ ਦੇ ਜਿਉਂਦਿਆਂ ਉਸ ਦੀ ਸੇਵਾ ਕਰਦੀਆਂ ਹਨ, ਉਸ ਦੇ ਦੁੱਖ-ਸੁੱਖ ਵਿੱਚ ਸਾਥ ਦੇਂਦੀਆਂ ਹਨ, ਉਹ ਪਤੀ ਨੂੰ ਆਪਣਾ ਸਮਝਦੀਆਂ ਹਨ ਤਾਂ ਹੀ ਸਰੀਰ ਦੇ ਦੁੱਖ ਸਹਿੰਦੀਆਂ ਹਨ। ਪਰ ਜਿਨ੍ਹਾਂ ਇਸਤਰੀਆਂ ਨੇ ਆਪਣੇ ਪਤੀ ਨੂੰ ਪਤੀ ਨਹੀਂ ਜਾਣਿਆ, ਉਹ ਦੁੱਖ ਕਿਉਂ ਸਹਿਣ ? ਪਤੀ ਚਾਹੇ ਸੁਖੀ ਹੋਵੇ ਚਾਹੇ ਦੁਖੀ ਹੋਵੇ ਉਹ ਨੇੜੇ ਨਹੀਂ ਢੁਕਦੀਆਂ, ਭਾਵ ਸਾਥ ਨਹੀਂ ਨਿਭਾਉਂਦੀਆਂ।

## ਅਨਦੁ ਸੁਣਹੁ ਵਡਭਾਗੀਹੋ

ਅਨਦੁ ਸੁਣਹੁ ਵਡਭਾਗੀਹੋ ਸਗਲ ਮਨੋਰਥ ਪੂਰੇ।।
ਪਾਰਬ੍ਰਹਮੁ ਪ੍ਰਭੁ ਪਾਇਆ ਉਤਰੇ ਸਗਲ ਵਿਸੂਰੇ।।
ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ।।
ਸੰਤ ਸਾਜਨ ਭਏ ਸਰਸੇ ਪੂਰੇ ਗੁਰ ਤੇ ਜਾਣੀ।।
ਸੁਣਤੇ ਪੁਨੀਤ ਕਹਤੇ ਪਵਿਤੁ ਸਤਿਗੁਰੁ ਰਹਿਆ ਭਰਪੂਰੇ।।
ਬਿਨਵੰਤਿ ਨਾਨਕੁ ਗੁਰ ਚਰਣ ਲਾਗੇ ਵਾਜੇ ਅਨਹਦ ਤੂਰੇ।।

*(ਰਾਗ ਰਾਮਕਲੀ ਪੰਨਾ 922)*

**ਸ਼ਬਦ-ਅਰਥ :**

ਮਨੋਰਥ-ਮਨ ਦੀਆਂ ਇੱਛਾਵਾਂ। ਵਿਸੂਰੇ- ਚਿੰਤਾ, ਝੋਰੇ। ਸੰਤਾਪ-ਕਲ਼ੇਸ। ਸਚੀ ਬਾਣੀ-ਸਦਾ ਥਿਰ ਪ੍ਰਭੂ ਦੀ ਸਿਫ਼ਤ-ਸਲਾਹ ਦੀ ਬਾਣੀ। ਸਰਸੇ—ਸ-ਰਸ ਰਹੇ, ਅਨੰਦ ਭਰਪੂਰ। ਗੁਰ ਤੇ-ਗੁਰੂ ਤੋਂ। ਸਤਿਗੁਰੁ ਰਹਿਆ ਭਰਪੂਰੇ-ਗੁਰੂ ਆਪਣੀ ਬਾਣੀ ਵਿੱਚ ਭਰਪੂਰ ਹੈ, ਬਾਣੀ ਗੁਰੂ ਰੂਪ ਹੈ। ਅਨਹਦ-ਇੱਕ ਰਸ। ਤੂਰੇ-ਵਾਜੇ।

**ਅਰਥ :**

ਵੱਡੇ ਭਾਗਾਂ ਵਾਲ਼ਿਓ ਸੁਣੋ ! ਅਨੰਦ ਇਹ ਹੈ ਕਿ ਇਸ ਅਵਸਥਾ ਵਿੱਚ ਮਨ ਦੀਆਂ ਸਾਰੀਆਂ ਇਛਾਵਾਂ ਪੂਰੀਆਂ ਹੋ ਜਾਂਦੀਆਂ ਹਨ, ਸਾਰੇ ਸੰਕਲਪ ਪੂਰੇ ਹੋ ਜਾਂਦੇ ਹਨ, ਪਰਮਾਤਮਾ-ਪ੍ਰਭੂ ਮਿਲ਼ ਪੈਂਦਾ ਹੈ ਅਤੇ ਸਾਰੇ ਚਿੰਤਾ-ਝੋਰੇ ਮਨ ਤੋਂ ਲਹਿ ਜਾਂਦੇ ਹਨ। ਅਕਾਲ-ਪੁਰਖ ਦੀ ਸਿਫ਼ਤ-ਸਲਾਹ ਦੀ ਬਾਣੀ ਸੁਣਨ ਨਾਲ਼ ਸਾਰੇ ਦੁੱਖ-ਕਸ਼ਟ ਮਿਟ ਜਾਂਦੇ ਹਨ। ਜਿਹੜੇ ਗੁਰਮੁਖ ਪੂਰੇ ਗੁਰੂ ਤੋਂ ਸਿਫ਼ਤ-ਸਲਾਹ ਦੀ ਬਾਣੀ ਨਾਲ਼ ਸਾਂਝ ਪਾਉਣੀ ਸਿੱਖ ਲੈਂਦੇ ਹਨ, ਉਹਨਾਂ ਦੇ ਹਿਰਦੇ ਖਿੜ ਉਠਦੇ ਹਨ। ਇਸ ਬਾਣੀ ਨੂੰ ਸੁਣਨ ਵਾਲ਼ੇ ਅਤੇ ਉਚਾਰਨ ਵਾਲ਼ੇ ਸਭ ਪਵਿੱਤਰ-ਆਤਮਾ ਵਾਲ਼ੇ ਬਣ ਜਾਂਦੇ ਹਨ। ਇਸ ਬਾਣੀ ਵਿੱਚ ਉਹਨਾਂ ਨੂੰ ਸਤਿਗੁਰੂ ਹੀ ਦਿਸਦਾ ਹੈ। ਜਿਹੜੇ ਮਨੁੱਖ ਗੁਰੂ ਦੇ ਚਰਨੀਂ ਲੱਗ ਜਾਂਦੇ ਹਨ, ਉਹਨਾਂ ਦੇ ਅੰਦਰ ਇੱਕਰਸ ਖ਼ੁਸ਼ੀ ਦੇ ਵਾਜੇ ਵੱਜਣ ਲੱਗ ਪੈਂਦੇ ਹਨ ਭਾਵ ਉਹਨਾਂ ਦੇ ਅੰਦਰ ਆਤਮਿਕ ਅਨੰਦ ਪੈਦਾ ਹੋ ਜਾਂਦਾ ਹੈ।



Downloaded from https:// www.studiestoday.com

Downloaded from https:// www.studiestoday.com

## ਜਾਤਿ ਕਾ ਗਰਬੁ ਨ ਕਰੀਅਹੁ ਕੋਈ

ਜਾਤਿ ਕਾ ਗਰਬੁ ਨ ਕਰੀਅਹੁ ਕੋਈ।।
ਬ੍ਰਹਮੁ ਬਿੰਦੇ ਸੋ ਬ੍ਾਹਮਣੁ ਹੋਈ।।1।।
ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ।।
ਇਸੁ ਗਰਬੁ ਤੇ ਚਲਹਿ ਬਹੁਤੁ ਵਿਕਾਰਾ ।।1।। ਰਹਾਉ ।।
ਚਾਰੇ ਵਰਨ ਆਖੈ ਸਭੁ ਕੋਈ।।
ਬ੍ਰਹਮੁ ਬਿੰਦ ਤੇ ਸਭ ਓਪਤਿ ਹੋਈ।।2।।
ਮਾਟੀ ਏਕ ਸਗਲ ਸੰਸਾਰਾ ।।
ਬਹੁ ਬਿਧਿ ਭਾਂਡੇ ਘੜੈ ਕੁਮਾਰਾ।। 3।।
ਪੰਚ ਤਤੁ ਮਿਲਿ ਦੇਹੀ ਕਾ ਆਕਾਰਾ।।
ਘਟਿ ਵਧਿ ਕੋ ਕਰੈ ਬੀਚਾਰਾ।। 4।।
ਕਹਤੁ ਨਾਨਕ ਇਹੁ ਜੀਉ ਕਰਮ ਬੰਧੁ ਹੋਈ।।
ਬਿਨੁ ਸਤਿਗੁਰ ਭੇਟੇ ਮੁਕਤਿ ਨ ਹੋਈ ।।5।।

*(ਰਾਗ ਭੈਰਉ ਪੰਨਾ 1128)*

**ਸ਼ਬਦ-ਅਰਥ :**

ਗਰਬੁ-ਹੰਕਾਰ। ਬ੍ਰਹਮੁ-ਪਰਮਾਤਮਾ। ਬਿੰਦੇ- (ਜੋ) ਜਾਣਦਾ ਹੈ, ਸਾਂਝ ਪਾ ਲੈਂਦਾ ਹੈ। ਤੇ-ਤੋਂ। ਵਿਕਾਰਾ-ਭੈੜ।। ਚਾਰੇ-ਚਾਰ ਹੀ। ਵਰਨ-ਬ੍ਾਹਮਣ,ਖੱਤਰੀ, ਵੈਸ਼,ਸ਼ੂਦਰ। ਸਭੁ ਕੋਈ-ਹਰੇਕ ਮਨੁੱਖ। ਬਿੰਦ-ਵੀਰਜ, ਅਸਲਾ। ਤੇ-ਤੋਂ। ਬ੍ਰਹਮੁ ਬਿੰਦ ਤੇ-ਪਰਮਾਤਮਾ ਦੀ ਜੋਤ-ਰੂਪ ਅਸਲੇ ਤੋਂ। ਸਭ-ਸਾਰੀ। ਓਪਤਿ-ਉਤਪਤੀ। ਸਗਲ-ਸਾਰਾ। ਬਹੁ ਬਿਧਿ-ਕਈ ਕਿਸਮਾਂ ਦੇ। ਘੜੈ-ਘੜਦਾ ਹੈ। ਮਿਲਿ-ਮਿਲ਼ ਕੇ। ਦੇਹੀ-ਸਰੀਰ। ਆਕਾਰਾ-ਸ਼ਕਲ। ਘਟਿ-ਥੋੜ੍ਹੇ। ਵਧਿ-ਵਧੀਕ, ਬਹੁਤੇ। ਕੋ ਕਰੈ-ਕੌਣ ਕਰ ਸਕਦਾ ਹੈ? ਕਹਤੁ-ਆਖਦਾ ਹੈ। ਜੀਉ-ਜੀਵ। ਕਰਮ ਬੰਧੁ-ਆਪਣੇ ਕੀਤੇ ਕਰਮਾਂ ਦਾ ਬੱਧਾ ਹੋਇਆ। ਭੇਟੇ-ਮਿਲ਼ਿਆਂ। ਮੁਕਤਿ-(ਕਰਮਾਂ ਦੇ ਬੰਧਨਾਂ ਤੋਂ) ਖ਼ਲਾਸੀ।

**ਅਰਥ :**

ਕੋਈ ਵੀ ਧਿਰ (ਉੱਚੀ) ਜਾਤ ਦਾ ਮਾਣ ਨਾ ਕਰਿਓ। 'ਜਾਤਿ' ਦੇ ਆਸਰੇ ਬ੍ਾਹਮਣ ਨਹੀਂ ਬਣੀਂਦਾ, ਉਹ ਮਨੁੱਖ ਬ੍ਾਹਮਣ ਬਣ ਜਾਂਦਾ ਹੈ, ਜਿਹੜਾ ਉਸ ਬ੍ਰਹਮ ਭਾਵ ਪਰਮਾਤਮਾ ਨਾਲ਼ ਡੂੰਘੀ ਸਾਂਝ ਪਾ ਲੈਂਦਾ ਹੈ। ਹੇ ਮੂਰਖ! ਹੇ ਗਵਾਰ! ਉੱਚੀ ਜਾਤ ਦਾ ਮਾਣ ਨਾ ਕਰ। ਇਸ ਮਾਣ-ਹੰਕਾਰ ਤੋਂ ਭਾਈਚਾਰਿਕ ਜੀਵਨ ਵਿੱਚ ਕਈ ਵਿਗਾੜ ਚੱਲ ਪੈਂਦੇ ਹਨ। ਹਰੇਕ ਮਨੁੱਖ ਇਹੀ ਆਖਦਾ ਹੈ ਕਿ ਬ੍ਾਹਮਣ, ਖੱਤਰੀ, ਵੈਸ਼,ਸ਼ੂਦਰ ਚਾਰ ਹੀ ਵੱਖ-ਵੱਖ ਵਰਨ ਹਨ। ਪਰ ਇਹ ਲੋਕ ਇਹ ਨਹੀਂ ਸਮਝਦੇ ਕਿ ਪਰਮਾਤਮਾ ਦੀ ਜੋਤਿ-ਰੂਪ ਅਸਲੇ ਤੋਂ ਹੀ ਸਾਰੀ ਸ੍ਰਿਸ਼ਟੀ ਪੈਦਾ ਹੁੰਦੀ ਹੈ। ਜਿਵੇਂ ਕੋਈ ਘੁਮਿਆਰ ਇੱਕੋ ਮਿੱਟੀ ਤੋਂ ਕਈ ਕਿਸਮਾਂ ਦੇ ਭਾਂਡੇ ਘੜ ਲੈਂਦਾ ਹੈ, ਤਿਵੇਂ ਹੀ ਇਹ ਸਾਰਾ ਸੰਸਾਰ ਪਰਮਾਤਮਾ ਨੇ ਆਪਣੀ ਹੀ ਜੋਤਿ ਤੋਂ ਬਣਾਇਆ ਹੋਇਆ ਹੈ। ਪੰਜ ਤੱਤ ਮਿਲ਼ ਕੇ ਸਰੀਰ ਦੀ ਸ਼ਕਲ ਬਣਦੀ ਹੈ। ਕੋਈ ਇਹ ਨਹੀਂ ਆਖ ਸਕਦਾ ਕਿ ਕਿਹੜੇ ਵਰਨ ਵਾਲ਼ੇ ਵਿੱਚ ਬਹੁਤੇ ਤੱਤ ਹਨ, ਤੇ ਕਿਹੜੇ ਵਰਨ ਵਾਲ਼ੇ ਵਿੱਚ ਥੋੜ੍ਹੇ ਤੱਤ ਹਨ। ਭਾਵੇਂ ਕੋਈ ਬ੍ਾਹਮਣ ਹੈ, ਭਾਵੇਂ ਕੋਈ ਹੋਰ



Downloaded from https:// www.studiestoday.com

Downloaded from https:// www.studiestoday.com

ਹੈ, ਹਰੇਕ ਜੀਵ ਆਪੋ ਆਪਣੇ ਕੀਤੇ ਕਰਮਾਂ ਦੇ ਸੰਸਕਾਰਾਂ ਵਿੱਚ ਬੱਝਾ ਹੋਇਆ ਹੈ। ਗੁਰੂ ਨੂੰ ਮਿਲਣ ਤੋਂ ਬਿਨਾਂ ਕੀਤੇ ਕਰਮਾਂ ਦੇ ਸੰਸਕਾਰਾਂ ਦੇ ਬੰਧਨਾਂ ਤੋਂ ਖ਼ਲਾਸੀ ਨਹੀਂ ਹੁੰਦੀ।

## ਹਉਮੈ ਮਾਇਆ ਮੋਹਿ ਖੁਆਇਆ

ਹਉਮੈ ਮਾਇਆ ਮੋਹਿ ਖੁਆਇਆ ਦੁਖੁ ਖਟੇ ਦੁਖ ਖਾਇ॥
ਅੰਤਰਿ ਲੋਭ ਹਲਕੁ ਦੁਖੁ ਭਾਰੀ ਬਿਨੁ ਬਿਬੇਕ ਭਰਮਾਇ॥
ਮਨਮੁਖਿ ਧ੍ਰਿਗੁ ਜੀਵਣੁ ਸੈਸਾਰਿ॥
ਰਾਮਨਾਮੁ ਸੁਪਨੈ ਨਹੀ ਚੇਤਿਆ, ਹਰਿ ਸਿਉ ਕਦੇ ਨ
ਲਾਗੈ ਪਿਆਰੁ ॥ ੧ ॥ ਰਹਾਉ ॥
ਪਸੂਆ ਕਰਮ ਕਰੈ ਨਹੀਂ ਬੂਝੈ ਕੂੜੁ ਕਮਾਵੈ ਕੂੜੋ ਹੋਇ॥
ਸਤਿਗੁਰੁ ਮਿਲੈ ਤ ਉਲਟੀ ਹੋਵੈ ਖੋਜਿ ਲਹੈ ਜਨੁ ਕੋਇ॥ 2 ॥
ਹਰਿ ਹਰਿ ਨਾਮੁ ਰਿਦੈ ਸਦ ਵਸਿਆ ਪਾਇਆ ਗੁਣੀ ਨਿਧਾਨੁ॥
ਗੁਰ ਪਰਸਾਦੀ ਪੂਰਾ ਪਾਇਆ ਚੂਕਾ ਮਨ ਅਭਿਮਾਨੁ ॥ 3 ॥
ਆਪੇ ਕਰਤਾ ਕਰੇ ਕਰਾਏ ਆਪੇ ਮਾਰਗਿ ਪਾਏ॥
ਆਪੇ ਗੁਰਮੁਖਿ ਦੇ ਵਡਿਆਈ ਨਾਨਕ ਨਾਮਿ ਸਮਾਏ॥ 4 ॥9 ॥9॥

*(ਰਾਗ ਭੈਰਉ ਪੰਨਾ 1132)*

**ਸ਼ਬਦ- ਅਰਥ:**

ਮੋਹਿ–ਮੋਹ ਵਿੱਚ ਫਸ ਕੇ। **ਖੁਆਇਆ**–ਜੀਵਨ–ਰਾਹ ਤੋਂ ਖੁੰਝ ਗਿਆ। ਖਾਇ–ਖਾਂਦਾ ਹੈ, ਸਹਾਰਦਾ ਹੈ। ਅੰਤਰਿ–ਅੰਦਰ। ਬਿਬੇਕ–ਚੰਗੇ–ਮੰਦੇ ਕੰਮ ਦੀ ਪਰਖ ਕਰਨ ਦੀ ਸਮਰੱਥਾ। ਭਰਮਾਇਆ–ਭਟਕਦਾ ਫਿਰਦਾ ਹੈ। ਮਨਮੁਖਿ–ਆਪਣੇ ਮਨ ਦੇ ਪਿੱਛੇ ਤੁਰਨ ਵਾਲ਼ੇ ਮਨੁੱਖ ਦਾ। ਧ੍ਰਿਗੁ–ਫਿਟਕਾਰ–ਜੋਗ। ਸੈਸਾਰਿ–ਸੰਸਾਰ ਵਿੱਚ। ਸੁਪਨੈ–ਸੁਪਨੇ ਵਿੱਚ ਭੀ, ਕਦੇ ਹੀ। ਸਿਉ–ਨਾਲ਼। ਪਸੂਆ ਕਰਮ–ਪਸ਼ੂਆਂ ਵਾਲ਼ੇ ਕੰਮ । ਕਰੈ-ਕਰਦਾ ਹੈ। ਕੂੜੋ-ਕੂੜ ਹੀ। ਤ–ਤਾਂ, ਤਦੋਂ। ਉਲਟੀ ਹੋਵੈ–ਮਾਇਆ ਦੇ ਮੋਹ ਵੱਲੋਂ ਸੁਰਤ ਪਰਤਦੀ ਹੈ। ਜਨੁ ਕੋਇ–ਕੋਈ ਵਿਰਲਾ ਮਨੁੱਖ। ਲਹੈ–ਲੱਭ ਲੈਂਦਾ ਹੈ। ਰਿਦੈ–ਹਿਰਦੇ ਵਿੱਚ। ਸਦ–ਸਦਾ। ਨਿਧਾਨੁ–ਖ਼ਜ਼ਾਨਾ। ਪਰਸਾਦੀ–ਪਰਸਾਦਿ, ਕਿਰਪਾ ਨਾਲ਼। ਪੂਰਾ–ਅਭੁੱਲ ਪਰਮਾਤਮਾ। ਮਨ ਅਭਿਮਾਨੁ–ਮਨ ਦਾ ਹੰਕਾਰ। ਚੂਕਾ-ਮੁੱਕ ਗਿਆ। ਆਪੇ–ਆਪ ਹੀ। ਮਾਰਗਿ-ਰਸਤੇ ਉੱਤੇ। ਗੁਰਮੁਖਿ–ਗੁਰੂ ਦੀ ਰਾਹੀਂ। ਦੇ-ਦੇਂਦਾ ਹੈ। ਨਾਮਿ–ਨਾਮ ਵਿੱਚ।

**ਅਰਥ :**

ਆਪਣੇ ਮਨ ਦੇ ਪਿੱਛੇ ਤੁਰਨ ਵਾਲ਼ਾ ਮਨੁੱਖ ਹਉਮੈ ਦੇ ਕਾਰਨ, ਮਾਇਆ ਦੇ ਮੋਹ ਦੇ ਕਾਰਨ ਜੀਵਨ–ਰਾਹ ਤੋਂ ਖੁੰਝਿਆ ਰਹਿੰਦਾ ਹੈ। ਉਹ ਉਹੀ ਕੁਝ ਕਰਦਾ ਰਹਿੰਦਾ ਹੈ ਜਿਸ ਤੋਂ ਉਹ ਦੁੱਖ ਹੀ ਸਹੇੜਦਾ ਹੈ, ਦੁੱਖ ਹੀ ਸਹਾਰਦਾ ਹੈ। ਉਸ ਦੇ ਅੰਦਰ ਲੋਭ ਟਿਕਿਆ ਰਹਿੰਦਾ ਹੈ ਜਿਵੇਂ ਕੁੱਤੇ ਨੂੰ ਜਦੋਂ ਹਲ਼ਕਾਅ ਹੋ ਜਾਂਦਾ ਹੈ ਤਾਂ ਕੁੱਤਾ ਆਪ ਭੀ ਦੁਖੀ ਹੁੰਦਾ ਹੈ ਅਤੇ ਲੋਕਾਂ ਨੂੰ ਵੀ ਦੁਖੀ ਕਰਦਾ ਹੈ। ਇਸੇ ਤਰ੍ਹਾਂ ਲੋਭੀ ਨੂੰ ਬਹੁਤ ਦੁੱਖ ਬਣਿਆ ਰਹਿੰਦਾ ਹੈ। ਚੰਗੇ-ਮੰਦੇ ਕੰਮ ਦੀ ਪਰਖ ਨਾ ਕਰ ਸਕਣ ਕਰਕੇ ਉਹ ਮਾਇਆ ਦੀ ਖ਼ਾਤਰ ਭਟਕਦਾ ਫਿਰਦਾ ਹੈ। ਆਪਣੇ ਮਨ ਦੇ ਪਿੱਛੇ ਤੁਰਨ ਵਾਲ਼ੇ ਮਨੁੱਖ ਦਾ ਜਗਤ ਵਿੱਚ ਜੀਵਨ (ਢੰਗ) ਇਹੋ–ਜਿਹਾ ਹੀ



Downloaded from https:// www.studiestoday.com

Downloaded from https:// www.studiestoday.com

ਰਹਿੰਦਾ ਹੈ ਕਿ ਉਸ ਨੂੰ ਫਿਟਕਾਰਾਂ ਪੈਂਦੀਆਂ ਰਹਿੰਦੀਆਂ ਹਨ। ਉਹ ਪਰਮਾਤਮਾ ਦਾ ਨਾਮ ਕਦੇ ਭੀ ਯਾਦ ਨਹੀਂ ਕਰਦਾ, ਪਰਮਾਤਮਾ ਨਾਲ਼ ਉਸ ਦਾ ਕਦੇ ਭੀ ਪਿਆਰ ਨਹੀਂ ਬਣਦਾ।

ਮਨ ਦਾ ਮੁਰੀਦ ਮਨੁੱਖ ਭਾਵ ਮਨ ਦੇ ਪਿੱਛੇ ਲੱਗਣ ਵਾਲ਼ਾ ਮਨੁੱਖ ਪਸ਼ੂਆਂ ਵਾਲ਼ੇ ਕੰਮ ਕਰਦਾ ਹੈ, ਉਸ ਨੂੰ ਸਮਝ ਨਹੀਂ ਆਉਂਦੀ ਕਿ ਇਹ ਜੀਵਨ-ਰਾਹ ਗ਼ਲਤ ਹੈ। ਨਾਸਵੰਤ ਮਾਇਆ ਦੀ ਖ਼ਾਤਰ ਦੌੜ-ਭੱਜ ਕਰਦਾ-ਕਰਦਾ ਉਸੇ ਦਾ ਰੂਪ ਹੋਇਆ ਰਹਿੰਦਾ ਹੈ। ਪਰ ਜੇ ਉਸ ਨੂੰ ਗੁਰੂ ਮਿਲ਼ ਪਏ ਤਾਂ ਉਸ ਦੀ ਸੁਰਤ ਮਾਇਆ ਵੱਲੋਂ ਪਰਤ ਜਾਂਦੀ ਹੈ। ਫਿਰ ਉਹ ਖੋਜ ਕਰ ਕੇ ਪਰਮਾਤਮਾ ਦਾ ਮਿਲ਼ਾਪ ਪ੍ਰਾਪਤ ਕਰ ਲੈਂਦਾ ਹੈ। ਪਰ ਅਜਿਹਾ ਕਰਨ ਵਾਲ਼ਾ ਕੋਈ ਵਿਰਲਾ ਹੀ ਹੁੰਦਾ ਹੈ। ਜਿਸ ਮਨੁੱਖ ਦੇ ਹਿਰਦੇ ਵਿੱਚ ਪਰਮਾਤਮਾ ਦਾ ਨਾਮ ਸਦਾ ਵੱਸਿਆ ਰਹਿੰਦਾ ਹੈ, ਉਹ ਮਨੁੱਖ ਗੁਣਾਂ ਦੇ ਖ਼ਜ਼ਾਨੇ ਪਰਮਾਤਮਾ ਨੂੰ ਮਿਲ਼ ਪੈਂਦਾ ਹੈ। ਗੁਰੂ ਦੀ ਕਿਰਪਾ ਨਾਲ਼ ਉਸ ਨੂੰ ਪੂਰਨ ਪ੍ਰਭੂ ਮਿਲ਼ ਪੈਂਦਾ ਹੈ, ਉਸ ਦੇ ਮਨ ਦਾ ਹੰਕਾਰ ਦੂਰ ਹੋ ਜਾਂਦਾ ਹੈ। ਮਨਮੁਖ ਦੇ ਵੀ ਕੀ ਵੱਸ ਹੈ ? ਪਰਮਾਤਮਾ ਆਪ ਹੀ ਸਭ ਕੁਝ ਕਰਦਾ ਹੈ, ਆਪ ਹੀ ਜੀਵਾਂ ਪਾਸੋਂ ਕਰਵਾਉਂਦਾ ਹੈ, ਆਪ ਹੀ ਜੀਵਾਂ ਨੂੰ ਸਹੀ ਜੀਵਨ-ਰਾਹ 'ਤੇ ਪਾਉਂਦਾ ਹੈ, ਆਪ ਹੀ ਗੁਰੂ ਦੀ ਰਾਹੀਂ ਇੱਜ਼ਤ ਬਖ਼ਸ਼ਦਾ ਹੈ। ਜਿਸ ਮਨੁੱਖ ਉੱਤੇ ਪਰਮਾਤਮਾ ਮਿਹਰ ਕਰਦਾ ਹੈ, ਉਹ ਹਰਿ-ਨਾਮ ਵਿੱਚ ਲੀਨ ਰਹਿੰਦਾ ਹੈ।।4।।9।।9।।

## ਮੇਰੀ ਪਟੀਆ ਲਿਖਹੁ

ਮੇਰੀ ਪਟੀਆ ਲਿਖਹੁ ਹਰਿ ਗੋਵਿੰਦ ਗੋਪਾਲਾ।।
ਦੂਜੈ ਭਾਇ ਫਾਥੇ ਜਮ ਜਾਲਾ।।
ਸਤਿਗੁਰੁ ਕਰੇ ਮੇਰੀ ਪ੍ਰਤਿਪਾਲਾ।।
ਹਰਿ ਸੁਖਦਾਤਾ ਮੇਰੈ ਨਾਲਾ।।1।।
ਗੁਰ ਉਪਦੇਸਿ ਪ੍ਰਹਿਲਾਦੁ ਹਰਿ ਉਚਰੈ।।
ਸਾਸਨਾ ਤੇ ਬਾਲਕੁ ਗਮੁ ਨ ਕਰੈ।। 1।। ਰਹਾਉ।।
ਮਾਤਾ ਉਪਦੇਸੈ ਪ੍ਰਹਿਲਾਦ ਪਿਆਰੇ।।
ਪੁਤ੍ਰ ਰਾਮਨਾਮੁ ਛੋਡਹੁ ਜੀਉ ਲੇਹੁ ਉਬਾਰੇ।।
ਪ੍ਰਹਿਲਾਦੁ ਕਹੈ ਸੁਨਹੁ ਮੇਰੀ ਮਾਇ।।
ਰਾਮਨਾਮੁ ਨ ਛੋਡਾ ਗੁਰਿ ਦੀਆ ਬੁਝਾਇ।।2।।
ਸੰਡਾ ਮਰਕਾ ਸਭਿ ਜਾਇ ਪੁਕਾਰੇ।।
ਪ੍ਰਹਿਲਾਦੁ ਆਪਿ ਵਿਗੜਿਆ ਸਭਿ ਚਾਟੜੇ ਵਿਗਾੜੇ।।
ਦੁਸਟ ਸਭਾ ਮਹਿ ਮੰਤ੍ਰ ਪਕਾਇਆ।।
ਪ੍ਰਹਿਲਾਦ ਕਾ ਰਾਖਾ ਹੋਇ ਰਘੁਰਾਇਆ।।3।।
ਹਾਥਿ ਖੜਗੁ ਕਰਿ ਧਾਇਆ ਅਤਿ ਅਹੰਕਾਰਿ।।
ਹਰਿ ਤੇਰਾ ਕਹਾ ਤੁਝੁ ਲਏ ਉਬਾਰਿ।।
ਖਿਨ ਮਹਿ ਭੈਆਨ ਰੂਪੁ ਨਿਕਸਿਆ ਥੰਮ ਉਪਾੜਿ।।
ਹਰਣਾਖਸੁ ਨਖੀ ਬਿਦਾਰਿਆ ਪ੍ਰਹਲਾਦੁ ਲੀਆ ਉਬਾਰਿ।।4।।
ਸੰਤ ਜਨਾ ਕੇ ਹਰਿ ਜੀਉ ਕਾਰਜ ਸਵਾਰੇ।।



Downloaded from https:// www.studiestoday.com

Downloaded from https:// www.studiestoday.com

ਪ੍ਰਹਲਾਦ ਜਨ ਕੇ ਇਕੀਹ ਕੁਲ ਉਧਾਰੇ।।
ਗੁਰ ਕੈ ਸਬਦਿ ਹਉਮੈ ਬਿਖੁ ਮਾਰੇ।।
ਨਾਨਕ ਰਾਮ ਨਾਮਿ ਸੰਤ ਨਿਸਤਾਰੇ।। 5 ।। 10 ।। 20 ।।

*(ਰਾਗ ਭੈਰਉ ਪੰਨਾ 1133)*

**ਸ਼ਬਦ-ਅਰਥ :**

ਦੂਜੈ ਭਾਇ- ਪ੍ਰਭੂ ਨੂੰ ਛੱਡ ਕੇ ਹੋਰ ਦੇ ਪਿਆਰ ਵਿੱਚ ਰਹਿਣ ਵਾਲ਼ੇ। ਜਮ ਜਾਲਾ-ਜਮ ਦਾ ਜਾਲ਼, ਆਤਮਿਕ ਮੌਤ ਦਾ ਜਾਲ਼। ਪ੍ਰਤਿਪਾਲਾ-ਰਾਖੀ। ਉਪਦੇਸਿ-ਉਪਦੇਸ਼। ਉਚਰੈ-ਉਚਾਰਦਾ ਹੈ, ਜਪਦਾ ਹੈ। ਸਾਸਨਾ-ਤਾੜਨਾ, ਦੰਡ, ਸਰੀਰਿਕ ਕਸ਼ਟ। ਤੇ-ਤੋਂ। ਗਮੁ-ਗ਼ਮ। ਗਮੁ ਨ ਕਰੈ-ਘਾਬਰਦਾ ਨਹੀਂ, ਡਰਦਾ ਨਹੀਂ। ਉਪਦੇਸੈ-ਸਮਝਾਉਂਦੀ ਹੈ। ਜੀਉ-ਜਿੰਦ। ਲੇਹੁ ਉਬਾਰੇ-ਬਚਾ ਲੈ। ਮਾਇ-ਮਾਂ। ਨਾ ਛੋਡਾ-ਨਾ ਛੋਡਾਂ, ਮੈਂ ਨਹੀਂ ਛੱਡਦਾ। ਗੁਰਿ-ਗੁਰੂ ਨੇ। ਦੀਆ ਬੁਝਾਇ-ਸਮਝਾ ਦਿੱਤਾ ਹੈ। ਸੰਡਾ ਮਰਕਾ-ਸੰਡ ਅਤੇ ਅਮਰਕ। ਸਭਿ-ਸਾਰੇ। ਜਾਇ-ਜਾ ਕੇ। ਚਾਟੜੇ-ਪੜ੍ਹਨ ਵਾਲ਼ੇ ਮੁੰਡੇ। ਮਹਿ-ਵਿੱਚ। ਮੰਤ੍ਰ ਪਕਾਇਆ-ਸਲਾਹ ਪੱਕੀ ਕੀਤੀ। ਰਘੁਰਾਇਆ-ਪਰਮਾਤਮਾ। ਹਾਥਿ-ਹੱਥ ਵਿੱਚ। ਖੜਗੁ-ਤਲਵਾਰ। ਕਰਿ-ਕਰ ਕੇ, ਲੈ ਕੇ। ਅਤਿ ਅਹੰਕਾਰਿ-ਬੜੇ ਹੀ ਹੰਕਾਰ ਨਾਲ਼। ਕਹਾ-ਕਹਾਂ ? ਕਿੱਥੇ ? ਲਏ ਉਬਾਰਿ-ਉਭਾਰ ਲਏ, ਜੋ ਤੈਨੂੰ ਬਚਾ ਲਏ। ਭੈਆਨ-ਭਿਆਨਕ। ਉਪਾੜਿ-ਪਾੜ ਕੇ। ਨਖੀ-ਨਖੀਂ, ਨਹੁੰਆਂ ਨਾਲ਼। ਬਿਦਾਰਿਆ-ਚੀਰ ਦਿੱਤਾ। ਕਾਰਜ-ਸਾਰੇ ਕੰਮ। ਉਧਾਰੇ-ਬਚਾ ਲਏ। ਕੈ ਸਬਦਿ-ਦੇ ਸ਼ਬਦ ਦੀ ਰਾਹੀਂ। ਬਿਖੁ-ਜ਼ਹਿਰ, ਆਤਮਕ ਮੌਤ ਲਿਆਉਣ ਵਾਲ਼ੀ ਜ਼ਹਿਰ। ਨਾਮਿ-ਨਾਮ ਵਿੱਚ ਜੋੜ ਕੇ। ਨਿਸਤਾਰੇ -ਪਾਰ ਲੰਘਾਂਦਾ ਹੈ।

**ਅਰਥ :**

ਪ੍ਰਹਿਲਾਦ ਆਪਣੇ ਪੜ੍ਹਾਉਣ ਵਾਲਿਆਂ ਨੂੰ ਨਿੱਤ ਆਖਦਾ ਹੈ ਕਿ ਮੇਰੀ ਪੱਟੀ ਉੱਤੇ ਹਰੀ ਦਾ ਨਾਮ ਲਿਖ ਦਿਓ, ਗੋਬਿੰਦ ਦਾ ਨਾਮ ਲਿਖ ਦਿਓ, ਗੋਪਾਲ ਦਾ ਨਾਮ ਲਿਖ ਦਿਓ। ਜਿਹੜੇ ਮਨੁੱਖ ਨਿਰੇ ਮਾਇਆ ਦੇ ਪਿਆਰ ਵਿੱਚ ਰਹਿੰਦੇ ਹਨ,ਉਹ ਆਤਮਿਕ ਮੌਤ ਦੇ ਜਾਲ਼ ਵਿੱਚ ਫਸੇ ਰਹਿੰਦੇ ਹਨ। ਮੇਰਾ ਗੁਰੂ ਮੇਰੀ ਰਾਖੀ ਕਰ ਰਿਹਾ ਹੈ। ਸਾਰੇ ਸੁੱਖ ਦੇਣ ਵਾਲ਼ਾ ਪਰਮਾਤਮਾ ਹਰ ਵੇਲ਼ੇ ਮੇਰੇ ਅੰਗ-ਸੰਗ ਵੱਸਦਾ ਹੈ। ਪ੍ਰਹਿਲਾਦ ਆਪਣੇ ਗੁਰੂ ਦੀ ਸਿੱਖਿਆ ਉੱਤੇ ਤੁਰ ਕੇ ਪਰਮਾਤਮਾ ਦਾ ਨਾਮ ਜਪਦਾ ਹੈ ਅਤੇ ਕਿਸੇ ਵੀ ਸਰੀਰਿਕ ਕਸ਼ਟ ਤੋਂ ਡਰਦਾ ਨਹੀਂ।

ਪ੍ਰਹਿਲਾਦ ਨੂੰ ਉਸ ਦੀ ਮਾਂ ਸਮਝਾਉਂਦੀ ਹੈ-ਪਿਆਰੇ ਪ੍ਰਹਿਲਾਦ! ਮੇਰੇ ਪੁੱਤਰ! ਪਰਮਾਤਮਾ ਦਾ ਨਾਮ ਛੱਡ ਦੇ, ਆਪਣੀ ਜਿੰਦ ਬਚਾ ਲੈ। ਅੱਗੋਂ ਪ੍ਰਹਿਲਾਦ ਆਖਦਾ ਹੈ-ਮਾਂ ! ਸੁਣ, ਮੈਂ ਪਰਮਾਤਮਾ ਦਾ ਨਾਮ ਨਹੀਂ ਛੱਡਾਂਗਾ ਇਹ ਨਾਮ ਜਪਣਾ ਮੈਨੂੰ ਮੇਰੇ ਗੁਰੂ ਨੇ ਸਮਝਾਇਆ ਹੈ। ਸੰਡਾ-ਮਰਕਾ ਅਤੇ ਹੋਰ ਸਾਰਿਆਂ ਨੇ ਜਾ ਕੇ ਹਰਨਾਖ਼ਸ਼ ਕੋਲ਼ ਪੁਕਾਰ ਕੀਤੀ ਕਿ ਪ੍ਰਹਿਲਾਦ ਆਪ ਵਿਗੜਿਆ ਹੋਇਆ ਹੈ ਅਤੇ ਉਸ ਨੇ ਸਾਡੇ ਮੁੰਡੇ ਵੀ ਵਿਗਾੜ ਦਿੱਤੇ ਹਨ। ਇਹ ਸੁਣ ਕੇ ਉਹਨਾਂ ਦੁਸ਼ਟਾਂ ਨੇ ਰਲ਼ ਕੇ ਸਲਾਹ ਕੀਤੀ ਕਿ ਪ੍ਰਹਿਲਾਦ ਨੂੰ ਮਾਰ ਮੁਕਾਈਏ। ਪਰ ਪ੍ਰਹਿਲਾਦ ਦਾ ਰਾਖਾ ਆਪ ਪਰਮਾਤਮਾ ਬਣ ਗਿਆ।

ਹਰਨਾਖ਼ਸ਼ ਹੱਥ ਵਿੱਚ ਤਲਵਾਰ ਫੜ ਕੇ ਬੜੇ ਹੰਕਾਰ ਨਾਲ਼ ਪ੍ਰਹਿਲਾਦ ਉੱਤੇ ਟੁੱਟ ਪਿਆ ਅਤੇ ਕਹਿਣ ਲੱਗਾ-ਦੱਸ! ਕਿੱਥੇ ਹੈ ਤੇਰਾ ਹਰੀ ਜਿਹੜਾ ਤੈਨੂੰ ਬਚਾ ਲਏਗਾ ? ਇਹ ਆਖਣ ਦੀ ਢਿੱਲ ਸੀ ਕਿ ਝੱਟ ਇੱਕ ਖਿਨ ਵਿੱਚ ਹੀ ਪਰਮਾਤਮਾ ਭਿਆਨਕ ਰੂਪ ਧਾਰ ਕੇ ਥੰਮ੍ਹ ਪਾੜ ਕੇ ਨਿਕਲ਼ ਆਇਆ। ਉਸ ਨੇ ਨਰ ਸਿੰਘ ਦੇ ਰੂਪ ਵਿੱਚ ਹਰਨਾਖਸ਼ ਨੂੰ ਆਪਣੇ ਨਹੁੰਆਂ ਨਾਲ਼ ਚੀਰ ਦਿੱਤਾ ਅਤੇ ਪ੍ਰਹਿਲਾਦ ਨੂੰ ਬਚਾ ਲਿਆ।



Downloaded from https:// www.studiestoday.com

Downloaded from https:// www.studiestoday.com

ਪਰਮਾਤਮਾ ਸਦਾ ਆਪਣੇ ਭਗਤਾਂ ਦੇ ਸਾਰੇ ਕੰਮ ਸੁਆਰਦਾ ਹੈ। ਉਸ ਨੇ ਪ੍ਰਹਿਲਾਦ ਦੀਆਂ ਇੱਕੀ ਕੁਲਾਂ ਵੀ ਤਾਰ ਦਿੱਤੀਆਂ। ਪਰਮਾਤਮਾ ਆਪਣੇ ਸੰਤਾਂ ਨੂੰ ਗੁਰੂ ਦੇ ਸ਼ਬਦ ਵਿੱਚ ਜੋੜ ਕੇ ਉਹਨਾਂ ਦੇ ਅੰਦਰੋਂ ਆਤਮਿਕ ਮੌਤ ਲਿਆਉਣ ਵਾਲ਼ੀ ਹਉਮੈਂ ਮੁਕਾ ਦੇਂਦਾ ਹੈ ਅਤੇ ਹਰਿ-ਨਾਮ ਨਾਲ਼ ਜੋੜ ਕੇ ਉਹਨਾਂ ਨੂੰ ਸੰਸਾਰ-ਸਾਗਰ ਤੋਂ ਪਾਰ ਲੰਘਾ ਦੇਂਦਾ ਹੈ।

## ਅਭਿਆਸ

1. **ਹੇਠਾਂ ਲਿਖੀਆਂ ਕਾਵਿ-ਤੁਕਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ:**

(ੳ) ਬਹੁਤੇ ਫੇਰ ਪਏ ਕਿਰਪਨ ਕਉ ਅਬ ਕਿਛੁ ਕਿਰਪਾ ਕੀਜੈ।।
ਹੋਹੁ ਦਇਆਲ ਦਰਸਨੁ ਦੇਹੁ ਅਪੁਨਾ ਐਸੀ ਬਖਸ ਕਰੀਜੈ।।

(ਅ) ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ।।
ਇਸੁ ਗਰਬੁ ਤੇ ਚਲਹਿ ਬਹੁਤੁ ਵਿਕਾਰਾ।।

(ੲ) ਸੰਡਾ ਮਰਕਾ ਸਭਿ ਜਾਇ ਪੁਕਾਰੇ।।
ਪ੍ਰਹਿਲਾਦੁ ਆਪਿ ਵਿਗੜਿਆ ਸਭਿ ਚਾਟੜੇ ਵਿਗਾੜੇ।।

(ਸ) ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ।।
ਸੰਤ ਸਾਜਨ ਭਏ ਸਰਸੇ ਪੂਰੇ ਗੁਰ ਤੇ ਜਾਣੀ।।

2. **ਹੇਠਾਂ ਲਿਖੇ ਸਲੋਕਾਂ ਵਿੱਚੋਂ ਕਿਸੇ ਇੱਕ ਦਾ ਕੇਂਦਰੀ ਭਾਵ ਲਿਖੋ:-**

(ੳ) ਸਤੀਆ ਏਹਿ ਨ ਆਖੀਅਨ

(ਅ) ਜਾਤਿ ਕਾ ਗਰਬੁ ਨ ਕਰੀਅਹੁ ਕੋਈ

(ੲ) ਹਉਮੈ ਮਾਇਆ ਮੋਹਿ ਖੁਆਇਆ।

3. 'ਅਨਦੁ ਸੁਣਹੁ ਵਡਭਾਗੀਹੋ' ਸ਼ਬਦ ਦਾ ਕੇਂਦਰੀ ਭਾਵ ਲਿਖੋ।

4. ਵਸਤੂਨਿਸ਼ਠ ਪ੍ਰਸ਼ਨ—

(ੳ) ਗੁਰੂ ਅਮਰਦਾਸ ਜੀ ਦੀ ਕਿਸੇ ਇੱਕ ਰਚਨਾ ਦਾ ਸਿਰਲੇਖ ਦੱਸੋ।

(ਅ) 'ਹਉਮੈ ਮਾਇਆ ਮੋਹਿ ਖੁਆਇਆ' ਕਿਹੜੇ ਗੁਰੂ ਸਾਹਿਬ ਦੀ ਰਚਨਾ ਹੈ—

(*i*) ਗੁਰੂ ਨਾਨਕ ਦੇਵ ਜੀ

(*ii*) ਗੁਰੂ ਅੰਗਦ ਦੇਵ ਜੀ

(*iii*) ਗੁਰੂ ਅਮਰਦਾਸ ਜੀ।

(ੲ) ਗੁਰੂ ਅਮਰਦਾਸ ਜੀ ਨੇ 'ਹਮ ਭੀਖਕ ਭੇਖਾਰੀ' ਸ਼ਬਦ ਕਿਸ ਲਈ ਵਰਤੇ ਹਨ ?



Downloaded from https:// www.studiestoday.com

Downloaded from https:// www.studiestoday.com

(ਸ) ਗੁਰੂ ਅਮਰਦਾਸ ਜੀ ਨੇ ਸਤੀਆਂ ਕਿਨ੍ਹਾਂ ਨੂੰ ਕਿਹਾ ਹੈ—

(*i*) ਜੋ ਪਤੀ ਦੀ ਲੋਥ ਨਾਲ਼ ਸੜ ਮਰਦੀਆਂ ਹਨ।

(*ii*) ਜੋ ਜਿਉਂਦੇ-ਜੀਅ ਆਪਣੇ ਪਤੀ ਦੇ ਦੁੱਖ-ਸੁੱਖ ਵਿੱਚ ਸਾਥ ਦਿੰਦੀਆਂ ਹਨ।

(ਹ) 'ਦੂੱਖ ਰੋਗ ਸੰਤਾਪ ਉਤਰੇ ਸੁਣੀ .........।' ਸਤਰ ਨੂੰ ਪੂਰਾ ਕਰੋ।

(ਕ) ਗੁਰੂ ਅਮਰਦਾਸ ਜੀ ਦੇ ਸਲੋਕ 'ਜਾਤਿ ਦਾ ਗਰਬੁ ਨ ਕਰੀਅਹੁ ਕੋਈ' ਅਨੁਸਾਰ ਕਿੰਨੇ ਤੱਤ ਮਿਲ਼ ਕੇ ਸਰੀਰ ਦਾ ਆਕਾਰ ਬਣਾਉਂਦੇ ਹਨ ?

(ਖ) 'ਮੇਰੀ ਪਟੀਆ ਲਿਖਹੁ' ਸਲੋਕ ਵਿੱਚ ਪ੍ਰਹਿਲਾਦ ਦੀ ਮਾਂ ਕਿਸ ਦਾ ਨਾਂ ਛੱਡ ਕੇ ਉਸਨੂੰ ਆਪਣੀ ਜਾਨ ਬਚਾਉਣ ਲਈ ਕਹਿੰਦੀ ਹੈ ?

(ਗ) 'ਮੇਰੀ ਪਟੀਆ ਲਿਖਹੁ' ਸਲੋਕ ਵਿੱਚ ਕੌਣ ਹਰਨਾਖਸ਼ ਕੋਲ਼ ਜਾ ਕੇ ਪ੍ਰਹਿਲਾਦ ਦੀ ਸ਼ਿਕਾਇਤ ਕਰਦੇ ਹਨ ?

(ਘ) 'ਮੇਰੀ ਪਟੀਆ ਲਿਖਹੁ' ਸਲੋਕ ਵਿੱਚ ਪ੍ਰਹਿਲਾਦ ਨੂੰ ਕੌਣ ਬਚਾਉਂਦਾ ਹੈ—

(*i*) ਪ੍ਰਹਿਲਾਦ ਦੀ ਮਾਂ।

(*ii*) ਪ੍ਰਹਿਲਾਦ ਦੇ ਸਾਥੀ।

(*iii*) ਨਰਸਿੰਘ ਦੇ ਰੂਪ ਵਿੱਚ ਪਰਮਾਤਮਾ।

****



Downloaded from https:// www.studiestoday.com

Downloaded from https:// www.studiestoday.com

## ਗੁਰੂ ਰਾਮਦਾਸ ਜੀ

(1534-1581 ਈ:)

ਗੁਰੂ ਰਾਮਦਾਸ ਜੀ, ਸਿੱਖ ਧਰਮ ਦੇ ਚੌਥੇ ਗੁਰੂ ਹੋਏ ਹਨ। ਆਪ ਦਾ ਪਹਿਲਾ ਨਾਂ ਭਾਈ ਜੇਠਾ ਜੀ ਸੀ।

ਆਪ ਦਾ ਜਨਮ ਲਾਹੌਰ ਵਿੱਚ ਸੋਢੀ ਹਰਿਦਾਸ ਜੀ ਦੇ ਘਰ ਹੋਇਆ। ਆਪ ਕਿਰਤ ਕਰਨ ਅਤੇ ਮਨੁੱਖਤਾ ਨਾਲ਼ ਪਿਆਰ ਕਰਨ ਦਾ ਉਪਦੇਸ਼ ਦਿੰਦੇ ਸਨ।

ਗੁਰੂ ਗ੍ਰੰਥ ਸਾਹਿਬ ਵਿੱਚ ਦਰਜ 31 ਰਾਗਾਂ ਵਿੱਚੋਂ 30 ਰਾਗਾਂ ਵਿੱਚ ਆਪ ਦੀ ਬਾਣੀ ਮਿਲ਼ਦੀ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਦਰਜ 22 ਵਾਰਾਂ ਵਿੱਚੋਂ 8 ਵਾਰਾਂ ਆਪ ਦੀਆਂ ਰਚੀਆਂ ਹੋਈਆਂ ਹਨ। ਆਪ ਦੇ ਕਥਨ ਵਿੱਚ ਸਾਦਗੀ, ਸਰਲਤਾ ਅਤੇ ਬੋਲੀ ਵਿੱਚ ਮਿਠਾਸ ਹੈ। ਆਪ ਦੀ ਸ਼ੈਲੀ ਵਿੱਚ ਵਿਸਥਾਰ ਵਧੇਰੇ ਹੈ ਪਰੰਤੂ ਫੇਰ ਵੀ ਲੈਅ ਦੀ ਰਵਾਨਗੀ ਕਾਇਮ ਰਹਿੰਦੀ ਹੈ ਅਤੇ ਬਾਣੀ ਪੜ੍ਹਨ ਅਤੇ ਸਮਝਣ ਵਿੱਚ ਸੌਖੀ ਹੈ। 'ਆਸਾ ਦੀ ਵਾਰ' ਵਿੱਚ ਗਾਏ ਜਾਣ ਵਾਲ਼ੇ ਛੱਕੇ-ਛੰਤ ਆਪ ਦੀ ਇੱਕ ਪ੍ਰਸਿੱਧ ਰਚਨਾ ਹੈ।

ਹਥਲੇ ਕਾਵਿ-ਸੰਗ੍ਰਹਿ ਵਿੱਚ ਗੁਰੂ ਜੀ ਦੀ ਬਾਣੀ ਵਿੱਚੋਂ ਚੁਣੇ ਸ਼ਬਦਾਂ ਵਿੱਚ ਪਰਮਾਤਮਾ ਦੀ ਭਗਤੀ, ਪਰਮਾਤਮਾ ਦੇ ਕਰਨ-ਕਾਰਨ ਸਮਰੱਥ ਹੋਣ ਬਾਰੇ ਦੱਸਿਆ ਹੈ।

### ਹਉ ਪੰਥੁ ਦਸਾਈ ਨਿਤ ਖੜੀ

ਹਉ ਪੰਥੁ ਦਸਾਈ ਨਿਤ ਖੜੀ ਕੋਈ ਪ੍ਰਭੁ ਦਸੇ ਤਿਨਿ ਜਾਉ।।<br>
ਜਿਨੀ ਮੇਰਾ ਪਿਆਰਾ ਰਾਵਿਆ ਤਿਨ ਪੀਛੈ ਲਾਗਿ ਫਿਰਾਉ ।।<br>
ਕਰਿ ਮਿੰਨਤਿ ਕਰਿ ਜੋਦੜੀ ਮੈ ਪ੍ਰਭੁ ਮਿਲਣੈ ਕਾ ਚਾਉ।। 1।।<br>
ਮੇਰੇ ਭਾਈ ਜਨਾ ਕੋਈ ਮੋਕਉ ਹਰਿ ਪ੍ਰਭੁ ਮੇਲਿ ਮਿਲਾਇ।।<br>
ਹਉ ਸਤਿਗੁਰ ਵਿਟਹੁ ਵਾਰਿਆ ਜਿਨਿ ਹਰਿ ਪ੍ਰਭੁ ਦੀਆ<br>
ਦਿਖਾਇ ।। 1।। ਰਹਾਉ।।<br>
ਹੋਇ ਨਿਮਾਣੀ ਢਹਿ ਪਵਾ ਪੂਰੇ ਸਤਿਗੁਰ ਪਾਸਿ।।<br>
ਨਿਮਾਣਿਆ ਗੁਰੁ ਮਾਣੁ ਹੈ ਗੁਰੁ ਸਤਿਗੁਰੁ ਕਰੇ ਸਾਬਾਸਿ।।<br>
ਹਉ ਗੁਰ ਸਾਲਾਹਿ ਨ ਰਜਊ ਮੈ ਮੇਲੇ ਹਰਿ ਪ੍ਰਭੁ ਪਾਸਿ। 2।।<br>
ਸਤਿਗੁਰ ਨੋ ਸਭ ਕੋ ਲੋਚਦਾ ਜੇਤਾ ਜਗਤੁ ਸਭੁ ਕੋਇ।।<br>
ਬਿਨੁ ਭਾਗਾ ਦਰਸਨੁ ਨਾ ਥੀਐ ਭਾਗਹੀਣ ਬਹਿ ਰੋਇ।।<br>
ਜੋ ਹਰਿ ਪ੍ਰਭ ਭਾਣਾ ਸੋ ਥੀਆ ਧੁਰਿ ਲਿਖਿਆ ਨ ਮੇਟੈ ਕੋਇ।। 3।।<br>
ਆਪੇ ਸਤਿਗੁਰੁ ਆਪਿ ਹਰਿ ਆਪੇ ਮੇਲਿ ਮਿਲਾਇ।।<br>
ਆਪਿ ਦਇਆ ਕਰਿ ਮੇਲਸੀ ਗੁਰ ਸਤਿਗੁਰ ਪੀਛੈ ਪਾਇ।।<br>
ਸਭੁ ਜਗਜੀਵਨੁ ਜਗਿ ਆਪਿ ਹੈ ਨਾਨਕ ਜਲੁ ਜਲਹਿ ਸਮਾਇ।। 4।।

*(ਸਿਰੀਰਾਗ ਪੰਨਾ 41)*



Downloaded from https:// www.studiestoday.com

Downloaded from https:// www.studiestoday.com

**ਸ਼ਬਦ-ਅਰਥ :**

ਹਉ–ਮੈਂ।ਪੰਥੁ–ਰਸਤਾ।ਦਸਾਈ–ਦਸਾਈਂ, ਪੁੱਛਦੀ ਹਾਂ।ਤਿਨਿ–ਉਸ ਦੇ ਰਾਹੀਂ, ਉਸ ਦੀ ਸਹਾਇਤਾ ਨਾਲ਼।।। ਜਾਉ–ਜਾਉਂ, ਮੈਂ ਜਾਵਾਂ।ਰਾਵਿਆ–ਮਾਣਿਆ।ਲਾਗਿ–ਲੱਗ ਕੇ।ਫਿਰਾਉ-ਫਿਰਉਂ, ਫਿਰਦੀ ਹਾਂ। ਮਿੰਨਤਿ–ਤਰਲਾ।ਜੋਦੜੀ–ਸੇਵਾ–ਘਾਲ।ਮੋ ਕਉ-ਮੈਨੂੰ।ਵਿਟਹੁ–ਤੋਂ।ਵਾਰਿਆ–ਸਦਕੇ।ਜਿਨਿ–ਜਿਸ ਨੇ। ਸਾਬਾਸਿ–ਆਦਰ।ਪਾਸਿ–ਨੇੜੇ ਹੀ।ਨੋ–ਨੂੰ।ਸਭੁ ਕੋ-ਹਰੇਕ ਜੀਵ।ਜੇਤਾ–ਜਿਤਨਾ, ਜਿੰਨਾ।ਥੀਐ–ਹੁੰਦਾ। ਭਾਗਹੀਣ–ਮੰਦ–ਭਾਗਣ। ਬਹਿ-ਬੈਠ ਕੇ। ਕਰਿ–ਕਰ ਕੇ। ਮੇਲਸੀ–ਮਿਲ਼ਾਵੇਗਾ। ਪਾਇ–ਪਾ ਕੇ। ਸਭੁ-ਹਰ ਥਾਂ। ਜਗਜੀਵਨੁ-ਜਗਤ ਦਾ ਜੀਵਨ। ਜਗਿ–ਜਗਤ ਵਿੱਚ। ਜਲਹਿ–ਜਲਿ ਹੀ, ਜਲ ਵਿੱਚ ਹੀ।

**ਅਰਥ :**

ਮੈ ਸਦਾ ਤਾਂਘ ਵਿੱਚ ਖਲੋਤੀ ਹੋਈ ਪਰਮਾਤਮਾ ਦੇ ਦੇਸ ਦਾ ਰਾਹ ਪੁੱਛਦੀ ਹਾਂ, ਮੈਂ ਸਦਾ ਲੋਚਦੀ ਹਾਂ ਕਿ ਕੋਈ ਮੈਨੂੰ ਪ੍ਰਭੂ ਦੀ ਦੱਸ ਪਾਏ, ਤੇ ਮੈਂ ਉਸ ਰਾਹੀਂ ਅਤੇ ਉਸ ਦੀ ਸਹਾਇਤਾ ਨਾਲ਼ ਪ੍ਰਭੂ ਦੇ ਚਰਨਾਂ ਵਿੱਚ ਪਹੁੰਚਾਂ। ਜਿਨ੍ਹਾਂ ਸਤਸੰਗੀ ਸਹੇਲੀਆਂ ਨੇ ਪਿਆਰੇ ਪ੍ਰਭੂ ਦਾ ਮਿਲ਼ਾਪ ਹਾਸਲ ਕੀਤਾ ਹੈ ਮੈਂ ਉਹਨਾਂ ਅੱਗੇ ਤਰਲਾ ਕਰਾਂ, ਉਹਨਾਂ ਦੀ ਸੇਵਾ ਕਰਕੇ ਉਹਨਾਂ ਦੇ ਪਿੱਛੇ ਲੱਗੀ ਫਿਰਾਂ, ਕਿਉਂਕਿ ਮੇਰੇ ਅੰਦਰ ਪ੍ਰਭੂ ਨੂੰ ਮਿਲ਼ਨ ਦਾ ਚਾਉ ਹੈ। ਮੈਨੂੰ ਕੋਈ ਧਿਰ ਪਰਮਾਤਮਾ ਨੂੰ ਮਿਲ਼ਾ ਦਿਓ। ਪਰ ਗੁਰੂ ਤੋਂ ਬਿਨਾਂ ਮੈਨੂੰ ਕੌਣ ਮਿਲ਼ਾ ਸਕਦਾ ਹੈ ? ਮੈਂ ਸਤਿਗੁਰੂ ਤੋਂ ਸਦਕੇ ਜਾਂਦੀ ਹਾਂ, ਜਿਸ ਨੇ ਪਰਮਾਤਮਾ ਵਿਖਾ ਦਿੱਤਾ ਭਾਵ, ਜੋ ਵਿਖਾ ਦੇਂਦਾ ਹੈ। ਮੇਰਾ ਮਨ ਲੋਚਦਾ ਹੈ ਕਿ ਮੈਂ ਹੋਰ ਮਾਣ–ਆਸਰਾ ਛੱਡ ਕੇ ਪੂਰੇ ਸਤਿਗੁਰੂ ਦੇ ਚਰਨਾਂ ਉੱਤੇ ਡਿਗ ਪਵਾਂ। ਗੁਰੂ ਉਹਨਾਂ ਦਾ ਮਾਣ–ਆਸਰਾ ਹੈ, ਜਿਨ੍ਹਾਂ ਦਾ ਹੋਰ ਕੋਈ ਆਸਰਾ ਨਹੀਂ ਹੁੰਦਾ, ਨਿਮਾਣਿਆਂ ਨੂੰ ਗੁਰੂ ਦਿਲਾਸਾ ਦੇਂਦਾ ਹੈ। ਗੁਰੂ ਦੀਆਂ ਵਡਿਆਈਆਂ ਕਰ–ਕਰ ਕੇ ਮੇਰਾ ਮਨ ਰੱਜਦਾ ਨਹੀਂ। ਗੁਰੂ ਮੈਨੂੰ ਮੇਰੇ ਪਾਸ ਹੀ ਵੱਸਦਾ ਪਰਮਾਤਮਾ ਮਿਲਾਉਣ ਦੇ ਸਮਰੱਥ ਹੈ। ਸਾਰੇ ਜਗਤ ਵਿੱਚ ਹਰੇਕ ਜੀਵ ਸਤਿਗੁਰੂ ਨੂੰ ਮਿਲ਼ਨ ਲਈ ਤਾਂਘਦਾ ਹੈ, ਪਰ ਚੰਗੀ ਕਿਸਮਤ ਤੋਂ ਬਿਨਾਂ ਸਤਿਗੁਰੂ ਦਾ ਦਰਸ਼ਨ ਨਹੀਂ ਹੁੰਦਾ। ਗੁਰੂ ਤੋਂ ਵਿੱਛੜ ਕੇ ਮੰਦ–ਭਾਗਣ ਜੀਵ–ਇਸਤਰੀ ਬੈਠੀ ਦੁਖੀ ਹੁੰਦੀ ਹੈ। ਪਰ ਜੀਵਾਂ ਦੇ ਭੀ ਕੀ ਵੱਸ ? ਜੋ ਕੁਝ ਪਰਮਾਤਮਾ ਨੂੰ ਚੰਗਾ ਲੱਗਦਾ ਹੈ, ਉਹੀ ਹੁੰਦਾ ਹੈ। ਧੁਰੋਂ ਪ੍ਰਭੂ ਦੀ ਦਰਗਾਹ ਤੋਂ ਲਿਖੇ ਹੁਕਮ ਨੂੰ ਕੋਈ ਨਹੀਂ ਮਿਟਾ ਸਕਦਾ। ਪਰਮਾਤਮਾ ਆਪ ਹੀ ਸਤਿਗੁਰੂ ਮਿਲਾਉਂਦਾ ਹੈ ਤੇ ਗੁਰੂ ਦੇ ਰਾਹੀਂ ਆਪਣੇ ਚਰਨਾਂ ਵਿੱਚ ਲਾਉਂਦਾ ਹੈ। ਆਪ ਹੀ ਜੀਵਾਂ ਨੂੰ ਸਤਿਗੁਰੂ ਦੇ ਲੜ ਲਾ ਕੇ, ਮਿਹਰ ਕਰ ਕੇ ਆਪਣੇ ਨਾਲ਼ ਮਿਲ਼ਾਉਣ ਦੇ ਸਮਰੱਥ ਹੈ। ਜਗਤ ਦੇ ਜੀਵਾਂ ਦਾ ਸਹਾਰਾ ਪਰਮਾਤਮਾ ਜਗਤ ਵਿੱਚ ਹਰ ਥਾਂ ਆਪ ਹੀ ਹੈ। ਜਿਸ ਜੀਵ ਨੂੰ ਉਹ ਆਪਣੇ ਚਰਨਾਂ ਵਿੱਚ ਜੋੜਦਾ ਹੈ, ਉਹ ਉਸ ਨਾਲ਼ ਇਉਂ ਇੱਕ–ਮਿੱਕ ਹੋ ਜਾਂਦਾ ਹੈ, ਜਿਵੇਂ ਪਾਣੀ, ਪਾਣੀ ਵਿੱਚ ਇੱਕਰੂਪ ਹੋ ਜਾਂਦਾ ਹੈ।

## ਜਿਸੁ ਅੰਦਰਿ ਤਾਤਿ ਪਰਾਈ ਹੋਵੈ

ਜਿਸ ਅੰਦਰਿ ਤਾਤਿ ਪਰਾਈ ਹੋਵੈ ਤਿਸ ਦਾ ਕਦੇ ਨ ਹੋਵੀ ਭਲਾ।।
ਓਸ ਦੈ ਆਖਿਐ ਕੋਈ ਨ ਲਗੈ ਨਿਤ ਓਜਾੜੀ ਪੂਕਾਰੇ ਖਲਾ।।
ਜਿਸੁ ਅੰਦਰਿ ਚੁਗਲੀ ਚੁਗਲੋ ਵਜੈ ਕੀਤਾ ਕਰਤਿਆ ਓਸ ਦਾ ਸਭੁ ਗਇਆ।।
ਨਿਤ ਚੁਗਲੀ ਕਰੇ ਅਣਹੋਦੀ ਪਰਾਈ ਮੁਹੁ ਕਢਿ ਨ ਸਕੈ ਓਸ ਦਾ ਕਾਲਾ ਭਇਆ।।
ਕਰਮ ਧਰਤੀ ਸਰੀਰੁ ਕਲਿਜੁਗ ਵਿਚਿ ਜੇਹਾ ਕੋ ਬੀਜੇ ਤੇਹਾ ਕੋ ਖਾਏ।।
ਗਲਾ ਉਪਰਿ ਤਪਾਵਸੁ ਨ ਹੋਈ ਵਿਸੁ ਖਾਧੀ ਤਤਕਾਲ ਮਰਿ ਜਾਏ।।



Downloaded from https:// www.studiestoday.com

Downloaded from https:// www.studiestoday.com

ਭਾਈ ਵੇਖਹੁ ਨਿਆਉ ਸਚੁ ਕਰਤੇ ਕਾ ਜੇਹਾ ਕੋਈ ਕਰੇ ਤੇਹਾ ਕੋਈ ਪਾਏ।।
ਜਨ ਨਾਨਕ ਕਉ ਸਭ ਸੋਝੀ ਪਾਈ ਹਰਿ ਦਰ ਕੀਆ ਬਾਤਾ ਆਖਿ ਸੁਣਾਏ।।

*(ਰਾਗ ਗਾਉੜੀ ਪੰਨਾ 308)*

**ਸ਼ਬਦ-ਅਰਥ :**

ਤਾਤਿ–ਈਰਖਾ। ਵਜੈ-ਮਸ਼ਹੂਰ ਹੋ ਜਾਂਦਾ ਹੈ। ਅਣਹੋਦੀ–ਝੂਠੀ, ਜਿਸ ਦੀ ਅਸਲੀਅਤ ਨਹੀਂ ਹੈ। ਤਪਾਵਸੁ- ਨਿਆਂ, ਨਿਬੇੜਾ। ਵਿਸੁ–ਜ਼ਹਿਰ।

**ਅਰਥ :**

ਜਿਸ ਦੇ ਹਿਰਦੇ ਵਿੱਚ ਪਰਾਈ ਈਰਖਾ ਹੋਵੇ, ਉਸ ਦਾ ਆਪਣਾ ਵੀ ਕਦੇ ਭਲਾ ਨਹੀਂ ਹੁੰਦਾ, ਉਸ ਦੇ ਕਹਿਣ ਉੱਤੇ ਕੋਈ ਇਤਬਾਰ ਨਹੀਂ ਕਰਦਾ, ਉਹ ਤਾਂ ਮਾਨੋ ਹਮੇਸ਼ਾਂ ਉਜਾੜ ਵਿੱਚ ਖੜ੍ਹਾ ਕੂਕਦਾ ਰਹਿੰਦਾ ਹੈ। ਜਿਸ ਮਨੁੱਖ ਦੇ ਮਨ ਵਿੱਚ ਚੁਗਲੀ ਹੁੰਦੀ ਹੈ, ਉਹ ਚੁਗਲ ਦੇ ਨਾਂ ਨਾਲ਼ ਮਸ਼ਹੂਰ ਹੋ ਜਾਂਦਾ ਹੈ। ਉਸ ਦੀ ਪਿਛਲੀ ਕੀਤੀ ਹੋਈ ਸਾਰੀ ਕਮਾਈ ਵਿਅਰਥ ਜਾਂਦੀ ਹੈ। ਉਹ ਹਮੇਸ਼ਾਂ ਪਰਾਈ ਝੂਠੀ ਚੁਗਲੀ ਕਰਦਾ ਹੈ ਅਤੇ ਇਸ ਮੂੰਹ–ਕਾਲ਼ਾ ਹੋਣ ਕਰਕੇ ਉਹ ਕਿਸੇ ਦੇ ਮੱਥੇ ਵੀ ਨਹੀਂ ਲੱਗ ਸਕਦਾ। ਇਸ ਮਨੁੱਖਾ–ਜਨਮ ਵਿੱਚ ਮਨੁੱਖ ਦਾ ਸਰੀਰ ਕਰਮ–ਰੂਪ ਬੀਜ ਬੀਜਣ ਲਈ ਭੋਇੰ ਹੈ, ਇਸ ਵਿੱਚ ਜਿਸ ਤਰ੍ਹਾਂ ਦਾ ਬੀਜ ਮਨੁੱਖ ਬੀਜਦਾ ਹੈ,ਉਸੇ ਤਰ੍ਹਾਂ ਦਾ ਫਲ਼ ਉਸ ਨੂੰ ਮਿਲ਼ਦਾ ਹੈ। ਕੀਤੇ ਹੋਏ ਕਰਮਾਂ ਦਾ ਨਿਬੇੜਾ ਗੱਲਾਂ ਉੱਤੇ ਨਹੀਂ ਹੁੰਦਾ। ਜੇਕਰ ਜ਼ਹਿਰ ਖਾਧੀ ਜਾਵੇ ਤਾਂ ਅੰਮ੍ਰਿਤ ਦੀਆਂ ਗੱਲਾਂ ਕਰਕੇ ਵੀ ਮਨੁੱਖ ਬਚ ਨਹੀਂ ਸਕਦਾ, ਤੁਰੰਤ ਮਰ ਜਾਂਦਾ ਹੈ। ਇਸ ਸੱਚੇ ਪਰਮਾਤਮਾ ਦਾ ਨਿਆਂ ਹੈ ਕਿ ਜਿਸ ਤਰ੍ਹਾਂ ਦਾ ਕੋਈ ਕੰਮ ਕਰਦਾ ਹੈ, ਉਹੋ–ਜਿਹਾ ਹੀ ਉਸ ਨੂੰ ਫਲ਼ ਮਿਲ਼ਦਾ ਹੈ। ਪਰਮਾਤਮਾ ਜਿਸ ਨੂੰ ਵੀ ਇਹ ਸਭ ਕੁਝ ਸਮਝਣ ਦੀ ਬੁੱਧੀ ਬਖ਼ਸ਼ਦਾ ਹੈ ਉਹੋ ਹੀ ਪ੍ਰਭੂ ਦੇ ਦਰ ਦੀਆਂ ਗੱਲਾਂ ਕਰ ਕੇ ਸੁਣਾਉਂਦਾ ਹੈ।

## ਇਛਾ ਪੂਰਕੁ ਸਰਬ ਸੁਖ ਦਾਤਾ

ਇਛਾ ਪੂਰਕੁ ਸਰਬ ਸੁਖ ਦਾਤਾ ਹਰਿ ਜਾ ਕੈ ਵਸਿ ਹੈ ਕਾਮਧੇਨਾ।।
ਸੋ ਐਸਾ ਹਰਿ ਧਿਆਈਐ ਮੇਰੇ ਜੀਅੜੇ ਤਾ ਸਰਬ ਸੁਖ ਪਾਵਹਿ ਮੇਰੇ ਮਨਾ।।1 ।।
ਜਪਿ ਮਨ ਸਤਿਨਾਮੁ ਸਦਾ ਸਤਿਨਾਮੁ।।
ਹਲਤਿ ਪਲਤਿ ਮੁਖ ਊਜਲ ਹੋਈ ਹੈ ਨਿਤ ਧਿਆਈਐ ਹਰਿ ਪੁਰਖੁ ਨਿਰੰਜਨਾ।।
ਰਹਾਉ।।
ਜਹ ਹਰਿ ਸਿਮਰਨੁ ਭਇਆ ਤਹ ਉਪਾਧਿ ਗਤੁ ਕੀਨੀ ਵਡਭਾਗੀ ਹਰਿ ਜਪਨਾ।।
ਜਨ ਨਾਨਕ ਕਉ ਗੁਰਿ ਇਹ ਮਤਿ ਦੀਨੀ ਜਪਿ ਹਰਿ ਭਵਜਲੁ ਤਰਨਾ।।2।।

*(ਰਾਗ ਧਨਾਸਰੀ ਪੰਨਾ 669)*

**ਸ਼ਬਦ-ਅਰਥ :**

ਪੂਰਕੁ–ਪੂਰੀਆਂ ਕਰਨ ਵਾਲ਼ਾ। ਦਾਤਾ–ਦੇਣ ਵਾਲ਼ਾ। ਸਰਬ–ਸਾਰੇ। ਜਾ ਕੈ ਵਸਿ–ਜਿਸ ਦੇ ਇਖ਼ਤਿਆਰ ਵਿੱਚ। ਕਾਮ–ਵਾਸਨਾ। ਧੇਨ–ਗਾਂ। ਕਾਮਧੇਨਾ–ਸੁਰਗ ਦੀ ਉਹ ਗਾਂ ਜੋ ਸਾਰੀਆਂ ਵਾਸ਼ਨਾਂ ਪੂਰੀਆਂ ਕਰ ਦੇਂਦੀ ਹੈ। ਜੀਅੜੇ-ਹੇ ਸੋਹਣੀ ਜਿੰਦੇ! ਤਾ-ਤਦੋਂ। ਪਾਵਹਿ–ਪਾ ਲਏਂਗਾ। ਮਨ–ਹੇ ਮਨ। ਸਤਿਨਾਮੁ–ਸਦਾ ਥਿਰ ਰਹਿਣ ਵਾਲ਼ਾ, ਹਰਿ–ਨਾਮ। ਹਲਤਿ-ਇਸ ਲੋਕ ਵਿੱਚ। ਪਲਤਿ–ਪਰਲੋਕ ਵਿੱਚ। ਮੁਖ ਊੱਜਲ–



Downloaded from https:// www.studiestoday.com

Downloaded from https:// www.studiestoday.com

ਉੱਜਲ ਮੂੰਹ ਵਾਲ਼ੇ, ਸੁਰਖ਼ਰੂ। ਪੁਰਖੁ-ਸਰਬ-ਵਿਆਪਕ। ਨਿਰੰਜਨਾ-ਮਾਇਆ ਤੋਂ ਨਿਰਲੇਪ ਪ੍ਰਭੂ। ਜਹ-ਜਿੱਥੇ , ਜਿਸ ਹਿਰਦੇ ਵਿੱਚ। ਤਹ-ਉਸ ਹਿਰਦੇ ਵਿੱਚੋਂ। ਉਪਾਧਿ-ਝਗੜਾ, ਬਖੇੜਾ। ਗਤੁ ਕੀਨੀ-ਚਾਲੇ ਪਾ ਜਾਂਦਾ ਹੈ। ਕਉ-ਨੂੰ। ਗੁਰਿ-ਗੁਰੂ ਨੇ। ਭਵਜਲੁ-ਸੰਸਾਰ, ਸਮੁੰਦਰ।

**ਅਰਥ :**

ਜਿਹੜਾ ਹਰੀ ਸਾਰੀਆਂ ਕਾਮਨਾ ਪੂਰੀਆਂ ਕਰਨ ਵਾਲ਼ਾ ਹੈ, ਜਿਹੜਾ ਸਾਰੇ ਸੁੱਖ ਦੇਣ ਵਾਲ਼ਾ ਹੈ, ਜਿਸ ਦੇ ਵੱਸ ਵਿੱਚ ਸੁਰਗ ਵਿੱਚ ਰਹਿਣ ਵਾਲ਼ੀ ਸਮਝੀ ਗਈ ਕਾਮਧੇਨ ਹੈ, ਉਸ ਅਜਿਹੀ ਸਮਰੱਥਾ ਵਾਲ਼ੇ ਪਰਮਾਤਮਾ ਦਾ ਸਿਮਰਨ ਕਰਨਾ ਚਾਹੀਦਾ ਹੈ। ਹੇ ਮਨ! ਜਦੋਂ ਤੂੰ ਪਰਮਾਤਮਾ ਦਾ ਸਿਮਰਨ ਕਰੇਂਗਾ ਤਦੋਂ ਸਾਰੇ ਸੁੱਖ ਹਾਸਲ ਕਰ ਲਏਂਗਾ। ਮੇਰੇ ਮਨ! ਸਦਾ-ਥਿਰ ਪ੍ਰਭੂ ਦਾ ਨਾਮ ਸਦਾ ਜਪਿਆ ਕਰ। ਤੈਨੂੰ ਸਰਬ-ਵਿਆਪਕ ਨਿਰਲੇਪ ਹਰੀ ਦਾ ਸਦਾ ਧਿਆਨ ਧਰਨਾ ਚਾਹੀਦਾ ਹੈ, ਇਸ ਤਰ੍ਹਾਂ ਲੋਕ-ਪਰਲੋਕ ਵਿੱਚ ਇੱਜ਼ਤ ਖੱਟ ਲਈਦੀ ਹੈ। ਜਿਸ ਹਿਰਦੇ ਵਿੱਚ ਪਰਮਾਤਮਾ ਦੀ ਭਗਤੀ ਹੁੰਦੀ ਹੈ, ਉਸ ਵਿੱਚ ਹਰੇਕ ਕਿਸਮ ਦਾ ਝਗੜਾ- ਬਖੇੜਾ ਚਾਲੇ ਪਾ ਜਾਂਦਾ ਹੈ। ਫਿਰ ਵੀ ਵੱਡੇ ਭਾਗਾਂ ਨਾਲ਼ ਹੀ ਪਰਮਾਤਮਾ ਦਾ ਭਜਨ ਹੋ ਸਕਦਾ ਹੈ। ਦਾਸ ਨਾਨਕ (ਗੁਰੂ ਰਾਮਦਾਸ) ਨੂੰ ਤਾਂ ਗੁਰੂ ਨੇ ਇਹ ਸਮਝ ਬਖ਼ਸ਼ੀ ਹੈ ਕਿ ਪਰਮਾਤਮਾ ਦਾ ਨਾਮ ਜਪ ਕੇ ਸੰਸਾਰ-ਸਾਗਰ ਤੋਂ ਪਾਰ ਲੰਘ ਜਾਈਦਾ ਹੈ।

## ਹਰਿ ਦਰਸਨ ਕਉ ਮੇਰਾ ਮਨੁ ਬਹੁ ਤਪਤੈ

ਹਰਿ ਦਰਸਨ ਕਉ ਮੇਰਾ ਮਨੁ ਬਹੁ ਤਪਤੈ ਜਿਉ ਤ੍ਰਿਖਾਵੰਤੁ ਬਿਨੁ ਨੀਰ।।
ਮੇਰੈ ਮਨਿ ਪ੍ਰੇਮੁ ਲਗੋ ਹਰਿ ਤੀਰ।।
ਹਮਰੀ ਬੇਦਨ ਹਰਿ ਪ੍ਰਭੁ ਜਾਨੈ ਮੇਰੇ ਮਨ ਅੰਤਰ ਕੀ ਪੀਰ।। ਰਹਾਉ।।
ਮੇਰੇ ਹਰਿ ਪ੍ਰੀਤਮ ਕੀ ਕੋਈ ਬਾਤ ਸੁਨਾਵੈ ਸੋ ਭਾਈ ਸੋ ਮੇਰਾ ਬੀਰ।।
ਮਿਲੁ ਮਿਲੁ ਸਖੀ ਗੁਣ ਕਹੁ ਮੇਰੇ ਪ੍ਰਭ ਕੇ ਲੇ ਸਤਿਗੁਰ ਕੀ ਮਤਿ ਧੀਰ।।
ਜਨ ਨਾਨਕ ਕੀ ਹਰਿ ਆਸ ਪੁਜਾਵਹੁ ਹਰਿ ਦਰਸਨਿ ਸਾਂਤਿ ਸਰੀਰ ।।

*(ਰਾਗ ਗੋਂਡ ਪੰਨਾ 861)*

**ਸ਼ਬਦ-ਅਰਥ :**

ਕਉ-ਨੂੰ, ਵਾਸਤੇ। ਤਪਤੈ-ਤਪ ਰਿਹਾ ਹੈ, ਤੜਫ ਰਿਹਾ ਹੈ, ਲੁੱਛ ਰਿਹਾ ਹੈ। ਤ੍ਰਿਖਾਵੰਤੁ-ਤਿਹਾਇਆ ਮਨੁੱਖ। ਨੀਰ-ਪਾਣੀ। ਮੇਰੈ ਮਨਿ-ਮੇਰੇ ਮਨ ਵਿੱਚ। ਬੇਦਨ-ਪੀੜਾ। ਅੰਤਰ ਕੀ-ਅੰਦਰ ਦੀ, ਅੰਦਰਲੀ। ਪੀਰ-ਪੀੜ। ਬਾਤ-ਗੱਲ। ਬੀਰ-ਵੀਰ। ਕਹੁ-ਦੱਸ। ਲੇ-ਲੈ ਕੇ। ਧੀਰ-ਕੋਮਲਤਾ ਪੈਦਾ ਕਰਨ ਵਾਲ਼ੀ, ਸ਼ਾਂਤੀ ਦੇਣ ਵਾਲ਼ੀ। ਪੁਜਾਵਹੁ-ਪੂਰੀ ਕਰੋ। ਦਰਸਨਿ-ਦਰਸ਼ਨ ਨਾਲ਼। ਸਾਂਤਿ ਸਰੀਰ -ਸਰੀਰ ਨੂੰ ਸ਼ਾਂਤੀ, ਹਿਰਦੇ ਨੂੰ ਠੰਢ।

**ਅਰਥ :**

ਮੇਰਾ ਮਨ ਪਰਮਾਤਮਾ ਦੇ ਦਰਸ਼ਨ ਵਾਸਤੇ ਇਉਂ ਲੁੱਛ ਰਿਹਾ ਹੈ, ਜਿਵੇਂ ਪਾਣੀ ਤੋਂ ਬਿਨਾਂ ਤਿਹਾਇਆ ਮਨੁੱਖ। ਪਰਮਾਤਮਾ ਦਾ ਪਿਆਰ ਮੇਰੇ ਮਨ ਵਿੱਚ ਤੀਰ ਵਾਂਗ ਲੱਗਾ ਹੋਇਆ ਹੈ। ਉਸ ਪ੍ਰੇਮ-ਤੀਰ ਦੇ ਕਾਰਨ ਪੈਦਾ ਹੋਈ ਮੇਰੇ ਮਨ ਦੀ ਅੰਦਰਲੀ ਪੀੜ-ਵੇਦਨਾ ਮੇਰਾ ਹਰੀ, ਮੇਰਾ ਪ੍ਰਭੂ ਹੀ ਜਾਣਦਾ ਹੈ। ਹੁਣ ਜੇ ਕੋਈ



Downloaded from https:// www.studiestoday.com

Downloaded from https:// www.studiestoday.com

ਮਨੁੱਖ ਮੈਨੂੰ ਮੇਰੇ ਪ੍ਰੀਤਮ-ਪ੍ਰਭੂ ਦੀ ਕੋਈ ਗੱਲ ਸੁਣਾਵੇ ਤਾਂ ਮੈਨੂੰ ਇਉਂ ਲੱਗਦਾ ਹੈ ਕਿ ਉਹ ਮਨੁੱਖ ਮੇਰਾ ਭਰਾ ਹੈ, ਮੇਰਾ ਵੀਰ ਹੈ। ਹੇ ਸਹੇਲੀਏ! ਗੁਰੂ ਦੀ ਸ਼ਾਂਤੀ ਦੇਣ ਵਾਲ਼ੀ ਮੱਤ ਲੈ ਕੇ ਮੈਨੂੰ ਵੀ ਮਿਲਿਆ ਕਰ ਤੇ ਮੈਨੂੰ ਮੇਰੇ ਪਿਆਰੇ ਪ੍ਰਭੂ ਦੀ ਸਿਫ਼ਤ-ਸਲਾਹ ਸੁਣਾਇਆ ਕਰ। ਗੁਰੂ ਰਾਮਦਾਸ ਜੀ ਕਹਿੰਦੇ ਹਨ ਕਿ ਹੇ ਪਰਮਾਤਮਾ! ਆਪਣੇ ਦਾਸ ਦੀ ਦਰਸ਼ਨ ਦੇ ਕੇ ਆਸ ਪੂਰੀ ਕਰ, ਤੇਰੇ ਦਰਸ਼ਨਾਂ ਨਾਲ਼ ਮੇਰੇ ਹਿਰਦੇ ਨੂੰ ਠੰਢ ਪੈਂਦੀ ਹੈ।

## ਪ੍ਰਭ ਕੀਜੈ ਕ੍ਰਿਪਾ ਨਿਧਾਨ

ਪ੍ਰਭ ਕੀਜੈ ਕ੍ਰਿਪਾ ਨਿਧਾਨ ਹਮ ਹਰਿ ਗੁਨ ਗਾਵਹਗੇ।।
ਹਉ ਤੁਮਰੀ ਕਰਉ ਨਿਤ ਆਸ ਪ੍ਰਭ ਮੋਹਿ ਕਬ ਗਲਿ
ਲਾਵਹਿਗੇ।। 1।। ਰਹਾਉ।।
ਹਮ ਬਾਰਿਕ ਮੁਗਧ ਇਆਨ ਪਿਤਾ ਸਮਝਾਵਹਿਗੇ।।
ਸੁਤੁ ਖਿਨੁ ਖਿਨੁ ਭੂਲਿ ਬਿਗਾਰਿ ਜਗਤ ਪਿਤ ਭਾਵਹਿਗੇ।। 1 ।।
ਜੋ ਹਰਿ ਸੁਆਮੀ ਤੁਮ ਦੇਹੁ ਸੋਈ ਹਮ ਪਾਵਹਗੇ।।
ਮੋਹਿ ਦੂਜੀ ਨਾਹੀ ਠਉਰ ਜਿਸੁ ਪਹਿ ਹਮ ਜਾਵਹਗੇ।। 2।।
ਜੋ ਹਰਿ ਭਾਵਹਿ ਭਗਤ ਤਿਨਾ ਹਰਿ ਭਾਵਹਿਗੇ।।
ਜੋਤੀ ਜੋਤਿ ਮਿਲਾਇ ਜੋਤਿ ਰਲਿ ਜਾਵਹਗੇ।। 3।।
ਹਰਿ ਆਪੇ ਹੋਇ ਕ੍ਰਿਪਾਲੁ ਆਪਿ ਲਿਵ ਲਾਵਹਿਗੇ।।
ਜਨੁ ਨਾਨਕੁ ਸਰਨਿ ਦੁਆਰਿ ਹਰਿ ਲਾਜ ਰਖਾਵਹਿਗੇ।। 4।।

*(ਰਾਗ ਕਲਿਆਨ ਪੰਨਾ 1321)*

**ਸ਼ਬਦ-ਅਰਥ:**

**ਕੀਜੈ ਕ੍ਰਿਪਾ**-ਕਿਰਪਾ ਕਰ। **ਕ੍ਰਿਪਾ ਨਿਧਾਨ**-ਹੇ ਕ੍ਰਿਪਾ ਦੇ ਖ਼ਜ਼ਾਨੇ। **ਹਮ**-ਅਸੀਂ ਜੀਵ। **ਗੁਨ ਗਾਵਹਗੇ**-ਗੁਣ ਗਾਈਏ, ਗੁਣ ਗਾਂਦੇ ਰਹੀਏ। **ਹਉ**-ਹਉਂ,ਮੈਂ। **ਕਰਉ**-ਕਰਉਂ, ਮੈਂ ਕਰਦਾ ਹਾਂ। **ਨਿਤ**-ਸਦਾ। **ਮੋਹਿ**-ਮੈਨੂੰ। **ਗਲਿ**-ਗਲ਼ ਨਾਲ਼। **ਲਾਵਹਿਗੇ**-ਲਾਣਗੇ। **ਬਾਰਿਕ**-ਬਾਲਕ, ਬੱਚੇ। **ਮੁਗਧ**-ਮੂਰਖ। **ਇਆਨ**-ਅੰਞਾਣੇ। **ਸੁਤੁ**-ਪੁੱਤਰ। **ਭੂਲਿ**-ਭੁੱਲਦਾ ਹੈ। **ਬਿਗਾਰਿ**-ਬਿਗਾਰੈ, ਵਿਗਾੜਦਾ ਹੈ। **ਭਾਵਹਿਗੇ**-(ਬੱਚੇ) ਪਿਆਰੇ ਲੱਗਦੇ ਹਨ। **ਹਰਿ ਸੁਆਮੀ**-ਹੇ ਹਰੀ! ਹੇ ਸੁਆਮੀ! **ਹਮ ਪਾਵਹਗੇ**-ਅਸੀਂ ਜੀਵ ਲੈ ਸਕਦੇ ਹਾਂ। **ਮੋਹਿ**-ਮੈਨੂੰ। **ਠਉਰ**-ਥਾਂ, ਆਸਰਾ। **ਪਹਿ**-ਪਾਸ,ਕੋਲ਼। **ਜੋ ਹਰਿ ਭਾਵਹਿ ਭਗਤ**-ਜਿਹੜੇ ਭਗਤ ਹਰੀ ਨੂੰ ਪਿਆਰੇ ਲੱਗਦੇ ਹਨ। **ਤਿਨਾ**-ਉਹਨਾਂ ਨੂੰ। **ਹਰਿ ਭਾਵਹਿਗੇ**-ਪ੍ਰਭੂ ਪਿਆਰੇ ਲੱਗਦੇ ਹਨ। **ਜੋਤੀ**-ਪ੍ਰਭੂ ਦੀ ਜੋਤਿ ਵਿੱਚ। **ਜੋਤਿ**-ਜਿੰਦ। **ਮਿਲਾਇ**-ਮਿਲ਼ਾ ਕੇ। **ਰਲਿ ਜਾਵਹਗੇ**-ਰਲ਼ ਜਾਂਦੇ ਹਨ, ਇੱਕ-ਮਿੱਕ ਹੋ ਜਾਂਦੇ ਹਨ। **ਆਪੇ**-ਆਪ ਹੀ। **ਹੋਇ**-ਹੋ ਕੇ। **ਲਿਵ ਲਾਵਹਿਗੇ**-ਲਗਨ ਪੈਦਾ ਕਰਦੇ ਹਨ। **ਦੁਆਰਿ**-(ਪ੍ਰਭੂ ਦੇ) ਦਰ ਤੇ। **ਲਾਜ**-ਇੱਜ਼ਤ।

**ਅਰਥ :**

ਪ੍ਰਭੂ! ਸਾਡੇ ਉੱਤੇ ਮਿਹਰ ਕਰ, ਅਸੀਂ ਜੀਵ ਤੇਰੇ ਗੁਣ ਗਾਉਂਦੇ ਰਹੀਏ। ਮੈਂ ਸਦਾ ਤੇਰੀ ਮਿਹਰ ਦੀ ਹੀ ਆਸ ਕਰਦਾ ਰਹਿੰਦਾ ਹਾਂ ਕਿ ਪ੍ਰਭੂ ਜੀ ਮੈਨੂੰ ਕਦੋਂ ਆਪਣੇ ਗਲ਼ ਨਾਲ਼ ਲਾਉਣਗੇ। ਅਸੀਂ ਜੀਵ-ਮੂਰਖ



Downloaded from https:// www.studiestoday.com

Downloaded from https:// www.studiestoday.com

ਅੰਞਾਣੇ ਬੱਚੇ ਹਾਂ, ਪ੍ਰਭੂ-ਪਿਤਾ ਜੀ ਸਾਨੂੰ ਸਦਾ ਸਮਝਾਉਂਦੇ ਰਹਿੰਦੇ ਹਨ। ਪੁੱਤਰ ਮੁੜ-ਮੁੜ ਹਰ ਵੇਲ਼ੇ ਭੁੱਲਦਾ ਹੈ, ਵਿਗਾੜ ਕਰਦਾ ਹੈ, ਪਰ ਜਗਤ ਦੇ ਪਿਤਾ ਨੂੰ ਜੀਵ-ਬੱਚੇ ਫਿਰ ਵੀ ਪਿਆਰੇ ਹੀ ਲੱਗਦੇ ਹਨ।

ਜੋ ਕੁਝ ਪਰਮਾਤਮਾ ਆਪ ਦੇਂਦਾ ਹੈ ਉਹੀ ਕੁਝ ਅਸੀਂ ਲੈ ਸਕਦੇ ਹਾਂ। ਪ੍ਰਭੂ ਬਿਨਾਂ ਮੈਨੂੰ ਕੋਈ ਹੋਰ ਥਾਂ ਨਹੀਂ ਸੁੱਝਦੀ, ਜਿਸ ਕੋਲ਼ ਅਸੀਂ ਜੀਵ ਜਾ ਸਕੀਏ। ਜਿਹੜੇ ਭਗਤ ਪ੍ਰਭੂ ਨੂੰ ਪਿਆਰੇ ਲੱਗਦੇ ਹਨ, ਉਹਨਾਂ ਨੂੰ ਪ੍ਰਭੂ ਜੀ ਪਿਆਰੇ ਲੱਗਦੇ ਹਨ। ਉਹ ਭਗਤ ਪ੍ਰਭੂ ਦੀ ਜੋਤ ਵਿੱਚ ਆਪਣੀ ਜਿੰਦ ਮਿਲ਼ਾ ਕੇ ਪ੍ਰਭੂ ਦੀ ਜੋਤ ਨਾਲ਼ ਇੱਕ-ਮਿੱਕ ਹੋਏ ਰਹਿੰਦੇ ਹਨ। ਪ੍ਰਭੂ ਜੀ ਆਪ ਹੀ ਦਿਆਲ ਹੋ ਕੇ ਜੀਵਾਂ ਦੇ ਅੰਦਰ ਆਪ ਹੀ ਆਪਣਾ ਪਿਆਰ ਪੈਦਾ ਕਰਦੇ ਹਨ। ਦਾਸ ਪ੍ਰਭੂ ਦੀ ਸ਼ਰਨ ਪਿਆ ਰਹਿੰਦਾ ਹੈ। ਪ੍ਰਭੂ ਦੇ ਦਰ 'ਤੇ ਡਿੱਗਾ ਰਹਿੰਦਾ ਹੈ। ਪ੍ਰਭੂ ਜੀ ਦਰ ਪਏ ਦੀ ਆਪ ਹੀ ਇੱਜ਼ਤ ਰੱਖਦੇ ਹਨ।

## ਅਭਿਆਸ

1. **ਹੇਠਾਂ ਦਿੱਤੀਆਂ ਕਾਵਿ-ਤੁਕਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ-**

(ੳ) ਸਤਿਗੁਰ ਨੋ ਸਭ ਕੋ ਲੋਚਦਾ ਜੇਤਾ ਜਗਤੁ ਸਭੁ ਕੋਇ।।
ਬਿਨੁ ਭਾਗਾ ਦਰਸਨੁ ਨਾ ਥੀਐ ਭਾਗਹੀਣ ਬਹਿ ਰੋਇ।।
ਜੋ ਹਰਿ ਪ੍ਰਭ ਭਾਣਾ ਸੋ ਥੀਆ ਧੁਰਿ ਲਿਖਿਆ ਨ ਮੇਟੈ ਕੋਇ।।

(ਅ) ਜਿਸ ਅੰਦਰਿ ਚੁਗਲੀ ਚੁਗਲੋ ਵਜੈ ਕੀਤਾ ਕਰਤਿਆ ਓਸ ਦਾ ਸਭੁ ਗਇਆ॥
ਨਿਤ ਚੁਗਲੀ ਕਰੇ ਅਣਹੋਦੀ ਪਰਾਈ ਮੁਹੁ ਕਢਿ ਨ ਸਕੈ ਓਸ ਦਾ ਕਾਲਾ ਭਇਆ॥

(ੲ) ਹਰਿ ਦਰਸਨ ਕਉ ਮੇਰਾ ਮਨੁ ਬਹੁ ਤਪਤੈ ਜਿਉ ਤ੍ਰਿਖਾਵੰਤੁ ਬਿਨੁ ਨੀਰ।।
ਮੇਰੈ ਮਨਿ ਪ੍ਰੇਮੁ ਲਗੋ ਹਰਿ ਤੀਰ।
ਹਮਰੀ ਬੇਦਨ ਹਰਿ ਪ੍ਰਭੁ ਜਾਨੈ ਮੇਰੇ ਮਨ ਅੰਤਰ ਕੀ ਪੀਰ।।

(ਸ) ਹਮ ਬਾਰਿਕ ਮੁਗਧ ਇਆਨ ਪਿਤਾ ਸਮਝਾਵਹਿਗੇ।।
ਸੁਤੁ ਖਿਨੁ ਖਿਨੁ ਭੂਲਿ ਬਿਗਾਰਿ ਜਗਤ ਪਿਤ ਭਾਵਹਿਗੇ।।

2. 'ਇਛਾ ਪੂਰਕੁ ਸਰਬ ਸੁਖਦਾਤਾ' ਸ਼ਬਦ ਦਾ ਕੇਂਦਰੀ ਭਾਵ ਲਿਖੋ ?

ਜਾਂ

'ਹਰਿ ਦਰਸਨ ਕਉ ਮੇਰਾ ਮਨੁ ਬਹੁ ਤਪਤੈ' ਸ਼ਬਦ ਦਾ ਕੇਂਦਰੀ ਭਾਵ ਲਿਖੋ।

3. ਵਸਤੂਨਿਸ਼ਠ ਪ੍ਰਸ਼ਨ—

(ੳ) "ਹਉ ਪੰਥ ਦਸਾਈ ਨਿਤ ਖੜੀ" ਸਲੋਕ ਵਿੱਚ 'ਸਭੁ ਜਗਜੀਵਨੁ ਜਗਿ ਆਪਿ ਹੈ' ਸਤਰ ਵਿੱਚ ਕਿਸ ਨੂੰ ਸੰਬੋਧਨ ਕੀਤਾ ਗਿਆ ਹੈ ?

(ਅ) 'ਜਿਸੁ ਅੰਦਰਿ ਤਾਤਿ ਪਰਾਈ ਹੋਵੈ' ਸਲੋਕ ਵਿੱਚ ਗੁਰੂ ਰਾਮਦਾਸ ਜੀ ਈਰਖਾਲੂ ਮਨੁੱਖ ਬਾਰੇ ਕੀ ਕਹਿੰਦੇ ਹਨ—

(*i*) ਉਸਦਾ ਕਦੇ ਭਲਾ ਨਹੀਂ ਹੁੰਦਾ।



Downloaded from https:// www.studiestoday.com

Downloaded from https:// www.studiestoday.com

(*ii*) ਉਹ ਕਿਸੇ ਦੇ ਮੱਥੇ ਨਹੀਂ ਲੱਗ ਸਕਦਾ।

(*iii*) ਉਸ ਦਾ ਮੂੰਹ ਕਾਲ਼ਾ ਹੁੰਦਾ ਹੈ।

(ੲ) 'ਜਿਸੁ ਅੰਦਰਿ ਤਾਤਿ ਪਰਾਈ ਹੋਵੈ' ਸਲੋਕ ਵਿੱਚ "ਜੇਹਾ ਕੋ ਬੀਜੇ ਤੇਹਾ ਕੋ ਖਾਏ।" ਸਤਰ ਤੋਂ ਕੀ ਭਾਵ ਹੈ ?

(ਸ) 'ਇਛਾ ਪੂਰਕੁ ਸਰਬ ਸੁਖਦਾਤਾ' ਸਲੋਕ ਵਿੱਚ ਗੁਰੂ ਰਾਮਦਾਸ ਜੀ ਸਾਰੇ ਸੁੱਖ ਪ੍ਰਾਪਤ ਕਰਨ ਲਈ ਆਪਣੇ ਮਨ ਨੂੰ ਕੀ ਕਰਨ ਲਈ ਪ੍ਰੇਰਦੇ ਹਨ ?

(*i*) ਚੰਗੇ ਕਰਮ ਕਰਨ ਲਈ

(*ii*) ਪਰਮਾਤਮਾ ਦਾ ਨਾਮ ਜਪਣ ਲਈ

(ਹ) 'ਇਛਾ ਪੂਰਕ ਸਰਬ ਸੁਖ ਦਾਤਾ' ਕਿਹੜੇ ਗੁਰੂ ਸਾਹਿਬ ਦੀ ਰਚਨਾ ਹੈ:

(*i*) ਗੁਰੂ ਅਰਜਨ ਦੇਵ ਜੀ

(*ii*) ਗੁਰੂ ਰਾਮਦਾਸ ਜੀ

(*iii*) ਗੁਰੂ ਅੰਗਦ ਦੇਵ ਜੀ

(ਕ) 'ਹਰਿ ਦਰਸਨ ਕਉ ਮੇਰਾ ਮਨੁ ਬਹੁ ਤਪਤੈ' ਸਲੋਕ ਵਿੱਚ ਗੁਰੂ ਰਾਮਦਾਸ ਜੀ ਪਰਮਾਤਮਾ ਦੀ ਗੱਲ ਦੱਸਣ ਵਾਲ਼ੇ ਨਾਲ਼ ਕਿਹੜਾ ਰਿਸ਼ਤਾ ਜੋੜਦੇ ਹਨ ?

(ਖ) 'ਪ੍ਰਭ ਕੀਜੈ ਕ੍ਰਿਪਾ ਨਿਧਾਨ' ਸਲੋਕ ਵਿੱਚ ਗੁਰੂ ਰਾਮਦਾਸ ਜੀ ਪ੍ਰਭੂ ਤੋਂ ਕੀ ਮੰਗਦੇ ਹਨ ?

(ਗ) ਹੇਠ ਲਿਖੀ ਸਤਰ ਪੂਰੀ ਕਰੋ—

ਹਮ ਬਾਰਿਕ ਮੁਗਧ ਇਆਨ ............ ਸਮਝਾਵਹਿਗੇ। (ਪ੍ਰਭੂ, ਪਿਤਾ, ਗੁਰੂ)

(ਘ) ਗੁਰੂ ਰਾਮਦਾਸ ਜੀ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿੱਚ ਕਿੰਨੇ ਰਾਗਾਂ ਵਿੱਚ ਦਰਜ ਹੈ ?

(ਙ) ਤੁਹਾਡੀ ਪਾਠ-ਪੁਸਤਕ ਵਿੱਚ ਸ਼ਾਮਲ ਗੁਰੂ ਰਾਮਦਾਸ ਜੀ ਦੀ ਕਿਸੇ ਇੱਕ ਰਚਨਾ ਦਾ ਸਿਰਲੇਖ ਦੱਸੋ।

****



Downloaded from https:// www.studiestoday.com

Downloaded from https:// www.studiestoday.com

## ਗੁਰੂ ਅਰਜਨ ਦੇਵ ਜੀ

(1563-1606 ਈ:)

ਗੁਰੂ ਅਰਜਨ ਦੇਵ ਜੀ ਸਿੱਖ ਧਰਮ ਦੇ ਪੰਜਵੇਂ ਗੁਰੂ ਹੋਏ ਹਨ। ਆਪ ਗੁਰੂ ਰਾਮਦਾਸ ਜੀ ਅਤੇ ਮਾਤਾ ਭਾਨੀ ਜੀ ਦੇ ਸਪੁੱਤਰ ਸਨ। ਆਪ ਜੀ ਨੇ 1604 ਈ: ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕੀਤੀ, ਜਿਹੜੀ ਆਪ ਵੱਲੋਂ ਭਾਰਤੀ ਸਾਹਿਤ ਅਤੇ ਸੱਭਿਆਚਾਰ ਨੂੰ ਅਦੁੱਤੀ ਦੇਣ ਹੈ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿੱਚ ਦਰਸਾਈਆਂ ਉੱਚ ਕਦਰਾਂ-ਕੀਮਤਾਂ ਅਤੇ ਪ੍ਰਚਾਰ ਲਈ ਆਪ ਬਹੁਤ ਦ੍ਰਿੜ੍ਹ ਸਨ। ਇਸੇ ਕਾਰਨ ਹੀ ਆਪ ਨੂੰ 1606 ਈ: ਵਿੱਚ ਸ਼ਹੀਦੀ ਦੇਣੀ ਪਈ।

ਬਚਪਨ ਤੋਂ ਹੀ ਆਪ ਬਹੁਤ ਸੁਹਿਰਦ ਅਤੇ ਸੰਵੇਦਨਸ਼ੀਲ ਸਨ। ਆਪ ਦੀ ਨਿਮਰਤਾ, ਸਾਦਾ ਅਤੇ ਮਨੋਹਰ ਸ਼ਖ਼ਸੀਅਤ ਦੀ ਝਲਕ ਆਪ ਦੀ ਬਾਣੀ ਵਿੱਚੋਂ ਵੀ ਸਪਸ਼ਟ ਦਿਖਾਈ ਦੇਂਦੀ ਹੈ।

ਗੁਰੂ ਗ੍ਰੰਥ ਸਾਹਿਬ ਵਿੱਚ ਆਕਾਰ ਦੇ ਪੱਖੋਂ ਆਪ ਦੀ ਰਚਨਾ ਸਭ ਗੁਰੂ ਸਾਹਿਬਾਨ ਨਾਲ਼ੋਂ ਵੱਧ ਹੈ। ਆਪ ਦੀ ਪ੍ਰਤਿਨਿਧ ਰਚਨਾ 'ਸੁਖਮਨੀ ਸਾਹਿਬ' ਹੈ। ਇਸ ਤੋਂ ਇਲਾਵਾ ਆਪ ਨੇ ਡੱਖਣੇ, ਬਾਵਨ ਅੱਖਰੀ, ਬਾਰਾਂਮਾਹ, ਮਾਝ, ਸ਼ਬਦ ਹਜ਼ਾਰੇ, ਸਲੋਕ ਸਹਸਕ੍ਰਿਤੀ , ਫੁਨਹੇ, ਪਹਿਰੇ, ਸ਼ਬਦ ਤੇ ਅਸ਼ਟਪਦੀਆਂ ਆਦਿ ਦੀ ਰਚਨਾ ਕੀਤੀ। ਅਨੇਕਾਂ ਕਾਵਿ-ਰੂਪਾਂ ਅਤੇ ਛੰਦਾਂ ਵਿੱਚ ਰਚੀ ਆਪ ਦੀ ਰਚਨਾ ਸਰਲ ਹੋਣ ਕਾਰਨ ਸ਼ਰਧਾਲੂਆਂ ਵਿੱਚ ਬੜੀ ਹਰਮਨ ਪਿਆਰੀ ਹੈ। ਆਪ ਦੀ ਰਚਨਾ 'ਸੁਖਮਨੀ ਸਾਹਿਬ' ਕਈ ਸ਼ਰਧਾਲੂਆਂ ਦੇ ਨਿੱਤ-ਨੇਮ ਦਾ ਅੰਗ ਬਣ ਗਈ ਹੈ।

ਹਥਲੇ ਕਾਵਿ-ਸੰਗ੍ਰਹਿ ਵਿੱਚ ਸ਼ਾਮਲ ਕੀਤੇ ਗਏ ਸ਼ਬਦਾਂ ਵਿੱਚੋਂ ਪਹਿਲੇ ਸ਼ਬਦ ਵਿੱਚ ਦੱਸਿਆ ਹੈ ਕਿ ਪਰਮਾਤਮਾ ਦੇ ਆਸਰੇ ਤੋਂ ਬਿਨਾਂ ਮਨੁੱਖ ਦਾ ਕੋਈ ਹੋਰ ਸਹਾਈ ਨਹੀਂ ਹੋ ਸਕਦਾ, ਇੱਕ ਸੱਚੇ ਪ੍ਰਭੂ ਪਰਮਾਤਮਾ ਤੋਂ ਸੱਚਾ ਤੇ ਨੇੜਲਾ ਉਸ ਦਾ ਕੋਈ ਸਾਕ-ਸੰਬੰਧੀ ਨਹੀਂ ਹੈ। ਦੂਜੇ ਸ਼ਬਦ ਵਿੱਚ ਪਰਮਾਤਮਾ ਦੇ ਨਾਮ ਦਾ ਸਿਮਰਨ ਨਾ ਕਰਨ ਕਰਕੇ ਮਨੁੱਖ-ਮਾਤਰ ਲਈ ਦੁੱਖਾਂ ਦਾ ਵਰਨਣ ਕੀਤਾ ਹੈ। ਪਰਮਾਤਮਾ ਦਾ ਨਾਮ ਹੀ ਹਰ ਦੁੱਖ-ਸੁੱਖ ਵਿੱਚ ਸਹਾਈ ਹੁੰਦਾ ਹੈ। ਤੀਜਾ ਸ਼ਬਦ ਬਾਰਾਮਾਂਹ ਰਾਗ ਮਾਝ ਵਿੱਚੋਂ ਲਿਆ ਗਿਆ ਹੈ। ਇਸ ਵਿੱਚ ਦੱਸਿਆ ਹੈ ਕਿ ਮਨੁੱਖ ਆਪਣੇ ਕਰਮਾਂ ਦੀ ਕਮਾਈ ਕਰਕੇ ਪਰਮਾਤਮਾ ਦੇ ਨਾਂ ਤੋਂ ਵਿੱਛੜਿਆ ਹੋਇਆ ਹੈ। ਪਰਮਾਤਮਾ ਦੇ ਨਾਮ ਤੋਂ ਬਿਨਾਂ ਮਨੁੱਖਾ-ਜਨਮ ਸਫ਼ਲ ਨਹੀਂ ਹੋ ਸਕਦਾ ਹੈ। ਚੌਥਾ ਸ਼ਬਦ ਸੁਖਮਨੀ ਸਾਹਿਬ ਵਿੱਚੋਂ ਲਿਆ ਗਿਆ ਹੈ। ਇਸ ਵਿੱਚ ਮਨੁੱਖ ਦੀ ਲਾਲਸਾ ਬਾਰੇ ਦੱਸਿਆ ਹੈ ਕਿ ਮਨੁੱਖ ਅਨੇਕਾਂ ਚੀਜ਼ਾਂ ਪ੍ਰਾਪਤ ਕਰਕੇ ਵੀ ਪਰਮਾਤਮਾ ਦਾ ਸ਼ੁਕਰਗੁਜ਼ਾਰ ਨਹੀਂ ਹੁੰਦਾ ਸਗੋਂ ਜਿਹੜੀ ਕੋਈ ਇੱਕ ਚੀਜ਼ ਉਸ ਨੂੰ ਪ੍ਰਾਪਤ ਨਹੀਂ ਹੁੰਦੀ, ਉਸ ਲਈ ਉਹ ਗਿਲਾ ਕਰਦਾ ਰਹਿੰਦਾ ਹੈ। ਪੰਜਵੇਂ ਸ਼ਬਦ ਵਿੱਚ ਦਰਸਾਇਆ ਗਿਆ ਹੈ ਕਿ ਪਰਮਾਤਮਾ ਇੱਕ ਹੈ। ਹਰ ਧਰਮ ਦੇ ਲੋਕ ਉਸ ਨੂੰ ਵੱਖ-ਵੱਖ ਨਾਂਵਾਂ ਨਾਲ਼ ਧਿਆਉਂਦੇ ਹਨ।

### ਜਾ ਕਉ ਮੁਸਕਲੁ ਅਤਿ ਬਣੈ

ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ।।
ਲਾਗੂ ਹੋਏ ਦੁਸਮਨਾ ਸਾਕ ਭਿ ਭਜਿ ਖਲੇ।।
ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ।।
ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ।।1।।



Downloaded from https:// www.studiestoday.com

Downloaded from https:// www.studiestoday.com

ਸਾਹਿਬੁ ਨਿਤਾਣਿਆ ਕਾ ਤਾਣੁ ।।
ਆਇ ਨ ਜਾਈ ਥਿਰੁ ਸਦਾ ਗੁਰਸਬਦੀ ਸਚੁ ਜਾਣੁ ।। 1 ।। ਰਹਾਉ ।।
ਜੇ ਕੋ ਹੋਵੈ ਦੁਬਲਾ ਨੰਗ ਭੁਖ ਕੀ ਪੀਰ ।।
ਦਮੜਾ ਪਲੈ ਨਾ ਪਵੈ ਨਾ ਕੋ ਦੇਵੈ ਧੀਰ ।।
ਸੁਆਰਥੁ ਸੁਆਉ ਨ ਕੋ ਕਰੇ ਨਾ ਕਿਛੁ ਹੋਵੈ ਕਾਜੁ ।।
ਚਿਤਿ ਆਵੈ ਓਸੁ ਪਾਰਬ੍ਰਹਮੁ ਤਾ ਨਿਹਚਲੁ ਹੋਵੈ ਰਾਜੁ ।। 2 ।।
ਜਾ ਕਉ ਚਿੰਤਾ ਬਹੁਤੁ ਬਹੁਤੁ ਦੇਹੀ ਵਿਆਪੈ ਰੋਗੁ ।।
ਗ੍ਰਿਸਤਿ ਕੁਟੰਬਿ ਪਲੇਟਿਆ ਕਦੇ ਹਰਖੁ ਕਦੇ ਸੋਗੁ ।।
ਗਉਣੁ ਕਰੇ ਚਹੁ ਕੁੰਟ ਕਾ ਘੜੀ ਨਾ ਬੈਸਣੁ ਸੋਇ ।।
ਚਿਤਿ ਆਵੈ ਓਸੁ ਪਾਰਬ੍ਰਹਮੁ ਤਨੁ ਮਨੁ ਸੀਤਲੁ ਹੋਇ ।। 3 ।।
ਕਾਮਿ ਕਰੋਧਿ ਮੋਹਿ ਵਸਿ ਕੀਆ ਕਿਰਪਨ ਲੋਭਿ ਪਿਆਰੁ ।।
ਚਾਰੇ ਕਿਲਵਿਖ ਉਨਿ ਅਘ ਕੀਏ ਹੋਆ ਅਸੁਰ ਸੰਘਾਰੁ ।
ਪੋਥੀ ਗੀਤ ਕਵਿਤ ਕਿਛੁ ਕਦੇ ਨ ਕਰਨਿ ਧਰਿਆ ।।
ਚਿਤਿ ਆਵੈ ਓਸੁ ਪਾਰਬ੍ਰਹਮੁ ਤਾ ਨਿਮਖ ਸਿਮਰਤ ਤਰਿਆ ।। 4 ।।

*(ਸਿਰੀ ਰਾਗ ਪੰਨਾ 70)*

**ਸ਼ਬਦ- ਅਰਥ :**

ਕਉ–ਨੂੰ। ਮੁਸਕਲੁ–ਬਿਪਤਾ। ਅਤਿ-ਵੱਡੀ। ਢੋਈ–ਆਸਰਾ। ਲਾਗੂ–ਮਾਰੂ। ਭਜਿ ਖਲੇ–ਦੌੜ ਗਏ। ਚੁਕੈ–ਮੁੱਕ ਜਾਏ। ਅਸਰਾਉ-ਆਸਰਾ। ਓਸੁ ਚਿਤਿ–ਉਸ ਦੇ ਚਿੱਤ ਵਿੱਚ। ਆਇ ਨਾ ਜਾਈ–ਉਹ ਨਾ ਜੰਮਦਾ ਹੈ, ਨਾ ਮਰਦਾ ਹੈ। ਥਿਰੁ–ਕਾਇਮ ਰਹਿਣ ਵਾਲਾ। ਸਚੁ- ਸਦਾ ਕਾਇਮ ਰਹਿਣ ਵਾਲ਼ਾ ਪਰਮਾਤਮਾ। ਜਾਣੁ–ਪਛਾਣ, ਡੂੰਘੀ ਸਾਂਝ ਬਣਾ। ਦੁਬਲਾ–ਕਮਜ਼ੋਰ। ਪੀਰ–ਪੀੜਾ, ਦੁੱਖ। ਧੀਰ–ਧੀਰਜ, ਹੌਂਸਲਾ, ਧਰਵਾਸ। ਸੁਆਰਥੁ-ਆਪਣੀ ਗ਼ਰਜ਼। ਸੁਆਉ–ਸੁਾਰਥ, ਮਨੋਰਥ। ਨਿਹਚਲੁ–ਅਟੱਲ। ਦੇਹੀ-ਸਰੀਰ (ਨੂੰ)। ਵਿਆਪੈ-ਜ਼ੋਰ ਪਾ ਲਏ। ਗ੍ਰਿਸਤਿ–ਗ੍ਰਸਤ ਵਿੱਚ। ਹਰਖੁ-ਖ਼ੁਸ਼ੀ। ਸੋਗੁ–ਚਿੰਤਾ। ਗਉਣੁ–ਗਮਨ, ਭ੍ਰਮਣ। ਬੈਸਣੁ-ਬੈਠਣਾ, ਅਰਾਮ। ਸੋਇ-ਉਹ ਮਨੁੱਖ। ਕਾਮਿ–ਕਾਮ ਨੇ। ਮੋਹਿ–ਮੋਹ ਨੇ। ਕਿਰਪਨ–ਕੰਜੂਸ। ਲੋਭਿ–ਲੋਭ ਵਿੱਚ। ਕਿਲਵਿਖ-ਪਾਪ। ਉਨਿ–ਉਸ ਨੇ। ਅਘ–ਪਾਪ। ਚਾਰੇ ਕਿਲਵਿਖ–(ਬ੍ਰਾਹਮਣ ਕੈਲੀ ਘਾਤ ਕੰਞਕਾ, ਅਣਚਾਰੀ ਕਾ ਧਾਨੁ) ਅਸੁਰ ਸੰਘਾਰੁ-ਸੰਘਾਰਨ–ਜੋਗ ਅਸੁਰ। ਕਰਨਿ-ਕੰਨ ਵਿੱਚ। ਕਰਨਿ ਧਰਿਆ–ਸੁਣਿਆ। ਨਿਮਖ–ਅੱਖ ਝਮਕਣ ਜਿੰਨਾ ਸਮਾਂ।

**ਅਰਥ :**

ਜਿਸ ਮਨੁੱਖ ਨੂੰ (ਕੋਈ) ਭਾਰੀ ਬਿਪਤਾ ਆ ਪਏ ਤੇ ਜਿਸ ਤੋਂ ਬਚਣ ਲਈ ਕੋਈ ਮਨੁੱਖ ਉਸ ਨੂੰ ਸਹਾਰਾ ਨਾ ਦੇਵੇ, ਵੈਰੀ ਉਸ ਦੇ ਮਾਰੂ ਬਣ ਜਾਣ, ਉਸ ਦੇ ਸਾਕ–ਸੰਬੰਧੀ ਉਸ ਤੋਂ ਪਰੇ ਦੌੜ ਜਾਣ, ਉਸ ਦਾ ਹਰੇਕ ਕਿਸਮ ਦਾ ਆਸਰਾ ਖ਼ਤਮ ਹੋ ਜਾਏ, ਹਰੇਕ ਤਰ੍ਹਾਂ ਦਾ ਸਹਾਰਾ ਮੁੱਕ ਜਾਏ, ਜੇ ਉਸ ਬਿਪਤਾ ਮਾਰੇ ਮਨੁੱਖ ਦੇ ਹਿਰਦੇ ਵਿੱਚ ਪਰਮਾਤਮਾ (ਯਾਦ) ਆ ਜਾਏ, ਤਾਂ ਉਸ ਦਾ ਵਾਲ ਵੀ ਵਿੰਗਾ ਨਹੀਂ ਹੁੰਦਾ। ਮਾਲਕ–ਪ੍ਰਭੂ ਕਮਜ਼ੋਰਾਂ ਦਾ ਸਹਾਰਾ ਹੈ, ਉਹ ਨਾ ਜੰਮਦਾ ਹੈ, ਨਾ ਮਰਦਾ ਹੈ, ਸਦਾ ਹੀ ਕਾਇਮ ਰਹਿਣ ਵਾਲ਼ਾ ਹੈ। (ਹੇ ਭਾਈ !) ਗੁਰੂ ਦੇ ਸ਼ਬਦ ਵਿੱਚ ਜੁੜ ਕੇ ਉਸ ਸਦਾ ਥਿਰ ਰਹਿਣ ਵਾਲ਼ੇ ਪ੍ਰਭੂ ਨਾਲ਼ ਡੂੰਘੀ ਸਾਂਝ ਬਣਾ।



Downloaded from https:// www.studiestoday.com

Downloaded from https:// www.studiestoday.com

ਜੇ ਕੋਈ ਮਨੁੱਖ ਅਜਿਹਾ ਕਮਜ਼ੋਰ ਹੋ ਜਾਏ ਕਿ ਭੁੱਖ-ਨੰਗ ਦਾ ਦੁੱਖ ਉਸ ਨੂੰ ਹਰ ਵੇਲ਼ੇ ਖਾਂਦਾ ਰਹੇ, ਜੇ ਉਸ ਦੇ ਪੱਲੇ ਪੈਸਾ ਨਾ ਹੋਵੇ, ਕੋਈ ਮਨੁੱਖ ਉਸ ਨੂੰ ਹੌਸਲਾ ਨਾ ਦੇਵੇ, ਕੋਈ ਮਨੁੱਖ ਉਸ ਦੀ ਕੋਈ ਲੋੜ-ਗ਼ਰਜ਼ ਪੂਰੀ ਨਾ ਕਰੇ, ਉਸ ਪਾਸੋਂ ਆਪਣਾ ਕੋਈ ਕੰਮ ਸਿਰੇ ਨਾ ਚੜ੍ਹ ਸਕੇ, ਅਜਿਹੀ ਦੁਰਦਸ਼ਾ ਵਿੱਚ ਹੁੰਦਿਆਂ ਵੀ ਜੇ ਪਰਮਾਤਮਾ ਉਸ ਦੇ ਚਿੱਤ ਵਿੱਚ ਆ ਵੱਸੇ ਤਾਂ ਉਸ ਦਾ ਅਟੱਲ ਰਾਜ ਬਣ ਜਾਂਦਾ ਹੈ। ਭਾਵ, ਉਸ ਦੀ ਆਤਮਿਕ ਅਵਸਥਾ ਅਜਿਹੇ ਬਾਦਸ਼ਾਹਾਂ ਵਾਲ਼ੀ ਹੋ ਜਾਂਦੀ ਹੈ, ਜਿਨ੍ਹਾਂ ਦਾ ਰਾਜ ਕਦੇ ਨਹੀਂ ਡੋਲਦਾ।

ਜਿਸ ਮਨੁੱਖ ਨੂੰ ਹਰ ਵੇਲ਼ੇ ਬੜੀ ਚਿੰਤਾ ਬਣੀ ਰਹੇ, ਜਿਸ ਦੇ ਸਰੀਰ ਨੂੰ ਕੋਈ ਨਾ ਕੋਈ ਰੋਗ ਗ੍ਰਸੀ ਰੱਖੇ, ਜਿਹੜਾ ਗ੍ਰਸਤ (ਦੇ ਜੰਜਾਲ਼) ਵਿੱਚ ਪਰਿਵਾਰ ਦੇ ਜੰਜਾਲ਼ ਵਿੱਚ ਸਦਾ ਫਸਿਆ ਰਹੇ, ਜਿਸ ਨੂੰ ਕਦੇ ਕੋਈ ਖ਼ੁਸ਼ੀ ਤੇ ਕਦੇ ਕੋਈ ਗ਼ਮ ਘੇਰੀ ਰੱਖਦਾ ਹੈ, ਜਿਹੜਾ ਮਨੁੱਖ ਸਾਰੀ ਧਰਤੀ ਉੱਤੇ ਇਸ ਤਰ੍ਹਾਂ ਭਟਕਦਾ ਫਿਰਦਾ ਹੈ ਕਿ ਉਸ ਨੂੰ ਘੜੀ ਭਰ ਬਹਿਣਾ ਵੀ ਨਸੀਬ ਨਹੀਂ ਹੁੰਦਾ, ਪਰ ਜੇ ਪਰਮਾਤਮਾ ਉਸ ਦੇ ਚਿੱਤ ਵਿੱਚ ਆ ਵੱਸੇ ਤਾਂ ਉਸ ਦਾ ਤਨ ਸ਼ਾਂਤ ਹੋ ਜਾਂਦਾ ਹੈ ਉਸ ਦਾ ਮਨ ਸੰਤੋਖ ਨਾਲ਼ ਠੰਢਾ-ਠਾਰ ਹੋ ਜਾਂਦਾ ਹੈ।। 3 ।।

ਜੇ ਕਿਸੇ ਮਨੁੱਖ ਨੂੰ ਕਾਮ ਨੇ, ਕ੍ਰੋਧ ਨੇ, ਮੋਹ ਨੇ ਆਪਣੇ ਵੱਸ ਵਿੱਚ ਕੀਤਾ ਹੋਇਆ ਹੋਵੇ, ਜੇ ਉਸ ਸੂਮ ਦਾ ਪਿਆਰ ਸਦਾ ਲੋਭ ਵਿੱਚ ਹੀ ਹੋਵੇ, ਜੇ ਉਸ ਨੇ ਉਹਨਾਂ ਵਿਕਾਰਾਂ ਦੇ ਵੱਸ ਹੋ ਕੇ ਚਾਰੇ ਹੀ ਉੱਘੇ ਪਾਪ-ਅਪਰਾਧ ਕੀਤੇ ਹੋਏ ਹੋਣ, ਜੇ ਉਹ ਅਜਿਹਾ ਭੈੜਾ ਹੋ ਗਿਆ ਹੋਵੇ ਕਿ ਉਸ ਨੂੰ ਮਾਰ ਦੇਣਾ ਹੀ ਚੰਗਾ ਹੋਵੇ, ਜੇ ਉਸ ਨੇ ਕਦੀ ਵੀ ਕੋਈ ਧਾਰਮਿਕ ਪੁਸਤਕ, ਕੋਈ ਧਾਰਮਿਕ ਗੀਤ, ਕੋਈ ਧਾਰਮਿਕ ਕਵਿਤਾ ਸੁਣੀ ਨਾ ਹੋਵੇ, ਪਰ ਜੇ ਪਰਮਾਤਮਾ ਉਸ ਦੇ ਚਿੱਤ ਵਿੱਚ ਆ ਵੱਸੇ, ਤਾਂ ਉਹ ਅੱਖ ਦੇ ਫੋਰ ਜਿੰਨੇ ਸਮੇਂ ਲਈ ਹੀ ਪ੍ਰਭੂ ਦਾ ਸਿਮਰਨ ਕਰ ਕੇ ਇਹਨਾਂ ਸਾਰੇ ਵਿਕਾਰਾਂ ਦੇ ਸਮੁੰਦਰ ਤੋਂ ਪਾਰ ਲੰਘ ਜਾਂਦਾ ਹੈ।। 4।।

## ਦੁਖੁ ਤਦੇ ਜਾ ਵਿਸਰਿ ਜਾਵੈ

ਦੁਖੁ ਤਦੇ ਜਾ ਵਿਸਰਿ ਜਾਵੈ।।
ਭੁਖ ਵਿਆਪੈ ਬਹੁ ਬਿਧਿ ਧਾਵੈ।।
ਸਿਮਰਤ ਨਾਮੁ ਸਦਾ ਸੁਹੇਲਾ ਜਿਸੁ ਦੇਵੈ ਦੀਨ ਦਇਆਲਾ ਜੀਉ।। 1।।
ਸਤਿਗੁਰੁ ਮੇਰਾ ਵਡ ਸਮਰਥਾ।।
ਜੀਇ ਸਮਾਲੀ ਤਾ ਸਭੁ ਦੁਖੁ ਲਥਾ।।
ਚਿੰਤਾ ਰੋਗੁ ਗਈ ਹਉ ਪੀੜਾ ਆਪਿ ਕਰੇ ਪ੍ਰਤਿਪਾਲਾ ਜੀਉ।। 2।।
ਬਾਰਿਕ ਵਾਂਗੀ ਹਉ ਸਭ ਕਿਛੁ ਮੰਗਾ।।
ਦੇ ਦੇ ਤੋਟਿ ਨਾਹੀ ਪ੍ਰਭ ਰੰਗਾ।।
ਪੈਰੀ ਪੈ ਪੈ ਬਹੁਤੁ ਮਨਾਈ ਦੀਨ ਦਇਆਲ ਗੋਪਾਲਾ ਜੀਉ।। 3।।
ਹਉ ਬਲਿਹਾਰੀ ਸਤਿਗੁਰ ਪੂਰੇ।। ਜਿਨਿ ਬੰਧਨ ਕਾਟੇ ਸਗਲੇ ਮੇਰੇ।।
ਹਿਰਦੈ ਨਾਮੁ ਦੇ ਨਿਰਮਲ ਕੀਏ ਨਾਨਕ ਰੰਗਿ ਰਸਾਲਾ ਜੀਉ।। 4।।

*(ਰਾਗ ਮਾਝ ਪੰਨਾ 98)*

**ਸ਼ਬਦ-ਅਰਥ :**

ਤਦੇ-ਤਦ ਹੀ, ਤਦੋਂ ਹੀ। ਭੁਖ-ਮਾਇਆ ਦੀ ਤ੍ਰਿਸ਼ਨਾ। ਵਿਆਪੈ-ਜ਼ੋਰ ਪਾ ਲੈਂਦੀ ਹੈ। ਬਹੁ ਬਿਧਿ- ਕਈ ਤਰੀਕਿਆਂ ਨਾਲ਼। ਸੁਹੇਲਾ-ਸੁਖੀ। ਸਮਰਥਾ-ਤਾਕਤ ਵਾਲ਼ਾ। ਜੀਇ-ਜੀਅ ਵਿੱਚ। ਸਮਾਲੀ-ਮੈਂ ਸੰਭਾਲਦਾ



Downloaded from https:// www.studiestoday.com

Downloaded from https:// www.studiestoday.com

ਹਾਂ। ਹਉ ਪੀੜਾ–ਹਉਂਮੈਂ ਦਾ ਦੁੱਖ। ਹਉ–ਮੈਂ। ਮੰਗਾ–ਮੰਗਾਂ। ਤੋਟਿ–ਘਾਟਾ। ਪ੍ਰਭੁ ਰੰਗਾ–ਪ੍ਰਭੂ ਦੇ ਪਦਾਰਥਾਂ ਵਿੱਚ। ਪੈ-ਪੈ ਕੇ। ਮਨਾਈ-ਮਨਾਈਂ, ਮੈਂ ਮਨਾਉਂਦਾ ਹਾਂ। ਬਲਿਹਾਰੀ–ਕੁਰਬਾਨ। ਜਿਨਿ–ਜਿਸ ਗੁਰੂ ਨੇ। ਸਗਲੇ -ਸਾਰੇ। ਦੇ-ਦੇ ਕੇ। ਰੰਗਿ–ਆਪਣੇ ਪ੍ਰੇਮ ਵਿੱਚ ਜੋੜ ਕੇ। ਰਸਾਲਾ–ਰਸ ਦਾ ਘਰ।

**ਅਰਥ :**

ਜੀਵ ਨੂੰ ਦੁੱਖ ਤਦੋਂ ਹੀ ਵਾਪਰਦਾ ਹੈ ਜਦੋਂ ਉਸ ਨੂੰ ਪਰਮਾਤਮਾ ਦਾ ਨਾਮ ਭੁੱਲ ਜਾਂਦਾ ਹੈ। ਨਾਮ ਤੋਂ ਖੁੰਝੇ ਹੋਏ ਜੀਵ ਉੱਤੇ ਮਾਇਆ ਦੀ ਤ੍ਰਿਸ਼ਨਾ ਜ਼ੋਰ ਪਾ ਲੈਂਦੀ ਹੈ, ਤੇ ਜੀਵ ਕਈ ਢੰਗਾਂ ਨਾਲ਼ ਮਾਇਆ ਦੀ ਖ਼ਾਤਰ ਭਟਕਦਾ ਫਿਰਦਾ ਹੈ। ਦੀਨਾਂ ਉੱਤੇ ਦਇਆ ਕਰਨ ਵਾਲ਼ਾ ਪਰਮਾਤਮਾ ਜਿਸ ਮਨੁੱਖ ਨੂੰ ਨਾਮ ਦੀ ਦਾਤ ਦੇਂਦਾ ਹੈ ਉਹ ਨਾਮ ਸਿਮਰ–ਸਿਮਰ ਕੇ ਸਦਾ ਸੌਖਾ ਰਹਿੰਦਾ ਹੈ। ਪਰ ਇਹ ਨਾਮ ਦੀ ਦਾਤ ਗੁਰੂ ਦੇ ਰਾਹੀਂ ਮਿਲ਼ਦੀ ਹੈ, ਮੇਰਾ ਸਤਿਗੁਰੂ ਬੜੀ ਤਾਕਤ ਵਾਲ਼ਾ ਹੈ, ਉਸ ਦੀ ਮਿਹਰ ਨਾਲ਼ ਜਦੋਂ ਮੈਂ ਪਰਮਾਤਮਾ ਦਾ ਨਾਮ ਆਪਣੇ ਹਿਰਦੇ ਵਿੱਚ ਵਸਾਉਂਦਾ ਹਾਂ ਤਾਂ ਮੇਰਾ ਸਾਰਾ ਦੁੱਖ ਦੂਰ ਹੋ ਜਾਂਦਾ ਹੈ। ਮੇਰੇ ਅੰਦਰੋਂ ਚਿੰਤਾ ਦਾ ਰੋਗ ਦੂਰ ਹੋ ਜਾਂਦਾ ਹੈ, ਮੇਰਾ ਹਉਮੈ ਦਾ ਦੁੱਖ ਦੂਰ ਹੋ ਜਾਂਦਾ ਹੈ। ਚਿੰਤਾ, ਹਉਂਮੈਂ ਆਦਿ ਤੋਂ ਪਰਮਾਤਮਾ ਆਪ ਮੇਰੀ ਰਾਖੀ ਕਰਦਾ ਹੈ।

ਗੁਰੂ ਦੀ ਮੱਤ ਲੈ ਕੇ ਪਰਮਾਤਮਾ ਦੇ ਦਰ ਤੋਂ ਮੈਂ ਅੰਞਾਣੇ ਬਾਲ ਵਾਂਗ ਹਰੇਕ ਚੀਜ਼ ਮੰਗਦਾ ਹਾਂ, ਉਹ ਸਦਾ ਮੈਨੂੰ ਮੇਰੀਆਂ ਮੂੰਹ–ਮੰਗੀਆਂ ਚੀਜ਼ਾਂ ਦਿੰਦਾ ਰਹਿੰਦਾ ਹੈ ਤੇ ਪ੍ਰਭੂ ਦੀਆਂ ਦਿੱਤੀਆਂ ਚੀਜ਼ਾਂ ਵੱਲੋਂ ਮੈਨੂੰ ਕਦੇ ਤੋਟ ਨਹੀਂ ਆਉਂਦੀ। ਪਰ ਪਰਮਾਤਮਾ ਦੀਨਾਂ ਉੱਤੇ ਦਇਆ ਕਰਨ ਵਾਲ਼ਾ ਹੈ, ਸ੍ਰਿਸ਼ਟੀ ਦੇ ਜੀਵਾਂ ਦੀ ਪਾਲਣਾ ਕਰਨ ਵਾਲ਼ਾ ਹੈ, ਮੈਂ ਉਸ ਦੇ ਚਰਨਾਂ 'ਤੇ ਢਹਿ ਕੇ ਸਦਾ ਉਸ ਨੂੰ ਮਨਾਉਂਦਾ ਰਹਿੰਦਾ ਹਾਂ। ਮੈਂ ਪੂਰੇ ਸਤਿਗੁਰੂ ਤੋਂ ਕੁਰਬਾਨ ਜਾਂਦਾ ਹਾਂ, ਉਸ ਨੇ ਮੇਰੇ ਸਾਰੇ ਮਾਇਆ ਦੇ ਬੰਧਨ ਤੋੜ ਦਿੱਤੇ ਹਨ। ਗੁਰੂ ਨੇ ਜਿਨ੍ਹਾਂ ਦੇ ਹਿਰਦੇ ਵਿੱਚ ਪਰਮਾਤਮਾ ਦਾ ਨਾਮ ਵਸਾ ਕੇ ਪਵਿੱਤਰ ਜੀਵਨ ਵਾਲ਼ਾ ਬਣਾ ਦਿੱਤਾ, ਉਹ ਪ੍ਰਭੂ ਦੇ ਪ੍ਰੇਮ ਵਿੱਚ ਲੀਨ ਹੋ ਕੇ ਆਤਮਿਕ ਅਨੰਦ ਦਾ ਘਰ ਬਣ ਜਾਂਦੇ ਹਨ।

## ਕਿਰਤਿ ਕਰਮ ਕੇ ਵੀਛੁੜੇ

ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ।।
ਚਾਰਿ ਕੁੰਟ ਦਹਦਿਸ ਭ੍ਰਮੇ ਥਕਿ ਆਏ ਪ੍ਰਭ ਕੀ ਸਾਮ।।
ਧੇਨੁ ਦੁਧੈ ਤੇ ਬਾਹਰੀ ਕਿਤੈ ਨ ਆਵੈ ਕਾਮ।।
ਜਲ ਬਿਨੁ ਸਾਖ ਕੁਮਲਾਵਤੀ ਉਪਜਹਿ ਨਾਹੀ ਦਾਮ।।
ਹਰਿ ਨਾਹ ਨ ਮਿਲੀਐ ਸਾਜਨੈ ਕਤ ਪਾਈਐ ਬਿਸਰਾਮ।।
ਜਿਤੁ ਘਰਿ ਹਰਿ ਕੰਤੁ ਨਾ ਪ੍ਰਗਟਈ ਭਠਿ ਨਗਰ ਸੇ ਗ੍ਰਾਮ।।
ਸ੍ਰਬ ਸੀਗਾਰ ਤੰਬੋਲ ਰਸ ਸਣੁ ਦੇਹੀ ਸਭ ਖਾਮ।।
ਪ੍ਰਭ ਸੁਆਮੀ ਕੰਤ ਵਿਹੂਣੀਆ ਮੀਤ ਸਜਣ ਸਭਿ ਜਾਮ।।
ਨਾਨਕ ਕੀ ਬੇਨੰਤੀਆ ਕਰਿ ਕਿਰਪਾ ਦੀਜੈ ਨਾਮੁ।।
ਹਰਿ ਮੇਲਹੁ ਸੁਆਮੀ ਸੰਗਿ ਪ੍ਰਭ ਜਿਸ ਕਾ ਨਿਹਚਲ ਧਾਮ।।

*(ਰਾਗ ਮਾਝ ਪੰਨਾ 133)*



Downloaded from https:// www.studiestoday.com

Downloaded from https:// www.studiestoday.com

**ਸਬਦ-ਅਰਥ :**

ਕਿਰਤਿ–ਕਮਾਈ। ਕੇ-ਅਨੁਸਾਰ। ਰਾਮ–ਹੇ ਪ੍ਰਭੂ। ਕੁੰਟ–ਪਾਸੇ। ਦਹਦਿਸ–ਦਸ ਪਾਸੇ (ਪੂਰਬ, ਪੱਛਮ, ਉੱਤਰ, ਦੱਖਣ, ਚਾਰ ਨੁੱਕਰਾਂ, ਉੱਪਰਲਾ ਪਾਸਾ, ਹੇਠਲਾ ਪਾਸਾ)। ਸਾਮ–ਸ਼ਰਨ। ਧੇਨੁ-ਗਾਂ। ਬਾਹਰੀ–ਬਿਨਾਂ। ਸਾਖ–ਖੇਤੀ, ਫ਼ਸਲ। ਦਾਮ–ਪੈਸੇ, ਧਨ। ਨਾਹ–ਖਸਮ। ਕਤ–ਕਿਵੇਂ, ਕਿੱਥੇ ? ਬਿਸਰਾਮ–ਸੁੱਖ । ਜਿਤੁ ਘਰਿ–ਜਿਸ ਘਰ ਵਿੱਚ, ਜਿਸ ਹਿਰਦੇ ਵਿੱਚ। ਭਠਿ–ਤਪਦੀ ਭੱਠੀ। ਸੇ–ਵਰਗੇ। ਗ੍ਰਾਮ–ਪਿੰਡ। ਸ੍ਰਬ–ਸਾਰੇ। ਤੰਬੋਲ–ਪਾਨ ਦੇ ਬੀੜੇ। ਸਣੁ-ਸਣੇ, ਸਮੇਤ। ਦੇਹੀ-ਸਰੀਰ। ਖਾਮ–ਕੱਚੇ, ਨਾਸ਼ਵੰਤ। ਜਾਮ–ਜਮ। ਸੰਗਿ-ਨਾਲ਼। ਧਾਮ–ਟਿਕਾਣਾ।

**ਅਰਥ :**

ਅਸੀਂ ਆਪਣੇ ਕਰਮਾਂ ਦੀ ਕਮਾਈ ਅਨੁਸਾਰ ਪਰਮਾਤਮਾ ਨਾਲ਼ੋਂ ਵਿੱਛੜੇ ਹੋਏ ਹਾਂ ਭਾਵ ਪਰਮਾਤਮਾ ਨੂੰ ਵਿਸਾਰੀ ਬੈਠੇ ਹਾਂ, ਹੁਣ ਮਿਹਰ ਕਰ। ਅਸੀਂ ਚਾਰ–ਚੁਫੇਰੇ ਸੁੱਖਾਂ ਦੀ ਖ਼ਾਤਰ ਭਟਕ ਰਹੇ ਹਾਂ, ਹੁਣ ਥੱਕ ਕੇ ਪਰਮਾਤਮਾ ਤੇਰੀ ਸ਼ਰਨ ਵਿੱਚ ਆਏ ਹਾਂ। ਜਿਵੇਂ ਦੁੱਧ ਤੋਂ ਸੱਖਣੀ ਗਾਂ ਕਿਸੇ ਕੰਮ ਨਹੀਂ ਆਉਂਦੀ, ਜਿਵੇਂ ਪਾਣੀ ਤੋਂ ਬਿਨਾਂ ਖੇਤੀ ਸੁੱਕ ਜਾਂਦੀ ਹੈ, ਉਸ ਵਿੱਚ ਫ਼ਸਲ ਨਹੀਂ ਪੱਕਦੀ ਅਤੇ ਉਸ ਖੇਤੀ ਵਿੱਚੋਂ ਧਨ ਦੀ ਕਮਾਈ ਨਹੀਂ ਹੋ ਸਕਦੀ, ਉਸੇ ਤਰ੍ਹਾਂ ਪਰਮਾਤਮਾ ਦੇ ਨਾਮ ਤੋਂ ਬਿਨਾਂ ਸਾਡਾ ਜੀਵਨ ਵਿਅਰਥ ਚਲਾ ਜਾਂਦਾ ਹੈ। ਉਸ ਸੱਚੇ ਪ੍ਰਭੂ ਨੂੰ ਮਿਲ਼ਣ ਤੋਂ ਬਿਨਾਂ ਕਿਸੇ ਹੋਰ ਥਾਂ ਸੁੱਖ ਵੀ ਨਹੀਂ ਮਿਲ਼ਦਾ। ਜਿਸ ਹਿਰਦੇ–ਘਰ ਵਿੱਚ ਪ੍ਰਭੂ ਨਾ ਆ ਕੇ ਵੱਸੇ, ਉਸ ਲਈ ਵੱਸਦੇ ਪਿੰਡ ਤੇ ਸ਼ਹਿਰ ਤਪਦੀ ਭੱਠੀ ਵਰਗੇ ਹੁੰਦੇ ਹਨ। ਜਿਸ ਤਰ੍ਹਾਂ ਇਸਤਰੀ ਨੂੰ ਆਪਣੇ ਪਤੀ ਤੋਂ ਬਿਨਾਂ ਸਰੀਰ ਦੇ ਸਾਰੇ ਸ਼ਿੰਗਾਰ, ਪਾਨਾਂ ਦੇ ਬੀੜੇ ਤੇ ਹੋਰ ਰਸ ਆਪਣੇ ਸਰੀਰ ਸਮੇਤ ਹੀ ਵਿਅਰਥ ਦਿਸਦੇ ਹਨ ਉਸੇ ਤਰ੍ਹਾਂ ਮਾਲਕ–ਪ੍ਰਭੂ ਦੀ ਯਾਦ ਤੋਂ ਬਿਨਾਂ ਸਾਰੇ ਸੱਜਣ–ਮਿੱਤਰ ਜਿੰਦ ਦੇ ਵੈਰੀ ਹੋ ਢੁੱਕਦੇ ਹਨ। ਤਾਂਹੀਏਂ ਤਾਂ ਇਹ ਬੇਨਤੀ ਹੈ ਕਿ ਪਰਮਾਤਮਾ! ਸਾਡੇ ਉੱਤੇ ਮਿਹਰ ਕਰਕੇ ਸਾਨੂੰ ਆਪਣੇ ਨਾਮ ਦੀ ਦਾਤ ਬਖ਼ਸ਼। ਆਪਣੇ ਚਰਨਾਂ ਵਿੱਚ ਜੋੜੀ ਰੱਖ। ਹੋਰ ਸਾਰੇ ਆਸਰੇ ਨਾਸਵੰਤ ਹਨ, ਇੱਕ ਪਰਮਾਤਮਾ ਦਾ ਘਰ ਹੀ ਸਦਾ ਅਟੱਲ ਰਹਿਣ ਵਾਲ਼ਾ ਹੈ।

## ਦਸ ਬਸਤੂ ਲੇ ਪਾਛੈ ਪਾਵੈ

ਦਸ ਬਸਤੂ ਲੇ ਪਾਛੈ ਪਾਵੈ।। ਏਕ ਬਸਤੁ ਕਾਰਨਿ ਬਿਖੋਟਿ ਗਵਾਵੈ ।।
ਏਕ ਭੀ ਨ ਦੇਇ ਦਸ ਭੀ ਹਿਰਿ ਲੇਇ।। ਤਉ ਮੂੜਾ ਕਹੁ ਕਹਾ ਕਰੇਇ।।
ਜਿਸੁ ਠਾਕੁਰ ਸਿਉ ਨਾਹੀ ਚਾਰਾ।। ਤਾ ਕਉ ਕੀਜੈ ਸਦ ਨਮਸਕਾਰਾ।।
ਜਾਕੈ ਮਨਿ ਲਾਗਾ ਪ੍ਰਭੁ ਮੀਠਾ।। ਸਰਬ ਸੂਖ ਤਾਹੂ ਮਨਿ ਵੂਠਾ।।
ਜਿਸੁ ਜਨ ਅਪਨਾ ਹੁਕਮੁ ਮਨਾਇਆ।। ਸਰਬ ਥੋਕ ਨਾਨਕ ਤਿਨਿ ਪਾਇਆ।।

*(ਰਾਗ ਗਉੜੀ ਸੁਖਮਨੀ ਪੰਨਾ 268)*

**ਸ਼ਬਦ-ਅਰਥ :**

ਬਸਤੂ–ਚੀਜ਼ਾਂ। ਲੇ-ਲੈ ਕੇ। ਪਾਛੈ ਪਾਵੈ–ਸਾਂਭ ਲੈਂਦਾ ਹੈ। ਬਿਖੋਟਿ-ਖੋਟ ਹੀਣਤਾ, ਇਤਬਾਰ। ਹਿਰਿ ਲੇਇ–ਖੋਹ ਲਏ। ਮੂੜਾ–ਮੂਰਖ। ਕਹਾ ਕਰੇਇ–ਕੀ ਕਰ ਸਕਦਾ ਹੈ ? ਚਾਰਾ–ਜ਼ੋਰ, ਪੇਸ਼। ਸਦ–ਸਦਾ। ਸਰਬ–ਸਾਰੇ। ਤਾਹੂ ਮਨਿ–ਉਸ ਦੇ ਮਨ ਵਿੱਚ। ਵੂਠਾ-ਆ ਵੱਸਦੇ ਹਨ। ਜਿਸੁ ਜਨ–ਜਿਸ ਮਨੁੱਖ ਨੂੰ। ਥੋਕ–ਪਦਾਰਥ। ਤਿਨਿ–ਉਸ ਨੇ।



Downloaded from https:// www.studiestoday.com

Downloaded from https:// www.studiestoday.com

**ਅਰਥ :**

ਮਨੁੱਖ ਪ੍ਰਭੂ ਤੋਂ ਦਸ ਚੀਜ਼ਾਂ ਲੈ ਕੇ ਸਾਂਭ ਲੈਂਦਾ ਹੈ, ਪਰ ਇੱਕ ਚੀਜ਼ ਦੀ ਖ਼ਾਤਰ ਆਪਣਾ ਇਤਬਾਰ ਗੁਆ ਲੈਂਦਾ ਹੈ ਕਿਉਂਕਿ ਉਹ ਮਿਲ਼ੀਆਂ ਹੋਈਆਂ ਦਸ ਚੀਜ਼ਾਂ ਲਈ ਤਾਂ ਪਰਮਾਤਮਾ ਦਾ ਸ਼ੁਕਰੀਆ ਅਦਾ ਨਹੀਂ ਕਰਦਾ ਤੇ ਜਿਹੜੀ ਇੱਕ ਚੀਜ਼ ਨਹੀਂ ਪ੍ਰਾਪਤ ਹੋਈ ਉਸ ਲਈ ਗਿਲ਼ਾ ਕਰਦਾ ਰਹਿੰਦਾ ਹੈ। ਜੇ ਕਰ ਪ੍ਰਭੂ ਇੱਕ ਵੀ ਚੀਜ਼ ਨਾ ਦੇਵੇ ਤੇ ਜਿਹੜੀਆਂ ਦਸ ਦਿੱਤੀਆਂ ਹੋਈਆਂ ਹਨ ਉਹ ਵੀ ਖੋਹ ਲਵੇ ਤਾਂ ਮਨੁੱਖ ਕੀ ਕਰ ਸਕਦਾ ਹੈ ? ਜਿਸ ਮਾਲਕ (ਪ੍ਰਭੂ) ਦੇ ਨਾਲ਼ ਪੇਸ਼ ਨਹੀਂ ਜਾ ਸਕਦੀ ਉਸ ਅੱਗੇ ਹਮੇਸ਼ਾਂ ਸਿਰ ਨਿਵਾਉਣਾ ਚਾਹੀਦਾ ਹੈ ਕਿਉਂਕਿ ਜਿਸ ਮਨੁੱਖ ਦੇ ਮਨ ਵਿੱਚ ਪ੍ਰਭੂ-ਪਿਆਰਾ ਵੱਸਦਾ ਹੈ, ਉਸ ਦੇ ਮਨ ਵਿੱਚ ਸਾਰੇ ਸੁੱਖ ਆ ਵੱਸਦੇ ਹਨ। ਪਰਮਾਤਮਾ ਜਿਸ ਮਨੁੱਖ ਤੋਂ ਆਪਣਾ ਹੁਕਮ ਮਨਾਉਂਦਾ ਹੈ, ਦੁਨੀਆਂ ਦੇ ਸਾਰੇ ਪਦਾਰਥ ਮਾਨੋ ਉਸ ਨੇ ਪ੍ਰਾਪਤ ਕਰ ਲਏ ਹਨ।

## ਕੋਈ ਬੋਲੈ ਰਾਮ ਰਾਮ ਕੋਈ ਖੁਦਾਇ

ਕੋਈ ਬੋਲੈ ਰਾਮ ਰਾਮ ਕੋਈ ਖੁਦਾਇ।।
ਕੋਈ ਸੇਵੈ ਗੁਸਈਆ ਕੋਈ ਅਲਾਹਿ।। 1।।
ਕਾਰਣ ਕਰਣ ਕਰੀਮ।।
ਕਿਰਪਾ ਧਾਰਿ ਰਹੀਮ।। 1।। ਰਹਾਉ।।
ਕੋਈ ਨਾਵੈ ਤੀਰਥਿ ਕੋਈ ਹਜ ਜਾਇ।।
ਕੋਈ ਕਰੈ ਪੂਜਾ ਕੋਈ ਸਿਰੁ ਨਿਵਾਇ।। 2।।
ਕੋਈ ਪੜੈ ਬੇਦ ਕੋਈ ਕਤੇਬ।।
ਕੋਈ ਓਢੈ ਨੀਲ ਕੋਈ ਸੁਪੇਦ।। 3।।
ਕੋਈ ਕਹੈ ਤੁਰਕੁ ਕੋਈ ਕਹੈ ਹਿੰਦੂ।।
ਕੋਈ ਬਾਛੈ ਭਿਸਤੁ ਕੋਈ ਸੁਰਗਿੰਦੂ।। 4।।
ਕਹੁ ਨਾਨਕ ਜਿਨਿ ਹੁਕਮੁ ਪਛਾਤਾ।।
ਪ੍ਰਭ ਸਾਹਿਬ ਕਾ ਤਿਨਿ ਭੇਦੁ ਜਾਤਾ।। 4।।

*(ਰਾਗ ਰਾਮਕਲੀ ਪੰਨਾ 885)*

**ਸ਼ਬਦ-ਅਰਥ :**

ਗੁਸਈਆ-ਗੁਸਾਂਈਂ। ਅਲਾਹਿ-ਅੱਲਾ। ਕਾਰਣ ਕਰਣ-ਜਗਤ ਦਾ ਕਾਰਨ, ਜਗਤ ਦਾ ਮੂਲ। ਕਰਣ-ਜਗਤ। ਕਰੀਮ-ਬਖ਼ਸ਼ਸ਼ ਕਰਨ ਵਾਲ਼ਾ। ਕਿਰਪਾ ਧਾਰਿ-ਕਿਰਪਾ ਕਰਨ ਵਾਲ਼ਾ। ਰਹੀਮ-ਰਹਿਮ ਕਰਨ ਵਾਲ਼ਾ।। ਰਹਾਉ।। ਨਾਵੈ-ਇਸ਼ਨਾਨ ਕਰਦਾ ਹੈ। ਤੀਰਥਿ-ਤੀਰਥ ਉੱਤੇ। ਹਜ ਜਾਇ-ਕਾਅਬੇ ਦਾ ਦਰਸ਼ਨ ਕਰਨ ਜਾਂਦਾ ਹੈ। ਸਿਰੁ ਨਿਵਾਇ-ਨਮਾਜ਼ ਪੜ੍ਹਦਾ ਹੈ। ਕਤੇਬ-ਕੁਰਾਨ, ਅੰਜੀਲ ਆਦਿ ਪੱਛਮੀ ਧਰਮਾਂ ਦੇ ਧਾਰਮਿਕ ਗ੍ਰੰਥ। ਓਢੈ-ਪਹਿਨਦਾ ਹੈ। ਨੀਲ-ਨੀਲੇ ਕੱਪੜੇ। ਸੁਪੇਦ-ਚਿੱਟੇ ਕੱਪੜੇ। ਤੁਰਕੁ-ਮੁਸਲਮਾਨ। ਬਾਛੈ-ਮੰਗਦਾ ਹੈ, ਚਾਹੁੰਦਾ ਹੈ। ਭਿਸਤੁ-ਬਹਿਸ਼ਤ। ਸੁਰਗਿੰਦੂ-ਸੁਰਗਇੰਦੂ, ਇੰਦਰ ਦੇਵਤੇ ਦਾ ਸੁਰਗ।। ਜਿਨਿ-ਜਿਸ ਮਨੁੱਖ ਨੇ। ਤਿਨਿ-ਉਸ ਮਨੁੱਖ ਨੇ।।



Downloaded from https:// www.studiestoday.com

Downloaded from https:// www.studiestoday.com

**ਅਰਥ :**

ਜੀਵਾਂ ਨੇ ਆਪੋ-ਆਪਣੀਆਂ ਧਰਮ-ਪੁਸਤਕਾਂ ਦੀ ਬੋਲੀ ਅਨੁਸਾਰ ਪਰਮਾਤਮਾ ਦੇ ਵੱਖ-ਵੱਖ ਨਾਮ ਰੱਖੇ ਹੋਏ ਹਨ, ਪਰ ਉਹ ਸਭ ਦਾ ਸਾਂਝਾ ਹੈ, ਕੋਈ ਮਨੁੱਖ ਪਰਮਾਤਮਾ ਦਾ ਨਾਮ 'ਰਾਮ-ਰਾਮ' ਉਚਾਰਦਾ ਹੈ, ਕੋਈ ਉਸ ਨੂੰ 'ਖੁਦਾਇ, ਖੁਦਾਇ' ਆਖਦਾ ਹੈ। ਕੋਈ ਮਨੁੱਖ ਉਸ ਨੂੰ 'ਗੋਸਾਈਂ' ਆਖ ਕੇ ਉਸਦੀ ਭਗਤੀ ਕਰਦਾ ਹੈ, ਕੋਈ 'ਅੱਲਾ' ਆਖ ਕੇ ਬੰਦਗੀ ਕਰਦਾ ਹੈ।

ਕੋਈ ਮਨੁੱਖ ਕਿਸੇ ਤੀਰਥ ਉੱਤੇ ਇਸ਼ਨਾਨ ਕਰਦਾ ਹੈ, ਕੋਈ ਮਨੁੱਖ ਮੱਕੇ ਹੱਜ ਕਰਨ ਵਾਸਤੇ ਜਾਂਦਾ ਹੈ। ਕੋਈ ਮਨੁੱਖ ਪ੍ਰਭੂ ਦੀ ਮੂਰਤੀ ਬਣਾ ਕੇ ਪੂਜਾ ਕਰਦਾ ਹੈ, ਕੋਈ ਨਮਾਜ਼ ਪੜ੍ਹਦਾ ਹੈ। ਕੋਈ ਵੇਦ ਆਦਿ ਧਰਮ-ਪੁਸਤਕ ਪੜ੍ਹਦਾ ਹੈ, ਕੋਈ ਕੁਰਾਨ, ਅੰਜੀਲ ਆਦਿ ਪੜ੍ਹਦਾ ਹੈ। ਕੋਈ (ਮੁਸਲਮਾਨ ਹੋ ਕੇ) ਨੀਲੇ ਕੱਪੜੇ ਪਹਿਨਦਾ ਹੈ, ਕੋਈ (ਹਿੰਦੂ) ਚਿੱਟੇ ਬਸਤਰ ਪਾਉਂਦਾ ਹੈ। ਕੋਈ ਮਨੁੱਖ ਆਖਦਾ ਹੈ ਕਿ ਮੈਂ 'ਮੁਸਲਮਾਨ ਹਾਂ', ਕੋਈ ਆਖਦਾ ਹੈ ਕਿ ਮੈਂ ਹਿੰਦੂ ਹਾਂ। ਕੋਈ ਮਨੁੱਖ ਪਰਮਾਤਮਾ ਪਾਸੋਂ ਬਹਿਸ਼ਤ ਮੰਗਦਾ ਹੈ, ਕੋਈ ਸੁਰਗ ਮੰਗਦਾ ਹੈ। ਜਿਸ ਮਨੁੱਖ ਨੇ ਪਰਮਾਤਮਾ ਦਾ ਹੁਕਮ ਪਛਾਣਿਆ ਹੈ, ਉਸ ਨੇ ਮਾਲਕ-ਪ੍ਰਭੂ ਦਾ ਭੇਤ ਪਾ ਲਿਆ ਹੈ ਕਿ ਉਸ ਨੂੰ ਕਿਵੇਂ ਪ੍ਰਸੰਨ ਕਰ ਸਕੀਦਾ ਹੈ।

## ਅਭਿਆਸ

1. **ਹੇਠਾਂ ਦਿੱਤੀਆਂ ਕਾਵਿ-ਤੁਕਾਂ ਦੀ ਪ੍ਰਸੰਗ ਦੱਸ ਕੇ ਵਿਆਖਿਆ ਕਰੋ :**

(ੳ) ਦਸ ਬਸਤੂ ਲੇ ਪਾਛੈ ਪਾਵੈ।।
ਏਕ ਬਸਤੁ ਕਾਰਨਿ ਬਿਖੋਟਿ ਗਵਾਵੈ।।
ਏਕ ਭੀ ਨ ਦੇਇ ਦਸ ਭੀ ਹਿਰਿ ਲੇਇ।।
ਤਉ ਮੂੜਾ ਕਹੁ ਕਹਾ ਕਰੇਇ।।

(ਅ) ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ।।
ਚਾਰਿ ਕੁੰਟ ਦਹਦਿਸ ਭ੍ਰਮੇ ਥਕਿ ਆਏ ਪ੍ਰਭ ਕੀ ਸਾਮ।।

(ੲ) ਜੇ ਕੋ ਹੋਵੈ ਦੁਬਲਾ ਨੰਗ ਭੁਖ ਕੀ ਪੀਰ।।
ਦਮੜਾ ਪਲੈ ਨਾ ਪਵੈ ਨਾ ਕੋ ਦੇਵੈ ਧੀਰ।।
ਸੁਆਰਥੁ ਸੁਆਉ ਨ ਕੋ ਕਰੇ ਨਾ ਕਿਛੁ ਹੋਵੈ ਕਾਜੁ।।
ਚਿਤਿ ਆਵੈ ਓਸੁ ਪਾਰਬ੍ਰਹਮੁ ਤਾ ਨਿਹਚਲੁ ਹੋਵੈ ਰਾਜੁ।।

2. **ਹੇਠਾਂ ਲਿਖੇ ਸ਼ਬਦਾਂ ਦਾ ਕੇਂਦਰੀ ਭਾਵ ਲਿਖੋ :**

"ਕੋਈ ਬੋਲੈ ਰਾਮ ਰਾਮ ਕੋਈ ਖੁਦਾਇ"
***ਜਾਂ***
"ਦੁਖੁ ਤਦੇ ਜਾ ਵਿਸਰਿ ਜਾਵੈ"
***ਜਾਂ***
"ਕਿਰਤਿ ਕਰਮ ਕੇ ਵੀਛੁੜੇ"



Downloaded from https:// www.studiestoday.com

Downloaded from https:// www.studiestoday.com

3. **ਵਸਤੂਨਿਸ਼ਠ ਪ੍ਰਸ਼ਨ—**

(ੳ) 'ਜਾ ਕਉ ਮੁਸਕਲੁ ਅਤਿ ਬਣੈ' ਸਲੋਕ ਅਨੁਸਾਰ ਗੁਰੂ ਅਰਜਨ ਦੇਵ ਜੀ ਨੇ ਕਿਹੜੇ ਚਾਰ ਵਿਕਾਰਾਂ ਦਾ ਜ਼ਿਕਰ ਕੀਤਾ ਹੈ, ਜਿਨ੍ਹਾਂ ਉੱਤੇ ਪ੍ਰਭੂ ਦਾ ਨਾਮ ਸਿਮਰ ਕੇ ਕਾਬੂ ਪਾਇਆ ਜਾ ਸਕਦਾ ਹੈ ?

(ਅ) 'ਦੁਖੁ ਤਦੇ ਜਾ ਵਿਸਰਿ ਜਾਵੈ' ਅਨੁਸਾਰ ਪਰਮਾਤਮਾ ਦਾ ਨਾਂ ਜਪਣ ਵਾਲ਼ੇ ਮਨੁੱਖ ਦੇ ਅੰਦਰੋਂ ਕਿਹੜੇ ਦੁੱਖ ਦੂਰ ਹੋ ਜਾਂਦੇ ਹਨ ?

(ੲ) ਹੇਠਾਂ ਲਿਖੀ ਸਤਰ ਨੂੰ ਨਿਮਨ-ਲਿਖਤ ਸ਼ਬਦਾਂ ਵਿੱਚੋਂ ਢੁਕਵਾਂ ਸ਼ਬਦ ਚੁਣ ਕੇ ਪੂਰੀ ਕਰੋ—

ਚਿੰਤਾ ਰੋਗ ਗਈ ਹਉ ਪੀੜਾ ਆਪਿ ਕਰੇ ......... ਜੀਉ।

(ਦਇਆਲਾ, ਪ੍ਰਤਿਪਾਲਾ, ਗੋਪਾਲਾ, ਰਸਾਲਾ)

(ਸ) 'ਕਿਰਤਿ ਕਰਮ ਕੇ ਵੀਛੁੜੇ' ਸਲੋਕ ਵਿੱਚ ਗੁਰੂ ਅਰਜਨ ਦੇਵ ਜੀ ਨੇ ਪਰਮਾਤਮਾ ਨੂੰ ਵਿਸਾਰੀ ਬੈਠੇ ਮਨੁੱਖਾਂ ਦੀ ਤੁਲਨਾ ਕਿਹੜੀਆਂ ਦੋ ਵਸਤੂਆਂ ਨਾਲ਼ ਕੀਤੀ ਹੈ ?

(ਹ) 'ਦਸ ਬਸਤੂ ਲੈ ਪਾਛੈ ਪਾਵੈ' ਸਲੋਕ ਵਿੱਚ ਗੁਰੂ ਅਰਜਨ ਦੇਵ ਜੀ ਪਰਮਾਤਮਾ ਵੱਲੋਂ ਦਿੱਤੀਆਂ ਦਾਤਾਂ ਪ੍ਰਾਪਤ ਕਰਨ ਉਪਰੰਤ ਕੀ ਕਰਨ ਦੀ ਪ੍ਰੇਰਨਾ ਦਿੰਦੇ ਹਨ:

(i) ਹੋਰ ਦਾਤਾਂ ਲੈਣ ਲਈ ਪ੍ਰਾਰਥਨਾ ਕਰਨ ਦੀ

(ii) ਘੱਟ ਦਿੱਤੀਆਂ ਦਾਤਾਂ ਲਈ ਗਿਲਾ ਕਰਨ ਦੀ

(iii) ਦਿੱਤੀਆਂ ਹੋਈਆਂ ਦਾਤਾਂ ਲਈ ਪਰਮਾਤਮਾ ਅੱਗੇ ਸਿਰ ਝੁਕਾਉਣ ਦੀ।

(ਕ) 'ਕੋਈ ਬੋਲੈ ਰਾਮ ਰਾਮ ਕੋਈ ਖੁਦਾਇ' ਸਲੋਕ ਅਨੁਸਾਰ ਜੀਵ ਆਪੋ-ਆਪਣੇ ਧਰਮਾਂ ਅਨੁਸਾਰ ਕਿਹੜੀਆਂ ਧਾਰਮਿਕ ਪੁਸਤਕਾਂ ਪੜ੍ਹਦਾ ਹੈ ?

(ਖ) 'ਕੋਈ ਬੋਲੈ ਰਾਮ ਰਾਮ ਕੋਈ ਖੁਦਾਇ' ਸਲੋਕ ਵਿੱਚ ਜੀਵਾਂ ਨੇ ਆਪੋ-ਆਪਣੇ ਧਰਮਾਂ ਅਨੁਸਾਰ ਪਰਮਾਤਮਾ ਨੂੰ ਕਿਹੜੇ-ਕਿਹੜੇ ਨਾਂਵਾਂ ਨਾਲ਼ ਸੰਬੋਧਨ ਕੀਤਾ ਹੈ ?

(ਗ) 'ਕੋਈ ਬੋਲੈ ਰਾਮ ਰਾਮ' ਸਲੋਕ ਅਨੁਸਾਰ ਮੁਸਲਮਾਨ ਪਰਮਾਤਮਾ ਪਾਸੋਂ....ਮੰਗਦਾ ਹੈ ਅਤੇ ਹਿੰਦੂ ਪਰਮਾਤਮਾ ਪਾਸੋਂ...ਮੰਗਦਾ ਹੈ। (ਸਵਰਗ/ਬਹਿਸ਼ਤ)

(ਘ) ਗੁਰੂ ਅਰਜਨ ਦੇਵ ਜੀ ਦੀ ਕਿਸੇ ਇੱਕ ਰਚਨਾ ਦਾ ਸਿਰਲੇਖ ਦੱਸੋ।

(ਙ) 'ਜਾ ਕਉ ਮੁਸਕਲ ਅਤਿ ਬਣੈ' ਕਿਹੜੇ ਗੁਰੂ ਸਾਹਿਬ ਦੀ ਰਚਨਾ ਹੈ:

(i) ਗੁਰੂ ਨਾਨਕ ਦੇਵ ਜੀ।

(ii) ਗੁਰੂ ਅਰਜਨ ਦੇਵ ਜੀ।

(iii) ਗੁਰੂ ਰਾਮਦਾਸ ਜੀ।

****



Downloaded from https:// www.studiestoday.com

Downloaded from https:// www.studiestoday.com

## ਭਾਈ ਗੁਰਦਾਸ ਜੀ

(1559-1637 ਈ:)

ਭਾਈ ਗੁਰਦਾਸ ਪੰਜਾਬੀ ਦੇ ਪ੍ਰਸਿੱਧ ਕਵੀ ਹੋਏ ਹਨ। ਆਪ ਗੁਰੂ ਅਮਰਦਾਸ ਜੀ ਦੇ ਭਤੀਜੇ ਅਤੇ ਗੁਰੂ ਅਰਜਨ ਦੇਵ ਜੀ ਦੇ ਮਾਮਾ ਜੀ ਸਨ। ਗੁਰੂ ਘਰ ਦੇ ਨਿਕਟ ਸਨੇਹੀ ਅਤੇ ਗੁਰਮਤਿ ਦੇ ਮਹਾਨ ਅਨੁਭਵੀ ਅਤੇ ਵਿਦਵਾਨ ਹੋਣ ਕਰਕੇ ਸਿੱਖ ਇਤਿਹਾਸ ਵਿੱਚ ਆਪ ਦੀ ਵਿਸ਼ੇਸ਼ ਮਹੱਤਤਾ ਹੈ।

ਆਪ ਦਾ ਜਨਮ ਪਿੰਡ ਬਾਸਰਕੇ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਹੋਇਆ। ਆਪ ਗੁਰਮਤਿ ਫ਼ਲਸਫੇ ਦੇ ਪ੍ਰਚਾਰਕ ਸਨ। ਆਪ ਨੇ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਵੇਲ਼ੇ ਗੁਰੂ ਗ੍ਰੰਥ ਸਾਹਿਬ ਦੀ ਸਾਰੀ ਬਾਣੀ ਦੇ ਲੇਖਣ ਦਾ ਕੰਮ ਕੀਤਾ।

ਆਪ ਨੇ ਸਾਰੀ ਰਚਨਾ ਕਬਿੱਤ, ਸਵੱਯੇ ਅਤੇ ਵਾਰਾਂ ਵਿੱਚ ਕੀਤੀ। ਆਪ ਦੇ ਰਚੇ ਕਬਿੱਤ, ਸਵੱਯੇ 556 ਅਤੇ ਵਾਰਾਂ ਦੀ ਗਿਣਤੀ 40 ਹੈ। ਕਬਿੱਤ ਅਤੇ ਸਵੱਯੇ ਆਪ ਨੇ ਬ੍ਰਿਜ ਭਾਸ਼ਾ ਵਿੱਚ ਲਿਖੇ ਅਤੇ ਵਾਰਾਂ ਪੰਜਾਬੀ ਵਿੱਚ ਲਿਖੀਆਂ। ਆਪ ਨੇ ਆਪਣੀਆਂ ਵਾਰਾਂ ਵਿੱਚ ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ ਦੇ ਸਿਧਾਂਤਾਂ ਦੀ ਵਿਆਖਿਆ ਕੀਤੀ ਹੈ। ਇਸੇ ਕਰਕੇ ਆਪ ਦੀ ਰਚਨਾ ਨੂੰ 'ਗੁਰਬਾਣੀ ਦੀ ਕੁੰਜੀ' ਕਿਹਾ ਜਾਂਦਾ ਹੈ।

ਹਥਲੇ ਕਾਵਿ-ਸੰਗ੍ਰਹਿ ਵਿੱਚ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿੱਚੋਂ ਛੇ ਪਉੜੀਆਂ ਸ਼ਾਮਲ ਕੀਤੀਆਂ ਗਈਆਂ ਹਨ। 'ਜੇਹੀ ਸੰਗਤ ਤੇਹਾ ਫਲ' ਵਿੱਚ ਇਹ ਦੱਸਿਆ ਹੈ ਕਿ ਜਿਹੋ-ਜਿਹੀ ਸੰਗਤ ਵਿੱਚ ਰਹੋ, ਉਹੋ-ਜਿਹੇ ਹੀ ਬਣ ਜਾਈਦਾ ਹੈ, 'ਲੱਜਾ ਕੱਜਣ ਵਾਲ਼ਾ' ਵਿੱਚ ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਆਪਾ-ਭਾਵ ਗੁਆ ਕੇ ਹੀ ਦੂਜਿਆਂ ਦੇ ਕੰਮ ਸੁਆਰੇ ਜਾਂਦੇ ਹਨ। 'ਸੱਚ ਤੇ ਕੂੜ' ਵਿੱਚ ਭਾਈ ਗੁਰਦਾਸ ਜੀ ਦੱਸਦੇ ਹਨ ਕਿ ਸੱਚ ਦੀ ਹਮੇਸ਼ਾਂ ਜਿੱਤ ਹੁੰਦੀ ਹੈ, ਝੂਠ ਹਮੇਸ਼ਾ ਹਾਰਦਾ ਹੈ। 'ਮਾਪਿਆਂ ਨੂੰ ਛੱਡ ਕੇ ਕੋਈ ਧਰਮ-ਕਰਮ ਸਫ਼ਲ ਨਹੀਂ' ਵਿੱਚ ਭਾਈ ਗੁਰਦਾਸ ਜੀ ਨੇ ਦੱਸਿਆ ਹੈ ਕਿ ਮਾਪਿਆਂ ਦੀ ਖ਼ੁਸ਼ੀ ਪ੍ਰਾਪਤ ਕਰਨੀ ਸਭ ਤੋਂ ਵੱਡਾ ਧਰਮ-ਕਰਮ ਹੈ। 'ਨਿੰਦਕ ਆਪਣੀ ਜੜ੍ਹ ਪੁੱਟਦਾ ਹੈ' ਵਿੱਚ ਦੱਸਿਆ ਹੈ ਕਿ ਪਰਾਈ ਨਿੰਦਾ ਕਰਨ ਵਾਲ਼ਾ ਆਪਣਾ ਨੁਕਸਾਨ ਆਪ ਕਰਦਾ ਹੈ, 'ਨਿਮਰਤਾ ਦਾ ਗੁਣ' ਵਿੱਚ ਦਰਖ਼ਤ, ਪਾਣੀ ਅਤੇ ਧਰਤੀ ਦੇ ਦ੍ਰਿਸ਼ਟਾਂਤ ਦੇ ਕੇ ਦੱਸਿਆ ਹੈ ਕਿ ਨਿਮਰਤਾ ਸਭ ਤੋਂ ਵੱਡਾ ਗੁਣ ਹੈ।

### ਜੇਹੀ ਸੰਗਤ ਤੇਹਾ ਫਲ਼

ਸੋਈ ਤਾਂਬਾ ਰੰਗ ਸੰਗਿ ਜਿਉ ਕੈਹਾ ਹੋਈ।।
ਸੋਈ ਤਾਂਬਾ ਜਿਸਤ ਮਿਲਿ ਪਿਤਲ ਅਵਲੋਈ।।
ਸੋਈ ਸੀਸੇ ਸੰਗਤੀ ਭੰਗਾਰ ਭੁਲੋਈ।।
ਤਾਂਬਾ ਪਾਰਸਿ ਪਰਸਿਆ ਹੋਇ ਕੰਚਨ ਸੋਈ।।
ਸੋਈ ਤਾਂਬਾ ਭਸਮ ਹੋਇ ਅਉਖਧ ਕਰਿ ਭੋਈ।।
ਆਪੰ ਆਪਿ ਵਰਤਦਾ ਸੰਗਤਿ ਗੁਣ ਗੋਈ।। 6।।

*(ਵਾਰ 2, ਪਉੜੀ 6)*



Downloaded from https:// www.studiestoday.com

Downloaded from https:// www.studiestoday.com

**ਸ਼ਬਦ-ਅਰਥ :**

ਰੰਗ- ਕਲੀ। ਸੰਗਿ-ਸੰਗਤ, ਸਾਥ। ਅਵਲੋਈ-ਦਿਸਦਾ ਹੈ। ਭੰਗਾਰ-ਭਰਤ, ਇੱਕ ਧਾਤ। ਕੰਚਨ-ਸੋਨਾ। ਭਸਮ-ਕੁਸ਼ਤਾ। ਅਉਖਧ-ਦਵਾਈ।

**ਅਰਥ :**

ਜਿਵੇਂ ਤਾਂਬਾ ਕਲੀ ਨਾਲ਼ ਮਿਲ਼ ਕੇ ਕਹਿ ਹੋ ਜਾਂਦਾ ਹੈ ਅਤੇ ਜੇ ਜਿਸਤ ਨਾਲ਼ ਮਿਲ਼ੇ ਤਾਂ ਉਹ ਪਿੱਤਲ ਰੂਪ ਹੋ ਕੇ ਦਿਸਦਾ ਹੈ। ਉਹ ਜਿਸਤ ਅਤੇ ਕਲੀ ਵਾਲ਼ਾ ਤਾਂਬਾ ਸਿੱਕੇ ਨਾਲ਼ ਮਿਲ਼ ਕੇ ਚੰਗਾ ਭਰਤ ਬਣ ਜਾਂਦਾ ਹੈ ਅਤੇ ਜੇ ਤਾਂਬਾ ਪਾਰਸ ਨਾਲ਼ ਛੂਹ ਜਾਵੇ ਤਾਂ ਉਹ ਸੋਨਾ ਬਣ ਜਾਂਦਾ ਹੈ। ਉਹੀ ਤਾਂਬਾ ਕੁਸ਼ਤਾ ਹੋ ਕੇ ਦਵਾਈ ਕਹਾਉਂਦਾ ਹੈ। ਇਸ ਤਰ੍ਹਾਂ ਉਹ ਆਪ ਹੀ ਆਪ ਸਭ ਥਾਂ 'ਤੇ ਵਰਤਦਾ ਹੈ, ਪਰ ਗੁਣ ਸੰਗਤ ਦੇ ਕਹੇ ਜਾਂਦੇ ਹਨ। ਭਾਵ ਮਨੁੱਖ ਜਿਸ ਤਰ੍ਹਾਂ ਦੀ ਸੰਗਤ ਵਿੱਚ ਰਹੇਗਾ, ਉਸੇ ਤਰ੍ਹਾਂ ਹੋ ਜਾਵੇਗਾ।

## ਲੱਜਾ ਕੱਜਣ ਵਾਲ਼ਾ

ਹੋਇ ਵੜੇਵਾਂ ਜਗ ਵਿਚਿ ਬੀਜੇ ਤਨੁ ਖੇਹ ਨਾਲਿ ਰਲਾਇਆ।।
ਬੂਟੀ ਹੋਇ ਕਪਾਹ ਦੀ ਟੀਂਡੇ ਹਸਿ ਹਸਿ ਆਪੁ ਖਿੜਾਇਆ।।
ਦੁਹੁ ਮਿਲਿ ਵੇਲਣੁ ਵੇਲਿਆ ਲੂੰ ਲੂੰ ਕਰਿ ਕਰਿ ਤੁੰਬ ਤੁੰਬਾਇਆ।।
ਪਿੰਞਨਿ ਪਿੰਞ ਉਡਾਇਆ ਕਰਿ ਕਰਿ ਗੋੜ੍ਹੀਂ ਸੂਤ ਕਤਾਇਆ।।
ਤਨਿ ਵੁਣਿ ਖੁੰਬਿ ਚੜਾਇਕੈ ਦੇ ਦੇ ਦੁਖ ਧੁਆਇ ਰੰਗਾਇਆ।।
ਕੈਂਚੀ ਕਟਨਿ ਕਟਿਆ ਸੂਈ ਧਾਗੇ ਜੋੜਿ ਸੀਵਾਇਆ।।
ਲਜਣੁ ਕਜਣੁ ਹੋਇ ਕਜਾਇਆ।।

*(ਵਾਰ 4, ਪਉੜੀ 10)*

**ਸ਼ਬਦ-ਅਰਥ :**

ਖੇਹ-ਸੁਆਹ। ਲਜਣੁ-ਲੱਜਿਆ। ਕਜਾਇਆ-ਢਕਿਆ। ਲਜਣੁ ਕਜਣੁ ਹੋਇ ਕਜਾਇਆ-ਇਸ ਢੰਗ ਨਾਲ਼ ਲੱਜਿਆ ਨੂੰ ਕੱਜਣ ਵਾਲ਼ਾ ਬਣ ਕੇ ਕੱਪੜੇ ਨੇ ਸਰੀਰ ਨੂੰ ਕੱਜਿਆ।

**ਅਰਥ :**

ਵੜੇਵਾਂ ਜਗਤ ਵਿੱਚ (ਨਿੱਕਾ) ਹੋਇਆ ਹੈ, ਜਿਸ ਨੇ ਬੀਜੇ ਜਾਣ 'ਤੇ ਆਪਣੇ ਤਨ ਨੂੰ ਖੇਹ ਵਿੱਚ ਰਲ਼ਾ ਦਿੱਤਾ ਹੈ। ਉਸ ਤੋਂ ਕਪਾਹ ਦੀ ਬੂਟੀ ਪੈਦਾ ਹੋਈ ਹੈ, ਜਿਸ ਨਾਲ਼ ਲੱਗੇ ਹੋਏ ਟੀਂਡੇ ਨੇ ਹੱਸ-ਹੱਸ ਕੇ ਆਪ ਨੂੰ ਖਿੜਾਇਆ ਹੈ। ਫਿਰ ਵੇਲਣੇ ਦੀਆਂ ਦੋਂਹਾਂ ਲੱਠਾਂ ਵਿੱਚ ਉਸ ਨੂੰ ਵੇਲਿਆ ਗਿਆ, ਉਸ ਤੋਂ ਨਿਕਲ਼ੀ ਕਪਾਹ ਨੂੰ ਤੁੰਬਣੀ ਨਾਲ਼ ਤੁੰਬਿਆ ਗਿਆ ਤੇ ਉਸ ਦਾ ਲੂੰ-ਲੂੰ ਕਰ ਦਿੱਤਾ। ਪੇਂਜੇ ਨੇ ਕਪਾਹ ਨੂੰ ਪਿੰਜਣ ਲੱਗਿਆਂ ਤਾੜੇ ਨੂੰ ਸੱਟਾਂ ਮਾਰ-ਮਾਰ ਕੇ ਰੂੰ-ਰੂੰ ਉਡਾਇਆ, ਫਿਰ ਔਰਤਾਂ ਨੇ ਸੂਤ ਕੱਤ ਕੇ ਗੋਹੜੇ ਬਣਾਏ। ਤਾਣਾ ਤਣ ਕੇ ਕੱਪੜਾ ਬੁਣਿਆ ਜਿਸ ਨੂੰ ਖੁੰਬ ਚੜ੍ਹਾਈ ਗਈ ਅਤੇ ਦੁੱਖ ਦੇ -ਦੇ ਕੇ ਧੁਅਇਆ ਗਿਆ। ਕੈਂਚੀ ਨੇ ਕੱਪੜੇ ਨੂੰ ਕੱਟਿਆ ਅਤੇ ਸੂਈ-ਧਾਗੇ ਨੇ ਸਿਉਂ ਕੇ ਕੱਪੜੇ ਨੂੰ ਜੋੜ ਦਿੱਤਾ। ਇਸ ਤਰ੍ਹਾਂ ਲੱਜਾ ਨੂੰ ਕੱਜਣ ਵਾਲ਼ਾ ਹੋ ਕੇ ਕੱਪੜੇ ਨੇ ਸਰੀਰ ਨੂੰ ਕੱਜਿਆ ਹੈ। ਭਾਵ ਗ਼ਰੀਬੀ ਤੇ ਨੀਵੇਂ ਹੋ ਕੇ ਚੱਲਣ ਨਾਲ਼ ਹੀ ਵਡਿਆਈ ਮਿਲ਼ਦੀ ਹੈ।



Downloaded from https:// www.studiestoday.com

Downloaded from https:// www.studiestoday.com

## ਨਿਮਰਤਾ ਦਾ ਗੁਣ

ਸਿਰ ਤਲਵਾਇਆ ਬਿਰਖੁ ਹੈ ਹੋਇ ਸਹਸ ਫਲ ਸੁਫਲ ਫਲੰਦਾ।।
ਨਿਰਮਲੁ ਨੀਰੁ ਵਖਾਣੀਐ ਸਿਰੁ ਨੀਵਾਂ ਨੀਵਾਣਿ ਚਲੰਦਾ।।
ਸਿਰੁ ਉਚਾ ਨੀਵੇ ਚਰਣ ਗੁਰਮੁਖਿ ਪੈਰੀ ਸੀਸੁ ਪਵੰਦਾ।।
ਸਭ ਦੂ ਨੀਵੀ ਧਰਤਿ ਹੋਇ ਅਨੁ ਧਨੁ ਸਭੁ ਸੈਸਾਰੁ ਸੁਹੰਦਾ।।
ਧੰਨੁ ਧਰਤੀ ਓਹੁ ਥਾਉ ਧੰਨੁ ਗੁਰੁ ਸਿਖ ਸਾਧੂ ਪੈਰੁ ਧਰੰਦਾ।।
ਚਰਣ ਧੂੜਿ ਪਰਧਾਨ ਕਰਿ ਸੰਤ ਵੇਦ ਜਸੁ ਗਾਵਿ ਸੁਣੰਦਾ।।
ਵਡਭਾਗੀ ਪਾਖਾਕ ਲਹੰਦਾ।।

*(ਵਾਰ 26 ਪਉੜੀ 15)*

**ਸ਼ਬਦ-ਅਰਥ :**

ਤਲਵਾਇਆ–ਹੇਠਾਂ ਕਰਕੇ। ਨੀਵਾਣਿ ਚਲੰਦਾ–ਨੀਵੇਂ ਪਾਸੇ ਨੂੰ ਚੱਲਦਾ ਹੈ। ਸੈਸਾਰੁ–ਸੰਸਾਰ, ਦੁਨੀਆਂ, ਜਗਤ। ਵਡਭਾਗੀ–ਵੱਡੇ ਭਾਗਾਂ ਵਾਲ਼ਾ।

**ਅਰਥ :**

ਸਿਰ ਹੇਠਾਂ ਕਰਕੇ ਦਰਖ਼ਤ ਪੈਦਾ ਹੋਇਆ ਹੈ ਇਸ ਲਈ ਉਹ ਹਜ਼ਾਰਾਂ ਫਲਾਂ ਨਾਲ਼ ਸੁਫਲ ਫਲ਼ਦਾ ਹੈ। ਪਾਣੀ ਨੂੰ ਵੀ ਨਿਰਮਲ ਕਹੀਦਾ ਹੈ ਕਿਉਂਕਿ ਉਸ ਦਾ ਸਿਰ ਨੀਵਾਂ ਹੈ ਅਤੇ ਨੀਵਾਂ ਹੋ ਕੇ ਨੀਵੇਂ ਪਾਸੇ ਨੂੰ ਤੁਰਦਾ ਹੈ। ਮਨੁੱਖ ਦਾ ਸਿਰ ਉੱਚਾ ਹੈ ਅਤੇ ਪੈਰ ਨੀਵੇਂ ਹਨ ਪਰ ਸਿਰ ਸਦਾ ਹੀ ਗੁਰਸਿੱਖਾਂ ਦੇ ਪੈਰੀਂ ਪੈਂਦਾ ਹੈ। ਧਰਤੀ ਸਾਰਿਆਂ ਤੋਂ ਨੀਵੀਂ ਹੋਈ ਹੈ ਇਸੇ ਲਈ ਸਾਰਾ ਜਗਤ ਉਸ ਤੋਂ ਹੀ ਅੰਨ–ਧਨ ਪ੍ਰਾਪਤ ਕਰਦਾ ਹੈ ਅਰਥਾਤ ਧਰਤੀ ਨੀਵੀਂ ਹੋ ਕੇ ਹੀ ਤਾਂ ਸਭਨਾਂ ਦੀ ਦਾਤੀ ਬਣੀ ਹੈ। ਧਰਤੀ ਧੰਨ ਹੈ ਅਤੇ ਉਹ ਜਗ੍ਹਾ ਵੀ ਧੰਨ ਹੈ ਜਿੱਥੇ ਗੁਰਸਿੱਖ ਸਾਧੂ ਪੈਰ ਰੱਖਦੇ ਹਨ ਕਿਉਂਕਿ ਉਸ ਜਗ੍ਹਾ ਨੂੰ 'ਚਰਣ ਧੂੜਿ' ਕਰਕੇ ਪ੍ਰਧਾਨ ਮੰਨਦੇ ਹਨ ਅਤੇ ਸੰਤ ਤੇ ਵੇਦ ਚਰਨ ਧੂੜੀ ਦਾ ਜਸ ਸੁਣਾਉਂਦੇ ਹਨ। ਕੋਈ ਵੱਡੇ ਭਾਗਾਂ ਵਾਲ਼ਾ ਹੀ ਚਰਨ ਧੂੜੀ ਨੂੰ ਲੈ ਸਕਦਾ ਹੈ ਭਾਵ ਜੋ ਨੀਵਾਂ ਹੁੰਦਾ ਹੈ ਉਹ ਸਭ ਤੋਂ ਉੱਤਮ ਹੈ ਅਤੇ ਉਸ ਨੂੰ ਸਭ ਤੋਂ ਉੱਚਾ ਗਿਣਿਆ ਜਾਂਦਾ ਹੈ।

## ਸੱਚ ਅਤੇ ਕੂੜ

ਕੂੜੁ ਕਪਟ ਹਥਿਆਰ ਜਿਉ ਸਚੁ ਰਖਵਾਲਾ ਸਿਲਹ ਸੰਜੋਆ।।
ਕੂੜੁ ਵੈਰੀ ਨਿਤ ਜੋਹਦਾ ਸਚੁ ਸੁਮਿਤੁ ਹਿਮਾਇਤ ਹੋਆ।।
ਸੂਰ ਵੀਰੁ ਵਰੀਆਮੁ ਸਚੁ ਕੂੜੁ ਕੁੜਾਵਾ ਕਰਦਾ ਢੋਆ।।
ਨਿਹਚਲੁ ਸਚੁ ਸੁਥਾਇ ਹੈ ਲਰਜੈ ਕੂੜੁ ਕੁਥਾਇ ਖੜੋਆ।
ਸਚਿ ਫੜਿ ਕੂੜੁ ਪਛਾੜਿਆ ਚਾਰਿ ਚਕ ਵੇਖਨ ਤ੍ਰੈ ਲੋਆ।
ਕੂੜੁ ਕਪਟੁ ਰੋਗੀ ਸਦਾ ਸਚੁ ਸਦਾ ਹੀ ਨਵਾ ਨਿਰੋਆ।।
ਸਚੁ ਸਚਾ ਕੂੜੁ ਕੂੜੁ ਵਿਖੋਆ।। 10 ।।

*(ਵਾਰ 30 ਪਉੜੀ 10)*



Downloaded from https:// www.studiestoday.com

Downloaded from https:// www.studiestoday.com

**ਸ਼ਬਦ-ਅਰਥ :**

ਸਿਲਹ–ਹਥਿਆਰ। ਵਰੀਆਮੁ-ਬਹਾਦਰ, ਸੂਰਮਾ। ਢੋਆ-ਮੇਲ਼ ਮਿਲ਼ਾਉਂਦਾ। ਕਪਟ–ਧੋਖਾ। ਲਰਜੈ-ਕੰਬਦਾ ਹੈ। ਨਵਾਂ ਨਰੋਆ–ਰਾਜ਼ੀ–ਬਾਜ਼ੀ।

**ਅਰਥ :**

ਕੂੜ ਹਥਿਆਰ ਵਾਂਗੂ ਧੋਖਾ ਕਰਨ ਵਾਲ਼ਾ ਹੈ ਅਤੇ ਸੱਚ ਹਥਿਆਰ ਤੋਂ ਰੱਖਿਆ ਕਰਨ ਵਾਲ਼ੀ ਸੰਜੋਅ (ਲੋਹੇ ਦੇ ਕੁੜਤੇ) ਵਾਂਗੂੰ ਹੈ। ਕੂੜ ਵੈਰੀ ਦੀ ਤਰ੍ਹਾਂ ਹਮੇਸ਼ਾਂ ਤਾੜਦਾ ਰਹਿੰਦਾ ਹੈ ਅਤੇ ਸੱਚ ਚੰਗੇ ਮਿੱਤਰ ਵਾਂਗੂੰ ਮਦਦਗਾਰ ਸਾਬਤ ਹੁੰਦਾ ਹੈ। ਸੱਚ ਬਹਾਦਰ ਸੂਰਮੇ ਦੀ ਤਰ੍ਹਾਂ ਹੈ ਅਤੇ ਕੂੜ ਝੂਠੇ ਹੀ ਮੇਲ਼ ਕਰਾਉਂਦਾ ਹੈ। ਸੱਚ ਚੰਗੀ ਜਗ੍ਹਾ 'ਤੇ ਅਡੋਲ ਖੜ੍ਹਾ ਹੈ ਅਤੇ ਝੂਠ ਗੰਦੀ ਜਗ੍ਹਾ 'ਤੇ ਖੜੋਤਾ ਕੰਬਦਾ ਹੈ। ਜਦੋਂ ਸੱਚ ਨੇ ਕੂੜ ਨੂੰ ਫੜ ਕੇ ਪਟਕਾਇਆ ਤਾਂ ਚਾਰੇ ਚੱਕ ਅਤੇ ਤਿੰਨੇ ਲੋਕ ਦੇਖਣ ਲੱਗ ਪਏ। ਕੂੜ–ਕਪਟ ਕਰਕੇ ਮਨੁੱਖ ਹਮੇਸ਼ਾਂ ਰੋਗੀ ਰਹਿੰਦਾ ਹੈ ਅਤੇ ਸੱਚ ਬੋਲਣ ਵਾਲ਼ਾ ਸਦਾ ਰਾਜ਼ੀ–ਬਾਜ਼ੀ ਰਹਿੰਦਾ ਹੈ। ਸੱਚ ਵਾਲ਼ਾ ਹਮੇਸ਼ਾ ਸੱਚਾ ਅਤੇ ਕੂੜ ਵਾਲ਼ਾ ਹਮੇਸ਼ਾਂ ਝੂਠਾ ਦਿਸਦਾ ਹੈ ਭਾਵ ਸੱਚ ਅਤੇ ਝੂਠ ਦੀ ਪਛਾਣ ਸਹਿਜੇ ਹੀ ਹੋ ਜਾਂਦੀ ਹੈ। ਸੱਚ ਇੱਕ ਸੁਭਾਵਿਕ ਗੱਲ ਹੈ, ਜਿਸ ਨਾਲ਼ ਸਹਿਜੇ ਹੀ ਸਾਰੇ ਕੰਮ ਰਾਸ ਹੋ ਜਾਂਦੇ ਹਨ। ਕੂੜ ਅਰਥਾਤ ਝੂਠ ਇੱਕ ਯਤਨ ਹੈ, ਜਿਹੜਾ ਕੰਮ ਦਾ ਨਾਸ ਕਰਦਾ ਹੈ।

## ਨਿੰਦਕ ਆਪਣੀ ਜੜ੍ਹ ਪੁੱਟਦਾ ਹੈ

ਕੁਤਾ ਰਾਜਿ ਬਹਾਲੀਐ ਫਿਰਿ ਚਕੀ ਚਟੈ।
ਸਪੈ ਦੁਧੁ ਪੀਆਲੀਐ ਵਿਹੁ ਮੁਖਹੁ ਸਟੈ।
ਪਥਰੁ ਪਾਣੀ ਰਖੀਐ ਮਨਿ ਹਠੁ ਨ ਘਟੈ।
ਚੋਆ ਚੰਦਨੁ ਪਰਿਹਰੈ ਖਰੁ ਖੇਹ ਪਲਟੈ।
ਤਿਉ ਨਿੰਦਕ ਪਰਨਿੰਦਹੁੰ ਹਠਿ ਮੂਲਿ ਨ ਹਟੈ।
ਆਪਣੇ ਹਥੀ ਆਪਣੀ ਜੜ ਆਪਿ ਉਪਟੈ। *(ਵਾਰ 35 ਪਉੜੀ1)*

**ਸ਼ਬਦ-ਅਰਥ :**

ਵਿਹੁ–ਜ਼ਹਿਰ। ਖਰੁ- ਖੋਤਾ। ਖੇਹ–ਸੁਆਹ, ਮਿੱਟੀ। ਮੂਲਿ-ਕਦੇ ਵੀ।

**ਅਰਥ:**

ਜਿਵੇਂ ਕੁੱਤੇ ਨੂੰ ਤਖ਼ਤ ਉੱਤੇ ਬਹਾਈਏ ਤਾਂ ਉਹ ਫਿਰ ਵੀ ਚੱਕੀ ਹੀ ਚੱਟਦਾ ਹੈ। ਜਿਵੇਂ ਸੱਪ ਨੂੰ ਦੁੱਧ ਪਿਆਈਏ ਤਾਂ ਉਹ ਮੂੰਹੋਂ ਜ਼ਹਿਰ ਹੀ ਸੁਟਦਾ ਹੈ, ਜਿਵੇਂ ਪੱਥਰ ਨੂੰ ਪਾਣੀ ਵਿੱਚ ਰੱਖੀਏ ਤਾਂ ਉਸ ਦੀ ਕਠੋਰਤਾ ਨਹੀਂ ਘਟਦੀ , ਜਿਵੇਂ ਖੋਤਾ ਚੋਆ ਅਤਰ ਤੇ ਚੰਦਨ ਆਦਿ ਸੁਗੰਧੀਆਂ ਛੱਡ ਕੇ ਮਿੱਟੀ ਵਿੱਚ ਹੀ ਪਲ੍ਹਸੇਟੇ ਮਾਰਦਾ ਹੈ ਉਸੇ ਤਰ੍ਹਾਂ ਹੀ ਪਰਾਈ ਨਿੰਦਾ ਕਰਨ ਵਾਲ਼ਾ ਨਿੰਦਕ ਆਪਣਾ ਹੱਠੀ ਸੁਭਾਅ ਨਹੀਂ ਛੱਡਦਾ ਅਤੇ ਉਹ ਆਪਣੇ ਹੱਥੀਂ ਆਪਣੀ ਜੜ੍ਹ ਪੁਟਦਾ ਹੈ ਭਾਵ ਉਹ ਆਪਣੇ ਸੁਭਾਅ ਨੂੰ ਨਹੀਂ ਛੱਡਦਾ ਅਤੇ ਅੰਤ ਆਪਣੇ ਆਪ ਨੂੰ ਨਸ਼ਟ ਕਰ ਲੈਂਦਾ ਹੈ।

ਮਾਪਿਆਂ ਨੂੰ ਛੱਡ ਕੇ ਕੋਈ ਕਰਮ-ਧਰਮ ਸਫਲਾ ਨਹੀਂ
ਮਾਂ–ਪਿਉ ਪਰਹਰਿ ਸੁਣੈ ਵੇਦੁ ਭੇਦੁ ਨ ਜਾਣੈ ਕਥਾ ਕਹਾਣੀ॥



Downloaded from https:// www.studiestoday.com

Downloaded from https:// www.studiestoday.com

ਮਾਂ-ਪਿਉ ਪਰਹਰਿ ਕਰੈ ਤਪੁ ਵਣਖੰਡਿ ਭੁਲਾ ਫਿਰੈ ਬਿਬਾਣੀ।।
ਮਾਂ-ਪਿਉ ਪਰਹਰਿ ਕਰੈ ਪੂਜੁ ਦੇਵੀ ਦੇਵ ਨਾ ਸੇਵ ਕਮਾਣੀ।।
ਮਾਂ-ਪਿਉ ਪਰਹਰਿ ਨਾਵਣਾ ਅਠਸਠਿ ਤੀਰਥ ਘੁੰਮਣ ਵਾਣੀ।।
ਮਾਂ-ਪਿਉ ਪਰਹਰਿ ਕਰੈ ਦਾਨ ਬੇਈਮਾਨ ਅਗਿਆਨ ਪਰਾਣੀ।।
ਮਾਂ-ਪਿਉ ਪਰਹਰਿ ਵਰਤ ਕਰਿ ਮਰਿ ਮਰਿ ਜੰਮੈ ਭਰਮ ਭੁਲਾਣੀ।।
ਗੁਰੁ ਪਰਮੇਸਰੁ ਸਾਰੁ ਨਾ ਜਾਣੀ।।

*(ਵਾਰ 37 ਪਉੜੀ 13)*

**ਸ਼ਬਦ-ਅਰਥ :**

ਕਮਾਣੀ-ਸਫ਼ਲੀ।

**ਅਰਥ :**

ਜੇਕਰ ਕੋਈ ਮਾਂ ਪਿਓ ਨੂੰ ਛੱਡ ਕੇ ਵੇਦ ਸੁਣਦਾ ਹੈ ਤਾਂ ਉਹ ਉਸ ਦੀ ਕਥਾ-ਕਹਾਣੀ ਦਾ ਭੇਦ ਨਹੀਂ ਜਾਣਦਾ, ਜੇਕਰ ਮਾਂ-ਪਿਉ ਨੂੰ ਛੱਡ ਕੇ ਤਪ ਕਰਦਾ ਹੈ ਤਾਂ ਉਹ ਉਜਾੜ-ਬੀਆਬਾਨ ਵਿੱਚ ਭੁੱਲਾ ਫਿਰਦਾ ਹੈ, ਜੇਕਰ ਮਾਂ-ਪਿਉ ਨੂੰ ਛੱਡ ਕੇ ਦੇਵੀ-ਦੇਵਤੇ ਦੀ ਪੂਜਾ ਕਰਦਾ ਹੈ ਤਾਂ ਉਸ ਦੀ ਸੇਵਾ ਸਫ਼ਲੀ ਨਹੀਂ ਹੈ। ਜੇਕਰ ਮਾਂ ਪਿਉ ਨੂੰ ਛੱਡ ਕੇ ਅਠਾਹਠ ਤੀਰਥਾਂ ਦਾ ਇਸ਼ਨਾਨ ਕਰਦਾ ਹੈ ਤਾਂ ਉਹ ਚੁਰਾਸੀ ਦੀ ਘੁੰਮਣ-ਘੇਰੀ ਵਿੱਚ ਫਸਿਆ ਹੋਇਆ ਹੈ। ਜੇਕਰ ਮਾਂ-ਪਿਉ ਨੂੰ ਛੱਡ ਕੇ ਦਾਨ ਕਰਦਾ ਹੈ ਤਾਂ ਉਹ ਅਗਿਆਨੀ ਪੁਰਸ਼ ਬੇਈਮਾਨ ਹੈ। ਜੇਕਰ ਮਾਂ-ਪਿਓ ਨੂੰ ਛੱਡ ਕੇ ਵਰਤ ਰੱਖਦਾ ਹੈ ਤਾਂ ਉਹ ਭਰਮਾਂ ਵਿੱਚ ਪਿਆ ਹੋਇਆ ਮਰ-ਮਰ ਕੇ ਜੰਮਦਾ ਹੈ ਕਿਉਂਕਿ ਉਸ ਨੇ ਗੁਰੂ ਤੇ ਪਰਮੇਸ਼ਰ ਦੀ ਸਾਰ ਜਾਣੀ ਹੀ ਨਹੀਂ ਹੈ। ਭਾਵ ਸਾਰੇ ਧਰਮ-ਕਰਮ ਤਾਂ ਹੀ ਸਫ਼ਲ ਹੁੰਦੇ ਹਨ ਜੇਕਰ ਮਾਪਿਆਂ ਦੀ ਖ਼ੁਸ਼ੀ ਵੀ ਨਾਲ਼ ਹੋਵੇ। ਜੇ ਮਾਪੇ ਨਰਾਜ਼ ਹੋਣ ਤਾਂ ਕੋਈ ਵੀ ਧਰਮ-ਕਰਮ ਸਫ਼ਲ ਨਹੀਂ ਹੁੰਦਾ।

## ਅਭਿਆਸ

1. **ਹੇਠਾਂ ਲਿਖੀਆਂ ਕਾਵਿ-ਤੁਕਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :**

(ੳ) ਦੁਹੁ ਮਿਲਿ ਵੇਲਣੁ ਵੇਲਿਆ ਲੂੰ-ਲੂੰ ਕਰਿ ਕਰਿ ਤੁੰਬ ਤੁੰਬਾਇਆ।।
ਪਿੰਞਣਿ ਪਿੰਞ ਉਡਾਇਆ ਕਰਿ ਕਰਿ ਗੋੜ੍ਹੀਂ ਸੂਤ ਕਤਾਇਆ।।

(ਅ) ਕੂੜੁ ਕਪਟ ਹਥਿਆਰ ਜਿਉ ਸਚੁ ਰਖਵਾਲਾ ਸਿਲਹ ਸੰਜੋਆ।।
ਕੂੜੁ ਵੈਰੀ ਨਿਤ ਜੋਹਦਾ ਸਚੁ ਸੁਮਿਤੁ ਹਿਮਾਇਤ ਹੋਆ।।

(ੲ) ਸੋਈ ਤਾਂਬਾ ਜਿਸਤ ਮਿਲਿ ਪਿਤਲ ਅਵਲੋਈ।।
ਸੋਈ ਸੀਸੇ ਸੰਗਤੀ ਭੰਗਾਰ ਭੁਲੋਈ।।



Downloaded from https:// www.studiestoday.com

Downloaded from https:// www.studiestoday.com

(ਸ) ਸਿਰ ਤਲਵਾਇਆ ਬਿਰਖੁ ਹੈ ਹੋਇ ਸਹਸ ਫਲ ਸੁਫਲ ਫਲੰਦਾ।
ਨਿਰਮਲੁ ਨੀਰੁ ਵਖਾਣੀਐ ਸਿਰੁ ਨੀਵਾਂ ਨੀਵਾਨਿ ਚਲੰਦਾ।।

2. 'ਮਾਪਿਆਂ ਨੂੰ ਛੱਡ ਕੇ ਕੋਈ ਕਰਮ-ਧਰਮ ਸਫ਼ਲਾ ਨਹੀਂ' ਜਾਂ 'ਨਿੰਦਕ ਆਪਣੀ ਜੜ੍ਹ ਪੁੱਟਦਾ ਹੈ' ਦਾ ਕੇਂਦਰੀ ਭਾਵ ਲਿਖੋ।

3. **ਵਸਤੂਨਿਸ਼ਠ ਪ੍ਰਸ਼ਨ—**

(ੳ) ਹਥਲੀ ਪਾਠ-ਪੁਸਤਕ ਵਿੱਚ ਭਾਈ ਗੁਰਦਾਸ ਦੀਆਂ ਰਚਨਾਵਾਂ ਵਿੱਚ ਕਿਹੜੇ ਕਾਵਿ-ਰੂਪ ਵਿੱਚੋਂ ਚੋਣ ਕੀਤੀ ਗਈ ਹੈ—

(*i*) ਕਬਿੱਤ

(*ii*) ਸਵਈਏ

(*iii*) ਵਾਰਾਂ

(ਅ) ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਵੇਲ਼ੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਲੇਖਣ ਦਾ ਕੰਮ ਕਿਸ ਨੇ ਕੀਤਾ ?

(*i*) ਗੁਰੂ ਅਰਜਨ ਦੇਵ ਜੀ

(*ii*) ਭਾਈ ਗੁਰਦਾਸ ਜੀ

(ੲ) ਭਾਈ ਗੁਰਦਾਸ ਜੀ ਦੀ ਵਾਰ 'ਜੇਹੀ ਸੰਗਤ ਤੇਹਾ ਫਲ਼' ਅਨੁਸਾਰ ਹੇਠਾਂ ਦਿੱਤੇ ਸ਼ਬਦਾਂ ਵਿੱਚੋਂ ਸਹੀ ਸ਼ਬਦ ਚੁਣ ਕੇ ਭਰੋ—

ਤਾਂਬਾ ਕਲੀ ਨਾਲ਼ ਮਿਲ਼ ਕੇ .......... ਹੋ ਜਾਂਦਾ ਹੈ।
ਤਾਂਬਾ ਜਿਸਤ ਨਾਲ਼ ਮਿਲ਼ ਕੇ .......... ਹੋ ਜਾਂਦਾ ਹੈ।
ਕਲੀ ਵਾਲ਼ਾ ਤਾਂਬਾ ਸਿੱਕੇ ਨਾਲ਼ ਮਿਲ਼ ਕੇ ......... ਬਣ ਜਾਂਦਾ ਹੈ।
ਤਾਂਬਾ ਪਾਰਸ ਨਾਲ਼ ਮਿਲ਼ ਕੇ .......... ਬਣ ਜਾਂਦਾ ਹੈ।

(ਪਿੱਤਲ, ਕੈਂਹ, ਸੋਨਾ, ਭਰਤ)

(ਸ) ਭਾਈ ਗੁਰਦਾਸ ਜੀ ਨੇ 'ਲੱਜਾ ਕੱਜਣ ਵਾਲ਼ਾ' ਵਾਰ ਵਿੱਚ ਗ਼ਰੀਬੀ ਤੇ ਨੀਵੇਂ ਹੋ ਕੇ ਚੱਲਣ ਦੀ ਵਡਿਆਈ ਦੀ ਤੁਲਨਾ ਕਿਸ ਨਾਲ਼ ਕੀਤੀ ਹੈ ?

(ਹ) ਭਾਈ ਗੁਰਦਾਸ ਜੀ ਨੇਂ 'ਨਿਮਰਤਾ ਦਾ ਗੁਣ' ਵਾਰ ਵਿੱਚ ਨਿਮਰਤਾ ਲਈ ਕਿਸ-ਕਿਸ ਦੀ ਉਦਾਹਰਨ ਦਿੱਤੀ ਹੈ ?

(ਕ) ਭਾਈ ਗੁਰਦਾਸ ਜੀ ਦੀ ਰਚਨਾ 'ਸੱਚ ਅਤੇ ਕੂੜ' ਅਨੁਸਾਰ ਹੇਠਾਂ ਦਿੱਤੇ ਸ਼ਬਦਾਂ ਵਿੱਚੋਂ ਸਹੀ ਸ਼ਬਦ ਚੁਣ ਕੇ ਖ਼ਾਲੀ ਥਾਂਵਾਂ ਪੂਰੀਆਂ ਕਰੋ—

(*i*) ਕੂੜ-ਕਪਟ ਕਰਕੇ ਮਨੁੱਖ ਹਮੇਸ਼ਾਂ .......... ਰਹਿੰਦਾ ਹੈ।

(*ii*) ਸੱਚ ਬੋਲਣ ਵਾਲ਼ਾ ਮਨੁੱਖ ਹਮੇਸ਼ਾਂ .......... ਰਹਿੰਦਾ ਹੈ।

(ਰਾਜ਼ੀ-ਬਾਜ਼ੀ, ਰੋਗੀ)



Downloaded from https:// www.studiestoday.com

Downloaded from https:// www.studiestoday.com

(ਖ) 'ਨਿੰਦਕ ਆਪਣੀ ਜੜ੍ਹ ਪੁਟਦਾ ਹੈ' ਵਾਰ ਵਿੱਚ ਆਈ ਨਿਮਨਲਿਖਤ ਸਤਰ ਨੂੰ ਪੂਰਾ ਕਰੋ:
"ਤਿਉ ਨਿੰਦਕ ਪਰਨਿੰਦ ਹੂੰ.....ਮੂਲਿ ਨ ਹਟੈ।"

(ਗ) ਭਾਈ ਗੁਰਦਾਸ ਜੀ ਦੀ ਵਾਰ 'ਮਾਪਿਆਂ ਨੂੰ ਛੱਡ ਕੇ ਕੋਈ ਧਰਮ-ਕਰਮ ਸਫਲਾ ਨਹੀਂ' ਅਨੁਸਾਰ ਧਰਮ-ਕਰਮ ਕਿਸ ਤਰ੍ਹਾਂ ਸਫ਼ਲ ਕੀਤਾ ਜਾ ਸਕਦਾ ਹੈ ?

(ਘ) ਭਾਈ ਗੁਰਦਾਸ ਜੀ ਦੀ ਕਿਸੇ ਇੱਕ ਰਚਨਾ ਦਾ ਸਿਰਲੇਖ ਲਿਖੋ।

(ਙ) ਭਾਈ ਗੁਰਦਾਸ ਜੀ ਦੀ ਰਚਨਾ ਨੂੰ 'ਗੁਰਬਾਣੀ ਦੀ ਕੁੰਜੀ' ਕਿਹਾ ਜਾਂਦਾ ਹੈ—

(*i*) ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ ਦੇ ਸਿਧਾਂਤਾਂ ਦੀ ਵਿਆਖਿਆ ਕਰਨ ਕਰਕੇ।

(*ii*) ਗੁਰੂ ਘਰ ਦੇ ਨਿਕਟ-ਸਨੇਹੀ ਹੋਣ ਕਰਕੇ।

(*iii*) ਗੁਰਮਤਿ ਦੇ ਮਹਾਨ ਅਨੁਭਵੀ ਅਤੇ ਵਿਦਵਾਨ ਹੋਣ ਕਰਕੇ।

****



Downloaded from https:// www.studiestoday.com

Downloaded from https:// www.studiestoday.com

# ਗੁਰੂ ਤੇਗ਼ ਬਹਾਦਰ ਜੀ

(1621-1675 ਈ:)

ਗੁਰੂ ਤੇਗ ਬਹਾਦਰ ਜੀ ਸਿੱਖ ਧਰਮ ਦੇ ਨੌਂਵੇਂ ਗੁਰੂ ਹੋਏ ਹਨ। ਆਪ ਨੇ ਮੁਗ਼ਲਾਂ ਵੱਲੋਂ ਕੀਤੇ ਜਾਂਦੇ ਜਬਰ, ਜ਼ੁਲਮ ਅਤੇ ਅਨਿਆਂ ਦੇ ਖ਼ਿਲਾਫ਼ ਅਵਾਜ਼ ਬੁਲੰਦ ਕੀਤੀ। ਹਿੰਦੁਸਤਾਨੀ ਜਨਤਾ ਦੀ ਰੱਖਿਆ ਲਈ ਚਾਦਰ ਬਣ ਕੇ ਸਰਬ-ਸਾਂਝੇ ਮਨੁੱਖੀ ਅਧਿਕਾਰਾਂ, ਲੋਕ-ਮੁਖੀ ਕਾਰਜਾਂ ਅਤੇ ਸ਼ਖ਼ਸੀ ਅਜ਼ਾਦੀ ਲਈ ਲੜਾਈ ਲੜੀ। ਇਸੇ ਲਈ ਆਪ ਨੂੰ 'ਹਿੰਦ ਦੀ ਚਾਦਰ' ਕਿਹਾ ਜਾਂਦਾ ਹੈ।

ਆਪ ਦਾ ਜਨਮ 1621 ਈ: ਨੂੰ ਪਿਤਾ ਛੇਵੇਂ ਗੁਰੂ ਹਰਿਗੋਬਿੰਦ ਜੀ ਅਤੇ ਮਾਤਾ ਨਾਨਕੀ ਜੀ ਦੇ ਘਰ ਹੋਇਆ। ਆਪ ਨੇ ਗੁਰੂ-ਘਰ ਦੇ ਸਤਿਕਾਰਯੋਗ ਬਾਬਾ ਬੁੱਢਾ ਜੀ ਤੋਂ ਹੀ ਮੁਢਲੀ ਅੱਖਰੀ ਸਿੱਖਿਆ, ਧਾਰਮਿਕ ਸਿੱਖਿਆ ਅਤੇ ਸ਼ਸ਼ਤਰ-ਵਿੱਦਿਆ ਗ੍ਰਹਿਣ ਕੀਤੀ। ਬਚਪਨ ਤੋਂ ਹੀ ਆਪ ਦੀ ਲਗਨ ਉਸ ਸਰਬ-ਵਿਆਪਕ ਪਰਮਾਤਮਾ ਨਾਲ਼ ਲੱਗੀ ਰਹਿੰਦੀ ਸੀ। ਸੰਸਾਰ ਦੀ ਨਾਸ਼ਮਾਨਤਾ, ਸੰਸਾਰਿਕ ਮਾਇਆ ਦਾ ਪਸਾਰਾ ਅਤੇ ਪਰਮਾਮਤਾ ਨਾਲ਼ ਮੇਲ ਆਪ ਦੀ ਰਚਨਾ ਦੇ ਪ੍ਰਮੁੱਖ ਵਿਸ਼ੇ ਹਨ।

ਗੁਰੂ ਗ੍ਰੰਥ ਸਾਹਿਬ ਵਿੱਚ ਆਪ ਦੀ ਬਾਣੀ ਦੇ 57 ਸ਼ਬਦ 13 ਰਾਗਾਂ ਵਿੱਚ ਅਤੇ 57 ਸਲੋਕ ਦਰਜ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਇੱਕੋ-ਇੱਕ ਰਾਗ 'ਜੈ ਜਾਵੰਤੀ' ਹੈ, ਜਿਸ ਵਿੱਚ ਕੇਵਲ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਰਜ ਹੈ, ਇਹ ਇੱਕਤੀਵਾਂ ਰਾਗ ਹੈ।

ਹਥਲੇ ਸੰਗ੍ਰਹਿ ਵਿੱਚ ਆਪ ਦੀ ਰਚਨਾ ਵਿੱਚੋਂ ਇੱਕ ਸ਼ਬਦ ਰਾਗ ਗਉੜੀ ਅਤੇ ਇੱਕ ਸ਼ਬਦ ਰਾਗ ਸੋਰਠਿ ਵਿੱਚੋਂ ਲਿਆ ਗਿਆ ਹੈ। ਇਹਨਾਂ ਸ਼ਬਦਾਂ ਵਿੱਚ ਆਪ ਨੇ ਮਨੁੱਖ ਨੂੰ ਕਾਮ, ਕ੍ਰੋਧ ਅਤੇ ਖੋਟੇ ਮਨੁੱਖਾਂ ਦੀ ਸੰਗਤ ਤੋਂ ਦੂਰ ਰਹਿਣ ਦੀ ਪ੍ਰੇਰਨਾ ਦਿੱਤੀ ਹੈ ਅਤੇ ਮਨੁੱਖ ਨੂੰ ਇਹ ਸਮਝਾਉਣ ਦੀ ਕੋਸ਼ਸ਼ ਕੀਤੀ ਹੈ ਕਿ ਸੰਸਾਰਿਕ ਰਿਸ਼ਤੇ ਕੇਵਲ ਪੈਸੇ ਕਰਕੇ ਹੀ ਹਨ। ਸੰਸਾਰ ਵਿੱਚ ਕੋਈ ਕਿਸੇ ਦਾ ਮਿੱਤਰ ਨਹੀਂ ਹੈ। ਪਰਮਾਤਮਾ ਦਾ ਨਾਂ ਹੀ ਮਨੁੱਖ ਦਾ ਇੱਕੋ-ਇੱਕ ਸਹਾਰਾ ਬਣਦਾ ਹੈ।

## ਸਾਧੋ ਮਨ ਕਾ ਮਾਨੁ ਤਿਆਗਉ

ਸਾਧੋ ਮਨ ਕਾ ਮਾਨੁ ਤਿਆਗਉ ॥
ਕਾਮ ਕ੍ਰੋਧੁ ਸੰਗਤਿ ਦੁਰਜਨ ਕੀ ਤਾਤੇ ਅਹਿਨਿਸਿ ਭਾਗਉ ॥ ਰਹਾਉ ॥
ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ ॥
ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗੁ ਤਤੁ ਪਛਾਨਾ ॥੧ ॥
ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ ॥
ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂੰ ਗੁਰਮੁਖਿ ਜਾਨਾ ॥੨ ॥੧ ॥

(ਰਾਗੁ ਗਾਉੜੀ ਪੰਨਾ 219)



Downloaded from https:// www.studiestoday.com

Downloaded from https:// www.studiestoday.com

**ਸ਼ਬਦ-ਅਰਥ :**

**ਸਾਧੋ** = ਹੇ ਸੰਤ-ਜਨੋ। **ਮਾਨੁ**- ਹੰਕਾਰ। **ਸੰਗਤਿ** = ਮੇਲ-ਮਿਲਾਪ, ਮੇਲ-ਜੋਲ਼। **ਦੁਰਜਨ ਕੀ** = ਖੋਟੇ ਜਾਂ ਮੰਦੇ ਮਨੁੱਖਾਂ ਦੀ। **ਤਾਤੇ** = ਉਸ ਤੋਂ। **ਅਹਿਨਿਸਿ** - ਦਿਨ-ਰਾਤ। **ਰਹਾਉ** = ਠਹਿਰਾਅ ਭਾਵ ਸ਼ਬਦ ਦਾ ਕੇਂਦਰੀ ਭਾਵ। **ਸਮ ਕਰਿ** = ਇੱਕੋਂ-ਜਿਹੇ, ਇੱਕ ਸਮਾਨ। **ਮਾਨੁ** = ਸਤਿਕਾਰ, ਇੱਜ਼ਤ। **ਅਪਮਾਨਾ** = ਨਿਰਾਦਰ। **ਹਰਖ** = ਖੁਸ਼ੀ। **ਸੋਗ** = ਗ਼ਮ, ਅਫ਼ਸੋਸ। **ਅਤੀਤਾ** = ਨਿਰਲੇਪ। **ਤਤੁ** = ਅਸਲੀਅਤ, ਜ਼ਿੰਦਗੀ ਦਾ ਭੇਦ। **ਉਸਤਤਿ** = ਵਡਿਆਈ। **ਨਿੰਦਾ** = ਬਦਖੋਈ। **ਪਦ ਨਿਰਬਾਨਾ** = ਧਰਮ-ਕਮਾਈ ਵਿੱਚ ਸਭ ਤੋਂ ਉੱਚਾ ਸਥਾਨ, ਮੁਕਤੀ ਦਾ ਦਰਜਾ ਭਾਲਣਾ। **ਕਠਨੁ** = ਔਖਾ ਹੈ। **ਗੁਰਮੁਖਿ** = ਗੁਰੂ ਦੀ ਸੰਗਤ ਵਿੱਚ ਰਹਿਣ ਵਾਲ਼ਾ ਜਾਂ ਗੁਰੂ ਦੇ ਦੱਸੇ ਮਾਰਗ 'ਤੇ ਚੱਲਣ ਵਾਲਾ। **ਜਾਨਾ** = ਜਾਣਦਾ।

**ਅਰਥ**

ਸ੍ਰੀ ਗੁਰੂ ਤੇਗ਼ ਬਹਾਦਰ ਜੀ ਸਮੁੱਚੀ ਮਨੁੱਖਤਾ ਨੂੰ ਬਹੁਤ ਹੀ ਸਤਿਕਾਰ ਨਾਲ਼ ਸੰਬੋਧਨ ਕਰਦੇ ਹਨ, ਹੇ ਸੰਤ ਜਨੋ! ਪਰਮਾਤਮਾ ਦੇ ਪਿਆਰਿਓ! ਮਨ ਦੇ ਹੰਕਾਰ ਨੂੰ ਤਿਆਗ ਦਿਓ। ਕਾਮ, ਕ੍ਰੋਧ ਅਤੇ ਖੋਟੇ ਮਨੁੱਖਾਂ ਦੀ ਸੰਗਤ ਤੋਂ ਦਿਨ-ਰਾਤ ਦੂਰ ਰਹੋ।

ਜੋ ਦੁਨਿਆਵੀ ਦੁੱਖ ਅਤੇ ਸੁੱਖ, ਸਤਿਕਾਰ ਤੇ ਨਿਰਾਦਰ ਨੂੰ ਇੱਕ ਕਰਕੇ ਜਾਣਦਾ ਹੈ, ਭਾਵ ਆਦਰ-ਸਤਿਕਾਰ 'ਤੇ ਖ਼ੁਸ਼ ਨਹੀਂ ਹੁੰਦਾ ਅਤੇ ਨਿਰਾਦਰ-ਅਪਮਾਨ 'ਤੇ ਬਹੁਤਾ ਦੁਖੀ ਨਹੀਂ ਹੁੰਦਾ। ਉਸ ਨੇ ਸੰਸਾਰਿਕ ਜੀਵਨ ਦੀ ਅਸਲੀਅਤ ਜ਼ਿੰਦਗੀ ਦੇ ਰਾਜ਼ ਨੂੰ ਜਾਣ ਲਿਆ ਹੈ। ਅਜਿਹੇ ਮਨੁੱਖ ਨੇ ਖ਼ੁਸ਼ੀ ਅਤੇ ਗ਼ਮੀ ਤੋਂ ਨਿਰਲੇਪ ਰਹਿਣਾ ਸਿੱਖ ਲਿਆ ਹੈ।

ਉਸ ਮਨੁੱਖ ਦਾ ਮਨ ਨਿੱਜੀ ਜੀਵਨ ਦੀ ਵਡਿਆਈ ਅਤੇ ਨਿੰਦਾ ਦਾ ਤਿਆਗ ਕਰਕੇ ਉੱਚੇ ਜੀਵਨ ਦੀ ਪਦਵੀ ਦੀ ਪ੍ਰਾਪਤੀ ਲਈ ਲੱਗ ਜਾਂਦਾ ਹੈ। ਉਹ ਵਾਸ਼ਨਾ ਰਹਿਤ ਅਵਸਥਾ ਦੀ ਖੋਜ ਵਿੱਚ ਲੱਗਾ ਰਹਿੰਦਾ ਹੈ। ਇਹ ਜੀਵਨ-ਖੇਡ ਬੜੀ ਔਖੀ ਹੈ, ਕੋਈ ਵਿਰਲਾ ਹੀ ਗੁਰਮੁਖ ਜਨ ਗੁਰੂ ਦੀ ਸ਼ਰਨ ਵਿੱਚ ਰਹਿ ਕੇ ਇਹ ਖੇਡ ਖੇਡਣ ਦੀ ਜੁਗਤ ਜਾਣ ਲੈਂਦਾ ਹੈ। ਇਹ ਨਿਰਲੇਪ ਅਵਸਥਾ ਗੁਰੂ ਦੀ ਸ਼ਰਨ ਵਿੱਚ ਪਿਆਂ ਹੀ ਪ੍ਰਾਪਤ ਹੁੰਦੀ ਹੈ।

## ਇਹ ਜਗਿ ਮੀਤੁ ਨ ਦੇਖਿਓ ਕੋਈ

ਇਹ ਜਗਿ ਮੀਤੁ ਨ ਦੇਖਿਓ ਕੋਈ॥ ਸਗਲ ਜਗਤੁ ਅਪਨੈ ਸੁਖਿ
ਲਾਗਿਓ ਦੁਖ ਮੈ ਸੰਗਿ ਨ ਹੋਈ॥੧॥ ਰਹਾਉ॥ ਦਾਰਾ ਮੀਤ ਪੂਤ

ਸਨਬੰਧੀ ਸਗਰੇ ਧਨ ਸਿਉ ਲਾਗੇ॥ ਜਬ ਹੀ ਨਿਰਧਨ ਦੇਖਿਓ ਨਰ ਕਉ ਸੰਗੁ ਛਾਡਿ ਸਭ ਭਾਗੇ॥੧॥ ਕਹੰਉ ਕਹਾ ਯਿਆ ਮਨ ਬਉਰੇ ਕਉ ਇਨ ਸਿਉ ਨੇਹੁ ਲਗਾਇਓ॥ ਦੀਨਾ ਨਾਥ ਸਕਲ ਭੈ ਭੰਜਨ ਜਸੁ ਤਾ ਕੋ ਬਿਸਰਾਇਓ॥੨॥ ਸੁਆਨ ਪੂੰਛ ਜਿਉ ਭਇਓ ਨ ਸੂਧਉ ਬਹੁਤੁ ਜਤਨੁ ਮੈ ਕੀਨਉ॥ ਨਾਨਕ ਲਾਜ ਬਿਰਦ ਕੀ ਰਾਖਹੁ ਨਾਮੁ ਤੁਹਾਰਉ ਲੀਨਉ॥

(ਰਾਗ ਸੋਰਠਿ ਪੰਨਾ 633)

**ਸ਼ਬਦ-ਅਰਥ :**

**ਦਾਰਾ** = ਪਤਨੀ। **ਸਗਰੇ** = ਸਾਰੇ। **ਮਨ ਬਉਰੇ** = ਮਨ ਮੂਰਖ। **ਦੀਨਾ ਨਾਥ**- ਦੀਨਾਂ ਦਾ ਸੁਆਮੀ ਪਰਮਾਤਮਾ। **ਸੁਆਨ ਪੂਛ** = ਕੁੱਤੇ ਦੀ ਪੂਛ। **ਸੂਧਉ** = ਸਿੱਧੀ, ਸੁਧਰਦੀ ਨਹੀ। **ਬਿਰਦ** = ਮੁਰੀਦ।



Downloaded from https:// www.studiestoday.com

Downloaded from https:// www.studiestoday.com

**ਅਰਥ**

ਸ੍ਰੀ ਗੁਰੂ ਤੇਗ਼ ਬਹਾਦਰ ਜੀ, ਇਸ ਰਚਨਾ ਦੁਆਰਾ ਦੁਨਿਆਵੀ ਜੀਵ ਨੂੰ ਸੰਬੋਧਨ ਕਰਦੇ ਹੋਏ ਕਹਿੰਦੇ ਹਨ ਕਿ ਸੰਸਾਰ ਦੇ ਸਾਰੇ ਮਨੁੱਖ ਆਪਣੇ-ਆਪਣੇ ਸੁੱਖ ਲਈ ਹੀ ਜੁੜੇ ਹੋਏ ਹਨ, ਦੁੱਖ ਵਿੱਚ ਕੋਈ ਵੀ ਸੰਗੀ-ਸਾਥੀ ਨਹੀਂ ਬਣਦਾ। ਇਸ ਸੰਸਾਰ ਵਿੱਚ ਕੋਈ ਵੀ ਮਿੱਤਰ, ਸਖਾ ਨਹੀਂ ਦਿੱਸਦਾ। ਇਸ ਜਗਤ ਵਿਚਲੇ ਸਾਰੇ ਰਿਸ਼ਤੇ-ਨਾਤੇ, ਪਤਨੀ, ਮਿੱਤਰ, ਪੁੱਤਰ, ਰਿਸ਼ਤੇਦਾਰ ਸਾਰੇ ਧਨ-ਦੌਲਤ ਕਰਕੇ ਹੀ ਹਨ। ਜਿਵੇਂ ਹੀ ਕਿਸੇ ਤੇ ਗ਼ਰੀਬੀ ਆਉਂਦੀ ਹੈ, ਸਾਰੇ ਹੀ ਦੂਰ-ਦੂਰ ਹੋ ਜਾਂਦੇ ਹਨ। ਮਨ ਨੂੰ ਸਮਝਾਉਂਦੇ ਹਨ, ਹੇ ਮਨ! ਤੂੰ ਮੂਰਖ ਬਣ ਕੇ ਫਿਰ ਇਹਨਾਂ ਨਾਲ਼ ਮੋਹ ਲਾ ਕੇ ਬੈਠਾ ਹੈਂ। ਪਰਮਾਤਮਾ ਜੋ ਦੀਨਾਂ ਦਾ ਨਾਥ ਹੈ, ਸੁਆਮੀ ਹੈ, ਸਾਰਿਆਂ ਦਾ ਰਾਖਾ ਹੈ, ਉਸ ਦਾ ਜਸ ਗਾਉਣ ਦੀ ਬਜਾਏ ਤੂੰ ਉਸਨੂੰ ਵਿਸਾਰ ਕੇ ਬੈਠਾ ਹੈ। ਜਿਵੇਂ ਕੁੱਤੇ ਦੀ ਪੂਛ ਕਦੇ ਵੀ ਸਿੱਧੀ ਨਹੀਂ ਹੋ ਸਕਦੀ, ਉਸੇ ਤਰਾਂ ਮੈਂ ਮਨ ਨੂੰ ਸਮਝਾਉਣ ਦੇ ਯਤਨ ਬਹੁਤ ਕੀਤੇ, ਪਰ ਮਨੁੱਖੀ ਮਨ ਨਹੀਂ ਸੁਧਰਿਆ। ਅੰਤ ਵਿੱਚ ਫ਼ਰਮਾਉਂਦੇ ਹਨ, ਹੇ ਨਾਨਕ ! ਮੈਂ ਤੇਰਾ ਬਿਰਦ ਭਾਵ ਤੇਰਾ ਮੁਰੀਦ ਹਾਂ। ਮੇਰੀ ਲਾਜ ਰੱਖ ਲੈਂ, ਤਾਂਜੋ ਮੈਂ ਤੇਰਾ ਨਾਮ ਲੈ ਸਕਾਂ।

**ਅਭਿਆਸ**

1. **ਹੇਠ ਲਿਖੇ ਕਾਵਿ-ਬੰਦਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ:**

(ੳ) ਸੁਖੁ ਦੁਖੁ ਦੋਨੋ ਸਮਕਰਿ ਜਾਨੈ ਅਉਰੁ ਮਾਨੁ ਅਪਮਾਨਾ ॥
ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ ॥

(ਅ) ਦਾਰਾ ਮੀਤ ਪੂਤ ਸਨਬੰਧੀ ਸਗਰੇ ਧਨ ਸਿਉ ਲਾਗੇ ॥
ਜਬਹੀ ਨਿਰਧਨ ਦੇਖਿਓ ਨਰ ਕਉ ਸੰਗੁ ਛਾਡਿ ਸਭ ਭਾਗੇ ॥
ਕਹਉ ਕਹਾ ਯਿਆ ਮਨ ਬਉਰੇ ਕਉ ਇਨ ਸਿਉ ਨੇਹੁ ਲਗਾਇਓ ॥
ਦੀਨਾ ਨਾਥ ਸਕਲ ਭੈ ਭੰਜਨ ਜਸੁ ਤਾ ਕੋ ਬਿਸਰਾਇਓ ॥

2. 'ਸਾਧੋ ਮਨ ਕਾ ਮਾਨੁ ਤਿਆਗਉ' ਦਾ ਕੇਂਦਰੀ ਭਾਵ ਲਿਖੋ।

ਜਾਂ

'ਇਹ ਜਗਿ ਮੀਤ ਨ ਦੇਖਿਓ ਕੋਈ' ਦਾ ਕੇਂਦਰੀ ਭਾਵ ਲਿਖੋ।

3. ਵਸਤੂਨਿਸ਼ਠ ਪ੍ਰਸ਼ਨ :

(ੳ) ਤੁਹਾਡੀ ਪਾਠ-ਪੁਸਤਕ ਵਿੱਚ ਸ਼ਾਮਲ ਗੁਰੂ ਤੇਗ਼ ਬਹਾਦਰ ਜੀ ਦੀ ਕਿਸੇ ਇੱਕ ਰਚਨਾ ਦਾ ਸਿਰਲੇਖ ਦੱਸੋ।

(ਅ) ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਕਰਕੇ ਸਤਿਕਾਰ ਵਜੋਂ ਕਿਹੜੇ ਸ਼ਬਦ ਉਹਨਾਂ ਦੇ ਨਾਂ ਨਾਲ਼ ਜੋੜੇ ਜਾਂਦੇ ਹਨ ?

(ੲ) 'ਸਾਧੋ ਮਨ ਕਾ ਮਾਨੁ ਤਿਆਗਉ' ਰਚਨਾ ਅਨੁਸਾਰ ਗੁਰੂ ਤੇਗ਼ ਬਹਾਦਰ ਜੀ ਕਿਹੜੀਆਂ ਬੁਰਾਈਆਂ ਤਿਆਗਣ ਦੀ ਪ੍ਰੇਰਨਾ ਦਿੰਦੇ ਹਨ ?



Downloaded from https:// www.studiestoday.com

Downloaded from https:// www.studiestoday.com

(ਸ) 'ਸਾਧੋ ਮਨ ਕਾ ਮਾਨ ਤਿਆਗਉ' ਰਚਨਾ ਅਨੁਸਾਰ ਕਿਹੜੀ ਬੁਰਾਈ ਨੂੰ ਤਿਆਗ ਕੇ ਨਿਰਬਾਣ-ਪਦ (ਉੱਚੀ ਪਦਵੀ) ਪ੍ਰਾਪਤ ਕੀਤਾ ਜਾ ਸਕਦਾ ਹੈ।

(ਹ) ਤੁਹਾਡੀ ਪਾਠ-ਪੁਸਤਕ ਵਿੱਚ ਸ਼ਾਮਲ 'ਇਹ ਜਗਿ ਮੀਤੁ ਨ ਦੇਖਿਓ ਕੋਈ' ਹੇਠਾਂ ਲਿਖਿਆਂ ਵਿੱਚੋਂ ਕਿਹੜੇ ਗੁਰੂ ਸਾਹਿਬ ਦੀ ਰਚਨਾ ਹੈ:

(*i*) ਗੁਰੂ ਅਰਜਨ ਦੇਵ ਜੀ

(*ii*) ਗੁਰੂ ਤੇਗ਼ ਬਹਾਦਰ ਜੀ

(ਕ) ਗੁਰੂ ਤੇਗ਼ ਬਹਾਦਰ ਜੀ ਕਿਹੜੇ-ਕਿਹੜੇ ਰਿਸ਼ਤਿਆਂ ਨੂੰ ਵਿਅਰਥ ਦੱਸਦੇ ਹਨ ?

(ਖ) 'ਦੀਨਾ ਨਾਥ' ਤੋਂ ਕੀ ਭਾਵ ਹੈ ?

******



Downloaded from https:// www.studiestoday.com

Downloaded from https:// www.studiestoday.com

# ਕਿੱਸਾ-ਕਾਵਿ

## ਪੀਲੂ

ਪੀਲੂ ਅਕਬਰ ਦੇ ਸਮੇਂ ਦਾ ਦੂਜਾ ਪ੍ਰਸਿੱਧ ਕਿੱਸਾਕਾਰ ਹੋਇਆ ਹੈ। ਆਪ ਦੇ ਜਨਮ ਬਾਰੇ ਕੋਈ ਪ੍ਰਮਾਣਿਕ ਜਾਣਕਾਰੀ ਹਾਸਲ ਨਹੀਂ ਹੁੰਦੀ। ਉਹ ਪੀਲੂ ਪਿੰਡ ਵੈਰੋਵਾਲ ਜ਼ਿਲ੍ਹਾ ਅੰਮ੍ਰਿਤਸਰ ਦੇ ਰਹਿਣ ਵਾਲ਼ੇ ਸਨ। ਆਪ ਨੇ ਸਭ ਤੋਂ ਪਹਿਲਾਂ 'ਮਿਰਜ਼ਾ ਸਾਹਿਬਾਂ' ਦੀ ਪ੍ਰੀਤ-ਕਹਾਣੀ ਨੂੰ ਕਲਮਬੰਦ ਕੀਤਾ। ਕਿੱਸਾ 'ਮਿਰਜ਼ਾ ਸਾਹਿਬਾਂ' ਆਪ ਨੇ ਸੱਦ ਕਾਵਿ-ਰੂਪ ਵਿੱਚ ਲਿਖਿਆ ਹੈ। ਇਸ ਦਾ ਇੱਕ ਵਿਸ਼ੇਸ਼ ਗੁਣ ਇਹ ਵੀ ਹੈ ਕਿ ਇਸ ਵਿੱਚ ਮਾਝੇ ਦੀ ਸਿੱਧੀ ਸਾਦੀ-ਬੋਲੀ, ਢੁਕਵੇਂ ਅਤੇ ਨਾਟਕੀ ਬਿਆਨ ਅਤੇ ਢੁਕਵੇਂ ਅਲੰਕਾਰਾਂ ਦੀ ਵਰਤੋਂ ਕਰਕੇ ਤਤਕਾਲੀ ਸਮਾਜ ਦਾ ਚਿੱਤਰ ਪੇਸ਼ ਕੀਤਾ ਗਿਆ ਹੈ। ਹਾਫ਼ਿਜ਼ ਬਰਖ਼ੁਰਦਾਰ ਅਤੇ ਅਹਿਮਦਯਾਰ ਨੇ ਪੀਲੂ ਦੀ ਕਾਵਿ-ਕਲਾ ਨੂੰ ਬਹੁਤ ਸਲਾਹਿਆ ਹੈ।

ਹਥਲੇ ਕਾਵਿ-ਸੰਗ੍ਰਹਿ ਵਿੱਚ ਕਿੱਸਾ 'ਮਿਰਜ਼ਾ ਸਾਹਿਬਾਂ' ਵਿੱਚੋਂ 'ਮਿਰਜ਼ੇ ਨੂੰ ਸਾਹਿਬਾਂ ਦੇ ਵਿਆਹ ਬਾਰੇ ਪਤਾ ਲੱਗਣਾ', 'ਮਾਂ ਦਾ ਮਿਰਜ਼ੇ ਨੂੰ ਸਮਝਾਉਣਾ', 'ਮਿਰਜ਼ੇ ਦਾ ਉੱਤਰ', 'ਮਿਰਜ਼ੇ ਦਾ ਸਾਹਿਬਾਂ ਨੂੰ ਲੈ ਜਾਣਾ', 'ਸਾਹਿਬਾਂ ਅਤੇ ਮਿਰਜ਼ੇ ਦੀ ਵਾਰਤਾਲਾਪ', 'ਡੋਗਰ ਦਾ ਖੀਵੇ ਖ਼ਾਨ ਨੂੰ ਸਾਹਿਬਾਂ ਦੇ ਜਾਣ ਬਾਰੇ ਦੱਸਣਾ' ਅਤੇ 'ਸਾਹਿਬਾਂ ਤੇ ਮਿਰਜ਼ੇ ਦੀ ਆਪਸੀ ਵਾਰਤਾਲਾਪ' ਅਤੇ 'ਮਿਰਜ਼ੇ ਦੀ ਮੌਤ' ਨਾਲ਼ ਸੰਬੰਧਿਤ ਚੋਣਵੇਂ ਕਾਵਿ-ਬੰਦ ਸ਼ਾਮਲ ਕੀਤੇ ਗਏ ਹਨ।

### ਮਿਰਜ਼ੇ ਨੂੰ ਸਾਹਿਬਾਂ ਦੇ ਵਿਆਹ ਬਾਰੇ ਪਤਾ ਲੱਗਣਾ

ਸਿਆਲਾਂ ਤੋਂ ਬਾਹਮਣ ਤੁਰ ਪਿਆ, ਪਿਆ ਖਰਲਾਂ ਦੀ ਰਾਹ।
ਕੋਲ ਮਿਰਜ਼ੇ ਦੇ ਆ ਕੇ, ਦੱਸ ਦਿੱਤੀ ਸਾਹੇ ਦੀ ਪਾ।
ਮਹਿੰਦੀ ਸਾਹਿਬਾਂ ਦੇ ਵਿਆਹ ਦੀ, ਚੱਲ ਕੇ ਹੱਥੀਂ ਆਪਣੀ ਲਾ।
ਭੇਜਿਆ ਸਾਹਿਬਾਂ ਦਾ ਆ ਗਿਆ, ਛੇਤੀ ਹੋਇ ਤਿਆਰ।

### ਮਾਂ ਦਾ ਮਿਰਜ਼ੇ ਨੂੰ ਸਮਝਾਉਣਾ

ਚੜ੍ਹਦੇ ਮਿਰਜ਼ੇ ਖ਼ਾਨ ਨੂੰ ਮੱਤੀਂ ਦੇਵੇ ਮਾਂ।
ਬੁਰੇ ਸਿਆਲਾਂ ਦੇ ਮਾਮਲੇ, ਬੁਰੀ ਸਿਆਲਾਂ ਦੀ ਰਾਹ।
ਬੁਰੀਆਂ ਸਿਆਲਾਂ ਦੀਆਂ ਔਰਤਾਂ, ਜਾਦੂ ਲੈਂਦੀਆਂ ਪਾ।
ਕੱਢ ਕਲੇਜੇ ਖਾਂਦੀਆਂ, ਮੇਰੇ ਝਾਟੇ ਤੇਲ ਨਾ ਪਾ।
ਰੰਨ ਦੀ ਖ਼ਾਤਰ ਚੱਲਿਆ, ਆਵੇਂ ਜਾਨ ਗਵਾਇ।
ਆਖੇ ਮੇਰੇ ਲੱਗ ਜਾ, ਅੱਗੇ ਪੈਰ ਨਾ ਪਾਇ।



Downloaded from https:// www.studiestoday.com

Downloaded from https:// www.studiestoday.com

## ਮਿਰਜ਼ੇ ਦਾ ਉੱਤਰ

ਅੱਗੋਂ ਮਿਰਜ਼ਾ ਬੋਲਿਆ, ਦੇਵਾਂ ਸੱਚ ਸਲਾਹ।
ਘਰ ਵੰਝਲ ਦੇ ਜੰਮਿਆ, ਦਿੱਤੀ ਕੁਲ ਸਵਾਰ।
ਸੱਦਿਆ ਸਾਹਿਬਾਂ ਸਿਆਲ, ਕੀਕੁਰ ਦਿਆਂ ਜਵਾਬ।
ਜੀਂਵਦਾ ਰਹਿਆ ਤਾਂ ਆ ਮਿਲਾਂ, ਮਤ ਛੋਡਿਓ ਆਸ।
ਮਿਰਜ਼ਾ ਸਿਆਲਾਂ ਨੂੰ ਟੁਰ ਪਿਆ, ਚੱਲਿਆ ਹਵਾ ਸਵਾਰ।
ਮਿਰਜ਼ਾ ਪੁੱਛੇ ਪੀਲੂ ਸ਼ਾਇਰ ਨੂੰ, ਦੱਸੀਂ ਸ਼ਗਨ ਵਿਚਾਰ॥

## ਮਿਰਜ਼ੇ ਦਾ ਸਾਹਿਬਾਂ ਨੂੰ ਲੈ ਜਾਣਾ

ਅੱਗੋਂ ਮਿਰਜ਼ਾ ਬੋਲਦਾ, ਤੂੰ ਸੁਣ ਜਾਮ ਲੁਹਾਰ।
ਕਿਆ ਸੁੱਤਾ ਕਿਆ ਜਾਗਦਾ, ਕੀ ਤੂੰ ਗਇਆ ਪਵਾਰ।
ਮਜੂਰੀ ਲੈ ਲਈਂ ਆਪਣੀ, ਕਿੱਲੀਆਂ ਦੇਈਂ ਹਜ਼ਾਰ।
ਜੇ ਤੂੰ ਭਾਈ ਧਰਮ ਦਾ, ਸਾਹਿਬਾਂ ਟੋਰੀਂ ਨਾਲ।
ਮਿਰਜ਼ੇ ਕਿੱਲੀਆਂ ਗੱਡੀਆਂ, ਪੰਜੇ ਪੀਰ ਮਨਾ।
ਪੌੜੀ-ਪੌੜੀ ਜੱਟ ਚੜ੍ਹ ਗਿਆ, ਉਪਰ ਚੜ੍ਹਿਆ ਜਾ।
ਉਪਰੋਂ ਸਾਹਿਬਾਂ ਉਤਰੀ, ਪੈ ਗਈ ਛਣਕਾਰ।

## ਸਾਹਿਬਾਂ ਤੇ ਮਿਰਜ਼ੇ ਦੀ ਵਾਰਤਾਲਾਪ

**ਸਾਹਿਬਾਂ :** ਸਾਲੂ ਦਾ ਪੱਲਾ ਅਟਕਿਆ, ਰਤਾ ਕੁ ਬੱਕੀ ਨੂੰ ਫੇਰ।

**ਮਿਰਜ਼ਾ :** ਅੱਗੇ ਘਰ ਬਾਪ ਦਾ, ਨੌਂ ਲੱਖਾ ਲੈ ਦਿਆਂ ਸਾਲੂਆਂ ਦਾ ਢੇਰ।
ਚੜ੍ਹੀ ਰਹਿ ਬੱਕੀ ਦੀ ਬੇਲ 'ਤੇ, ਸੁਖ ਮਿਰਜ਼ੇ ਦੀ ਲੋੜ।

**ਸਾਹਿਬਾਂ :** ਮਾੜੀ ਤੇਰੀ ਟੈਰਕੀ ਮਿਰਜ਼ਿਆ, ਲਿਆਇਆ ਕਿਧਰੋਂ ਟੋਰ।
ਸੁੱਕਾ ਏਹਦਾ ਚੌਖਟਾ, ਕਾਂਵਾਂ ਖਾਧੀ ਕਮਰੋੜ।
ਜੇ ਘਰ ਨਾ ਆਹੀ ਤੇਰੇ ਬਾਪ ਦੇ, ਮੰਗ ਲਿਆਉਂਦੋਂ ਹੋਰ।
ਘੋੜੀ ਖੀਵੇ ਖ਼ਾਨ ਦੀ, ਬੜੀ ਮਰਾਤਬ ਖੋਰ।
ਭੱਜਿਆਂ ਨੂੰ ਜਾਣ ਨਾ ਦੇਣਗੇ, ਉੱਧਲ ਗਈਆਂ ਦੇ ਚੋਰ।
ਵਿੱਚ ਉਜਾੜ ਦੇ ਮਾਰਦੇ, ਤੇਰੀ ਸੁੱਟਣ ਧੌਣ ਮਰੋੜ।

**ਮਿਰਜ਼ਾ :** ਕੰਨ ਲੰਮੇ ਖੁਰ ਪਤਲੇ, ਦੁੰਮ ਬੱਕੀ ਦੀ ਸਿਆਹ।
ਦੇਖ ਕੇ ਇਸ ਦੀ ਤੋਰ ਨੂੰ, ਝੋਰੇ ਚਿਤ ਨਾ ਪਾ।



Downloaded from https:// www.studiestoday.com

Downloaded from https:// www.studiestoday.com

ਬਾਈ ਡੋਗਰ ਜਿਨ੍ਹਾਂ ਦੇ, ਬਹਿਣ ਪੁਆਂਦੀ ਆ।
ਬਾਪ ਦੇ ਖੱਤਿਆਂ ਚਰ ਕੇ, ਬੱਕੀ ਨੇ ਲਈਆਂ ਬਣਾ।
ਦਸ ਮਹੀਆਂ ਦਾ ਘਿਉ ਦਿੱਤਾ, ਬੱਕੀ ਦੇ ਢਿੱਡ ਪਾ।
ਬੱਕੀ ਤੋਂ ਡਰਨ ਫ਼ਰਿਸ਼ਤੇ, ਤੇ ਮੈਤੋਂ ਡਰੇ ਖ਼ੁਦਾ।
ਚੁੱਭੀ ਵਿੱਚ ਪਤਾਲ ਲਾ, ਉਡ ਕੇ ਚੜ੍ਹੇ ਅਕਾਸ਼।
ਚੜ੍ਹਨਾ ਆਪਣੀ ਮੌਜ ਨੂੰ, ਬੱਕੀ ਨੂੰ ਲਾਜ ਨਾ ਲਾ।

### ਡੋਗਰ ਦਾ ਖੀਵੇ ਖ਼ਾਨ ਨੂੰ ਸਾਹਿਬਾਂ ਦੇ ਜਾਣ ਬਾਰੇ ਦੱਸਣਾ

ਫ਼ੀਰੋਜ਼ ਡੋਗਰ ਕੂਕਿਆ, ਸੁਣ ਖ਼ਾਨ ਖੀਵਾ ਮੇਰੀ ਬਾਤ।
ਸਾਹਿਬਾਂ ਨੂੰ ਮਿਰਜ਼ਾ ਲੈ ਗਿਆ, ਰੋਂਦੀ ਕੁੰਡੀ ਦੀ ਬਾਰ।
ਲਾ ਗਿਆ ਲਾਜ ਸਿਆਲਾਂ ਨੂੰ, ਗਿਆ ਸੀ ਦਾਗ਼ ਲਾ।
ਘੋੜੇ ਪਾਉ ਪੈਖਰਾਂ, ਪੈਦਲ ਹੋ ਜਾਣ ਸਵਾਰ।
ਰਸਤੇ ਪਵੋ ਪੈਦਲੇ, ਮੁੰਡ ਮਲੋ ਅਸਵਾਰ।
ਸ਼ਾਵਾ ਮਿਰਜ਼ਾ ਮਾਰਨਾ, ਕਰਕੇ ਕੌਲ ਕਰਾਰ।

### ਸਾਹਿਬਾਂ ਅਤੇ ਮਿਰਜ਼ਾ

**ਸਾਹਿਬਾਂ :** ਜੰਡ ਦੇ ਹੇਠ ਜੱਟ ਸੌਂ ਰਿਹਾ, ਉਠ ਕੇ ਸੁਰਤਿ ਸੰਮਾਲ।
ਬੱਕੀ ਤੈਨੂੰ ਛੱਡ ਕੇ ਉਠ ਗਈ, ਜਿਸ ਉੱਤੇ ਬੜਾ ਇਤਬਾਰ।
ਨਾਰਦ ਛੱਡ ਕੇ ਉਠ ਗਿਆ, ਤੇਰਾ ਮੁਢ ਕਦੀਮਾਂ ਦਾ ਯਾਰ।
ਮਾਰਨ ਸਾਹਿਬਾਂ ਨੂੰ ਆ ਗਿਆ, ਜ੍ਹਿਦਾ ਕਰਦਾ ਨ ਸੀ ਇਤਬਾਰ।

**ਮਿਰਜ਼ਾ :** ਮੇਰੇ ਉੱਪਰ ਨ ਕੋਈ ਦੀਂਹਦਾ ਸੂਰਮਾ, ਜਿਹੜਾ ਮੇਰੇ ਪੁਰ ਵਾਰ ਕਰੇ।
ਮਾਰ ਕੋਹਾਂ ਤੇਰੇ ਜਿੰਨੇ ਨੇ, ਪਾਸ ਤੇਰੇ ਵੀਰ ਖੜ੍ਹੇ
ਝਟ ਕੁ ਝੂਟਾ ਜੰਡ ਹੇਠ ਲੈਣ ਦੇ, ਜਿਹੜੀ ਖ਼ੁਦਾ ਕਰੇ।
ਅੱਜ ਦੀ ਘੜੀ ਸੌਂ ਲੈਣ ਦੇ, ਦੂਜੀ ਘੜੀ ਦਾਨਾਬਾਦ ਵੜੇ।

**ਸਾਹਿਬਾਂ :** ਅੱਗੋਂ ਸਾਹਿਬਾਂ ਬੋਲਦੀ, ਮੰਨ ਮਿਰਜ਼ਾ ਮੇਰੀ ਸਲਾਹ।
ਚੜ੍ਹ, ਬੱਕੀ ਨੂੰ ਪਾਵੀਂ ਰਾਹ ਖਰਲਾਂ ਦੇ, ਲੈ ਚੱਲ ਦਾਨਾਬਾਦ।
ਸਿਆਲਾਂ ਦੀਆਂ ਘੋੜੀਆਂ ਆਦਮ ਖਾਣੀਆਂ, ਨਿੱਤ ਰੋਕ ਲੈਂਦੀਆਂ ਰਾਹ।
ਜੇ ਤੂੰ ਮਿਰਜ਼ਿਆ ਸੂਰਮਾ, ਮੇਰੀ ਸਾਹਿਬਾਂ ਦੀ ਓੜ ਨਿਬਾਹ।

**ਮਿਰਜ਼ਾ :** ਮਿਰਜ਼ੇ ਵਿੱਚ ਵੱਡਾ ਗ਼ੁਮਾਨ ਥਾ, ਫਿਰ ਸੌਂ ਗਿਆ ਜੰਡੋਰੇ ਦੇ ਪਾਸ।



Downloaded from https:// www.studiestoday.com

Downloaded from https:// www.studiestoday.com

ਮੈਂ ਵਲ-ਵਲ ਵੱਢ ਦੇਊਂਗਾ ਸੂਰਮੇ, ਦੇਊਂਗਾ ਪੂਰ ਖਪਾ।
ਮੈਨੂੰ ਝੱਟ ਕੁ ਢੌਂਕਾ ਲਾ ਲੈਣ ਦੇ, ਮੈਨੂੰ ਸੁੱਤੇ ਨੂੰ ਨਾ ਜਗਾ।
ਦਿਨ ਚੜ੍ਹੇ ਨੂੰ ਚੱਲਾਂਗੇ, ਤੈਨੂੰ ਲੈ ਚੱਲਾਂ ਦਾਨਾਬਾਦ।

## ਮਿਰਜ਼ੇ ਦੀ ਮੌਤ

ਹੋਣੀ ਮਿਰਜ਼ੇ 'ਤੇ ਕੁੱਦ ਪਈ, ਰਲੀ ਸਿਆਲਾਂ ਦੇ ਨਾਲ।
ਛੁੱਟੀ ਕਾਨੀ ਗਜ਼ਬ ਦੀ, ਲੈ ਗਈ ਮਿਰਜ਼ੇ ਨੂੰ ਨਾਲ।
ਰੂਹ ਮਿਰਜ਼ੇ ਦੀ ਨਿਕਲ ਗਈ, ਲੱਗੀ ਜੰਡੋਰੇ ਨਾਲ।
ਮੰਦਾ ਕੀਤਾ ਈ ਸਾਹਿਬਾਂ, ਤੂੰ ਰਲ ਗਈ ਸਿਆਲਾਂ ਦੇ ਨਾਲ।

**ਸ਼ਬਦ-ਅਰਥ :**

**ਸਾਹਾ**-ਵਿਆਹ ਦਾ ਦਿਨ ਬੰਨ੍ਹਣਾ। **ਪਵਾਰ**—ਜਮ-ਲੋਕ ਦੀ ਯਾਤਰਾ, ਲੋਕ ਪ੍ਰਸਿੱਧ ਕਥਾ ਹੈ ਕਿ ਜਮਦੂਤ ਕਿਸੇ ਪ੍ਰਾਣੀ ਨੂੰ ਜਮਲੋਕ ਨੂੰ ਲੈ ਜਾਂਦੇ ਹਨ, ਪਰ ਜਮ ਉਸ ਦੇ ਹਿਸਾਬ ਨੂੰ ਦੇਖ ਕੇ ਕਿ ਅਜੇ ਇਸ ਦੀ ਮੌਤ ਦਾ ਵੇਲ਼ਾ ਨਹੀਂ, ਫੇਰ ਮੋੜ ਦੇਂਦਾ ਹੈ ਅਤੇ ਮੁਰਦੇ ਵਿੱਚ ਫਿਰ ਪ੍ਰਾਣ ਆ ਜਾਂਦੇ ਹਨ। **ਬੇਲ**—ਪਿੱਠ, ਧੜ, ਮੋਢੇ ਤੋਂ ਲੈ ਕੇ ਕਮਰ ਤੀਕ ਦਾ ਭਾਗ। **ਟੈਰਕੀ**—ਟੈਰ। **ਕਮਰੋੜ**—ਲੱਕ ਦੀ ਹੱਡੀ। **ਮਰਾਤਬ ਖੋਰ**—ਨਿਹਾਗੀ ਜਾਣ ਵਾਲ਼ੀ। **ਦੁੰਮ**—ਪੂਛ। **ਝੋਰੇ**—ਫ਼ਿਕਰ ਵਿੱਚ। **ਪੈਖਰਾਂ**—ਘੋੜੇ, ਹਾਥੀ ਦਾ ਲੋਹੇ ਦਾ ਜ਼ੰਜੀਰਦਾਰ ਝੁੱਲ। **ਮੁੰਡ**—ਸ਼ਾਖ਼ਾ ਰਹਿਤ ਬਿਰਖ ਦਾ ਧੜ, ਮੁੰਨਾ। **ਦੀਂਹਦਾ**—ਦਿਸਦਾ। **ਸੂਰਮਾ**—ਸੂਰਬੀਰ। **ਪੁਰ**—ਉੱਤੇ। **ਵਾਰ**—ਹਮਲਾ। **ਕੋਹਾਂ**—ਵੱਢ ਸੁੱਟਾਂ। **ਝਟ ਕੁ**—ਥੋੜ੍ਹੀ ਦੇਰ। **ਗੁਮਾਨ**-ਅਭਿਮਾਨ, ਹੰਕਾਰ।

## ਅਭਿਆਸ

1. **ਹੇਠਾਂ ਲਿਖੇ ਕਾਵਿ-ਬੰਦਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :**

(ੳ) ਦਸ ਮਹੀਆਂ ਦਾ ਘਿਉ ਦਿੱਤਾ, ਬੱਕੀ ਦੇ ਢਿੱਡ ਪਾ।
ਬੱਕੀ ਤੋਂ ਡਰਨ ਫ਼ਰਿਸ਼ਤੇ, ਤੇ ਮੈਤੋਂ ਡਰੇ ਖ਼ੁਦਾ।
ਚੁੱਭੀ ਵਿੱਚ ਪਤਾਲ ਲਾ, ਉਡ ਕੇ ਚੜ੍ਹੇ ਅਕਾਸ਼।
ਚੜ੍ਹਨਾ ਆਪਣੀ ਮੌਜ ਨੂੰ, ਬੱਕੀ ਨੂੰ ਲਾਜ ਨਾ ਲਾ।

(ਅ) ਹੋਣੀ ਮਿਰਜ਼ੇ 'ਤੇ ਕੁੱਦ ਪਈ, ਰਲੀ ਸਿਆਲਾਂ ਦੇ ਨਾਲ।
ਛੁੱਟੀ ਕਾਨੀ ਗਜ਼ਬ ਦੀ, ਲੈ ਗਈ ਮਿਰਜ਼ੇ ਨੂੰ ਨਾਲ।
ਰੂਹ ਮਿਰਜ਼ੇ ਦੀ ਨਿਕਲ ਗਈ, ਲੱਗੀ ਜੰਡੋਰੇ ਨਾਲ।
ਮੰਦਾ ਕੀਤਾ ਈ ਸਾਹਿਬਾਂ, ਤੂੰ ਰਲ ਗਈ ਸਿਆਲਾਂ ਦੇ ਨਾਲ।



Downloaded from https:// www.studiestoday.com

Downloaded from https:// www.studiestoday.com

2. **ਵਸਤੁਨਿਸ਼ਠ ਪ੍ਰਸ਼ਨ—**

(ੳ) ਪੀਲੂ ਦਾ ਲਿਖਿਆ ਕਿਹੜਾ ਕਿੱਸਾ ਤੁਹਾਡੀ ਪਾਠ-ਪੁਸਤਕ ਵਿੱਚ ਸ਼ਾਮਲ ਹੈ ?

(ਅ) ਕਿੱਸਾ 'ਮਿਰਜ਼ਾ ਸਾਹਿਬਾਂ' ਵਿੱਚ ਮਿਰਜ਼ੇ ਨੂੰ ਘਰੋਂ ਜਾਣ ਸਮੇਂ ਕੌਣ ਸਮਝਾਉਂਦਾ ਹੈ ?

(ੲ) ਵੰਝਲ ਮਿਰਜ਼ੇ ਦਾ ਕੀ ਲਗਦਾ ਸੀ ?

(ਸ) ਮਿਰਜ਼ਾ ਕਿਸ ਤੋਂ ਕਿੱਲੀਆਂ ਪ੍ਰਾਪਤ ਕਰਦਾ ਹੈ ?

(ਹ) ਮਿਰਜ਼ਾ ਤੇ ਸਾਹਿਬਾਂ ਦਰਮਿਆਨ ਕਿਸ ਪਸ਼ੂ ਸੰਬੰਧੀ ਵਾਰਤਾਲਾਪ ਹੁੰਦਾ ਹੈ ?

(ਕ) ਪੰਜਾਬੀ ਕਿੱਸਾ-ਕਾਵਿ ਅਨੁਸਾਰ ਜੰਡ ਹੇਠ ਸੌਂ ਰਹੇ ਕਿਸ ਪ੍ਰੀਤ-ਨਾਇਕ ਨੂੰ ਮਾਰਿਆ ਜਾਂਦਾ ਹੈ ?

- (*i*) ਰਾਂਝਾ
- (*ii*) ਮਿਰਜ਼ਾ
- (*iii*) ਪੁਨੂੰ
- (*iv*) ਮਜਨੂੰ

(ਖ) ਮਿਰਜ਼ੇ ਨੂੰ ਜੰਡ ਹੇਠ ਸੌਂਣ ਤੋਂ ਕੌਣ ਰੋਕਦਾ ਹੈ ?

(ਗ) ਕਿੱਸੇ ਅਨੁਸਾਰ ਮਿਰਜ਼ਾ ਕਿੱਥੋਂ ਦਾ ਰਹਿਣ ਵਾਲ਼ਾ ਸੀ ?

****



Downloaded from https:// www.studiestoday.com

Downloaded from https:// www.studiestoday.com

# ਹਾਫ਼ਿਜ਼ ਬਰਖ਼ੁਰਦਾਰ

ਹਾਫ਼ਿਜ਼ ਬਰਖ਼ੁਰਦਾਰ ਸਤਾਰ੍ਹਵੀਂ ਸਦੀ ਦਾ ਪ੍ਰਸਿੱਧ ਕਿੱਸਾਕਾਰ ਹੈ। ਆਪ ਦੇ ਜਨਮ ਬਾਰੇ ਕੋਈ ਪ੍ਰਮਾਣਿਕ ਜਾਣਕਾਰੀ ਪ੍ਰਾਪਤ ਨਹੀਂ ਹੁੰਦੀ। ਆਪ ਨੇ ਤਿੰਨ ਕਿੱਸੇ 'ਸੱਸੀ ਪੁੰਨੂੰ', 'ਮਿਰਜ਼ਾ ਸਾਹਿਬਾਂ' ਅਤੇ 'ਯੂਸਫ਼ ਜ਼ੁਲੈਖ਼ਾਂ' ਲਿਖੇ ਹਨ। ਇਹਨਾਂ ਕਿੱਸਿਆਂ ਤੋਂ ਇਲਾਵਾ ਕੁਝ ਹੋਰ ਰਚਨਾਵਾਂ ਵੀ ਹਾਫ਼ਿਜ਼ ਬਰਖ਼ੁਰਦਾਰ ਦੇ ਨਾਂ ਅਧੀਨ ਲਿਖੀਆਂ ਦੱਸੀਆਂ ਜਾਂਦੀਆਂ ਹਨ। ਹਾਫ਼ਿਜ਼ ਬਰਖ਼ੁਰਦਾਰ ਨੇ ਯੂਸਫ਼ ਜ਼ੁਲੈਖ਼ਾਂ ਦੀ ਪ੍ਰੇਮ ਕਹਾਣੀ ਨੂੰ ਸਭ ਤੋਂ ਪਹਿਲਾਂ ਪੰਜਾਬੀ ਵਿੱਚ ਕਵਿਤਾਇਆ। ਆਪ ਦੀਆਂ ਰਚਨਾਵਾਂ ਵਿੱਚ ਫ਼ਾਰਸੀ ਸ਼ਬਦਾਵਲੀ ਦੀ ਭਰਮਾਰ ਹੈ। ਆਪ ਨੇ ਕਿੱਸਿਆਂ ਨੂੰ ਫ਼ਲਸਫ਼ੀਆਨਾ ਰੰਗਣ ਦਿੱਤੀ, ਖ਼ਾਸ ਕਰਕੇ ਯੂਸਫ਼ ਜ਼ੁਲੈਖ਼ਾਂ ਦੇ ਕਿੱਸੇ ਵਿੱਚ ਇਹ ਰੰਗ ਵਧੇਰੇ ਉੱਘੜਿਆ ਹੈ।

ਹਥਲੇ ਕਾਵਿ-ਸੰਗ੍ਰਹਿ ਲਈ ਆਪ ਦੀ ਰਚਨਾ 'ਯੂਸਫ਼ ਜ਼ੁਲੈਖ਼ਾਂ' ਵਿੱਚੋਂ 'ਯੂਸਫ਼ ਦੀ ਖ਼ੂਬਸੂਰਤੀ ਦੀ ਪ੍ਰਸੰਸਾ', ਮਿਸਰ ਦੀਆਂ ਔਰਤਾਂ ਦਾ 'ਯੂਸਫ਼ ਨੂੰ ਦੇਖ ਕੇ ਸੁੱਧ-ਬੁੱਧ ਗੁਆਉਣਾ', ਜ਼ੁਲੈਖ਼ਾਂ ਦੇ ਹੁਸਨ ਦੀ ਪ੍ਰਸੰਸਾ', 'ਜ਼ੁਲੈਖ਼ਾਂ ਦਾ ਸੱਤ ਛੱਤਾ ਮਹੱਲ ਬਣਵਾਉਣਾ', 'ਯੂਸਫ਼ ਦਾ ਸ਼ਿਕਾਰ ਖੇਡਣ ਚੜ੍ਹਨਾ' ਅਤੇ 'ਕਾਫ਼ਲੇ ਵਾਲਿਆਂ ਦਾ ਆਉਣਾ ਅਤੇ ਯੂਸਫ਼ ਨੂੰ ਖੂਹ ਵਿੱਚੋਂ ਬਾਹਰ ਕੱਢਣਾ' ਨਾਲ਼ ਸੰਬੰਧਿਤ ਬੰਦ ਸ਼ਾਮਲ ਕੀਤੇ ਗਏ ਹਨ। ਹਾਫ਼ਿਜ਼ ਬਰਖ਼ੁਰਦਾਰ ਨੇ ਯੂਸਫ਼ ਅਤੇ ਜ਼ੁਲੈਖ਼ਾਂ ਦੀ ਸੁੰਦਰਤਾ ਦਾ ਵਰਨਣ ਕਰਨ ਲਈ ਤਸ਼ਬੀਹਾਂ, ਫ਼ਾਰਸੀ ਸ਼ਬਦਾਵਲੀ ਵਿੱਚੋਂ ਦਿੱਤੀਆਂ ਹਨ।

## ਯੂਸਫ਼ ਦੀ ਖ਼ੂਬਸੂਰਤੀ ਦੀ ਪ੍ਰਸੰਸਾ

ਹਰ ਹਰ ਬਹੁਤ ਤਮਾਸ਼ਾ ਡਿੱਠਾ ਆਦਮ ਵਿੱਚ ਸਫ਼ਾਂ ਦੇ।
ਚੰਨ ਜਿਵੇਂ ਵਿੱਚ ਤਾਰਿਆਂ ਰੌਸ਼ਨ ਯੂਸਫ਼ ਵਿੱਚ ਉਨ੍ਹਾਂ ਦੇ।
ਮਜਲਸ ਵਿੱਚ ਚਰਾਗਾ ਰੋਸ਼ਨ, ਸਫ਼ਾਂ ਅੰਦਰ ਰੁਸ਼ਨਾਈ।
ਬਾਦਸ਼ਾਹਾਂ ਛਤ੍ਰ ਉਹ ਦਿੱਸੇ, ਖ਼ੂਬੀ ਤੀਰ ਨਗਾਹੀ।
ਹੁਸਨ ਯੂਸਫ਼ ਦੀ ਹੱਦ ਨਾ ਕਾਈ, ਕਿਆ ਤਮਸੀਲ ਸੁਣਾਈ।
ਜੀਭਾ 'ਕੱਲੀ ਕਿੱਥੋਂ ਪਹੰਚੇ, ਮਦਹ ਯੂਸਫ਼ ਤੇ ਤਾਈਂ।
ਇੱਕ ਕਲਮ ਇੱਕ ਜੀਭ ਵਿਚਾਰੀ, ਕਿਚਰਕ ਕਰਸੀ ਯਾਰੀ।
ਰੂਪ ਹਿਸਾਬ ਸ਼ੁਮਾਰ ਨ ਕੋਈ, ਵਾਕਿਫ਼ ਖ਼ਲਕਤ ਸਾਰੀ।
ਜੋ ਤਾਰੀਫ਼ ਕਰੇਸੀ ਹਾਫ਼ਿਜ਼, ਲਖ ਹਿੱਸੇ ਥੀਂ ਹਿੱਸਾ।
ਉਮਰੇ ਅੰਦਰ ਤੱਮ ਨ ਹੋਵੇ, ਹੁਸਨ ਯੂਸਫ਼ ਦਾ ਕਿੱਸਾ।

## ਮਿਸਰ ਦੀਆਂ ਔਰਤਾਂ ਦਾ ਯੂਸਫ਼ ਨੂੰ ਦੇਖ ਕੇ ਸੁੱਧ-ਬੁੱਧ ਗੁਆਉਣਾ

ਨੈਣ ਯੂਸਫ਼ ਦੇ ਬਲਣ ਮਸ਼ਾਲਾਂ, ਝਾਤ ਜ਼ੁਲੈਖ਼ਾ ਪਾਈ।
ਜਲ ਬਲ ਖ਼ਾਕ ਹੋਈਆਂ ਸਭ ਰੰਨਾ, ਤਾਬਸ਼ ਰਹੀ ਨਾ ਕਾਈ।
ਇਕਨਾ ਚੋਲੀ ਕੱਪੜੇ ਪਾੜੇ, ਇਕਨਾ ਮਲਮਲ ਖਾਸੇ।



Downloaded from https:// www.studiestoday.com

Downloaded from https:// www.studiestoday.com

ਇੱਕ ਗਈਆਂ ਦਰ ਤੱਕ ਮਜਜ਼ੂਬਾ, ਇੱਕ ਕਰਨ ਪਈਆਂ ਹਾਸੇ।
ਪਲਕਾਂ ਤੀਰ ਜਿਗਰ ਵਿੱਚ ਮਾਰੇ, ਅਬਰੂ ਖਿੱਚ ਕਮਾਨਾ।
ਲੱਗੀ ਕਮਚੀ ਜ਼ੁਲਫ਼ ਯੂਸਫ਼ ਦੀ, ਭੁੱਲਾ ਹੋਸ਼ ਜ਼ਮਾਨਾ।
ਭੁੱਲ ਗਏ ਉਹ ਫ਼ਖਰ ਰੰਨਾਂ ਦੇ, ਲਾਫਾਂ ਵਿਸਰ ਗਈਆਂ।
ਯੂਸਫ਼ ਵੱਲ ਤਾਰਿਆਂ ਵਾਂਙੂੰ, ਤਰ ਤਰ ਵੇਖਣ ਪਈਆਂ।
ਛੁਰੀਆਂ ਨਾਲ ਤ੍ਰੰਜੀ ਕਰਦਿਆਂ, ਪੁਰਜ਼ੇ ਹੱਥ ਕੀਤੋ ਨੇ।
ਕਲਮ ਅੰਗੁਸ਼ਤਾ, ਸ਼ਿੰਗਰਫ਼ ਹੋਈਆਂ, ਸਰ ਖਤ ਲਿਖ ਦਿੱਤੋ ਨੇ।

## ਜ਼ੁਲੈਖ਼ਾਂ ਦੇ ਹੁਸਨ ਦੀ ਪ੍ਰਸੰਸਾ

ਸੂਰਤ ਏਸ ਹਿਸਾਬੋਂ ਬਾਹਰ, ਕਿਆ ਕਿਆ ਸਿਫ਼ਤ ਕਰੀਵੇ।
ਮੂੰਹ ਮਹਿਤਾਬ, ਸਨੋਬਰ ਕਾਮਤ, ਅੱਖੀਂ ਰੋਸ਼ਨ ਦੀਵੇ।
ਪਲਕਾਂ ਤੀਰ, ਕਮਾਨਾਂ ਅਬਰੂ, ਦੰਦ ਚੰਬੇ ਦੀਆਂ ਕਲੀਆਂ।
ਨਾਜ਼ਕ ਬਦਨ, ਸੁਰਾਹੀ ਗਰਦਨ, ਉਂਗਲੀਆਂ ਜਿਉ ਫਲੀਆਂ।
ਠੋਡੀ ਸੇਬ, ਅਲਫ਼ ਜੋ ਬੀਨੀ ਲੌਂਗ ਅਨਾਬ ਸਮਾਵੇ।
ਗੁਲ ਲਾਲੇ ਤੋਂ ਰੰਗ ਸਵਾਇਆ, ਦੇਖ ਪਰੀ ਸ਼ਰਮਾਵੇ।
ਜ਼ੁਲਫ਼ਾਂ ਪੇਚ ਪਾਏ ਰੁਖ਼ ਉੱਤੇ, ਵਾਂਙੂ ਕਾਲਿਆਂ ਨਾਗਾਂ।
ਹੁਸਨ ਜ਼ੁਲੈਖ਼ਾਂ ਓੜਕ ਨਾਰੀ ਸੌ ਲੱਖੀ ਜਗਾਂ।
ਪਿੰਡਾ ਮਖ਼ਮਲ ਪਸ਼ਮ ਸਹੇਂਦੀ, ਚੰਨਣ ਵੰਨੀ ਕਾਇਆਂ।
ਜਾਂ ਤੱਕ ਅਦਬ ਨ ਹੋਵੇ ਜ਼ਰਾ, ਸ਼ਰਹ ਲਿਖ ਰਖਾਈਆਂ।

## ਜ਼ੁਲੈਖ਼ਾਂ ਦਾ ਸੱਤ-ਛੱਤਾ ਮਹੱਲ ਬਣਵਾਉਣਾ

ਦਾਈ ਫ਼ਿਕਰ ਦਲੀਲਾਂ ਕਰਕੇ, ਸਤ ਮਹੱਲ ਬਣਾਏ।
ਹਰ ਹਰ ਵਿੱਚ ਜ਼ੁਲੈਖ਼ਾਂ ਯੂਸਫ਼, ਕੰਧਾਂ ਨਾਲ ਲਿਖਾਏ।
ਜਾ ਨਕਸ਼-ਨਿਹਾਰ ਮੁਰੱਤਬ ਹੋਇਆ, ਤਿਸੀ ਫਰਸ਼ ਵਿਛਾਏ।
ਰੱਤਾ ਪਲੰਗ ਸਫ਼ੇਦ ਨਿਹਾਲੀ, ਦੋਹਰੇ ਤਕੀਏ ਲਾਏ।
ਉਂਗਲ ਪਕੜ ਜ਼ੁਲੈਖ਼ਾਂ ਆਂਦਾ, ਯੂਸਫ਼ ਨਾਲ ਬਹਾਨੇ।
ਉਹ ਲੰਘ ਗਏ ਦਰਵਾਜ਼ੇ ਸੱਤੇ, ਮੁਹਕਮ ਕੁਫ਼ਲ ਦਿੱਤਾ ਨੇ।
ਸੂਹੀਆਂ ਸਾਵੀਆਂ ਅੰਬਰ ਦੂਨੀਆਂ, ਗੁਲ ਨਰਗਸ ਝੜ ਲਾਇਆ।
ਯੂਸਫ਼ ਆਤਿਸ਼ ਬਦਨ ਜ਼ੁਲੈਖ਼ਾਂ, ਤੇਲ ਸ਼ੰਗਾਰ ਪਾਇਆ।
ਲਾਲ ਜਵਾਹਰ ਚੋਲੀ ਪੰਨਾ, ਮਹਿੰਦੀ ਦਸਤ ਲਗਾਈ।

## ਯੂਸਫ਼ ਦਾ ਸ਼ਿਕਾਰ ਖੇਡਣ ਚੜ੍ਹਨਾ

ਇੱਕ ਦਿਨ ਕਸਦ ਸ਼ਿਕਾਰੋਂ ਯੂਸਫ਼, ਘੋੜਾ ਫੇਰ ਮੰਗਾਇਆ।
ਸੁਣ ਕਰ ਬੀਬੀ ਦਰ ਮਿਸਰ ਸ਼ਹਿਰ ਦੇ, ਡੇਰਾ ਆਣ ਸਜਾਇਆ।
ਤਨ ਫ਼ਰਤੂਤ ਜ਼ਈਫ਼ੀ ਪੀਰੀ, ਉੜ ਕੇ ਦੂਹਰੀ ਹੋਈ।



Downloaded from https:// www.studiestoday.com

Downloaded from https:// www.studiestoday.com

ਅੱਖੀਂ ਲੋ ਨ ਦੰਦ ਮੂੰਹੇਂ ਵਿੱਚ, ਡਿਗਦੀ ਆਣ ਖਲੋਈ।
ਫ਼ੌਜਾਂ ਆਵਣ ਲੰਘ-ਲੰਘ ਜਾਵਣ, ਆਈ ਖ਼ਾਸ ਸਵਾਰੀ।
ਦੋਵੇਂ ਦਸਤ ਉਠਾਇ ਜ਼ੁਲੈਖ਼ਾਂ, ਕੀਤੀ ਗਿਰੀਆ ਜ਼ਾਰੀ।
ਨਾਅਰਾ ਮਾਰੇ ਦਰਦ ਪੁਕਾਰੇ, ਕੂਕੇ ਖੁੱਲ੍ਹੀਂ ਬਾਹੀਂ।
ਮੈਂ ਮੌਤੋਂ ਲੰਘ ਅਗਾਹਾਂ ਗੁਜ਼ਰੀ, ਯੂਸਫ਼ ਸਮਝ ਕਦਾਹੀਂ।
ਕੱਦ ਅਲਫ਼ ਜੋ ਆਹਾ ਮੇਰਾ, ਜੀਮ ਕੀਤਾ ਗ਼ਮ ਤੇਰੇ।
ਪੁਰ ਕਰ ਕੈਬਰ ਲਾਇਆ ਯੂਸਫ਼, ਬੈਠਾ ਸੀਨੇ ਮੇਰੇ।

### ਕਾਫ਼ਲੇ ਵਾਲਿਆਂ ਦਾ ਆਉਣਾ ਤੇ ਯੂਸਫ਼ ਨੂੰ ਖੂਹ ਵਿੱਚੋਂ ਕੱਢਣਾ

ਖੂਹੇ ਅੰਦਰ ਤ੍ਰੈ ਦਿਹੁੰ ਰਾਤੀਂ, ਯੂਸਫ਼ ਬੈਠ ਲੰਘਾਏ।
ਹੋਇਆ ਕਰਮ ਰੱਬੇ ਦਾ ਜ਼ਾਹਿਰ, ਸੈ ਕਰਵਾਨੀ ਆਏ।
ਉਨ੍ਹਾਂ ਆਇਆ ਨਜ਼ਰ ਊਠਾਂ ਦਾ ਚਾਰਾ, ਖੂਹ ਡਿੱਠੋ ਨੇ ਪਾਣੀ।
ਗਿਰਦ ਬਗਿਰਦੇ ਖੂਹ ਕਿਨਾਰੇ, ਮੱਲ ਲਥੇ ਕਰਵਾਨੀ।
ਜਿਨ੍ਹਾਂ ਸੀ ਦਰਵਾਇਸ਼ ਪਾਣੀ, ਬੋਕਾ ਖੂਹ ਵਹਾਇਆ।
ਜਬਰਾਈਲ ਚਲਾਕੀ ਕਰਕੇ, ਯੂਸਫ਼ ਵਿੱਚ ਬਹਾਇਆ।
ਕੀਤੇ ਜ਼ੋਰ ਨਾ ਹਿੱਲੇ ਬੋਕਾ, ਅਜਬ ਤਮਾਸ਼ਾ ਬਣਿਆ।
ਚਲ ਕੇ ਜਮ੍ਹਾ ਹੋਏ ਕਰਵਾਨੀ, ਜ਼ੋਰ ਕੀਤਾ ਦਹ ਜਣਿਆ।
ਜਿਉਂ ਜਿਉਂ ਬੋਕਾ ਨੇੜੇ ਆਵੇ, ਲੋਇ ਖੂਹੇ ਵਿੱਚ ਲੱਗੇ।
ਵੇਖ ਹੋਏ ਮੁਤਹਯੱਰ ਸਾਰੇ, ਭੱਜ-ਭੱਜ ਹੋਵਣ ਅੱਗੇ।
ਐਸੀ ਕੁਦਰਤ ਤੇਰੀ ਥੀਂ ਕੁਰਬਾਨੀ ਹੋਈ, ਯਾਰ ਖ਼ੁਦਾਇਆ।
ਇਹ ਤਾਂ ਚੰਨ ਅਸਮਾਨੀ ਆਹਾ, ਖੂਹੇ ਵਿੱਚ ਕਿਨ ਪਾਇਆ।

ਸ਼ਬਦ-ਅਰਥ :

**ਸਫ਼ਾਂ**—ਪੰਕਤੀ, ਕਤਾਰ। **ਮਜਲਸ**—ਸਭਾ, ਇਕੱਠ, ਮੇਲ, ਜੋੜ। **ਤਮਸੀਲ**—ਉਪਮਾ ਦੇਣੀ, ਮਿਸਾਲ ਦੇਣੀ। **ਮਦਹ**—ਤਾਰੀਫ਼। **ਖ਼ਲਕਤ**—ਸੰਸਾਰ, ਸ੍ਰਿਸ਼ਟੀ। **ਤੱਮ**—ਖ਼ਤਮ। **ਖ਼ਾਕ**—ਮਿੱਟੀ, ਧੂੜ। **ਤਾਬਸ਼**—ਨੂਰ, ਚਿਹਰੇ ਦੀ ਰੌਣਕ। **ਮਜਜ਼ੂਬਾ**—ਭਵਾਂ। **ਕਮਚੀ**—ਪਤਲੀ ਛਟੀ। **ਲਾਫਾਂ**—ਚੌੜ ਹੋਣਾ, ਗੁਮਾਨ ਹੋਣਾ। **ਤ੍ਰੰਜੀ**—ਫਾੜੀਆਂ, ਡੱਕਰੇ। **ਕਲਮ ਹੋਈਆਂ**—ਕੱਟੀਆਂ ਗਈਆਂ। **ਅੰਗੁਸ਼ਤਾ**—ਉਂਗਲ਼ੀਆਂ। **ਸ਼ਿੰਗਰਫ਼**—ਲਹੂ-ਲੁਹਾਨ ਹੋਈਆਂ। **ਕਜੀਵੇ**—ਕਰੀਏ, ਕੀਤੀ ਜਾਵੇ। **ਸਨੋਬਰ ਕਾਮਤ**—ਸਨੋਬਰ ਦੇ ਰੁੱਖ ਵਾਂਗ ਉੱਚਾ-ਲੰਮਾ ਕੱਦ। **ਅੱਖੀਂ ਰੋਸ਼ਨ ਦੀਵੇ**—ਅੱਖਾਂ ਮਸ਼ਾਲਾਂ ਵਾਂਗ ਲਟ-ਲਟ ਜਗ ਰਹੀਆਂ ਸਨ। **ਨਾਜ਼ਕ**—ਸੂਖਮ। **ਬਦਨ**—ਸਰੀਰ। **ਬੀਨੀ**—ਨੱਕ (ਨੱਕ ਅਲਫ਼ ਦੇ ਅੱਖਰ ਵਾਂਗ ਤਿੱਖਾ)। **ਗੁਲ ਲਾਲਾ**—ਪੋਸਤ ਦਾ ਫੁੱਲ। **ਰੁਖ਼**—ਮੁੱਖ, ਗੱਲ੍ਹਾਂ। **ਕਾਗਾਂ**—ਕਾਗ਼ਜ਼। **ਅਦਬ**—ਸਨਮਾਨ,ਆਦਰ। **ਸ਼ਰਹ**—ਵਿਆਖਿਆ, ਵਿਸਤਾਰ। **ਵੰਨੀ**—ਵਰਗੀ। **ਅਦਬ**—ਮਾਣ, ਇੱਜ਼ਤ, ਆਦਰ। **ਨਕਸ਼ ਨਿਹਾਰ**—ਸਜਾਵਟ। **ਮੁਰੱਤਬ**—ਪੂਰਾ ਹੋਣਾ। **ਤਿਸੀ**—ਉੱਥੇ, ਤਿਸ ਥਾਂ, ਉਸ ਥਾਂ। **ਨਿਹਾਲੀ**—ਪਲੰਘ ਪੋਸ਼, ਰਜ਼ਾਈ। **ਮੁਹਕਮ**—ਹੁਕਮ ਕਰਨ ਵਾਲ਼ਾ। **ਕੁਫ਼ਲ**—ਬੁਰਾ ਫਲ, ਪਾਪ ਦਾ ਬਦਲਾ। **ਆਤਿਸ਼**—ਅੱਗ, ਅਗਨੀ। **ਦਸਤ**—ਹੱਥ। **ਕਸਦ**—ਸੰਕਲਪ,



Downloaded from https:// www.studiestoday.com

Downloaded from https:// www.studiestoday.com

ਵਿਚਾਰ, ਇਰਾਦਾ। **ਫਰਤੂਤ**—ਕੁੱਬਾ ਸਰੀਰ। **ਜ਼ਈਫੀ**—ਨਿਤਾਣਾ, ਕਮਜ਼ੋਰ, ਨਿਰਬਲ। **ਪੀਰੀ**- ਬਜ਼ੁਰਗੀ। **ਉੜ ਕੇ**—ਝੁਕ ਕੇ। **ਗਿਰੀਆ ਜ਼ਾਰੀ**—ਫਰਿਆਦ, ਬੇਨਤੀ, ਅਰਜ਼। **ਜੀਮ ਕੀਤਾ**—ਫ਼ਾਰਸੀ ਦੇ ਅੱਖਰ ਜੀਮ ਵਾਂਗ ਝੁਕਾ ਦਿੱਤਾ। **ਪੁਰ ਕਰ**—ਖਿੱਚ ਕੇ। **ਕੈਬਰ**—ਤੀਰ। **ਜ਼ਾਹਿਰ**—ਪ੍ਰਤੱਖ। **ਕਰਮ**—ਮਿਹਰ। **ਕਰਵਾਨੀ**—ਊਠ ਰੱਖਣ ਵਾਲ਼ਿਆਂ ਦਾ ਕਾਫ਼ਲਾ। **ਦਰਵਾਇਸ਼**—ਲੋੜ, ਦਰਕਾਰ। **ਦਹ**—ਦਸ। **ਲੋਇ**—ਜੋਤ, ਰੋਸ਼ਨੀ। **ਮੁਤਹੱਯਰ**—ਹਮਦਰਦ, ਮਿੱਤਰ। **ਕਿਨ**—ਕਿਸ ਨੇ।

## ਅਭਿਆਸ

1. ਹੇਠਾਂ ਲਿਖੇ ਕਾਵਿ-ਬੰਦਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

(ੳ) ਸੂਰਤ ਏਸ ਹਿਸਾਬੋਂ ਬਾਹਰ ਕਿਆ ਕਿਆ ਸਿਫ਼ਤ ਕਰੀਵੇ।
ਮੂੰਹ ਮਹਿਤਾਬ, ਸਨੋਬਰ ਕਾਮਤ, ਅੱਖੀਂ ਰੋਸ਼ਨ ਦੀਵੇ।
ਪਲਕਾਂ ਤੀਰ, ਕਮਾਨਾਂ, ਅਬਰੂ, ਦੰਦ ਚੰਬੇ ਦੀਆਂ ਕਲੀਆਂ।
ਨਾਜ਼ਕ ਬਦਨ, ਸੁਰਾਹੀ ਗਰਦਨ, ਉਂਗਲੀਆਂ ਜਿਉ ਫਲੀਆਂ।

(ਅ) ਖੂਹੇ ਅੰਦਰ ਤ੍ਰੈ ਦਿਹੁੰ ਰਾਤੀਂ, ਯੂਸਫ਼ ਬੈਠ ਲੰਘਾਏ।
ਹੋਇਆ ਕਰਮ ਰੱਬੇ ਦਾ ਜ਼ਾਹਿਰ, ਸੈ ਕਰਵਾਨੀ ਆਏ।
ਉਨ੍ਹਾਂ ਆਇਆ ਨਜ਼ਰ ਊਠਾਂ ਦਾ ਚਾਰਾ, ਖੂਹ ਡਿਠੋ ਨੇ ਪਾਣੀ।
ਗਿਰਦ ਬਗਿਰਦੇ, ਖੂਹ ਕਿਨਾਰੇ, ਮੱਲ ਲੱਥੇ ਕਰਵਾਨੀ।

2. **ਵਸਤੂਨਿਸ਼ਠ ਪ੍ਰਸ਼ਨ**—

(ੳ) 'ਯੂਸਫ਼ ਜ਼ੁਲੈਖ਼ਾਂ' ਕਿੱਸਾ ਕਿਸ ਕਿੱਸਾਕਾਰ ਦੀ ਰਚਨਾ ਹੈ ?

(ਅ) ਯੂਸਫ਼ ਘੋੜਾ ਲੈ ਕੇ ਕੀ ਕਰਨ ਲਈ ਲਈ ਜਾਂਦਾ ਹੈ ?

(ੲ) ਕੱਦ ਦਾ ਅਲਫ਼ ਤੋਂ ਜੀਮ ਹੋਣ ਦਾ ਭਾਵ—

(*i*) ਕੱਦ ਲੰਮਾ ਹੋਣਾ (*ii*) ਕੱਦ ਮਧਰਾ ਹੋਣਾ
(*iii*) ਕੱਦ ਦਰਮਿਆਨਾ ਹੋਣਾ (*iv*) ਕੱਦ ਦਾ ਝੁਕ ਜਾਣਾ।

(ਸ) ਕਿੱਸੇ ਅਨੁਸਾਰ ਯੂਸਫ਼ ਤਿੰਨ ਦਿਨ-ਰਾਤ ਕਿੱਥੇ ਬੈਠ ਕੇ ਲੰਘਾਉਂਦਾ ਹੈ ?

(ਹ) ਯੂਸਫ਼ ਨੂੰ ਖੂਹ ਵਿੱਚੋਂ ਕੌਣ ਕੱਢਦਾ ਹੈ ?

(ਕ) ਕਿੱਸਾ 'ਯੂਸਫ਼ ਜ਼ੁਲੈਖ਼ਾਂ' ਕਿਸ ਦੇਸ ਨਾਲ਼ ਸੰਬੰਧਿਤ ਹੈ ?

*******



Downloaded from https:// www.studiestoday.com

Downloaded from https:// www.studiestoday.com

# ਵਾਰਿਸ ਸ਼ਾਹ

(1735-1795 ਈ:)

ਸੱਯਦ ਵਾਰਿਸ ਸ਼ਾਹ ਪੰਜਾਬੀ ਕਿੱਸਾ-ਸਾਹਿਤ ਦਾ ਪ੍ਰਤਿਨਿਧ ਕਿੱਸਾਕਾਰ ਹੈ। ਆਪ ਦਾ ਜਨਮ ਜੰਡਿਆਲਾ ਸ਼ੇਰ ਖ਼ਾਂ, ਜ਼ਿਲ੍ਹਾ ਸ਼ੇਖ਼ੂਪੁਰਾ (ਪਾਕਿਸਤਾਨ) ਵਿੱਚ ਸੱਯਦ ਗੁਲਸ਼ੇਰ ਖ਼ਾਂ ਦੇ ਘਰ ਹੋਇਆ। ਆਪ ਨੇ ਕਸੂਰ ਅਤੇ ਪਾਕਪਟਨ ਵਿੱਚ ਵਿੱਦਿਆ ਹਾਸਲ ਕੀਤੀ। ਆਪ ਦੀ ਰਚਨਾ 'ਕਿੱਸਾ ਹੀਰ' ਨੂੰ ਪੰਜਾਬੀ ਸਾਹਿਤ ਵਿੱਚ ਇੱਕ ਸ਼ਾਹਕਾਰ ਰਚਨਾ ਹੋਣ ਦਾ ਮਹੱਤਵਪੂਰਨ ਸਥਾਨ ਹਾਸਲ ਹੈ।

ਆਪ ਨੇ 'ਕਿੱਸਾ ਹੀਰ' ਵਿੱਚ ਮੂਲ ਕਹਾਣੀ ਭਾਵੇਂ ਹੀਰ ਅਤੇ ਰਾਂਝੇ ਦੇ ਪਿਆਰ ਦੀ ਲਈ ਹੈ ਪਰ ਇਸ ਦੇ ਪਿਛੋਕੜ ਵਿੱਚ ਪੰਜਾਬੀ ਸੱਭਿਆਚਾਰ ਦਾ ਵਿਰਾਟ ਚਿੱਤਰ ਪੇਸ਼ ਕੀਤਾ ਗਿਆ ਹੈ। ਵਾਰਿਸ ਸ਼ਾਹ ਦੀ ਪੰਜਾਬ ਦੇ ਲੋਕ-ਜੀਵਨ ਨਾਲ਼ ਡੂੰਘੀ ਸਾਂਝ ਸੀ। ਆਪ ਨੇ ਆਪਣੇ ਕਿੱਸੇ ਵਿੱਚ ਇੱਥੋਂ ਦੇ ਲੋਕਾਂ ਦੇ ਜੀਵਨ, ਰਹਿਣੀ-ਬਹਿਣੀ, ਰਸਮੋ-ਰਿਵਾਜ਼ਾਂ, ਖ਼ੁਸ਼ੀਆਂ-ਗ਼ਮੀਆਂ ਨੂੰ ਬੜੇ ਹੀ ਸੁਭਾਵਿਕ ਰੂਪ ਵਿੱਚ ਵਿਸਥਾਰ ਨਾਲ਼ ਚਿਤਰਿਆ ਹੈ।

ਵਾਰਿਸ ਸ਼ਾਹ ਨੇ 'ਕਿੱਸਾ ਹੀਰ' ਬੈਂਤ ਛੰਦ ਵਿੱਚ ਲਿਖਿਆ ਹੈ। ਉਸ ਦੀ ਬੋਲੀ ਸਾਦੀ, ਮੁਹਾਵਰੇਦਾਰ, ਨਿੱਤ ਵਰਤੀ ਜਾਂਦੀ ਠੇਠ ਪੰਜਾਬੀ ਹੈ। ਇਹੀ ਕਾਰਨ ਹੈ ਕਿ ਆਪ ਦਾ ਕਿੱਸਾ ਪੰਜਾਬ ਦੀਆਂ ਸੱਥਾਂ, ਦਾਇਰਿਆਂ, ਪਰ੍ਹਿਆਂ ਅਤੇ ਮੇਲਿਆਂ ਵਿੱਚ ਆਮ ਗਾਇਆ-ਸੁਣਿਆ ਜਾਂਦਾ ਹੈ।

ਹਥਲੇ ਕਾਵਿ-ਸੰਗ੍ਰਹਿ ਲਈ ਰਾਂਝੇ ਦਾ ਬਾਲਨਾਥ ਕੋਲ ਜਾਣਾ, ਬਾਲਨਾਥ ਦਾ ਸਵਾਲ, ਰਾਂਝੇ ਦੀ ਜੋਗ ਲੈਣ ਲਈ ਬੇਨਤੀ, ਬਾਲਨਾਥ ਦਾ ਰਾਂਝੇ ਨੂੰ ਸਮਝਾਉਣਾ, ਰਾਂਝੇ ਦਾ ਉੱਤਰ ਬਾਲਨਾਥ ਨੂੰ, ਰਾਂਝੇ ਦਾ ਜੋਗ ਲੈਣਾ, ਬਾਲਨਾਥ ਵੱਲੋਂ ਰਾਂਝੇ ਨੂੰ ਨਸੀਹਤ, ਰਾਂਝੇ ਦਾ ਜੋਗ ਲੈ ਕੇ ਵਿਦਾ ਹੋਣਾ, ਰਾਂਝੇ ਦਾ ਜੋਗ ਲੈ ਕੇ ਰੰਗ ਪੁਰ ਜਾਣਾ ਅਤੇ ਜੋਗੀ ਦੀ ਫੇਰੀ ਨਾਲ਼ ਸੰਬੰਧਿਤ ਬੰਦ ਸ਼ਾਮਲ ਕੀਤੇ ਗਏ ਹਨ।

## ਰਾਂਝੇ ਦਾ ਜੋਗੀ ਬਾਲਨਾਥ ਕੋਲ਼ ਜਾਣਾ

ਟਿੱਲੇ ਜਾਇ ਕੇ ਜੋਗੀ ਨੇ ਹੱਥ ਜੋੜੇ, ਸਾਨੂੰ ਆਪਣਾ ਕਰੋ ਫ਼ਕੀਰ ਮੀਆਂ।
ਤੇਰੇ ਦਰਸ ਦੀਦਾਰ ਦੇ ਵੇਖਣੇ ਨੂੰ, ਆਇਆ ਦੇਸ ਪਰਦੇਸ ਨੂੰ ਚੀਰ ਮੀਆਂ।
ਸਿਦਕ ਧਾਰ ਕੇ ਨਾਲ ਯਕੀਨ ਆਇਆ, ਅਸੀਂ ਚੇਲੜੇ ਤੇ ਤੁਸੀਂ ਪੀਰ ਮੀਆਂ।
ਬਾਦਸ਼ਾਹ ਸੱਚਾ ਰੱਬ ਆਲਮਾਂ ਦਾ, ਫ਼ਕਰ ਓਸ ਦੇ ਹੈਨ ਵਜ਼ੀਰ ਮੀਆਂ
ਬਿਨਾਂ ਮੁਰਸ਼ਦਾਂ ਰਾਹ ਨਾ ਹੱਥ ਆਵੇ, ਦੁੱਧ ਬਾਝ ਨਾ ਰਿੱਝਦੀ ਖੀਰ ਮੀਆਂ।
ਯਾਦ ਹੱਕ ਦੀ ਸਬਰ ਤਸਲੀਮ ਨਿਹਚਾ, ਤੁਸਾਂ ਜੱਗ ਦੇ ਨਾਲ ਕੀ ਸੀਰ ਮੀਆਂ।
ਫ਼ਕਰ ਕੁੱਲ ਜਹਾਨ ਦਾ ਆਸਰਾ ਨੇ, ਤਾਬਿਆ ਫ਼ਕਰ ਦੇ ਪੀਰ ਤੇ ਮੀਰ ਮੀਆਂ।
ਮੇਰਾ ਮਾਂਉਂ ਨਾ ਬਾਪ ਨਾ ਸਾਕ ਕੋਈ, ਚਾਚਾ, ਤਾਇਆ ਨਾ ਭੈਣ ਤੇ ਵੀਰ ਮੀਆਂ।
ਦੁਨੀਆਂ ਵਿੱਚ ਹੈਰਾਨ ਹਾਂ ਬਹੁਤ ਹੋਇਆ, ਪੈਰੋਂ ਸਾਡਿਓਂ ਲਾਹ ਜ਼ੰਜੀਰ ਮੀਆਂ।
ਤੈਨੂੰ ਛੱਡ ਕੇ ਜਾਂ ਮੈਂ ਹੋਰ ਕਿਸਥੇ, ਨਜ਼ਰ ਆਵਨਾ ਏ ਜ਼ਾਹਰਾ ਪੀਰ ਮੀਆਂ।



Downloaded from https:// www.studiestoday.com

Downloaded from https:// www.studiestoday.com

### ਬਾਲਨਾਥ ਦਾ ਸਵਾਲ

ਨਾਥ ਵੇਖ ਕੇ ਬਹੁਤ ਮਲੂਕ ਚੰਚਲ, ਅਹਿਲ, ਤਬ੍ਹਾ ਤੇ ਸੋਹਣਾ ਛੈਲ ਮੁੰਡਾ।
ਕੋਈ ਹੁਸਨ ਦੀ ਖਾਣ ਉਸ਼ਨਾਕ ਸੁੰਦਰ ਅਤੇ ਲਾਡਲਾ ਮਾਂਉਂ ਤੇ ਬਾਪ ਸੰਦਾ।
ਕਿਸੇ ਦੁੱਖ ਥੋਂ ਰੁੱਸ ਕੇ ਉੱਠ ਆਇਆ, ਇੱਕ ਕਿਸੇ ਦੇ ਨਾਲ ਪੈ ਗਿਆ ਧੰਦਾ।
ਨਾਥ ਆਖਦਾ ਦੱਸ ਖਾਂ ਸੱਚ ਮੈਂ ਥੇ, ਤੂੰ ਹੈਂ ਕੇਹੜੇ ਦੁਖ ਫ਼ਕੀਰ ਹੁੰਦਾ।

### ਰਾਂਝੇ ਦੀ ਜੋਗ ਲਈ ਬੇਨਤੀ

ਜੋਗੀ ਛੱਡ ਜਹਾਨ ਫ਼ਕੀਰ ਹੋਏ, ਇਸ ਜੱਗ ਵਿੱਚ ਬਹੁਤ ਖਵਾਰੀਆਂ ਨੇ।
ਲੈਣ ਦੇਣ ਤੇ ਦਗ਼ਾ ਅਨਿਆਉਂ ਕਰਨਾ, ਲੁੱਟ-ਖੁੱਟ ਤੇ ਚੋਰੀਆਂ ਯਾਰੀਆਂ ਨੇ।
ਉਹ ਪੁਰਖ ਨਿਰਬਾਣ ਪਦ ਜਾਇ ਪਹੁੰਚੇ, ਜਿਨ੍ਹਾਂ ਪੰਜੇ ਹੀ ਇੰਦਰੀਆਂ ਮਾਰੀਆਂ ਨੇ।
ਜੋਗ ਦਿਉ ਤੇ ਕਰੋ ਨਿਹਾਲ ਮੈਨੂੰ, ਕੇਹੀਆਂ ਜੀਉ 'ਤੇ ਘੁੰਡੀਆਂ ਚਾੜ੍ਹੀਆਂ ਨੇ।
ਏਸ ਜੱਟ ਗ਼ਰੀਬ ਨੂੰ ਤਾਰ ਓਵੇਂ, ਜਿਵੇਂ ਅਗਲੀਆਂ ਸੰਗਤਾਂ ਤਾਰੀਆਂ ਨੇ।
ਵਾਰਿਸ ਸ਼ਾਹ ਮੀਆਂ ਰੱਬ ਸ਼ਰਮ ਰੱਖੇ, ਜੱਗ ਵਿੱਚ ਮੁਸੀਬਤਾਂ ਭਾਰੀਆਂ ਨੇ।

### ਬਾਲਨਾਥ ਦਾ ਰਾਂਝੇ ਨੂੰ ਸਮਝਾਉਣਾ

ਮਹਾਂ ਦੇਵ ਥੋਂ ਜੋਗ ਦਾ ਪੰਥ ਬਣਿਆ, ਖਰੀ ਕਠਨ ਹੈ ਜੋਗ-ਮੁਹਿੰਮ ਮੀਆਂ।
ਕੌੜਾ ਬਕਬਕਾ ਸਵਾਦ ਹੈ ਜੋਗ ਸੰਦਾ, ਜੇਹੀ ਘੋਲ ਕੇ ਪੀਵਣਾ ਨਿੰਮ ਮੀਆਂ।
ਜਹਾਂ ਸੁੰਨ ਸਮਾਧ ਕੀ ਮੰਡਲੀ ਹੈ, ਅਤੇ ਝੂਟਣਾ ਹੈ ਰਿੰਮ-ਝਿੰਮ ਮੀਆਂ।
ਤਹਾਂ ਭਸਮ ਲਗਾਇ ਕੇ ਭਸਮ ਹੋਣਾ, ਪੇਸ਼ ਜਾਇ ਨਾਹੀਂ ਗਰਬ ਤੇ ਡਿੰਮ੍ਹ ਮੀਆਂ।

### ਰਾਂਝੇ ਦਾ ਉੱਤਰ ਬਾਲਨਾਥ ਨੂੰ

ਤੁਸਾਂ ਬਖ਼ਸ਼ਣਾ ਜੋਗ ਤਾਂ ਕਰੋ ਕਿਰਪਾ, ਦਾਨ ਕਰਦਿਆਂ ਢਿੱਲ ਨਾ ਲੋੜੀਏ ਜੀ।
ਜਿਹੜਾ ਆਸ ਕਰਕੇ ਡਿੱਗੇ ਆਣ ਦੁਆਰੇ, ਜੀਉ ਓਸ ਦਾ ਚਾਇ ਨਾ ਤੋੜੀਏ ਜੀ।
ਸਿਦਕ ਬੰਨ੍ਹ ਕੇ ਜਿਹੜਾ ਚਰਨ ਲਾਗੇ, ਪਾਰ ਲਾਈਏ ਵਿੱਚ ਨਾ ਬੋੜੀਏ ਜੀ।
ਵਾਰਿਸ ਸ਼ਾਹ ਮੀਆਂ ਜੈਂਦਾ ਕੋਈ ਨਾਹੀਂ, ਮਿਹਰ ਓਸ ਥੋਂ ਨਾਂਹਿ ਵਿਛੋੜੀਏ ਜੀ।

### ਰਾਂਝੇ ਦਾ ਜੋਗ ਲੈਣਾ

ਬਾਲਨਾਥ ਨੇ ਸਾਮ੍ਹਣੇ ਸੱਦ ਧੀਦੋ, ਜੋਗ ਦੇਣ ਨੂੰ ਪਾਸ ਬਹਾਲਿਆ ਸੂ।
ਰੋਡ-ਭੋਡ ਹੋਇਆ ਸਵਾਹ ਮਲੀ ਮੂੰਹ 'ਤੇ, ਸੱਭੋ ਕੋੜਮੇ ਦਾ ਨਾਂਉਂ ਗਾਲਿਆ ਸੂ।
ਕੰਨ ਪਾੜ ਕੇ ਝਾੜ ਕੇ ਹਿਰਸ ਹਸਰਤ, ਇੱਕ ਪਲਕ ਵਿੱਚ ਮੁੰਨ ਵਿਖਾਲਿਆ ਸੂ।
ਜੇਹਾ ਪੁੱਤਰਾਂ 'ਤੇ ਮਾਪੇ ਮਿਹਰ ਕਰਦੇ, ਜਾਪੇ ਦੁੱਧ ਪਿਵਾਇ ਕੇ ਪਾਲਿਆ ਸੂ।
ਸਵਾਹ ਅੰਗ ਰਮਾਇ ਸਿਰ ਮੁੰਨ ਅੱਖੀਂ, ਪਾਇ ਮੁੰਦਰਾਂ ਚਾ ਨਵ੍ਹਾਲਿਆ ਸੂ।
ਖ਼ਬਰਾਂ ਕੁਲ ਜਹਾਨ ਵਿੱਚ ਖਿੰਡ ਗਈਆਂ, ਰਾਂਝਾ ਜੋਗੀਅੜਾ ਸਾਜਿ ਵਿਖਾਲਿਆ ਸੂ।
ਵਾਰਿਸਸ਼ਾਹ ਮੀਆਂ ਸੁਨਿਆਰ ਵਾਂਗੂੰ, ਜੱਟ ਫੇਰ ਮੁੜ ਭੰਨ ਕੇ ਗਾਲਿਆ ਸੂ।



Downloaded from https:// www.studiestoday.com

Downloaded from https:// www.studiestoday.com

## ਬਾਲਨਾਥ ਵੱਲੋਂ ਰਾਂਝੇ ਨੂੰ ਨਸੀਹਤ

ਦਿੱਤੀ ਦੀਖਣਾ ਰੱਬ ਦੀ ਯਾਦ ਰੱਖੀਂ, ਗੁਰੂ ਜੋਗ ਦੇ ਭੇਤ ਨੂੰ ਪਾਈਏ ਜੀ।
ਨ੍ਹਾਇ ਧੋਇ ਕੇ, ਖ਼ੂਬ ਬਿਭੂਤ ਮਲੀਏ, ਚਾਇ ਕਿਸ ਵਿਧਿ ਅੰਗ ਵਟਾਈਏ ਜੀ।
ਸਿੰਙੀ ਫਾਹੁੜੀ ਖੱਪਰੀ ਹੱਥ ਲੈ ਕੇ, ਪਹਿਲਾਂ ਰੱਬ ਦਾ ਨਾਉਂ ਧਿਆਈਏ ਜੀ।
ਨਗਰ ਅਲਖ ਜਗਾਇ ਕੇ ਜਾਇ ਵੜੀਏ, ਪਾਪ ਜਾਣ ਜੇ ਨਾਦ ਵਜਾਈਏ ਜੀ।
ਸੁਖੀ ਦਵਾਰ ਵੱਸੇ, ਜੋਗੀ ਭੀਖ ਮਾਂਗੇ, ਦੇਣੀ ਦੁਆਇ ਅਸੀਸ ਸੁਣਾਈਏ ਜੀ।
ਇਸੀ ਭਾਂਤ ਸੇ, ਨਗਰ ਦੀ ਭੀਖ ਲੈ ਕੇ, ਮਸਤ ਲਟਕਦੇ ਦੁਆਰ ਕੋ ਆਈਏ ਜੀ।
ਵੱਡੀ ਮਾਂ ਹੀ ਜਾਣ ਕੇ ਕਰੋ ਨਿਹਚਾ, ਛੋਟੀ ਭੈਣ ਮਿਸਾਲ ਕਰਾਈਏ ਜੀ।
ਵਾਰਿਸ ਸ਼ਾਹ ਯਕੀਨ ਦੀ ਕੁੱਲ੍ਹਾ ਬੱਧੀ, ਸੱਭੋ ਹੱਕ ਹੀ ਹੱਕ ਠਹਿਰਾਈਏ ਜੀ।

## ਰਾਂਝੇ ਦਾ ਜੋਗ ਲੈ ਕੇ ਵਿਦਾ ਹੋਣਾ

ਜੋਗੀ ਨਾਥ ਥੋਂ ਖ਼ੁਸ਼ੀ ਲੈ ਵਿਦਾ ਹੋਇਆ, ਛੁੱਟਾ ਬਾਜ਼ ਜਿਉਂ ਤੇਜ਼ ਤਰਾਰਿਆਂ ਨੂੰ।
ਇੱਕ ਪਲਕ ਵਿੱਚ ਕੰਮ ਜਾਂ ਹੋਇ ਗਇਆ, ਲੱਗੀ, ਅੱਗ ਜੋਗੀਅੜਿਆਂ ਸਾਰਿਆਂ ਨੂੰ।
ਮੁੜ ਕੇ ਧੀਦੋ ਨੇ ਇੱਕ ਜਵਾਬ ਦਿੱਤਾ, ਓਹਨਾਂ ਚੇਲਿਆਂ ਹੈਂਸਿਆਰਿਆਂ ਨੂੰ।
ਭਲੇ ਕਰਮ ਜੇ ਹੋਣ ਤਾਂ ਜੋਗ ਪਾਈਏ, ਜੋਗ ਮਿਲੇ ਨਾ ਰੱਬ ਦਿਆਂ ਮਾਰਿਆਂ ਨੂੰ।
ਅਸੀਂ ਜੱਟ ਅਣਜਾਣ ਸਾਂ ਫਾਸ ਗਏ, ਕਰਮ ਕੀਤਾ ਸੂ ਅਸਾਂ ਵੇਚਾਰਿਆਂ ਨੂੰ।
ਵਾਰਿਸ ਸ਼ਾਹ ਅੱਲਾ ਜਾਂ ਕਰਮ ਕਰਦਾ, ਹੁਕਮ ਹੁੰਦਾ ਹੈ ਨੇਕ ਸਿਤਾਰਿਆਂ ਨੂੰ।

## ਰਾਂਝੇ ਦਾ ਜੋਗ ਲੈ ਕੇ ਰੰਗਪੁਰ ਜਾਣਾ

ਧਾਇ ਟਿੱਲਿਉਂ ਰਾਹੁ ਲੈ ਖੇੜਿਆਂ ਦੀ, ਚੱਲਿਆ ਮੀਂਹ ਜਿਉਂ ਆਂਵਦਾ ਵੁੱਠਤ ਉੱਤੇ।
ਕਾਹਬਾ ਰੱਖ ਮੱਥੇ, ਰੱਬ ਯਾਦ ਕਰ ਕੇ, ਚੜ੍ਹਿਆ ਖੇੜਿਆਂ ਦੀ ਸੱਜੀ ਗੁੱਠ ਉੱਤੇ।
ਨਸ਼ੇ ਨਾਲ ਝੁਲਾਰਦਾ ਮਸਤ ਜੋਗੀ, ਜਿਵੇਂ ਮੁੰਦਰੀ ਝੂਲਦੀ ਉੱਠ ਉੱਤੇ।
ਚਿੱਪੀ ਖੱਪਰੀ ਫਾਹੁੜੀ ਡੰਡਾ, ਕੂੰਡਾ, ਭੰਗ ਪੋਸਤ ਚਾ ਬੱਧਾ ਸੂ ਪਿੱਠ ਉੱਤੇ।
ਸੰਨਿਆਸ ਬੈਰਾਗ ਜਿਉਂ ਲੜਨ ਚੱਲੇ, ਰੱਖ ਹੱਥ ਤਲਵਾਰ ਦੀ ਮੁੱਠ ਉੱਤੇ।
ਐਵੇਂ ਸਰਕਦਾ ਆਂਵਦਾ ਖੇੜਿਆਂ ਨੂੰ, ਜਿਵੇਂ ਫੌਜ ਚੜ੍ਹ ਦੌੜਦੀ ਲੁੱਟ ਉੱਤੇ।

## ਜੋਗੀ ਦੀ ਫੇਰੀ

ਕੁੜੀਆਂ ਵੇਖ ਕੇ ਜੋਗੀ ਦੀ ਤਬਾਅ ਸਾਰੀ, ਘਰੀਂ ਹਸਦੀਆਂ ਹਸਦੀਆਂ ਆਈਆਂ ਨੀ।
ਮਾਏ! ਇੱਕ ਜੋਗੀ ਸਾਡੇ ਨਗਰ ਆਇਆ, ਕੰਨੀਂ ਓਸ ਨੇ ਮੁੰਦਰਾਂ ਪਾਈਆਂ ਨੀ।
ਨਹੀਂ ਬੋਲਦਾ ਬੁਰਾ ਜ਼ਬਾਨ ਵਿੱਚੋਂ, ਭਾਵੇਂ ਭਿੱਖਿਆ ਪਾਉਣ ਨਾ ਮਾਈਆਂ ਨੀ।
ਹੱਥ ਖੱਪਰੀ ਫਾਹੁੜੀ ਮੋਢਿਆਂ ’ਤੇ, ਗਲ ਸੇਹਲੀਆਂ ਅਜਬ ਬਣਾਈਆਂ ਨੀ।

ਕਦੇ ਸੰਗਲੀ ਸੁੱਟ ਕੇ ਸ਼ਗਨ ਵਾਚੇ, ਕਦੇ ਔਂਸੀਆਂ ਸਵਾਹ ’ਤੇ ਪਾਈਆਂ ਨੀ।
ਕਦੇ ਕਿੰਗ ਵਜਾਇ ਕੇ ਖਲਾ ਰੋਵੇ, ਕਦੇ ਹੱਸ ਕੇ ਨਾਦ ਘੁਕਾਈਆਂ ਨੀ।



Downloaded from https:// www.studiestoday.com

Downloaded from https:// www.studiestoday.com

ਅੱਠ ਪਹਿਰ ਅੱਲਾ ਨੂੰ ਯਾਦ ਕਰਦਾ, ਖ਼ੈਰ ਉਸ ਨੂੰ ਪਾਂਦੀਆਂ ਮਾਈਆਂ ਨੀ।
ਨਸ਼ੇ ਬਾਝ ਭਵਾਂ ਉਹਦੀਆਂ ਮੱਤੀਆਂ ਨੇ, ਤੇ ਮਿਰਗਾਣੀਆਂ ਗਲੇ ਬਣਾਈਆਂ ਨੀ।
ਜਟਾਂ ਸੋਂਹਦੀਆਂ ਛੈਲ ਉਸ ਜੋਗੀਅੜੇ ਨੂੰ, ਜਿਵੇਂ ਚੰਨ ਦੁਆਲੇ ਘਟਾਂ ਆਈਆਂ ਨੀ।
ਨਾ ਕੋਈ ਮਾਰਦਾ, ਨਾ ਕਿਸੇ ਨਾਲ ਲੜਿਆ, ਨੈਣਾਂ ਓਸ ਦਿਆਂ ਛਹਿਬਰਾਂ ਲਾਈਆਂ ਨੀ।
ਕੋਈ ਗੁਰੂ ਪੂਰਾ ਉਸ ਨੂੰ ਆਇ ਮਿਲਿਆ, ਕੰਨ ਛੇਦ ਕੇ ਮੁੰਦਰਾਂ ਪਾਈਆਂ ਨੀ।
ਵਾਰਿਸ ਸ਼ਾਹ ਚੇਲਾ ਬਾਲਨਾਥ ਦਾ ਏ, ਝੋਕਾਂ ਪ੍ਰੇਮ ਦੀਆਂ ਕਿਸੇ ਨੇ ਲਾਈਆਂ ਨੀ।

ਸ਼ਬਦ-ਅਰਥ :

**ਦਰਸ ਦੀਦਾਰ**—ਦਰਸ਼ਨ। **ਸਿਦਕ**—ਨਿਸ਼ਚਾ, ਵਿਸ਼ਵਾਸ। **ਆਲਮ**—ਵਿਦਵਾਨ, ਇਲਮ ਰੱਖਣ ਵਾਲ਼ਾ। **ਫੱਕਰ**—ਫ਼ਕੀਰੀ, ਸੰਨਿਆਸ। **ਮੁਰਸ਼ਦ**—ਗੁਰੂ, ਪੀਰ। **ਬਾਝੁ**—ਬਿਨਾਂ। **ਹੱਕ**—ਸੱਚ, ਉਹ ਵਸਤੂ ਜਿਸ ਨੂੰ ਅਪਣਾਉਣ ਦਾ ਭਾਵ ਕੀਤਾ ਗਿਆ ਹੈ। **ਤਸਲੀਮ**—ਸਵੀਕਾਰ ਕਰਨਾ, ਅੰਗੀਕਾਰ ਕਰਨਾ। **ਨਿਹਚਾ**—ਭਰੋਸਾ, ਯਕੀਨ। **ਸਬਰ**—ਤੰਤਰ-ਸ਼ਾਸਤਰ ਜਿਸ ਵਿੱਚ ਅਨੇਕਾਂ ਮੰਤਰਾਂ ਦਾ ਵਰਨਣ ਹੈ। **ਸੀਰ**—ਸਾਂਝ। **ਤਾਬਿਆ**—ਅਨੁਗਾਮੀ, ਪੈਰਵੀ ਕਰਨ ਵਾਲ਼ਾ। **ਜ਼ਾਹਰਾ**—ਪ੍ਰਤੱਖ, ਪ੍ਰਗਟ। **ਅਹਿਲ**—ਅਚਲ, ਸਥਿਰ। **ਉਸ਼ਨਾਕ**—ਸੁੰਦਰ, ਫੁਰਤੀਲਾ। **ਖਵਾਰੀਆਂ**—ਬੇਇੱਜ਼ਤੀ। **ਦਗ਼ਾ**—ਧੋਖਾ, ਛਲ਼, ਕਪਟ। **ਨਿਰਬਾਣ-ਪਦ**—ਮੁਕਤੀ, ਉਦਾਸੀ ਸਾਧੂ ਦੀ ਇੱਕ ਖ਼ਾਸ ਪਦਵੀ। **ਨਿਹਾਲ**—ਕਾਮਯਾਬ, ਪੂਰਨ ਕੰਮ। **ਭਸਮ**—ਰਾਖ, ਸੁਆਹ। **ਭਸਮ ਹੋਣਾ**—ਖ਼ਤਮ ਹੋਣਾ, ਰਾਖ ਹੋਣਾ। **ਗਰਬ**—ਅਭਿਮਾਨ। **ਬੋੜੀਏ**—ਡੋਬੀਏ। **ਜੈਂਦਾ**—ਜਿਸ ਦਾ। **ਹਿਰਸ ਹਸਰਤ**—ਪ੍ਰਾਪਤੀ ਦੀ ਚਾਹ, ਇੱਛਾ, ਤ੍ਰਿਸ਼ਨਾ। **ਸਵਾਹ ਅੰਗ ਰਮਾਇ**—ਸਰੀਰ ਉੱਤੇ ਸੁਆਹ ਮਲ਼ ਕੇ। **ਦੀਖਣਾ**—ਸਿੱਖਿਆ-ਦੀਖਿਆ। **ਬਿਭੂਤ**—ਭਸਮ, ਰਾਖ, ਸੁਆਹ। **ਵਿਧਿ**—ਢੰਗ। **ਕੁੱਲ੍ਹਾ**—ਫ਼ਕੀਰੀ ਟੋਪੀ। **ਹੈਂਸਿਆਰਿਆਂ**—ਜ਼ਾਲਮਾਂ। **ਫਾਸ ਗਏ**—ਫਸ ਗਏ, ਢਾਹੇ ਗਏ। **ਕਰਮ ਕਰਦਾ**—ਬਖ਼ਸ਼ਸ਼ ਕਰਦਾ। **ਵੁੱਠਤ**—ਵਰ੍ਹਨਾ, ਮੀਂਹ ਪੈਣਾ। **ਤਬਾਅ**—ਸੁਭਾਅ, ਖ਼ਸਲਤ। **ਸੇਹਲੀਆਂ**—ਸਿਆਹ ਉੱਨ, ਅਥਵਾ ਰੇਸ਼ਮ ਦੀ ਗੁੰਦਵੀਂ ਇੱਕ ਰੱਸੀ ਜਿਸ ਨੂੰ ਫ਼ਕੀਰ ਸਿਰ ਉੱਪਰ ਸਾਫ਼ੇ ਅਥਵਾ ਟੋਪੀ 'ਤੇ ਬੰਨ੍ਹਦੇ ਹਨ ਜਾਂ ਜਨੇਊ ਦੀ ਤਰ੍ਹਾਂ ਗਲ਼ ਵਿੱਚ ਪਹਿਨਦੇ ਹਨ। **ਅਜਬ**—ਅਨੋਖਾ, ਅਦਭੁਤ। **ਕਿੰਗ ਵਜਾਇ ਕੇ**—ਦੋ ਤੂੰਬਿਆਂ ਵਾਲ਼ੀ ਤੰਤਰੀ, ਜੋਗੀਆਂ ਦੀ ਇੱਕ-ਤਾਰੀ ਵੀਣਾ। **ਛਹਿਬਰਾਂ**—ਝੜੀ ਲਾ ਕੇ ਵਰਸਦਾ। **ਮਿਰਗਾਣੀਆਂ**—ਮਿਰਗ-ਚਰਮ, ਮਿਰਗ ਦੀ ਚਮੜੀ।

## ਅਭਿਆਸ

1. **ਹੇਠਾਂ ਲਿਖੇ ਕਾਵਿ-ਬੰਦਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :**

(ੳ) ਮਹਾਂਦੇਵ ਥੋਂ ਜੋਗ ਦਾ ਪੰਥ ਬਣਿਆ, ਖਰੀ ਕਠਨ ਹੈ ਜੋਗ-ਮੁਹਿੰਮ ਮੀਆਂ।
ਕੌੜਾ ਬਕਬਕਾ ਸਵਾਦ ਹੈ ਜੋਗ ਸੰਦਾ, ਜੇਹੀ ਘੋਲ ਕੇ ਪੀਵਣਾ ਨਿੰਮ ਮੀਆਂ।
ਜਹਾਂ ਸੁੰਨ ਸਮਾਧ ਕੀ ਮੰਡਲੀ ਹੈ, ਅਤੇ ਝੂਟਣਾ ਹੈ ਰਿੰਮ ਝਿੰਮ ਮੀਆਂ।
ਤਹਾਂ ਭਸਮ ਲਗਾਇ ਕੇ ਭਸਮ ਹੋਣਾ, ਪੇਸ਼ ਜਾਇ ਨਾਹੀਂ ਗਰਬ ਤੇ ਡਿੰਮ੍ਹ ਮੀਆਂ।

(ਅ) ਸੁਖੀ ਦਵਾਰ ਵੱਸੇ, ਜੋਗੀ ਭੀਖ ਮਾਂਗੇ, ਦੇਣੀ ਦੁਆਇ ਅਸੀਸ ਸੁਣਾਈਏ ਜੀ।
ਇਸੀ ਭਾਂਤ ਸੇ, ਨਗਰ ਦੀ ਭੀਖ ਲੈ ਕੇ, ਮਸਤ ਲਟਕਦੇ ਦੁਆਰ ਕੋ ਆਈਏ ਜੀ।
ਵੱਡੀ ਮਾਂ ਹੀ ਜਾਣ ਕੇ ਕਰੋ ਨਿਹਚਾ, ਛੋਟੀ ਭੈਣ ਮਿਸਾਲ ਕਰਾਈਏ ਜੀ।
ਵਾਰਿਸ ਸ਼ਾਹ ਯਕੀਨ ਦੀ ਕੁੱਲ੍ਹਾ ਬੱਧੀ, ਸੱਭੋ ਹੱਕ ਹੀ ਹੱਕ ਠਹਿਰਾਈਏ ਜੀ।



Downloaded from https:// www.studiestoday.com

Downloaded from https:// www.studiestoday.com

2. ਜੋਗੀ ਛੱਡ ਜਹਾਨ ਫ਼ਕੀਰ ਹੋਏ, ਇਸ ਜੱਗ ਵਿੱਚ ਬਹੁਤ ਖਵਾਰੀਆਂ ਨੇ।
ਲੈਣ ਦੇਣ ਤੇ ਦਗ਼ਾ ਅਨਿਆਉਂ ਕਰਨਾ, ਲੁੱਟ-ਖੁੱਟ ਤੇ ਚੋਰੀਆਂ ਯਾਰੀਆਂ ਨੇ।
ਉਹ ਪੁਰਖ ਨਿਰਬਾਣ ਪਦ ਜਾਇ ਪਹੁੰਚੇ, ਜਿਨ੍ਹਾਂ ਪੰਜੇ ਹੀ ਇੰਦਰੀਆਂ ਮਾਰੀਆਂ ਨੇ।
ਜੋਗ ਦਿਉ ਤੇ ਕਰੋ ਨਿਹਾਲ ਮੈਨੂੰ, ਕੇਹੀਆਂ ਜੀਉ 'ਤੇ ਘੁੰਡੀਆਂ ਚਾੜ੍ਹੀਆਂ ਨੇ।
ਉਪਰੋਕਤ ਸਤਰਾਂ ਕਿਸ ਨੇ ਕਿਸ ਨੂੰ ਕਹੀਆਂ ? ਇਹਨਾਂ ਸਤਰਾਂ ਦੀ ਵਿਆਖਿਆ ਆਪਣੇ ਸ਼ਬਦਾਂ ਵਿੱਚ ਕਰੋ।

3. **ਵਸਤੂਨਿਸ਼ਠ ਪ੍ਰਸ਼ਨ—**

(ੳ) ਵਾਰਿਸ ਸ਼ਾਹ ਕਿਸ ਸ਼ਾਹਕਾਰ ਰਚਨਾ ਕਰਕੇ ਮਸ਼ਹੂਰ ਹੋਇਆ ?

(ਅ) ਵਾਰਿਸ ਸ਼ਾਹ ਦੇ ਕਿੱਸੇ 'ਹੀਰ ਰਾਂਝਾ' ਵਿੱਚ ਰਾਂਝਾ ਕਿਸ ਜੋਗੀ ਕੋਲ਼ ਜੋਗ ਦੀ ਪ੍ਰਾਪਤੀ ਲਈ ਜਾਂਦਾ ਹੈ ?

(ੲ) ਵਾਰਿਸ ਸ਼ਾਹ ਅਨੁਸਾਰ ਜੋਗ ਦਾ ਪੰਥ ਕਿਸ ਨੇ ਬਣਾਇਆ ਹੈ ?

(ਸ) ਬਾਲਨਾਥ ਰਾਂਝੇ ਨੂੰ ਨ੍ਹਾਉਣ ਤੋਂ ਬਾਅਦ ਸਰੀਰ ਉੱਤੇ ਕੀ ਮਲ਼ਨ ਦੀ ਸਲਾਹ ਦਿੰਦਾ ਹੈ ?

(ਹ) ਬਾਲਨਾਥ ਨੇ ਜੋਗ ਦੇਣ ਸਮੇਂ ਰਾਂਝੇ ਨੂੰ ਵੱਡੀ ਤੇ ਛੋਟੀ ਇਸਤਰੀ ਨੂੰ ਕਿਸ ਸਮਾਨ ਸਤਿਕਾਰ ਦੇਣ ਦੀ ਨਸੀਹਤ ਦਿੱਤੀ ਹੈ ?

(ਕ) ਰਾਂਝਾ ਜੋਗ ਲੈਣ ਉਪਰੰਤ ਕਿੱਥੇ ਜਾਣ ਲਈ ਤੁਰਿਆ ?

(ਖ) ਰਾਂਝਾ ਕਿਸ ਉਦੇਸ਼ ਨਾਲ਼ ਜੋਗ ਧਾਰਨ ਕਰਦਾ ਹੈ—

(*i*) ਹੀਰ ਦਾ ਮਿਲ਼ਾਪ

(*ii*) ਆਤਮਿਕ ਸੰਤੁਸ਼ਟੀ

(*iii*) ਮਾਇਆ ਦੀ ਪ੍ਰਾਪਤੀ

(*iv*) ਖ਼ੁਦਾ ਨਾਲ਼ ਮੇਲ਼।

*****



Downloaded from https:// www.studiestoday.com

Downloaded from https:// www.studiestoday.com

# ਕਾਦਰਯਾਰ

(1805-1850 ਈ:)

ਕਾਦਰਯਾਰ ਮਹਾਰਾਜਾ ਰਣਜੀਤ ਸਿੰਘ ਕਾਲ ਦਾ ਪ੍ਰਸਿੱਧ ਕਵੀ ਹੋਇਆ ਹੈ। ਕਾਦਰਯਾਰ ਦਾ ਜਨਮ ਪਿੰਡ ਮਾਛੀ ਕੇ, ਜ਼ਿਲ੍ਹਾ ਸ਼ੇਖ਼ੂਪੁਰਾ(ਪਾਕਿਸਤਾਨ) ਵਿੱਚ ਹੋਇਆ।

ਕਾਦਰਯਾਰ ਨੇ 'ਕਿੱਸਾ ਪੂਰਨ ਭਗਤ', 'ਕਿੱਸਾ ਰਾਜਾ ਰਸਾਲੂ', 'ਕਿੱਸਾ ਸੋਹਣੀ ਮਹੀਂਵਾਲ', 'ਵਾਰ ਹਰੀ ਸਿੰਘ ਨਲੂਆ', 'ਮਹਿਰਾਜਨਾਮਾ' ਅਤੇ 'ਰੋਜ਼ਨਾਮਾ' ਆਦਿ ਦੀ ਰਚਨਾ ਕੀਤੀ। ਪੂਰਨ ਭਗਤ ਦੀ ਕਹਾਣੀ ਨੂੰ ਪਹਿਲੀ ਵਾਰੀ ਕਿੱਸੇ ਦੇ ਰੂਪ ਵਿੱਚ ਕਾਦਰਯਾਰ ਨੇ ਹੀ ਲਿਖਿਆ। ਇਸ ਕਿੱਸੇ ਦੀ ਪ੍ਰਸਿੱਧੀ ਦਾ ਮੁੱਖ ਕਾਰਨ ਇਸ ਵਿੱਚ ਇਸ਼ਕ ਦੇ ਉੱਚੇ ਆਤਮਿਕ ਅਤੇ ਆਦਰਸ਼ਕ ਰੂਪ ਨੂੰ ਦ੍ਰਿਸ਼ਟਾਉਣਾ ਹੈ। ਇਸ ਕਿੱਸੇ ਵਿੱਚ ਪੰਜਾਬ ਦੇ ਮਿਥਿਹਾਸਿਕ ਪਾਤਰਾਂ ਅਤੇ ਨਾਥ-ਜੋਗੀਆਂ ਦਾ ਪ੍ਰਭਾਵ ਵੀ ਹੈ।

ਆਪ ਨੇ ਕਿੱਸਾ ਪੂਰਨ ਭਗਤ ਸੀਹਰਫ਼ੀਆਂ ਵਿੱਚ ਲਿਖਿਆ ਹੈ। ਬੋਲੀ ਸਾਦਾ ਅਤੇ ਸਰਲ ਹੈ। ਬਿਆਨ ਸਧਾਰਨ ਅਤੇ ਸਪਸ਼ਟ ਹਨ।

ਹਥਲੇ ਕਾਵਿ-ਸੰਗ੍ਰਹਿ ਲਈ ਕਾਦਰਯਾਰ ਦੇ ਕਿੱਸੇ 'ਪੂਰਨ ਭਗਤ' ਵਿੱਚੋਂ 'ਪੂਰਨ ਦਾ ਗੁਰੂ ਗੋਰਖ ਨੂੰ ਆਪਣਾ ਹਾਲ ਦੱਸਣਾ' ਅਤੇ 'ਪੂਰਨ ਦਾ ਵਿਦਾ ਹੋਣਾ' ਨਾਲ਼ ਸੰਬੰਧਿਤ ਬੰਦ ਸ਼ਾਮਲ ਕੀਤੇ ਗਏ ਹਨ।

## ਪੂਰਨ ਦਾ ਗੁਰੂ ਗੋਰਖ ਨੂੰ ਆਪਣਾ ਹਾਲ ਦੱਸਣਾ

ਅਲਫ਼-ਆਖ ਸੁਣਾਂਵਦਾ ਗੁਰੂ ਤਾਈਂ,
ਕਿੱਸਾ ਹਾਲ ਹਕੀਕਤਾਂ ਖੋਲ੍ਹ ਕੇ ਜੀ।
ਨੇਕੀ ਮਾਇ ਤੇ ਬਾਪ ਦੀ ਯਾਦ ਕਰ ਕੇ,
ਸਭੋ ਦਸਦਾ ਓਸ ਨੂੰ ਫੋਲ ਕੇ ਜੀ।
ਗੁਰੂ ਨਾਥ ਜਾ ਓਸ ਦੇ ਦਰਦ ਰੁੰਨਾ,
ਹੰਝੂ ਰਤ ਦੀਆਂ ਅੱਖੀਂ ਡੋਲ੍ਹ ਕੇ ਜੀ।
ਕਾਦਰਯਾਰ ਸੁਣਾਂਵਦਾ ਗੱਲ ਸਭੋ,
ਸੁਖਨ ਦਰਦ ਫ਼ਿਰਾਕ ਦੇ ਬੋਲ ਕੇ ਜੀ। 1।
ਬੇ-ਬਹੁਤ ਸਾਂ ਲਾਡਲਾ ਜੰਮਿਆ ਮੈਂ,
ਘਤ ਧੌਲਰੀਂ ਪਾਲਿਆ ਬਾਪ ਮੈਨੂੰ।
ਬਾਰ੍ਹੀਂ ਵਰ੍ਹੀਂ ਮੈਂ ਗੁਰੂ ਜੀ ਬਾਹਰ ਆਇਆ,
ਜਦੋਂ ਹੁਕਮ ਕੀਤਾ ਬਾਬਲ ਆਪ ਮੈਨੂੰ।
ਲਾਗੀ ਸਦ ਕੇ ਕਰਨ ਵਿਆਹ ਲੱਗੇ,
ਚੜ੍ਹ ਗਿਆ ਸੀ ਗ਼ਮ ਦਾ ਤਾਪ ਮੈਨੂੰ।
ਕਾਦਰਯਾਰ ਮੈਂ ਆਖਿਆ ਬਾਪ ਨੂੰ ਜੀ,
ਨਹੀਂ ਭਾਂਵਦੀ ਏ ਗੱਲ ਆਪ ਮੈਨੂੰ। 2।



Downloaded from https:// www.studiestoday.com

Downloaded from https:// www.studiestoday.com

ਤੇ-ਤੱਕ ਡਿੱਠਾ ਬਾਬਲ ਵੱਲ ਮੇਰੇ,
ਦਿਲੋਂ ਸਮਝਿਆ ਮੈਂ ਹੋਈ ਕਹਿਰਵਾਨੀ।
ਕਿਵੇਂ ਰੱਬ ਕਰਾਇਆ ਤੇ ਆਖਿਓ ਸੂ,
ਕਰ ਹੁਕਮ ਜ਼ੁਬਾਨ ਥੀਂ ਮਿਹਰਬਾਨੀ।
ਜਾਇ ਪੂਰਨਾ ਮਾਇ ਨੂੰ ਟੇਕ ਮੱਥਾ,
ਗਲ ਸਮਝੀਏ ਗੁਰੂ ਜੀ ਹੋਇ ਦਾਨੀ।
ਕਾਦਰਯਾਰ ਮੈਂ ਜਾਇ ਜਾ ਮਹਲ ਵੜਿਆ,
ਦੇਖ ਹੋਇਆ ਸੀ ਲੂਣਾ ਦਾ ਸਿਦਕ ਫ਼ਾਨੀ। 3।

ਸੇ-ਸਾਬਤੀ ਰਹੀ ਨਾ ਵਿੱਚ ਉਸ ਦੇ,
ਮੈਨੂੰ ਪਕੜ ਕੇ ਪਾਸ ਬਹਾਨ ਲੱਗੀ।
ਗੁਰੂ ਨਾਥ ਜੀ ਗੱਲ ਨੂੰ ਸਮਝਿਆ ਜੇ,
ਕੜਾ ਜ਼ਿਮੀਂ ਅਸਮਾਨ ਦਾ ਢਾਹਨ ਲੱਗੀ।
ਕੰਨੀਂ ਖਿੱਚ ਮੈਂ ਅੰਦਰੋਂ ਬਾਹਰ ਆਇਆ,
ਜਦੋਂ ਧਰਮ ਡਿੱਠਾ ਜਿੰਦ ਜਾਨ ਲੱਗੀ।
ਕਾਦਰਯਾਰ ਜਾਂ ਰਾਤ ਨੂੰ ਆਇਆ ਰਾਜਾ,
ਉਹਨੂੰ ਅਲਸਾਂ ਨਾਲ ਸਿਖਾਨ ਲੱਗੀ। 4।

ਜੀਮ-ਜਦੋਂ ਸੁਣੀ ਰਾਜੇ ਗੱਲ ਉਹ ਦੀ,
ਉਸੇ ਵਕਤ ਮੈਨੂੰ ਸਦਵਾਇ ਕੇ ਜੀ।
ਕਹਿਰਵਾਨ ਹੋਇ ਬਾਪ ਦੇ ਨੈਨ ਖ਼ੂਨੀ,
ਧਪਾ ਮਾਰਿਆ ਪਾਸ ਬਠਲਾਇ ਕੇ ਜੀ।
ਉਸੇ ਵਖਤ ਜਲਾਦਾਂ ਨੂੰ ਆਖਿਆ ਸੂ,
ਖ਼ੂਹੇ ਵਿੱਚ ਪਾਓ ਇਹਨੂੰ ਜਾਇ ਕੇ ਜੀ।
ਕਾਦਰਯਾਰ ਮੀਆਂ ਏਸ ਖ਼ੂਹੇ ਅੰਦਰ,
ਕਰ ਗਏ ਦਾਖ਼ਲ ਮੈਨੂੰ ਆਇ ਕੇ ਜੀ। 5।
ਹੇ-ਹਾਲ ਸੁਣਾਂਵਦਾ ਗੁਰੂ ਤਾਈਂ,
ਕੇਹਾ ਵਰਤਿਆ ਇਹ ਨਜ਼ੂਲ ਮੈਨੂੰ।
ਮੇਰੇ ਮਾਇ ਤੇ ਬਾਪ ਦੇ ਵਸ ਨਾਹੀਂ,
ਸਭੇ ਰੱਬ ਦਿਖਾਂਵਦਾ ਸੂਲ ਮੈਨੂੰ।
ਕਰੋ ਕਰਮ ਜੀ ਰੱਬ ਦਾ ਵਾਸਤਾ ਜੇ,
ਹੋਵਨ ਨੈਨ ਪਰਾਣ ਵਸੂਲ ਮੈਨੂੰ।
ਕਾਦਰਯਾਰ ਸੁਣਾਂਵਦਾ ਗੁਰੂ ਤਾਈਂ,
ਪਿੱਛਾ ਦੇਇ ਨਾ ਜਾਇ ਸੂ ਮੂਲ ਮੈਨੂੰ। 6।

ਖ਼ੇ-ਖ਼ੁਸ਼ੀ ਹੋਈ ਗੁਰੂ ਨਾਥ ਤਾਈਂ,



Downloaded from https:// www.studiestoday.com

Downloaded from https:// www.studiestoday.com

ਜਲ ਪਾਇ ਕੇ ਪੂਰਿਆ ਤੁਰਤ ਮੀਤਾ।
ਹੱਥੀਂ ਆਪਣੀ ਓਸ ਦੇ ਮੂੰਹ ਲਾਇਆ,
ਪੜਦੇ ਖੁੱਲ੍ਹ ਗਏ ਜਦੋਂ ਘੁੱਟ ਪੀਤਾ।
ਫੇਰ ਬੇਪਰਵਾਹ ਗੁਰੂ ਨਾਥ ਹੁਰਾਂ,
ਪੂਰਨ ਭਗਤ ਤਾਈਂ ਸਾਵਧਾਨ ਕੀਤਾ।
ਕਾਦਰਯਾਰ ਗੁਜ਼ਾਰ ਕੇ ਬਰਸ ਬਾਰਾਂ,
ਖਸਤਾਲ ਤਾਈਂ, ਖੁਸ਼ਹਾਲ ਕੀਤਾ।7।

## ਪੂਰਨ ਦਾ ਵਿਦਾ ਹੋਣਾ

ਸੀਨ-ਸਮਝ ਮਾਤਾ ਤੂੰ ਤਾਂ ਭੋਲੀਏ ਨੀ,
ਪੂਰਨ ਭਗਤ ਖਲੋਇ ਕੇ ਦੇ ਮੱਤੀਂ।
ਗੋਪੀ ਚੰਦ ਦੀ ਮਾਂ ਸਾਲਾਹੀਏ ਨੀ,
ਜਿਸ ਤੋਰਿਆ ਪੁੱਤਰ ਫਕੀਰ ਹੱਥੀਂ।
ਤੂੰ ਭੀ ਟੋਰ ਮਾਤਾ ਰਾਜ਼ੀ ਹੋਏ ਕੇ ਨੀ,
ਮੈਨੂੰ ਜਾਣ ਦੇ ਫਾਹੀ ਨਾ ਮੂਲ ਘੱਤੀਂ।
ਕਾਦਰਯਾਰ ਫ਼ਕੀਰ ਦਾ ਰਹਿਣ ਨਾਹੀਂ,
ਰੋਇ ਰੋਇ ਕੇ ਮੇਰੇ ਨਾ ਮਗਰ ਵੱਤੀਂ।12।

ਸ਼ੀਨ-ਸ਼ੀਰ ਖੋਰਾ ਮੈਥੋਂ ਜੁਦਾ ਹੋਇਉਂ,
ਮਸਾਂ ਮਸਾਂ ਮੈਂ ਡਿੱਠਾ ਹੈ ਮੁਖ ਤੇਰਾ।
ਚਵ੍ਹੀ ਬਰਸ ਗੁਜ਼ਰੇ ਨਾਹਰੇ ਮਾਰਦੀ ਨੂੰ
ਅਜੇ ਫੋਲ ਨਾ ਪੁੱਛਿਆ ਦੁਖ ਤੇਰਾ।
ਦੱਸੀਂ ਪੂਰਨਾ ਵੇ ਹੋਈ ਫੇਰ ਕੀਕਰ,
ਲਗਓ ਮਰ ਹਯਾਤੀ ਦਾ ਰੁਖ ਜੇਰਾ।
ਕਾਦਰਯਾਰ ਮੈਂ ਨਿੱਤ ਚਿਤਾਰਦੀ ਸਾਂ,
ਖ਼ਾਬ ਵਿੱਚ ਸੁਨੇਹੜਾ ਸੁਖ ਤੇਰਾ।13।

ਸਵਾਦ-ਸਾਹਿਬ ਦਿੱਤੀ ਜਿੰਦ ਜਾਨ ਮੇਰੀ,
ਕੀ ਤੂੰ ਲੱਗੀ ਹੈਂ ਸੱਚ ਪੁਛਾਣ ਮਾਏ।
ਗੁਰੂ ਨਾਥ ਜੀ ਕੱਢਿਆ ਖੂਹ ਵਿੱਚੋਂ,
ਰਬ ਦਿੱਤੇ ਨੀ ਨੈਨ ਪਰਾਣ ਮਾਏ।
ਮਤ ਖਫ਼ਾ ਹੋਵੇ ਕਰੇ ਕਾਲ ਮੇਰਾ,
ਉਹਦੇ ਕੋਲ ਦੇਵੋ ਮੈਨੂੰ ਜਾਣ ਮਾਏ।
ਕਾਦਰਯਾਰ ਜ਼ਬਾਨ ਥੀਂ ਕੌਲ ਕੀਤਾ,
ਫੇਰ ਮਿਲਾਂਗਾ ਮੈਂ ਆਣ ਮਾਏ।14।



Downloaded from https:// www.studiestoday.com

Downloaded from https:// www.studiestoday.com

ਜ਼ੁਆਦ-ਜ਼ਾਮਨੀ ਗੁਰਾਂ ਦੀ ਵਿੱਚ ਲੈ ਕੇ,
ਮਾਤਾ ਟੋਰਿਆ ਏਤ ਕਰਾਰ ਲੋਕੋ।
ਦਿਲੋਂ ਸਮਝਿਆ ਰੱਬ ਦਾ ਭਲਾ ਹੋਵੇ,
ਸਾਂਝ ਰੱਖੀ ਸੂ ਵਿੱਚ ਸੰਸਾਰ ਲੋਕੋ।
ਡਿੱਗੇ ਲਾਲ ਹੱਥਾਂ ਵਿੱਚੋਂ ਲੱਭਦੇ ਨਹੀਂ,
ਕਰਮਾਂ ਵਾਲਿਆਂ ਨੂੰ ਦੂਜੀ ਵਾਰ ਲੋਕੋ।
ਪੂਰਨ ਹੋ ਟੁਰਿਆ ਵਿਦਾ ਇੱਛਰਾਂ ਤੋਂ,
ਕਿੱਸਾ ਜੋੜਿਆ ਸੀ ਕਾਦਰਯਾਰ ਲੋਕੋ। 15।

ਤੁਇ-ਤਰਫ਼ ਤੁਰਿਆ ਗੁਰੂ ਆਪਣੇ ਦੀ,
ਜਾ ਕੇ ਚਰਨਾਂ 'ਤੇ ਸੀਸ ਨਿਵਾਂਵਦਾ ਈ।
ਪਹਿਲਾਂ ਜਾਇ ਪਰਦਖਨਾਂ ਤਿੰਨ ਕਰਦਾ,
ਮੁਖੋਂ ਆਦਿ ਅਲਖ ਜਗਾਂਵਦਾ ਈ।
ਸਾਰੇ ਸੰਤਾਂ ਨੂੰ ਫੇਰ ਡੰਡੌਤ ਕਰ ਕੇ,
ਆਸਣ ਲਾਇ ਧੂੰਆਂ ਫੇਰ ਪਾਂਵਦਾ ਈ।
ਕਾਦਰਯਾਰ ਫਿਰ ਪੁੱਛਿਆ ਗੁਰੂ ਪੂਰੇ,
ਮਾਈ ਬਾਪ ਦਾ ਹਾਲ ਸੁਣਾਂਵਦਾ ਈ। 16।

**ਸ਼ਬਦ ਅਰਥ :**

**ਹਕੀਕਤ**—ਸਚਾਈ, ਅਸਲੀ ਗੱਲ। **ਨੇਕੀ**—ਭਲਾਈ। **ਰੁੰਨਾ**—ਰੋਇਆ, ਰੁਦਨ ਕੀਤਾ। **ਰਤ**—ਖ਼ੂਨ। **ਸੁਖਨ**—ਇਕਰਾਰ, ਕੌਲ, ਬਚਨ। **ਫ਼ਿਰਾਕ**—ਵਿਯੋਗ, ਵਿਛੋੜਾ। **ਧੌਲਰੀਂ**—ਉੱਚੇ-ਉੱਚੇ ਮਹਿਲ। **ਕਹਿਰਵਾਨੀ**—ਕ੍ਰੋਧ, ਗ਼ੁੱਸਾ। **ਸਿਦਕ**—ਸਚਾਈ, ਧਰਮ। **ਫ਼ਾਨੀ**- ਨਾਸ਼ਵਾਨ, ਨਸ਼ਟ ਹੋਣ ਵਾਲ਼ਾ। **ਕੜਾ**—ਕਟਕ। **ਅਲਸਾਂ**-ਫ਼ਰੇਬ, ਛਲ਼। **ਨਜ਼ੂਲ**—ਬਿਪਤਾ, ਜ਼ੁਲਮ। **ਰਾਜ਼ੀ**—ਖ਼ੁਸ਼। **ਖਸਤਾਲ**-ਭੈੜੀ, ਟੁੱਟੀ-ਭੱਜੀ ਹਾਲਤ ਵਾਲ਼ਾ। **ਨਾ ਮਗਰ ਵੱਤੀਂ**—ਪਿੱਛੇ ਨਾ ਆਵੀਂ। **ਸ਼ੀਰਖੋਰਾ**-ਦੁੱਧ ਪੀਂਦਾ ਬੱਚਾ। **ਜੁਦਾ**-ਵੱਖ। **ਮਰ ਹਯਾਤੀ**—ਮੌਤ ਅਤੇ ਜ਼ਿੰਦਗੀ। **ਖ਼ਾਬ**—ਸੁਪਨਾ। **ਖ਼ਫ਼ਾ**—ਗ਼ੁੱਸੇ, ਨਰਾਜ਼। **ਕੌਲ**—ਵਚਨ, ਇਕਰਾਰ। **ਤਰਫ਼**—ਵੱਲ। **ਡੰਡੌਤ**—ਡੰਡੇ ਵਾਂਗ ਸਿੱਧੇ ਪੈਣ ਦੀ ਕਿਰਿਆ, ਅਸ਼ਟਾਂਗ ਪ੍ਰਨਾਮ।

## ਅਭਿਆਸ

1. **ਹੇਠਾਂ ਲਿਖੇ ਕਾਵਿ-ਬੰਦਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ** :

(ੳ) ਸੇ—ਸਾਬਤੀ ਰਹੀ ਨਾ ਵਿੱਚ ਉਸ ਦੇ,
ਮੈਨੂੰ ਪਕੜ ਕੇ ਪਾਸ ਬਹਾਨ ਲੱਗੀ।
ਗੁਰੂ ਨਾਥ ਜੀ ਗੱਲ ਨੂੰ ਸਮਝਿਆ ਜੇ,
ਕੜਾ ਜ਼ਿਮੀਂ ਅਸਮਾਨ ਦਾ ਢਾਹਨ ਲੱਗੀ।



Downloaded from https:// www.studiestoday.com

Downloaded from https:// www.studiestoday.com

(ਅ) ਸ਼ੀਨ—ਸ਼ੀਰ ਖੋਰਾ ਮੈਥੋਂ ਜੁਦਾ ਹੋਇਉਂ,
ਮਸਾਂ ਮਸਾਂ ਮੈਂ ਡਿੱਠਾ ਹੈ ਮੁੱਖ ਤੇਰਾ
ਚਵ੍ਹੀ ਬਰਸ ਗੁਜ਼ਰੇ ਨਾਹਰੇ ਮਾਰਦੀ ਨੂੰ,
ਅਜੇ ਫੋਲ ਨਾ ਪੁੱਛਿਆ ਦੁਖ ਤੇਰਾ।

2. 'ਪੂਰਨ ਦਾ ਗੁਰੂ ਗੋਰਖ ਨੂੰ ਆਪਣਾ ਹਾਲ ਦੱਸਣਾ' ਦਾ ਕੇਂਦਰੀ ਭਾਵ ਆਪਣੇ ਸ਼ਬਦਾਂ ਵਿੱਚ ਲਿਖੋ।
3. 'ਪੂਰਨ ਦਾ ਵਿਦਾ ਹੋਣਾ' ਦਾ ਕੇਂਦਰੀ ਭਾਵ ਆਪਣੇ ਸ਼ਬਦਾਂ ਵਿੱਚ ਲਿਖੋ।
4. **ਵਸਤੂਨਿਸ਼ਠ ਪ੍ਰਸ਼ਨ—**
   (ੳ) ਪੂਰਨ ਭਗਤ ਦੀ ਕਹਾਣੀ ਨੂੰ ਸਭ ਤੋਂ ਪਹਿਲਾਂ ਕਿਹੜੇ ਕਿੱਸਾਕਾਰ ਨੇ ਕਿੱਸੇ ਦੇ ਰੂਪ 'ਚ ਲਿਖਿਆ ?
   (ਅ) ਪੂਰਨ ਭਗਤ ਦਾ ਗੁਰੂ ਕੌਣ ਸੀ ?
   (ੲ) ਪੂਰਨ ਭਗਤ ਦੇ ਮਾਤਾ-ਪਿਤਾ ਦਾ ਨਾਂ ਦੱਸੋ।
   (ਸ) ਪੂਰਨ ਭਗਤ ਦਾ ਬਾਪ ਕਿਸ ਦੀ ਝੂਠੀ ਸ਼ਿਕਾਇਤ 'ਤੇ ਪੂਰਨ ਨੂੰ ਸਖ਼ਤ ਸਜ਼ਾ ਦੇਣ ਦਾ ਹੁਕਮ ਦਿੰਦਾ ਹੈ ?
   (ਹ) 'ਕਿੱਸਾ ਪੂਰਨ ਭਗਤ' ਦੀ ਕਹਾਣੀ ਦਾ ਮੂਲ ਆਧਾਰ—
      (*i*) ਸਦਾਚਾਰ
      (*ii*) ਪ੍ਰੀਤ
      (*iii*) ਵੀਰਤਾ / ਬਹਾਦਰੀ
      (*iv*) ਸੱਭਿਆਚਾਰ

****



Downloaded from https:// www.studiestoday.com

Downloaded from https:// www.studiestoday.com

# ਬੀਰ-ਕਾਵਿ

## ਗੁਰੂ ਗੋਬਿੰਦ ਸਿੰਘ ਜੀ

(1666-1708 ਈ:)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ 26 ਦਸੰਬਰ, 1666 ਈ: ਨੂੰ ਪਟਨਾ, ਸੂਬਾ ਬਿਹਾਰ ਵਿਖੇ ਹੋਇਆ। ਆਪ ਦੇ ਪਿਤਾ ਸ੍ਰੀ ਗੁਰੂ ਤੇਗ਼ ਬਹਾਦਰ ਜੀ ਅਤੇ ਮਾਤਾ ਗੁਜਰੀ ਜੀ ਸਨ। ਬਚਪਨ ਦੇ ਮੁਢਲੇ ਛੇ ਸਾਲ ਆਪ ਨੇ ਇੱਥੇ ਹੀ ਗੁਜ਼ਾਰੇ ਅਤੇ ਫਿਰ 1673 ਈ: ਵਿੱਚ ਅਨੰਦਪੁਰ ਸਾਹਿਬ ਆ ਗਏ। ਇੱਥੇ ਆਪ ਨੇ ਸੰਸਕ੍ਰਿਤ, ਫ਼ਾਰਸੀ ਅਤੇ ਗੁਰਮੁਖੀ ਦੀ ਵਿੱਦਿਆ ਦੇ ਨਾਲ਼-ਨਾਲ਼ ਘੋੜ-ਸਵਾਰੀ, ਤੀਰ-ਅੰਦਾਜ਼ੀ ਅਤੇ ਹੋਰ ਫ਼ੌਜੀ ਕਰਤਬ ਵੀ ਸਿੱਖੇ। ਆਪ ਮਹਾਨ ਯੋਧੇ, ਜਰਨੈਲ ਅਤੇ ਕੌਮੀ ਆਗੂ ਹੋਣ ਦੇ ਨਾਲ਼-ਨਾਲ਼ ਰੂਹਾਨੀ ਆਗੂ, ਵਿਦਵਾਨ ਅਤੇ ਉੱਚ-ਕੋਟੀ ਦੇ ਸਾਹਿਤਕਾਰ ਵੀ ਸਨ।

ਆਪ ਦੀ ਰਚਨਾ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਨਹੀਂ ਹੈ। ਆਪ ਦੀ ਸਾਰੀ ਰਚਨਾ ਦਸਮ-ਗ੍ਰੰਥ ਵਿੱਚ ਦਰਜ ਹੈ। ਜਿਸ ਵਿੱਚ ਜਾਪੁ ਸਾਹਿਬ, ਅਕਾਲ ਉਸਤਤਿ, ਬਚਿਤ੍ਰ ਨਾਟਕ, ਗਿਆਨ ਪ੍ਰਬੋਧ, ਚੌਪਈਆਂ, ਸ਼ਬਦ ਹਜ਼ਾਰੇ, ਰਾਮ ਕਲੀ, ਸਵਯੈ, ਸ਼ਸਤ੍ਰ ਨਾਮਾ, ਤ੍ਰਿਆ ਚਰਿਤ੍ਰ, ਹਿਕਾਇਤਾਂ ਆਦਿ ਰਚਨਾਵਾਂ ਸ਼ਾਮਲ ਹਨ। ਗੁਰੂ ਗੋਬਿੰਦ ਸਿੰਘ ਜੀ ਦੀ ਬਹੁਤੀ ਰਚਨਾ ਬ੍ਰਿਜ ਭਾਸ਼ਾ ਵਿੱਚ ਹੈ। ਉਹਨਾਂ ਦੀ ਇੱਕ ਰਚਨਾ 'ਜ਼ਫ਼ਰਨਾਮਾ' ਫ਼ਾਰਸੀ ਵਿੱਚ ਵੀ ਹੈ। ਇੱਕ ਸ਼ਬਦ, ਇੱਕ ਖ਼ਿਆਲ ਅਤੇ 'ਚੰਡੀ ਦੀ ਵਾਰ' ਪੰਜਾਬੀ ਭਾਸ਼ਾ ਵਿੱਚ ਹਨ। 'ਚੰਡੀ ਦੀ ਵਾਰ' ਵਿੱਚ ਦੇਵੀ-ਦੇਵਤਿਆਂ ਦਾ ਦੈਂਤਾਂ ਨਾਲ਼ ਯੁੱਧ ਵਿਖਾ ਕੇ ਨੇਕੀ ਅਤੇ ਬਦੀ ਦੇ ਯੁੱਧ ਨੂੰ ਪੇਸ਼ ਕੀਤਾ ਹੈ, ਜਿਸ ਵਿੱਚ ਅਖ਼ੀਰ 'ਤੇ ਜਿੱਤ ਨੇਕੀ ਦੀ ਹੁੰਦੀ ਹੈ।

ਇਸ ਪਾਠ-ਪੁਸਤਕ ਵਿੱਚ 'ਚੰਡੀ ਦੀ ਵਾਰ' ਵਿੱਚੋਂ ਅਰਾਧਨਾ, ਤ੍ਰੇਤਾ ਯੁੱਗ, ਇੰਦਰ ਦਾ ਦੁਰਗਾ ਕੋਲ਼ ਫਰਿਆਦ ਲੈ ਕੇ ਜਾਣ, ਦੁਰਗਾ ਦੇ ਗੁੱਸੇ ਵਿੱਚ ਆਉਣ ਅਤੇ ਰਣ-ਭੂਮੀ ਦਾ ਚਿੱਤਰ ਪੇਸ਼ ਕਰਦੇ ਬੰਦ ਸ਼ਾਮਲ ਕੀਤੇ ਗਏ ਹਨ।

### ਚੰਡੀ ਦੀ ਵਾਰ

ਪ੍ਰਿਥਮ ਭਗਉਤੀ ਸਿਮਰਿ ਕੈ, ਗੁਰੂ ਨਾਨਕ ਲਈ ਧਿਆਇ।
ਫਿਰ ਅੰਗਦ ਗੁਰ ਤੇ ਅਮਰਦਾਸ ਰਾਮਦਾਸੈ ਹੋਈ ਸਹਾਇ।
ਅਰਜਨ ਹਰਿ ਗੋਬਿੰਦ ਨੋ ਸਿਮਰੋ ਸ੍ਰੀ ਹਰਿ ਰਾਏ।
ਸ੍ਰੀ ਹਰਿ ਕ੍ਰਿਸ਼ਨ ਧਿਆਇਐ ਜਿਸੁ ਡਿਠੈ ਸਭੁ ਦੁਖੁ ਜਾਇ।
ਤੇਗ ਬਹਾਦਰ ਸਿਮਰਿਐ ਘਰਿ ਨਉ ਨਿਧਿ ਆਵੈ ਧਾਇ।
ਸਭ ਥਾਂਈਂ ਹੋਇ ਸਹਾਇ ।1।

ਖੰਡਾ ਪ੍ਰਿਥਮੈ ਸਾਜਿ ਕੇ ਜਿਨ ਸਭ ਸੈਸਾਰ ਉਪਾਇਆ ।
ਬ੍ਰਹਮਾ ਬਿਸਨੁ ਮਹੇਸ ਸਾਜਿ ਕੁਦਰਤੀ ਦਾ ਖੇਲ ਰਚਾਇਆ।
ਚਉਦਹ ਤਬਕ ਬਣਾਇ ਕੈ ਕੁਦਰਤਿ ਦਾ ਖੇਲ ਦਿਖਾਇਆ।
ਸਿੰਧ ਪਰਬਤ ਮੇਦਨੀ, ਬਿਨੁ ਥੰਮਾ ਗਗਨੁ ਰਹਾਇਆ।



Downloaded from https:// www.studiestoday.com

Downloaded from https:// www.studiestoday.com

ਸਿਰਜੇ ਦਾਨੋ ਦੇਵਤੇ ਤਿਨ ਅੰਦਰਿ ਬਾਦਿ ਰਚਾਇਆ।
ਤੈਂ ਹੀ ਦੁਰਗਾ ਸਾਜਿ ਕੈ ਦੈਂਤਾਂ ਦਾ ਨਾਸੁ ਕਰਾਇਆ।
ਤੈਥੋਂ ਹੀ ਬਲ ਰਾਮ ਲੈ ਨਾਲ ਬਾਣਾਂ ਦਹਸਿਰੁ ਘਾਇਆ।
ਤੈਥੋਂ ਹੀ ਬਲ ਕਿਸ਼ਨ ਲੈ ਕੰਸੁ ਕੇਸੀ ਹੂ ਪਕੜਿ ਗਿਰਾਇਆ।
ਬਡੇ ਬਡੇ ਮੁਨਿ ਦੇਵਤੇ ਕਈ ਜੁਗ ਜਿਨਾ ਤਨੁ ਤਾਇਆ।
ਕਿਨੈ ਤੇਰਾ ਅੰਤ ਨ ਪਾਇਆ ।2।

ਸਾਧੂ ਸਤਿਜੁਗੁ ਬੀਤਿਆ ਅਧਸੀਲੀ ਤ੍ਰੇਤਾ ਆਇਆ।
ਨਚੀ ਕਲਿ ਸਰੋਸਰੀ ਤੇ ਨਾਰਦ ਡਉਰੂ ਵਾਇਆ।
ਗਰਬ ਉਤਾਰਣ ਦੇਵਤਿਆਂ ਮਹਿਖਾਸੁਰ ਸੁੰਭ ਉਪਾਇਆ।
ਜੀਤਿ ਲੀਏ ਤਿਨ ਦੇਵਤੇ ਤਿਹੁੰ ਲੋਕੀ ਰਾਜ ਕਮਾਇਆ।
ਵੱਡਾ ਬੀਰ ਅਖਾਇ ਕੈ ਸਿਰ ਉਤੈ ਛਤ੍ਰ ਫਿਰਾਇਆ।
ਦਿਉਤਾ ਇੰਦ੍ਰ ਨਿਕਾਲ ਕੈ ਤਿਨ ਗਿਰਿ ਕੈਲਾਸੁ ਤਕਾਇਆ।
ਡਰਿ ਕੈ ਹਥੋਂ ਦਾਨਵੀਂ ਦਿਲ ਅੰਦਰਿ ਤ੍ਰਾਸ ਵਧਾਇਆ।
ਪਾਸ ਦੁਰਗਾ ਦੇ ਇੰਦ੍ਰ ਆਇਆ ।3।

ਇਕਤੁ ਦਿਹਾੜੈ ਆਈ ਨਾਵ੍ਹਣ ਦੁਰਗਸ਼ਾਹ।
ਦੈਵੀਂ ਬ੍ਰਿਥਾ ਸੁਣਾਈ ਆਪਣੇ ਹਾਲ ਦੀ–
ਛੀਨ ਲਈ ਠਕੁਰਾਈ ਸਾਤੇ ਦਾਨਵੀਂ
ਲੋਕੀਂ ਤਿਹੀ ਫਿਰਾਈ ਦੋਹੀ ਆਪਣੀ
ਬੈਠੇ ਥਾਇ (ਵਾਇ) ਵਧਾਈ ਤੇ ਅਮਰਾਵਤੀ
ਦਿਤੇ ਦੇਵ ਭਜਾਈ ਸਭਨਾਂ ਰਾਕਸ਼ਾਂ।
ਕਿਨੈ ਨ ਜਿਤਿਆ ਜਾਈ ਮਹਿਖੇ ਦੈਂਤ ਨੋ
ਤੇਰੀ ਸਾਮ ਤਕਾਈ ਦੇਵੀ ਦੁਰਗਸ਼ਾਹ।4।

ਬੈਣ ਸੁਣੰਦੀ ਦੁਰਗਾ ਹੱਸੀ ਹੜਹੜਾਇ
ਓਹੀ ਸ਼ੀਂਹੁ ਮੰਗਾਇਆ ਰਾਕਸ਼ ਭਖਣਾ
ਚਿੰਤਾ ਕਰਹੁ ਨ ਕਾਈ ਦੇਵਾਂ ਨੁ ਆਖਿਆ
ਰੋਹ ਹੋਈ ਮਹਾਮਾਈ ਰਾਕਸਿ ਮਾਰਣੇ ।5।

ਰਾਕਸ਼ ਆਇ ਰੋਹਲੇ ਖੇਤ ਭਿੜਣ ਕੇ ਚਾਇ
ਲਸ਼ਕਨਿ ਤੇਗਾਂ ਬਰਛੀਆਂ ਸੂਰਜ ਨਦਰਿ ਨ ਪਾਇ ।6।

ਬੱਜੇ ਢੋਲ ਨਗਾਰੇ ਦਲਾਂ ਮੁਕਾਬਲਾ
ਤੀਰ ਫਿਰੈ ਰੈਬਾਰੇ ਆਮੋ ਸਾਮ੍ਹਣੇ
ਅਗਿਣਤ ਬੀਰ ਸੰਘਾਰੇ ਲਗਦੀ ਕੈਬਰੀਂ
ਡਿਗੇ ਜਾਣਿ ਮੁਨਾਰੇ ਮਾਰੇ ਬਿਜੁ ਦੇ



Downloaded from https:// www.studiestoday.com

Downloaded from https:// www.studiestoday.com

ਕਲਵਾਲੀਂ ਦੈਂਤ ਅਹਾੜੇ ਸਭੇ ਸੂਰਮੇ
ਸੁਤੇ ਜਾਣੁ ਜਟਾਲੇ ਭੰਗਾਂ ਖਾਇ ਕੈ ।17।

ਦੁਹਾਂ ਕੰਧਾਰਾਂ ਮੁਹਿ ਜੁੜੇ ਨਾਲਿ ਧਉਂਸਾ ਭਾਰੀ
ਕੜਕ ਉਠਿਆ ਫਉਜ ਤੇ ਵੱਡਾ ਅਹੰਕਾਰੀ
ਲੈ ਕੇ ਚਲਿਆ ਸੂਰਮੇ ਨਾਲਿ ਵਡੇ ਹਜ਼ਾਰੀ
ਮਿਆਨੋਂ ਖੰਡਾ ਧੂਹਿਆ ਮਹਿਖਾਸੁਰ ਭਾਰੀ
ਉਮਲ ਲਥੇ ਸੂਰਮੇ ਮਾਰ ਮਚੀ ਕਰਾਰੀ
ਜਾਪੇ ਚਲੇ ਰਤੁ ਦੇ ਸਲਲੇ ਜਟੂਧਾਰੀ।18।

ਸੱਟ ਪਈ ਜਮਧਾਣੀ ਦਲਾਂ ਮੁਕਾਬਲਾ
ਧੂਹਿ ਲਈ ਕ੍ਰਿਪਾਣੀ ਦੁਰਗਾ ਮਿਆਨ ਤੇ
ਚੰਡੀ ਰਾਕਸ਼ ਖਾਣੀ ਵਾਹੀ ਦੈਂਤ ਨੋ
ਕੋਪਰ ਚੂਰ ਚਵਾਣੀ ਲਥੀ ਕਰਗ ਲੈ
ਪਾਖਰ ਤੁਰਾ ਪਲਾਣੀ ਰੜਕੀ ਧਰਤ ਜਾਇ
ਲੈਂਦੀ ਅਘਾਂ ਸਿਧਾਣੀ ਸਿੰਗਾਂ ਧਉਲ ਦਿਆਂ
ਕੂਰਮ ਸਿਰ ਲਹਿਲਾਣੀ ਦੁਸ਼ਮਨ ਮਾਰਿ ਕੈ
ਵੱਢੇ ਗੱਨ ਤਿਖਾਣੀ ਮੂਏ ਖੇਤ ਵਿਚਿ
ਰਣਿ ਵਿਚਿ ਘਤੀ ਘਾਣੀ ਲੋਹੂ ਮਿਝ ਦੀ
ਚਾਰੇ ਜੁਗ ਕਹਾਣੀ ਚਲਗੁ ਤੇਗ ਦੀ
ਬਿਧਣ ਖੇਤ ਵਿਹਾਣੀ ਮਹਿਖੇ ਦੈਂਤ ਨੋ ।19।
ਇਤਿ ਮਹਿਖਾਸੁਰ ਦੈਂਤ ਮਾਰੇ ਦੁਰਗਾ ਆਇਆ
ਚਉਦਹ ਲੋਕਾਂ ਰਾਣੀ ਸਿੰਘੁ ਨਚਾਇਆ
ਮਾਰੇ ਬੀਰ ਜਟਾਣੀ ਦਲ ਵਿਚਿ ਅਗਲੇ
ਮੰਗਣਿ ਨਾਹੀਂ ਪਾਣੀ ਦਲੀਂ ਹੰਕਾਰ ਕੈ
ਜਣੁ ਕਰੀ ਸਮਾਇ ਪਠਾਣੀ ਸੁਣਿ ਕੈ ਰਾਗ ਨੂੰ
ਰਤੁ ਦੇ ਹੜਵਾਣੀ ਚਲੇ ਬੀਰ ਖੇਤ
ਪੀਤਾ ਫੁਲੁ ਇਆਣੀਂ ਘੁਮਨਿ ਸੂਰਮੇ ।20।

ਹੋਈ ਅਲੋਪ ਭਵਾਨੀ ਦੇਵਾਂ ਨੋ ਰਾਜ ਦੇ
ਈਸਰ ਦੀ ਬਰਦਾਨੀ ਹੋਈ ਜਿਤ ਦਿਨ
ਸੁੰਭ ਨਿਸੁੰਭ ਗੁਮਾਨੀ ਜਨਮੇ ਸੂਰਮੇ
ਇੰਦਰ ਦੀ ਰਜਧਾਨੀ ਤਕੀ ਜਿਤਨੀ ।21।



Downloaded from https:// www.studiestoday.com

Downloaded from https:// www.studiestoday.com

**ਸ਼ਬਦ-ਅਰਥ :**

**ਪ੍ਰਿਥਮ**-ਪਹਿਲਾਂ । **ਭਗਉਤੀ**-ਪਾਰਬ੍ਰਹਮ ਦੀ ਸ਼ਕਤੀ, ਖੜਗ, ਤਲਵਾਰ, ਕਿਰਪਾਨ। **ਸਿਮਰਿ ਕੈ**-ਅਰਾਧਨਾ ਕਰਕੇ । **ਨਉ ਨਿਧਿ**-ਨੌਂ ਖ਼ਜ਼ਾਨੇ । 1। **ਖੰਡਾ**-ਖੜਗ,ਤਲਵਾਰ,ਸ਼ਕਤੀ। **ਸੈਸਾਰ**-ਸੰਸਾਰ। **ਉਪਾਇਆ**-ਪੈਦਾ ਕੀਤਾ । **ਸਾਜਿ**-ਰਚ ਕੇ। **ਤਬਕ**-ਲੋਕ, ਦੇਸ਼, ਖੰਡ । **ਸਿੰਧ**-ਸਾਗਰ, ਸਿੰਧ ਨਦੀ। **ਮੇਦਨੀ**-ਧਰਤੀ। **ਗਗਨੁ**-ਗਗਨ, ਅਕਾਸ਼। **ਰਹਾਇਆ**-ਟਿਕਾਇਆ, ਕਾਇਮ ਕੀਤਾ। **ਸਿਰਜੇ**-ਪੈਦਾ ਕੀਤੇ। **ਦਾਨੋ**-ਦਾਨਵ, ਦੈਂਤ। **ਬਾਦਿ**-ਝਗੜਾ, ਵਾਦ-ਵਿਵਾਦ, ਹੰਕਾਰ। **ਦੁਰਗਾ**-ਰਾਖ਼ਸ਼ਾਂ ਨੂੰ ਮਾਰ ਦੇਣ ਵਾਲ਼ੀ ਦੇਵੀ, ਇਹ ਸ਼ਕਤੀ ਦਾ ਪ੍ਰਤੀਕ ਹੈ। **ਦਹਸਿਰੁ**-ਰਾਵਣ । **ਘਾਇਆ**-ਮਾਰ ਮੁਕਾਇਆ। **ਮੁਨਿ**-ਰਿਸ਼ੀ, ਮੁਨੀ। **ਤਨੁ ਤਾਇਆ**-ਤਪੱਸਿਆ ਕੀਤੀ। **ਕਿਨੈ**-ਕਿਸੇ ਨੇ । 2। **ਸਤਿਜੁਗੁ**-ਅਜਿਹਾ ਸਮਾਂ ਜਿਸ ਵਿੱਚ ਸੱਚ ਪ੍ਰਧਾਨ ਹੈ। **ਅਧਸੀਲੀ**-ਅਰਧ ਸ਼ੀਲ਼ ਵਾਲ਼ਾ, ਜਿਸ ਵਿੱਚ ਅੱਧਾ ਸ਼ਿਸ਼ਟਾਚਾਰ (ਭਲਾ ਵਰਤਾਅ) ਹੈ। **ਤ੍ਰੇਤਾ**-ਤਿੰਨ ਅਗਨੀਆਂ ਦਾ ਸਮੁਦਾਇ, ਤ੍ਰੇਤਾ ਯੁਗ ਵਿੱਚ ਯਗ ਆਦਿ ਹੋਣ ਲੱਗੇ, ਧਰਮ ਦਾ ਚੌਥਾ ਹਿੱਸਾ ਘਟ ਗਿਆ (ਚਾਰੇ ਯੁੱਗਾਂ ਦੇ ਵੱਖਰੇ-ਵੱਖਰੇ ਧਰਮ-ਪੁਰਾਣਾਂ ਅਨੁਸਾਰ ਸਤਜੁਗ ਵਿੱਚ ਧਿਆਨ, ਤ੍ਰੇਤਾ ਵਿੱਚ ਯਗ, ਦਵਾਪਰ ਵਿੱਚ ਪੂਜਨ ਅਤੇ ਕਲਜੁਗ ਵਿੱਚ ਹਰਿਨਾਮ ਕੀਰਤਨ)। **ਕਲਿ**-ਕਲ੍ਹਾ, ਕਲ਼ੇਸ਼। **ਸਰੋਸਰੀ**-ਹਰ ਮਨੁੱਖ ਦੇ ਸਿਰ। **ਵਾਇਆ**-ਵਜਾਇਆ। **ਮਹਿਖਾਸੁਰ ਸੁੰਭ ਉਪਾਇਆ**-ਮਹਿਖਾਸੁਰ ਅਤੇ ਸੁੰਭ ਦੈਂਤ ਪੈਦਾ ਕੀਤੇ । **ਤਿਹੁੰ ਲੋਕੀ**-ਤ੍ਰੈ ਲੋਕਾਂ ਵਿੱਚ (ਪਤਾਲ਼, ਧਰਤੀ, ਅਕਾਸ਼) ਪਿਛਲੀ ਦੁਨੀਆਂ, ਇਹ ਦੁਨੀਆਂ, ਅਗਲੀ ਦੁਨੀਆਂ। **ਗਿਰਿ**-ਪਹਾੜ। **ਕੈਲਾਸੁ**-ਕੈਲਾਸ਼ ਪਰਬਤ, ਜਿਸ ਉੱਪਰ ਸ਼ਿਵ ਜੀ ਦਾ ਨਿਵਾਸ-ਸਥਾਨ ਮੰਨਿਆ ਜਾਂਦਾ ਹੈ। **ਤ੍ਰਾਸ**-ਡਰ। 3। **ਬ੍ਰਿਥਾ**-ਵਿਥਿਆ। **ਠਕੁਰਾਈ**-ਸਰਦਾਰੀ, ਹਕੂਮਤ । **ਸਾਤੇ**-ਸਾਡੇ ਕੋਲ਼ੋਂ । **ਲੋਕੀਂ ਤਿਹੀ**-ਤਿੰਨਾਂ ਲੋਕਾਂ ਵਿੱਚ। **ਦੋਹੀ**-ਧ੍ਰੋਹੀ। **ਵਾਇ**-ਵੈਰ ਭਾਵਨਾ, ਦੁਸ਼ਮਣੀ, ਅਹੰਕਾਰ। **ਅਮਰਾਵਤੀ**-ਸੁਰਗਲੋਕ ਵਿੱਚ। **ਮਹਿਖੇ**-ਮਹਿਖਾਸੁਰ। **ਸਾਮ**-ਪਨਾਹ ।4। **ਬੈਣ**-ਕੀਰਨੇ, ਦੁੱਖ ਦੇ ਬੋਲ, ਵੈਣ। **ਹੜਹੜਾਇ**-ਖਿੜਖਿੜਾ ਕੇ ਭਿਆਨਕ ਹਾਸਾ ਹੱਸ ਪਈ, ਜ਼ੋਰ ਨਾਲ਼ ਹੱਸ ਪਈ। **ਸ਼ੀਂਹੁ**-ਸ਼ੇਰ। **ਭਖਣਾ**-ਖਾਣ ਵਾਲ਼ਾ। **ਰੋਹ ਹੋਈ**-ਗ਼ੁੱਸੇ ਨਾਲ਼ ਭਰ ਗਈ। **ਮਹਾਮਾਈ**-ਚੰਡੀ ਦੇਵੀ, ਜਗਤ-ਮਾਤਾ। 5। **ਰੋਹਲੇ**-ਗੁੱਸੇ ਵਿੱਚ ਭਰੇ ਹੋਏ । **ਖੇਤ**-ਰਣਭੂਮੀ। **ਚਾਇ**-ਚਾਅ ਵਿੱਚ, ਸ਼ੌਕ ਵਿੱਚ। **ਨਦਰਿ**-ਨਜ਼ਰ, ਨਿਗ੍ਹਾ ਵਿੱਚ । 6। **ਰੈਬਾਰੇ**-ਅੱਗੇ ਤੋਂ ਅੱਗੇ, ਰਾਹ ਵਿਖਾਉਣ ਵਾਲ਼ੇ। **ਸੰਘਾਰੇ**-ਮਾਰ ਦਿੱਤੇ । **ਕੈਬਰੀਂ**-ਤੀਰਾਂ ਦੀ ਵਾਛੜ। **ਬਿਜੁ**-ਬਿਜਲੀ। **ਅਹਾੜੇ**-ਦਹਾੜੇ, ਅਰੜਾਏ, ਨਾਅਰੇ ਮਾਰਦੇ ਅੱਗੇ ਵਧੇ । 17। **ਧਉਂਸਾ**-ਜੰਗੀ ਨਗਾਰਾ। **ਕੜਕ**-ਬਿਜਲੀ, ਬੰਦੂਕ ਦੀ ਧੁਨੀ, ਕੜਾਕਾ। **ਹਜ਼ਾਰੀ**-ਪੰਜ ਹਜ਼ਾਰੀ, ਦਸ ਹਜ਼ਾਰੀ-ਜਰਨੈਲ। **ਸਲਲੇ**-ਲਹੂ ਦੀਆਂ ਧਾਰਾਂ, ਸੈਲਾਬ, ਹੜ੍ਹ। **ਜਟੂਧਾਰੀ**-ਜਟਾਧਾਰੀ, ਸ਼ਿਵ ਜੀ ਦੀਆਂ ਜਟਾਂ ਵਿੱਚੋਂ ਨਿਕਲ਼ੀ ਗੰਗਾ ਵਾਂਗ । 18। **ਜਮਧਾਣੀ**-ਝੋਟੇ ਦੇ ਚੰਮ ਨਾਲ਼ ਮੜ੍ਹਿਆ ਨਗਾਰਾ। **ਕੋਪਰ**-ਖੋਪੜੀ। **ਚਵਾਣੀ**-ਜਿਸ ਵਿੱਚੋਂ ਲਹੂ ਚੋ ਰਿਹਾ ਹੋਵੇ। **ਕਰਗ**-ਸਰੀਰ ਦਾ ਪਿੰਜਰ। **ਪਾਖਰ**-ਕਾਠੀ। **ਤੁਰਾ**-ਘੋੜਾ। **ਪਲਾਣੀ**-ਗੱਦੀ। **ਧਉਲ**-ਫ਼ਰਜ਼ੀ ਸਫ਼ੈਦ ਬਲਦ, ਜਿਸ ਨੇ ਸਾਰੀ ਪ੍ਰਿਥਵੀ ਆਪਣੇ ਸਿੰਗਾਂ ਉੱਪਰ ਚੁੱਕੀ ਹੋਈ ਹੈ। **ਅਘਾਂ ਸਿਧਾਣੀ**-ਕਾਠੀ ਘੋੜੇ ਨੂੰ ਚੀਰਦੀ ਤਲਵਾਰ ਅੱਗੇ ਵਧੀ । **ਕੂਰਮ**-ਕੱਛੂ-ਕੁੰਮਾ । **ਲਹਿਲਾਣੀ**-ਲਹਿਰਾਉਣ ਵਾਲ਼ੀ। **ਗੱਨ**-ਮੋਛੇ,ਡੱਕਰੇ । **ਮਿਝ**-ਚਰਬੀ। **ਬਿਧਣ**-ਦੁੱਖ ਦੀ ਘੜੀ । **ਵਿਹਾਣੀ**-ਬੀਤੀ । **ਮਹਿਖੇ**-ਮਹਿਖਾਸੁਰ, ਝੋਟੇ ਦੇ ਸਿਰ ਵਾਲ਼ਾ ਦੈਂਤ ।19। **ਸਿੰਘੁ**-ਸ਼ੇਰ। **ਜਟਾਣੀ**-ਜਟਾਂ ਵਾਲ਼ੇ। **ਜਣੁ**-ਮਾਨੋ, ਜਾਨਿਓਂ। **ਸਮਾਇ**-ਸਮਾਅ, ਰੂਹਾਨੀ ਗੀਤਾਂ, ਭਜਨਾਂ ਨੂੰ ਸੁਣਨਾ । **ਹੜਵਾਣੀ**-ਹੜ੍ਹ, ਕਾਂਗ। **ਫੁਲੁ**-ਪੋਸਤ, ਡੋਡੇ। **ਇਆਣੀਂ**-ਅੰਞਾਣੇ ਨੇ । 20। **ਅਲੋਪ**-ਛੁਪ ਗਈ। **ਭਵਾਨੀ**-ਭਗਵਤੀ, ਦੁਰਗਾ ਦੇਵੀ। **ਈਸਰ**-ਪ੍ਰਭੂ, ਜਗਤ ਦਾ ਈਸ਼। **ਬਰਦਾਨੀ**-ਵਰਦਾਤੀ, ਵਰਦਾਨ। **ਸੁੰਭ ਨਿਸੁੰਭ**-ਰਾਖਸ਼ਾਂ ਦੇ ਨਾਂ। **ਗੁਮਾਨੀ**-ਅਹੰਕਾਰੀ, ਗੁਮਾਨ ਭਰੇ। **ਰਜਧਾਨੀ**-ਰਾਜਧਾਨੀ। 21।



Downloaded from https:// www.studiestoday.com

Downloaded from https:// www.studiestoday.com

## ਅਭਿਆਸ

1. **ਹੇਠਾਂ ਲਿਖੇ ਕਾਵਿ-ਬੰਦਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :**

   (ੳ) ਖੰਡਾ ਪ੍ਰਿਥਮੈ ਸਾਜਿ ਕੈ ਜਿਨ ਸਭ ਸੈਸਾਰ ਉਪਾਇਆ।
   ਬ੍ਰਹਮਾ ਬਿਸਨੁ ਮਹੇਸ ਸਾਜਿ, ਕੁਦਰਤਿ ਦਾ ਖੇਲ ਰਚਾਇਆ।
   ਸਿੰਧ ਪਰਬਤ ਮੇਦਨੀ ਬਿਨੁ ਥੰਮਾ ਗਗਨੁ ਰਹਾਇਆ।
   ਸਿਰਜੇ ਦਾਨੋ ਦੇਵਤੇ ਤਿਨ ਅੰਦਰਿ ਬਾਦਿ ਰਚਾਇਆ।
   ਤੈਂ ਹੀ ਦੁਰਗਾ ਸਾਜਿ ਕੈ ਦੈਂਤਾਂ ਦਾ ਨਾਸੁ ਕਰਾਇਆ।

   (ਅ) ਸੱਟ ਪਈ ਜਮਧਾਣੀ ਦਲਾਂ ਮੁਕਾਬਲਾ
   ਧੂਹਿ ਲਈ ਕ੍ਰਿਪਾਣੀ ਦੁਰਗਾ ਮਿਆਨ ਤੇ
   ਚੰਡੀ ਰਾਕਸ਼ ਖਾਣੀ ਵਾਹੀ ਦੈਂਤ ਨੂੰ
   ਕੋਪਰ ਚੂਰ ਚਵਾਣੀ ਲਥੀ ਕਰੰਗ ਲੈ
   ਪਾਖਰ ਤੁਰਾ ਪਲਾਣੀ ਰੜਕੀ ਧਰਤ ਜਾਇ
   ਲੈਂਦੀ ਅਘਾਂ ਸਿਧਾਣੀ ਸਿੰਗਾਂ ਧਉਲ ਦਿਆਂ।

2. 'ਸੱਟ ਪਈ ਜਮਧਾਣੀ ਦਲਾਂ ਮੁਕਾਬਲਾ' ਪੰਕਤੀ ਨਾਲ਼ ਰਣ-ਭੂਮੀ ਦਾ ਚਿੱਤਰ ਸ਼ੁਰੂ ਹੋ ਕੇ 'ਬਿਧਣ ਖੇਤ ਵਿਹਾਣੀ ਮਹਿਖੇ ਦੈਂਤ ਨੋ' ਉੱਤੇ ਸਮਾਪਤ ਹੁੰਦਾ ਹੈ। ਇਸ ਪਉੜੀ ਵਿੱਚ ਦਰਸਾਏ ਰਣਭੂਮੀ ਦੇ ਚਿੱਤਰ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ।

3. **ਵਸਤੂਨਿਸ਼ਠ ਪ੍ਰਸ਼ਨ—**

   (ੳ) 'ਚੰਡੀ ਦੀ ਵਾਰ' ਕਿਸ ਦੀ ਰਚਨਾ ਹੈ ?

   (ਅ) 'ਚੰਡੀ ਦੀ ਵਾਰ' ਦੇ ਮੰਗਲਾਚਰਨ ਵਿੱਚ ਕੁੱਲ ਕਿੰਨੇ ਸਿੱਖ ਗੁਰੂ ਸਾਹਿਬਾਨ ਦਾ ਜ਼ਿਕਰ ਹੋਇਆ ਹੈ ?

   (ੲ) ਚੰਡੀ ਦੀ ਵਾਰ ਵਿੱਚ ਲੜਾਈ ਕਿਹੜੀਆਂ-ਕਿਹੜੀਆਂ ਧਿਰਾਂ ਦਰਮਿਆਨ ਹੁੰਦੀ ਹੈ ?

   (ਸ) ਦੇਵਤੇ ਕਿਸ ਦੀ ਅਗਵਾਈ 'ਚ ਰਾਖਸ਼ਾਂ ਨਾਲ਼ ਲੜਾਈ ਕਰਦੇ ਹਨ ?

   (ਹ) ਦੋਹਾਂ ਧਿਰਾਂ ਦਰਮਿਆਨ ਲੜਾਈ ਤੋਂ ਪਹਿਲਾਂ ਕੀ-ਕੀ ਵਜਾਇਆ ਜਾਂਦਾ ਹੈ ?

   (ਕ) ਵਾਰ ਤੋਂ ਕੀ ਭਾਵ ਹੈ ?

   (ਖ) "ਤੈਂ ਹੀ ਦੁਰਗਾ ਸਾਜਿ ਕੈ ਦੈਂਤਾਂ ਦਾ ਨਾਸ ਕਰਾਇਆ' ਤੋਂ ਕੀ ਭਾਵ ਹੈ ?

   (ਗ) 'ਮਹਿਖਾ' ਅਤੇ 'ਮਹਿਖਾਸੁਰ' ਕੌਣ ਸਨ ?

****



Downloaded from https:// www.studiestoday.com

Downloaded from https:// www.studiestoday.com

# ਨਜਾਬਤ

ਪੰਜਾਬੀ ਵਾਰ-ਸਾਹਿਤ ਵਿੱਚ ਨਜਾਬਤ ਦਾ ਵਿਸ਼ੇਸ਼ ਸਥਾਨ ਹੈ। ਨਜਾਬਤ ਦੀ ਜਨਮ ਤਾਰੀਖ਼ ਬਾਰੇ ਕੋਈ ਪ੍ਰਮਾਣਿਕ ਜਾਣਕਾਰੀ ਨਹੀਂ ਮਿਲ਼ਦੀ। ਵਿਦਵਾਨਾਂ ਦੀ ਰਾਏ ਅਨੁਸਾਰ ਆਪ ਦਾ ਜਨਮ ਉੱਨ੍ਹੀਵੀਂ ਸਦੀ ਦੇ ਪਹਿਲੇ ਅੱਧ ਵਿੱਚ ਜ਼ਿਲ੍ਹਾ ਸ਼ਾਹਪੁਰ ਦੇ ਪਿੰਡ ਮਦੀਲਾ ਹਰਲਾਂ ਵਿੱਚ ਹੋਇਆ।

ਨਜ਼ਾਬਤ ਨੇ ਨਾਦਰਸ਼ਾਹ ਦੇ ਹਮਲੇ ਬਾਰੇ ਵਾਰ ਲਿਖੀ ਹੈ। ਇਸ ਵਾਰ ਵਿੱਚ ਆਪ ਨੇ ਨਾਦਰਸ਼ਾਹ ਦੇ ਭਾਰਤ ’ਤੇ ਹਮਲੇ ਦਾ ਵਰਨਣ ਕੀਤਾ ਹੈ। ਇਹ ਵਾਰ ਪੰਜਾਬੀ ਸਾਹਿਤ ਵਿੱਚ ਵਿਸ਼ੇਸ਼ ਸਥਾਨ ਰੱਖਦੀ ਹੈ।

ਇਸ ਵਾਰ ਵਿੱਚ ਬੋਲੀ ਬੜੀ ਤਿੱਖੀ ਸੁਰ ਵਾਲ਼ੀ ਅਤੇ ਨਾਟਕੀ ਰੰਗਣ ਵਾਲ਼ੀ ਹੈ। ਤਸ਼ਬੀਹਾਂ ਮੌਲਿਕ ਵਰਤੀਆਂ ਹਨ। ਯੁੱਧ ਦਾ ਦ੍ਰਿਸ਼ ਵਰਨਣ ਕਰਨ ਲੱਗਿਆਂ ਕਮਾਲ ਦਾ ਬੀਰ-ਰਸ ਭਰਿਆ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਰਚੀ ਚੰਡੀ ਦੀ ਵਾਰ ਤੋਂ ਬਾਅਦ ਇਹ ਵਾਰ ਬੀਰ-ਰਸ ਦਾ ਉੱਤਮ ਨਮੂਨਾ ਕਹੀ ਜਾ ਸਕਦੀ ਹੈ।

ਹਥਲੇ ਕਾਵਿ-ਸੰਗ੍ਰਹਿ ਵਿੱਚ ਨਜਾਬਤ ਦੀ ਵਾਰ ਵਿੱਚੋਂ ‘ਅਟਕ ਤੋਂ ਨਾਦਰਸ਼ਾਹ ਦਾ ਕੂਚ ਕਰਨਾ’, ‘ਰਾਵੀ ਕੰਢੇ ਦੀ ਲੜਾਈ’, ‘ਨਵਾਬ ਲਾਹੌਰ ਦਾ ਹਾਰ ਮੰਨਣਾ’, ‘ਕਰਨਾਲ ਦੀ ਲੜਾਈ’ ਨਾਲ਼ ਸੰਬੰਧਿਤ ਬੰਦ ਸ਼ਾਮਲ ਕੀਤੇ ਗਏ ਹਨ।

## ਅਟਕ ਤੋਂ ਨਾਦਰ ਸ਼ਾਹ ਦਾ ਕੂਚ ਕਰਨਾ

ਅਟਕ ਤੋਂ ਚੜ੍ਹਿਆ ਨਾਦਰ ਸ਼ਾਹ, ਰਣ ਭੇਰੀ ਕੁੱਟੇ।
ਵਹਿ ਪਏ ਪੰਜਾਬੇ ਪਾਸਣੇ, ਸੈ ਮਾਰੇ ਮੁੱਠੇ।
ਖੱਟਕ ਘੇਬੇ ਗਹਖੜੇ ਪੈ ਭੈਣੀ ਲੁੱਟੇ।
ਕੋਹ ਪੰਜਾਹ ਚੁੜੱਤਣੀ, ਲੜ ਆਹੁਨ ਛੁੱਟੇ।
ਡੇਰੇ ਉੱਤੇ ਜੇਹਲਮੀ, ਆਨ ਲੰਬੂ ਛੱਟੇ।
ਪਰ ਖ਼ਬਰਾਂ ਦਿੱਲੀ ਪਹੁੰਚੀਆਂ, ਸੁਣ ਜਿਗਰੇ ਫੁੱਟੇ।

## ਰਾਵੀ ਕੰਢੇ ਦੀ ਲੜਾਈ

ਸੈ ਜਾਤੀ ਸਾਨ ਮਿਸਰੀਆਂ, ਲਈਓਂ ਨੇ ਸੂਤ।
ਮਾਰਨ ਤੇਗਾਂ ਗੁਰਜੀਆਂ, ਖਾਸੇ ਲਜਪੂਤ।
ਖਾ ਗੁਰਜੀ ਤੇਗਾਂ ਡਿੱਗ ਪਏ, ਹੋ ਗਏ ਭਬੂਤ।
ਜਿਵੇਂ ਖਾ ਧਤੂਰਾ ਡਿੱਗ ਪਏ, ਜੋਗੀ ਅਬਧੂਤ।
ਮਦਦ ਰਹੀ ਨਵਾਬ ਦੀ, ਤਾਂ ਜੰਗ ਮਕੂਫ।
ਫਿਰ ਸ਼ਾਹਦਰੇ ਦੇ ਕੀਤੀਆ ਪਠਾਣਾਂ ਲੂਟ।
ਨਵਾਬ ਖ਼ਾਨ ਬਹਾਦਰ ਫ਼ੌਜ ਨੂੰ ਕਰ ਹੋਸ਼ ਸੰਭਾਲੇ।



Downloaded from https:// www.studiestoday.com

Downloaded from https:// www.studiestoday.com

ਤੇ ਅਜ ਇਥਾਹੀਂ ਲੋੜੀਅਨ, ਜਿਹੜੇ ਬੁਰਕੀਂ ਪਾਲੇ।
ਤੇ ਲਿਖਿਆ ਦਿੱਤਾ ਕਾਸਦੇ, ਤੂੰ ਜਾਹ ਵਟਾਲੇ।
ਤੂੰ ਮੂੰਹੋਂ ਹਕੀਕਤ ਦੱਸਣੀਂ, ਪਰਵਾਨਾ ਨਾਲੇ।
ਤੇ ਆਖੀਂ : ਤੁਸੀਂ ਬਿਖੱਬਰੋ ਮੁਲਕ ਤੋਂ ਬੈਠੇ ਮਤਵਾਲੇ।
ਕਿੱਥੋਂ ਭਾਲੋਗੇ ਰਈਅਤਾਂ, ਜਿਹੜੀਆਂ ਭਟਕਦੀਆਂ ਸਨ ਹਾਲੇ।
ਕਿੱਥੋਂ ਪਾਉਗੇ ਕੀਨ ਸ਼ਾਬ, ਭੰਨ ਦੌਰ ਪਿਆਲੇ।
ਕਲੰਦਰ ਤੇ ਯਾਕੂਬ ਖ਼ਾਨ, ਜੰਗ ਕਿਹਾ ਕੁ ਘਾਲੇ।
ਪਰ ਅੱਜ ਦਿਨ ਹਥ ਨਾ ਆਵਸੀ,ਜਿਹੜਾ ਭਲਕੇ ਭਾਲੇ।

## ਨਵਾਬ ਲਾਹੌਰ ਦਾ ਹਾਰ ਮੰਨਣਾ

ਨਾਦਰ ਸ਼ਾਹ ਅੰਬੀਰ ਵਲਾਯਤੀ, ਫੇਰ ਸਭ ਬੋਲਾਏ।
ਓਹ ਜਾ ਖਲੋਤਾ ਰਾਜ ਘਾਟ ਮੱਲਾਹ ਸਦਾਏ।
ਕਾਸਦ ਖ਼ਬਰ ਅਮੂਰ ਦੀ, ਆ ਹਜ਼ੂਰ ਪਹੁੰਚਾਏ।
ਨਵਾਬ ਖ਼ਾਨ ਬਹਾਦਰ ਮੋਰਚੇ, ਕੱਢ ਅੱਗੋਂ ਲਾਏ।
ਚੜ੍ਹਿਆ ਲਸ਼ਕਰ ਵੇਖ ਕੇ, ਉੱਡ ਹੈਰਤ ਜਾਏ।
ਖੁਸਰੇ ਬੱਧੀ ਪਗੜੀ, ਕੀ ਮਰਦ ਸਦਾਏ।
ਜਿਉਂ ਕੇਹਰ ਖਰਕਾ ਪਕੜਿਆ, ਨਾ ਦੁੰਬ ਹਲਾਏ।
ਜਿਉਂ ਕਰ ਮੀਰੀ ਮਰਦ ਨੂੰ, ਕਰ ਨਾਜ਼ ਵਲਾਏ।
ਉਹ ਦੇਇ ਖਜ਼ਾਨੇ ਵੱਢੀਆਂ, ਛਹਿ ਜਾਨ ਬਚਾਏ।
ਬਹਾਦਰ ਛੋੜ ਬਹਾਦਰੀ, ਲਗ ਕਦਮੀਂ ਜਾਏ।
ਪਰ ਡੇਰੇ ਵਿੱਚ ਲਾਹੌਰ ਦੇ, ਆਣ ਕਟਕਾਂ ਪਾਏ।

## ਕਰਨਾਲ ਦੀ ਲੜਾਈ

ਧੁੱਗਾਂ ਦਿਆਂ ਧ੍ਰੈਵਾਣਾਂ, ਮਾਰੂ ਵੱਜਿਆ।
ਘੂਕਰ ਘੱਤੀ ਬਾਣਾਂ, ਰਣ ਵਿੱਚ ਆਣ ਕੇ।
ਹਥਿਆਰ ਵੱਡਾ ਜਰਵਾਣਾ, ਬੇਹੱਦ ਮਖੌਲੀਆ।
ਉਹ ਅਹਿਰਣ ਵਾਂਗ ਵਦਾਣਾ, ਸਿਰ 'ਤੇ ਕੜਕਿਆ।
ਜਿਵੇਂ ਢਾਹੇ ਬਾਗ਼ ਤ੍ਰਖਾਣਾਂ, ਤੱਛਣ ਗੇਲੀਆਂ।
ਉਡ ਜਾਂਦੇ ਨੈਣ ਪਰਾਣਾਂ, ਮੁਣਸਾਂ ਘੋੜਿਆਂ।
ਹੋਇਆ ਹੁਕਮ ਜੰਬੂਰਚੀਆਂ, ਆ ਊਠ ਝੁਕਾਏ।
ਬਾਹੀ ਜਿਵੇਂ ਪਹਾੜ ਦੀ, ਕਰ ਕੋਟ ਬਹਾਏ।
ਉਹਨਾਂ ਧੌਣਾਂ ਕਰਕੇ ਲੰਮੀਆਂ, ਬੱਦਲ ਗਰੜਾਏ।



Downloaded from https:// www.studiestoday.com

Downloaded from https:// www.studiestoday.com

ਦਾਗ਼ ਪਲੀਤੇ ਛੱਡੀਆਂ, ਡੌਂ ਝੱਲੀਂ ਲਾਏ।
ਪੈ ਰਹੇ ਹਜ਼ਾਰ ਮੈਦਾਨ ਵਿਚ, ਦੋਪਾਏ ਚੁਪਾਏ।
ਹਾਥੀ ਢਹਿੰਦੇ ਦਲਾਂ ਵਿੱਚ, ਹੋ ਸਿਰ ਤਲਵਾਏ।
ਜਿਵੇਂ ਢਹਿਣ ਮਣਾਂ ਦਰਯਾ ਦੀਆਂ, ਸਾਵਣ ਹੜ੍ਹ ਆਏ।
ਧਣਵਾਂ ਪਗੜ ਬਹਾਦਰਾਂ, ਹੱਥ ਖੱਬੇ ਫੜੀਆਂ।
ਉਹਨਾਂ ਸੱਜੇ ਚਿੱਲਾ ਖਿੱਚਿਆ, ਖਿੱਚ ਕੰਨੀਂ ਖੜੀਆਂ।
ਜੋਗ ਜਿਵੇਂ ਸੰਨਾਸੀਆਂ, ਚੁੱਕ ਬਾਹੀਂ ਖਲੀਆਂ।
ਗੁਣ ਬੋਲਨ ਮਾਰੂ ਲੱਖ ਰਾਗ, ਬੰਦ ਰੋਗਨ ਜੜੀਆਂ।
ਉਹ ਨਿਵੀਆਂ ਸਫ਼ਾਂ ਰਕੂਅ ਨੂੰ ਤਸਬੀਹਾਂ ਪੜ੍ਹੀਆਂ।
ਪਰ ਘੱਤ ਉੱਡਣ ਕਾਨੀਆਂ, ਦੂਕਾਨੀਂ ਘੜੀਆਂ।

ਜਿਉਂ ਤੀਰ ਸੜਾਕੇ ਭਾਦਰੋਂ, ਬੰਨ੍ਹ ਢੁੱਕੇ ਝੜੀਆਂ।
ਓਹ ਮਾਰਨ ਸੂਰੇ ਸੂਰਿਆਂ, ਵਿੱਚ ਜ਼ਰਾ ਨਾ ਅੜੀਆਂ।
ਜਿਉਂ ਮੇਖਾਂ ਬੇੜੀ ਠੁੱਕੀਆਂ, ਦਸ ਗੁੱਝਾਂ ਵੜੀਆਂ।
ਜਿਉਂ ਪਹਾੜਾਂ ਦੇ ਦਾ ਤੋਂ, ਸੈ ਪਈਆਂ ਪੜੀਆਂ।
ਪਰ ਸੂਰੇ ਢੱਠੇ ਨੇ ਬੀਰ ਖੇਤ, ਮੱਲ ਸੁੱਤੇ ਨੇ ਰੜੀਆਂ।

ਨੇਜ਼ੇ ਆਏ ਢੁੱਕ ਕੇ, ਜਿਵੇਂ ਪਾਣੀ ਹੜ੍ਹ ਦੇ।
ਸਿਰ ਨਿਵਾਏ ਬਰਛਿਆਂ, ਤਸਬੀਹਾਂ ਪੜ੍ਹਦੇ।
ਬਰਛੇ ਲੈਨ ਭਵਾਲੀਆਂ, ਜਿਉਂ ਨੱਟ ਸੂਲੀਂ ਚੜ੍ਹਦੇ।

ਲੈ ਜਾਨ ਬਰਛੇ ਆਸਣੋਂ, ਸੈ ਪਰਨੇ ਪੜਦੇ।
ਜਿਵੇਂ ਕਬੂਤਰ ਫੜਕ ਕੇ, ਹੋ ਲੋਥਾਂ ਝੜਦੇ।
ਜਿਉਂ ਕਾਂ ਬਸੇਰਾ ਬਾਗ਼ ਵਿੱਚ, ਘੱਤ ਘੇਰਾ ਵੜਦੇ।

ਸ਼ਬਦ-ਅਰਥ :

**ਰਣ ਭੇਰੀ**—ਸ਼ਹਿਨਾਈ। **ਮੁੱਠੇ**—ਲੁੱਟੇ। **ਖੱਟਕ ਘੇਬੇ ਗਹਖੜੇ**—ਰਾਜਪੂਤ ਫ਼ਿਰਕੇ। **ਚੁੜੱਤਣੀ**—ਚੌੜੇ ਦਾਅ। **ਲੰਬੂ**—ਅੱਗ ਦੀਆਂ ਲਾਟਾਂ। **ਜਿਗਰੇ ਫੁੱਟੇ**—ਦੁੱਖ ਹੋਣਾ। **ਮਿਸਰੀਆਂ**—ਤਲਵਾਰਾਂ। **ਭਬੂਤ**—ਸੁਆਹ। **ਅਬਧੂਤ**—ਮਸਤ, ਬੇਸੁਰਤ। **ਮਕੂਫ਼**—ਖ਼ਤਮ, ਬੰਦ। **ਹਕੀਕਤ**—ਅਸਲੀਅਤ, ਸਚਾਈ। **ਪਰਵਾਨਾ**—ਹੁਕਮਨਾਮਾ। **ਰਈਅਤਾਂ**—ਪਰਜਾ। **ਕੀਨ ਖਾਬ**—ਕੀਮਤੀ ਕੱਪੜਾ। **ਕਾਸਦ**—ਦੂਤ, ਹਰਕਾਰਾ। **ਹੈਰਤ**—ਹੈਰਾਨੀ। **ਕੇਹਰ**—ਸ਼ੇਰ। **ਖਰਕਾ**—ਖੋਤਾ। **ਦੁੰਬ**—ਪੂਛ। **ਮੀਰੀ**—ਇਸਤਰੀ। **ਕਟਕਾਂ**—ਫ਼ੌਜਾਂ। **ਧੂੱਗਾਂ**—ਧੌਂਸੇ। **ਧ੍ਰੈਵਾਣਾਂ**—ਨਗਾਰੇ। **ਤੱਛਣ**—ਛਿੱਲਣ। **ਮੁਣਸ**—ਮਨੁੱਖ। **ਡੌਂ**—ਅੱਗ। **ਦੋਪਾਏ ਚੁਪਾਏ**—ਮਨੁੱਖ ਤੇ ਪਸੂ। **ਧਣਵਾਂ**—ਕਮਾਨਾਂ। **ਤਸਬੀਹਾਂ**—ਮਾਲ਼ਾ ਫੇਰਨਾ। **ਪੜੀਆਂ**—ਪੱਥਰ ਦੀਆਂ ਸਿੱਲਾਂ। **ਰੜੀਆਂ**—ਮੈਦਾਨ। **ਭਵਾਲੀਆਂ**—ਭੂਆਂਟਣੀਆਂ।



Downloaded from https:// www.studiestoday.com

Downloaded from https:// www.studiestoday.com

## ਅਭਿਆਸ

1. **ਹੇਠਾਂ ਲਿਖੇ ਕਾਵਿ-ਬੰਦਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :**

(ੳ) ਸੈ ਜਾਤੀ ਸਾਨ ਮਿਸਰੀਆਂ ਲਈਓਂ ਨੇ ਸੂਤ।
ਮਾਰਨ ਤੇਗਾਂ ਗੁਰਜੀਆਂ ਖਾਸੇ ਲਜਪੂਤ।
ਖਾ ਗੁਰਜੀ ਤੇਗਾਂ ਡਿੱਗ ਪਏ ਹੋ ਗਏ ਭਬੂਤ।
ਜਿਵੇਂ ਖਾ ਧਤੂਰਾ ਡਿੱਗ ਪਏ ਜੋਗੀ ਅਬਧੂਤ।

(ਅ) ਧਣਵਾਂ ਪਗੜ ਬਹਾਦਰਾਂ ਹੱਥ ਖੱਬੇ ਫੜੀਆਂ।
ਉਹਨਾਂ ਸੱਜੇ ਚਿੱਲਾ ਖਿੱਚਿਆ, ਖਿੱਚ ਕੰਨੀ ਖੜੀਆਂ।
ਜੋਗ ਜਿਵੇਂ ਸੰਨਾਸੀਆਂ, ਚੁੱਕ ਬਾਹੀਂ ਖਲੀਆਂ।
ਗੁਣ ਬੋਲਨ ਮਾਰੂ ਲੱਖ ਰਾਗ ਬੰਦ ਰੋਗਨ ਜੜੀਆਂ।

2. ਵਾਰ ਨਾਦਰਸ਼ਾਹ ਵਿੱਚ ਨਵਾਬ ਲਾਹੌਰ ਦੇ ਹਾਰ ਮੰਨਣ ਦਾ ਜੋ ਚਿੱਤਰ ਪੇਸ਼ ਕੀਤਾ ਗਿਆ ਹੈ। ਉਸ ਦਾ ਕੇਂਦਰੀ ਭਾਵ ਆਪਣੇ ਸ਼ਬਦਾਂ ਵਿੱਚ ਲਿਖੋ।

3. **ਵਸਤੂਨਿਸ਼ਠ ਪ੍ਰਸ਼ਨ—**

(ੳ) 'ਨਜਾਬਤ ਦੀ ਵਾਰ' ਵਿੱਚ ਭਾਰਤ ਉੱਪਰ ਕਿਹੜੇ ਬਾਦਸ਼ਾਹ ਦੇ ਹਮਲੇ ਦਾ ਜ਼ਿਕਰ ਹੈ ?

(ਅ) 'ਅਟਕ ਤੋਂ ਨਾਦਰਸ਼ਾਹ ਦਾ ਕੂਚ ਕਰਨਾ' ਦੇ ਆਧਾਰ 'ਤੇ ਦੱਸੋ ਕਿ ਅਟਕ ਤੋਂ ਪਹਿਲਾਂ ਨਾਦਰਸ਼ਾਹ ਕਿਹੜੇ ਇਲਾਕੇ ਜਿੱਤ ਕੇ ਆਉਂਦਾ ਹੈ ?

(ੲ) 'ਰਾਵੀ ਕੰਢੇ ਦੀ ਲੜਾਈ' ਤੁਹਾਡੀ ਪਾਠ-ਪੁਸਤਕ ਅਨੁਸਾਰ ਇਹ ਬੀਰ-ਰਸੀ ਸਿਰਲੇਖ ਕਿਸ ਵਾਰ-ਕਾਵਿ 'ਚੋਂ ਲਿਆ ਗਿਆ ਹੈ ?

(ਸ) 'ਨਜਾਬਤ ਦੀ ਵਾਰ' ਵਿੱਚ ਕਿਹੜੇ ਦੇਸੀ ਮਹੀਨੇ ਦਾ ਜ਼ਿਕਰ ਹੋਇਆ ਹੈ ?

(ਹ) 'ਨਜਾਬਤ ਦੀ ਵਾਰ' 'ਚ ਕਰਨਾਲ ਦੀ ਲੜਾਈ ਸਮੇਂ ਕਿਹੜੇ ਪਸ਼ੂ ਜੰਗ ਦੇ ਮੈਦਾਨ 'ਚ ਉਤਾਰੇ ਜਾਂਦੇ ਹਨ ?

****



Downloaded from https:// www.studiestoday.com

Downloaded from https:// www.studiestoday.com

# ਸ਼ਾਹ ਮੁਹੰਮਦ

(1782-1862 ਈ :)

ਸ਼ਾਹ ਮੁਹੰਮਦ ਨੂੰ ਪੰਜਾਬੀ ਸਾਹਿਤ ਦਾ ਕੌਮੀ ਸ਼ਾਇਰ ਕਿਹਾ ਜਾਂਦਾ ਹੈ। ਆਪ ਦਾ ਜਨਮ ਵਡਾਲਾ ਵੀਰਮ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਹੋਇਆ। ਆਪ ਦੀ ਕਾਵਿ-ਰਚਨਾ 'ਅੰਗਰੇਜ਼ਾਂ ਅਤੇ ਸਿੰਘਾਂ ਦੀ ਲੜਾਈ' ਜੋ ਕਿ ' ਜੰਗਨਾਮਾ ਸ਼ਾਹ ਮੁਹੰਮਦ' ਕਰਕੇ ਮਸ਼ਹੂਰ ਹੋਈ, ਇੱਕ ਉੱਚ ਦਰਜੇ ਦੀ ਰਚਨਾ ਹੈ। ਆਪ ਨੇ ਕਿੱਸਾ 'ਸੱਸੀ ਪੁੰਨੂੰ' ਵੀ ਲਿਖਿਆ ਜੋਕਿ ਬੈਂਤ ਛੰਦ ਵਿੱਚ ਹੈ।

'ਜੰਗਨਾਮਾ ਸ਼ਾਹ ਮੁਹੰਮਦ' ਵਿੱਚ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਹੋਈ ਲਾਹੌਰ ਦਰਬਾਰ ਦੀ ਦਸ਼ਾ, ਸਿੱਖ ਆਗੂਆਂ ਦੀਆਂ ਗ਼ੱਦਾਰੀਆਂ ਅਤੇ ਤਾਕਤ ਹਥਿਆਉਣ ਲਈ ਆਪਸ ਵਿੱਚ ਹੋਈ ਜੰਗ, ਸਿੱਖ ਫ਼ੌਜ ਦੀਆਂ ਆਪਹੁਦਰੀਆਂ, ਅੰਗਰੇਜ਼ਾਂ ਅਤੇ ਸਿੰਘਾਂ ਦੀ ਲੜਾਈ ਦਾ ਨਿਰਪੱਖ ਅਤੇ ਸਹੀ ਚਿੱਤਰ ਪੇਸ਼ ਕੀਤਾ ਹੈ। ਆਪ ਨੇ ਇਸ ਦੁਖਾਂਤਿਕ ਸਮੇਂ ਦਾ ਇਤਿਹਾਸ ਬੜੇ ਹੀ ਸੰਜਮ ਨਾਲ਼ ਬਿਆਨ ਕੀਤਾ ਹੈ। ਪ੍ਰਭਾਵ ਡੂੰਘੇਰਾ ਕਰਨ ਲਈ ਇਤਿਹਾਸਿਕ ਅਤੇ ਮਿਥਿਹਾਸਿਕ ਹਵਾਲੇ ਵੀ ਦਿੱਤੇ ਹਨ।

ਆਪ ਨੇ ਇਹ 'ਜੰਗਨਾਮਾ' ਬੈਂਤ ਛੰਦ ਵਿੱਚ ਲਿਖਿਆ ਹੈ। ਬੋਲੀ ਠੇਠ, ਸਰਲ ਅਤੇ ਸਾਦਾ ਹੈ। ਕਿਧਰੇ-ਕਿਧਰੇ ਫ਼ਾਰਸੀ, ਉਰਦੂ ਅਤੇ ਅੰਗਰੇਜ਼ੀ ਦੇ ਸ਼ਬਦਾਂ ਦੀ ਵੀ ਵਰਤੋਂ ਕੀਤੀ ਹੈ।

ਆਪ ਦੀ ਇਸ ਕਾਵਿ-ਰਚਨਾ ਦਾ ਵਿਸ਼ੇਸ਼ ਗੁਣ ਆਪ ਦੀ ਵਿਸ਼ੇ ਨਾਲ਼ ਅਪਣੱਤ, ਘਟਨਾਵਾਂ ਦਾ ਨਿਰਪੱਖ ਵੇਰਵਾ, ਸਿੰਘਾਂ ਦੀ ਚੜ੍ਹਦੀ-ਕਲਾ ਅਤੇ ਬਹਾਦਰੀ ਲਈ ਸ਼ਰਧਾ ਭਾਵ ਅਤੇ ਉਹਨਾਂ ਦੀ ਬੇਸਮਝੀ ਅਤੇ ਨਾਅਹਿਲੀ ਉੱਤੇ ਵਿਅੰਗ ਹੈ।

## ਜੰਗਨਾਮਾ ਸ਼ਾਹ ਮੁਹੰਮਦ

ਅਵਲ ਹਮਦ ਜਨਾਬ-ਅੱਲਾਹ ਦੀ ਨੂੰ,
ਜਿਹੜਾ ਕੁਦਰਤੀ ਖੇਲ ਬਣਾਂਵਦਾ ਈ।
ਚੌਦਾਂ ਤਬਕਾਂ ਦਾ ਨਕਸ਼ੇ ਨਗਾਰ ਕਰ ਕੇ,
ਰੰਗ ਰੰਗ ਦੇ ਬਾਗ਼ ਲਗਾਂਵਦਾ ਈ।
ਸਫ਼ਾਂ ਪਿਛਲੀਆਂ ਸਭ ਲਪੇਟ ਲੈਂਦਾ,
ਅੱਗੋਂ ਹੋਰ ਹੀ ਹੋਰ ਵਛਾਂਵਦਾ ਈ।
ਸ਼ਾਹ ਮੁਹੰਮਦਾ ਉਸ ਤੋਂ ਸਦਾ ਡਰੀਏ,
ਬਾਦਸ਼ਾਹਾਂ ਤੋਂ ਭੀਖ ਮੰਗਾਂਵਦਾ ਈ।

ਏਥੇ ਆਇਆਂ ਨੂੰ ਦੁਨੀਆਂ ਮੋਹ ਲੈਂਦੀ,
ਦਗ਼ੇਬਾਜ਼ ਦਾ ਧਾਰ ਕੇ ਭੇਸ ਮੀਆਂ।
ਸਦਾ ਨਹੀਂ ਜਵਾਨੀ ਤੇ ਐਸ਼ ਮਾਪੇ,
ਸਦਾ ਨਹੀਂ ਜੇ ਬਾਲ ਵਰੇਸ ਮੀਆਂ।
ਸਦਾ ਨਹੀਂ ਜੇ ਦੌਲਤਾਂ ਫ਼ੀਲ ਘੋੜੇ,



Downloaded from https:// www.studiestoday.com

Downloaded from https:// www.studiestoday.com

ਸਦਾ ਨਹੀਂ ਜੇ ਰਾਜਿਆਂ ਦੇਸ ਮੀਆਂ।
ਸ਼ਾਹ ਮੁਹੰਮਦਾ ਸਦਾ ਨਾ ਰੂਪ ਦੁਨੀਆਂ।
ਸਦਾ ਰਹਿਣ ਨਾ ਕਾਲੜੇ ਕੇਸ ਮੀਆਂ।

ਇੱਕ ਰੋਜ਼ ਵਡਾਲੇ ਦੇ ਵਿੱਚ ਬੈਠੇ,
ਚੱਲੀ ਆਣ ਅੰਗਰੇਜ਼ ਦੀ ਬਾਤ ਆਈ।
ਸਾਨੂੰ ਆਖਿਆ ਹੀਰੇ ਤੇ ਨੂਰ ਖਾਂ ਨੇ,
ਜਿਨ੍ਹਾਂ ਨਾਲ ਸਾਡੀ ਮੁਲਾਕਾਤ ਆਹੀ।
ਰਾਜ਼ੀ ਬਹੁਤ ਰਹਿੰਦੇ ਮੁਸਲਮਾਨ ਹਿੰਦੂ,
ਸਿਰਾਂ ਦੋਹਾਂ ਦੇ ਉੱਤੇ ਅਫ਼ਾਤ ਆਹੀ।
ਸ਼ਾਹ ਮੁਹੰਮਦਾ ਵਿੱਚ ਪੰਜਾਬ ਦੇ ਜੀ,
ਕਦੇ ਨਹੀਂ ਸੀ ਤੀਸਰੀ ਜ਼ਾਤ ਆਈ।

ਇਹ ਜਗ ਸਰਾਇ ਮੁਸਾਫ਼ਰਾਂ ਦੀ,
ਏਥੇ ਜ਼ੋਰ ਵਾਲੇ ਕਈ ਆਇ ਗਏ।
ਸ਼ਦਾਦ ਨਮਰੂਦ ਫ਼ਿਰਊਨ ਜੇਹੇ,
ਦਾਵ੍ਹਾ ਬੰਨ੍ਹ ਖੁਦਾਇ ਕਹਾਇ ਗਏ।
ਅਕਬਰ ਸ਼ਾਹ ਜਿਹੇ ਵਿੱਚ ਦਿੱਲੀ ਦੇ ਜੀ,
ਫੇਰੀ ਵਾਂਗ ਵਣਜਾਰਿਆਂ ਪਾਇ ਗਏ।
ਸ਼ਾਹ ਮੁਹੰਮਦਾ ਰਹੇਗਾ ਰੱਬ ਸੱਚਾ,
ਵਾਜੇ ਕੂੜ ਦੇ ਕਈ ਵਜਾਇ ਗਏ।

ਮਹਾਂਬਲੀ ਰਣਜੀਤ ਸਿੰਘ ਹੋਇਆ ਪੈਦਾ,
ਨਾਲ ਜ਼ੋਰ ਦੇ ਮੁਲਕ ਹਿਲਾਇ ਗਿਆ।
ਮੁਲਤਾਨ, ਕਸ਼ਮੀਰ, ਪਸ਼ੌਰ, ਚੰਬਾ,
ਜੰਮੂ, ਕਾਂਗੜਾ ਕੋਟ ਨਿਵਾਇ ਗਿਆ।
ਹੋਰ ਦੇਸ਼ ਲਦਾਖ ਤੇ ਚੀਨ ਤੋੜੀ,
ਸਿੱਕਾ ਆਪਣੇ ਨਾਮ ਚਲਾਇ ਗਿਆ।
ਸ਼ਾਹ ਮੁਹੰਮਦਾ ਜਾਣ ਪਚਾਸ ਬਰਸਾਂ,
ਅੱਛਾ ਰੱਜ ਕੇ ਰਾਜ ਕਮਾਇ ਗਿਆ।

ਜਦੋਂ ਹੋਏ ਸਰਕਾਰ ਦੇ ਸਾਸ ਪੂਰੇ,
ਜਮ੍ਹਾਂ ਹੋਏ ਨੀ ਸਭ ਸਰਦਾਰ ਮੀਆਂ।
ਚੇਤ ਸਿੰਘ ਨੂੰ ਮਾਰਿਆ ਕੌਰ ਸਾਹਿਬ,
ਸ਼ੁਰੂ ਹੋਈ ਦਰਬਾਰ ਤਲਵਾਰ ਮੀਆਂ।
ਖੜਕ ਸਿੰਘ ਮਹਾਰਾਜ ਨੇ ਢਾਹ ਮਾਰੀ,



Downloaded from https:// www.studiestoday.com

Downloaded from https:// www.studiestoday.com

ਮੋਇਆ ਮੁਢ ਕਦੀਮ ਦਾ ਯਾਰ ਮੀਆਂ।
ਸ਼ਾਹ ਮੁਹੰਮਦਾ ਅਸਾਂ ਭੀ ਨਾਲ ਮਰਨਾ,
ਸਾਡਾ ਇਹੋ ਸੀ ਕੌਲ ਕਰਾਰ ਮੀਆਂ।

ਮੇਰੇ ਬੈਠਿਆਂ ਇਹਨਾਂ ਨੇ ਖ਼ੂਨ ਕੀਤਾ,
ਇਹ ਤਾਂ ਗ਼ਰਕ ਜਾਵੇ ਦਰਬਾਰ ਮੀਆਂ।
ਪਿੱਛੇ ਸਾਡੇ ਭੀ ਕੌਰ ਨਾ ਰਾਜ ਕਰਸੀ,
ਅਸੀਂ ਮਰਾਂਗੇ ਏਸ ਨੂੰ ਮਾਰ ਮੀਆਂ।
ਨਾ ਹੱਕ ਦਾ ਇਹਨਾਂ ਨੇ ਖ਼ੂਨ ਕੀਤਾ,
ਇਹ ਤਾਂ ਮਰਨਗੇ ਸਭ ਸਰਦਾਰ ਮੀਆਂ।
ਸ਼ਾਹ ਮੁਹੰਮਦਾ ਹੋਈ ਹੁਣ ਮੌਤ ਸਸਤੀ,
ਖ਼ਾਲੀ ਨਹੀਂ ਜਾਣਾ ਇੱਕ ਵਾਰ ਮੀਆਂ।

ਖੜਕ ਸਿੰਘ ਮਹਾਰਾਜ ਹੋਇਆ ਬਹੁਤ ਮਾਂਦਾ,
ਬਰਸ ਇੱਕ ਪਿੱਛੋਂ ਵੱਸ ਕਾਲ ਹੋਇਆ।
ਆਈ ਮੌਤ ਨਾ ਅਟਕਿਆ ਇੱਕ ਘੜੀ,
ਚੇਤ ਸਿੰਘ ਦੇ ਗ਼ਮ ਦੇ ਨਾਲ ਮੋਇਆ।
ਕੌਰ ਸਾਹਿਬ ਸ਼ਾਹਜਾਦੇ ਦੀ ਗੱਲ ਸੁਣ ਕੇ,
ਜ਼ਰਾ ਦਰਦ ਦੇ ਨਾਲ ਨਾ ਮੂਲ ਰੋਇਆ।
ਸ਼ਾਹ ਮੁਹੰਮਦਾ ਕਈਆਂ ਦੇ ਮਾਰਨੇ ਨੂੰ,
ਵਿੱਚ ਕੌਂਸਲੇ ਕੌਰ ਨੂੰ ਹੁਕਮ ਹੋਇਆ।

ਅੱਠ ਪਹਿਰ ਲੁਕਾਇ ਕੇ ਰੱਖਿਓ ਨੇ,
ਦੂਜੇ ਦਿਨ ਰਾਣੀ ਚੰਦ ਕੌਰ ਆਈ।
ਖੜਕ ਸਿੰਘ ਦਾ ਮੂਲ ਦਰੇਗ਼ ਨਾਹੀਂ,
ਕੌਰ ਸਾਹਿਬ ਤਾਂਈਂ ਓਥੇ ਰੋਣ ਆਈ।
ਹੁਣ ਮੋਇਆ ਤੇ ਕਰੋ ਸਸਕਾਰ ਇਸ ਦਾ,
ਭਲਾ ਤੁਸਾਂ ਕਿਉਂ ਇਤਨੀ ਦੇਰ ਲਾਈ।
ਸ਼ਾਹ ਮੁਹੰਮਦਾ ਰੋਂਦੀ ਹੈ ਚੰਦ ਕੌਰਾਂ,
ਜਿਸ ਦਾ ਮੋਇਆ ਪੁੱਤਰ ਸੋਹਣਾ ਸ਼ੇਰ ਸਾਈਂ।

ਦਿੱਤੇ ਸੰਤਰੀ ਚਾਰ ਖਲ੍ਹਾਰ ਚੋਰੀ,
ਸ਼ੇਰ ਸਿੰਘ ਅੱਜ ਅੰਦਰ ਆਵਣਾ ਜੇ,
ਤੁਰਤ ਫੂਕ ਦਿਓ ਤੁਸੀਂ ਕਰਾਬੀਨਾਂ,
ਇੱਕ ਘੜੀ ਵਿੱਚ ਮਾਰ ਮੁਕਾਵਣਾ ਜੇ।
ਸ਼ੇਰ ਸਿੰਘ ਨੂੰ ਰਾਜੇ ਨੇ ਖ਼ਬਰ ਦਿੱਤੀ,



Downloaded from https:// www.studiestoday.com

Downloaded from https:// www.studiestoday.com

ਅੰਦਰ ਅਜੇ ਜ਼ਰੂਰ ਨਹੀਂ ਆਵਣਾ ਜੇ।
ਸ਼ਾਹ ਮੁਹੰਮਦਾ ਅਜੇ ਨਹੀਂ ਜ਼ੋਰ ਤੇਰਾ,
ਤੈਨੂੰ ਅਸਾਂ ਹੀ ਅੰਤ ਸਦਾਵਣਾ ਜੇ।

ਚੰਦ ਕੌਰਾਂ ਦੀ ਮੰਦੀ ਜੋ ਨਜ਼ਰ ਦੇਖੀ,
ਦਗ਼ੇ ਬਾਜ਼ੀਆਂ ਹੋਰ ਬਥੇਰੀਆਂ ਨੀ।
ਉਸ ਨੇ ਤੁਰਤ ਲਾਹੌਰ ਥੀਂ ਕੂਚ ਕੀਤਾ,
ਬੈਠਾ ਜਾਇ ਕੇ ਵਿੱਚ ਮੁਕੇਰੀਆਂ ਨੀਂ।
ਪਿੱਛੇ ਤਖ਼ਤ ਬੈਠੀ ਰਾਣੀ ਚੰਦ ਕੌਰਾਂ।
ਦੇਂਦੇ ਆਣ ਮੁਸਾਹਿਬ ਦਲੇਰੀਆਂ ਨੀਂ।
ਸ਼ਾਹ ਮੁਹੰਮਦਾ ਕੌਰ ਨਾ ਜੰਮਣਾ ਏ,
ਕਿਲ੍ਹੇ ਕੋਟ ਤੇ ਰੱਯਤਾਂ ਤੇਰੀਆਂ ਨੀਂ।

**ਸ਼ਬਦ-ਅਰਥ :**

**ਅਵਲ**—ਸਭ ਤੋਂ ਪਹਿਲਾਂ। **ਹਮਦ**—ਸਿਫ਼ਤ। **ਚੌਦਾਂ ਤਬਕ**—ਸੱਤ ਅਕਾਸ਼ : ਭੂ, ਭਵ,ਸ੍ਵ, ਮਹ, ਜਨ, ਤਪ ਅਤੇ ਸਤਮ; ਸੱਤ **ਪਤਾਲ਼**—ਅੰਤਲ, ਸੁਤਲ, ਬੀਤਲ, ਤਲਾਤਲ, ਮਹਾਤਲ, ਰਸਾਤਲ, ਪਾਤਾਲ। **ਨਕਸ਼ੋ ਨਗਾਰ**—ਚਿਹਨ-ਚੱਕਰ। **ਸਫ਼ਾਂ**—ਕਤਾਰਾਂ ਸਿਰਜਣਾ। **ਦਗ਼ੇਬਾਜ਼**—ਧੋਖੇਬਾਜ਼। **ਐਸ਼**—ਮੌਜਾਂ। **ਵਰੇਸ**—ਉਮਰ। **ਫ਼ੀਲ**—ਹਾਥੀ। **ਕਾਲੜੇ ਕੇਸ**—ਜਵਾਨੀ। **ਅਫ਼ਾਤ**—ਆਫ਼ਤ ਦਾ ਬਹੁ ਵਚਨ, ਮੁਸੀਬਤਾਂ। **ਸ਼ਦਾਦ**—ਅਰਬ ਦਾ ਬਾਦਸ਼ਾਹ ਜਿਸ ਨੇ ਧਰਤੀ 'ਤੇ ਬਹਿਸ਼ਤ ਤਿਆਰ ਕਰਵਾਇਆ। **ਨਮਰੂਦ**—ਨਿਨੇਵਾਹ ਦਾ ਬਾਦਸ਼ਾਹ ਜਿਸ ਨੇ ਹਜ਼ਰਤ ਇਬਰਾਹੀਮ ਨੂੰ ਅੱਗ ਵਿੱਚ ਸੁੱਟਿਆ। **ਫ਼ਿਰਊਨ**—ਮਿਸਰ ਦਾ ਬਾਦਸ਼ਾਹ ਜੋ ਰੱਬ ਅਖਵਾਉਂਦਾ ਸੀ। **ਕੂੜ**—ਝੂਠ। **ਮਹਾਂਬਲੀ**—ਵੱਡੇ ਬਲ ਵਾਲ਼ਾ। **ਕੋਟ**—ਕਿਲ੍ਹਾ। **ਸਰਕਾਰ**—ਮਹਾਰਾਜਾ ਰਣਜੀਤ ਸਿੰਘ ਨੂੰ ਲੋਕ ਸਰਕਾਰ ਕਹਿ ਕੇ ਬੁਲਾਉਂਦੇ ਸਨ। **ਕੌਰ ਸਾਹਿਬ**—ਮਹਾਰਾਜਾ ਰਣਜੀਤ ਸਿੰਘ ਦਾ ਪੋਤਰਾਅਤੇਮਹਾਰਾਜਾ ਖੜਕ ਸਿੰਘ ਦਾ ਪੁੱਤਰ ਕੰਵਰ ਨੌਨਿਹਾਲ ਸਿੰਘ। **ਕਦੀਮ**—ਪੁਰਾਣਾ। **ਕੌਲ ਕਰਾਰ**—ਵਚਨ, ਇਕਰਾਰ, ਵਾਇਦਾ। **ਨਾ ਹੱਕ**—ਬੇਗੁਨਾਹ। **ਮਾਂਦਾ**—ਕਮਜ਼ੋਰ। **ਵੱਸ ਕਾਲ**—ਮੌਤ ਹੋਈ। **ਦਰੇਗ਼**—ਅਫ਼ਸੋਸ। **ਸ਼ੇਰ ਸਿੰਘ**—ਮਹਾਰਾਜਾ ਰਣਜੀਤ ਸਿੰਘ ਦਾ ਦੂਸਰਾ ਪੁੱਤਰ। **ਕਰਾਬੀਨਾਂ**—ਬੰਦੂਕਾਂ। **ਰਾਜਾ**—ਰਾਜਾ ਧਿਆਨ ਸਿੰਘ। **ਮੁਸਾਹਿਬ**—ਸਾਥੀ ਦਰਬਾਰੀ, ਸਲਾਹੀਏ। **ਰੱਯਤਾਂ**—ਪਰਜਾ, ਦੇਸ।

## ਅਭਿਆਸ

1. **ਹੇਠਾਂ ਲਿਖੇ ਕਾਵਿ-ਬੰਦਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :**

(ੳ) ਖੜਕ ਸਿੰਘ ਮਹਾਰਾਜ ਹੋਇਆ ਬਹੁਤ ਮਾਂਦਾ।
ਬਰਸ ਇੱਕ ਪਿੱਛੋਂ ਵੱਸ ਕਾਲ ਹੋਇਆ।
ਆਈ ਮੌਤ ਨਾ ਅਟਕਿਆ ਇੱਕ ਘੜੀ,
ਚੇਤ ਸਿੰਘ ਦੇ ਗ਼ਮ ਦੇ ਨਾਲ ਮੋਇਆ।



Downloaded from https:// www.studiestoday.com

Downloaded from https:// www.studiestoday.com

(ਅ) ਦਿੱਤੇ ਸੰਤਰੀ ਚਾਰ ਖਲ੍ਹਾਰ ਚੋਰੀ,
ਸ਼ੇਰ ਸਿੰਘ ਅੱਜ ਅੰਦਰ ਆਵਣਾ ਜੇ,
ਤੁਰਤ ਫੂਕ ਦਿਓ ਤੁਸੀਂ ਕਰਾਬੀਨਾਂ,
ਇੱਕ ਘੜੀ ਵਿੱਚ ਮਾਰ ਮੁਕਾਵਣਾ ਜੇ।

2. 'ਸਦਾ ਨਹੀਂ ਜਵਾਨੀ ਤੇ ਐਸ਼ ਮਾਪੇ, ਸਦਾ ਨਹੀਂ ਜੇ ਬਾਲ ਵਰੇਸ ਮੀਆਂ' ਉਪਰੋਕਤ ਸਤਰ ਦੇ ਆਧਾਰ ਉੱਤੇ ਇਸ ਬੰਦ ਦਾ ਕੇਂਦਰੀ ਭਾਵ ਲਿਖੋ।

3. **ਵਸਤੂਨਿਸ਼ਠ ਪ੍ਰਸ਼ਨ—**

(ੳ) 'ਸ਼ਾਹ ਮੁਹੰਮਦ ਦੀ ਕਿਹੜੀ ਰਚਨਾ ਤੁਹਾਡੀ ਪਾਠ-ਪੁਸਤਕ ਵਿੱਚ ਸ਼ਾਮਲ ਹੈ ?

(ਅ) 'ਸ਼ਾਹ ਮੁਹੰਮਦਾ ਉਸ ਤੋਂ ਸਦਾ ਡਰੀਏ' ਤੁਕ ਵਿੱਚ 'ਉਸ ਤੋਂ' ਦਾ ਕੀ ਭਾਵ ਹੈ ?'

(ੲ) 'ਜੰਗਨਾਮਾ ਸ਼ਾਹ ਮੁਹੰਮਦ' ਕਿਸ ਛੰਦ ਵਿੱਚ ਲਿਖਿਆ ਗਿਆ ਹੈ ?

(ਸ) 'ਸ਼ਾਹ ਮੁਹੰਮਦਾ ਵਿੱਚ ਪੰਜਾਬ ਦੇ ਜੀ, ਕਦੇ ਨਹੀਂ ਸੀ ਤੀਸਰੀ ਜਾਂਤ ਆਈ।
ਉਪਰੋਕਤ ਕਾਵਿ-ਤੁਕਾਂ 'ਚ ਤੀਸਰੀ ਜ਼ਾਤ ਤੋਂ ਭਾਵ ਹੈ—

(*i*) ਅੰਗਰੇਜ਼

(*ii*) ਮੁਗ਼ਲ

(*iii*) ਧਾੜਵੀ

(*iv*) ਬਹਾਦਰ ਕੌਮ

(ਹ) 'ਜੰਗਨਾਮਾ ਸ਼ਾਹ ਮੁਹੰਮਦ' ਅਨੁਸਾਰ ਮਹਾਰਾਜਾ ਰਣਜੀਤ ਸਿੰਘ ਨੇ ਕਿੰਨੇ ਸਾਲ ਰਾਜ ਕੀਤਾ ?

(ਕ) 'ਜੰਗਨਾਮਾ ਸ਼ਾਹ ਮੁਹਮੰਦ' 'ਚ ਸ਼ੇਰ ਸਿੰਘ ਕੌਣ ਹੈ ?

(ਖ) 'ਜੰਗਨਾਮਾ ਸ਼ਾਹ ਮੁਹੰਮਦ' ਵਿੱਚ ਲੜਾਈ ਮੂਲ ਰੂਪ 'ਚ ਕਿਹੜੀਆਂ-ਕਿਹੜੀਆਂ ਧਿਰਾਂ ਦਰਮਿਆਨ ਹੁੰਦੀ ਹੈ ?

(ਗ) ਜੰਗਨਾਮਾ ਸ਼ਾਹ ਮੁਹੰਮਦ ਵਿੱਚ 'ਕੌਰ ਸਾਹਿਬ' ਕੌਣ ਹੈ ?

*******



Downloaded from https:// www.studiestoday.com

Downloaded from https:// www.studiestoday.com

## ਭਾਗ-2

# 'ਮੱਧ-ਕਾਲੀਨ ਪੰਜਾਬੀ ਕਵਿਤਾ ਦਾ ਸੰਖੇਪ ਇਤਿਹਾਸ' ਬਾਰੇ

'ਮੱਧ-ਕਾਲੀਨ ਪੰਜਾਬੀ ਕਵਿਤਾ ਦਾ ਸੰਖੇਪ ਇਤਿਹਾਸ' ਸੀਨੀਅਰ ਸੈਕੰਡਰੀ ਸ਼੍ਰੇਣੀ ਭਾਗ-2 (ਬਾਰ੍ਹਵੀਂ ਸ਼੍ਰੇਣੀ) ਦੇ ਚੋਣਵਾਂ ਵਿਸ਼ਾ ਪੰਜਾਬੀ ਦੇ ਨਵੇਂ ਪਾਠ-ਕ੍ਰਮ ਨੂੰ ਮੁੱਖ ਰੱਖ ਕੇ ਪੰਜਾਬੀ ਦੇ ਪ੍ਰਸਿੱਧ ਵਿਦਵਾਨ ਸਵ. ਡਾ. ਕੇਸਰ ਸਿੰਘ 'ਕੇਸਰ' ਪਾਸੋਂ ਉਚੇਚੇ ਤੌਰ 'ਤੇ ਲਿਖਵਾਈ ਗਈ ਸੀ। ਸਵ. ਡਾ. ਕੇਸਰ ਦੀ ਵਿਦਵਤਾ, ਉਹਨਾਂ ਦਾ ਪੰਜਾਬੀ ਸਾਹਿਤ ਬਾਰੇ ਗਹਿਰਾ ਅਧਿਐਨ ਕਿਸੇ ਉਚੇਚੀ ਜਾਣਕਾਰੀ ਦਾ ਮੁਥਾਜ ਨਹੀਂ। ਪੰਜਾਬੀ ਸਾਹਿਤ ਦੇ ਸੰਖੇਪ, ਵਸੀਹ ਜਾਂ 'ਜੇਬੀ ਇਤਿਹਾਸ' ਤਾਂ ਬਹੁਤ ਸਾਰੇ ਮਿਲ਼ਦੇ ਹਨ ਤੇ ਕਿਸੇ ਨਾ ਕਿਸੇ ਜਮਾਤ ਵਿੱਚ ਬਕਾਇਦਾ ਕੋਰਸਾਂ ਵਿੱਚ ਜਾਂ ਪ੍ਰਵਾਨਿਤ ਤੇ ਹਵਾਲਾ ਪੁਸਤਕਾਂ ਵਜੋਂ ਪੜ੍ਹੇ ਤੇ ਪੜ੍ਹਾਏ ਜਾਂਦੇ ਰਹੇ ਹਨ, ਪਰ ਨਿਰੋਲ ਮੱਧ-ਕਾਲੀਨ ਪੰਜਾਬੀ ਕਵਿਤਾ ਦਾ ਸੰਖੇਪ ਇਤਿਹਾਸ ਅਤੇ ਉਹ ਵੀ ਬੋਰਡ ਵੱਲੋਂ ਨਿਰਧਾਰਿਤ ਮੱਧ-ਕਾਲੀਨ ਪੰਜਾਬੀ ਕਵਿਤਾ ਦੇ ਪਾਠ-ਕ੍ਰਮ ਅਨੁਸਾਰ, ਪਹਿਲਾ ਸੰਖੇਪ ਤੇ ਸਰਲ ਇਤਿਹਾਸ ਹੈ। ਬਹੁਤੀ ਵਾਰ 'ਸੰਜਮ' ਤੇ 'ਸਪਸ਼ਟਤਾ' ਨਾਲ਼ ਲਿਖਣ ਵਾਲ਼ੇ ਵਿਦਵਾਨ ਦੀ ਆਪਣੀ ਅਸਪਸ਼ਟ ਤੇ ਗੁੰਝਲ਼ਦਾਰ ਮਾਨਸਿਕ ਬਣਤਰ ਇੱਕ-ਦੂਜੇ ਦੇ ਵਿਰੋਧ ਵਿੱਚ ਆ ਖੜੋਂਦੇ ਹਨ। ਅਜਿਹੇ ਵਿਦਵਾਨ ਜਦੋਂ ਸੰਜਮ ਵਰਤਦੇ ਹਨ ਤਾਂ ਸਪਸ਼ਟਤਾ ਗੁਆ ਬੈਠਦੇ ਹਨ ਤੇ ਜਦੋਂ ਸਪਸ਼ਟਤਾ ਵੱਲ ਜਾਂਦੇ ਹਨ ਤਾਂ ਬਹੁਤ ਸਾਰਾ ਬੇਲੋੜਾ ਵਿਸਥਾਰ ਦੇਣ ਬੈਠ ਜਾਂਦੇ ਹਨ, ਜਿਸ ਵਿੱਚ ਅਸਲੀ ਗੱਲ ਗੁਆਚ ਜਾਂਦੀ ਹੈ। ਘੱਟੋ-ਘੱਟ ਇਹ ਔਗੁਣ ਇਸ ਪੁਸਤਕ ਵਿੱਚ ਨਹੀਂ।

ਭਾਵੇਂ ਸੀਨੀਅਰ ਸੈਕੰਡਰੀ ਸ਼੍ਰੇਣੀਆਂ ਭਾਗ-2 ਲਈ ਇਹੋ ਇੱਕ ਨਿਰੋਲ ਪੁਸਤਕ ਨਹੀਂ। ਇਸ ਸ਼੍ਰੇਣੀ ਦੀਆਂ ਬਾਕੀ ਪਾਠ-ਪੁਸਤਕਾਂ ਦਾ ਮਨੋਰਥ ਵੀ ਵਿਦਿਆਰਥੀਆਂ ਨੂੰ ਨਾ ਸਿਰਫ਼ ਆਪਣੇ ਸਾਹਿਤ ਅਤੇ ਸੱਭਿਆਚਾਰ ਨਾਲ਼ ਜੋੜਨਾ ਹੀ ਹੈ ਸਗੋਂ ਵਿਦਿਆਰਥੀਆਂ ਦੀ ਭਾਸ਼ਾ-ਸਮਰੱਥਾ ਵਧਾਉਣ, ਪੰਜਾਬੀ ਸਾਹਿਤ ਰੂਪਾਂ, ਪੰਜਾਬੀ ਸਾਹਿਤ ਅਤੇ ਸਾਹਿਤਕਾਰਾਂ ਦੇ ਜੀਵਨ ਅਨੁਭਵਾਂ ਅਤੇ ਜੀਵਨ ਦੇ ਵਿਭਿੰਨ ਪੱਖਾਂ ਬਾਰੇ ਬੁਨਿਆਦੀ ਜਾਣਕਾਰੀ ਦੇਣਾ ਹੈ। ਤਾਂਜੋ ਉਹ ਅਗਲੇਰੀਆਂ ਜਮਾਤਾਂ ਵਿੱਚ ਪੜ੍ਹਾਏ ਜਾਣ ਵਾਲ਼ੇ ਸਾਹਿਤ ਪ੍ਰਤਿ ਮਾਨਸਿਕ ਤੌਰ 'ਤੇ ਤਿਆਰ ਹੋ ਸਕਣ। ਇਸਦੇ ਪਹਿਲੇ ਭਾਗ ਵਿੱਚ ਪੰਜਾਬੀ ਬੋਲੀ ਤੇ ਗੁਰਮੁਖੀ ਲਿਪੀ ਦੇ ਨਿਕਾਸ ਤੇ ਵਿਕਾਸ ਬਾਰੇ ਸੰਖੇਪ ਤੇ ਸਰਲ ਜਾਣਕਾਰੀ ਤੇ ਇਸ ਪਿੱਛੋਂ ਸੂਫ਼ੀ ਕਾਵਿ ਗੁਰਮਤਿ ਕਾਵਿ, ਕਿੱਸਾ-ਕਾਵਿ ਅਤੇ ਬੀਰ-ਕਾਵਿ, ਬਾਰੇ ਭਰਪੂਰ, ਅਰਥਪੂਰਨ ਤੇ ਵਿਆਖਿਆਮਈ ਵੇਰਵੇ ਦਰਜ ਹਨ। ਇਹਨਾਂ ਵੇਰਵਿਆਂ ਦਾ ਉਚੇਚਾ ਮਕਸਦ ਸਿਖਿਆਰਥੀਆਂ ਨੂੰ ਪੰਜਾਬੀ ਕਵਿਤਾ ਦੇ ਨਿਕਾਸ ਤੇ ਵਿਕਾਸ ਬਾਰੇ ਉਹਨਾਂ ਦੀ ਸਮਝ-ਗੋਚਰਾ ਗਿਆਨ ਦੇਣਾ ਹੈ ਤਾਂ ਜੁ ਉਹਨਾਂ ਦੇ ਜ਼ਿਹਨ ਵਿੱਚ ਪੰਜਾਬੀ ਕਵਿਤਾ ਦੇ ਲਿਖਿਤ ਤੇ ਪ੍ਰਾਪਤ ਭੰਡਾਰ ਬਾਰੇ ਇੱਕ ਨਿਸ਼ਚਿਤ ਧਾਰਨਾ ਬਣ ਸਕੇ।

ਇਸ ਕਿਤਾਬ ਦੀ ਵੱਡੀ ਸਿਫ਼ਤ ਇਹ ਹੈ ਕਿ ਜਿੱਥੇ ਇਹਨਾਂ ਹੀ ਸ਼੍ਰੇਣੀਆਂ ਲਈ ਸੂਫ਼ੀ-ਕਾਵਿ, ਗੁਰਮਤਿ-ਕਾਵਿ, ਬੀਰ-ਕਾਵਿ ਅਤੇ ਕਿੱਸਾ ਕਾਵਿ ਦੀਆਂ ਵੰਨਗੀਆਂ ਇਸ ਪਾਠ-ਪੁਸਤਕ ਦੇ ਪਹਿਲੇ ਭਾਗ ਵਿੱਚ ਸ਼ਾਮਲ ਕੀਤੀਆਂ ਗਈਆਂ ਹਨ, ਉੱਥੇ "ਮੱਧ-ਕਾਲੀਨ ਪੰਜਾਬੀ ਕਵਿਤਾ ਦੇ ਸੰਖੇਪ ਇਤਿਹਾਸ" ਵਿੱਚ ਇਹਨਾਂ ਦੇ ਰਚਨਹਾਰਿਆਂ ਦੇ ਪ੍ਰਾਪਤ ਤੇ ਪ੍ਰਮਾਣਿਤ ਸੰਖੇਪ ਜੀਵਨ-ਬਿਓਰੇ, ਉਹਨਾਂ ਦੁਆਰਾ



Downloaded from https:// www.studiestoday.com

Downloaded from https:// www.studiestoday.com

ਲਿਖੀਆਂ ਹੋਰ ਰਚਨਾਵਾਂ ਬਾਰੇ ਜਾਣਕਾਰੀ ਅਤੇ ਇਹਨਾਂ ਰਚਨਾਵਾਂ ਦੇ ਰੂਪਕ ਸੁਹਜ ਤੇ ਹੋਰ ਕਾਵਿਕ-ਸਿਫ਼ਤਾਂ ਦੀ ਉਚੇਚੀ ਵਡੱਤਣ ਨੂੰ ਦਰਸਾਇਆ ਗਿਆ ਹੈ। ਇੰਞ ਇਹ ਦੋਵੇਂ ਪੁਸਤਕਾਂ ਇੱਕ-ਦੂਜੀ ਤੋਂ ਸੁਤੰਤਰ ਹੁੰਦੀਆਂ ਹੋਈਆਂ ਵੀ ਇੱਕ-ਦੂਜੀ ਦੀਆਂ ਅਰਥਪੂਰਨ ਪੂਰਕ ਬਣਦੀਆਂ ਹਨ।

ਅਧਿਆਪਕ ਜਦੋਂ ਆਪਣੇ ਸਿਖਿਆਰਥੀਆਂ ਨੂੰ ਇਹਨਾਂ ਦੋਹਾਂ ਭਾਗਾਂ ਨੂੰ ਨਾਲ਼ੋ-ਨਾਲ਼ ਪੜ੍ਹਾਏਗਾ ਤਾਂ ਸਿੱਖਿਆਰਥੀਆਂ ਨੂੰ ਕਵੀ ਤੇ ਉਸ ਦੀ ਰਚਨਾ ਵਿੱਚ ਸਮਨਵੈ ਸਥਾਪਿਤ ਕਰਨ ਦੇ ਨਾਲ਼-ਨਾਲ਼ ਉਸ ਨਾਲ਼ ਇੱਕ ਤਰ੍ਹਾਂ ਦਾ ਨਿੱਜੀ ਸੰਬੰਧ ਸਥਾਪਿਤ ਕਰਨ ਵਿੱਚ ਵਧੇਰੇ ਸੌਖ ਰਹੇਗੀ ਤੇ ਉਹ ਰਚਨਾ ਤੋਂ ਰਚਨਾਕਾਰ ਅਤੇ ਰਚਨਾਕਾਰ ਤੋਂ ਰਚਨਾ ਤੱਕ ਇੱਕ ਸਿੱਧਾ ਰਾਬਤਾ ਕਾਇਮ ਕਰਨ ਦੇ ਸਮਰੱਥ ਹੋ ਸਕੇਗਾ। ਇਹੋ ਇਸ ਕਿਤਾਬ ਦਾ ਮੁੱਖ ਮਨੋਰਥ ਹੈ, ਜਿਸ ਨੂੰ ਸਵ. ਡਾ. ਕੇਸਰ ਸਿੰਘ 'ਕੇਸਰ' ਨੇ ਬੜੀ ਮਿਹਨਤ ਨਾਲ਼ ਸੌਖੀ ਤੇ ਸਰਲ ਭਾਸ਼ਾ ਵਿੱਚ ਬਾਖ਼ੂਬੀ ਪੂਰਾ ਕੀਤਾ ਹੈ। ਇੱਥੋਂ ਤੱਕ ਕਿ ਕਿਧਰੇ ਵੀ ਇਹ ਕਿਤਾਬ ਆਮ ਇਤਿਹਾਸ ਜਾਂ ਆਲੋਚਨਾ ਦੀਆਂ ਕਿਤਾਬਾਂ ਵਾਂਗ ਰੁੱਖੀ ਨਹੀਂ ਲੱਗਦੀ, ਸਗੋਂ ਮੱਧ-ਕਾਲੀਨ ਪੰਜਾਬੀ ਕਵਿਤਾ ਦੇ ਇੱਕ ਲੰਬੇ ਇਤਿਹਾਸ ਦੇ ਬਾਵਜੂਦ ਬੜੀ ਰੋਚਕ ਜਾਣਕਾਰੀ ਪੇਸ਼ ਕਰਦੀ ਹੈ। ਪਾਠ-ਪੁਸਤਕ ਦੇ ਫੌਰੀ ਮਨੋਰਥ ਤੇ ਆਕਾਰ ਨੂੰ ਮੁੱਖ ਰੱਖਦਿਆਂ, ਸਵ. ਡਾ.'ਕੇਸਰ' ਨੇ ਉਹਨਾਂ ਕਵੀਆਂ ਬਾਰੇ ਬਹੁਤ ਹੀ ਸੰਖੇਪ ਵਿੱਚ ਰਹਿਣ ਦੀ ਕੋਸ਼ਸ਼ ਕੀਤੀ ਹੈ ਜਿਹੜੇ ਸੰਬੰਧਿਤ ਸ਼੍ਰੇਣੀਆਂ ਦੇ ਕੋਰਸਾਂ ਵਿੱਚ ਨਹੀਂ ਲੱਗੇ ਹੋਏ।

ਪੂਰੀ ਉਮੀਦ ਹੈ ਕਿ ਅਧਿਆਪਕ ਤੇ ਸਿਖਿਆਰਥੀ ਇਸ ਕਿਤਾਬ ਨੂੰ ਚੰਗੇ ਸਾਹਿਤ ਦੀਆਂ ਕਿਤਾਬਾਂ ਵਾਂਗ ਮਾਣਨਗੇ, ਇਸ ਵਿੱਚੋਂ ਅਤਿ ਲੁੜੀਂਦਾ ਗਿਆਨ ਗ੍ਰਹਿਣ ਕਰਨਗੇ ਤੇ ਨਾਲ਼ ਹੀ ਸਾਨੂੰ ਆਪਣੇ ਹੁੰਗਾਰੇ ਤੋਂ ਜਾਣੂ ਕਰਵਾਉਣਗੇ ਜਿਸ ਦੀ ਸਾਨੂੰ ਸਦਾ ਹੀ ਉਡੀਕ ਰਹਿੰਦੀ ਹੈ ਤੇ ਰਹੇਗੀ। ਤੁਹਾਡੇ ਇਸ ਹੁੰਗਾਰੇ ਸਦਕਾ ਅਸੀਂ ਇਸ ਕਿਤਾਬ ਨੂੰ ਹੋਰ ਬਿਹਤਰ ਬਣਾ ਸਕਾਂਗੇ।

****



Downloaded from https:// www.studiestoday.com

Downloaded from https:// www.studiestoday.com

## (1) ਪੰਜਾਬ, ਪੰਜਾਬੀ, ਗੁਰਮੁਖੀ ਤੇ ਪੰਜਾਬੀ ਸਾਹਿਤ

**ਪੰਜਾਬ**:- 'ਪੰਜਾਬ', 'ਪੰਜ' ਤੇ 'ਆਬ' ਦੋ ਸ਼ਬਦਾਂ ਨੂੰ ਮਿਲ਼ ਕੇ ਬਣਿਆ ਫ਼ਾਰਸੀ ਸ਼ਬਦ ਹੈ, ਜਿਸ ਦਾ ਅਰਥ ਹੈ ਪੰਜ-ਦਰਿਆਵਾਂ ਦੀ ਧਰਤੀ। ਭਾਰਤ ਦੇ ਉੱਤਰ-ਪੱਛਮ ਵਿੱਚ ਸਥਿਤ ਇਸ ਖੇਤਰ ਨੂੰ ਪਹਿਲਾਂ 'ਸਪਤ-ਸਿੰਧੂ' ਤੇ 'ਆਰੀਆ ਵਰਤ' ਆਦਿ ਨਾਂਵਾਂ ਨਾਲ਼ ਪੁਕਾਰਿਆ ਜਾਂਦਾ ਸੀ। ਮੁਸਲਮਾਨ ਹਾਕਮ ਹਮਲਾਵਰਾਂ ਦੀ ਰਾਜ-ਸੱਤਾ ਤੇ ਫ਼ਾਰਸੀ ਬੋਲੀ ਦੀ ਰਾਜ-ਕਾਜ ਵਿੱਚ ਆਮ ਵਰਤੋਂ ਹੋਣ ਕਾਰਨ ਇਸ ਦਾ ਨਾਂ 'ਪੰਜਾਬ' ਪਿਆ, ਜੋ ਕਿ ਅਕਬਰ ਦੇ ਰਾਜ-ਅਧਿਕਾਰ ਸਮੇਂ ਦੌਰਾਨ ਆਮ ਪ੍ਰਚਲਿਤ ਹੋ ਗਿਆ। ਪ੍ਰਸਿੱਧ ਸਿੱਖ ਕਵੀ ਭਾਈ ਗੁਰਦਾਸ ਨੇ ਆਪਣੀ ਗਿਆਰ੍ਹਵੀਂ ਵਾਰ ਦੀ ਚੌਵ੍ਹੀਵੀਂ ਪਉੜੀ ਵਿੱਚ ਇਸ ਨਾਂ ਦੀ ਵਰਤੋਂ ਕੀਤੀ ਹੈ :

### ਪੰਜਾਬੈ ਗੁਰ ਦੀ ਵਡਿਆਈ।

ਇਤਿਹਾਸਿਕ ਤਬਦੀਲੀਆਂ ਦੇ ਨਾਲ਼-ਨਾਲ਼ ਪੰਜਾਬ ਦੀਆਂ ਭੂਗੋਲਿਕ ਹੱਦਾਂ ਵੀ ਬਦਲਦੀਆਂ ਰਹੀਆਂ ਹਨ।

ਮੁਗ਼ਲ ਕਾਲ ਵਿੱਚ, 16ਵੀਂ ਤੋਂ 18ਵੀਂ ਸਦੀ ਦੇ ਅੰਤ ਤੱਕ, ਮੁਗ਼ਲ ਸਲਤਨਤ ਅਧੀਨ 'ਪੰਜਾਬ' ਦਿੱਲੀ ਤੋਂ ਲੈ ਕੇ ਉੱਤਰ-ਪੱਛਮੀ ਸਰਹੱਦੀ ਸੂਬੇ ਤੱਕ ਫੈਲਿਆ ਹੋਇਆ ਸੀ।

ਮਹਾਰਾਜਾ ਰਣਜੀਤ ਸਿੰਘ ਦੇ ਸਿੱਖ-ਰਾਜ ਕਾਲ (1800-1850) ਵਿੱਚ ਪੰਜਾਬ ਨੂੰ ਰਾਜਸੀ ਤੌਰ 'ਤੇ ਤਿੰਨ ਹਿੱਸਿਆਂ ਵਿੱਚ ਵੰਡਿਆ ਗਿਆ : (1) ਮਹਾਰਾਜਾ ਰਣਜੀਤ ਸਿੰਘ ਦਾ ਰਾਜ (ਸਤਲੁਜ ਤੋਂ ਪੱਛਮ ਵੱਲ ਸਰੱਹਦੀ ਸੂਬੇ ਤੱਕ) : (2) ਦੇਸੀ ਰਿਆਸਤਾਂ (ਸਤਲੁਜ ਦੇ ਪੂਰਬੀ ਤੱਟ ਦੇ ਨਾਲ਼-ਨਾਲ਼ ) ਤੇ (3) ਅੰਗਰੇਜ਼ ਦਾ ਰਾਜ (ਸਤਲੁਜ ਤੋਂ ਪੂਰਬ-ਦੱਖਣ ਵੱਲ ਦਿੱਲੀ ਤੱਕ)।

1850-60 ਵਿੱਚ ਸਿੱਖ ਰਾਜ ਦੀ ਸਮਾਪਤੀ ਨਾਲ਼ ਪੰਜਾਬ ਦੇ ਦੋ ਹਿੱਸੇ ਰਹਿ ਗਏ : ਬਰਤਾਨਵੀਂ ਰਾਜ ਦਾ ਅਤੇ ਦੇਸੀ ਰਿਆਸਤਾਂ ਦਾ ਪੰਜਾਬ। 1947 ਈ. ਵਿੱਚ ਇਹ ਪੰਜਾਬ ਭੂਗੋਲਿਕ ਤੌਰ 'ਤੇ ਦੋ ਪੰਜਾਬਾਂ ਵਿੱਚ ਵੰਡਿਆ ਗਿਆ: ਭਾਰਤੀ ਪੰਜਾਬ ਤੇ ਪਾਕਿਸਤਾਨੀ ਪੰਜਾਬ। ਭਾਰਤੀ ਪੰਜਾਬ ਦਾ ਰਿਆਸਤੀ ਇਲਾਕਾ ਪੈਪਸੂ ਅਖਵਾਉਣ ਲੱਗਾ ਤੇ ਬਾਕੀ ਦੇ ਹਿੱਸੇ ਨੂੰ ਪੰਜਾਬ ਕਿਹਾ ਜਾਣ ਲੱਗਾ। ਜਦੋਂ ਭਾਰਤ ਦੇ ਪ੍ਰਾਂਤਾਂ ਦੀ, ਭਾਸ਼ਾ ਦੇ ਆਧਾਰ 'ਤੇ ਹੱਦਬੰਦੀ ਕੀਤੀ ਗਈ ਤਾਂ 1956 ਵਿੱਚ ਪੈਪਸੂ ਨੂੰ ਤੋੜ ਕੇ ਪੰਜਾਬ ਵਿੱਚ ਮਿਲ਼ਾ ਦਿੱਤਾ ਗਿਆ ਤੇ ਭਾਰਤ-ਪਾਕਿ ਸਰਹੱਦ ਤੋਂ ਲੈ ਕੇ ਦਿੱਲੀ ਤੱਕ ਦੇ ਸਾਰੇ ਖੇਤਰ ਨੂੰ ਪੰਜਾਬ ਕਿਹਾ ਜਾਣ ਲੱਗਾ। ਪਰ ਇਹ ਢਾਈ ਦਰਿਆਵਾਂ ਵਾਲ਼ਾ ਦੋ-ਭਾਸ਼ਾਈ ਪੰਜਾਬ ਸੀ, ਜਿਸ ਵਿੱਚੋਂ ਇੱਕ ਭਾਸ਼ਾਈ ਖੇਤਰ ਨੂੰ ਅਲੱਗ ਕਰਨ ਲਈ ਪੰਜਾਬੀ ਸੂਬੇ ਦਾ ਮੋਰਚਾ ਲੱਗਿਆ। 1966 ਈ. ਵਿੱਚ ਹਰਿਆਣਾ ਦਾ ਇਲਾਕਾ ਵੱਖਰਾ ਕਰ ਦਿੱਤਾ ਗਿਆ ਤੇ ਕੁਝ ਇਲਾਕਾ ਹਿਮਾਚਲ ਨਾਲ਼ ਜੋੜ ਦਿੱਤਾ ਗਿਆ ਤੇ ਇਸ ਤਰ੍ਹਾਂ ਬਹੁਤ ਹੀ ਛੋਟੇ ਤੇ ਇੱਕ-ਭਾਸ਼ਾਈ ਪੰਜਾਬ ਦਾ ਹੁਣ ਵਾਲ਼ਾ ਸਰੂਪ ਹੋਂਦ ਵਿੱਚ ਆਇਆ।

ਪੰਜਾਬੀ ਕਵਿਤਾ ਦੇ ਇਤਿਹਾਸ ਨੂੰ ਠੀਕ ਤਰ੍ਹਾਂ ਜਾਣਨ ਲਈ 15ਵੀਂ-16ਵੀਂ ਸਦੀ ਤੋਂ ਲੈ ਕੇ ਹੁਣ ਤੱਕ ਵਾਪਰੀਆਂ ਉਪਰੋਕਤ ਇਤਿਹਾਸਿਕ ਤੇ ਭੂਗੋਲਿਕ ਤਬਦੀਲੀਆਂ ਨੂੰ ਚੇਤੇ ਰੱਖਣਾ ਬਹੁਤ ਜ਼ਰੂਰੀ ਹੈ।

ਇਸ ਪੁਸਤਕ ਵਿੱਚ 1947 ਈ. ਤੋਂ ਪਹਿਲਾਂ ਦੀ ਪੰਜਾਬੀ ਕਵਿਤਾ ਦਾ ਇਤਿਹਾਸ ਅਣਵੰਡੇ, ਵਿਸ਼ਾਲ ਪੰਜਾਬ ਨੂੰ ਮੁੱਖ ਰੱਖ ਕੇ ਲਿਖਿਆ ਗਿਆ ਹੈ ਪਰ 1947 ਈ. ਤੋਂ ਬਾਅਦ ਸਿਰਫ਼ ਭਾਰਤੀ ਪੰਜਾਬ ਨੂੰ



Downloaded from https:// www.studiestoday.com

Downloaded from https:// www.studiestoday.com

ਹੀ ਸ਼ਾਮਲ ਕੀਤਾ ਗਿਆ ਹੈ। ਭਾਵੇਂ ਕਿ ਸਾਨੂੰ ਇਸ ਗੱਲ ਦਾ ਗਿਆਨ ਹੈ ਕਿ ਪਾਕਿਸਤਾਨੀ ਪੰਜਾਬ ਵਿੱਚ ਵੀ, 1947 ਈ. ਤੋਂ ਪਿੱਛੋਂ, ਲਗਾਤਾਰ ਪੰਜਾਬੀ ਕਵਿਤਾ ਲਿਖੀ ਜਾਂਦੀ ਰਹੀ ਹੈ ਜੋ ਫ਼ਾਰਸੀ ਲਿਪੀ ਤੋਂ ਗੁਰਮੁਖੀ ਵਿੱਚ ਲਿਪੀਅਾਂਤਰ ਹੋ ਕੇ ਭਾਰਤੀ ਪੰਜਾਬ ਵਿੱਚ ਪ੍ਰਕਾਸ਼ਿਤ ਵੀ ਹੋ ਚੁੱਕੀ ਹੈ।

ਪੰਜਾਬ ਦੇ ਇਤਿਹਾਸ ਤੇ ਭੂਗੋਲਿਕ ਤਬਦੀਲੀਆਂ ਦੇ ਨਾਲ਼-ਨਾਲ਼ ਹੀ ਪੰਜਾਬੀ ਕੌਮ ਤੇ ਪੰਜਾਬੀ ਸੱਭਿਆਚਾਰ ਦਾ ਵਿਕਾਸ ਹੋਇਆ ਹੈ। ਭਾਰਤ ਦੀਆਂ ਬਾਕੀ ਕੌਮਾਂ ਵਾਂਗ ਪੰਜਾਬੀ ਕੌਮ ਵੀ ਕਬੀਲਾ ਜਾਂ ਗਣ-ਸਮਾਜ ਤੋਂ ਵਿਕਸਿਤ ਹੋਈ ਹੈ। ਜਦੋਂ ਤੋਂ ਪੰਜਾਬ ਦਾ ਨਾਂ ਪੰਜਾਬ ਪਿਆ ਹੈ ਤੇ ਇਸ ਦੀ ਲੋਕ-ਬੋਲੀ ਨੂੰ ਪੰਜਾਬੀ ਕਿਹਾ ਜਾਣ ਲੱਗਾ ਹੈ ਤੇ ਇਹ ਬੋਲੀ ਸਾਹਿਤ ਦਾ ਮਾਧਿਅਮ ਬਣੀ ਹੈ। ਸਿੱਖ-ਰਾਜ ਕਾਲ ਵਿੱਚ ਇਸ ਕੌਮ ਦੀ ਇੱਕ ਅੱਡਰੀ ਹੋਂਦ ਕਾਇਮ ਹੋ ਗਈ ਸੀ।

ਪੰਜਾਬੀ ਸੱਭਿਆਚਾਰ ਕਈ ਪੱਖਾਂ ਤੋਂ ਅਮੀਰ ਤੇ ਵੰਨ-ਸੁਵੰਨਾ ਸਾਂਝਾ ਸੱਭਿਆਚਾਰ ਹੈ। ਇਸ ਦੀਆਂ ਰਗਾਂ ਵਿੱਚ ਦਰਾਵੜਾਂ, ਆਰੀਆਂ, ਯੂਨਾਨੀਆਂ , ਤੁਰਕਾਂ, ਪਠਾਣਾਂ ਤੇ ਮੁਗ਼ਲਾਂ ਤੋਂ ਇਲਾਵਾ ਅਨੇਕਾਂ ਹੋਰ ਜਾਤੀਆਂ ਤੇ ਕਬੀਲਿਆਂ ਦਾ ਖ਼ੂਨ ਦੌੜ ਰਿਹਾ ਹੈ। ਇਸ ਵਿੱਚ ਹਿੰਦੂ, ਮੁਸਲਿਮ, ਸਿੱਖ ਤੇ ਈਸਾਈ, ਚਹੁੰਆਂ ਮਜ਼ਹਬਾਂ ਦੇ ਲੋਕ-ਧਰਮ, ਵਿਸ਼ਵਾਸ ਤੇ ਰੀਤੀ-ਰਿਵਾਜ ਪ੍ਰਚਲਿਤ ਹਨ। ਬਾਹਰਲੇ ਕਬੀਲਿਆਂ ਦੀ ਲਗਾਤਰ ਆਮਦ ਨਾਲ਼ ਪੰਜਾਬੀ ਭਾਈਚਾਰਾ ਖੁੱਲ੍ਹਾ-ਡੁੱਲ੍ਹਾ ਤੇ ਖੇਤੀ-ਬਾੜੀ 'ਤੇ ਆਧਾਰਿਤ ਰਿਹਾ ਹੈ। ਇਹ ਭਾਈਚਾਰਾ ਕਿਰਤ ਦਾ ਸਤਿਕਾਰ ਤੇ ਕਿਰਤ 'ਤੇ ਮਾਣ ਕਰਨ ਵਾਲ਼ਾ ਹੈ ਅਤੇ ਜਾਤ-ਪਾਤ, ਪੁਜਾਰੀਵਾਦ ਦੇ ਕੇਂਦਰੀ ਸ਼ਾਸਕ-ਸੱਤਾ ਦਾ ਹਮੇਸ਼ਾਂ ਵਿਰੋਧੀ ਰਿਹਾ ਹੈ। ਖੇਤੀ-ਪ੍ਰਧਾਨ ਤੇ ਸਰਹੱਦੀ ਸੂਬਾ ਹੋਣ ਕਰਕੇ, ਇੱਥੋਂ ਦੇ ਲੋਕ ਮਿਹਨਤੀ, ਖ਼ੁਸ਼ਹਾਲ, ਅਣਖੀ, ਉੱਚਾ ਬੋਲਣ ਵਾਲ਼ੇ ਜੰਗਜੂ ਤੇ ਬਹਾਦਰ ਰਹੇ ਹਨ।

ਪੰਜਾਬ ਦੀ ਲੋਕ-ਬੋਲੀ ਭਾਵੇਂ ਪੰਜਾਬੀ ਹੈ ਪਰ ਇਸ ਦੀ ਕਾਵਿ-ਰਚਨਾ ਇੱਕ ਤੋਂ ਵੱਧ ਬੋਲੀਆਂ (ਫ਼ਾਰਸੀ, ਹਿੰਦੀ, ਉਰਦੂ, ਅੰਗਰੇਜ਼ੀ ਤੇ ਪੰਜਾਬੀ) ਵਿੱਚ ਹੁੰਦੀ ਰਹੀ ਹੈ। ਪੰਜਾਬੀ ਕਵਿਤਾ ਦੇ ਇੱਕ ਹਜ਼ਾਰ ਸਾਲ ਦੇ ਇਤਿਹਾਸ ਵਿੱਚ ਇਸ ਉੱਤੇ ਅਰਬੀ ਤੇ ਫ਼ਾਰਸੀ ਤੋਂ ਇਲਾਵਾ ਅੰਗਰੇਜ਼ੀ, ਅਮਰੀਕਨ, ਫ਼੍ਰਾਂਸੀਸੀ ਤੇ ਰੂਸੀ-ਕਾਵਿ ਦੇ ਪ੍ਰਭਾਵ ਵੀ ਪੈਂਦੇ ਰਹੇ ਹਨ।

ਵਿਦਿਆਰਥੀਆਂ ਦੀ ਲੋੜ ਤੇ ਸੁਵਿਧਾ ਨੂੰ ਮੁੱਖ ਰੱਖ ਕੇ, ਅਸੀਂ ਪੰਜਾਬੀ ਕਵਿਤਾ ਦੇ ਸਮਕਾਲੀ ਇਤਿਹਾਸ ਦੀ ਜਾਣ-ਪਛਾਣ ਨੂੰ ਭਾਵੇਂ ਭਾਰਤੀ ਪੰਜਾਬ ਵਿੱਚ ਤੇ ਪੰਜਾਬੀ ਬੋਲੀ ਵਿੱਚ ਰਚੀ ਜਾ ਰਹੀ ਕਵਿਤਾ ਤੱਕ ਹੀ ਸੀਮਿਤ ਰੱਖਿਆ ਹੈ, ਪਰ ਅਜੋਕੇ ਪੰਜਾਬੀ ਸੱਭਿਆਚਾਰ ਤੇ ਕਵਿਤਾ ਦਾ ਭੂਗੋਲ ਵਰਤਮਾਨ ਪੰਜਾਬ ਦੀਆਂ ਸਰਹੱਦਾ ਤੋਂ ਕਿਤੇ ਵਿਸ਼ਾਲ ਹੈ। ਦਿੱਲੀ ਤੇ ਭਾਰਤ ਦੇ ਹੋਰ ਸੂਬਿਆਂ ਤੋਂ ਇਲਾਵਾ ਪਾਕਿਸਤਾਨ, ਇੰਗਲੈਂਡ, ਕੈਨੇਡਾ, ਅਮਰੀਕਾ, ਸਵੀਡਨ, ਆਸਟ੍ਰੇਲੀਆ ਤੇ ਕੀਨੀਆਂ ਆਦਿ ਵਿੱਚ, ਜਿੱਥੇ-ਜਿੱਥੇ ਵੀ ਪੰਜਾਬੀ ਬੈਠੇ ਹਨ ਉੱਥੇ-ਉੱਥੇ ਹੀ ਪੰਜਾਬੀ ਕਵਿਤਾ ਦੀ ਰਚਨਾ ਹੋਈ ਤੇ ਹੋ ਰਹੀ ਹੈ।

**ਪੰਜਾਬੀ ਭਾਸ਼ਾ-** ਪ੍ਰਿੰਸੀਪਲ ਤੇਜਾ ਸਿੰਘ ਦਾ ਮੱਤ ਹੈ ਕਿ ਪੰਜਾਬੀ ਭਾਰਤ ਦੀਆਂ ਆਰੀਆ ਭਾਸ਼ਾਵਾਂ ਵਿੱਚੋਂ ਸਭ ਤੋਂ ਪੁਰਾਣੀ ਹੈ। ਰਿਗਵੇਦ ਦੀ ਰਚਨਾ ਕਿਉਂਕਿ ਪੰਜਾਬ ਵਿੱਚ ਹੋਈ, ਇਸ ਲਈ ਰਿਗਵੇਦ ਉਦੋਂ ਦੀ ਪੰਜਾਬੀ ਭਾਸ਼ਾ ਵਿੱਚ ਹੀ ਰਚਿਆ ਗਿਆ। ਵੈਦਿਕ ਭਾਸ਼ਾ ਦੇ ਕਈ ਸ਼ਬਦ ਹੁਣ ਦੀ ਪੰਜਾਬੀ ਵਿੱਚ ਵੀ ਹੂ-ਬਹੂ ਮਿਲ਼ ਜਾਂਦੇ ਹਨ। ਪ੍ਰਿੰ.ਤੇਜਾ ਸਿੰਘ ਦੀ ਧਾਰਨਾ ਨੂੰ ਟੇਢੇ ਢੰਗ ਨਾਲ਼ ਸਵੀਕਾਰ ਕੀਤਾ ਜਾ ਸਕਦਾ ਹੈ, ਪਰ ਰਿਗਵੇਦ ਦੀ ਰਚਨਾ ਸਮੇਂ, ਨਾ ਇਸ ਖਿੱਤੇ ਨੂੰ ਪੰਜਾਬ ਕਿਹਾ ਜਾਂਦਾ ਸੀ ਤੇ ਨਾ ਇਸ ਦੀ ਭਾਸ਼ਾ ਨੂੰ ਪੰਜਾਬੀ ਕਿਹਾ ਜਾਂਦਾ ਸੀ, ਇਹ ਵੈਦਿਕ-ਸੰਸਕ੍ਰਿਤ ਅਖਵਾਉਂਦੀ ਸੀ। 'ਪੰਜਾਬ' ਦਾ ਨਾਮਕਰਨ ਹੋਣ ਤੋਂ ਪਹਿਲਾਂ ਅੱਜ ਵਰਗੀ ਪੰਜਾਬੀ ਨੂੰ ਵੀ ਹਿੰਦੀ ਜਾਂ ਹਿੰਦਵੀ ਕਿਹਾ ਜਾਂਦਾ ਸੀ ਕਿਉਂਕਿ ਉੱਤਰੀ ਭਾਰਤ ਲਈ



Downloaded from https:// www.studiestoday.com

Downloaded from https:// www.studiestoday.com

'ਹਿੰਦ' ਸ਼ਬਦ ਦਾ ਪ੍ਰਯੋਗ ਹੋਣਾ ਸ਼ੁਰੂ ਹੋ ਗਿਆ ਸੀ। ਪੰਜਾਬ ਦੀ ਭਾਸ਼ਾ ਲਈ 'ਪੰਜਾਬੀ' ਨਾਂ 14ਵੀਂ-15ਵੀਂ ਸਦੀ ਤੋਂ ਹੀ ਪ੍ਰਚਲਿਤ ਹੋਇਆ ਹੈ। ਇਸ ਦ੍ਰਿਸ਼ਟੀ ਤੋਂ ਪੰਜਾਬ, ਪੰਜਾਬੀ ਤੇ ਪੰਜਾਬੀ ਕਵਿਤਾ ਦੇ ਇਤਿਹਾਸ ਦਾ ਅਰੰਭ ਚੌਧਵੀਂ-ਪੰਦ੍ਰਵੀਂ ਸਦੀ ਤੋਂ ਹੀ ਮੰਨਿਆ ਜਾਣਾ ਚਾਹੀਦਾ ਹੈ। ਸ਼ੇਖ਼ ਬਾਬਾ ਫ਼ਰੀਦ ਦੀ ਕਵਿਤਾ ਦੀ ਰਚਨਾ ਭਾਵੇਂ ਇਸ ਤੋਂ ਸੌ-ਡੇਢ ਸੌ ਸਾਲ ਪਹਿਲਾਂ ਹੋ ਚੁੱਕੀ ਸੀ, ਪਰ ਇਸ ਦਾ ਅਜੋਕਾ ਸਰੂਪ ਗੁਰੂ ਸਾਹਿਬਾਨ ਦੇ ਜ਼ਮਾਨੇ ਤੋਂ ਪਹਿਲਾਂ ਦਾ ਨਹੀਂ ਹੈ।

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਪੰਜਾਬੀ ਕੌਮ ਦੀ ਇੱਕ ਵਿਲੱਖਣ ਹੋਂਦ ਕਾਇਮ ਹੋਈ ਤੇ ਉਸ ਤੋਂ ਬਾਅਦ ਦੇ ਸੁਤੰਤਰਤਾ ਸੰਗਰਾਮ ਵਿੱਚ ਆਪਣੇ ਆਪ ਤੋਂ ਸੁਚੇਤ ਹੋ ਕੇ ਪੰਜਾਬੀ ਲੋਕਾਂ ਨੇ ਆਪਣੀ ਕੌਮੀ ਪਛਾਣ ਬਣਾਈ, ਜਿਸ ਦਾ ਨਤੀਜਾ ਇਹ ਹੋਇਆ ਕਿ ਅਜ਼ਾਦੀ ਤੋਂ ਬਾਅਦ ਪੰਜਾਬੀ ਭਾਸ਼ਾ ਨੂੰ ਭਾਰਤ ਦੀਆਂ 18 ਆਧੁਨਿਕ ਕੌਮੀ ਭਾਸ਼ਾਵਾਂ ਵਿੱਚ ਸੰਵਿਧਾਨਿਕ ਤੌਰ 'ਤੇ ਸ਼ਾਮਲ ਕੀਤਾ ਗਿਆ।

ਭਾਸ਼ਾ-ਵਿਗਿਆਨੀਆਂ ਦਾ ਮੱਤ ਹੈ ਕਿ ਸੱਤਵੀਂ-ਅੱਠਵੀ ਸਦੀ ਤੱਕ ਪੰਜਾਬੀ ਭਾਸ਼ਾ ਦਾ ਆਧੁਨਿਕ ਸਰੂਪ ਹੋਂਦ ਵਿੱਚ ਆ ਚੁੱਕਾ ਸੀ। ਲੋਕ-ਕਾਵਿ, ਪੁਰਾਤਨ ਲੋਕ-ਵਾਰਾਂ, ਨਾਥਾਂ-ਜੋਗੀਆਂ ਦੀ ਕਵਿਤਾ, ਆਦਿ ਪੰਜਾਬੀ ਕਵਿਤਾ ਦੇ ਅਰੰਭਿਕ ਰੂਪ ਹਨ। ਫ਼ਰੀਦ ਬਾਣੀ ਦੀ ਭਾਸ਼ਾ ਤੋਂ ਸਾਫ਼ ਪਤਾ ਲੱਗਦਾ ਹੈ ਕਿ ਪੂਰਵ-ਮੁਗ਼ਲ ਕਾਲ ਵਿੱਚ ਹੀ ਪੰਜਾਬੀ ਆਪਣਾ ਸਾਹਿਤਿਕ ਮੁਹਾਵਰਾ ਵਿਕਸਿਤ ਕਰ ਚੁੱਕੀ ਸੀ। ਇਸ ਦੇ ਕਾਵਿ-ਰੂਪਾਂ ਤੇ ਸ਼ਬਦਾਵਲੀ ਵਿੱਚ ਇੱਕ ਪਾਸਿਓਂ ਸੰਸਕ੍ਰਿਤ, ਪ੍ਰਾਕਿਰਤਾਂ ਤੇ ਅਪਭਰੰਸ਼ਾਂ ਦੀ ਹਿੰਦੂ-ਵਿਰਾਸਤ ਤੇ ਦੂਜੇ ਪਾਸਿਓਂ ਅਰਬੀ ਤੇ ਫ਼ਾਰਸੀ ਦੀ ਇਸਲਾਮੀ ਧਾਰਾ ਇੱਕ-ਦੂਜੀ ਵਿੱਚ ਘੁਲ਼-ਮਿਲ਼ ਕੇ ਨਵੀਂ ਕਾਵਿ-ਪਰੰਪਰਾ ਨੂੰ ਜਨਮ ਦੇ ਰਹੀਆਂ ਸਨ, ਜਿਸ ਨੂੰ ਅਸੀਂ ਨਿਰੋਲ ਪੰਜਾਬੀ ਕਾਵਿ-ਪਰੰਪਰਾ ਦਾ ਨਾਂ ਦੇ ਸਕਦੇ ਹਾਂ।

1947 ਈ: ਤੋਂ ਬਾਅਦ ਇੱਕ ਪਾਸੇ ਪੰਜਾਬੀ ਸੰਵਿਧਾਨਿਕ ਤੌਰ 'ਤੇ ਕੌਮੀ ਭਾਸ਼ਾ ਬਣ ਕੇ ਪ੍ਰਬੰਧਕੀ ਤੇ ਵਿਗਿਆਨਿਕ ਵਿਸ਼ਿਆਂ ਦਾ ਮਾਧਿਅਮ ਬਣ ਰਹੀ ਹੈ, ਪਰ ਦੂਜੇ ਪਾਸੇ ਪੱਛਮੀ ਪੰਜਾਬੀ (ਪਾਕਿਸਤਾਨੀ) ਤੇ ਪੂਰਬੀ ਪੰਜਾਬੀ (ਭਾਰਤੀ) ਦਾ ਮੁਹਾਂਦਰਾ ਅੱਡ-ਅੱਡ ਹੁੰਦਾ ਜਾ ਰਿਹਾ ਹੈ। ਪਾਕਿਸਤਾਨੀ ਪੰਜਾਬੀ ਦੀ ਸ਼ਬਦਾਵਲੀ ਉਰਦੂ, ਫ਼ਾਰਸੀ ਤੇ ਅਰਬੀ-ਪ੍ਰਧਾਨ ਅਤੇ ਭਾਰਤੀ ਪੰਜਾਬੀ ਸੰਸਕ੍ਰਿਤ-ਪ੍ਰਧਾਨ ਹੁੰਦੀ ਜਾ ਰਹੀ ਹੈ ਤਾਂ ਵੀ, ਪੰਜਾਬੀ ਅੱਜ ਅੱਡ-ਅੱਡ ਰੂਪਾਂ ਤੇ ਕਿੰਨੀਆਂ ਹੀ ਉਪਭਾਸ਼ਾਵਾਂ ਦੇ ਰੂਪ ਵਿੱਚ ਸੰਸਾਰ ਭਰ ਦੇ ਕਰੋੜਾਂ ਲੋਕਾਂ ਦੁਆਰਾ ਬੋਲੀ ਜਾਂਦੀ ਹੈ ਤੇ ਸੰਸਾਰ ਦੀਆਂ ਚੋਟੀ ਦੀਆਂ ਭਾਸ਼ਾਵਾਂ ਵਿੱਚ ਗਿਣੀ ਜਾਂਦੀ ਹੈ । ਪਰ ਪੰਜਾਬੀ ਕਵਿਤਾ ਦੇ ਹਥਲੇ ਇਤਿਹਾਸ ਦਾ ਸੰਬੰਧ ਕੇਵਲ ਗੁਰਮੁਖੀ ਲਿਪੀ ਵਿੱਚ ਲਿਖੀ ਲਹਿੰਦੀ , ਮਾਝੀ, ਦੁਆਬੀ, ਮਲਵਈ ਤੇ ਪੁਆਧੀ ਉਪਭਾਸ਼ਾਵਾਂ ਦੇ ਰੰਗ ਵਾਲ਼ੀ ਪੰਜਾਬੀ ਕਵਿਤਾ ਨਾਲ਼ ਹੈ।

**ਗੁਰਮੁਖੀ ਲਿਪੀ**--- ਮੱਧ-ਯੁੱਗ ਵਿੱਚ ਪੰਜਾਬੀ ਬੋਲੀ ਨੂੰ ਜਿਨ੍ਹਾਂ ਦੋ ਲਿਪੀਆਂ ਵਿੱਚ ਲਿਖਿਆ ਜਾਂਦਾ ਸੀ, ਉਹ ਸਨ: ਫ਼ਾਰਸੀ ਤੇ ਗੁਰਮੁਖੀ। ਪਾਕਿਸਤਾਨੀ ਪੰਜਾਬੀ ਹੁਣ ਵੀ ਫ਼ਾਰਸੀ ਲਿਪੀ ਵਿੱਚ ਹੀ ਲਿਖੀ ਜਾ ਰਹੀ ਹੈ। ਪਰ ਪੰਜਾਬੀ ਬੋਲੀ ਲਈ ਸਭ ਤੋਂ ਵੱਧ ਵਿਗਿਆਨਿਕ ਤੇ ਢੁਕਵੀਂ ਲਿਪੀ ਗੁਰਮੁਖੀ ਹੀ ਹੈ। ਇਹ ਅਸ਼ੋਕ-ਕਾਲ ਦੀ ਬ੍ਰਹਮੀ ਲਿਪੀ ਤੋਂ ਨਿਕਲ਼ੀਆਂ ਸ਼ਾਰਦਾ, ਟਾਕਰੀ ਆਦਿ ਲਿਪੀਆਂ ਤੋਂ ਵਿਕਸਿਤ ਹੋ ਕੇ ਆਧੁਨਿਕ ਅੱਖਰ-ਬਣਤਰ ਤੱਕ ਪਹੁੰਚੀ ਹੈ। ਇਹ ਗੱਲ ਜੀ.ਬੀ.ਸਿੰਘ ਜਿਹੇ ਖੋਜੀ ਚਿਰੋਕਣੀ ਸਿੱਧ ਕਰ ਚੁੱਕੇ ਹਨ ਕਿ ਗੁਰਮੁਖੀ ਦੇ ਬਹੁਤ ਸਾਰੇ ਅੱਖਰ ਗੁਰੂ ਨਾਨਕ ਦੇਵ ਜੀ ਤੋਂ ਵੀ ਪਹਿਲਾਂ ਬਣ ਚੁੱਕੇ ਸਨ। ਇਸ ਦਾ ਇੱਕ ਸਬੂਤ ਗੁਰੂ ਨਾਨਕ ਦੇਵ ਜੀ ਦੀ ਪ੍ਰਸਿੱਧ ਬਾਣੀ ਪੱਟੀ (ਆਸਾ ਰਾਗ) ਵਿੱਚ ਇਹਨਾਂ ਅੱਖਰਾਂ ਦਾ ਪ੍ਰਯੋਗ ਤੇ ਉਚਾਰਨ ਹੈ। ਪਰ ਇਹ ਵੀ ਕਿਹਾ ਜਾਂਦਾ ਹੈ ਕਿ ਗੁਰੂ ਅੰਗਦ ਦੇਵ ਜੀ ਨੇ ਇਹਨਾਂ ਅੱਖਰਾਂ ਨੂੰ ਸੋਧ ਕੇ ਨਵੀਂ ਤਰਤੀਬ ਵਿੱਚ ਲਿਖਿਆ, ਇਸ ਲਈ ਇਸ ਲਿਪੀ ਦਾ ਨਾਂ ਗੁਰਮੁਖੀ ਪੈ ਗਿਆ।



Downloaded from https:// www.studiestoday.com

Downloaded from https:// www.studiestoday.com

**ਪੰਜਾਬੀ ਸਾਹਿਤ** :- ਪੰਜਾਬੀ ਸਾਹਿਤ ਦੀ ਅਉਧ ਲਗ-ਪਗ ਇੱਕ ਹਜ਼ਾਰ ਸਾਲ ਦੀ ਹੋ ਚੁੱਕੀ ਹੈ। ਇਹ ਅਵਧੀ ਛੋਟੀ ਨਹੀਂ। ਭਾਰਤ ਹੀ ਨਹੀਂ, ਦੁਨੀਆਂ ਦੀਆਂ ਸਾਰੀਆਂ ਹੀ ਆਧੁਨਿਕ ਬੋਲੀਆਂ ਦੇ ਸਾਹਿਤ ਲਗ-ਪਗ ਇੰਨੇ ਕੁ ਹੀ ਪੁਰਾਣੇ ਹਨ। ਵੰਨਗੀ ਦੇ ਲਿਹਾਜ਼ ਨਾਲ਼ ਵੀ ਪੰਜਾਬੀ ਸਾਹਿਤ ਦੀ ਅਮੀਰੀ ਕਿਸੇ ਹੋਰ ਬੋਲੀ ਦੇ ਸਾਹਿਤ ਨਾਲ਼ੋਂ ਘੱਟ ਨਹੀਂ। ਇਸ ਵਿੱਚ ਕਵਿਤਾ ਦੇ ਅਨੇਕਾਂ ਭੇਦਾਂ ਤੇ ਵਾਰਤਕ ਦੇ ਅਨੇਕਾਂ ਰੂਪਾਂ ਦੀ ਵੰਨ-ਸੁਵੰਨਤਾ ਮਿਲ਼ਦੀ ਹੈ। ਇਸ ਦੀ ਵਾਰਤਕ ਦਾ ਇਤਿਹਾਸ ਵੀ ਲਗ-ਪਗ ਕਵਿਤਾ ਜਿੰਨਾ ਹੀ ਪੁਰਾਣਾ ਹੈ। ਇਕਾਦਸ਼ੀ-ਮਹਾਤਮ, ਜਨਮ-ਸਾਖੀਆਂ ਤੇ ਪਰਚੀਆਂ ਤੋਂ ਲੈ ਕੇ ਨਾਵਲ, ਕਹਾਣੀ, ਨਾਟਕ, ਨਿਬੰਧ, ਜੀਵਨੀ, ਸ੍ਵੈਜੀਵਨੀ, ਸਫ਼ਰਨਾਮਾ, ਰੇਖਾ-ਚਿੱਤਰ ਆਦਿ ਅਨੇਕਾਂ ਰੂਪਾਂ ਵਿੱਚ ਪੰਜਾਬੀ ਵਾਰਤਕ ਦੀ ਰਚਨਾ ਹੋਈ ਹੈ। ਪਰ ਹਥਲੀ ਪੁਸਤਕ ਦਾ ਸੰਬੰਧ ਸਿਰਫ਼ ਮੱਧ-ਕਾਲੀਨ ਪੰਜਾਬੀ ਕਵਿਤਾ ਦੀ ਸੰਖੇਪ ਇਤਿਹਾਸ-ਰੇਖਾ ਉਲੀਕਣ ਨਾਲ਼ ਹੈ।

## (2) ਪੰਜਾਬੀ ਕਵਿਤਾ ਦਾ ਇਤਿਹਾਸ : ਦੋ ਯੁੱਗ (ਮੱਧ ਤੇ ਆਧੁਨਿਕ)

ਸਵਾਲ ਉਠਦਾ ਹੈ ਕਿ ਕਵਿਤਾ ਦਾ ਇਤਿਹਾਸ ਪੜ੍ਹਨ ਦੀ ਲੋੜ ਕੀ ਹੈ ? ਇਸ ਦਾ ਇੱਕ ਜਵਾਬ ਇਹ ਹੈ ਕਿ ਇਤਿਹਾਸ ਇੱਕ ਅਜਿਹਾ ਬੁਨਿਆਦੀ ਵਿਗਿਆਨ ਹੈ ਜਿਸ ਦੀ ਜਾਣਕਾਰੀ ਤੋਂ ਬਿਨਾਂ ਅਸੀਂ ਸਮਾਜ ਦੇ ਸੱਭਿਆਚਾਰ ਦੇ ਕਿਸੇ ਵੀ ਗਤੀਸ਼ੀਲ ਤੇ ਵਿਕਾਸਸ਼ੀਲ ਵਰਤਾਰੇ ਨੂੰ ਸਮਝ ਨਹੀਂ ਸਕਦੇ। ਇਸੇ ਤਰ੍ਹਾਂ ਕਵਿਤਾ ਦੇ ਇਤਿਹਾਸ ਨੂੰ ਜਾਣੇ ਬਿਨਾਂ ਅਸੀਂ ਇਕੱਲੇ-ਇਕੱਲੇ ਕਵੀ ਦੀ ਕਾਵਿ-ਪ੍ਰਤਿਭਾ ਦੇ ਵਿਕਾਸ ਤੇ ਸਮੁੱਚੀ ਕਾਵਿ-ਪਰੰਪਰਾ ਵਿੱਚ ਉਸ ਦੀ ਭੂਮਿਕਾ ਤੇ ਸਥਾਨ ਬਾਰੇ ਨਹੀਂ ਜਾਣ ਸਕਦੇ। ਪ੍ਰਤਿਭਾਵਾਨ ਵਿਅਕਤੀ ਇਤਿਹਾਸ ਦੀ ਰਚਨਾ ਦੀ ਇਕਾਈ ਹੁੰਦਾ ਹੈ ਤੇ ਅੱਗੋਂ ਉਹ ਵਿਅਕਤੀ ਇਤਿਹਾਸ ਦੀ ਸਿਰਜਣਾ ਵਿੱਚ ਆਪਣਾ ਹਿੱਸਾ ਪਾਉਂਦਾ ਹੈ। ਇਹ ਗੱਲ ਕਵੀ-ਵਿਅਕਤੀ ਬਾਰੇ ਵੀ ਸੱਚ ਹੈ। ਮਨੁੱਖ ਦੇ ਜਨਮ ਬਾਰੇ ਗੁਰੂ ਨਾਨਕ ਸਾਹਿਬ ਦਾ ਕਥਨ ਹੈ :

ਨਾਮਰਜਾਦ ਆਇਆ ਕਲਿ ਭੀਤਰਿ ਬਹੁੜਿ ਜਾਸੀ ਨਾਗਾ।

ਕਵੀ-ਵਿਅਕਤੀ ਵੀ ਜਦੋਂ ਜਨਮ ਲੈਂਦਾ ਹੈ ਤਾਂ ਉਹ ਕੋਈ ਮਰਯਾਦਾ, ਕੋਈ ਕਾਵਿ-ਨਿਯਮ ਨਾਲ਼ ਲੈ ਕੇ ਨਹੀਂ ਜੰਮਦਾ, ਪਰ ਜਿਸ ਦੁਨੀਆਂ ਵਿੱਚ, ਜਿਸ ਇਤਿਹਾਸਿਕ ਯੁੱਗ ਵਿੱਚ ਉਹ ਜਨਮ ਲੈਂਦਾ ਹੈ, ਉਸ ਯੁੱਗ ਦੀਆਂ ਕੁਝ ਮਰਯਾਦਾਵਾਂ ਪਹਿਲਾਂ ਹੀ ਸਥਾਪਿਤ ਹੁੰਦੀਆਂ ਹਨ:

- ਭਾਸ਼ਾ ਦੀ ਮਰਯਾਦਾ
- ਸੱਭਿਆਚਾਰ ਦੀ ਮਰਯਾਦਾ
- ਕਾਵਿ-ਰਚਨਾ ਦੀ ਮਰਯਾਦਾ

ਕਵੀ ਇਹਨਾਂ ਮਰਯਾਦਾਵਾਂ ਤੋਂ ਆਪਣੀ ਰਚਨਾ-ਯੋਗਤਾ, ਆਪਣੀ ਪ੍ਰਤਿਭਾ ਪ੍ਰਾਪਤ ਕਰਦਾ ਹੈ। ਉਹ ਆਪਣੇ ਸਮਕਾਲੀ ਜੀਵਨ ਨੂੰ ਇਹਨਾਂ ਮਰਯਾਦਾਵਾਂ ਵਿੱਚ ਰਹਿ ਕੇ ਭੋਗਦਾ, ਮਹਿਸੂਸਦਾ, ਦੇਖਦਾ ਤੇ ਸੋਚਦਾ ਹੈ, ਇਹਨਾਂ ਦੇ ਅੰਦਰ ਰਹਿ ਕੇ ਹੀ ਆਪਣੇ ਅਤੀਤ ਬਾਰੇ ਗਿਆਨ ਪ੍ਰਾਪਤ ਕਰਦਾ ਹੈ ਤੇ ਮਾਨਵਤਾ ਦੇ ਭਵਿਖ ਜਾਂ ਸਮਾਜ ਦੇ ਕਿਸੇ ਨਵੇਂ ਰੂਪ ਦੀ ਕਲਪਨਾ ਵੀ ਇਹਨਾਂ ਦੇ ਅੰਤਰਗਤ ਹੀ ਕਰਦਾ ਹੈ। ਕਹਿਣ ਦਾ ਭਾਵ ਇਹ ਹੈ ਕਿ ਕਵੀ ਦੀ ਸੰਵੇਦਨਾ, ਚਿੰਤਨ, ਗਿਆਨ, ਚੇਤਨਾ ਤੇ ਕਲਪਨਾ ਆਪਣੇ ਯੁੱਗ ਤੋਂ ਪ੍ਰਭਾਵਿਤ ਹੁੰਦੀ ਹੈ ਤੇ ਉਸ ਨੂੰ ਪ੍ਰਭਾਵਿਤ ਕਰਦੀ ਹੈ। ਸਮਾਜ, ਰਾਜ ਤੇ ਸੱਭਿਆਚਾਰ ਦੀਆਂ ਤਬਦੀਲੀਆਂ



Downloaded from https:// www.studiestoday.com

Downloaded from https:// www.studiestoday.com

ਦੇ ਨਾਲ਼-ਨਾਲ਼ ਉਸ ਦੀਆਂ ਇਹ ਸਾਰੀਆਂ ਯੋਗਤਾਵਾਂ ਬਦਲਦੀਆਂ ਰਹਿੰਦੀਆਂ ਹਨ। ਇਸ ਲਈ ਹਰ ਕਵੀ ਦੀ ਕਵਿਤਾ ਨੂੰ ਤੇ ਕਿਸੇ ਬੋਲੀ ਦੀ ਕਾਵਿ-ਪਰੰਪਰਾ ਵਿੱਚ ਆਈਆਂ ਤਬਦੀਲੀਆਂ ਨੂੰ ਉਸਦੇ ਇਤਿਹਾਸਿਕ ਸੰਦਰਭ ਵਿੱਚ ਹੀ ਠੀਕ ਤਰ੍ਹਾਂ ਸਮਝਿਆ ਜਾ ਸਕਦਾ ਹੈ। ਹਰੇਕ ਕਵਿਤਾ ਨੂੰ ਉਸ ਦੇ ਅੰਦਰਲੇ ਪ੍ਰਸੰਗ ਤੋਂ ਅਰਥ ਪ੍ਰਾਪਤ ਹੁੰਦਾ ਹੈ, ਪਰ ਉਸ ਅਰਥ ਦਾ ਵਿਸਥਾਰ ਇਤਿਹਾਸ ਦੀ ਪਿੱਠ-ਭੂਮੀ ਵਿੱਚ ਹੀ ਕੀਤਾ ਜਾ ਸਕਦਾ ਹੈ।

ਪੰਜਾਬੀ ਕਵੀਆਂ ਦੀ ਸੰਵੇਦਨਾ-ਚਿੰਤਨ-ਚੇਤਨਾ ਵਿੱਚ ਵਾਪਰੇ ਯੁੱਗ-ਪਰਿਵਰਤਨ ਕਾਰਨ ਪੰਜਾਬੀ ਕਵਿਤਾ ਦੇ ਇਤਿਹਾਸ ਨੂੰ ਦੋ ਵੱਡੇ ਯੁੱਗਾਂ ਵਿੱਚ ਵੰਡਿਆ ਜਾਂਦਾ ਹੈ।

(ੳ) ਮੱਧ ਯੁੱਗ (1000 ਈ: ਤੋਂ 1860 ਈ:)

(ਅ) ਆਧੁਨਿਕ ਯੁੱਗ (1861 ਈ: ਤੋਂ ਹੁਣ ਤੱਕ)

ਇੱਥੇ ਇਹਨਾਂ ਦੋਂਹਾਂ ਦੇ ਅਰਥਾਂ ਤੇ ਫ਼ਰਕਾਂ ਨੂੰ ਸਮਝ ਲੈਣਾ ਜ਼ਰੂਰੀ ਹੈ।

**(ੳ) ਮੱਧ ਯੁੱਗ** :- 'ਮੱਧ ਯੁੱਗ' ਸ਼ਬਦ ਅਸੀਂ ਅੰਗਰੇਜ਼ੀ ਦੇ ਸ਼ਬਦ 'ਮਿਡਲ ਏਜਿਜ਼' ਦੀ ਰੀਸ ਵਿੱਚ ਵਰਤਣਾ ਸ਼ੁਰੂ ਕੀਤਾ ਹੈ। ਯੂਰਪੀ ਸਮਾਜ ਦੇ ਸੰਦਰਭ ਵਿੱਚ ਪੁਰਾਣੇ ਰੋਮ ਦੇ ਯੂਨਾਨ ਦੇ ਸੱਭਿਆਚਾਰ ਦੇ ਉਤਾਰ ਤੇ ਯੂਰਪ ਦੇ ਨਵ-ਜਾਗ੍ਰਤੀ ਕਾਲ ਦੇ ਵਿਚਕਾਰਲੇ ਸਮੇਂ ਨੂੰ ਮੱਧ ਯੁੱਗ ਜਾਂ ਅੰਧਾ ਯੁੱਗ (Dark Age) ਕਿਹਾ ਜਾਂਦਾ ਹੈ, ਜਿਸਦਾ ਅਰੰਭ ਸੱਤਵੀਂ-ਅੱਠਵੀਂ ਸਦੀ ਅਤੇ ਅੰਤ 14ਵੀਂ-15ਵੀਂ ਸਦੀ ਵਿੱਚ ਹੁੰਦਾ ਹੈ। ਪਰ ਭਾਰਤ ਦੇ ਸੰਦਰਭ ਵਿੱਚ ਸਾਰੇ ਖੇਤੀ-ਪ੍ਰਧਾਨ, ਸਾਮੰਤਵਾਦੀ ਸਮਾਜ ਨੂੰ ਹੀ ਮੱਧ-ਯੁੱਗ ਦਾ ਨਾਂ ਦਿੱਤਾ ਗਿਆ ਹੈ,ਜਿਸ ਦਾ ਪਤਨ ਬਸਤੀਵਾਦੀ ਪੂੰਜੀਵਾਦੀ ਰਾਜ-ਸੱਤਾ, ਆਰਥਿਕਤਾ ਤੇ ਸਿੱਖਿਆ ਪ੍ਰਨਾਲੀ ਦੀ ਸਥਾਪਨਾ ਨਾਲ਼ ਹੋਣਾ ਸ਼ੁਰੂ ਹੋਇਆ। ਪੰਜਾਬ ਵਿੱਚ ਅਜਿਹੀ ਤਬਦੀਲੀ ਦਾ ਸਮਾਂ ਉਨ੍ਹੀਵੀਂ ਸਦੀ ਦੇ ਪਿਛਲੇ ਅੱਧ ਦਾ ਹੈ। ਭਾਰਤੀ ਸਾਮੰਤਵਾਦ ਦੇ ਟੁੱਟਣ ਦੀ ਪ੍ਰਕਿਰਿਆ ਬਰਤਾਨਵੀ ਸਾਮਰਾਜੀ ਰਾਜ-ਸੱਤਾ ਦੀ ਸਥਾਪਨਾ ਨਾਲ਼ ਤੇਜ਼ ਹੋਈ ਤੇ ਭਾਰਤ ਅਥਵਾ ਪੰਜਾਬ ਵਿੱਚ ਸੱਭਿਆਚਾਰ ਤੇ ਸਾਹਿਤ ਦੇ ਖੇਤਰ ਵਿੱਚ ਨਵੀਂਆਂ ਤਬਦੀਲੀਆਂ ਵਾਪਰੀਆਂ, ਜਿਨ੍ਹਾਂ ਨੂੰ ਆਧੁਨਿਕਤਾ ਦਾ ਨਾਂ ਦਿੱਤਾ ਗਿਆ।

**(ਅ) ਆਧੁਨਿਕ ਯੁੱਗ** :- 'ਆਧੁਨਿਕ' ਸ਼ਬਦ ਅੰਗਰੇਜ਼ੀ ਸ਼ਬਦ 'ਮਾਡਰਨ' ਦਾ ਪਰਿਆਇਵਾਚੀ ਹੈ। 1860 ਈ. ਦੇ ਨੇੜੇ-ਤੇੜੇ ਬਰਤਾਨਵੀ ਬਸਤੀਵਾਦ ਸਾਮਰਾਜ ਦੀ ਪੱਕੀ ਸਥਾਪਨਾ ਨਾਲ਼ ਪੰਜਾਬ ਦੇ ਸਿਆਸੀ ਤੇ ਸੱਭਿਆਚਾਰਿਕ ਮਾਹੌਲ ਵਿੱਚ ਚਾਰ ਵੱਡੀਆਂ ਤਬਦੀਲੀਆਂ ਵਾਪਰੀਆਂ:

(1) ਕੁਝ ਰਿਆਸਤਾਂ ਤੋਂ ਛੁੱਟ, ਪੰਜਾਬ ਤੇ ਭਾਰਤ ਵਿੱਚ ਇੱਕ-ਪੁਰਖਾ ਰਾਜ ਸਮਾਪਤ ਹੋਇਆ ਤੇ ਇੱਕ ਨਵੀਨ ਬਸਤੀਵਾਦੀ ਰਾਜਨੀਤਿਕ ਪੱਧਤੀ ਹੋਂਦ ਵਿੱਚ ਆਈ।

(2) ਪੱਛਮੀ ਵਿੱਦਿਆ ਤੇ ਨਵੇਂ ਸਿੱਖਿਆ-ਪ੍ਰਬੰਧ ਦੁਆਰਾ ਇੱਕ ਨਵੀਂ ਮੱਧ-ਸ਼੍ਰੇਣੀ ਹੋਂਦ ਵਿੱਚ ਆਈ, ਜਿਸ ਨੇ ਵਿਗਿਆਨਿਕ ਚੇਤਨਾ ਦੇ ਪ੍ਰਭਾਵ ਹੇਠ ਤਾਰਕਿਕ ਤੇ ਇਤਿਹਾਸਿਕ ਦ੍ਰਿਸ਼ਟੀ ਨਾਲ਼ ਸੋਚਣਾ ਸ਼ੁਰੂ ਕੀਤਾ।

(3) ਮੱਧ ਯੁਗੀ ਮਿਥ-ਮੂਲਿਕ ਆਦਰਸ਼ਵਾਦੀ ਸਮੂਹਿਕ ਚਿੰਤਨ ਦੀ ਸਰਦਾਰੀ ਦੇ ਖ਼ਤਮ ਹੋਣ ਨਾਲ਼ ਸ਼ੰਕਾ-ਮੂਲਕ ਵਿਅਕਤੀ-ਵਾਦੀ ਚਿੰਤਨ ਦਾ ਅਰੰਭ ਹੋਇਆ।

(4) 1857 ਈ: ਦੇ ਗਦਰ ਤੇ ਕੂਕਾ ਲਹਿਰ ਤੋਂ ਬਾਅਦ ਭਾਰਤ ਤੇ ਪੰਜਾਬ ਵਿੱਚ ਨਵੇਂ ਲੋਕ-



Downloaded from https:// www.studiestoday.com

Downloaded from https:// www.studiestoday.com

ਉਭਾਰਾਂ ਨਾਲ਼ ਆਮ ਜਨਤਾ ਦੇ ਸਿਆਸੀਕਰਨ ਨਾਲ਼ ਪੰਜਾਬੀ ਚਿੰਤਨ ਵਿੱਚ ਉਹ ਲੋਕ-ਪੱਖੀ ਸੁਰ ਮੁੜ ਕੇ ਜਾਗੀ ਜਿਹੜੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਤੱਕ ਕਾਫ਼ੀ ਭਾਰੂ ਰਹੀ ਸੀ। ਇਹਨਾਂ ਲੋਕ-ਉਭਾਰਾਂ ਨਾਲ਼ ਪੰਜਾਬੀ ਕਵਿਤਾ ਵਿੱਚ ਵਿਸ਼ੇਸ਼ ਮਨੁੱਖ ਦੀ ਥਾਂ ਆਮ ਆਦਮੀ ਦੀਆਂ ਵਿਅਕਤੀਗਤ ਭਾਵਨਾਵਾਂ ਦਾ ਪ੍ਰਗਟਾਵਾ ਹੋਣਾ ਸ਼ੁਰੂ ਹੋ ਗਿਆ।

ਇਹਨਾਂ ਤਬਦੀਲੀਆਂ ਦਾ ਸਹਿਜ-ਬੋਧ ਤਾਂ ਸ਼ਾਹ ਮੁਹੰਮਦ ਨੂੰ ਵੀ ਹੋ ਗਿਆ ਸੀ ਪਰ ਪੰਜਾਬੀ ਕਵਿਤਾ ਵਿੱਚ ਇਸ ਨਵੇਂ ਬੋਧ ਦੇ ਪਛਾਣ-ਯੋਗ ਲੱਛਣ ਭਾਈ ਵੀਰ ਸਿੰਘ ਦੀ ਕਵਿਤਾ ਵਿੱਚ ਹੀ ਉੱਘੜਦੇ ਹਨ। ਇਸੇ ਲਈ ਭਾਈ ਵੀਰ ਸਿੰਘ ਨੂੰ ਆਧੁਨਿਕ ਪੰਜਾਬੀ ਕਵਿਤਾ ਦਾ ਮੋਢੀ ਕਿਹਾ ਜਾਂਦਾ ਹੈ।

ਮੱਧ ਯੁੱਗ ਦੀ ਕਵਿਤਾ ਵਿੱਚ ਆਤਮਵਾਦੀ, ਰਹੱਸਵਾਦੀ ਪਰਮਾਰਥਿਕ ਧਾਰਾ ਦੀ ਪ੍ਰਧਾਨਤਾ ਸੀ ਤੇ ਉਸ ਦੇ ਪ੍ਰਮੁੱਖ ਵਿਸ਼ੇ ਹਨ: ਭਗਤੀ, ਦਰਵੇਸ਼ੀ, ਇਸ਼ਕ ਤੇ ਯੁੱਧ। ਇਹ ਚਾਰੇ ਵਿਸ਼ੇ ਇੱਕ ਦੂਜੇ ਵਿੱਚ ਸ਼ਾਮਲ ਸਨ। ਭਗਤ, ਗੁਰੂ ਤੇ ਸੂਫ਼ੀ ਦਰਵੇਸ਼ ਪ੍ਰੇਮੀ ਵੀ ਸਨ ਤੇ ਯੋਧੇ ਵੀ। ਕਿੱਸਿਆਂ ਤੇ ਵਾਰਾਂ ਦੇ ਆਸ਼ਕ ਤੇ ਯੋਧੇ ਭਗਤ ਵੀ ਸਨ ਤੇ ਦਰਵੇਸ਼ ਵੀ। ਇਸ ਯੁੱਗ ਦੀ ਕਾਵਿ-ਦ੍ਰਿਸ਼ਟੀ ਦੀ ਇਹੋ ਪ੍ਰਮੁੱਖ ਵਿਸ਼ੇਸ਼ਤਾ ਸੀ ਕਿ ਇਹ ਇੱਕੋ ਸਮੇਂ ਲੌਕਿਕ ਵੀ ਸੀ ਤੇ ਪਰਾਲੌਕਿਕ ਵੀ। ਰੂਪਕ ਪੱਖ ਤੋਂ ਮੱਧ ਯੁੱਗ ਦੀ ਕਵਿਤਾ ਦੀ ਵਿਸ਼ੇਸ਼ਤਾ ਸੀ, ਛੰਦਬੱਧ ਤੇ ਸੰਗੀਤਬੱਧ ਹੋਣਾ।

ਆਧੁਨਿਕ ਯੁੱਗ ਦੀ ਕਾਵਿ-ਦ੍ਰਿਸ਼ਟੀ ਲੌਕਿਕ ਤੇ ਯਥਾਰਥਮੁਖੀ ਹੈ। ਪੰਜਾਬੀ ਜਨ-ਜੀਵਨ ਤੇ ਸਿਆਸੀ ਸਰਗਰਮੀ ਦੀ ਤੇਜ਼ ਗਤੀ ਨਾਲ਼ ਇਸ ਵਿੱਚ ਕਈ ਤਬਦੀਲੀਆਂ ਤੇ ਝੁਕਾਅ ਆਏ, ਪਰ ਮੁੱਖ ਰੂਪ ਵਿੱਚ ਇਹ ਪਰਮਾਰਥ ਦੀ ਬਜਾਏ ਯਥਾਰਥ ਵੱਲ ਹੀ ਝੁਕੀ ਰਹੀ। ਇਸ ਕਵਿਤਾ ਦਾ ਕੇਂਦਰੀ ਪਾਤਰ ਉਹ ਆਮ ਆਦਮੀ ਹੈ ਜਿਸ ਦੀ ਭਗਤੀ ਦੇਸ-ਭਗਤੀ ਜਾਂ ਲੋਕ ਭਗਤੀ ਤੱਕ ਸੀਮਿਤ ਹੈ, ਜਿਸ ਦੀ ਦਰਵੇਸ਼ੀ ਵਿਤਕਰੇਵਾਦ ਦਾ ਰੂਪ ਧਾਰਨ ਕਰ ਲੈਂਦੀ ਹੈ, ਜਿਸ ਦਾ ਇਸ਼ਕ ਨਿਰੋਲ ਮਿਜ਼ਾਜੀ ਇਸ਼ਕ ਹੈ ਤੇ ਜਿਸ ਦਾ ਯੁੱਧ-ਧਰਮ ਯੁੱਧ ਦੀ ਥਾਂ ਦੇਸ ਦੀ ਅਜ਼ਾਦੀ ਜਾਂ ਆਪਣੇ ਹੱਕਾਂ ਲਈ ਲੜਿਆ ਜਾਣ ਵਾਲ਼ਾ ਲੋਕ-ਯੁੱਧ ਹੈ। ਆਧੁਨਿਕ ਯੁੱਗ ਦੀ ਕਵਿਤਾ ਲਈ ਸੰਗੀਤਬੱਧ ਤੇ ਛੰਦਬੱਧ ਹੋਣਾ ਲਾਜ਼ਮੀ ਨਹੀਂ। ਰੂਪਕ ਪੱਖ ਤੋਂ ਇਹ ਸਥਿਰ ਨਹੀਂ, ਸਗੋਂ ਸਮੇਂ-ਸਮੇਂ ਇਸ ਵਿੱਚ ਅਨੇਕਾਂ ਪ੍ਰਯੋਗ ਹੋਏ ਹਨ।

## (3) ਪੰਜਾਬੀ ਕਵਿਤਾ ਦੇ ਇਤਿਹਾਸ ਦੀ ਕਾਲ- ਵੰਡ

ਇੱਕ ਹਜ਼ਾਰ ਸਾਲ ਦੀ ਪੰਜਾਬੀ ਕਵਿਤਾ ਨੂੰ ਇੱਕੋ ਸਾਹੇ ਪੜ੍ਹਨਾ ਤੇ ਇੱਕੋ-ਵਾਰੀ ਸਮਝਣਾ ਬੜਾ ਮੁਸ਼ਕਲ ਹੈ। ਇਸ ਲਈ ਇਸ ਨੂੰ ਵੱਖ-ਵੱਖ ਕਾਲਾਂ ਵਿੱਚ ਵੰਡ ਕੇ ਪੜ੍ਹਨਾ ਤੇ ਸਮਝਣਾ ਪੈਂਦਾ ਹੈ। ਇਸ ਨਾਲ਼ ਇਸ ਕਵਿਤਾ ਨੂੰ ਸਮਝਣ ਵਿੱਚ ਵੀ ਸੌਖ ਹੁੰਦੀ ਹੈ ਤੇ ਸਮੇਂ-ਸਮੇਂ ਆਈਆਂ ਤਬਦੀਲੀਆਂ ਦੇ ਨਾਲ਼-ਨਾਲ਼ ਇਸਦੀ ਵਿਕਾਸ-ਰੇਖਾ ਨੂੰ ਜਾਣਨ ਵਿੱਚ ਵੀ ਮਦਦ ਮਿਲ਼ੇਗੀ।

ਪੰਜਾਬੀ ਸਾਹਿਤ ਦੇ ਇਤਿਹਾਸ ਦੀ ਕਾਲ-ਵੰਡ ਦਾ ਮੁੱਖ ਆਧਾਰ ਪੰਜਾਬ ਵਿੱਚ ਵਾਪਰੀਆਂ ਰਾਜਨੀਤਿਕ ਤਬਦੀਲੀਆਂ ਨੂੰ ਹੀ ਮੰਨਿਆ ਜਾਂਦਾ ਰਿਹਾ ਹੈ। ਇਸੇ ਆਧਾਰ 'ਤੇ ਪੰਜਾਬੀ ਕਵਿਤਾ ਦੇ ਇਤਿਹਾਸ ਦੀ ਕਾਲ-ਵੰਡ ਕਰੀਏ ਤਾਂ ਅਸੀਂ ਦੇਖਦੇ ਹਾਂ ਕਿ ਮੱਧ ਯੁੱਗ ਤੇ ਆਧੁਨਿਕ ਯੁੱਗ ਦੀ ਸਾਰੀ ਕਵਿਤਾ ਹੁਣ ਤੱਕ ਹੇਠ ਲਿਖੇ ਕਾਲਾਂ ਵਿੱਚੋਂ ਦੀ ਗੁਜ਼ਰੀ ਹੈ:

(ੳ) ਪੂਰਵ-ਮੁਗ਼ਲ ਕਾਲ (1000 ਤੋਂ1525 ਈ:)

(ਅ) ਮੁਗ਼ਲ ਕਾਲ (1526 ਤੋਂ 1707 ਈ:)



Downloaded from https:// www.studiestoday.com

Downloaded from https:// www.studiestoday.com

(ੲ) ਪਿਛਲੇਰਾ ਮੁਗ਼ਲ ਕਾਲ (1708 ਤੋਂ1800 ਈ:)

(ਸ) ਸਿੱਖ–ਰਾਜ ਕਾਲ (1801 ਤੋਂ 1860 ਈ:)

(ਹ) ਅੰਗਰੇਜ਼ੀ ਰਾਜ ਦਾ ਪੂਰਵਾਰਧ (1861–1900 ਈ:)

(ਕ) ਅੰਗਰੇਜ਼ੀ ਰਾਜ ਦਾ ਉੱਤਰਾਰਧ (1901–1947 ਈ:)

(ਖ) ਸੁਤੰਤਰਤਾ ਕਾਲ (1948 ਤੋਂ.....)

**(ੳ) ਪੂਰਵ ਮੁਗ਼ਲ ਕਾਲ:-** 'ਪੂਰਵ' ਦਾ ਅਰਥ ਹੈ ਪਹਿਲਾਂ। 'ਪੂਰਵ ਮੁਗ਼ਲ ਕਾਲ' ਉਸ ਸਮੇਂ ਨੂੰ ਕਿਹਾ ਜਾਂਦਾ ਹੈ ਜਦੋਂ ਭਾਰਤ ਵਿੱਚ (ਤੇ ਪੰਜਾਬ ਵਿੱਚ) ਮੁਗ਼ਲਾਂ ਦਾ ਆਗਮਨ ਨਹੀਂ ਸੀ ਹੋਇਆ। ਯਾਨੀ ਮੁਗ਼ਲਾਂ ਦੇ ਆਉਣ ਤੋਂ ਪਹਿਲਾਂ ਦਾ ਸਮਾਂ। ਮੁਗ਼ਲ ਸ਼ਾਸਨ–ਕਾਲ ਦਾ ਅਰੰਭ ਬਾਬਰ ਦੇ ਹਮਲੇ ਤੇ ਇਬਰਾਹੀਮ ਲੋਧੀ ਉੱਤੇ ਉਸ ਦੀ ਜਿੱਤ (1526 ਈ:) ਨਾਲ਼ ਹੋਇਆ, ਭਾਵੇਂ ਇਸ ਤੋਂ ਪਹਿਲਾਂ ਹੀ ਅਰਬਾਂ ਦੇ ਹਮਲਿਆਂ ਤੇ ਪੰਜ ਕੁ ਸੌ ਸਾਲ ਤੋਂ ਤੁਰਕਾਂ ਦੇ ਰਾਜ ਨੇ ਪੰਜਾਬ ਵਿੱਚ ਇਸਲਾਮੀ ਸੱਭਿਆਚਾਰ ਤੇ ਇਸਲਾਮ ਧਰਮ ਦੀਆਂ ਜੜ੍ਹਾਂ ਲਾ ਦਿੱਤੀਆਂ ਸਨ। ਇਹ ਉਹ ਸਮਾਂ ਸੀ ਜਦੋਂ ਭਾਰਤੀ ਤੇ ਪੰਜਾਬੀ ਸੱਭਿਆਚਾਰ ਇਸਲਾਮੀ ਸੱਭਿਆਚਾਰ ਨੂੰ ਆਪਣੇ ਵਿੱਚ ਸਮੋ ਰਿਹਾ ਸੀ ਤੇ ਭਾਰਤੀ ਬੋਲੀਆਂ ਨਾਲ਼ ਫ਼ਾਰਸੀ ਤੇ ਤੁਰਕੀ ਘੁਲ਼–ਮਿਲ਼ ਰਹੀਆਂ ਸਨ। ਇਹਨਾਂ ਦੇ ਸੁਮੇਲ ਨਾਲ਼ ਖ਼ੁਸਰੋ ਦੀ ਹਿੰਦਵੀ, ਨਾਥ–ਜੋਗੀਆਂ ਤੇ ਭਗਤਾਂ ਦੀ ਸਾਧ–ਭਾਖਾ ਤੇ ਸੂਫ਼ੀਆਂ ਦੀ ਪੰਜਾਬੀ ਜਨਮ ਲੈ ਰਹੀ ਸੀ। ਇਸਲਾਮ ਦੇ ਪ੍ਰਵੇਸ਼ ਨਾਲ਼ ਆਰੀਆ–ਅਨਾਰੀਆ ਦਾ ਸੁਮੇਲ ਤੇ ਇਸਲਾਮ ਤੇ ਭਾਰਤੀ ਸੱਭਿਆਚਾਰਾਂ ਦੀ ਏਕਤਾ ਹੋਈ, ਜਿਸ ਨੇ ਬੁੱਤ–ਪ੍ਰਸਤੀ, ਜਾਤ–ਪਾਤ ਤੇ ਹਿੰਦੂ ਕਰਮ–ਕਾਂਡ ਦੇ ਵਿਰੋਧ ਲਈ ਸੂਫ਼ੀਆਂ ਤੇ ਭਗਤਾਂ ਦਾ ਮਾਰਗ–ਦਰਸ਼ਨ ਕੀਤਾ।

'ਪੂਰਵ ਮੁਗ਼ਲ–ਕਾਲ' ਪੰਜਾਬੀ ਕਵਿਤਾ ਦੇ ਇਤਿਹਾਸ ਦਾ ਆਦਿ–ਕਾਲ ਹੈ। ਇਸ ਕਾਲ ਵਿੱਚ ਤਿੰਨ ਤਰ੍ਹਾਂ ਦੀ ਕਾਵਿ–ਰਚਨਾ ਹੋ ਰਹੀ ਸੀ:

- ਨਾਥਾਂ–ਜੋਗੀਆਂ ਦੀ ਕਵਿਤਾ।
- ਮੌਖਿਕ ਲੋਕ–ਕਾਵਿ ਤੇ ਭੱਟਾਂ ਦੀ ਵਾਰ–ਰਚਨਾ।
- ਸ਼ੇਖ ਬਾਬਾ ਫ਼ਰੀਦ ਦੀ ਬਾਣੀ।

ਇਹਨਾਂ ਤਿੰਨਾਂ ਵਿੱਚੋਂ ਪੰਜਾਬੀ ਕਵਿਤਾ ਦਾ ਮੁੱਢ ਕਿਸ ਨੂੰ ਮੰਨਿਆ ਜਾਵੇ ? ਇਸ ਸਵਾਲ ਦਾ ਇੱਕ ਟੱਕ ਉੱਤਰ ਦੇਣਾ ਮੁਸ਼ਕਲ ਹੈ। ਅਸਲ ਵਿੱਚ ਕਵਿਤਾ ਦੇ ਇਹ ਤਿੰਨੇ ਰੂਪ ਪੰਜਾਬੀ ਕਵਿਤਾ ਦਾ ਮੁੱਢ ਅਖਵਾਉਣ ਦੇ ਹੱਕਦਾਰ ਹਨ।

ਨਾਥ–ਜੋਗੀ ਕਾਵਿ ਵਿੱਚ ਪ੍ਰਮੁੱਖ ਯੋਗਦਾਨ ਮਛੰਦਰ ਤੇ ਗੋਰਖ ਨਾਥ ਦਾ ਹੈ। ਜੋਗ ਮੱਤ ਉਸ ਵੇਲ਼ੇ ਉੱਤਰੀ ਭਾਰਤ ਦੀ ਇੱਕ ਅਜਿਹੀ ਸ਼ਕਤੀਸ਼ਾਲੀ ਪਰੰਪਰਾ ਸੀ ਜਿਸ ਨੇ ਪੰਜਾਬ ਦੇ ਲੋਕ–ਜੀਵਨ ਉੱਪਰ ਡੂੰਘਾ ਪ੍ਰਭਾਵ ਪਾਇਆ। ਪੰਜਾਬ ਵਿੱਚ ਜੋਗੀਆਂ ਦੇ ਕਈ ਪ੍ਰਸਿੱਧ ਸਥਾਨ ਇਸ ਪ੍ਰਭਾਵ ਦਾ ਸਟੀਕ ਪ੍ਰਮਾਣ ਹਨ: ਜਿਵੇਂ ਗੋਰਖ ਹੱਟੜੀ (ਪਿਸ਼ਾਵਰ), ਬਾਲਨਾਥ ਦਾ ਟਿੱਲਾ (ਜਿਹਲਮ) ਤੇ ਪੂਰਨ ਦਾ ਖੂਹ (ਸਿਆਲਕੋਟ)। ਪੰਜਾਬ ਦੀ ਮੌਖਿਕ ਤੇ ਲਿਖਤੀ ਸਾਹਿਤ–ਪਰੰਪਰਾ ਵਿੱਚ ਨਾਥਾਂ–ਜੋਗੀਆਂ ਨਾਲ਼ ਸੰਬੰਧਿਤ ਅਨੇਕਾਂ ਲੋਕ–ਗੀਤ, ਲੋਕ–ਕਥਾਵਾਂ ਤੇ ਕਿੱਸੇ ਮਿਲ਼ਦੇ ਹਨ।



Downloaded from https:// www.studiestoday.com

Downloaded from https:// www.studiestoday.com

ਅੱਜ-ਕੱਲ੍ਹ ਪ੍ਰਾਪਤ ਨਾਥ-ਬਾਣੀ ਵਿੱਚ ਹਿੰਦੀ, ਰਾਜਸਥਾਨੀ ਤੇ ਪੰਜਾਬੀ ਦਾ ਨਿਖੇੜਾ ਕਰਨਾ ਮੁਸ਼ਕਲ ਹੈ। ਇਸਦੀ ਭਾਸ਼ਾ ਵਿੱਚ ਅਪਭਰੰਸ਼ਾਂ ਦੇ ਅੰਸ਼ ਵੀ ਮਿਲ਼ਦੇ ਹਨ। ਇਸ ਲਈ ਇਸ ਬਾਣੀ ਨੂੰ ਹਿੰਦੀ, ਰਾਜਸਥਾਨੀ ਤੇ ਪੰਜਾਬੀ, ਤਿੰਨਾਂ ਭਾਸ਼ਾਵਾਂ ਦੀ ਕਵਿਤਾ ਦਾ ਅਰੰਭ ਮੰਨਿਆ ਜਾ ਸਕਦਾ ਹੈ। ਇਸ ਬਾਣੀ ਦੇ ਮੁੱਖ ਵਿਸ਼ੇ ਹਨ: ਜੋਗ-ਮੱਤ ਦੇ ਅਸੂਲਾਂ ਦਾ ਉਪਦੇਸ਼, ਜੋਗ-ਸਾਧਨ ਦੀ ਸਿੱਖਿਆ, ਜੋਗੀਆਂ ਵਿੱਚ ਪੈਦਾ ਹੋ ਰਹੇ ਭੇਖੀ ਰੁਝਾਨ ਦਾ ਖੰਡਨ ਤੇ ਜੋਗੀ ਦੇ ਆਤਮਿਕ ਅਨੁਸ਼ਾਸਨ ਲਈ ਸੰਜਮੀ ਦੇ ਅਲਪ-ਆਹਾਰੀ ਜੀਵਨ ਉੱਤੇ ਜ਼ੋਰ।

-ਖਾਇਆ ਭੀ ਮਰੈ ਅਣਖਾਇਆ ਭੀ ਮਰੈ
ਗੋਰਖ ਕਹੈ ਪੂਤਾ ਸੰਜਮੀ ਤਰੈ।

-ਜਾਨ ਕੇ ਅਜਾਨ ਹੋਇ ਬਾਤ ਤੂੰ ਲੈ ਪਛਾਨ।
ਚੇਲਾ ਹੋਇਆ ਲਾਭ ਹੋਇਗਾ, ਗੁਰੂ ਹੋਇਆ ਹਾਨ।

ਪੰਜਾਬੀ ਕਵਿਤਾ ਦੇ ਇਸ ਆਦਿ-ਕਾਲ ਵਿੱਚ ਕਾਵਿ-ਰਚਨਾ ਦੀ ਦੂਜੀ ਪ੍ਰਕਾਰ ਮੌਖਿਕ ਲੋਕ-ਕਾਵਿ ਦੀ ਸੀ। ਉਸ ਸਮੇਂ ਦੇ ਜਨ-ਜੀਵਨ, ਲੋਕ-ਧਰਮ ਤੇ ਪ੍ਰਸਿੱਧ ਸ਼ਖ਼ਸੀਅਤਾਂ ਵੱਲ ਸੰਕੇਤ ਕਰਨ ਵਾਲ਼ੇ ਲੋਕ-ਗੀਤ, ਬੁਝਾਰਤਾਂ ਤੇ ਅਖਾਣ ਹੁਣ ਵੀ ਪ੍ਰਾਪਤ ਹੋ ਜਾਂਦੇ ਹਨ। ਲਿਖਤੀ ਕਾਵਿ-ਰਚਨਾ ਦੇ ਨਾਲ਼-ਨਾਲ਼ ਮੌਖਿਕ ਲੋਕ-ਕਾਵਿ ਦੀ ਪਰੰਪਰਾ ਹਰ ਯੁੱਗ ਵਿੱਚ ਰਹੀ ਹੈ ਪਰ ਲੋਕ-ਕਾਵਿ ਦੇ ਰਚਨਾ-ਕਾਲ ਸੰਬੰਧੀ ਸ਼ੱਕ ਦੀ ਗੁੰਜਾਇਸ਼ ਬਣੀ ਰਹਿੰਦੀ ਹੈ ਕਿਉਂਕਿ ਇੱਕ ਤਾਂ ਇਸ ਦੇ ਰਚਨਾ-ਕਾਲ ਬਾਰੇ ਸਾਡੇ ਕੋਲ਼ ਕੋਈ ਲਿਖਤੀ ਪ੍ਰਮਾਣ ਨਹੀਂ ਹੁੰਦਾ ਤੇ ਦੂਜੇ ਹਰੇਕ ਯੁੱਗ ਵਿੱਚ ਪੁਰਾਣਾ ਲੋਕ-ਕਾਵਿ ਨਵੇਂ ਰੂਪ ਵਿੱਚ ਢਲ਼ ਕੇ ਨਵੇਂ ਯੁੱਗ ਦਾ ਹਾਣੀ ਹੋ ਜਾਂਦਾ ਹੈ। ਆਦਿ-ਕਾਲ ਵਿੱਚ ਲੋਕ-ਕਾਵਿ ਦੀ ਰਚਨਾ ਦਾ ਸਬੂਤ ਵੀ ਸਿਰਫ਼ ਗੁਰੂ ਗ੍ਰੰਥ ਸਾਹਿਬ ਵਿੱਚ ਆਏ ਲੋਕ-ਕਾਵਿ ਰੂਪਾਂ (ਅਲਾਹੁਣੀਆਂ, ਘੋੜੀਆਂ, ਛੰਤ, ਥਿਤੀ, ਬਾਰਾਮਾਹ, ਰੁਤੀ) ਦੇ ਹਵਾਲ਼ੇ ਹੀ ਹਨ। ਇਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਦੀਆਂ 22 ਵਾਰਾਂ ਵਿੱਚ ਉਹਨਾਂ ਨੌਂ ਵਾਰਾਂ ਦੇ ਸੰਕੇਤ ਵੀ ਮਿਲ਼ਦੇ ਹਨ ਜਿਹੜੀਆਂ ਇਸ ਗ੍ਰੰਥ ਦੇ ਸੰਕਲਨ ਤੋਂ ਪਹਿਲਾਂ ਪੰਜਾਬ ਦੇ ਢਾਡੀਆਂ ਤੇ ਭੱਟਾਂ ਵੱਲੋਂ ਰਚੀਆਂ ਤੇ ਗਾਈਆਂ ਜਾਂਦੀਆਂ ਰਹੀਆਂ ਹੋਣਗੀਆਂ। ਆਦਿ ਗ੍ਰੰਥ ਦੀਆਂ ਅਧਿਆਤਮਿਕ ਵਾਰਾਂ ਨੂੰ ਜਿਨ੍ਹਾਂ ਲੋਕ-ਵਾਰਾਂ ਦੀਆਂ ਧੁਨੀਆਂ ਅਨੁਸਾਰ ਗਾਉਣ ਦਾ ਆਦੇਸ਼ ਹੈ, ਉਹ ਹੇਠ ਲਿਖੀਆਂ ਹਨ:

1. ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਕੀ ਧੁਨੀ (ਮਾਝ ਕੀ ਵਾਰ ਮ.1)
2. ਰਾਇ ਕਮਾਲਦੀ ਮੌਜਦੀ ਕੀ ਵਾਰ ਕੀ ਧੁਨੀ (ਗਉੜੀ ਦੀ ਵਾਰ, ਮ.5)
3. ਟੁੰਡੇ ਅਸ ਰਾਜੇ ਕੀ ਧੁਨੀ (ਆਸਾ ਕੀ ਵਾਰ ਮ.1)
4. ਸਿੰਕਦਰ ਬਿਰਾਹਿਮ ਕੀ ਧੁਨੀ (ਗੂਜਰੀ ਕੀ ਵਾਰ, ਮ.3)
5. ਲਲਾਂ ਬਹਲੀਮਾ ਕੀ ਧੁਨੀ (ਵਡਹੰਸ ਕੀ ਵਾਰ, ਮ.4)
6. ਜੋਧੈ ਵੀਰੈ ਪੂਰਬਾਣੀ ਕੀ ਧੁਨੀ (ਰਾਮਕਲੀ ਕੀ ਵਾਰ, ਮ.3)
7. ਰਾਇ ਮਹਿਮੇ ਹਸਨੇ ਕੀ ਧੁਨੀ (ਸਾਰੰਗ ਕੀ ਵਾਰ, ਮ.4)
8. ਰਾਣੇ ਕੈਲਾਸ ਤਥਾ ਮਾਲਦੇ ਕੀ ਧੁਨੀ (ਮਲਾਰ ਕੀ ਵਾਰ, ਮ.1)
9. ਮੂਸੇ ਕੀ ਵਾਰ ਕੀ ਧੁਨੀ (ਕਾਨੜੇ ਕੀ ਵਾਰ, ਮ.4)



Downloaded from https:// www.studiestoday.com

Downloaded from https:// www.studiestoday.com

ਇਹਨਾਂ ਵਾਰਾਂ ਵਿੱਚ ਉਸ ਵੇਲ਼ੇ ਦੇ ਪੰਜਾਬ (ਜਿਸ ਨੂੰ ਉਦੋਂ ਮਦਰ ਦੇਸ ਜਾਂ ਮੱਧ ਦੇਸ ਕਿਹਾ ਜਾਂਦਾ ਸੀ) ਦੇ ਸੱਭਿਆਚਾਰ ਦੀ ਤਸਵੀਰ, ਇਸ ਦੇ ਯੋਧਿਆਂ (ਲੱਲਾਂ ਨੂੰ ਛੱਡ ਕੇ) ਦੀ ਸੂਰਮਗਤੀ ਦਾ ਬਿਰਤਾਂਤ ਤੇ ਜ਼ਰ-ਜ਼ੋਰੂ-ਜ਼ਮੀਨ ਦੇ ਝਗੜਿਆਂ ਦਾ ਵਰਨਣ ਹੈ। ਇਹਨਾਂ ਦੇ ਨਾਇਕ ਮੁਸਲਮਾਨ ਰਾਜਪੂਤ ਹਨ। ਇਹ ਮੱਧ-ਯੁੱਗ ਦੇ ਸਾਮੰਤਾਂ ਦੀਆਂ ਆਪਣੀਆਂ ਦੁਸ਼ਮਣੀਆਂ ਦੀਆਂ ਦਾਸਤਾਨਾਂ ਹਨ। ਇਹ ਦਰਬਾਰੀ ਬੀਰ-ਕਾਵਿ ਦਾ ਉੱਤਮ ਨਮੂਨਾ ਹੈ ਕਿਉਂਕਿ ਇਹਨਾਂ ਵਾਰਾਂ ਵਿੱਚ ਭੱਟਾਂ ਨੇ ਆਪੋ-ਆਪਣੇ ਜਜਮਾਨਾਂ ਦੀ ਬੀਰਤਾ ਦਾ ਗੁਣ-ਗਾਨ ਕੀਤਾ ਹੈ। ਇਹਨਾਂ ਦੀ ਬੋਲੀ ਠੇਠ ਪੰਜਾਬੀ ਤੇ ਲੋਕ-ਮੁਹਾਵਰੇ ਦੇ ਨੇੜੇ ਦੀ ਹੈ।

ਫਿਰ ਵੀ, ਪੰਜਾਬੀ ਕਵਿਤਾ ਦੇ ਅਰੰਭ ਦਾ ਪ੍ਰਮਾਣਿਕ ਸਬੂਤ ਸ਼ੇਖ਼ ਫ਼ਰੀਦ ਦੀ ਬਾਣੀ ਨੂੰ ਹੀ ਮੰਨਿਆ ਜਾਂਦਾ ਹੈ ਕਿਉਂਕਿ ਇਸ ਬਾਣੀ ਦੇ ਪੂਰਵ ਮੁਗ਼ਲ-ਕਾਲ ਵਿੱਚ ਰਚੇ ਜਾਣ ਦਾ ਪੱਕਾ ਲਿਖਤੀ ਸਬੂਤ ਹੈ ਤੇ ਇਸ ਦੀ ਬੋਲੀ ਅੱਜ ਦੀ ਪੰਜਾਬੀ ਦੇ ਬਹੁਤ ਨੇੜੇ ਦੀ ਹੈ। ਇਹ ਉਸ ਸਮੇਂ ਦੇ ਕੇਂਦਰ ਅਰਥਾਤ ਪੱਛਮੀ ਪੰਜਾਬ ਦੀ ਪੰਜਾਬੀ (ਲਹਿੰਦੀ) ਦਾ ਉੱਤਮ ਨਮੂਨਾ ਹੈ। ਪਰ ਇਹ ਵੀ ਕਿਹਾ ਜਾਂਦਾ ਹੈ ਕਿ ਇਹ ਬਾਣੀ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਸ਼ੇਖ਼ ਬ੍ਰਹਮ (ਫ਼ਰੀਦ ਦੂਜਾ) ਤੋਂ ਪ੍ਰਾਪਤ ਹੋਈ ਸੀ ਤੇ ਇਸ ਦਾ ਪ੍ਰਮਾਣਿਕ ਰੂਪ ਆਦਿ ਗ੍ਰੰਥ ਦੇ ਸੰਪਾਦਨ (1604 ਈ:) ਵੇਲ਼ੇ ਦਾ ਹੈ। ਇਸ ਲਈ ਫ਼ਰੀਦ-ਬਾਣੀ ਦੀ ਉਪਲਬਧੀ ਤੇ ਗੁਰੂ ਨਾਨਕ ਦੇਵ ਜੀ ਦੀ ਬਾਣੀ-ਰਚਨਾ, ਇੱਕ ਤਰ੍ਹਾਂ, ਦੋਵੇਂ ਸਮਕਾਲੀ ਘਟਨਾਵਾਂ ਹਨ।

ਉਪਰੋਕਤ ਚਰਚਾ ਤੋਂ ਸਿੱਧ ਹੋ ਜਾਂਦਾ ਹੈ ਕਿ ਪੂਰਵ ਮੁਗ਼ਲ-ਕਾਲ ਦਾ ਅੰਤਿਮ ਚਰਨ (ਅਰਥਾਤ 13ਵੀਂ ਤੋਂ 15ਵੀਂ ਸਦੀ) ਹੀ ਪੰਜਾਬੀ ਕਵਿਤਾ ਦਾ ਉਦੈ-ਕਾਲ ਹੈ।

**(ਅ) ਮੁਗ਼ਲ ਕਾਲ:-** ਮੁਗ਼ਲ ਖ਼ਾਨਦਾਨ ਦੇ ਪਹਿਲੇ ਬਾਦਸ਼ਾਹ, ਬਾਬਰ ਨੇ 1526 ਈ: ਵਿੱਚ ਦਿੱਲੀ ਦੇ ਤਖ਼ਤ ਉੱਤੇ ਕਬਜ਼ਾ ਕੀਤਾ, ਪਰ ਪੰਜਾਬ ਦੀ ਧਰਤੀ ਉੱਤੇ ਉਹ 1520-21 ਈ: ਵਿੱਚ ਹੀ ਆ ਧਮਕਿਆ ਸੀ। ਬਾਬਰ ਤੋਂ ਬਾਅਦ ਉਸ ਦਾ ਪੁੱਤਰ (ਹਮਾਯੂੰ) ਤੇ ਫਿਰ ਪੋਤਰਾ (ਅਕਬਰ) ਗੱਦੀ ਉੱਤੇ ਬੈਠਾ। ਅਕਬਰ ਨੇ ਆਪਣੀ ਸੁਲਹਕੁਲ ਨੀਤੀ ਦੇ 'ਦੀਨੇ ਇਲਾਹੀ' ਦੇ ਪ੍ਰਚਾਰ ਨਾਲ਼ ਮੁਗ਼ਲ ਸਾਮਰਾਜ ਨੂੰ ਪੱਕਾ ਕਰ ਦਿੱਤਾ ਤੇ ਫਿਰ ਜਹਾਂਗੀਰ, ਸ਼ਾਹਜਹਾਨ ਤੇ ਔਰੰਗਜ਼ੇਬ ਤਿੰਨੋਂ ਬੜੇ ਤਕੜੇ ਬਾਦਸ਼ਾਹ ਹੋਏ। ਪਰ 1707 ਈ: ਵਿੱਚ, ਔਰੰਗਜ਼ੇਬ ਦੇ ਦਿਹਾਂਤ ਨਾਲ਼, ਮੁਗ਼ਲ ਸਲਤਨਤ ਦੀ ਗਿਰਾਵਟ ਸ਼ੁਰੂ ਹੋ ਗਈ। ਇਸ ਲਈ ਇਹ ਦੋ ਕੁ ਸਦੀਆਂ ਦਾ ਸਮਾਂ ਮੁਗ਼ਲ ਰਾਜ ਦੇ ਅਰੰਭ ਤੇ ਸਿਖਰ ਦਾ ਸਮਾਂ ਹੈ।

ਸਮਾਜਿਕ-ਸਿਆਸੀ ਤੌਰ 'ਤੇ ਇਹ ਰਜਵਾੜਾਸ਼ਾਹੀ ਤੇ ਜਾਗੀਰਦਾਰੀ ਦਾ ਜ਼ਮਾਨਾ ਸੀ। ਇਸ ਵਿੱਚ ਫ਼ਾਰਸੀ ਰਾਜ-ਭਾਸ਼ਾ ਸੀ ਤੇ ਕਈ ਤਰੀਕਿਆਂ ਨਾਲ਼, ਇਸਲਾਮ ਨੇ ਹਿੰਦੂ-ਸੱਭਿਆਚਾਰ ਉੱਤੇ ਮੋੜਵਾਂ ਹਮਲਾ ਕਰ ਦਿੱਤਾ ਸੀ ਤਾਂ ਵੀ ਭਗਤੀ ਤੇ ਸੂਫ਼ੀ ਲਹਿਰ ਦੋਂਹਾਂ ਸੱਭਿਆਚਾਰਾਂ ਨੂੰ ਇੱਕ-ਦੂਜੇ ਦੇ ਨੇੜੇ ਲਿਆਉਣ ਲਈ ਪ੍ਰੇਮ ਦਾ ਸੁਨੇਹਾ ਦੇ ਰਹੀਆਂ ਸਨ। ਪਰ ਜਹਾਂਗੀਰ ਤੋਂ ਔਰੰਗਜ਼ੇਬ ਤੱਕ ਰਾਜ-ਸੱਤਾ ਦੀ ਇਸਲਾਮੀ ਕੱਟੜਤਾ ਦੇ ਵਿਰੁੱਧ ਸਿੱਖ ਲਹਿਰ ਨੂੰ ਹਥਿਆਰਬੰਦ ਯੁੱਧ ਦਾ ਰਾਹ ਵੀ ਇਖ਼ਤਿਆਰ ਕਰਨਾ ਪਿਆ।

ਸਿੱਖ ਧਰਮ ਤੇ ਸੂਫ਼ੀ ਮੱਤ ਦੇ ਲੋਕ-ਹਿਤੂ ਪੈਂਤੜੇ ਸਦਕਾ ਹੀ ਆਮ ਲੋਕਾਂ ਦੀ ਬੋਲੀ, ਪੰਜਾਬੀ ਕਵਿਤਾ ਦਾ ਮਾਧਿਅਮ ਬਣੀ ਤੇ ਆਮ ਲੋਕਾਂ ਦੇ ਨਿਤ ਜੀਵਨ ਦੇ ਸੁੱਖ-ਦੁੱਖ ਨੂੰ ਪ੍ਰਗਟਾਉਣ ਲਈ ਪੰਜਾਬੀ ਕਵੀਆਂ ਨੇ ਕਿੱਸਾ-ਰਚਨਾ ਅਰੰਭ ਕੀਤੀ। ਇਸੇ ਸਮੇਂ ਚੰਡੀ ਦੀ ਵਾਰ ਵਰਗੀਆਂ ਜੁਝਾਰੂ ਤੇ



Downloaded from https:// www.studiestoday.com

Downloaded from https:// www.studiestoday.com

ਬੀਰ-ਰਸੀ ਰਚਨਾਵਾਂ ਵੀ ਹੋਂਦ ਵਿੱਚ ਆਈਆਂ। ਇਸ ਕਾਲ ਦੀ ਕਵਿਤਾ ਵਿੱਚ ਸਾਰੀਆਂ ਕਾਵਿ-ਵੰਨਗੀਆਂ ਮੌਜੂਦ ਹਨ : ਗੁਰਮਤਿ-ਕਾਵਿ, ਸੂਫ਼ੀ-ਕਾਵਿ, ਕਿੱਸਾ-ਕਾਵਿ ਤੇ ਵਾਰ-ਕਾਵਿ।

ਪੰਜਾਬੀ ਕਵਿਤਾ ਦੇ ਇਤਿਹਾਸ ਦੀ ਸਭ ਤੋਂ ਮਹਾਨ ਘਟਨਾ, ਜੋ ਇਸੇ ਕਾਲ ਵਿੱਚ ਵਾਪਰੀ, ਉਹ ਹੈ ਗੁਰੂ ਗ੍ਰੰਥ ਸਾਹਿਬ ਦਾ ਸੰਕਲਨ ਤੇ ਸੰਪਾਦਨ। ਸ੍ਰੀ ਗੁਰੂ ਅਰਜਨ ਦੇਵ ਜੀ ਨੇ 1603 ਈ: ਵਿੱਚ ਅੰਮ੍ਰਿਤਸਰ ਵਿਖੇ ਰਾਮਸਰ ਦੇ ਸਥਾਨ 'ਤੇ ਭਾਈ ਗੁਰਦਾਸ ਦੇ ਹੱਥੋਂ ਇਸ ਨੂੰ ਲਿਖਵਾਉਣਾ ਸ਼ੁਰੂ ਕੀਤਾ ਤੇ 1604 ਈ: ਵਿੱਚ ਮੁਕੰਮਲ ਕਰਕੇ ਤੇ ਹਰਿਮੰਦਰ ਸਾਹਿਬ ਵਿੱਚ ਅਸਥਾਪਨ ਕਰਕੇ ਬਾਬਾ ਬੁੱਢਾ ਜੀ ਨੂੰ ਪਹਿਲੇ ਗ੍ਰੰਥੀ ਦੀ ਸੇਵਾ ਸੰਭਾਲ਼ੀ। ਬਾਅਦ ਵਿੱਚ ਇਸ ਵਿੱਚ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਦਾ ਵਾਧਾ ਕਰਕੇ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਗ੍ਰੰਥ ਨੂੰ ਗੁਰੂ ਦੀ ਪਦਵੀ ਦਿੱਤੀ, ਜਿਸ ਤੋਂ ਪਿੱਛੋਂ ਇਸ ਦੀ ਮਾਨਤਾ ਸਿਰਫ਼ ਗ੍ਰੰਥ ਵਜੋਂ ਨਹੀਂ, ਸਗੋਂ ਗੁਰੂ ਵਜੋਂ ਸ਼ੁਰੂ ਹੋਈ ਤੇ ਇਸ ਨੂੰ ਗੁਰੂ ਗ੍ਰੰਥ ਸਾਹਿਬ ਦੀ ਪਦਵੀ ਪ੍ਰਾਪਤ ਹੋਈ। ਇਸ ਗ੍ਰੰਥ ਦੀ ਧਾਰਮਿਕ ਮਹਾਨਤਾ ਸਿੱਖ ਸਮੁਦਾਇ ਦਾ ਗੁਰੂ ਹੋਣ ਕਾਰਨ ਹੈ ਪਰ ਇਸ ਦੀ ਕਾਵਿਕ ਮਹਾਨਤਾ ਦੇ ਵੀ ਕਈ ਅਦੁੱਤੀ ਪਹਿਲੂ ਹਨ :

— ਇਹ 1430 ਪੰਨੇ ਦੀ ਵੱਡ-ਆਕਾਰੀ ਰਚਨਾ ਹੈ, ਜਿਸ ਵਿੱਚ 6 ਸਿੱਖ ਗੁਰੂਆਂ, 15 ਸੂਫ਼ੀ-ਸੰਤਾਂ-ਭਗਤਾਂ ਤੇ ਗੁਰੂ-ਘਰ ਦੇ ਨਿਕਟਵਰਤੀ 20 ਸ਼ਰਧਾਲੂਆਂ ਤੇ ਭੱਟਾਂ ਦੀਆਂ ਰਚਨਾਵਾਂ ਸ਼ਾਮਲ ਹਨ।

— ਇਸ ਤੋਂ ਪੰਜਾਬੀ ਕਵਿਤਾ ਦੇ ਅਰੰਭਿਕ ਰੂਪਾਂ (ਫ਼ਰੀਦ ਬਾਣੀ ਤੇ ਲੋਕ-ਵਾਰਾਂ) ਦੀ ਪ੍ਰਮਾਣਿਕਤਾ ਸਿੱਧ ਹੁੰਦੀ ਹੈ।

— ਇਸ ਵਿੱਚ ਉੱਤਰੀ ਭਾਰਤ ਦੀਆਂ ਆਧੁਨਿਕ ਲੋਕ-ਬੋਲੀਆਂ ਦੀਆਂ ਕਈ ਵੰਨਗੀਆਂ ਮਿਲ਼ਦੀਆਂ ਹਨ। (ਪ੍ਰਾਕਿਰਤਾਂ, ਅਪਭਰੰਸ਼ਾਂ, ਅਰਬੀ ਤੇ ਫ਼ਾਰਸੀ ਦੀ ਸ਼ਬਦਾਵਲੀ ਤੋਂ ਇਲਾਵਾ, ਲਹਿੰਦੀ, ਪੋਠੋਹਾਰੀ, ਪਹਾੜੀ, ਮਾਝੀ ਤੇ ਮਲਵਈ ਪੰਜਾਬੀ ਅਤੇ ਸੰਸਕ੍ਰਿਤ, ਰਾਜਸਥਾਨੀ, ਗੁਜਰਾਤੀ, ਮਰਾਠੀ, ਹਿੰਦੀ, ਬ੍ਰਿਜੀ, ਅਵਧੀ ਤੇ ਸਿੰਧੀ)।

— ਇਸ ਵਿੱਚ ਲੋਕ ਕਾਵਿ-ਰੂਪਾਂ (ਬਾਰਾਮਾਂਹ, ਆਰਤੀ, ਘੋੜੀਆਂ, ਛੰਤ, ਅਲਾਹੁਣੀਆਂ, ਸਤਵਾਰਾਂ, ਲਾਂਵਾਂ, ਵਾਰ, ਪੈਂਤੀ ਅੱਖਰੀ, ਬਾਵਨ ਅੱਖਰੀ, ਰੁਤੀ, ਥਿਤੀ, ਪਹਿਰੇ, ਵਣਜਾਰੇ, ਸਲੋਕ ਆਦਿ) ਦਾ ਤੇ ਬਹੁਤ ਸਾਰੇ ਛੰਦਾਂ, ਅਲੰਕਾਰਾਂ ਦਾ ਸਫ਼ਲ ਪ੍ਰਯੋਗ ਹੋਇਆ ਹੈ।

— ਇਹ ਸਾਰੀ ਬਾਣੀ (ਜਪੁਜੀ ਅਤੇ ਕੁਝ ਹੋਰ ਬਾਣੀਆਂ ਨੂੰ ਛੱਡ ਕੇ) ਰਾਗ-ਬੱਧ ਹੈ ਤੇ ਇਸ ਵਿੱਚ 31 ਰਾਗਾਂ ਦਾ ਪ੍ਰਯੋਗ ਹੋਇਆ ਹੈ।

— ਅਧਿਆਤਮਿਕ, ਸੱਭਿਆਚਾਰਿਕ, ਰਾਜਨੀਤਿਕ 'ਤੇ ਸਮਾਜਿਕ ਜੀਵਨ ਦੇ ਸਭ ਵੇਰਵਿਆਂ ਨੂੰ ਉਜਾਗਰ ਕਰਨ ਵਾਲ਼ੇ ਇਸ ਗ੍ਰੰਥ ਨੂੰ ਮੁਗ਼ਲ ਕਾਲ ਦੇ ਉੱਤਰੀ ਭਾਰਤ ਦਾ ਮਹਾਂਕਾਵਿ ਕਿਹਾ ਜਾ ਸਕਦਾ ਹੈ।

ਇਸ ਤੋਂ ਇਲਾਵਾ, ਭਾਈ ਗੁਰਦਾਸ ਦੀਆਂ ਵਾਰਾਂ, ਜਿਨ੍ਹਾਂ ਨੂੰ ਗੁਰੂ-ਬਾਣੀ ਦੀ ਕੁੰਜੀ ਕਿਹਾ ਜਾਂਦਾ ਹੈ, ਵੀ ਇਸੇ ਕਾਲ ਵਿੱਚ ਰਚੀਆਂ ਗਈਆਂ। ਇਹਨਾਂ ਵਾਰਾਂ ਦੀ ਬੋਲੀ ਅਜੋਕੀ ਠੇਠ ਪੰਜਾਬੀ ਵਰਗੀ ਹੈ। ਗੱਲ ਕੀ, ਮੁਗ਼ਲ ਕਾਲ ਮੱਧ ਯੁਗੀ ਪੰਜਾਬੀ ਕਵਿਤਾ ਦਾ ਸਭ ਤੋਂ ਵੱਧ ਅਮੀਰ ਕਾਲ ਹੈ।



Downloaded from https:// www.studiestoday.com

Downloaded from https:// www.studiestoday.com

(ਦ) **ਪਿਛਲੇਰਾ ਮੁਗ਼ਲ ਕਾਲ** : ਔਰੰਗਜ਼ੇਬ ਦੀ ਮੌਤ ਤੋਂ ਲੈ ਕੇ ਪੰਜਾਬ ਵਿੱਚ ਸਿੱਖ ਰਾਜ ਦੇ ਕਾਇਮ ਹੋਣ ਤੱਕ ਦੇ ਸਮੇਂ ਨੂੰ ਪਿਛਲੇਰਾ, ਅੰਤਲਾ ਜਾਂ ਮਗਰਲਾ ਮੁਗ਼ਲ-ਕਾਲ ਕਿਹਾ ਜਾਂਦਾ ਹੈ। ਯਾਨੀ ਪੂਰੀ ਅਠ੍ਹਾਰਵੀਂ ਸਦੀ। ਮੁਗ਼ਲ-ਕਾਲ ਵਿੱਚ ਬਾਹਰਲੇ ਹਮਲੇ ਬਿਲਕੁਲ ਬੰਦ ਹੋ ਗਏ ਸਨ, ਪਰ ਅੰਤਲੇ ਮੁਗ਼ਲ ਕਾਲ ਵਿੱਚ ਈਰਾਨੀ ਬਾਦਸ਼ਾਹਾਂ ਨੇ ਫੇਰ ਹਮਲੇ ਸ਼ੁਰੂ ਕਰ ਦਿੱਤੇ ਸਨ। ਰਾਜ ਵਿੱਚ ਬਦ-ਅਮਨੀ ਫੈਲ ਗਈ ਤੇ ਪੰਜਾਬ ਦੀ ਆਰਥਿਕ ਹਾਲਤ ਵਿਗੜ ਗਈ ਸੀ। ਇਸ ਵਿਗੜੀ ਹਾਲਤ ਤੇ ਆਰਥਿਕ ਬੇਯਕੀਨੀ ਦੀ ਅਵਸਥਾ ਦਾ ਉਸ ਵੇਲ਼ੇ ਦੀਆਂ ਪ੍ਰਚਲਿਤ ਕੁਝ ਅਖਾਉਤਾਂ ਤੋਂ ਵੀ ਪਤਾ ਲੱਗਦਾ ਹੈ। ਅਹਿਮਦ ਸ਼ਾਹ ਅਬਦਾਲੀ ਦੇ ਹਮਲਿਆਂ ਵੇਲ਼ੇ ਇਹ ਅਖਾਉਤ ਲੋਕਾਂ ਦੇ ਮੂੰਹ ਚੜ੍ਹੀ ਹੋਈ ਸੀ:

ਖਾਧਾ ਪੀਤਾ ਲਾਹੇ ਦਾ,
ਰਹਿੰਦਾ ਅਹਿਮਦ ਸ਼ਾਹੇ ਦਾ।

ਸਿੱਖਾਂ ਉੱਤੇ ਫ਼ਰੁਖ਼ਸੀਅਰ ਵਰਗੇ ਬਾਦਸ਼ਾਹ ਤੇ ਮੀਰ ਮੰਨੂ ਜਿਹੇ ਸੂਬੇਦਾਰ ਜ਼ੁਲਮ ਢਾਹ ਰਹੇ ਸਨ। ਸਿੱਖ ਯੁੱਧਾਂ, ਜੰਗਾਂ, ਸ਼ਹੀਦੀਆਂ ਤੇ ਘੱਲੂਘਾਰਿਆਂ ਵਿੱਚ ਆਪਣੀਆਂ ਜਾਨਾਂ ਵਾਰ ਰਹੇ ਸਨ ਤੇ ਜੰਗਲ਼ਾਂ ਵਿੱਚ ਰਹਿ ਕੇ ਦਿਨ ਕੱਟ ਰਹੇ ਸਨ। ਇਸ ਕਾਲ ਦੀ ਸਮਾਜਿਕ ਸਿਆਸੀ ਹਾਲਤ ਦੇ ਪੰਜਾਬੀ ਕਵਿਤਾ ਦੇ ਇਤਿਹਾਸ ਉੱਤੇ ਹੇਠ ਲਿਖੇ ਪ੍ਰਭਾਵ ਪਏ:

- ਸਿੱਖ-ਕਾਵਿ ਦਾ ਮੂੰਹ ਪੰਜਾਬੀ ਦੀ ਥਾਂ ਹਿੰਦੀ ਵੱਲ ਹੋ ਗਿਆ।
- ਮੁਸਲਮਾਨ ਸੂਫ਼ੀ-ਕਵੀਆਂ (ਬੁਲ੍ਹੇ ਸ਼ਾਹ, ਅਲੀ ਹੈਦਰ, ਫ਼ਰਦ ਫ਼ਕੀਰ ਤੇ ਵਜੀਦ ਆਦਿ) ਨੇ ਰੱਬੀ ਪ੍ਰੇਮ ਤੇ ਬਿਰਹਾ ਦੇ ਗੀਤ ਤੇ ਕਾਫ਼ੀਆਂ ਲਿਖੀਆਂ ਅਤੇ ਮੁਗ਼ਲ-ਰਾਜ ਦੇ ਪਤਨ ਸਮੇਂ ਪੰਜਾਬ ਦੀ ਹਾਲਤ ਦਾ ਰੋਣਾ ਰੋਇਆ।
- ਇਸ ਕਾਲ ਵਿੱਚ ਪੰਜਾਬ ਦੀਆਂ ਪ੍ਰੀਤ-ਕਹਾਣੀਆਂ (ਖ਼ਾਸ ਕਰ ਹੀਰ-ਰਾਂਝੇ ਦੀ ਕਹਾਣੀ) ਦੇ ਕਿੱਸੇ ਲਿਖੇ ਗਏ। ਅਹਿਮਦ ਗੁੱਜਰ, ਮੁਕਬਲ ਤੇ ਵਾਰਿਸ ਸ਼ਾਹ ਇਸੇ ਕਾਲ ਦੇ ਕਿੱਸਾਕਾਰ ਹਨ, ਜਿਨ੍ਹਾਂ ਵਿੱਚੋਂ ਵਾਰਿਸ ਸ਼ਾਹ ਦੀ ਹੀਰ ਕਿੱਸਾ-ਕਾਵਿ ਦੀ ਸ਼ਾਹਕਾਰ ਰਚਨਾ ਹੈ।
- ਇਸ ਕਾਲ ਵਿੱਚ ਕੁਝ ਵਾਰਾਂ ਤੇ ਜੰਗਨਾਮੇ ਵੀ ਲਿਖੇ ਗਏ ਜਿਨ੍ਹਾਂ ਵਿੱਚੋਂ ਨਜਾਬਤ ਤੇ ਅਗਰਾ ਦੀਆਂ ਵਾਰਾਂ ਤੇ ਮੁਕਬਲ ਦਾ ਜੰਗਨਾਮਾ ਖ਼ਾਸ ਤੌਰ 'ਤੇ ਪ੍ਰਸਿੱਧ ਹਨ।

(ਸ) **ਸਿੱਖ-ਰਾਜ ਕਾਲ**:- ਪੰਜਾਬੀ ਸਾਹਿਤ ਦੇ ਇਤਿਹਾਸ ਵਿੱਚ ਉੱਨ੍ਹੀਵੀਂ ਸਦੀ ਦੇ ਪਹਿਲੇ ਅੱਧ ਨੂੰ ਰਣਜੀਤ ਸਿੰਘ ਕਾਲ, ਹਾਸ਼ਮ ਕਾਲ ਤੇ ਸਿੱਖ ਰਾਜ-ਕਾਲ ਆਦਿ ਕਈ ਨਾਂ ਦਿੱਤੇ ਗਏ ਹਨ, ਜਿਨ੍ਹਾਂ ਵਿੱਚੋਂ 'ਸਿੱਖ-ਰਾਜ ਕਾਲ' ਹੀ ਵਧੇਰੇ ਢੁਕਵਾਂ ਹੈ—ਕਿਉਂਕਿ ਸਿੱਖਾਂ ਨੇ ਪੰਜਾਬ ਵਿੱਚ ਮੁਗ਼ਲ ਰਾਜ ਵਿਰੁੱਧ ਲਗ-ਪਗ ਸੌ ਵਰ੍ਹੇ ਖ਼ੂਨੀ ਯੁੱਧ ਲੜ ਕੇ, 1799 ਈ: ਵਿੱਚ ਮਹਾਰਾਜਾ ਰਣਜੀਤ ਸਿੰਘ ਨੂੰ ਪੰਜਾਬ ਦੀ ਰਾਜਧਾਨੀ (ਲਾਹੌਰ) ਉੱਤੇ ਕਾਬਜ਼ ਹੋਣ ਯੋਗ ਬਣਾਇਆ। ਰਣਜੀਤ ਸਿੰਘ ਦੀ ਨੀਤੀ ਮਜ਼੍ਹਬੀ ਪੱਖਪਾਤ ਤੋਂ ਨਿਰਲੇਪ, ਅਕਬਰ ਵਰਗੀ ਧਰਮ-ਨਿਰਪੱਖ ਸੀ। ਉਸਨੇ ਆਪਣੀ ਧਰਮ-ਨਿਰਪੱਖਤਾ, ਨਿਆਂ ਤੇ ਨੇਕ ਸੁਭਾਅ ਕਾਰਨ ਆਮ ਹਿੰਦੂਆਂ ਤੇ ਮੁਸਲਮਾਨਾਂ ਦਾ ਵਿਸ਼ਵਾਸ ਜਿੱਤ ਲਿਆ ਸੀ ਅਤੇ ਪੰਜਾਬ ਵਿੱਚ ਅਮਨ ਕਾਇਮ ਕਰਕੇ ਆਪਣੇ ਰਾਜ ਦੀਆਂ ਹੱਦਾਂ ਨੂੰ ਉੱਤਰ-ਪੱਛਮ ਵੱਲ ਦੂਰ-ਦੂਰ ਤੱਕ ਫੈਲਾਇਆ ਤੇ ਪੱਕਿਆਂ ਕੀਤਾ ਸੀ। ਇਸ ਲਈ ਕਈ ਵਾਰ ਇਸ ਨੂੰ ਸਿੱਖ ਰਾਜ ਦੀ ਬਜਾਇ ਪੰਜਾਬੀ ਰਾਜ ਵੀ ਕਿਹਾ ਜਾਂਦਾ ਹੈ।



Downloaded from https:// www.studiestoday.com

Downloaded from https:// www.studiestoday.com

ਮਹਾਰਾਜਾ ਰਣਜੀਤ ਸਿੰਘ ਦੇ ਰਾਜ-ਕਾਜ ਦੀ ਭਾਸ਼ਾ ਭਾਵੇਂ ਫ਼ਾਰਸੀ ਸੀ, ਪਰ ਉਸਨੇ ਇੱਕ ਹੱਦ ਤੱਕ ਪੰਜਾਬੀ ਬੋਲੀ ਤੇ ਸਾਹਿਤ ਦੀ ਸਰਪ੍ਰਸਤੀ ਵੀ ਕੀਤੀ। ਕਈ ਸਿੱਖ ਸਰਦਾਰਾਂ ਨੇ ਪੰਜਾਬੀ ਕਿੱਸਾਕਾਰਾਂ ਨੂੰ ਇਨਾਮ ਅਤੇ ਸਨਮਾਨ ਵੀ ਦਿੱਤੇ।

ਇਹਨਾਂ ਪੰਜਾਹ ਸਾਲਾਂ ਵਿੱਚ ਪੰਜਾਬੀ ਕਵਿਤਾ ਵਿੱਚ ਕਿੱਸੇ ਤੇ ਜੰਗਨਾਮਿਆਂ ਦੇ ਰੂਪ ਵਿੱਚ ਕਾਫ਼ੀ ਰਚਨਾ ਹੋਈ। ਹੀਰ-ਰਾਂਝੇ ਤੋਂ ਇਲਾਵਾ, ਇਸ ਕਾਲ ਵਿੱਚ ਸ਼ੀਰੀ ਫਰਿਹਾਦ, ਪੂਰਨ ਭਗਤ, ਸ਼ਾਹ ਬਹਿਰਾਮ ਤੇ ਸੋਹਣੀ ਮਹੀਂਵਾਲ ਦੇ ਕਿੱਸੇ ਵੀ ਲਿਖੇ ਗਏ। ਮਟਕ ਤੇ ਸ਼ਾਹ ਮੁਹੰਮਦ ਦੇ ਜੰਗਨਾਮੇ ਤੇ ਪੀਰ ਮੁਹੰਮਦ ਦੀ ਚੱਠਿਆਂ ਦੀ ਵਾਰ ਇਸ ਕਾਲ ਦੇ ਅੰਤਲੇ ਸਾਲਾਂ ਦੀਆਂ ਪ੍ਰਸਿੱਧ ਰਚਨਾਵਾਂ ਹਨ।

(ਹ) **ਅੰਗਰੇਜ਼ੀ ਰਾਜ ਦਾ ਪੂਰਵਾਰਧ (ਪਹਿਲਾ ਅੱਧ)**:- ਜਦੋਂ 1849 ਈ: ਵਿੱਚ ਅੰਗਰੇਜ਼ਾਂ ਨੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨੂੰ ਆਪਣੇ ਰਾਜ ਵਿੱਚ ਸ਼ਾਮਲ ਕਰ ਲਿਆ ਤਾਂ ਸਿੱਖ ਰਾਜ ਖ਼ਤਮ ਹੋ ਗਿਆ ਪਰ ਮਹਾਰਾਣੀ ਜਿੰਦਾਂ ਆਪਣੇ ਰਾਜ ਦੀ ਮੁੜ-ਪ੍ਰਾਪਤੀ ਲਈ ਦਸ ਕੁ ਸਾਲ ਜੂਝਦੀ ਰਹੀ। ਇਸ ਲਈ ਅੰਗਰੇਜ਼ੀ ਰਾਜ-ਕਾਲ ਦਾ ਸਮਾਂ 1860-61 ਈ: ਤੋਂ ਹੀ ਅਰੰਭ ਹੁੰਦਾ ਹੈ। ਅੰਗਰੇਜ਼ੀ ਰਾਜ ਭਾਵੇਂ 1947 ਈ: ਤੱਕ ਰਿਹਾ, ਪਰ ਅਸੀਂ ਵੀਹਵੀਂ ਸਦੀ ਵਿੱਚ ਵਾਪਰੀਆਂ ਕੁਝ ਗੁਣਾਤਮਿਕ ਤਬਦੀਲੀਆਂ ਨੂੰ ਮੁੱਖ ਰੱਖ ਕੇ, 1861 ਈ: ਤੋਂ 1900 ਈ: ਤੱਕ ਨੂੰ ਇੱਕ ਵੱਖਰਾ ਕਾਲ ਮੰਨਿਆ ਹੈ। ਜਿਸ ਨੂੰ ਅੰਗਰੇਜ਼ੀ ਰਾਜ ਦਾ ਪਹਿਲਾ ਅੱਧ (ਪੂਰਬਾਰਧ) ਕਿਹਾ ਹੈ ਤੇ 1901 ਈ: ਤੋਂ 1947 ਈ: ਨੂੰ ਇੱਕ ਵੱਖਰਾ ਕਾਲ (ਅੰਗਰੇਜ਼ੀ ਰਾਜ ਦਾ ਪਿਛਲਾ ਅੱਧ) ਮੰਨਿਆ ਹੈ। (ਹ) ਅੰਗਰੇਜ਼ੀ ਰਾਜ ਦਾ ਪੂਰਵਾਰਧ (ਪਹਿਲਾ ਅੱਧ) (ਕ) ਅੰਗਰੇਜ਼ੀ ਰਾਜ ਦਾ ਉਤਰਾਰਧ (ਪਿਛਲਾ ਅੱਧ) (ਖ) ਸੁਤੰਤਰਤਾ ਕਾਲ ਬਾਰੇ ਵਿਸਤਾਰ ਵਿੱਚ ਜਾਣਕਾਰੀ ਗਿਆਰ੍ਹਵੀਂ ਸ਼੍ਰੇਣੀ ਵਿੱਚ ਦਿੱਤੀ ਗਈ ਹੈ।

ਪੰਜਾਬੀ ਕਵਿਤਾ ਦੇ ਇਤਿਹਾਸ ਦੀ ਉਪਰੋਕਤ ਕਾਲ-ਵੰਡ ਸਾਨੂੰ ਇਹ ਦੱਸਦੀ ਹੈ ਕਿ ਪੰਜਾਬੀ ਕਵਿਤਾ ਦੇ ਇੱਕ ਹਜ਼ਾਰ ਸਾਲ ਦੇ ਸਫ਼ਰ ਵਿੱਚ ਇਸ ਨੂੰ ਆਪਣੇ ਸਮਾਜਿਕ ਮਾਹੌਲ ਵਿੱਚ ਵਾਪਰੀਆਂ ਘਟਨਾਵਾਂ (ਵਿਸ਼ੇਸ਼ ਕਰਕੇ ਰਾਜਨੀਤਿਕ ਤਬਦੀਲੀਆਂ) ਨੇ ਕਿਵੇਂ-ਕਿਵੇਂ ਪ੍ਰਭਾਵਿਤ ਕੀਤਾ ਅਤੇ ਇਸ ਦੀ ਨਿਰੰਤਰਤਾ ਕਿੱਥੇ-ਕਿੱਥੇ ਭੰਗ ਹੋਈ। ਪਰ ਸਾਨੂੰ ਇਹ ਵੀ ਪਤਾ ਹੋਣਾ ਚਾਹੀਦਾ ਹੈ ਕਿ ਇਹਨਾਂ ਸਭ ਤਬਦੀਲੀਆਂ ਦੇ ਬਾਵਜੂਦ ਮੱਧ-ਯੁੱਗ ਦੀ ਪੰਜਾਬੀ ਕਵਿਤਾ ਦੀਆਂ ਕੁਝ ਪ੍ਰਮੁੱਖ ਧਾਰਾਵਾਂ ਨਿਰੰਤਰ (Continuous) ਰੂਪ ਵਿੱਚ ਗਤੀਸ਼ੀਲ ਰਹੀਆਂ ਹਨ। ਅਸੀਂ ਇਸ ਕਿਤਾਬ ਦੀ ਅਧਿਆਇ-ਵੰਡ ਉਹਨਾਂ ਧਾਰਾਵਾਂ ਅਨੁਸਾਰ ਹੀ ਕੀਤੀ ਹੈ ਤੇ ਇਸ ਦੇ ਪਹਿਲੇ ਚਾਰ ਅਧਿਆਇ, ਖ਼ਾਸ ਤੌਰ 'ਤੇ ਮੱਧ-ਯੁੱਗ ਦੀਆਂ ਚਾਰ ਪ੍ਰਮੁੱਖ ਧਾਰਾਵਾਂ ਦੀ ਕਵਿਤਾ ਨਾਲ਼ ਹੀ ਸੰਬੰਧਿਤ ਹਨ। ਤਾਂ ਵੀ ਇਹਨਾਂ ਧਾਰਾਵਾਂ ਦੀ ਸੰਖੇਪ ਜਿਹੀ ਚਰਚਾ ਇੱਥੇ ਕੁਥਾਂ ਨਹੀਂ ਹੋਵੇਗੀ।

## (4) ਮੱਧ-ਯੁੱਗ ਦੀ ਪੰਜਾਬੀ ਕਵਿਤਾ ਦੀਆਂ ਪ੍ਰਮੁੱਖ ਧਾਰਾਵਾਂ

ਭਾਵੇਂ ਅਸੀਂ ਆਧੁਨਿਕ ਪੰਜਾਬੀ ਕਵਿਤਾ ਦਾ ਅਰੰਭ 1861 ਈ: ਤੋਂ ਮੰਨਿਆ ਹੈ, ਪਰ 1900 ਈ: ਦੇ ਅੰਤ ਤੱਕ ਪੰਜਾਬੀ ਕਵਿਤਾ ਦੇ ਦੋ ਪ੍ਰਮੁੱਖ ਰੂਪ (ਸਰੋਦੀ ਤੇ ਬਿਰਤਾਂਤਿਕ), ਹੇਠ ਲਿਖੀਆਂ ਮੱਧ-ਯੁਗੀ ਕਾਵਿ-ਧਾਰਾਵਾਂ ਦੇ ਅਧੀਨ ਹੀ ਵਿਕਾਸ ਕਰਦੇ ਰਹੇ ਹਨ:

(ੳ) ਸੂਫ਼ੀ ਕਾਵਿ-ਧਾਰਾ

(ਅ) ਗੁਰਮਤਿ ਕਾਵਿ-ਧਾਰਾ



Downloaded from https:// www.studiestoday.com

Downloaded from https:// www.studiestoday.com

(ੲ) ਕਿੱਸਾ ਕਾਵਿ-ਧਾਰਾ

(ਸ) ਬੀਰ ਕਾਵਿ-ਧਾਰਾ

**(ੳ) ਸੂਫ਼ੀ ਕਾਵਿ-ਧਾਰਾ:-** ਇਸ ਦੇ ਮੋਢੀ ਸਨ ਬਾਬਾ ਫ਼ਰੀਦ ਤੇ ਇਸ ਨੂੰ ਵਿਕਸਿਤ ਕਰਨ ਵਾਲ਼ੇ ਸੂਫ਼ੀ ਕਵੀ ਸਨ: ਸ਼ਾਹ ਹੁਸੈਨ,ਸੁਲਤਾਨ ਬਾਹੂ, ਬਾਬਾ ਵਜੀਦ, ਬੁਲ੍ਹੇ ਸ਼ਾਹ, ਅਲੀ ਹੈਦਰ , ਹਾਸ਼ਮ ਤੇ ਖ਼ਵਾਜ਼ਾ ਗ਼ੁਲਾਮ ਫ਼ਰੀਦ। ਇਸ ਕਵਿਤਾ ਦੇ ਪ੍ਰਮੁੱਖ ਵਿਸ਼ੇ ਸਨ: ਸੂਫ਼ੀ ਰਹੱਸਵਾਦ ਦੀ ਸਿੱਖਿਆ , ਰੱਬੀ ਪ੍ਰੇਮ (ਇਸ਼ਕ ਮਿਜ਼ਾਜੀ ਤੋਂ ਇਸ਼ਕ ਹਕੀਕੀ ਤੱਕ) ਅਤੇ ਮੌਤ ਦਾ ਭੈਅ। ਇਸ ਕਵਿਤਾ ਦੇ ਕਾਵਿ-ਭੇਦ ਸਨ:

ਸਲੋਕ, ਕਾਫ਼ੀ, ਸੀਹਰਫ਼ੀ, ਬਾਰਾਂਮਾਹ ਤੇ ਅਠਵਾਰਾ। ਕੁਝ ਸੂਫ਼ੀ ਕਵੀਆਂ ਨੇ ਆਪਣੀਆਂ ਰਚਨਾਵਾਂ ਨੂੰ ਸੰਗੀਤਿਕ ਪੱਖੋਂ ਰਾਗ-ਬੱਧ ਵੀ ਕੀਤਾ। ਛੰਦ ਦੇ ਪੱਖ ਤੋਂ ਇਸ ਵਿੱਚ ਲੋਕ-ਗੀਤਾਂ ਦੀਆਂ ਧਾਰਨਾਵਾਂ, ਦੋਹਰਾ, ਸੋਰਠਾ,ਦੋਹੜਾ, ਦਵੱਯਾ, ਝੂਲਨਾ ਤੇ ਡਿਓਢ ਦੀ ਵਰਤੋਂ ਕੀਤੀ ਗਈ ਹੈ। ਇਸ ਕਵਿਤਾ ਦੀ ਸਭ ਤੋਂ ਵੱਡੀ ਕਾਵਿਕ ਵਿਸ਼ੇਸ਼ਤਾ ਇਹ ਹੈ ਕਿ ਇਸ ਵਿੱਚ ਪੰਜਾਬੀ ਦੀ ਪ੍ਰਕਿਰਤੀ , ਪੰਜਾਬ ਦੇ ਘਰੋਗੀ ਜੀਵਨ ਤੇ ਪੰਜਾਬੀ ਸੱਭਿਆਚਾਰ ਦੇ ਸ਼ਬਦ-ਚਿੱਤਰ ਭਰਪੂਰ ਮਾਤਰਾ ਵਿੱਚ ਮਿਲ਼ਦੇ ਹਨ ਤੇ ਇਸ ਦੀ ਬੋਲੀ ਫ਼ਾਰਸੀ ਰਲ਼ੀ ਠੇਠ ਪੰਜਾਬੀ ਹੈ।

**(ਅ) ਗੁਰਮਤਿ ਕਾਵਿ-ਧਾਰਾ:-** ਪੰਜਾਬੀ ਕਵਿਤਾ ਵਿੱਚ ਗੁਰਮਤਿ ਕਾਵਿ-ਧਾਰਾ ਦਾ ਅਰੰਭ ਗੁਰੂ ਨਾਨਕ ਦੇਵ ਜੀ ਤੋਂ ਹੋਇਆ। ਉਹਨਾਂ ਤੋਂ ਪਿੱਛੋਂ ਗੁਰੂ ਅੰਗਦ ਦੇਵ, ਗੁਰੂ ਅਮਰਦਾਸ, ਗੁਰੂ ਰਾਮਦਾਸ, ਗੁਰੂ ਅਰਜਨ ਦੇਵ, ਗੁਰੂ ਤੇਗ਼ ਬਹਾਦਰ ਤੇ ਸਿੱਖ ਵਿਦਵਾਨ ਭਾਈ ਗੁਰਦਾਸ ਜੀ ਨੇ ਇਸ ਵਿੱਚ ਵਡਮੁੱਲਾ ਹਿੱਸਾ ਪਾਇਆ। ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਭਾਵੇਂ ਗੁਰਮੁਖੀ ਲਿਪੀ ਵਿੱਚ ਹੈ, ਪਰ ਇਸ ਦੀ ਭਾਸ਼ਾ ਹਿੰਦੀ (ਬ੍ਰਿਜੀ) ਹੈ। ਗੁਰੂ ਗੋਬਿੰਦ ਸਿੰਘ ਜੀ ਦੀਆਂ ਵੀ ਦੋ-ਤਿੰਨ ਰਚਨਾਵਾਂ ਹੀ ਪੰਜਾਬੀ ਵਿੱਚ ਹਨ, ਬਾਕੀ ਸਾਰਾ ਦਸਮ-ਗ੍ਰੰਥ ਹਿੰਦੀ ਭਾਸ਼ਾ ਤੇ ਗੁਰਮੁਖੀ ਲਿਪੀ ਵਿੱਚ ਹੈ। ਗੁਰੂ ਗੋਬਿੰਦ ਸਿੰਘ ਤੋਂ ਲੈ ਕੇ ਉੱਨ੍ਹੀਵੀਂ ਸਦੀ ਦੇ ਅੰਤ ਤੱਕ ਗੁਰਮਤਿ-ਕਾਵਿ ਦੀ ਰਚਨਾ ਹਿੰਦੀ (ਬ੍ਰਿਜੀ) ਵਿੱਚ ਹੀ ਹੋਈ। ਇਸ ਦੇ ਕਾਰਨ ਬਹੁਮੁਖੀ ਹਨ।

**ਗੁਰਮਤਿ-ਕਾਵਿ** ਵਿੱਚ ਪ੍ਰਵਿਰਤੀ ਮਾਰਗੀ ਸਿੱਖ ਸਦਾਚਾਰ ਤੇ ਇੱਕ ਪਰਮਸੱਤਾ (ੴ) ਦੇ ਸੰਕਲਪ ਨੂੰ ਪ੍ਰਮੁੱਖ ਵਿਸ਼ਾ ਬਣਾਇਆ ਗਿਆ ਹੈ। ਇਸ ਵਿੱਚ ਪਰਮ ਸੱਚ ਨੂੰ ਨਿਰਗੁਣ ਤੇ ਸਰਗੁਣ ਸ੍ਰਿਸ਼ਟੀ ਨੂੰ ਹੁਕਮ ਤੇ ਹਉਮੈ, ਸਮਾਜ ਨੂੰ ਗੁਰਮੁਖ ਤੇ ਮਨਮੁੱਖ ਅਤੇ ਮਾਨਵ-ਚਿੰਤਨ ਨੂੰ ਪ੍ਰੇਮ ਤੇ ਗਿਆਨ ਦੇ ਦਵੰਦ-ਰੂਪ ਵਿੱਚ ਗ੍ਰਹਿਣ ਕੀਤਾ ਗਿਆ ਹੈ। ਭਾਰਤੀ ਸੱਭਿਆਚਾਰ ਤੇ ਫਿਲ਼ਾਸਫ਼ੀ ਦਾ ਪੁਨਰ-ਵਿਵੇਚਨ ਅਤੇ ਸਮਕਾਲੀ ਸਮਾਜਿਕ-ਰਾਜਨੀਤਿਕ ਬੁਰਾਈਆਂ ਦੀ ਕਰੜੀ ਆਲੋਚਨਾ ਕਰਨ ਵਾਲ਼ੀ ਇਸ ਮਹਾਨ ਬਾਣੀ ਨੂੰ ਮਿੱਸੀ ਪੰਜਾਬੀ ਭਾਸ਼ਾ, ਲੋਕ-ਜੀਵਨ ਦੇ ਸ਼ਬਦ-ਚਿੱਤਰਾਂ, ਲੋਕ-ਕਾਵਿ-ਰੂਪਾਂ ਤੇ ਛੰਦਾਂ ਵਿੱਚ ਰਚ ਕੇ ਮਧੁਰ ਕੀਰਤਨ ਲਈ ਸਨਾਤਨੀ ਰਾਗ-ਵਿਧਾਨ ਦੇ ਅਧੀਨ ਰੱਖਿਆ ਗਿਆ ਹੈ।

**(ੲ) ਕਿੱਸਾ ਕਾਵਿ-ਧਾਰਾ:-** ਅਕਬਰ ਦੇ ਸਮੇਂ ਹੋਏ, ਭਾਈ ਗੁਰਦਾਸ ਤੇ ਗੁਰੂ ਅਰਜਨ ਦੇਵ ਦੇ ਸਮਕਾਲੀ, ਦਮੋਦਰ ਨੂੰ ਇਸ ਕਾਵਿ-ਧਾਰਾ ਦਾ ਮੋਢੀ ਮੰਨਿਆ ਜਾਂਦਾ ਹੈ। ਉੱਨ੍ਹੀਵੀਂ ਸਦੀ ਦੇ ਅੰਤ ਤੱਕ ਇਸ ਧਾਰਾ ਦੇ ਅਧੀਨ ਪੀਲੂ, ਹਾਫ਼ਿਜ਼ ਬਰਖ਼ੁਰਦਾਰ, ਅਹਿਮਦ ਗੁੱਜਰ, ਮੁਕਬਲ, ਵਾਰਿਸਸ਼ਾਹ, ਹਾਸ਼ਮ,



Downloaded from https:// www.studiestoday.com

Downloaded from https:// www.studiestoday.com

ਅਹਿਮਦਯਾਰ, ਕਾਦਰਯਾਰ, ਇਮਾਮ ਬਖ਼ਸ਼, ਫ਼ਜ਼ਲ ਸ਼ਾਹ, ਮੁਹੰਮਦ ਬਖ਼ਸ਼, ਕਿਸ਼ਨ ਸਿੰਘ ਆਰਿਫ਼, ਭਗਵਾਨ ਸਿੰਘ ਅਤੇ ਮਾਨ ਸਿੰਘ ਕਾਲੀਦਾਸ (ਗੁੱਜਰਾਂਵਾਲ਼ੀਆ) ਨੇ ਕਿੱਸੇ ਲਿਖੇ। ਇਹਨਾਂ ਵਿੱਚੋਂ ਸਿਰਮੌਰ ਕਵੀ ਵਾਰਿਸ ਸ਼ਾਹ ਹੈ।

ਪੰਜਾਬੀ ਕਿੱਸਾਕਾਰਾਂ ਨੇ ਲੋਕ ਪ੍ਰਚਲਿਤ ਪ੍ਰੇਮ-ਕਹਾਣੀਆਂ (ਜਿਵੇਂ ਹੀਰ ਰਾਂਝਾ, ਸੱਸੀ ਪੁੰਨੂੰ, ਮਿਰਜ਼ਾ ਸਾਹਿਬਾਂ, ਸ਼ੀਰੀ ਫ਼ਰਿਹਾਦ, ਸੋਹਣੀ ਮਹੀਂਵਾਲ), ਮਿਥ-ਕਥਾਵਾਂ (ਸ਼ਾਹ ਬਹਿਰਾਮ, ਕਾਮ ਰੂਪ ਤੇ ਸੈਫ਼ੁਲ ਮਲੂਕ) ਅਤੇ ਭਗਤੀ-ਭਾਵ ਵਾਲ਼ੀਆਂ ਦੰਦ-ਕਥਾਵਾਂ (ਜਿਵੇਂ : ਪੂਰਨ ਭਗਤ) ਨੂੰ ਆਪੋ-ਆਪਣੇ ਧਾਰਮਿਕ ਦ੍ਰਿਸ਼ਟੀਕੋਣ ਤੋਂ ਕਵਿਤਾ ਦਾ ਜਾਮਾ ਪਹਿਨਾਇਆ। ਆਮ ਕਰਕੇ, ਇਹ ਕਿੱਸਾਕਾਰ ਸੂਫ਼ੀ ਮੱਤ ਤੇ ਜੋਗ ਮੱਤ ਦੇ ਆਦਰਸ਼ਾਂ ਨੂੰ ਹੀ ਪ੍ਰਚਾਰਦੇ ਰਹੇ ਹਨ। ਰੂਪਕ ਪੱਖ ਤੋਂ ਹਾਸ਼ਮ ਸੂਫ਼ੀ ਕਾਵਿ-ਧਾਰਾ ਤੇ ਕਿੱਸਾ-ਕਾਵਿ ਧਾਰਾ ਦਾ ਸਾਂਝਾ ਕਵੀ ਹੈ: ਇਸ ਨੇ ਸਰੋਦੀ ਸੂਫ਼ੀ-ਕਵਿਤਾ ਦੀ ਰਚਨਾ ਵੀ ਕੀਤੀ ਤੇ ਬਿਰਤਾਂਤਿਕ ਕਿੱਸਿਆਂ ਦੀ ਵੀ। ਪੰਜਾਬੀ ਦੇ ਸਾਰੇ ਕਿੱਸਿਆਂ ਨੂੰ ਸਾਮੀ ਜਾਂ ਇਸਲਾਮੀ ਸੁਭਾਅ ਦਾ ਗਲਪ-ਸਾਹਿਤ ਅਤੇ ਆਧੁਨਿਕ ਨਿੱਕੀ ਕਹਾਣੀ ਤੇ ਨਾਵਲ ਦੇ ਵੱਡੇ-ਵਡੇਰੇ ਕਿਹਾ ਜਾ ਸਕਦਾ ਹੈ। ਪੰਜਾਬੀ ਬਿਰਤਾਂਤ-ਕਾਵਿ ਵਿੱਚ ਦੁਖਾਂਤ (ਟ੍ਰੈਜਡੀ) ਦੇ ਸੰਕਲਪ ਦਾ ਪ੍ਰਵੇਸ਼ ਤੇ ਵਿਕਾਸ ਕਿੱਸਾ ਕਾਵਿ-ਧਾਰਾ ਨਾਲ਼ ਹੀ ਹੋਇਆ।

ਕਿੱਸਾ-ਕਵੀਆਂ ਨੇ ਦਵੱਯਾ, ਸੱਦ, ਬੈਂਤ, ਕਬਿੱਤ ਤੇ ਕਲੀ ਆਦਿ ਗਿਣਵੇਂ-ਚੁਣਵੇਂ ਛੰਦਾਂ ਤੇ ਆਪੋ-ਆਪਣੇ ਖੇਤਰ ਦੀ ਫ਼ਾਰਸੀ ਰਲ਼ੀ ਪੰਜਾਬੀ ਬੋਲੀ ਦੀ ਵਰਤੋਂ ਕੀਤੀ ਹੈ।

(ਸ) **ਬੀਰ ਕਾਵਿ-ਧਾਰਾ:-** ਇਸ ਧਾਰਾ ਦਾ ਅਰੰਭ ਪੂਰਵ-ਮੁਗ਼ਲ-ਕਾਲ ਵਿੱਚ ਮੌਖਿਕ ਰੂਪ ਵਿੱਚ ਪ੍ਰਚਲਿਤ ਵਾਰਾਂ ਤੋਂ ਹੁੰਦਾ ਹੈ, ਜਿਨ੍ਹਾਂ ਦਾ ਪਤਾ ਆਦਿ ਗ੍ਰੰਥ ਵਿੱਚ ਆਏ ਸੰਕੇਤਾਂ ਤੋਂ ਲਗਦਾ ਹੈ, ਪਰ ਜਿਨ੍ਹਾਂ ਵਿੱਚੋਂ ਕੋਈ ਵੀ ਸੰਪੂਰਨ ਨਹੀਂ ਮਿਲ਼ਦੀ। ਉਸ ਵੇਲ਼ੇ ਦੇ ਰਜਵਾੜਿਆਂ ਦੀਆਂ ਜਾਇਦਾਦ, ਰਾਜ ਤੇ ਇਸਤਰੀ ਪਿੱਛੇ ਹੋਈਆਂ ਲੜਾਈਆਂ ਇਹਨਾਂ ਦਾ ਪ੍ਰਮੁੱਖ ਵਿਸ਼ਾ ਹੈ। ਅੱਗੋਂ ਪੰਜਾਬੀ ਯੁੱਧ-ਕਾਵਿ ਦੇ ਦੋ ਰੂਪ ਮਿਲ਼ਦੇ ਹਨ: ਵਾਰ ਤੇ ਜੰਗਨਾਮਾ। ਇਸ ਕਾਵਿ-ਧਾਰਾ ਨੂੰ ਗੁਰੂ ਗੋਬਿੰਦ ਸਿੰਘ, ਨਜਾਬਤ, ਮੁਕਬਲ, ਅਗਰਾ, ਮਟਕ, ਸ਼ਾਹ ਮੁਹੰਮਦ ਤੇ ਪੀਰ ਮੁਹੰਮਦ ਜਿਹੇ ਸਿੱਧ-ਹਸਤ ਕਵੀਆਂ ਨੇ ਵਿਕਸਿਤ ਕੀਤਾ ਹੈ। ਇਹਨਾਂ ਵਾਰਾਂ 'ਤੇ ਜੰਗਨਾਮਿਆਂ ਦੇ ਪ੍ਰਮੁੱਖ ਰਸ ਬੀਰ ਤੇ ਕਰੁਣਾ ਹਨ ਤੇ ਇਹਨਾਂ ਵਿੱਚ ਨਿਸ਼ਾਨੀ, ਬੈਂਤ ਤੇ ਡਿਉਢ ਛੰਦਾਂ ਦੀ ਵਰਤੋਂ ਹੋਈ ਹੈ। ਇਹਨਾਂ ਦੀ ਬੋਲੀ ਖੜਕਵੀਂ ਠੇਠ ਪੰਜਾਬੀ ਹੈ। ਚੰਡੀ ਦੀ ਵਾਰ ਅਜੇ ਤੱਕ ਸਭ ਤੋਂ ਉੱਤਮ ਵਾਰ ਮੰਨੀ ਗਈ ਹੈ।

ਇਹ ਹਨ ਮੱਧ-ਯੁਗੀ ਪੰਜਾਬੀ ਕਵਿਤਾ ਦੀਆਂ ਚਾਰ ਪ੍ਰਮੁੱਖ ਧਾਰਾਵਾਂ। ਉੱਨ੍ਹੀਵੀਂ ਸਦੀ ਤੱਕ ਇਹਨਾਂ ਸਭ ਦੀ ਜਾਂ ਇਹਨਾਂ ਵਿੱਚੋਂ ਕਿਸੇ ਇੱਕ ਦੀ ਪ੍ਰਧਾਨਤਾ ਰਹੀ ਹੈ। ਪਰ ਵੀਹਵੀਂ ਸਦੀ ਦੇ ਅਰੰਭ ਤੋਂ ਇਹਨਾਂ ਨੂੰ ਕਦੇ ਵੀ ਪ੍ਰਮੁੱਖ ਸਥਾਨ ਪ੍ਰਾਪਤ ਨਹੀਂ ਹੋਇਆ। ਯੁੱਗ-ਪਰਿਵਰਤਨ ਨਾਲ਼ ਇਹਨਾਂ ਦੀ ਥਾਂ ਕੁਝ ਹੋਰ ਕਾਵਿ-ਰੂਪਾਂ ਤੇ ਕਾਵਿ-ਪ੍ਰਵਿਰਤੀਆਂ (ਝੁਕਾਵਾਂ) ਨੂੰ ਪ੍ਰਧਾਨਤਾ ਪ੍ਰਾਪਤ ਹੋ ਗਈ। ਤਾਂ ਵੀ, ਵੀਹਵੀਂ ਸਦੀ ਦੀ ਪੰਜਾਬੀ ਕਵਿਤਾ ਵਿੱਚੋਂ ਸੂਫ਼ੀ, ਗੁਰਮਤਿ, ਕਿੱਸਾ ਤੇ ਵਾਰ-ਕਾਵਿ ਦੀ ਹੋਂਦ ਅਸਲੋਂ ਮੁੱਕ ਨਹੀਂ ਗਈ। ਇਹਨਾਂ ਧਾਰਾਵਾਂ ਦੀ ਕਾਵਿ-ਦ੍ਰਿਸ਼ਟੀ, ਕਾਵਿ-ਰੂੜ੍ਹੀਆਂ ਤੇ ਕਾਵਿ-ਭਾਸ਼ਾ ਦਾ ਪ੍ਰਭਾਵ ਵੀਹਵੀਂ ਸਦੀ ਦੀ ਪੰਜਾਬੀ ਕਵਿਤਾ ਉੱਤੇ ਵੀ ਲਗਾਤਾਰ ਰਿਹਾ ਹੈ।



Downloaded from https:// www.studiestoday.com

Downloaded from https:// www.studiestoday.com

## ਅਭਿਆਸ

1. ਪੰਜਾਬ, ਪੰਜਾਬੀ ਤੇ ਗੁਰਮੁਖੀ ਲਿਪੀ ਬਾਰੇ ਤੁਸੀਂ ਕੀ ਜਾਣਦੇ ਹੋ ?
2. ਪੰਜਾਬੀ ਕਵਿਤਾ ਦੇ ਇਤਿਹਾਸ ਨੂੰ ਕਿਹੜੇ ਯੁੱਗਾਂ ਵਿੱਚ ਵੰਡਿਆ ਜਾਂਦਾ ਹੈ ? ਉਹਨਾਂ ਵਿੱਚੋਂ ਮੱਧਯੁੱਗ ਦੀਆਂ ਵਿਸ਼ੇਸ਼ਤਾਵਾਂ ਬਾਰੇ ਲਿਖੋ।
3. ਮੱਧਯੁੱਗ ਦੀ ਪੰਜਾਬੀ ਕਵਿਤਾ ਦੀਆਂ ਪ੍ਰਮੁੱਖ ਧਾਰਾਵਾਂ ਬਾਰੇ ਦੱਸੋ।
4. ਪੰਜਾਬੀ ਕਵਿਤਾ ਦੇ ਇਤਿਹਾਸ ਦੀ ਕਾਲ-ਵੰਡ ਕਰੋ ਤੇ ਪ੍ਰਮੁੱਖ ਕਾਲਾਂ ਦੇ ਨਾਂ ਲਿਖੋ।
5. ਪੂਰਵ ਮੁਗ਼ਲ-ਕਾਲ ਦੀ ਪੰਜਾਬੀ ਕਵਿਤਾ ਸੰਬੰਧੀ ਸੰਖੇਪ ਜਾਣਕਾਰੀ ਦਿਓ।
6. ਮੁਗ਼ਲ-ਕਾਲ ਵਿੱਚ ਰਚੀ ਗਈ ਕਵਿਤਾ ਦੀਆਂ ਕਾਵਿ-ਵੰਨਗੀਆਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਹਾਨਤਾ ਬਾਰੇ ਲਿਖੋ।
7. ਪਿਛਲੇਰੇ ਮੁਗ਼ਲ ਕਾਲ ਦੀਆਂ ਕਾਵਿ-ਵੰਨਗੀਆਂ ਦੀ ਜਾਣ ਪਛਾਣ ਕਰਾਓ।
8. ਸਿੱਖ ਰਾਜ-ਕਾਲ ਵਿੱਚ ਕਿਸ ਪ੍ਰਕਾਰ ਦੀ ਕਵਿਤਾ ਲਿਖੀ ਜਾਂਦੀ ਰਹੀ ? ਸੰਖੇਪ ਵਿੱਚ ਉਸ ਬਾਰੇ ਦੱਸੋ।

****



Downloaded from https:// www.studiestoday.com

Downloaded from https:// www.studiestoday.com

# ਸੂਫ਼ੀ-ਕਾਵਿ

## ਆਮ ਜਾਣਕਾਰੀ

**ਸੂਫ਼ੀ ਮੱਤ** -ਸੂਫ਼ੀ ਮੱਤ ਇਸਲਾਮ ਦਾ ਹੀ ਇੱਕ ਰਹੱਸਵਾਦੀ ਰੂਪ ਹੈ। ਇਹ ਮੱਤ ਇਸਲਾਮ ਦੀ ਕੱਟੜਤਾ ਦੇ ਪ੍ਰਤਿਕਰਮ ਵਜੋਂ ਪੈਦਾ ਹੋਇਆ। ਇਸ ਦਾ ਕਾਰਨ ਇਹ ਸੀ ਕਿ ਇੱਕ ਸਮੇਂ ਇਸਲਾਮ ਧਰਮ ਇੰਨਾ ਕਰਮ-ਕਾਂਡੀ ਹੋ ਗਿਆ ਕਿ ਇਸ ਦੀ ਰਹਿਤ-ਮਰਯਾਦਾ ਦੀ ਪਾਲਨਾ ਕਰਨੀ ਆਮ ਵਿਅਕਤੀ ਲਈ ਮੁਸ਼ਕਲ ਹੋ ਗਈ। ਇਸ ਲਈ ਇਸਲਾਮ ਦੇ ਸੱਚੇ ਅਨੁਯਾਈਆਂ ਨੇ ਇਸ ਨਵੇਂ ਮੱਤ (ਸੂਫ਼ੀ) ਦੀ ਨੀਂਹ ਰੱਖੀ, ਜਿਸ ਵਿੱਚ ਮਰਯਾਦਾ ਦਾ ਪਾਲਣ ਕਰਨ ਦੇ ਨਾਲ਼-ਨਾਲ਼ ਧਰਮ ਦੀ ਸਹੀ ਆਤਮਾ ਦੀ ਪਛਾਣ ਉੱਪਰ ਜ਼ੋਰ ਦਿੱਤਾ ਗਿਆ। ਸੂਫ਼ੀ ਫੋਕੇ ਕਰਮ-ਕਾਂਡ ਤੇ ਦਿਖਾਵੇ ਦੇ ਵਿਰੋਧੀ ਸਨ ਪਰ ਕੁਰਾਨ ਜੋਕਿ ਇਸਲਾਮ ਦਾ ਬੁਨਿਆਦੀ ਗ੍ਰੰਥ ਹੈ, ਦੀ ਸਿੱਖਿਆ ਅਨੁਸਾਰ ਚੱਲਦੇ ਸਨ। ਕੁਰਾਨ ਦਾ ਬੁਨਿਆਦੀ ਸਿਧਾਂਤ ਇੱਕ ਰੱਬ ਨੂੰ ਮੰਨਣਾ ਤੇ ਉਸ ਨੂੰ ਪ੍ਰੇਮ ਦੁਆਰਾ ਜਾਣਨਾ ਹੈ। ਇਸ ਨੂੰ 'ਤੌਹੀਦ ਦਾ ਸਿਧਾਂਤ' ਕਿਹਾ ਜਾਂਦਾ ਹੈ। ਸੂਫ਼ੀ ਵੀ ਇਸੇ ਸਿਧਾਂਤ ਵਿੱਚ ਵਿਸ਼ਵਾਸ਼ ਰੱਖਦੇ ਸਨ ਤੇ ਰੱਬ ਦੀ ਪ੍ਰਾਪਤੀ ਲਈ ਸਰੀਰਿਕ ਸ਼ੁੱਧੀ ਦੇ ਨਾਲ਼-ਨਾਲ਼ ਮਾਨਸਿਕ ਤੇ ਆਤਮਿਕ ਸ਼ੁੱਧੀ ਉੱਪਰ ਜ਼ੋਰ ਦਿੰਦੇ ਹਨ। ਇਉਂ ਇਹ ਮੱਤ ਉਸ ਸਮੇਂ ਦੇ ਕੱਟੜ ਇਸਲਾਮ ਦੇ ਵਿਰੋਧ ਵਿੱਚੋਂ ਉਪਜਿਆ ਪਰ ਆਪਣੇ ਸਿਧਾਂਤਕ ਰੂਪ ਵਿੱਚ ਇਹ ਇਸਲਾਮੀ ਰਹੱਸਵਾਦ ਦੀ ਹੀ ਇੱਕ ਸ਼ਾਖ਼ਾ ਦੇ ਰੂਪ ਵਿੱਚ ਵਿਗਸਿਆ ਤੇ ਇਸ ਨੇ ਆਪਣੇ ਬੁਨਿਆਦੀ ਅਸੂਲਾਂ (ਸ਼ਰੀਅਤ, ਤਰੀਕਤ, ਮਾਰਫ਼ਤ ਤੇ ਹਕੀਕਤ)* ਦੁਆਰਾ ਇੱਕ ਸੂਫ਼ੀ-ਸਾਧਕ ਨੂੰ ਸੰਤੁਲਿਤ ਵਿਅਕਤੀ ਬਣਨ ਦੀ ਪ੍ਰੇਰਨਾ ਦਿੱਤੀ।

ਸੂਫ਼ੀ ਮੱਤ ਨੌਂਵੀਂ ਸਦੀ ਈਸਵੀ ਵਿੱਚ ਹੋਂਦ ਵਿੱਚ ਆਇਆ। ਇਸ ਦੇ ਅਰੰਭਿਕ ਕੇਂਦਰ ਈਰਾਨ ਵਿੱਚ ਬਗਦਾਦ ਤੇ ਕੂਫ਼ਾ ਵਿਖੇ ਸਨ। ਸੂਫ਼ੀ ਸ਼ਬਦ 'ਸੂਫ਼' ਤੋਂ ਬਣਿਆ, ਜਿਸ ਦਾ ਅਰਥ ਹੈ : ਉੱਨ। ਅਰੰਭਿਕ ਸੂਫ਼ੀ ਆਪਣੇ ਆਪ ਨੂੰ ਕੱਟੜ ਮੁਸਲਮਾਨਾਂ ਨਾਲ਼ੋਂ ਨਿਖੇੜਨ ਲਈ ਚਿੱਟੀ ਜਾਂ ਕਾਲ਼ੀ ਉੱਨ ਦੇ ਕੱਪੜੇ ਪਹਿਨਦੇ ਸਨ ਇਸ ਲਈ ਉਹਨਾਂ ਨੂੰ ਸੂਫ਼ੀ ਕਿਹਾ ਜਾਣ ਲੱਗਾ। ਮਗਰੋਂ ਜਾ ਕੇ ਨਾ ਕੇਵਲ ਉੱਨ ਸਗੋਂ ਕਾਲ਼ੇ ਰੰਗ ਦੇ ਕੱਪੜੇ ਹੀ ਇਹਨਾਂ ਦੀ ਪਛਾਣ ਬਣੇ। ਕਈ ਵਿਦਵਾਨਾਂ ਨੇ 'ਸੂਫ਼ੀ' ਸ਼ਬਦ ਦੀ ਉਤਪਤੀ ਸਫ਼ਾ (ਪਵਿੱਤਰਤਾ) ਸਫ਼ (ਕਤਾਰ) ਤੇ ਸੋਫ਼ੀ ਮੱਤ (ਯੂਨਾਨੀ) ਤੋਂ ਵੀ ਹੋਈ ਮੰਨੀ ਹੈ। ਸੂਫ਼ੀ ਮੱਤ ਕਿਉਂਕਿ ਇਸਲਾਮ ਦਾ ਹੀ ਇੱਕ ਨਵਾਂ ਰੂਪ ਸੀ ਇਸ ਲਈ ਜਿੱਥੇ-ਜਿੱਥੇ ਵੀ ਮੁਸਲਿਮ ਹਮਲਾਵਰਾਂ ਨਾਲ਼ ਇਸਲਾਮ ਧਰਮ ਪਹੁੰਚਿਆ, ਸੂਫ਼ੀ ਮੱਤ ਵੀ ਇਸ ਦੇ ਨਾਲ਼-ਨਾਲ਼ ਫੈਲਿਆ। ਪਰ ਸੂਫ਼ੀ ਮੱਤ ਨੇ ਇੱਕ ਉਦਾਰਵਾਦੀ ਮੱਤ ਹੋਣ ਕਾਰਨ ਹੋਰ ਮੱਤਾਂ ਦਾ ਪ੍ਰਭਾਵ ਵੀ ਕਬੂਲਿਆ। ਭਾਰਤ ਵਿੱਚ ਪ੍ਰਵੇਸ਼ ਸਮੇਂ ਇਸ ਉੱਪਰ ਕੁਝ ਹੱਦ ਤੱਕ ਵੇਦਾਂਤ ਤੇ ਬੁੱਧ ਮੱਤ ਦਾ ਪ੍ਰਭਾਵ ਵੀ ਪਿਆ।

ਪੰਜਾਬੀ ਵਿੱਚ ਸੂਫ਼ੀ ਮੱਤ ਦਾ ਪ੍ਰਵੇਸ਼ ਮੁਸਲਿਮ ਹਮਲਾਵਰਾਂ ਨਾਲ਼ ਹੋਇਆ। ਗਿਆਰ੍ਹਵੀਂ ਸਦੀ ਵਿੱਚ ਮਹਿਮੂਦ ਗਜ਼ਨਵੀ ਦੇ ਪੁੱਤਰ ਮਸਾਊਦ ਦੀਆਂ ਫ਼ੌਜਾਂ ਨਾਲ਼ ਆਇਆ ਇੱਕ ਸੂਫ਼ੀ ਲਾਹੌਰ ਪਹੁੰਚਿਆ ਇਸ ਦਾ ਨਾਂ 'ਸ਼ੇਖ਼ ਅਲੀ ਮਖ਼ਦੂਮ ਹੁਜਵੀਰੀ, ਸੀ। ਪੰਜਾਬ ਵਿੱਚ ਇਸ ਨੂੰ 'ਦਾਤਾ ਗੰਜ ਬਖ਼ਸ਼' ਦੇ ਨਾਂ ਨਾਲ਼ ਜਾਣਿਆ ਜਾਣ ਲੱਗਾ। ਇਸ ਸੂਫ਼ੀ ਦਰਵੇਸ਼ ਦਾ ਪੰਜਾਬ ਦੇ ਲੋਕ-ਜੀਵਨ ਉੱਪਰ ਬੜਾ ਪ੍ਰਭਾਵ ਪਿਆ। ਇਸ ਮਗਰੋਂ ਹੋਰ ਸੂਫ਼ੀ ਦਰਵੇਸ਼ਾਂ ਦੇ ਪੰਜਾਬ ਵਿੱਚ ਪ੍ਰਵੇਸ਼ ਕਾਰਨ ਸੂਫ਼ੀ ਮੱਤ ਇੱਕ ਤਰ੍ਹਾਂ ਪੰਜਾਬ ਦੇ ਜਨ-

---

ਇਹ ਚਾਰ ਪੜਾਅ ਰੱਬੀ-ਖੋਜ ਵਿੱਚ ਤੁਰੇ ਸਾਧਕ ਦੇ ਪਉੜੀ ਦਰ ਪਉੜੀ ਵਿਕਾਸ ਦੇ ਸੂਚਕ ਹਨ। ਸ਼ਰੀਅਤ ਵਿੱਚ ਸਰੀਰਿਕ ਸ਼ੁੱਧੀ, ਨਮਾਜ਼, ਰੋਜ਼ੇ ਆਦਿ ਦੀ ਪਾਲਣਾ, ਤਰੀਕਤ ਵਿੱਚ ਗੁਰੂ ਦੀ ਮਹੱਤਤਾ ਤੇ ਮਾਰਫ਼ਤ ਵਿੱਚ ਸਾਧਕ ਦਾ ਸ੍ਵੈਜਤਨ ਆਉਂਦੇ ਹਨ। ਹਕੀਕਤ ਦੀ ਅਵਸਥਾ ਸੱਚ ਨੂੰ ਪਛਾਣਨ ਤੇ ਇਸ ਨਾਲ਼ ਇੱਕ-ਮਿੱਕ ਹੋਣ ਦੀ ਅਵਸਥਾ ਹੈ।



Downloaded from https:// www.studiestoday.com

Downloaded from https:// www.studiestoday.com

ਜੀਵਨ ਦਾ ਅੰਗ ਹੀ ਬਣ ਗਿਆ। ਪੰਜਾਬ ਦੀ ਧਰਤੀ ਉੱਤੇ ਸੂਫ਼ੀਆਂ ਦੇ ਕਈ ਡੇਰੇ ਤੇ ਤਕੀਏ ਬਣ ਗਏ ਤੇ ਸੂਫ਼ੀ ਦਰਵੇਸ਼ਾਂ ਦੀ ਮਾਨਤਾ ਹੋਣ ਲੱਗੀ। ਪੰਜਾਬ ਵਿੱਚ ਇਸਲਾਮ ਮੱਤ ਦੇ ਪ੍ਰਚਾਰ ਵਿੱਚ ਇਹਨਾਂ ਸੂਫ਼ੀਆਂ ਦਾ ਬਹੁਤ ਵੱਡਾ ਯੋਗਦਾਨ ਹੈ। ਸੂਫ਼ੀਆਂ ਦੇ ਕਈ ਫਿਰਕੇ ਜਾਂ ਸੰਪ੍ਰਦਾਇ ਸਥਾਪਿਤ ਹੋ ਗਏ ਸਨ, ਜਿਨ੍ਹਾਂ ਵਿੱਚੋਂ ਪ੍ਰਸਿੱਧ ਹਨः ਚਿਸ਼ਤੀ, ਨਕਸ਼ਬੰਦੀ, ਸੁਹਰਾਵਰਦੀ, ਕਾਦਰੀ, ਮਲਾਮਤੀ ਤੇ ਰੌਸ਼ਨੀ।

**ਪੰਜਾਬੀ ਸੂਫ਼ੀ-ਕਾਵਿ** :– ਸਾਹਿਤਿਕ ਪੱਖੋਂ ਸੂਫ਼ੀ ਦਰਵੇਸ਼ਾਂ ਦਾ ਮਹੱਤਵ ਉਹਨਾਂ ਦੇ ਕਵੀ ਹੋਣ ਕਾਰਨ ਹੈ। ਸੂਫ਼ੀ ਕਵੀਆਂ ਨੇ ਸੂਫ਼ੀ ਸਿਧਾਂਤਾਂ ਨੂੰ ਪ੍ਰਗਟਾਉਂਦੀ ਮਹਾਨ ਕਵਿਤਾ ਲਿਖੀ। ਸਮੁੱਚਾ ਸੂਫ਼ੀ–ਕਾਵਿ ਆਪਣੇ ਵਿਸ਼ੇ ਤੇ ਰੂਪ ਦੇ ਪੱਖੋਂ ਪੰਜਾਬੀ ਸਾਹਿਤ ਦੀ ਇੱਕ ਅਦੁੱਤੀ ਪ੍ਰਾਪਤੀ ਹੈ। ਇਸ ਕਾਵਿ ਨੇ ਪੰਜਾਬ ਦੇ ਲੋਕ–ਵਿਰਸੇ ਨਾਲ਼ ਆਪਣੀ ਸਾਂਝ ਪਾਈ ਤੇ ਪੰਜਾਬੀ ਸੱਭਿਆਚਾਰ ਦੇ ਅਨੇਕਾਂ ਪੱਖਾਂ ਨੂੰ ਆਪਣੀ ਕਵਿਤਾ ਦੁਆਰਾ ਉਜਾਗਰ ਕੀਤਾ। ਸੂਫ਼ੀ ਕਵੀਆਂ ਨੇ ਪੰਜਾਬ ਦੀ ਲੋਕ–ਬੋਲੀ ਵਿੱਚ ਆਪਣੀ ਰਚਨਾ ਕੀਤੀ ਤੇ ਇਸ ਬੋਲੀ ਨੂੰ ਸਾਹਿਤਿਕ ਠੁੱਕ ਪ੍ਰਦਾਨ ਕਰਨ ਤੇ ਇਸ ਦੇ ਵਿਕਾਸ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ।

****



Downloaded from https:// www.studiestoday.com

Downloaded from https:// www.studiestoday.com

# ਪ੍ਰਮੁੱਖ ਸੂਫ਼ੀ ਕਵੀ

ਪੰਜਾਬੀ ਦੇ ਪ੍ਰਮੁੱਖ ਸੂਫ਼ੀ ਕਵੀ ਹੇਠ ਲਿਖੇ ਹਨ:

## (1) ਸ਼ੇਖ਼ ਫ਼ਰੀਦ ਸ਼ਕਰਗੰਜ (1173-1266)

**ਜੀਵਨ:-** ਸ਼ੇਖ਼ ਫ਼ਰੀਦ ਸ਼ਕਰਗੰਜ ਪੰਜਾਬੀ ਸੂਫ਼ੀ ਕਾਵਿ-ਧਾਰਾ ਦੇ ਤੇ, ਸਮੁੱਚੇ ਤੌਰ ਉੱਤੇ, ਪੰਜਾਬੀ ਕਵਿਤਾ ਦੇ ਵੀ ਮੋਢੀ ਕਵੀ ਹਨ। ਫ਼ਰੀਦ ਜੀ ਸੂਫ਼ੀਆਂ ਦੇ ਚਿਸ਼ਤੀ ਸੰਪਰਦਾਇ ਨਾਲ਼ ਸੰਬੰਧਿਤ ਸਨ ਤੇ ਆਪ ਦਾ ਮੁਰਸ਼ਦ (ਗੁਰੂ) ਕੁਤਬ-ਉਦ-ਦੀਨ ਬਖ਼ਤਿਆਰ ਕਾਕੀ ਸੀ। ਆਪ ਦੇ ਪਿਤਾ ਦਾ ਨਾਂ ਸੁਲੇਮਾਨ ਸੀ। ਆਪ ਦੇ ਵੱਡੇ-ਵਡੇਰੇ ਕਾਬਲ ਤੋਂ ਆ ਕੇ ਜ਼ਿਲ੍ਹਾ ਮੁਲਤਾਨ ਦੇ ਇੱਕ ਪਿੰਡ ਖੋਤਵਾਲ ਵਿੱਚ ਵੱਸ ਗਏ ਸਨ। ਫ਼ਰੀਦ ਜੀ ਦਾ ਜਨਮ 1173 ਈ: ਨੂੰ ਇਸੇ ਸਥਾਨ ਉੱਤੇ ਹੋਇਆ। ਫ਼ਰੀਦ ਜੀ ਦੀ ਸ਼ਖ਼ਸੀਅਤ ਇੱਕ ਸੱਚੇ ਸੂਫ਼ੀ-ਸਾਧਕ ਦੀ ਸ਼ਖ਼ਸੀਅਤ ਸੀ। ਆਪ ਇੱਕ ਬਹੁਤ ਵੱਡੇ ਵਿਦਵਾਨ ਤੇ ਤਪੱਸਵੀ ਮਹਾਂਪੁਰਖ ਸਨ।

**ਕਾਵਿ-ਰਚਨਾ**:- ਪੰਜਾਬੀ ਵਿੱਚ ਰਚੀ ਆਪ ਦੀ ਬਾਣੀ ਬਹੁਤ ਸੰਖੇਪ ਹੈ। ਇਸ ਵਿੱਚ ਕੁੱਲ 4 ਸ਼ਬਦ ਤੇ 112 ਸਲੋਕ ਆਉਂਦੇ ਹਨ। ਇਹ ਸਾਰੀ ਬਾਣੀ 'ਆਦਿ ਗ੍ਰੰਥ' ਵਿੱਚ ਦਰਜ ਹੈ: ਗੁਰੂ ਗ੍ਰੰਥ ਸਾਹਿਬ ਵਿੱਚ 'ਸਲੋਕ ਸ਼ੇਖ਼ ਫ਼ਰੀਦ ਜੀ ਕੇ' ਸਿਰਲੇਖ ਅਧੀਨ 130 ਸਲੋਕ ਦਿੱਤੇ ਗਏ ਹਨ ਕਿਉਂਕਿ ਇਹਨਾਂ ਵਿੱਚ 18 ਸਲੋਕ ਸਿੱਖ ਗੁਰੂਆਂ ਦੇ ਹਨ, ਜਿਹੜੇ ਫ਼ਰੀਦ ਜੀ ਦੇ ਕਿਸੇ ਵਿਚਾਰ ਨੂੰ ਵਧੇਰੇ ਸਪਸ਼ਟ ਕਰਨ ਲਈ ਜਾਂ ਉਹਨਾਂ ਦੇ ਕਿਸੇ ਸ਼ੰਕੇ ਦੇ ਸਪਸ਼ਟੀਕਰਨ ਲਈ ਦਿੱਤੇ ਗਏ ਹਨ।

ਫ਼ਰੀਦ ਬਾਣੀ ਦੇ ਮੁੱਖ ਵਿਸ਼ੇ ਰੱਬੀ ਅਰਾਧਨਾ, ਦਰਵੇਸ਼ੀ ਜੀਵਨ ਜਿਊਂਣ ਦਾ ਉਪਦੇਸ਼, ਮਨੁੱਖ ਨੂੰ ਉੱਚਾ-ਸੁੱਚਾ ਜੀਵਨ ਜਿਊਂਣ ਦੀ ਪ੍ਰੇਰਨਾ ਦੇਣਾ ਹਨ। ਇਹ ਸਾਰੀ ਬਾਣੀ ਉਪਦੇਸ਼ਾਤਮਿਕ ਹੈ ਤੇ ਇਸ ਦੀ ਪਹੁੰਚ ਮਾਨਵਵਾਦੀ ਹੈ। ਫ਼ਰੀਦ ਜੀ ਕਿਉਂਕਿ ਆਪ ਇਸਲਾਮੀ ਸ਼ਰ੍ਹਾ ਦੇ ਪਾਬੰਦ ਸਨ ਇਸ ਲਈ ਉਹ ਸੂਫ਼ੀ-ਸਾਧਕ ਨੂੰ ਵੀ ਇਹਨਾਂ ਅਸੂਲਾਂ ਦੀ ਪਾਲਣਾ ਕਰਨ ਲਈ ਪ੍ਰੇਰਦੇ ਹਨ:

ਫਰੀਦਾ ਬੇਨਿਵਾਜਾ ਕੁਤਿਆ ਏਹ ਨ ਭਲੀ ਰੀਤਿ ।।
ਕਬਹੀ ਚਲਿ ਨ ਆਇਆ, ਪੰਜੇ ਵਖਤ ਮਸੀਤਿ। ।।70।।(1381)

ਜਾਂ

ਉਠੁ ਫਰੀਦਾ ਉਜੂ ਸਾਜਿ ਸੁਬਹ ਨਿਵਾਜ ਗੁਜਾਰਿ ।।
ਜੋ ਸਿਰੁ ਸਾਂਈ ਨਾ ਨਿਵੈ ਸੋ ਸਿਰੁ ਕਪਿ ਉਤਾਰਿ ।।71।। (1381)

ਪਰ ਉਹਨਾਂ ਦੇ ਨਮਾਜ਼ ਦੇ ਅਰਥ ਨਿਮਰਤਾ ਤੇ ਸੱਚ ਦੇ ਅਸੂਲਾਂ ਨਾਲ਼ ਜੁੜਨ ਦੇ ਹਨ। ਉਹ ਫੋਕੇ ਭੇਖ ਤੇ ਪਖੰਡ ਦੇ ਵਿਰੁੱਧ ਹਨ:

ਫਰੀਦਾ ਕਾਲੇ ਮੈਡੇ ਕਪੜੇ ਕਾਲਾ ਮੈਡਾ ਵੇਸੁ ।।
ਗੁਨਹੀ ਭਰਿਆ ਮੈ ਫਿਰਾ ਲੋਕੁ ਕਹੈ ਦਰਵੇਸੁ ।।61।। (1381)

ਇਸ ਲਈ ਆਪ ਸੂਫ਼ੀ-ਸਦਾਚਾਰ ਦੇ ਮਨ ਦੀ ਪਵਿੱਤਰਤਾ ਉੱਪਰ ਵੀ ਓਨਾ ਹੀ ਜ਼ੋਰ ਦਿੰਦੇ ਹਨ,



Downloaded from https:// www.studiestoday.com

Downloaded from https:// www.studiestoday.com

ਜਿੰਨਾ ਸਰੀਰਿਕ ਸ਼ੁੱਧੀ ਉੱਪਰ, ਜਿਵੇਂ:

ਫ਼ਰੀਦਾ ਜਿਨੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ॥
ਮਤੁ ਸਰਮਿੰਦਾ ਥੀਵਹੀ ਸਾਂਈ ਦੈ ਦਰਬਾਰਿ॥59॥(1381)

ਬਾਬਾ ਫ਼ਰੀਦ ਦੀ ਪਹੁੰਚ ਕਿਉਂਕਿ ਮਾਨਵਵਾਦੀ ਹੈ ਇਸ ਲਈ ਉਹਨਾਂ ਨੂੰ ਸਾਰੇ ਮਨੁੱਖਾਂ ਵਿੱਚ ਰੱਬ ਦੇ ਦਰਸ਼ਨ ਹੁੰਦੇ ਹਨ ਤੇ ਉਹ ਵਿਅਕਤੀ ਨੂੰ ਮਾਨਵ-ਹਿਤੈਸ਼ੀ ਬਣਨ ਲਈ ਪ੍ਰੇਰਦੇ ਹਨ:

ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ॥
ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀਦਾ॥130॥ (1384)

ਇਸ ਲਈ ਉਹ ਦੁਨਿਆਵੀ ਪਦਾਰਥਾਂ ਦੀ ਨਾਸ਼ਮਾਨਤਾ ਤੇ ਮਨੁੱਖੀ ਜ਼ਿੰਦਗੀ ਦੀ ਛਿਣ-ਭੰਗਰਤਾ ਬਾਰੇ ਮਨੁੱਖ ਨੂੰ ਸੁਚੇਤ ਕਰ ਕੇ ਉਸ ਨੂੰ ਲੋਭ ਤੋਂ ਉੱਚਾ ਉੱਠ ਕੇ, ਸਾਤਵਿਕ ਜੀਵਨ ਜਿਊਂਣ ਦਾ ਉਪਦੇਸ਼ ਦਿੰਦੇ ਹਨ:

ਫਰੀਦਾ ਕੋਠੇ ਮੰਡਪ ਮਾੜੀਆ ਏਤੁ ਨ ਲਾਏ ਚਿਤੁ॥
ਮਿਟੀ ਪਈ ਅਤੋਲਵੀ ਕੋਇ ਨ ਹੋਸੀ ਮਿਤੁ॥57॥(1380)

ਜਾਂ

ਫਰੀਦਾ ਮੈ ਭੋਲਾਵਾ ਪਗ ਦਾ ਮਤੁ ਮੈਲੀ ਹੋਇ ਜਾਇ॥
ਗਹਿਲਾ ਰੂਹੁ ਨ ਜਾਣਈ ਸਿਰੁ ਭੀ ਮਿਟੀ ਖਾਇ॥26॥(1379)

ਇਉਂ ਫ਼ਰੀਦ ਬਾਣੀ ਵਿੱਚੋਂ ਇੱਕ ਸੱਚੇ ਸੂਫ਼ੀ-ਸਾਧਕ ਦੀ ਸੰਤੁਲਿਤ ਤੇ ਅਨੁਸ਼ਾਸਿਤ ਸ਼ਖ਼ਸੀਅਤ ਦੇ ਦਰਸ਼ਨ ਹੁੰਦੇ ਹਨ।

ਸਿਧਾਂਤਕ ਪੱਖ ਤੋਂ ਫ਼ਰੀਦ-ਬਾਣੀ ਸਮੁੱਚੀ ਪੰਜਾਬੀ ਸੂਫ਼ੀ-ਕਵਿਤਾ ਦਾ ਪ੍ਰੌੜ੍ਹ ਰੂਪ ਮੰਨੀ ਜਾਂਦੀ ਹੈ ਕਿਉਂਕਿ ਇਸ ਵਿੱਚ ਸੂਫ਼ੀਵਾਦ ਦੇ ਸਾਰੇ ਮੂਲ ਸਿਧਾਂਤਾਂ ਨੂੰ ਕਾਵਿਕ ਪੱਧਰ 'ਤੇ ਅਜਿਹੇ ਢੰਗ ਨਾਲ਼ ਪ੍ਰਗਟਾਇਆ ਗਿਆ ਹੈ ਕਿ ਸਿਧਾਂਤ ਕਿਤੇ ਵੀ ਕਾਵਿ-ਸੁੰਦਰਤਾ ਉੱਪਰ ਹਾਵੀ ਨਹੀਂ ਹੁੰਦਾ। ਸੂਫ਼ੀ ਵਿਚਾਰਧਾਰਾ ਅਨੁਸਾਰ 'ਇਸ਼ਕ' ਦਾ ਸੰਕਲਪ ਇੱਕ ਅਜਿਹਾ ਸੰਕਲਪ ਹੈ ਜੋ ਸਾਧਕ ਨੂੰ ਸੱਚ ਦੀ ਪਛਾਣ ਦੇ ਰਾਹ ਤੋਰਦਾ ਹੈ। ਇਹ ਇਸ਼ਕ, ਇਸ਼ਕ-ਹਕੀਕੀ (ਦੈਵੀ-ਪ੍ਰੇਮ) ਹੈ ਜਿਸ ਦੀ ਪ੍ਰਾਪਤੀ ਲਈ ਗੁਰੂ ਜਾਂ ਮੁਰਸ਼ਦ ਦੀ ਲੋੜ ਹੈ। ਬਾਬਾ ਫ਼ਰੀਦ ਨੇ ਇਸ ਇਸ਼ਕ ਦੇ ਅਹਿਸਾਸ ਨੂੰ ਦ੍ਰਿੜ੍ਹ ਕਰਵਾਉਣ ਲਈ ਬਿਰਹੋਂ, ਦਾ ਸੰਕਲਪ ਦਿੱਤਾ। ਬਿਰਹੋਂ ਦਾ ਇਹ ਸੰਕਲਪ ਫ਼ਰੀਦ ਤੋਂ ਪਿੱਛੋਂ ਆਉਣ ਵਾਲ਼ੇ ਸਾਰੇ ਸੂਫ਼ੀਆਂ ਵਿੱਚ ਮਿਲ਼ਦਾ ਹੈ। ਫ਼ਰੀਦ ਜੀ ਅਨੁਸਾਰ ਬਿਰਹੋਂ ਜਾਂ ਵਿਛੋੜੇ ਦੀ ਭਾਵਨਾ ਹੀ ਸੂਫ਼ੀ-ਸਾਧਕ ਨੂੰ ਇਸ਼ਕ ਦੇ ਰਾਹ ਪੈਣ ਲਈ ਪ੍ਰੇਰਿਤ ਕਰਦੀ ਹੈ, ਇਸ ਲਈ ਜਿਸ ਵਿਅਕਤੀ ਅੰਦਰ ਬਿਰਹੋਂ ਜਾਗਦਾ ਹੈ, ਉਹ ਅਸਲੀ ਮਨੁੱਖ ਹੈ, ਜਿਊਂਦਾ-ਜਾਗਦਾ ਮਨੁੱਖ:

ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ॥ (1379)
ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਣੁ॥36॥

'ਬਿਰਹੁ' ਅਰਥਾਤ ਵਿਛੋੜੇ ਦੀ ਭਾਵੁਕ ਚੇਤੰਨਤਾ ਹੀ ਸੂਫ਼ੀ-ਸਾਧਕ ਨੂੰ ਮਿਲ਼ਾਪ ਲਈ ਜਤਨਸ਼ੀਲ



Downloaded from https:// www.studiestoday.com

Downloaded from https:// www.studiestoday.com

ਕਰਦੀ ਹੈ ਤੇ ਉਹ ਸੂਫ਼ੀ-ਸਦਾਚਾਰ ਨੂੰ ਅਪਣਾਉਂਦਾ ਹੋਇਆ ਆਪਣੇ ਆਪੇ ਦਾ ਵਿਕਾਸ ਕਰਨ ਦੇ ਸਮਰੱਥ ਹੁੰਦਾ ਹੈ। ਉਸ ਦੇ ਆਪੇ ਦੇ ਵਿਕਾਸ ਵਿੱਚ ਗੁਰੂ ਦਾ ਬਹੁਤ ਵੱਡਾ ਹੱਥ ਹੈ ਇਸ ਲਈ ਸੂਫ਼ੀ ਸਿਧਾਂਤ ਅਨੁਸਾਰ ਗੁਰੂ ਧਾਰਨ ਕਰਨਾ ਤੇ ਉਸ ਦੀ ਆਗਿਆ ਵਿੱਚ ਰਹਿਣਾ ਬਹੁਤ ਜ਼ਰੂਰੀ ਹੈ।

ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ।।
ਜੋ ਗੁਰੁ ਦਸੈ ਵਾਟ ਮੁਰੀਦਾ ਜੋਲੀਐ।। (488)

ਗੁਰੂ-ਸ਼ਿਸ਼ ਜਾਂ ਮੁਰਸ਼ਦ-ਮੁਰੀਦ ਦੀ ਪਰੰਪਰਾ ਸੂਫ਼ੀ ਜੀਵਨ-ਜਾਚ ਦਾ ਇੱਕ ਅਹਿਮ ਅੰਗ ਸੀ ਤੇ ਇਸ ਲਈ ਹਰ ਸੂਫ਼ੀ ਕਵੀ ਦਾ ਕੋਈ ਨਾ ਕੋਈ ਅਧਿਆਤਿਮਕ ਗੁਰੂ ਸੀ। ਇਹੀ ਕਾਰਨ ਹੈ ਕਿ ਬਾਬਾ ਫ਼ਰੀਦ ਤੋਂ ਪਿੱਛੋਂ ਆਉਣ ਵਾਲ਼ੇ ਸੂਫ਼ੀ ਕਵੀਆਂ ਨੇ ਵੀ ਗੁਰੂ ਦੀ ਲੋੜ ਉੱਤੇ ਆਪੋ-ਆਪਣੇ ਢੰਗ ਨਾਲ਼ ਜ਼ੋਰ ਦਿੱਤਾ, ਵਿਸ਼ੇਸ਼ ਤੌਰ 'ਤੇ ਬੁਲ੍ਹੇ ਸ਼ਾਹ ਨੇ। ਇਉਂ ਸੂਫ਼ੀ-ਕਾਵਿ ਦੇ ਸਿਧਾਂਤਿਕ ਪੱਖ ਦਾ ਜਿਹੜਾ ਪ੍ਰਤਿਮਾਨ (ਮਿਆਰ) ਬਾਬਾ ਫ਼ਰੀਦ ਨੇ ਨਿਸ਼ਚਿਤ ਕੀਤਾ, ਉਹ ਕਿਸੇ ਨਾ ਕਿਸੇ ਰੂਪ ਵਿੱਚ ਫ਼ਰੀਦ ਤੋਂ ਬਾਅਦ ਆਉਣ ਵਾਲ਼ੇ ਕਵੀਆਂ ਦਾ ਵੀ ਆਦਰਸ਼ ਰਿਹਾ, ਭਾਵੇਂ ਫ਼ਰੀਦ-ਕਾਵਿ ਵਾਂਗ ਇਸ ਸਿਧਾਂਤਿਕ ਪੱਖ ਦਾ ਸੰਤੁਲਿਤ ਪ੍ਰਗਟਾਵਾ ਇਹਨਾਂ ਕਵੀਆਂ ਦੀ ਰਚਨਾ ਵਿੱਚ ਨਹੀਂ ਹੋ ਸਕਿਆ।

**ਫ਼ਰੀਦ ਬਾਣੀ ਦਾ ਰੂਪਕ ਪੱਖ**: ਇਸ ਬਾਣੀ ਦੀ ਰੂਪਕ-ਵਿਸ਼ੇਸ਼ਤਾ ਦੇ ਦੋ ਪੱਖ ਹਨ : ਇੱਕ ਫ਼ਰੀਦ ਜੀ ਦੇ ਸਲੋਕਾਂ ਵਿਚਲੀ ਕਲਾਤਮਿਕਤਾ, ਜਿਸ ਦਾ ਮੁੱਖ ਆਧਾਰ ਇਹਨਾਂ ਸਲੋਕਾਂ ਦੀ ਸੰਖੇਪਤਾ, ਰਵਾਨਗੀ, ਸੰਗੀਤਾਤਮਿਕਤਾ ਤੇ ਮਿਠਾਸ ਹੈ, ਤੇ ਦੂਜੇ ਇਸ ਸਾਰੀ ਰਚਨਾ ਦਾ ਪੰਜਾਬ ਦੇ ਲੋਕ-ਸੱਭਿਆਚਾਰ ਨਾਲ਼ ਬਹੁਤ ਨੇੜੇ ਦਾ ਸੰਬੰਧ। ਫ਼ਰੀਦ-ਬਾਣੀ ਦੀ ਭਾਸ਼ਾ ਲਹਿੰਦੀ ਪੰਜਾਬੀ ਹੈ। ਇਸ ਭਾਸ਼ਾ ਵਿੱਚ ਸੁਭਾਵਿਕ ਹੀ ਮਿਠਾਸ ਤੇ ਸੰਗੀਤਿਕ ਰਵਾਨੀ ਹੈ। ਇਹ ਵੀ ਇੱਕ ਸਰਬ-ਪ੍ਰਵਾਨਿਤ ਧਾਰਨਾ ਹੈ ਕਿ ਭਾਸ਼ਾ ਦੀ ਇਸ ਮਿਠਾਸ ਕਾਰਨ ਹੀ ਆਪ ਦਾ ਨਾਂ 'ਸ਼ਕਰਗੰਜ' (ਸ਼ੱਕਰ ਦਾ ਭੰਡਾਰ) ਪੈ ਗਿਆ ਸੀ। ਇਹ ਵੀ ਕਿਹਾ ਜਾਂਦਾ ਹੈ ਕਿ ਫ਼ਰੀਦ -ਬਾਣੀ ਦੀ ਇਸ ਮਿਠਾਸ ਨੇ ਹੀ ਲੋਕਾਂ ਨੂੰ ਸੂਫ਼ੀ ਮਤ ਗ੍ਰਹਿਣ ਕਰਨ ਲਈ ਆਕਰਸ਼ਿਤ ਕੀਤਾ। ਆਮ ਤੌਰ 'ਤੇ ਇਹ ਵਿਸ਼ਵਾਸ ਹੈ ਕਿ ਭਾਰਤ ਵਿੱਚ ਇੰਨੇ ਮੁਸਲਮਾਨ, ਬਾਦਸ਼ਾਹਾਂ ਦੀ ਤਲਵਾਰ ਦੀ ਵਰਤੋਂ ਨਾਲ਼ ਨਹੀਂ ਬਣੇ ਜਿੰਨੇ ਫ਼ਰੀਦ ਜੀ ਨੇ ਆਪਣੇ ਸਲੋਕਾਂ ਰਾਹੀਂ ਬਣਾਏ। ਫ਼ਰੀਦ-ਬਾਣੀ ਵਿਚਲੇ ਬਿੰਬ-ਚਿਤਰ ਤੇ ਅਲੰਕਾਰ ਇੰਨੇ ਸਜੀਵ ਤੇ ਪੰਜਾਬੀ ਜਨ-ਜੀਵਨ ਦੇ ਨੇੜੇ ਹਨ ਕਿ ਇਸ ਬਾਣੀ ਦਾ ਲੋਕ-ਮਨ ਉੱਪਰ ਡੂੰਘਾ ਪ੍ਰਭਾਵ ਪੈਣਾ ਲਾਜ਼ਮੀ ਸੀ। ਉਦਾਹਰਨ:

ਕੰਧੀ ਉਤੈ ਰੁਖੜਾ ਕਿਚਰਕੁ ਬੰਨੈ ਧੀਰੁ।।
ਫਰੀਦਾ ਕਚੈ ਭਾਂਡੈ ਰਖੀਐ ਕਿਚਰੁ ਤਾਂਈ ਨੀਰੁ।।96।। (1382)

ਜਾਂ

ਕਤਿਕ ਕੂੰਜਾਂ ਚੇਤਿ ਡਉ ਸਾਵਣਿ ਬਿਜੁਲੀਆਂ।।
ਸੀਆਲੇ ਸੋਹੰਦੀਆਂ ਪਿਰ ਗਲਿ ਬਾਹੜੀਆਂ।। (488)

ਪੰਜਾਬੀ ਸੱਭਿਆਚਾਰ ਦਾ ਇੱਕ ਹੋਰ ਵੇਰਵਾ ਜੋ ਫ਼ਰੀਦ ਜੀ ਨੇ ਆਤਮਾ ਤੇ ਪਰਮਾਤਮਾ ਦਾ



Downloaded from https:// www.studiestoday.com

Downloaded from https:// www.studiestoday.com

ਸੰਬੰਧ ਦਰਸਾਉਣ ਲਈ ਪ੍ਰਤੀਕ ਰੂਪ ਵਿੱਚ ਵਰਤਿਆ ਹੈ, ਉਹ ਹੈ : ਪਤੀ-ਪਤਨੀ ਦਾ ਸੰਬੰਧ। ਫ਼ਰੀਦ-ਬਾਣੀ ਵਿੱਚ ਵਿਆਹ ਦੇ ਚਿੱਤਰ ਹਿੰਦੂ ਜਾਂ ਪੰਜਾਬੀ ਵਿਆਹ ਦੇ ਹਨ, ਈਰਾਨੀ ਜਾਂ ਇਸਲਾਮੀ ਨਿਕਾਹ ਦੇ ਨਹੀਂ। ਭਾਰਤੀ ਸਮਾਜ ਵਿੱਚ ਪਤੀ-ਪਤਨੀ ਦਾ ਸੰਬੰਧ ਨੈਤਿਕ, ਧਾਰਮਿਕ ਤੇ ਸਮਾਜਿਕ ਤੌਰ 'ਤੇ ਪ੍ਰਵਾਨਿਤ ਇੱਕ ਅਜਿਹਾ ਪਵਿੱਤਰ ਰਿਸ਼ਤਾ ਹੈ ਜਿਹੜਾ ਸਮਾਜ ਦੀ ਸਭ ਤੋਂ ਮਹੱਤਵਪੂਰਨ ਇਕਾਈ 'ਪਰਿਵਾਰ' ਦਾ ਆਧਾਰ ਹੈ। ਫ਼ਰੀਦ ਜੀ ਅਨੁਸਾਰ ਜੀਵ-ਆਤਮਾ, ਜਿਗਿਆਸੂ ਜਾਂ ਦਰਵੇਸ਼ ਇੱਕ ਇਸਤਰੀ ਸਮਾਨ ਹੈ ਤੇ ਰੱਬ ਜਾਂ ਸੱਚ ਉਸ ਦੇ ਪਤੀ ਸਮਾਨ। ਜਿਵੇਂ ਹਰ ਔਰਤ ਨੇ ਸਹੁਰੇ ਘਰ ਜਾਣਾ ਹੈ ਇਸ ਤਰ੍ਹਾਂ ਹਰ ਜੀਵ-ਆਤਮਾ ਦਾ ਅੰਤਿਮ ਉਦੇਸ਼ ਰੱਬ ਨੂੰ ਪਾਉਣਾ ਹੈ। ਰੱਬ ਨੂੰ ਭੁੱਲਿਆ ਹੋਇਆ ਮਨੁੱਖ ਉਸ ਇਸਤਰੀ ਵਰਗਾ ਹੈ ਜਿਸ ਨੂੰ ਉਸ ਦੇ ਪਤੀ ਨੇ ਛੱਡ ਦਿੱਤਾ ਹੋਵੇ। ਇਸ ਵਿਚਾਰ ਨੂੰ ਦ੍ਰਿੜ੍ਹ ਕਰਵਾਉਣ ਲਈ ਆਪ ਨੇ ਸੁਹਾਗਣ-ਦੁਹਾਗਣ ਦਾ ਦ੍ਰਿਸ਼ਟਾਂਤ ਵਰਤਿਆ ਹੈ:

ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ॥
ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣਿ ਵਿਹਾਇ॥30॥ (1379)

ਬਾਬਾ ਫ਼ਰੀਦ ਦੀ ਕਵਿਤਾ ਸਿਧਾਂਤਿਕ ਪੱਖ ਤੋਂ ਗੁਰਬਾਣੀ ਦੇ ਬਹੁਤ ਨੇੜੇ ਹੈ। ਇਸੇ ਲਈ ਸਾਰੇ ਸੂਫ਼ੀ-ਕਾਵਿ ਵਿੱਚੋਂ ਫ਼ਰੀਦ-ਬਾਣੀ ਨੂੰ ਹੀ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਲ ਹੋਣ ਦਾ ਮਾਣ ਪ੍ਰਾਪਤ ਹੈ। ਇਸ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਸੂਫ਼ੀ ਮਤ ਤੇ ਸਿੱਖ ਮੱਤ ਆਪਣੀ ਮਾਨਵਵਾਦੀ ਪਹੁੰਚ ਤੇ ਇੱਕ-ਰੱਬਤਾ ਦੇ ਸਿਧਾਂਤ ਕਾਰਨ ਇੱਕ-ਦੂਜੇ ਦੇ ਬਹੁਤ ਨੇੜੇ ਸਨ।

ਫ਼ਰੀਦ ਜੀ ਨੇ ਸੰਸਕ੍ਰਿਤ ਕਾਵਿ ਦੇ ਚਿਰ-ਸਥਾਪਿਤ ਕਾਵਿ-ਰੂਪਾਂ (ਸਲੋਕ ਤੇ ਸ਼ਬਦ) ਦੀ ਵਰਤੋਂ ਕੀਤੀ ਅਤੇ ਆਮ ਪੰਜਾਬੀ ਲੋਕ-ਜੀਵਨ ਵਿੱਚ ਪ੍ਰਚਲਿਤ ਛੰਦ, ਦੋਹਰੇ ਨੂੰ ਆਪਣੀ ਕਵਿਤਾ ਦਾ ਮਾਧਿਅਮ ਬਣਾਇਆ।

## (2) ਮੀਆਂ ਵਜੀਦ (1525-1587)

**ਜੀਵਨ**: ਮੀਆਂ ਵਜੀਦ ਦਾ ਅਸਲੀ ਨਾਂ ਮੀਆਂ ਬਾਯਜ਼ੀਦ ਸੀ। ਉਸ ਦੇ ਜੀਵਨ ਬਾਰੇ ਬਹੁਤੇ ਵੇਰਵੇ ਪ੍ਰਾਪਤ ਨਹੀਂ। ਆਮ ਮੰਨਿਆ ਜਾਂਦਾ ਹੈ ਕਿ ਮੀਆਂ ਬਾਯਜ਼ੀਦ ਦਾ ਜਨਮ 1525 ਈ: ਵਿੱਚ ਜਲੰਧਰ (ਪੰਜਾਬ) ਵਿਖੇ ਹੋਇਆ। (ਕਿਧਰੇ- ਕਿਧਰੇ 1550 ਈ: ਵੀ ਲਿਖਿਆ ਮਿਲ਼ਦਾ ਹੈ)। ਉਸ ਦੇ ਪਿਤਾ ਦਾ ਨਾਂ ਅਬਦੁੱਲਾ ਅਨਸਾਰੀ ਸੀ। ਬਾਯਜ਼ੀਦ ਬਚਪਨ ਤੋਂ ਹੀ ਚੇਤੰਨ ਤੇ ਤੀਖਣਬੁਧ ਸੀ। ਇਸ ਲਈ ਲੋਕ ਉਸ ਨੂੰ ਬਾਯਜ਼ੀਦ 'ਰੌਸ਼ਨ' ਕਹਿਣ ਲੱਗ ਪਏ। ਵਜੀਦ, ਬਾਯਜ਼ੀਦ ਦਾ ਹੀ ਪੰਜਾਬੀ ਉਚਾਰਨ ਹੈ। ਵਜੀਦ ਨੇ ਸੂਫ਼ੀਆਂ ਦੇ 'ਰੌਸ਼ਨੀਆਂ' ਫ਼ਿਰਕੇ ਦੀ ਬੁਨਿਆਦ ਰੱਖੀ। ਵਜੀਦ ਦਾ ਦਿਹਾਂਤ 1585 ਈ: ਵਿੱਚ ਹੋਇਆ।

**ਰਚਨਾ**: ਵਜੀਦ ਨੇ ਅਰਬੀ, ਫ਼ਾਰਸੀ, ਪਸ਼ਤੋ, ਹਿੰਦੀ ਤੇ ਪੰਜਾਬੀ ਵਿੱਚ ਰਚਨਾ ਕੀਤੀ। ਪੰਜਾਬੀ ਵਿੱਚ ਵਜੀਦ ਨੇ ਚਉਤੁਕੇ ਪਦਾਂ ਦੀ ਰਚਨਾ ਕੀਤੀ। ਇਹਨਾਂ ਦੀ ਕੁੱਲ ਗਿਣਤੀ 73 ਹੈ। ਇਹਨਾਂ ਤੋਂ ਬਿਨਾਂ ਇੱਕ ਦੋਹਰਾ ਤੇ ਇੱਕ ਮਾਝ ਵੀ ਵਜੀਦ ਦੇ ਨਾਂ ਨਾਲ਼ ਜੋੜੀ ਜਾਂਦੀ ਹੈ। ਹਿੰਦੀ ਵਿੱਚ ਵਜੀਦ ਨੇ ਅੜਿਲ ਛੰਦ ਵਿੱਚ 150 ਪਦੇ ਰਚੇ ਹਨ।

ਵਜੀਦ ਦੀ ਕਾਵਿ-ਰਚਨਾ ਦਾ ਮੁੱਖ ਵਿਸ਼ਾ ਸਮਾਜਿਕ ਨਾ-ਬਰਾਬਰੀ, ਲੁੱਟ-ਖਸੁੱਟ ਤੇ ਅਨਿਆਂ ਦਾ ਬੋਧ (ਗਿਆਨ) ਕਰਵਾਉਣਾ ਹੈ। ਇਸ ਸਾਰੀ ਰਚਨਾ ਵਿੱਚ ਇੱਕ ਵੰਗਾਰ ਹੈ। ਸਮੁੱਚੇ



Downloaded from https:// www.studiestoday.com

Downloaded from https:// www.studiestoday.com

ਮੱਧ-ਕਾਲੀ ਸੂਫ਼ੀ-ਕਾਵਿ ਵਿੱਚ ਮੀਆਂ ਵਜੀਦ ਹੀ ਇੱਕ ਅਜਿਹਾ ਕਵੀ ਹੈ ਜੋ ਸਮਾਜਿਕ ਵਰਤਾਰੇ ਵਿੱਚ ਫੈਲੇ ਭ੍ਰਿਸ਼ਟਾਚਾਰ ਤੇ ਅਨੀਤੀ ਲਈ ਰੱਬ ਨੂੰ ਜ਼ੁੰਮੇਵਾਰ ਠਹਿਰਾ ਕੇ ਉਸ ਦੀ ਸਰਬ-ਸ਼ਕਤੀਮਾਨ ਤੇ ਸਮਰੱਥ ਹੋਂਦ ਅੱਗੇ ਵੀ ਪ੍ਰਸ਼ਨ ਚਿੰਨ੍ਹ ਲਾਉਂਦਾ ਹੈ। ਉਸ ਦੀ ਰਚਨਾ ਵਿੱਚ ਦੈਵੀ ਤੇ ਦੁਨਿਆਵੀ ਵਿਹਾਰ ਉੱਤੇ ਤਿੱਖਾ ਵਿਅੰਗ ਹੈ:

ਚੋਰ ਜੁ ਕਰਦੇ ਚੋਰੀ, ਲਿਆਵਣ ਲੁੱਟ ਘਰ।
ਖਾਂਦੇ ਦੁੱਧ ਮਲਾਈ, ਮਲੀਦੇ ਕੁੱਟ ਕਰ।
ਰਹਿੰਦੇ ਤੇਰੀ ਆਸ ਸੁ, ਜਾਂਦੇ ਭੁਖ ਮਰਿ।
ਵਜੀਦਾ ਕੌਣ ਸਾਹਿਬ ਨੂੰ ਆਖੇ, ਐਉ ਨਹੀਂ ਅੰਞ ਕਰ।

**ਰੂਪਕ ਪੱਖ**:- ਵਜੀਦ ਦੀ ਬੋਲੀ ਠੇਠ ਪੰਜਾਬੀ ਤੇ ਆਧੁਨਿਕ ਮੁਹਾਂਦਰੇ ਵਾਲ਼ੀ ਹੈ। ਇਸ ਭਾਸ਼ਾ ਵਿੱਚ ਸੰਖੇਪਤਾ ਤੇ ਸੰਜਮਤਾ ਹੋਣ ਕਾਰਨ ਲੋਕ-ਮੁਹਾਵਰਾ ਬਣਨ ਦੀ ਸਮਰੱਥਾ ਹੈ। 'ਕੌਣ ਸਾਹਿਬ ਨੋ ਆਖੇ ਐਉ ਨਹੀਂ ਅੰਞ ਕਰ' ਇੱਕ ਅਜਿਹੀ ਲੋਕ-ਉਕਤੀ ਬਣ ਗਈ ਹੈ ਜੋਕਿ ਕਾਣੀ ਵੰਡ ਤੇ ਅਨਿਆਂ ਭਰਪੂਰ ਸਥਿਤੀ ਬਾਰੇ ਆਪਣੀ ਬੇਵੱਸੀ ਜ਼ਾਹਰ ਕਰਨ ਲਈ ਆਮ ਵਰਤੀ ਜਾਂਦੀ ਹੈ। ਇਸ ਦੀ ਭਾਸ਼ਾ ਵਿਚਲਾ ਕਟਾਖਸ਼ ਤਿੱਖਾ ਤੇ ਉਕਸਾਊ ਹੈ।

ਵਜੀਦ ਦੀ ਰਚਨਾ ਭਾਵੇਂ ਚੌਤੁਕੇ ਬੰਦਾਂ ਵਿੱਚ ਹੈ, ਪਰ ਇਹਨਾਂ ਨੂੰ ਸਲੋਕਾਂ ਦਾ ਨਾਂ ਦਿੱਤਾ ਗਿਆ ਹੈ।

## (3) ਸ਼ਾਹ ਹੁਸੈਨ (1539-1593)

**ਜੀਵਨ**:- ਸ਼ਾਹ ਹੁਸੈਨ ਮੁਗ਼ਲ ਕਾਲ ਦਾ ਇੱਕ ਪ੍ਰਸਿੱਧ ਸੂਫ਼ੀ ਕਵੀ ਹੈ। ਉਹ ਲਾਹੌਰ ਦਾ ਜੰਮ-ਪਲ਼ ਸੀ ਤੇ ਉਸ ਦੇ ਪਿਤਾ ਦਾ ਨਾਂ ਸ਼ੇਖ਼ ਉਸਮਾਨ ਸੀ। ਸ਼ਾਹ ਹੁਸੈਨ ਦਾ ਖ਼ਾਨਦਾਨ ਮੂਲ ਰੂਪ ਵਿੱਚ ਹਿੰਦੂ ਸੀ। ਕਿਹਾ ਜਾਂਦਾ ਹੈ ਕਿ ਫੀਰੋਜ਼ਸ਼ਾਹ ਤੁਗ਼ਲਕ ਦੇ ਸਮੇਂ ਸ਼ਾਹ ਹੁਸੈਨ ਦਾ ਇੱਕ ਬਜ਼ੁਰਗ ਮੁਸਲਮਾਨ ਹੋ ਗਿਆ ਸੀ। ਸ਼ਾਹ ਹੁਸੈਨ ਸੂਫ਼ੀਆਂ ਦੇ ਮਲਾਮਤੀ ਫ਼ਿਰਕੇ ਨਾਲ਼ ਸੰਬੰਧਿਤ ਸੀ। ਉਸ ਨੇ ਸ਼ੇਖ਼ ਅਬੂਬਕਰ ਤੇ ਬਹਿਲੋਲ ਤੋਂ ਤਾਲੀਮ ਹਾਸਲ ਕੀਤੀ। ਸ਼ਾਹ ਹੁਸੈਨ ਨੂੰ 'ਹਾਫ਼ਿਜ਼' (ਜਿਸ ਨੂੰ ਸਾਰਾ ਕੁਰਾਨ ਸ਼ਰੀਫ ਜ਼ਬਾਨੀ ਯਾਦ ਹੋਵੇ) ਦੀ ਉਪਾਧੀ ਮਿਲ਼ੀ ਹੋਈ ਸੀ।

**ਰਚਨਾ**:- ਸ਼ਾਹ ਹੁਸੈਨ ਦੀ ਕਾਵਿ-ਰਚਨਾ ਕਾਫ਼ੀਆਂ ਦੇ ਰੂਪ ਵਿੱਚ ਮਿਲ਼ਦੀ ਹੈ। ਇਹਨਾਂ ਦੀ ਕੁੱਲ ਗਿਣਤੀ 162 ਹੈ। ਸ਼ਾਹ ਹੁਸੈਨ ਨੂੰ 'ਬਿਰਹਾ ਦਾ ਕਵੀ' ਕਿਹਾ ਜਾਂਦਾ ਹੈ ਕਿਉਂਕਿ ਉਸ ਦੀ ਰਚਨਾ ਵਿੱਚ ਵਿਛੋੜੇ ਦੇ ਭਾਵਾਂ ਨੂੰ ਬੜੀ ਸ਼ਿੱਦਤ ਨਾਲ਼ ਪ੍ਰਗਟਾਇਆ ਗਿਆ ਹੈ। ਉਸ ਦੀ ਲਗ-ਪਗ ਸਾਰੀ ਰਚਨਾ ਇੱਕ ਅਜਿਹੇ ਵਿਜੋਗੇ ਹੋਏ ਮਨੁੱਖ ਦੀ ਮਨੋਦਸ਼ਾ ਨੂੰ ਪੇਸ਼ ਕਰਦੀ ਹੈ ਜੋ ਜ਼ਿੰਦਗੀ ਤੋਂ ਉਪਰਾਮ ਤੇ ਨਿਰਾਸ ਹੈ। ਉਸ ਨੂੰ ਹਰ ਪਾਸੇ ਮੌਤ ਹੀ ਮੌਤ ਦਿਸਦੀ ਹੈ ਤੇ ਦੁਨੀਆਂ ਛਲ਼-ਕਪਟ ਨਾਲ਼ ਭਰੀ ਹੋਈ ਜਾਪਦੀ ਹੈ:

ਜਹਾਂ ਦੇਖੋ ਤਹਾਂ ਕਪਟ ਹੈ, ਕਹੂੰ ਨ ਪਾਇਓ ਚੈਨ
ਦਗਾਬਾਜ਼ ਸੰਸਾਰ ਤੇ ਗੋਸ਼ਾ ਪਕੜਿ ਹੁਸੈਨ।

ਜਾਂ



Downloaded from https:// www.studiestoday.com

Downloaded from https:// www.studiestoday.com

ਜਿਹ ਵਲ ਵੰਜਾਂ ਮਉਤ ਤਿਤੇ ਵਲ
ਜੀਵਣ ਕੋਈ ਨ ਦਸੇ।

ਦੁਨੀਆਂ ਤੋਂ ਉਪਰਾਮ ਹੋਣ ਕਾਰਨ ਸ਼ਾਹ ਹੁਸੈਨ ਦੀ ਕਵਿਤਾ ਵਿੱਚ ਨਿੱਜੀ ਦੁੱਖ ਤੇ ਦਰਦ ਦੀ ਕੂਕ-ਪੁਕਾਰ ਦੀ ਸੁਰ ਬਹੁਤ ਤਿੱਖੀ ਹੈ। ਇਹੀ ਕਾਰਨ ਹੈ ਕਿ ਸ਼ਾਹ ਹੁਸੈਨ ਦੀ ਕਵਿਤਾ ਦੇ 'ਬਿਰਹੁੰ' ਦਾ ਬਾਬਾ ਫ਼ਰੀਦ ਦੇ 'ਬਿਰਹਾ ਤੂੰ ਸੁਲਤਾਨ' ਦੇ ਸੰਕਲਪ ਨਾਲ਼ੋਂ ਫ਼ਰਕ ਹੈ। ਸ਼ਾਹ ਹੁਸੈਨ ਦਾ ਬਿਰਹੁੰ ਇੱਕ ਅਜਿਹਾ ਸੰਤਾਪ ਹੈ ਜੋ ਇਕੱਲਾ ਮਨੁੱਖ ਹੀ ਭੋਗਦਾ ਹੈ, ਪਰ ਬਾਬਾ ਫ਼ਰੀਦ ਦਾ ਬਿਰਹਾ ਉਹ ਅੱਗ ਹੈ ਜੋ ਘਰ-ਘਰ ਵਿੱਚ ਲਗਦੀ ਹੈ। ਜਿੱਥੇ ਫ਼ਰੀਦ ਜੀ ਆਪਣੇ ਬਿਰਹਾ ਦਾ ਦੁੱਖ ਆਪਣੇ ਰੱਬ ਅੱਗੇ, ਆਪਣੇ ਸੱਚੇ ਸਾਹਿਬ ਅੱਗੇ ਇਹ ਕਹਿ ਕੇ ਫ਼ਰੋਲਦੇ ਹਨ:

ਫਰੀਦਾ ਚਿੰਤ ਖਟੋਲਾ, ਵਾਣੁ ਦੁਖੁ, ਬਿਰਹੁ ਵਿਛਾਵਣ ਲੇਫੁ।।
ਏਹੁ ਹਮਾਰਾ ਜੀਵਣਾ ਤੂ ਸਾਹਿਬ ਸਚੇ ਵੇਖੁ।।35।।

ਉੱਥੇ ਸ਼ਾਹ ਹੁਸੈਨ ਇਸ ਦੁੱਖ ਨੂੰ ਆਪਣੇ ਅੰਦਰੇ-ਅੰਦਰ ਦਬਾ ਕੇ ਰੱਖਣ ਦੀ ਕੋਸ਼ਸ਼ ਕਰਦਾ ਹੈ:

ਦਰਦ ਵਿਛੋੜੇ ਦਾ ਹਾਲ ਨੀ ਮੈਂ ਕੈਨੂੰ ਆਖਾਂ
ਸੂਲਾਂ ਮਾਰ ਦੀਵਾਨੀ ਕੀਤੀ ਬਿਰਹੋਂ ਪਇਆ ਸਾਡੇ ਖ਼ਿਆਲ
ਨੀ ਮੈਂ ਕੈਨੂੰ ਆਖਾਂ।

ਭਾਵੇਂ ਸ਼ਾਹ ਹੁਸੈਨ ਦੇ ਵਿਸ਼ਵਾਸ ਦੀ ਡੋਰੀ ਵੀ ਰੱਬ ਦੇ ਹੱਥ ਹੈ ਤੇ ਉਹ ਲਿਖਦਾ ਹੈ:

ਰੱਬਾ ਮੇਰੇ ਹਾਲ ਦਾ ਮਹਿਰਮ ਤੂੰ

ਪਰ ਰੱਬ ਤੋਂ ਦੂਰੀ ਹੀ ਉਸ ਅੰਦਰ ਇੱਕ ਤੜਪ ਦਾ ਅਹਿਸਾਸ ਪੈਦਾ ਕਰਦੀ ਹੈ। ਇਸ ਤੜਪ ਦਾ ਕਾਰਨ ਜੋ ਸਾਹ ਹੁਸੈਨ ਦੀ ਕਵਿਤਾ ਵਿੱਚੋਂ ਲੱਭਦਾ ਹੈ, ਉਹ ਹੈ ਸਿਧਾਂਤਿਕ ਤੇ ਬੌਧਿਕ ਸੰਤੁਲਨ ਦੀ ਘਾਟ। ਸ਼ਾਹ ਹੁਸੈਨ ਦੀ ਰਚਨਾ ਵਿੱਚੋਂ ਬਾਬਾ ਫ਼ਰੀਦ ਵਾਲ਼ਾ ਬੌਧਿਕ ਸੰਤੁਲਨ ਤੇ ਸਿਧਾਂਤ ਦੀ ਪਕਿਆਈ ਨਹੀਂ ਲੱਭਦੀ। ਕਿਤੇ-ਕਿਤੇ ਆਪਾ-ਵਿਰੋਧੀ-ਵਿਚਾਰ ਉਸ ਅੰਦਰ ਤਣਾਅ ਪੈਦਾ ਕਰਦੇ ਹਨ। ਉਹ ਨਿਰੋਲ ਇਸ਼ਕ ਦਾ ਪੁਜਾਰੀ ਹੈ ਤੇ ਸ਼ਰ੍ਹਾ ਦਾ ਕੱਟੜ ਵਿਰੋਧੀ। ਅੰਤਿਮ ਸੱਚ ਤੱਕ ਪਹੁੰਚਣ ਲਈ ਉਹ ਕਿਸੇ ਕੱਟੜ ਸ਼ਰੱਈ ਦਾ ਸਹਾਰਾ ਨਹੀਂ ਲੈਣਾ ਚਾਹੁੰਦਾ:

ਕਾਜ਼ੀ ਮੁਲਾਂ ਮਤੀਂ ਦੇਂਦੇ
ਖਰੇ ਸਿਆਣੇ ਰਾਹ ਦਸੇਂਦੇ
ਇਸ਼ਕ ਕੀ ਲਗੇ ਰਾਹ ਨਾਲ਼।

ਰਾਹ ਤੋਂ ਹਟ ਕੇ ਚੱਲਣ ਦੀ ਕੋਸ਼ਸ਼ ਉਸ ਅੰਦਰ ਇਕੱਲਤਾ ਦੀ ਭਾਵਨਾ ਪੈਦਾ ਕਰਦੀ ਹੈ ਤੇ ਇਕੱਲਤਾ ਦਾ ਇਹ ਅਹਿਸਾਸ ਡਰ ਨੂੰ ਜਨਮ ਦਿੰਦਾ ਹੈ:

ਪੈਰੀਆ ਪਾਉਂਦੀ ਮਿੰਨਤਾਂ ਕਰਦੀ, ਜਾਣਾ ਤਾ ਪਇਆ ਇਕੱਲੇ।
ਨੈਂ ਭੀ ਡੂੰਘੀ ਤੁਲ੍ਹਾ ਪੁਰਾਣਾ ਸ਼ੀਹਾਂ ਤਾਂ ਪੱਤਣ ਮੱਲੇ।

ਇਸ ਡਰ ਤੋਂ ਛੁਟਕਾਰੇ ਲਈ ਉਹ ਫਿਰ ਕਿਸੇ 'ਮਲਾਹ' ਜਾਂ 'ਵਕੀਲ' ਅਰਥਾਤ ਵਿਚੋਲੇ (ਸੂਫ਼ੀ



Downloaded from https:// www.studiestoday.com

Downloaded from https:// www.studiestoday.com

ਸਿਧਾਂਤ ਅਨੁਸਾਰ ਮੁਰਸ਼ਦ) ਦਾ ਪੱਲਾ ਫੜਨਾ ਚਾਹੁੰਦਾ ਹੈ:

ਰਾਤ ਅੰਧੇਰੀ ਬੱਦਲ ਕਣੀਆਂ, ਬਾਝ ਵਕੀਲਾਂ ਮੁਸ਼ਕਲ ਬਣੀਆਂ।

ਜਾਂ

ਨਦੀਓਂ ਪਾਰ ਰਾਂਝਣ ਦਾ ਠਾਣਾ, ਕੀਤਾ ਕੌਲ ਜ਼ਰੂਰੀ ਜਾਣਾ
ਮਿਨਤਾਂ ਕਰਾਂ ਮਲਾਹ ਦੇ ਨਾਲ਼।

ਅਸਲ ਵਿੱਚ ਸ਼ਾਹ ਹੁਸੈਨ ਅਨੁਭਵੀ ਸੂਫ਼ੀ ਹੈ ਤੇ ਸੂਫ਼ੀ ਸਿਧਾਂਤ ਦੀ ਓਟ ਲੈ ਕੇ ਵੀ ਚੱਲਦਾ ਹੈ, ਪਰ ਵਿਹਾਰਿਕ ਪੱਧਰ ਉੱਤੇ ਸ਼ਾਹ ਹੁਸੈਨ ਬਾਬਾ ਫ਼ਰੀਦ ਵਾਂਗ ਨਮਾਜ਼ ਦੇ ਹੱਕ ਵਿੱਚ ਨਹੀਂ, ਸਗੋਂ ਉਹ ਸ਼ਰ੍ਹਾ ਦਾ ਵਿਰੋਧੀ ਬਣ ਖਲੋਂਦਾ ਹੈ। ਤਾਂ ਵੀ ਆਪਣੇ ਬੁਨਿਆਦੀ ਸੰਕਲਪਾਂ ਵਿੱਚ ਉਹ ਸੂਫ਼ੀ ਵਿਚਾਰਧਾਰਾ ਨਾਲ਼ ਗੰਭੀਰਤਾ ਨਾਲ਼ ਜੁੜਿਆ ਹੋਇਆ ਹੈ। ਸਿਧਾਂਤ ਦੇ ਅਮਲ ਦਾ ਤਣਾਅ ਉਸ ਅੰਦਰ ਦੁਨੀਆਂ ਤੋਂ ਅਪਸਾਰ (ਸੰਕੋਚ) ਤੇ ਸੱਚ ਨਾਲ਼ ਸੁਮੇਲ ਦੀ ਰੁਚੀ ਜਗਾਉਂਦਾ ਹੈ। ਇਹੋ ਰੁਚੀ ਉਸ ਦੇ ਫ਼ਕੀਰੀ ਜੀਵਨ ਦਾ ਮੂਲ ਆਧਾਰ ਹੈ ਤੇ ਇਸੇ ਅਨੁਭਵ ਵਿੱਚੋਂ ਉਸ ਅੰਦਰ ਫ਼ਰੀਦ ਵਾਂਗ ਸੰਸਾਰਿਕ ਪਦਾਰਥਾਂ ਦੀ ਨਾਸ਼ਮਾਨਤਾ ਦੀ ਸੋਝੀ ਜਾਗਦੀ ਹੈ ਤੇ ਉਹ ਅਮੀਰੀ ਨਾਲ਼ੋਂ ਫ਼ਕੀਰੀ ਨੂੰ ਤਰਜੀਹ ਦਿੰਦਾ ਹੈ:

ਲੱਖ ਕਰੋੜ ਜਿਨਾਂ ਦੇ ਜੁੜਿਆਂ, ਸੋ ਭੀ ਝੂਰੀ ਝੂਰੀ
ਭੱਠ ਪਈ ਤੇਰੀ ਚਿੱਟੀ ਚਾਦਰ ਚੰਗੀ ਫ਼ਕੀਰਾਂ ਦੀ ਭੂਰੀ।

**ਰੂਪਕ ਪੱਖ**:- ਸ਼ਾਹ ਹੁਸੈਨ ਦੀ ਰਚਨਾ ਦੀ ਬੋਲੀ ਕੇਂਦਰੀ ਪੰਜਾਬੀ ਹੈ। ਉਹ ਮੱਧ-ਕਾਲ ਦੇ ਉਹਨਾਂ ਕਵੀਆਂ ਵਿੱਚੋਂ ਇੱਕ ਹੈ ਜਿਨ੍ਹਾਂ ਨੇ ਪੰਜਾਬੀ ਭਾਸ਼ਾ ਨੂੰ ਆਧੁਨਿਕ ਮੁਹਾਂਦਰਾ ਪ੍ਰਦਾਨ ਕਰਨ ਵਿੱਚ ਯੋਗਦਾਨ ਪਾਇਆ। ਉਸ ਦੀ ਭਾਸ਼ਾ ਵਿੱਚ ਲੋਕ-ਗੀਤਾਂ ਵਰਗੀ ਸਾਦਗੀ ਤੇ ਸੰਗੀਤਿਕਤਾ ਹੈ। ਇਹ ਸਾਰੀ ਰਚਨਾ ਕਾਫ਼ੀ ਰੂਪ ਵਿੱਚ ਹੈ ਤੇ ਕਾਫ਼ੀ ਇੱਕ ਗਾਇਆ ਜਾ ਸਕਣ ਵਾਲ਼ਾ ਕਾਵਿ-ਰੂਪ ਹੈ। ਇਸ ਲਈ ਸ਼ਾਹ ਹੁਸੈਨ ਦੀਆਂ ਕਾਫ਼ੀਆਂ ਸਰੋਦੀ ਕਾਵਿ ਦਾ ਉੱਤਮ ਨਮੂਨਾ ਹਨ। ਇਸ ਦੇ ਨਾਲ਼ ਹੀ ਇਹ ਰਚਨਾ ਦੀ ਕਾਵਿ-ਸੁੰਦਰਤਾ ਵਿੱਚ ਵਾਧਾ ਕਰਦੇ ਹਨ। ਬਿੰਬ-ਚਿੱਤਰ ਅਤੇ ਅਲੰਕਾਰ ਪੰਜਾਬ ਦੇ ਜਨ-ਜੀਵਨ ਵਿੱਚੋਂ ਲਏ ਗਏ ਹਨ :

ਇਕ ਦਿਨ ਤੈਨੂੰ ਸੁਪਨਾ ਥੀਸਨਿ
ਗਲੀਆਂ ਬਾਬਲ ਵਾਲ਼ੀਆਂ ਵੋ।
ਉਡਿ ਗਏ ਭਉਰ ਫੁਲਾਂ ਦੇ ਕੋਲੋਂ,
ਸਣ ਪੱਤਰਾਂ ਸਣ ਡਾਲੀਆਂ ਵੋ।

ਸ਼ਾਹ ਹੁਸੈਨ ਪੰਜਾਬੀ ਦਾ ਪਹਿਲਾ ਸ਼ਾਇਰ ਹੈ ਜਿਸ ਨੇ ਪੰਜਾਬੀ ਸੱਭਿਆਚਾਰ ਦੇ ਪ੍ਰੀਤ-ਨਾਇਕਾਂ (ਹੀਰ, ਰਾਂਝਾ, ਸੋਹਣੀ-ਮਹੀਂਵਾਲ ਆਦਿ) ਨੂੰ ਰੱਬ ਤੇ ਮਨੁੱਖ ਜਾਂ ਮੁਰਸ਼ਦ ਤੇ ਮੁਰੀਦ ਦੀ ਸਾਂਝ ਦੇ ਪ੍ਰਤੀਕ ਬਣਾ ਕੇ ਪੇਸ਼ ਕੀਤਾ ਹੈ:

ਨਦੀਓਂ ਪਾਰ ਰਾਂਝਣ ਦਾ ਠਾਣਾ
ਕੀਤਾ ਕੌਲ ਜ਼ਰੂਰੀ ਜਾਣਾ।



Downloaded from https:// www.studiestoday.com

Downloaded from https:// www.studiestoday.com

ਜਾਂ

ਰਾਂਝਾ ਯਾਰ ਤਬੀਬ ਸੁਣੀਂਦਾ
ਮੈਂ ਤਨ ਦਰਦ ਅਵੱਲੇ।

ਸ਼ਾਹ ਹੁਸੈਨ ਦੀ ਰਚਨਾ ਵਿਚਲਾ ਸਰੋਦੀ ਅੰਸ਼, ਸੱਭਿਆਚਾਰਿਕ ਅਮੀਰੀ ਤੇ ਭਾਸ਼ਾਈ ਸੁੰਦਰਤਾ ਇਸ ਨੂੰ ਉੱਤਮ ਕਾਵਿ ਦਾ ਦਰਜਾ ਦਿੰਦੇ ਹਨ।

(4) **ਸ਼ਾਹ ਸ਼ਰਫ਼** (1624-1724)

**ਜੀਵਨ**: ਸ਼ਾਹ ਸ਼ਰਫ਼ ਦਾ ਜਨਮ ਬਟਾਲ਼ਾ (ਜ਼ਿਲ੍ਹਾ ਗੁਰਦਾਸਪੁਰ) ਵਿੱਚ 1624 ਈ: ਵਿੱਚ ਹੋਇਆ ਤੇ ਦੇਹਾਂਤ 1724 ਈ: ਵਿੱਚ। ਉਹ ਸ਼ੇਖ਼ ਮੁਹੰਮਦ ਫ਼ਾਜ਼ਿਲ (ਲਾਹੌਰ) ਦਾ ਮੁਰੀਦ ਸੀ।

**ਰਚਨਾ**:- ਉਸ ਦੀ ਕਵਿਤਾ ਦੋਹਰਿਆਂ ਤੇ ਕਾਫ਼ੀਆਂ ਵਿੱਚ ਹੈ। ਇਸ ਵਿੱਚ ਸੂਫ਼ੀਆਂ ਤੇ ਸੰਤਾਂ ਵਾਂਗ ਮਨੁੱਖਤਾ ਦੀ ਸੇਵਾ, ਨਾਮ-ਸਿਮਰਨ ਤੇ ਤਿਆਗ-ਭਾਵਨਾ ਦਾ ਪ੍ਰਚਾਰ ਕੀਤਾ ਗਿਆ ਹੈ। ਸੂਫ਼ੀਆਂ ਵਾਂਗ ਹੀ ਕਵੀ ਰੱਬ ਨੂੰ ਆਪਣਾ ਪ੍ਰੇਮੀ ਮੰਨ ਕੇ ਸੰਬੋਧਨ ਕਰਦਾ ਹੈ ਤੇ ਉਸ ਦੇ ਬਿਰਹੋਂ ਵਿੱਚ ਭੁੱਜਦਾ ਹੈ। ਉਹ ਗੁਰਬਾਣੀ ਤੋਂ ਪ੍ਰਭਾਵਿਤ ਹੈ। ਉਸ ਨੇ ਇੱਕ ਸ਼ੁਤਰਨਾਮਾ ਵੀ ਲਿਖਿਆ ਹੈ। ਉਸ ਦੀ ਬੋਲੀ ਸਾਦੀ ਤੇ ਮੁਲਤਾਨੀ ਦੇ ਰੰਗ ਵਾਲ਼ੀ ਕੇਂਦਰੀ ਪੰਜਾਬੀ ਹੈ।

(5) **ਸੁਲਤਾਨ ਬਾਹੂ** (1631-1691)

**ਜੀਵਨ**:- ਸੁਲਤਾਨ ਬਾਹੂ ਦਾ ਜਨਮ ਪੱਛਮੀ ਪੰਜਾਬ ਦੇ ਜ਼ਿਲ੍ਹਾ ਝੰਗ ਦੇ ਇੱਕ ਪਿੰਡ ਆਵਾਣ ਵਿੱਚ ਹੋਇਆ। ਉਸ ਦੇ ਪਿਤਾ ਦਾ ਨਾਂ ਬਾਯਜ਼ੀਦ ਸੀ (ਪਰ ਇਹ ਵਜੀਦ ਨਹੀਂ)। ਬਾਹੂ ਮੁਸਲਮਾਨਾਂ ਦੀ ਉੱਚੀ ਕੁਲ ਵਿੱਚੋਂ ਸੀ ਤੇ ਉਸ ਦੇ ਪਿਤਾ ਨੂੰ ਬਾਦਸ਼ਾਹ ਸ਼ਾਹਜਹਾਨ ਨੇ ਇੱਕ ਪਿੰਡ ਜਗੀਰ ਵਜੋਂ ਦਿੱਤਾ ਹੋਇਆ ਸੀ। ਬਾਹੂ ਉੱਪਰ ਆਪਣੀ ਮਾਂ ਦਾ ਅਸਰ ਸੀ ਜੋ ਇੱਕ ਧਾਰਮਿਕ ਵਿਚਾਰਾਂ ਵਾਲ਼ੀ ਇਸਤਰੀ ਸੀ। ਉਸ ਦੇ ਸੂਫ਼ੀ ਬਣਨ ਪਿੱਛੇ ਉਸ ਦੀ ਮਾਂ ਦਾ ਹੱਥ ਮੰਨਿਆ ਜਾਂਦਾ ਹੈ। ਬਾਹੂ ਨੇ ਧਾਰਮਿਕ ਵਿੱਦਿਆ ਹਜ਼ਰਤ ਹਬੀਬਉੱਲਾ ਕਾਦਰੀ ਅਤੇ ਸਯਦ ਅਬਦੁਲ ਰਹਿਮਾਨ ਪਾਸੋਂ ਪ੍ਰਾਪਤ ਕੀਤੀ। ਉਹ ਸੂਫ਼ੀਆਂ ਦੇ ਕਾਦਰੀ ਸੰਪਰਦਾਇ ਨਾਲ਼ ਸੰਬੰਧਿਤ ਸੀ।

**ਰਚਨਾ**:- ਬਾਹੂ ਅਰਬੀ-ਫ਼ਾਰਸੀ ਦਾ ਵਿਦਵਾਨ ਸੀ। ਉਸ ਦੀ ਬਹੁਤੀ ਰਚਨਾ ਅਰਬੀ ਤੇ ਫ਼ਾਰਸੀ ਵਿੱਚ ਹੈ। ਪੰਜਾਬੀ ਵਿੱਚ ਉਸ ਦੇ ਦੋਹੜੇ ਮਿਲ਼ਦੇ ਹਨ। ਇਹਨਾਂ ਦੋਹੜਿਆਂ ਵਿੱਚ ਸੂਫ਼ੀ ਸਿਧਾਂਤ ਦੀ ਪੇਸ਼ਕਾਰੀ ਕੀਤੀ ਗਈ ਹੈ। ਫ਼ਰੀਦ ਵਾਂਗ ਹੀ ਸੂਫ਼ੀ ਸਦਾਚਾਰ ਗ੍ਰਹਿਣ ਕਰਨ ਉੱਪਰ ਜ਼ੋਰ ਤੇ ਨੇਕ ਇਨਸਾਨ ਬਣਨ ਦੀ ਪ੍ਰੇਰਨਾ ਉਸ ਦੀ ਪੰਜਾਬੀ ਰਚਨਾ ਦਾ ਮੂਲ ਵਿਸ਼ਾ ਹੈ। ਬਾਹੂ ਸੂਫ਼ੀ ਸ਼ਰੀਅਤ ਦੀ ਪਾਬੰਦੀ ਨੂੰ ਉਦੋਂ ਤੱਕ ਜਾਇਜ਼ ਨਹੀਂ ਸਮਝਦਾ, ਜਦ ਤੱਕ ਇੱਕ ਸੂਫ਼ੀ ਦਾ ਮਨ ਸ਼ੁੱਧ ਨਾ ਹੋਵੇ। ਮਨ ਦੀ ਸ਼ੁੱਧੀ ਤੋਂ ਬਿਨਾਂ ਸ਼ਰ੍ਹਾ ਦੀ ਪਾਬੰਦੀ ਕੇਵਲ ਕਰਮ-ਕਾਂਡ ਹੈ ਤੇ ਕਰਮ-ਕਾਂਡੀ ਸ਼ਰ੍ਹਾ ਧਾਰਨ ਕਰਨ ਵਾਲ਼ਿਆਂ ਉੱਪਰ ਉਹ ਵਿਅੰਗ ਕਰਦਾ ਹੈ:

ਜੇ ਰੱਬ ਮਿਲ਼ਦਾ ਜੰਗਲ ਭਵਿਆਂ ਮਿਲ਼ਦਾ ਗਊਆਂ ਵੱਛੀਆਂ ਹੂ।
ਜੇ ਰੱਬ ਮਿਲ਼ਦਾ ਤੀਰਥ ਨਾਇਆਂ ਮਿਲ਼ਦਾ ਡਡੂਆਂ ਮੱਛੀਆਂ ਹੂ।



Downloaded from https:// www.studiestoday.com

Downloaded from https:// www.studiestoday.com

ਜੇ ਰੱਬ ਮਿਲ਼ਦਾ ਵਾਲ ਵਧਾਇਆਂ ਮਿਲ਼ਦਾ ਭੇਡਾਂ ਸੱਸੀਆਂ* ਹੂ।

ਸਾਈਂ ਬਾਹੂ ਰੱਬ ਉਨ੍ਹਾਂ ਨੂੰ ਮਿਲ਼ਦਾ ਨੀਤਾਂ ਜਿਨ੍ਹਾਂ ਦੀਆਂ ਹੱਛੀਆਂ ਹੂ।

ਬਾਹੂ ਅਨੁਸਾਰ ਵੀ ਰੱਬ ਤੱਕ ਪਹੁੰਚਣ ਦਾ ਰਾਹ ਇਸ਼ਕ ਦਾ ਰਾਹ ਹੀ ਹੈ, ਜਿਸ ਦਾ ਭਾਵ ਹੈ ਕਿ ਆਪਣੇ ਇਸ਼ਟ ਨਾਲ਼ ਭਾਵਕ ਲਗਾਅ ਤੋਂ ਬਿਨਾਂ ਉਸ ਤੱਕ ਪਹੁੰਚਿਆ ਨਹੀਂ ਜਾ ਸਕਦਾ। ਸੂਫ਼ੀਆਂ ਦੇ ਇਸ਼ਕ ਜਾਂ ਪ੍ਰੇਮ ਦਾ ਇਹ ਸੰਕਲਪ ਭਾਰਤ ਦੀ ਭਗਤੀ ਲਹਿਰ ਤੇ ਸਿੱਖ ਧਰਮ ਦੇ ਪ੍ਰੇਮਾ-ਭਗਤੀ ਦੇ ਸੰਕਲਪ ਨਾਲ਼ ਮਿਲ਼ਦਾ-ਜੁਲ਼ਦਾ ਹੈ। ਬਾਹੂ ਅਨੁਸਾਰ ਪ੍ਰੇਮ ਜਾਂ ਇਸ਼ਕ ਦੀ ਭਾਵਨਾ ਹੀ ਸਾਧਕ ਨੂੰ ਉਸ ਦੀ ਮੰਜ਼ਲ ਤੱਕ ਪਹੁੰਚਾ ਸਕਦੀ ਹੈ।

ਅਲਫ਼ ਈਮਾਨ ਸਲਾਮਤ ਹਰ ਕੋਈ ਮੰਗੇ, ਇਸ਼ਕ ਸਲਾਮਤ ਕੋਈ ਹੂ।

ਮੰਗਣ ਈਮਾਨ ਸ਼ਰਮਾਵਨ ਇਸ਼ਕੋਂ, ਦਿਲ ਨੂੰ ਗ਼ੈਰਤ ਹੋਈ ਹੂ।

ਜਿਸ ਮੰਜ਼ਿਲ ਨੂੰ ਇਸ਼ਕ ਪਹੁੰਚਾਏ, ਈਮਾਨੇ ਖ਼ਬਰ ਨਾ ਕੋਈ ਹੂ।

ਮੇਰਾ ਇਸ਼ਕ ਸਲਾਮਤ ਰਖੀਂ, ਬਾਹੂ ਈਮਾਨੋ ਦਿਆਂ ਧਰੋਈ ਹੂ।

**ਰੂਪਕ ਪੱਖ:** ਬਾਹੂ ਨੇ ਆਪਣੇ ਦੋਹੜਿਆਂ ਲਈ ਦਵੱਈਏ ਛੰਦ ਤੇ ਸੀਹਰਫ਼ੀ ਕਾਵਿ-ਰੂਪ ਦੀ ਵਰਤੋਂ ਕੀਤੀ ਹੈ। ਉਸ ਦੀ ਰਚਨਾ ਵਿੱਚ ਰਾਗਾਤਮਿਕਤਾ ਹੈ। ਵਿਸ਼ੇਸ਼ ਤੌਰ 'ਤੇ ਦੋਹੜੇ ਦੀ ਹਰੇਕ ਤੁਕ ਦੇ ਅਖ਼ੀਰ ਵਿੱਚ ਵਰਤਿਆ 'ਹੂ' ਸ਼ਬਦ ਉਸ ਦੇ ਦੋਹੜਿਆਂ ਨੂੰ ਇੱਕ ਮਿੱਠੀ ਜਿਹੀ ਹੂਕ ਦੇਂਦਾ ਹੈ। ਬਾਹੂ ਦੇ ਕਲਾਮ ਵਿੱਚ ਬਾਬਾ ਫ਼ਰੀਦ ਦੇ ਸਲੋਕਾਂ ਵਾਂਗ ਸਿਧਾਂਤਿਕ ਪਕਿਆਈ ਅਤੇ ਇੱਕ ਸੰਤੁਲਿਤ ਸੂਫ਼ੀ-ਚਿੰਤਨ ਦੀ ਝਲਕ ਮਿਲ਼ਦੀ ਹੈ। ਭਾਵੇਂ ਇਹ ਕਲਾਮ ਬਾਬਾ ਫ਼ਰੀਦ ਜਾਂ ਦੂਜੇ ਸੂਫ਼ੀ ਕਵੀਆਂ ਦੀ ਰਚਨਾ ਵਾਂਗ ਬਹੁਤਾ ਲੋਕ-ਪ੍ਰਿਆ ਨਹੀਂ ਹੋ ਸਕਿਆ, ਪਰ ਸੂਫ਼ੀ ਸੰਤਾਂ, ਕੱਵਾਲਾਂ ਤੇ ਗਵੱਈਆਂ ਨੇ ਇਸ ਰਚਨਾ ਨੂੰ ਆਪਣੀ ਗਾਇਕੀ ਦਾ ਸ਼ਿੰਗਾਰ ਬਣਾਇਆ ਹੈ ਤੇ ਸੂਫ਼ੀ ਫ਼ਕੀਰਾਂ ਦੀ ਯਾਦ ਵਿੱਚ ਲੱਗੇ ਉਰਸਾਂ (ਮੇਲਿਆਂ) ਉੱਤੇ ਇਹ ਅੱਜ ਤੱਕ ਵੀ ਗਾਈ ਜਾਂਦੀ ਹੈ।

## (6) ਸਾਈਂ ਬੁੱਲ੍ਹੇ ਸ਼ਾਹ (1680-1758)

**ਜੀਵਨ:-** ਬੁਲ੍ਹੇ ਸ਼ਾਹ ਦਾ ਜਨਮ ਜ਼ਿਲ੍ਹਾ ਲਾਹੌਰ ਦੇ ਇੱਕ ਪਿੰਡ ਪਾਂਡੋਕੇ ਵਿੱਚ ਹੋਇਆ। ਉਸ ਦੇ ਪਿਤਾ ਦਾ ਨਾਂ ਸਈਅਦ ਮੁਹੰਮਦ ਦਰਵੇਸ਼ ਸੀ ਜੋ ਕਿੱਤੇ ਵਜੋਂ ਅਧਿਆਪਕ ਸਨ। ਬੁੱਲ੍ਹੇ ਸ਼ਾਹ ਦਾ ਮੁਢਲਾ ਨਾਂ ਅਬਦੁੱਲਾ ਸੀ ਤੇ ਉਸ ਨੇ ਆਪਣੀ ਮੁਢਲੀ ਵਿੱਦਿਆ ਆਪਣੇ ਪਿਤਾ ਪਾਸੋਂ ਹੀ ਪ੍ਰਾਪਤ ਕੀਤੀ। ਫਿਰ ਉਚੇਰੀ ਵਿੱਦਿਆ ਲਈ ਉਸ ਨੂੰ ਕਸੂਰ ਭੇਜਿਆ ਗਿਆ। ਇੱਥੇ ਉਸ ਨੇ ਸ਼ਾਹ ਇਨਾਇਤ ਕਾਦਰੀ ਕੋਲ਼ੋਂ ਵਿੱਦਿਆ ਹਾਸਿਲ ਕੀਤੀ ਤੇ ਫਿਰ ਉਸੇ ਨੂੰ ਆਪਣਾ ਮੁਰਸ਼ਦ ਧਾਰ ਕੇ ਕਾਦਰੀ ਸੰਪਰਦਾਇ ਵਿੱਚ ਸ਼ਾਮਲ ਹੋ ਗਿਆ।

**ਰਚਨਾ:-** ਬੁੱਲ੍ਹੇ ਸ਼ਾਹ ਇੱਕ ਫ਼ਕੀਰ ਕਵੀ ਸੀ ਤੇ ਉਸ ਦੀ ਕਵਿਤਾ ਨਾਲ਼ ਪੰਜਾਬੀ ਸੂਫ਼ੀ ਕਵਿਤਾ ਆਪਣੇ ਸਿਖਰ ਉੱਤੇ ਪੁਜਦੀ ਹੈ। ਬੁਲ੍ਹੇ ਸ਼ਾਹ ਦੀ ਰਚਨਾ ਗਿਣਤੀ ਤੇ ਗੁਣਾਂ ਦੋਹਾਂ ਪੱਖਾਂ ਤੋਂ ਕਾਫ਼ੀ ਮਹਾਨਤਾ ਰੱਖਦੀ ਹੈ। ਉਸ ਦੀ ਪ੍ਰਾਪਤ ਰਚਨਾ ਦਾ ਵੇਰਵਾ ਇਉਂ ਹੈ: 156 ਕਾਫ਼ੀਆਂ, 48 ਦੋਹੜੇ, 3 ਸੀਹਰਫ਼ੀਆਂ, ਇੱਕ ਬਾਰਾਂਮਾਹ, 40 ਗੰਢਾਂ ਤੇ ਇੱਕ ਅਠਵਾਰਾ। ਪਰ ਬੁੱਲ੍ਹੇ ਸ਼ਾਹ ਦੀ ਬਹੁਤੀ ਪ੍ਰਸਿੱਧੀ ਉਸ ਦੀਆਂ ਕਾਫ਼ੀਆਂ ਕਰਕੇ ਹੋਈ ਹੈ।



Downloaded from https:// www.studiestoday.com

Downloaded from https:// www.studiestoday.com

ਇੱਕ ਸੂਫ਼ੀ ਦੇ ਤੌਰ 'ਤੇ ਬੁੱਲ੍ਹਾ ਇੱਕ ਅਨੁਭਵੀ ਫ਼ਕੀਰ ਸੀ। ਉਹ ਇੱਕ ਰੱਬ ਦਾ ਉਪਾਸ਼ਕ ਸੀ ਤੇ ਰੱਬ ਨੂੰ ਪ੍ਰੇਮ ਰਾਹੀਂ ਪਾਉਣਾ ਚਾਹੁੰਦਾ ਸੀ। ਉਸ ਦਾ ਵਿਸ਼ਵਾਸ਼ ਸੀ ਕਿ ਰੱਬ ਦਾ ਸੱਚਾ ਆਸ਼ਕ ਕਿਸੇ ਮੰਦਰ-ਮਸਜਿਦ ਦੀ ਕੈਦ ਵਿੱਚ ਨਹੀਂ ਰਹਿੰਦਾ। ਇਸ ਦੇ ਉਲਟ ਇਹਨਾਂ ਧਾਰਮਿਕ ਸਥਾਨਾਂ 'ਤੇ ਰਹਿਣ ਵਾਲ਼ੇ ਉਸ ਨੂੰ ਠੱਗ ਤੇ ਧੜਵਾਈ ਜਾਪਦੇ ਹਨ।

ਧਰਮਸ਼ਾਲ ਧੜਵਾਈ ਰਹਿੰਦੇ ਠਾਕਰ ਦੁਆਰੇ ਠੱਗ।
ਵਿਚ ਮਸੀਤੀ ਰਹਿਣ ਕੁਸੱਤੀ ਆਸ਼ਕ ਰਹਿਣ ਅਲੱਗ।

ਬੁੱਲ੍ਹੇ ਸ਼ਾਹ ਦੇ ਸਮੇਂ ਤੱਕ ਸੂਫ਼ੀਆਂ ਤੇ ਮੁੱਲਾਂ-ਮੁਲਾਣਿਆਂ ਦੇ ਆਚਾਰ-ਵਿਹਾਰ ਵਿੱਚ ਕਾਫ਼ੀ ਗਿਰਾਵਟ ਆਉਣੀ ਸ਼ੁਰੂ ਹੋ ਗਈ ਸੀ। ਸ਼ਰੀਅਤ ਦੇ ਨਿਯਮਾਂ ਦੀ ਪਾਲਣਾ ਕੇਵਲ ਭੇਖ ਹੀ ਰਹਿ ਗਿਆ ਸੀ। ਇਸ ਲਈ ਬੁੱਲ੍ਹਾ ਇਸ ਕਰਮ-ਕਾਂਡੀ ਸ਼ਰ੍ਹਾ ਦੇ ਵਿਰੁੱਧ ਵਿਦਰੋਹ ਕਰਦਾ ਹੋਇਆ ਕਹਿੰਦਾ ਹੈ :

ਫੂਕ ਮੁਸੱਲਾ ਭੰਨ ਸਿਟ ਲੋਟਾ
ਨਾ ਫੜ ਤਸਬੀ ਕਾਸਾ ਸੋਟਾ,

ਜਾਂ

ਭੱਠ ਨਮਾਜ਼ਾਂ ਤੇ ਚਿਕੜ ਰੋਜ਼ੇ ਕਲਮੇ 'ਤੇ ਫਿਰ ਗਈ ਸਿਆਹੀ।
ਬੁਲ੍ਹਾ ਸ਼ਾਹ ਸ਼ਹੁ ਅੰਦਰੋਂ ਮਿਲਿਆ ਭੁਲੀ ਫਿਰੇ ਲੁਕਾਈ।

ਬੁੱਲ੍ਹੇ ਸ਼ਾਹ ਦੀਆਂ ਉਪਰੋਕਤ ਸਤਰਾਂ ਤੋਂ ਇਸ ਤਰ੍ਹਾਂ ਜਾਪਦਾ ਹੈ ਜਿਵੇਂ ਉਹ ਸ਼ਰ੍ਹਾ ਦਾ ਕੱਟੜ ਵਿਰੋਧੀ ਹੈ। ਪਰ ਇਹ ਵਿਰੋਧ ਪ੍ਰਚਲਿਤ ਸ਼ਰ੍ਹਾ ਦਾ ਵਿਰੋਧ ਹੈ ਕਿਉਂਕਿ ਇਸ ਪ੍ਰਕਾਰ ਦੀ ਸ਼ਰ੍ਹਾ ਵਿੱਚ ਸੂਫ਼ੀ ਮਤ ਦਾ ਅਸਲ ਉਦੇਸ਼ ਲਾਂਭੇ ਹੋ ਜਾਂਦਾ ਹੈ। ਅਜਿਹੀ ਸ਼ਰ੍ਹਾ ਜਾਂ ਭੇਖ ਦਾ ਵਿਰੋਧ ਸਾਰੇ ਸੂਫ਼ੀ-ਕਾਵਿ ਵਿੱਚ ਮਿਲ਼ਦਾ ਹੈ। ਬਾਬਾ ਫ਼ਰੀਦ ਤੋਂ ਲੈ ਕੇ ਹਾਸ਼ਮ ਤੱਕ ਭੇਖ, ਪਖੰਡ ਤੇ ਕਰਮ-ਕਾਂਡ ਦੀ ਨਿਖੇਧੀ ਕੀਤੀ ਗਈ ਹੈ। ਫ਼ਰਕ ਕੇਵਲ ਇਹ ਹੈ ਕਿ ਬੁੱਲ੍ਹੇ ਦੀ ਸੁਰ ਵਧੇਰੇ ਤਿੱਖੀ ਹੈ, ਉਸਦਾ ਵਿਅੰਗ ਕਾਟਵਾਂ ਹੈ ਤੇ ਭੇਖੀ ਮੁਲਾਣਿਆਂ ਦੇ ਪਾਜ ਉਘਾੜਨ ਵਾਲ਼ਾ ਹੈ। ਬਾਬਾ ਫ਼ਰੀਦ ਦੇ ਸਲੋਕਾਂ ਵਿੱਚ ਇਹ ਸ੍ਵੈ-ਆਲੋਚਨਾ ਦੇ ਰੂਪ ਵਿੱਚ ਉਜਾਗਰ ਹੋਇਆ ਪਰ ਬੁੱਲ੍ਹੇ ਸ਼ਾਹ ਆਪਣੇ ਆਲ਼ੇ-ਦੁਆਲ਼ੇ ਫੈਲੇ ਕੂੜ ਵਰਤਾਰੇ ਦੀ ਵੀ ਤਿੱਖੀ ਨੁਕਤਾਚੀਨੀ ਕਰਦਾ ਹੈ। ਇਸ ਦਾ ਮੁੱਖ ਕਾਰਨ ਬੁਲ੍ਹੇ ਸ਼ਾਹ ਦੀ ਸਮਾਜਿਕ ਤੇ ਰਾਜਸੀ ਚੇਤਨਤਾ ਹੈ। ਸੂਫ਼ੀ ਮਤ ਕਿਉਂਕਿ ਲੋਕ-ਧਰਮ ਦੇ ਰੂਪ ਵਿੱਚ ਉੱਭਰਿਆ ਸੀ, ਇਸ ਲਈ ਜਿਹੜੇ ਮਜ਼ਹਬੀ ਅਦਾਰੇ ਜਾਂ ਸੰਸਥਾਵਾਂ ਲੋਕਾਂ ਨੂੰ ਗੁਮਰਾਹ ਕਰਦੇ ਸਨ, ਸੂਫ਼ੀਆਂ ਨੇ ਉਹਨਾਂ ਵਿਰੁੱਧ ਅਵਾਜ਼ ਉਠਾਈ। ਬੁਲ੍ਹੇ ਸ਼ਾਹ ਦੇ ਸਮੇਂ ਮੁਗ਼ਲਾਂ ਦੀ ਸਲਤਨਤ ਆਪਣੇ ਨਿਘਾਰ ਵੱਲ ਜਾ ਰਹੀ ਸੀ। ਪੰਜਾਬ ਵਿੱਚ ਸਿੱਖਾਂ ਦੀਆਂ ਬਾਰਾਂ ਮਿਸਲਾਂ ਕਾਇਮ ਹੋ ਚੁੱਕੀਆਂ ਸਨ। ਇਸ ਸਥਿਤੀ ਦਾ ਡੂੰਘਾ ਦੁੱਖ ਵੀ ਉਸ ਨੂੰ ਹੈ ਤੇ ਉਹ ਕਹਿੰਦਾ ਹੈ:

ਮੁਗ਼ਲਾਂ ਜ਼ਹਿਰ ਪਿਆਲੇ ਪੀਤੇ, ਭੂਰਿਆਂ ਵਾਲ਼ੇ ਰਾਜੇ ਕੀਤੇ

ਜਾਂ

ਦਰ ਖੁਲ੍ਹਾ ਹਸ਼ਰ ਅਜ਼ਾਬ ਦਾ, ਬੁਰਾ ਹਾਲ ਹੋਇਆ ਪੰਜਾਬ ਦਾ।



Downloaded from https:// www.studiestoday.com

Downloaded from https:// www.studiestoday.com

ਆਪਣੇ ਤੋਂ ਪਹਿਲੇ ਸੂਫ਼ੀ ਕਵੀਆਂ ਵਾਂਗ ਹੀ ਬੁੱਲ੍ਹਾ ਵੀ ਪੰਜਾਬੀ ਸੱਭਿਆਚਾਰ ਦੇ ਵਿਭਿੰਨ ਵੇਰਵਿਆਂ ਨੂੰ ਆਪਣੇ ਕਾਵਿ-ਪ੍ਰਗਟਾਵੇ ਦਾ ਮਾਧਿਅਮ ਬਣਾਉਂਦਾ ਹੈ। ਸ਼ਾਹ ਹੁਸੈਨ ਵਾਂਗ ਹੀ ਉਹ ਰੱਬ ਦੇ ਸਾਧਕ ਦੇ ਰਿਸ਼ਤੇ ਨੂੰ ਪੰਜਾਬ ਦੇ ਪ੍ਰੀਤ-ਨਾਇਕਾਂ, ਅਰਥਾਤ ਹੀਰ-ਰਾਂਝੇ ਦੇ ਰਿਸ਼ਤੇ ਰਾਹੀਂ ਪਰਿਭਾਸ਼ਿਤ ਕਰਦਾ ਹੈ। ਕਿਤੇ-ਕਿਤੇ ਤਾਂ ਉਹ ਆਪਣੇ ਮੁਰਸ਼ਦ, ਸ਼ਾਹ ਇਨਾਇਤ ਕਾਦਰੀ ਨੂੰ ਵੀ ਰਾਂਝੇ ਦੇ ਰੂਪ ਵਿੱਚ ਹੀ ਦੇਖਦਾ ਹੈ :

ਅੱਜ ਦਾ ਰੋਜ਼ ਮੁਬਾਰਕ ਚੜ੍ਹਿਆ,
ਰਾਂਝਾ ਸਾਡੇ ਵਿਹੜੇ ਵੜਿਆ
ਹੱਥ ਖੂੰਡੀ ਮੋਢੇ ਕੰਬਲ ਧਰਿਆ।
ਚਾਕਾਂ ਵਾਲ਼ੀ ਸ਼ਕਲ ਬਣਾਈ।

**ਰੂਪਕ ਪੱਖ**:- ਬੁੱਲ੍ਹੇ ਸ਼ਾਹ ਦੀ ਕਵਿਤਾ ਪੰਜਾਬੀ ਸੱਭਿਆਚਾਰ ਦੇ ਅਤਿ ਨੇੜੇ ਹੈ। ਉਸ ਦੀ ਕਵਿਤਾ ਵਿਚਲੇ ਬਿੰਬ ਤੇ ਅਲੰਕਾਰ ਪੰਜਾਬੀ ਲੋਕ-ਜੀਵਨ ਦੇ ਇੰਨੇ ਨਜ਼ਦੀਕ ਹਨ ਕਿ ਇਹ ਗੂੜ੍ਹ-ਦਾਰਸ਼ਨਿਕ ਭਾਵਾਂ ਵਾਲ਼ੀ ਕਵਿਤਾ ਨੂੰ ਵੀ ਸਰਲ ਬਣਾ ਦਿੰਦੇ ਹਨ। ਫ਼ਰੀਦ ਵਾਂਗ ਹੀ ਬੁੱਲ੍ਹਾ ਵੀ ਸੂਫ਼ੀ-ਸਾਧਕ ਨੂੰ ਇਸਤਰੀ ਰੂਪ ਵਿੱਚ ਪੇਸ਼ ਕਰਦਾ ਹੋਇਆ ਉਸ ਨੂੰ ਸ਼ੁਭ ਗੁਣਾਂ ਦਾ ਦਾਜ ਤਿਆਰ ਕਰਨ ਦੀ ਸਿੱਖਿਆ ਦਿੰਦਾ ਹੈ ਤਾਂ ਕਿ ਸਹੁਰੇ ਘਰ, ਯਾਨੀ ਆਪਣੇ ਰੱਬ ਕੋਲ਼ ਉਸ ਦੀ ਕਦਰ ਹੋ ਸਕੇ :

ਤੇਰੀ ਸਾਇਤ ਨੇੜੇ ਆਈ ਏ
ਤੂੰ ਸੁੱਤਿਆ ਉਮਰ ਵੰਞਾਈ ਏ।
ਤੂੰ ਚਰਖੇ ਤੰਦ ਨਾ ਪਾਈ ਏ।
ਕੀ ਕਰਸੇਂ ਦਾਜ ਤਿਆਰ ਨਹੀਂ
ਉਠ ਜਾਗ ਘੁਰਾੜੇ ਮਾਰ ਨਹੀਂ।

ਬੁੱਲ੍ਹੇ ਦੀ ਕਵਿਤਾ ਵਿੱਚ ਲੋਕ-ਗੀਤਾਂ ਵਰਗੀ ਰਵਾਨੀ ਹੈ, ਇਸੇ ਲਈ ਉਸ ਦੀ ਰਚਨਾ ਪੰਜਾਬੀ ਜਨ-ਜੀਵਨ ਵਿੱਚ ਵਧੇਰੇ ਪ੍ਰਵਾਨ ਹੋਈ। ਉਸ ਦੀਆਂ ਕਈ ਪੰਗਤੀਆਂ ਤਾਂ ਲੋਕ-ਉਕਤੀਆਂ ਬਣ ਗਈਆਂ ਹਨ:

ਬੁਲ੍ਹਿਆ ਰੱਬ ਦਾ ਕੀ ਪਾਉਣਾ
ਏਧਰੋਂ ਪੁੱਟਣਾ ਤੇ ਉੱਧਰ ਲਾਉਣਾ।
ਜਾਂ
ਬੁਲ੍ਹਿਆ ਤੈਨੂੰ ਕਾਫ਼ਰ-ਕਾਫ਼ਰ ਆਖਦੇ
ਤੂੰ ਆਹੋ-ਆਹੋ ਆਖ।

ਬੁਲ੍ਹੇ ਦੀ ਬੋਲੀ ਠੇਠ ਪੰਜਾਬੀ ਹੈ ਪਰ ਕਿਤੇ-ਕਿਤੇ ਮੁਲਤਾਨੀ ਤੇ ਹਿੰਦੀ ਦੀ ਸ਼ਬਦਾਵਲੀ ਵੀ ਵਰਤੀ ਗਈ ਹੈ, ਜਿਵੇਂ:

ਕੁਝ ਕੱਤ ਕੁੜੇ, ਕੁਝ ਕੱਤ ਕੁੜੇ
ਛੱਲੀ ਲਾਹ ਭਰੋਟੇ ਘੱਤ ਕੁੜੇ।



Downloaded from https:// www.studiestoday.com

Downloaded from https:// www.studiestoday.com

ਜਾਂ

ਅਬ ਲਗਨ ਲਗੀ ਕਿਆ ਕਰੀਏ
ਨਾ ਜੀ ਸਕੀਏ ਨਾ ਮਰੀਏ।

ਇਸੇ ਤਰ੍ਹਾਂ-ਅਰਬੀ-ਫ਼ਾਰਸੀ ਦੇ ਵੀ ਕਾਫ਼ੀ ਸ਼ਬਦ ਬੁੱਲ੍ਹੇ ਦੀ ਰਚਨਾ ਵਿੱਚੋਂ ਮਿਲ਼ਦੇ ਹਨ, ਜਿਵੇਂ : ਖ਼ੌਫ਼, ਖ਼ੁਦਾ, ਬਾਤਨ, ਜ਼ਾਹਰ, ਆਤਿਸ਼, ਅਜਾਬ, ਵਸਲ ਆਦਿ।

ਬੁੱਲ੍ਹੇ ਸ਼ਾਹ ਪੰਜਾਬੀ ਸੂਫ਼ੀ ਕਾਵਿ-ਧਾਰਾ ਦਾ ਇੱਕ ਉੱਤਮ ਸ਼ਾਇਰ ਹੈ, ਜਿਸ ਨੇ ਸੂਫ਼ੀ ਸਿਧਾਂਤ ਦੀ ਪੇਸ਼ਕਾਰੀ ਵਧੀਆ ਕਵਿਤਾ ਰਾਹੀਂ ਕੀਤੀ। ਬੁਲ੍ਹੇ ਤੋਂ ਬਾਅਦ ਸਿਵਾਇ ਹਾਸ਼ਮ ਸ਼ਾਹ ਦੇ ਕੁਝ ਦੋਹੜਿਆਂ ਦੇ ਪੰਜਾਬੀ ਵਿੱਚ ਅਜਿਹੀ ਸੂਫ਼ੀ ਕਵਿਤਾ ਨਹੀਂ ਮਿਲ਼ਦੀ ਜਿਸ ਵਿੱਚ ਸਿਧਾਂਤ ਦੀ ਪੇਸ਼ਕਾਰੀ ਦੇ ਨਾਲ਼-ਨਾਲ਼ ਉੱਚ ਪੱਧਰ ਦੀ ਕਾਵਿ-ਸੁੰਦਰਤਾ ਵੀ ਹੋਵੇ। ਬੁੱਲ੍ਹੇ ਸ਼ਾਹ ਦੇ ਬਾਅਦ ਪੰਜਾਬੀ ਕਵਿਤਾ ਦੀ ਇਸ ਅਮੀਰ ਪਰੰਪਰਾ ਦਾ ਪਤਨ-ਕਾਲ ਅਰੰਭ ਹੋ ਗਿਆ। ਸ਼ਾਇਦ ਇਸੇ ਲਈ ਬੁੱਲ੍ਹੇ ਸ਼ਾਹ ਦੀ ਕਵਿਤਾ ਨੂੰ ਸੂਫ਼ੀ ਪੰਜਾਬੀ ਕਵਿਤਾ ਦਾ ਸਿਖਰ ਕਿਹਾ ਜਾਂਦਾ ਹੈ।

### (7) ਅਲੀ ਹੈਦਰ (1690-1785)

**ਜੀਵਨ**: ਅਲੀ ਹੈਦਰ ਦਾ ਜਨਮ 1690 ਈ. ਵਿੱਚ ਪਿੰਡ ਕਾਜ਼ੀਆਂ,ਜ਼ਿਲ੍ਹਾ ਮੁਲਤਾਨ ਵਿਖੇ ਹੋਇਆ। ਉਸ ਦੇ ਪਿਤਾ ਦਾ ਨਾਂ ਸ਼ੇਖ਼ ਮੁਹੰਮਦ ਆਮੀਨ ਸੀ। ਹੈਦਰ ਸੂਫ਼ੀਆਂ ਦੇ ਕਾਦਰੀ ਫ਼ਿਰਕੇ ਨਾਲ਼ ਸੰਬੰਧਿਤ ਸੀ। ਉਸ ਨੇ ਫ਼ਖ਼ਰੁਦੀਨ ਦਿਹਲਵੀ ਤੋਂ ਅਰਬੀ ਦੀ ਸਿੱਖਿਆ ਪ੍ਰਾਪਤ ਕੀਤੀ। ਅਲੀ ਹੈਦਰ ਨੇ ਪੰਜਾਬੀ ਤੇ ਫ਼ਾਰਸੀ ਵਿੱਚ ਕਵਿਤਾ ਲਿਖੀ।

**ਰਚਨਾ**: ਅਲੀ ਹੈਦਰ ਦੀਆਂ ਪ੍ਰਾਪਤ ਰਚਨਾਵਾਂ ਦਾ ਵੇਰਵਾ ਇਸ ਪ੍ਰਕਾਰ ਹੈ:

(1) ਛੇ ਸੀਹਰਫ਼ੀਆਂ,
(2) ਇੱਕ ਨਜ਼ਮ
(3) ਇੱਕ ਨਾਅਤ (ਅਲਾਹ ਦੇ ਦਰਬਾਰ ਮੈਂ ਕੂਕਾਂ)
(4) ਕਿੱਸਾ ਹੀਰ ਵਾ ਰਾਂਝਾ,
(5) ਫੁਟਕਲ ਸ਼ੇਅਰ
(6) ਦੀਵਾਨ।

ਅਲੀ ਹੈਦਰ ਦੀ ਰਚਨਾ ਦਾ ਪ੍ਰਮੁੱਖ ਵਿਸ਼ਾ ਸੂਫ਼ੀ-ਸਿਧਾਂਤ ਦੀ ਪੇਸ਼ਕਾਰੀ ਹੀ ਹੈ। ਉਸ ਨੇ ਆਪਣੇ ਵਡੇਰੇ ਸਮਕਾਲੀ, ਬੁੱਲ੍ਹੇ ਸ਼ਾਹ ਦਾ ਪ੍ਰਭਾਵ ਕਬੂਲਿਆ ਹੈ। ਉਸ ਦੀ ਕਵਿਤਾ ਵਿੱਚ ਵੀ ਬਿਰਹੋਂ ਤੇ ਮਾਨਸਿਕ ਤਣਾਅ ਦਾ ਬਿਆਨ ਤੇ ਇੱਕ ਉਪਦੇਸ਼ਾਤਮਿਕ ਸੁਰ ਹੈ:

ਅਲਫ਼ ਉੱਠ ਸਵਾਣੀ ਤੇ ਘੱਤ ਮਧਾਣੀ ਵੇਲਾ ਪਿੱਛਲੀ ਰਾਤ ਦਾ ਈ।
ਉੱਤੋਂ ਹੋ ਗਈ ਧੰਮੀ ਤੇ ਦੁੱਧ ਨਹੀਂ ਜੰਮੀ ਰਿੜਕਣਾ ਭੀ ਕਿਸ ਘਾਤ ਦਾ ਈ।
ਜੁੱਟ ਨਾ ਟੁੱਟੇ ਤੇ ਦੁੱਧ ਨਾ ਵਿੱਟੇ ਤੇ ਵੇਲਾ ਵਕਤ ਬਰਾਤ ਦਾ ਈ।
ਜਿਵੇਂ ਦੁੱਧ ਥੀਂ ਦਹੀਂ ਵੱਤ ਮਖਣ ਵੇ ਹੈਦਰ, ਤਿਵੇਂ ਫ਼ਰਕ ਨਾ ਰੱਬ ਦੀ ਜਾਤ ਦਾ ਈ।



Downloaded from https:// www.studiestoday.com

Downloaded from https:// www.studiestoday.com

ਅਲੀ ਹੈਦਰ ਦੀ ਕਵਿਤਾ ਉੱਪਰ ਕਿੱਸਾ-ਕਾਵਿ, ਗੁਰਮਤਿ-ਕਾਵਿ ਤੇ ਕੁਰਾਨ ਸ਼ਰੀਫ਼ ਦਾ ਪ੍ਰਭਾਵ ਹੈ। ਉਸ ਦੀ ਕਵਿਤਾ ਵਿੱਚ ਗੁਰੂ-ਕਾਵਿ ਦੇ ਸਮਾਨਾਂਤਰ ਕਈ ਤੁਕਾਂ ਮਿਲ਼ਦੀਆਂ ਹਨ :

ਕੂੜਾ ਘੋੜਾ, ਕੂੜਾ ਜੋੜਾ, ਕੂੜਾ-ਸ਼ਾਹ ਅਸਵਾਰ
ਕੂੜੇ ਰਾਸ਼ੇ, ਕੂੜੇ ਸ਼ਿਕਰੇ, ਕੂੜੇ ਮੀਰ ਸ਼ਿਕਾਰ

(ਅਲੀ ਹੈਦਰ)

ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ ।।
ਕੂੜ ਮੰਡਪ ਕੂੜੁ ਮਾੜੀ ਕੂੜੁ ਬੈਸਣਹਾਰੁ । (468)

(ਗੁਰਬਾਣੀ)

ਆਪਣੇ ਸਮੇਂ ਦੀ ਰਾਜਸੀ ਉਥਲ-ਪੁਥਲ ਤੋਂ ਅਲੀ ਹੈਦਰ ਚੇਤੰਨ ਸੀ ਤੇ ਉਸ ਨੇ ਆਪਣੀ ਕਵਿਤਾ ਵਿੱਚ ਕਈ ਥਾਂਈਂ ਇਸ ਗੜਬੜ ਵੱਲ ਇਸ਼ਾਰਾ ਵੀ ਕੀਤਾ। ਉਹ ਬੁਲ੍ਹੇ ਸ਼ਾਹ ਵਾਂਗ ਹੀ ਇਸ ਸਾਰੀ ਉਥਲ-ਪੁਥਲ ਤੋਂ ਨਿਰਾਸ ਹੈ।

ਕਿਆ ਹਯਾ ਇਹਨਾਂ ਰਾਜਿਆਂ ਨੂੰ ਕੁਝ ਲੱਜ ਨਹੀਂ ਤੁਰਾਨੀਆਂ ਨੂੰ।
ਭੈੜੇ ਭਰ ਭਰ ਦੇਵਣ ਖ਼ਜ਼ਾਨੇ, ਫ਼ਾਰਸੀਆਂ ਖੁਰਾਸਾਨੀਆਂ ਨੂੰ।

**ਰੂਪਕ ਪੱਖ**: ਅਲੀ ਹੈਦਰ ਇੱਕ ਸੁਚੇਤ ਕਲਾਕਾਰ ਸੀ। ਉਸ ਦੀ ਕਵਿਤਾ ਰੂਪਕ ਪੱਖ ਤੋਂ ਇੱਕ ਪ੍ਰੌੜ੍ਹ ਕਵੀ ਦੀ ਰਚਨਾ ਜਾਪਦੀ ਹੈ। ਉਸ ਦੀ ਭਾਸ਼ਾ ਲਹਿੰਦੀ ਪੰਜਾਬੀ ਹੈ ਤੇ ਇਸ ਵਿੱਚ ਸਰੋਦੀ ਅੰਸ਼ ਦੀ ਪ੍ਰਧਾਨਤਾ ਹੈ। ਇਸੇ ਲਈ ਅਲੀ ਹੈਦਰ ਵੀ ਦੂਜੇ ਸੂਫ਼ੀ ਕਵੀਆਂ ਵਾਂਗ ਇੱਕ ਲੋਕ-ਪ੍ਰਿਆ ਸ਼ਾਇਰ ਸੀ। ਉਸ ਦੀ ਕਵਿਤਾ ਵਿਚਲਾ ਸਰੋਦੀ ਰੰਗ ਲੋਕ-ਕਾਵਿ ਵਰਗਾ ਹੈ :

ਮੀਮ ਮਾਰ ਵੇ ਢੋਲੀ ਵੇਖਾਂ ਕੋਈ ਇਸ਼ਕ ਦਾ ਤਰਿਖੜਾ ਤਾਲ ਵਲੇ।

ਹੈਦਰ ਦੀ ਸ਼ਬਦਾਵਲੀ ਵਿੱਚ ਅਰਬੀ-ਫ਼ਾਰਸੀ ਦੀ ਸ਼ਬਦਾਵਲੀ ਦੀ ਬਹੁਲਤਾ ਹੈ ਤੇ ਸਾਮੀ ਸੱਭਿਆਚਾਰ ਦੇ ਇਤਿਹਾਸਿਕ ਤੇ ਮਿਥਿਹਾਸਿਕ ਕਈ ਹਵਾਲੇ ਮਿਲ਼ਦੇ ਹਨ।

ਅਲੀ ਹੈਦਰ ਨੇ ਸੀਹਰਫ਼ੀਆਂ, ਹਮਦਾਂ ਤੇ ਨਾਅਤਾਂ ਕਾਵਿ-ਰੂਪ ਅਪਣਾਏ। ਉਸ ਦਾ ਛੰਦ ਦੋਹੜਾ ਹੈ ਤੇ ਇਹ ਬਹੁਤੀ ਥਾਂਈਂ 32 ਮਾਤਰਾਂ ਵਾਲ਼ਾ ਹੈ। ਇਸ ਲਈ ਇਸ ਨੂੰ ਝੂਲਨਾ ਵੀ ਕਿਹਾ ਜਾਂਦਾ ਹੈ।

## (8) ਸੱਯਦ ਹਾਸ਼ਮ ਸ਼ਾਹ (1735-1843)

**ਜੀਵਨ**: ਹਾਸ਼ਮ ਦਾ ਪੂਰਾ ਨਾਂ ਸੱਯਦ ਮੁਹੰਮਦ ਹਾਸ਼ਮ ਸ਼ਾਹ ਸੀ। ਉਸ ਦਾ ਜਨਮ ਹਾਜ਼ੀ ਮੁਹੰਮਦ ਸ਼ਰੀਫ਼ ਦੇ ਘਰ, ਪਿੰਡ ਜਗਦੇਉ ਕਲਾਂ, ਜ਼ਿਲ੍ਹਾ ਅੰਮ੍ਰਿਤਸਰ ਵਿੱਚ ਹੋਇਆ। ਹਾਸ਼ਮ ਦੀ ਜਨਮ-ਤਿਥੀ ਤੇ ਦਿਹਾਂਤ ਬਾਰੇ ਵਿਦਵਾਨਾਂ ਵਿੱਚ ਮੱਤ-ਭੇਦ ਹਨ, ਕਈ ਵਿਦਵਾਨ ਉਸ ਦਾ ਜੀਵਨ-ਕਾਲ 1752 ਈ. ਤੋਂ 1821 ਈ. ਜਾਂ 1823 ਈ, ਤੱਕ ਅਤੇ ਕਈ ਵਿਦਵਾਨ 1735 ਈ. ਤੋਂ 1845 ਈ. ਤੱਕ ਮੰਨਦੇ ਹਨ। ਹਾਸ਼ਮ ਦਾ ਉਸਤਾਦ ਸੰਤ ਮਾਣਕ ਦਾਸ ਸੀ। ਉਸ ਤੋਂ ਹਾਸ਼ਮ ਨੇ ਹਕੀਮੀ ਦੀ ਵਿੱਦਿਆ ਸਿੱਖੀ। ਪੜ੍ਹਿਆ-ਲਿਖਿਆ ਹੋਣ ਕਰ ਕੇ ਉਸਦੀ ਕਾਫ਼ੀ ਪ੍ਰਸਿੱਧੀ ਸੀ ਤੇ ਉਹ ਹਿਕਮਤ ਵੀ ਕਰਦਾ ਸੀ। ਉਸ ਦਾ ਮਜ਼ਾਰ ਪਿੰਡ ਥਰਪਾਲ ਜ਼ਿਲ੍ਹਾ ਸਿਆਲਕੋਟ ਵਿੱਚ ਹੈ।



Downloaded from https:// www.studiestoday.com

Downloaded from https:// www.studiestoday.com

**ਰਚਨਾ**: ਗਿਣਤੀ ਦੇ ਪੱਖੋਂ ਹਾਸ਼ਮ ਦੀਆਂ ਰਚਨਾਵਾਂ ਕਾਫ਼ੀ ਹਨ। ਉਸ ਦੀਆਂ ਰਚਨਾਵਾਂ ਦਾ ਵੇਰਵਾ ਇਸ ਪ੍ਰਕਾਰ ਹੈ। ਹੀਰ ਰਾਂਝੇ ਕੀ ਬਿਰਤੀ, ਕਿੱਸਾ ਸੋਹਣੀ ਮਹੀਂਵਾਲ, ਕਿੱਸਾ ਸੱਸੀ ਪੁੰਨੂੰ, ਸ਼ੀਰੀ ਫਰਹਾਦ ਕੀ ਬਾਰਤਾ, ਕਿੱਸਾ ਮਹਿਮੂਦ ਸ਼ਾਹ ਗ਼ਜ਼ਨਵੀ, ਦੋਹੜੇ (ਦਰਿਆਇ ਹਕੀਕਤ) ਡਿਉਢਾਂ, ਗੰਜੇ ਅਸਗਰ (6 ਸੀਹਰਫ਼ੀਆਂ ਤੇ ਕੁਝ ਗ਼ਜ਼ਲਾਂ), ਬਾਰਾਂਮਾਹ ਹਾਸ਼ਮ, ਸਲੋਕ ਹਾਸ਼ਮ, ਮਸਨਵੀ ਹਾਸ਼ਮ ਆਦਿ।

ਉਪਰੋਕਤ ਵੇਰਵੇ ਤੋਂ ਸਪਸ਼ਟ ਹੁੰਦਾ ਹੈ ਕਿ ਹਾਸ਼ਮ ਪੰਜਾਬੀ ਸੂਫ਼ੀ ਕਾਵਿ-ਧਾਰਾ ਤੇ ਕਿੱਸਾ ਕਾਵਿ-ਧਾਰਾ ਦਾ ਸੁਮੇਲ ਸੀ। ਪਰ ਇੱਥੇ ਅਸੀਂ ਹਾਸ਼ਮ ਦੇ ਸੂਫ਼ੀ-ਕਾਵਿ ਬਾਰੇ ਹੀ ਵਿਚਾਰ ਕਰਾਂਗੇ। ਇੱਕ ਕਿੱਸਾ-ਕਵੀ ਦੇ ਤੌਰ 'ਤੇ ਉਸ ਨੂੰ ਅਸੀਂ ਕਿੱਸਾ-ਕਾਵਿ ਭਾਗ ਵਿੱਚ ਵਿਚਾਰਾਂਗੇ।

ਹਾਸ਼ਮ ਦੀ ਸੂਫ਼ੀ ਵਿਚਾਰਧਾਰਾ ਉਸ ਦੇ ਦੋਹੜਿਆਂ ਤੇ ਡਿਉਢਾਂ ਵਿੱਚ ਪ੍ਰਗਟ ਹੋਈ ਹੈ। ਹਾਸ਼ਮ ਦੀ ਰਚਨਾ ਦਾ ਮੁੱਖ ਵਿਸ਼ਾ ਕਾਮਲ 'ਇਸ਼ਕ' ਹੈ। ਕਾਮਲ ਦਾ ਅਰਥ ਹੁੰਦਾ ਹੈ 'ਮੁਕੰਮਲ ਜਾਂ 'ਪੂਰਨ', 'ਰੱਬੀ'। ਪਰ ਹਾਸ਼ਮ ਇਸ਼ਕ ਮਿਜ਼ਾਜੀ ਨੂੰ ਇਸ਼ਕ ਹਕੀਕੀ ਦੀ ਪਹਿਲੀ ਪੌੜੀ ਮੰਨਦਾ ਹੈ। ਇਸੇ ਲਈ ਉਸ ਨੇ ਆਪਣੀ ਕਵਿਤਾ ਵਿੱਚ ਦੁਨਿਆਵੀ ਇਸ਼ਕ ਨੂੰ ਵੀ ਮਹੱਤਤਾ ਦਿੱਤੀ ਹੈ। ਹਾਸ਼ਮ ਅਨੁਸਾਰ ਇਸ਼ਕ ਕਰਨ ਵਾਲ਼ਾ (ਭਾਵੇਂ ਇਸ਼ਕ ਦੁਨਿਆਵੀ ਹੋਵੇ ਜਾਂ ਰੱਬੀ), ਸੂਖਮ-ਚਿੱਤ ਤੇ ਸਿਆਣਾ ਹੋਣਾ ਚਾਹੀਦਾ ਹੈ। ਮੂਰਖ ਤੇ ਮੰਦ-ਬੁੱਧੀ ਇਨਸਾਨ ਪਿਆਰ ਨਹੀਂ ਕਰ ਸਕਦਾ।

ਮੂਰਖ ਲੋਕ ਸਦਾ ਸੁਖ ਸੌਂਦੇ ਅਤੇ ਰੋਜ਼ ਕਮਾਵਣ ਪੈਸਾ।।
ਨਾ ਕੁਝ ਉਚ ਨਾ ਨੀਚ ਪਛਾਣਨ, ਅਤੇ ਪ੍ਰੇਮ ਨ ਜਾਣਨ ਕੈਸਾ।।

ਇਸ਼ਕ ਮਨੁੱਖ ਨੂੰ ਬਹਾਦਰ ਬਣਾਉਂਦਾ ਹੈ ਤੇ ਸਾਰੇ ਵੈਰ-ਵਿਰੋਧ, ਭਿੰਨ-ਭੇਦ ਤੇ ਮਜ਼ਹਬੀ ਵਖਰੇਵਿਆਂ ਤੋਂ ਉੱਚਾ ਚੁੱਕਦਾ ਹੈ।

ਹਾਸ਼ਮ ਇਸ਼ਕ ਅਜਿਹਾ ਮਿਲਿਆ, ਜਿਸ ਦੀਨ ਮਜ਼ਹਬ ਸਭ ਧੋਤਾ।

ਜਾਂ

ਹਾਸ਼ਮ ਤੋੜ ਜ਼ੰਜੀਰ ਮਜ਼ਹਬ ਦੀ ਅਤੇ ਹੋ ਨਿਰਵੈਰ ਖਲੋਵੇ।

**ਰੂਪਕ ਪੱਖ**: ਹਾਸ਼ਮ ਦੇ ਦੋਹੜੇ ਤੇ ਡਿਉਢਾਂ ਉਸ ਦੀ ਕਾਵਿ-ਕਲਾ ਦੇ ਸਿਖਰ ਆਖੇ ਜਾ ਸਕਦੇ ਹਨ। ਇਹਨਾਂ ਵਿੱਚ ਸਰੋਦੀ ਹੂਕ ਹੈ, ਸੰਜਮਤਾ ਤੇ ਬਿਆਨ ਦੀ ਸਾਦਗੀ ਹੈ। ਇਹਨਾਂ ਦੋਹੜਿਆਂ ਵਿੱਚ ਭਾਵ ਦਾ ਅਜਿਹਾ ਸਰਲੀਕਰਨ ਤੇ ਸਧਾਰਨੀਕਰਨ ਹੈ ਕਿ ਹਰ ਦੋਹੜਾ ਅਟੱਲ ਸਚਾਈ ਬਣਨ ਦੀ ਸਮਰੱਥਾ ਰੱਖਦਾ ਹੈ। ਦੋਹੜਿਆਂ ਵਿਚਲੀਆਂ ਕਈ ਤੁਕਾਂ ਆਪਮੁਹਾਰੇ ਮੂੰਹ ਚੜ੍ਹਦੀਆਂ ਹਨ ਤੇ ਇਹਨਾਂ ਦਾ ਲੋਕ-ਉਕਤੀਆਂ ਹੋਣ ਦਾ ਭੁਲੇਖਾ ਪੈਂਦਾ ਹੈ।

ਹਾਸ਼ਮ ਸਾਂਝ ਤੁਸਾਡੇ ਦਮ ਦੀ ਹੋਰ ਵਸਦਾ ਮੁਲਕ ਬਥੇਰਾ।

ਜਾਂ

ਹਾਸ਼ਮ ਬਾਝ ਲਗੇ ਤਨ ਆਪਣੇ ਕੋ ਜਾਣੇ ਪੀੜ ਪਰਾਈ।

ਹਾਸ਼ਮ ਦੀ ਬੋਲੀ ਕੇਂਦਰੀ ਪੰਜਾਬੀ ਹੈ ਜਿਸ ਵਿੱਚ ਅਰਬੀ-ਫ਼ਾਰਸੀ ਸ਼ਬਦਾਵਲੀ ਦਾ ਰਲ਼ਾਅ ਹੈ। ਪਰ



Downloaded from https:// www.studiestoday.com

Downloaded from https:// www.studiestoday.com

ਇਸ ਸ਼ਬਦਾਵਲੀ ਕਾਰਨ ਹਾਸ਼ਮ-ਰਚਨਾਵਲੀ ਦੀ ਭਾਸ਼ਾ ਬੋਝਲ ਨਹੀਂ ਬਣਦੀ, ਸਗੋਂ ਇਸ ਦਾ ਮੁਹਾਂਦਰਾ ਸਰਲ, ਸੁਭਾਵਿਕ ਤੇ ਮਿੱਠੀ ਪੰਜਾਬੀ ਵਾਲ਼ਾ ਹੀ ਰਹਿੰਦਾ ਹੈ।

ਹਾਸ਼ਮ ਨੇ ਸਰਲ ਤੇ ਲੋਕ-ਪ੍ਰਿਆ ਦੇਸੀ ਛੰਦ ਵਰਤੇ ਹਨ। ਦੋਹੜਾ ਉਸ ਸਮੇਂ ਗੰਭੀਰ ਤੇ ਦਾਰਸ਼ਨਿਕ ਵਿਚਾਰਾਂ ਨੂੰ ਪ੍ਰਗਟਾਉਣ ਲਈ ਵਰਤਿਆ ਜਾਣ ਵਾਲ਼ਾ ਇੱਕ ਪ੍ਰਚਲਿਤ ਛੰਦ ਸੀ। ਇਸੇ ਤਰ੍ਹਾਂ ਡਿਉਢ ਛੰਦ ਵੀ ਪ੍ਰਗੀਤਿਕ ਜਾਂ ਸਰੋਦੀ-ਕਾਵਿ ਦਾ ਪ੍ਰਸਿੱਧ ਛੰਦ ਹੈ। ਹਾਸ਼ਮ ਨੇ ਇਹਨਾਂ ਦੋਂਹਾਂ ਛੰਦਾਂ ਨੂੰ ਪੂਰੀ ਸਫ਼ਲਤਾ ਨਾਲ਼ ਵਰਤਿਆ ਹੈ।

## (੯) ਖ਼ਵਾਜਾ ਗ਼ੁਲਾਮ ਫ਼ਰੀਦ (1841-1901)

**ਜੀਵਨ**: ਗ਼ੁਲਾਮ ਫ਼ਰੀਦ ਦਾ ਜਨਮ 1841 ਈ. ਵਿੱਚ ਪਿੰਡ ਚਾਚੜਾਂ,ਰਿਆਸਤ ਬਹਾਵਲਪੁਰ (ਪਾਕਿਸਤਾਨ) ਵਿੱਚ ਹੋਇਆ। ਗ਼ੁਲਾਮ ਫ਼ਰੀਦ ਦੇ ਪਿਤਾ ਦਾ ਨਾਂ ਮੌਲਾਨਾ ਖ਼ੁਦਾ ਬਖ਼ਸ਼ ਸੀ। ਉਸ ਦੇ ਵੱਡੇ-ਵਡੇਰੇ ਜਹਾਂਗੀਰ ਦੇ ਸਮੇਂ ਸਿੰਧ ਤੋਂ ਮੁਲਤਾਨ ਆਏ ਸਨ ਤੇ ਪਿਤਾ ਨਵਾਬ ਬਹਾਵਲਪੁਰ ਦੇ ਸੱਦੇ 'ਤੇ ਚਾਚੜਾਂ ਆ ਕੇ ਵਸੇ ਸਨ। ਗ਼ੁਲਾਮ ਫ਼ਰੀਦ ਦਾ ਦਿਹਾਂਤ 1901 ਈ. ਵਿੱਚ ਹੋਇਆ। ਉਸ ਦਾ ਮਜ਼ਾਰ ਮਿਠਨਕੋਟ ਵਿੱਚ ਹੈ। ਇੱਥੇ ਹਰ ਸਾਲ ਬੜਾ ਭਾਰੀ ਮੇਲਾ ਲੱਗਦਾ ਹੈ।

**ਰਚਨਾ**: ਖ਼ਵਾਜ਼ਾ ਗ਼ੁਲਾਮ ਫ਼ਰੀਦ ਨੇ 272 ਕਾਫ਼ੀਆਂ ਲਿਖੀਆਂ। ਇਹ ਕਾਫ਼ੀਆਂ ਦੋ ਪੁਸਤਕਾਂ 'ਅਸਰਾਰ-ਏ-ਫ਼ਰੀਦੀ' ਅਤੇ 'ਦੀਵਾਨ-ਏ-ਫ਼ਰੀਦੀ' ਵਿੱਚ ਸੰਗ੍ਰਹਿਤ ਹਨ। ਗਿਣਤੀ ਦੇ ਪੱਖ ਤੋਂ ਗ਼ੁਲਾਮ ਫ਼ਰੀਦ ਨੇ ਸਾਰੇ ਪੰਜਾਬੀ ਸੂਫ਼ੀ ਕਵੀਆਂ ਨਾਲ਼ੋਂ ਵੱਧ ਕਾਫ਼ੀਆਂ ਲਿਖੀਆਂ। ਗ਼ੁਲਾਮ ਫ਼ਰੀਦ ਅਰਬੀ, ਫ਼ਾਰਸੀ, ਉਰਦੂ, ਹਿੰਦੀ ਤੇ ਮਾਰਵਾੜੀ ਦਾ ਵਿਦਵਾਨ ਸੀ। ਇਹ ਵਿਦਵਤਾ ਉਸ ਦੀ ਰਚਨਾ ਵਿੱਚ ਵੀ ਝਲਕਦੀ ਹੈ। ਇਹਨਾਂ ਕਾਫ਼ੀਆਂ ਵਿੱਚ ਸੂਫ਼ੀ ਅਨੁਭਵ ਦੀ ਪੇਸ਼ਕਾਰੀ ਤੇ ਰਹੱਸਮਈ ਕੋਮਲ ਭਾਵਾਂ ਦਾ ਪ੍ਰਗਟਾਵਾ ਹੋਇਆ ਹੈ, ਗ਼ੁਲਾਮ ਫ਼ਰੀਦ ਉੱਪਰ ਅਲੀ ਹੈਦਰ ਦੀ ਕਾਵਿ-ਰਚਨਾ ਦਾ ਪ੍ਰਭਾਵ ਪ੍ਰਤੱਖ ਦੇਖਿਆ ਜਾ ਸਕਦਾ ਹੈ। ਵਿਚਾਰਾਂ ਦੀ ਇਕਸਾਰਤਾ, ਅਨੁਭਵ ਦੀ ਸਾਂਝ ਤੇ ਇੱਕੋ-ਜਿਹੀ ਸੋਚ-ਉਡਾਰੀ ਕਾਰਨ ਕਈ ਥਾਂਈਂ ਕਾਵਿ-ਪੰਗਤੀਆਂ ਵੀ ਅਲੀ ਹੈਦਰ ਵਰਗੀਆਂ ਹੋ ਗਈਆਂ ਹਨ, ਜਿਵੇਂ:

ਮੈਂਡਾ ਇਸ਼ਕ ਭੀ ਤੂੰ, ਮੈਂਡਾ ਯਾਰ ਭੀ ਤੂੰ।
ਮੈਂਡਾ ਦੀਨ ਭੀ ਤੂੰ, ਈਮਾਨ ਭੀ ਤੂੰ।

(ਗ਼ੁਲਾਮ ਫ਼ਰੀਦ)

ਦੀਨ ਈਮਾਨ ਤੂੰ ਸਮਝ ਆਪੇ।
ਮੇਰਾ ਦੀਨ ਭੀ ਤੂੰ, ਈਮਾਨ ਭੀ ਤੂੰ।

(ਅਲੀ ਹੈਦਰ)

ਗ਼ੁਲਾਮ ਫ਼ਰੀਦ ਦੀ ਕਵਿਤਾ 'ਤੇ ਵੇਦਾਂਤ ਅਦਵੈਤਵਾਦ, ਵੈਸ਼ਨਵਮਤ ਤੇ ਸੂਫ਼ੀ ਮਤ ਦਾ ਪ੍ਰਭਾਵ ਹੈ। ਇਸ ਪ੍ਰਭਾਵ ਦਾ ਕਾਰਨ ਉਸ ਸਮੇਂ ਦਾ ਸਾਂਝਾ ਹਿੰਦੂ-ਮੁਸਲਮਾਨੀ ਸੱਭਿਆਚਾਰ ਹੈ।



Downloaded from https:// www.studiestoday.com

Downloaded from https:// www.studiestoday.com

**ਰੂਪਕ ਪੱਖ** : ਗ਼ੁਲਾਮ ਫ਼ਰੀਦ ਦੀ ਸਾਰੀ ਰਚਨਾ ਕਾਫ਼ੀ ਕਾਵਿ-ਰੂਪ ਵਿੱਚ ਹੈ। ਇਹਨਾਂ ਕਾਫ਼ੀਆਂ ਦੀ ਭਾਸ਼ਾ ਮੁਲਤਾਨੀ ਹੈ। ਇਹੀ ਕਾਰਨ ਹੈ ਕਿ ਇਹ ਰਚਨਾ ਮੁਲਤਾਨ ਤੇ ਬਹਾਵਲਪੁਰ ਵਿੱਚ ਵਧੇਰੇ ਪ੍ਰਸਿੱਧ ਹੈ। ਇਹ ਕਾਫ਼ੀਆਂ ਸੰਗੀਤਿਕ ਗੁਣਾਂ ਤੇ ਅਲੰਕਾਰਿਕ ਖ਼ੂਬੀਆਂ ਨਾਲ਼ ਭਰਪੂਰ ਹਨ, ਸ਼ਾਇਦ ਇਸ ਲਈ ਕਿ ਫ਼ਰੀਦ ਸੂਫ਼ੀਆਂ ਦੇ ਚਿਸ਼ਤੀ ਫ਼ਿਰਕੇ ਨਾਲ਼ ਸੰਬੰਧ ਰੱਖਦਾ ਸੀ, ਜਿਸ ਵਿੱਚ ਸੰਗੀਤ ਦਾ ਬੜਾ ਮਹੱਤਵ ਸੀ। ਵਿਸ਼ੇਸ਼ ਤੌਰ 'ਤੇ ਅਨੁਪ੍ਰਾਸ ਅਲੰਕਾਰ ਦੀ ਵਰਤੋਂ ਇਹਨਾਂ ਕਾਫ਼ੀਆਂ ਨੂੰ ਵਧੇਰੇ ਸੰਗੀਤਿਕ ਬਣਾਉਂਦੀ ਹੈ।

ਦਿਲੜੀ ਹਰਮਲ ਅੱਖੀਆਂ ਬਲ ਬਲ, ਪੈਰੀਂ ਛਲਛਲ ਛਾਲੇ।
ਨਿਰਮਲ ਦਰਦ ਅੰਦਰ ਦੇ ਦਰਮਲ, ਦਿਤੜੇ ਰੋਗ ਕੁਸ਼ਾਲੇ।

ਗ਼ੁਲਾਮ ਫ਼ਰੀਦ ਦੀ ਚੇਤਨਾ ਉੱਪਰ ਵੈਸ਼ਨਵ ਮਤ ਤੇ ਵੇਦਾਂਤ ਦਾ ਪ੍ਰਭਾਵ ਹੋਣ ਕਾਰਨ, ਉਸ ਦੀ ਸ਼ਬਦਾਵਲੀ ਉੱਪਰ ਵੀ ਹਿੰਦੂ-ਵੇਦਾਂਤਿਕ ਸ਼ਬਦਾਵਲੀ ਦਾ ਪ੍ਰਭਾਵ ਹੈ, ਜਿਵੇਂ:

ਹੁਣ ਮੈਂ ਰਾਂਝਨ ਹੋਈ, ਰਿਹਾ ਫ਼ਰਕ ਨ ਕੋਈ।
ਨਾਲ਼ ਖਿੱਲ ਅਨਾਦੇ ਜੈ ਨੇ, ਮੈਲ ਦੂਈ ਦੀ ਧੋਈ।

## ਅਭਿਆਸ

1. ਪੰਜਾਬੀ ਦੀ ਸੂਫ਼ੀ ਕਾਵਿ-ਧਾਰਾ ਦੀਆਂ ਪ੍ਰਾਪਤੀਆਂ ਬਾਰੇ ਸੰਖੇਪ ਨੋਟ ਲਿਖੋ।
2. ਹੇਠਾਂ ਲਿਖਿਆਂ ਵਿੱਚੋਂ ਕਿਸੇ ਇੱਕ ਦੇ ਜੀਵਨ ਅਤੇ ਰਚਨਾ ਬਾਰੇ ਨੋਟ ਲਿਖੋ:
   (1) ਸ਼ੇਖ਼ ਫ਼ਰੀਦ
   (2) ਬੁੱਲ੍ਹੇ ਸ਼ਾਹ
   (3) ਗ਼ੁਲਾਮ ਫ਼ਰੀਦ
3. ਹੇਠਾਂ ਲਿਖਿਆਂ ਵਿੱਚੋਂ ਕਿਸੇ ਇੱਕ ਦੀ ਪੰਜਾਬੀ ਸਾਹਿਤ ਨੂੰ ਦੇਣ ਬਾਰੇ ਨੋਟ ਲਿਖੋ:
   (1) ਸ਼ਾਹ ਹੁਸੈਨ
   (2) ਹਾਸ਼ਮ ਸ਼ਾਹ
   (3) ਸੁਲਤਾਨ ਬਾਹੂ।

****



Downloaded from https:// www.studiestoday.com

Downloaded from https:// www.studiestoday.com

# ਗੁਰਮਤਿ-ਕਾਵਿ

**ਆਮ ਜਾਣਕਾਰੀ**

ਗੁਰਮਤਿ ਜਾਂ ਸਿੱਖ-ਦਰਸ਼ਨ ਦਾ ਆਧਾਰ ਉਹ ਭਗਤੀ ਲਹਿਰ ਹੈ ਜੋ 11ਵੀਂ, 12ਵੀਂ ਸਦੀ ਵਿੱਚ ਭਾਰਤ ਵਿੱਚ ਧਾਰਮਿਕ ਕੱਟੜਤਾ ਤੇ ਜਾਤ-ਪਾਤ ਦੇ ਬੰਧਨਾਂ ਦੇ ਪ੍ਰਤੀਕਰਮ ਵਜੋਂ ਉਪਜੀ ਤੇ ਇੱਕ ਸ਼ਕਤੀਸ਼ਾਲੀ ਲੋਕ-ਲਹਿਰ ਦੇ ਰੂਪ ਵਿੱਚ ਉੱਭਰ ਕੇ ਸਾਹਮਣੇ ਆਈ। ਭਗਤੀ ਲਹਿਰ ਦਾ ਉੱਥਾਨ ਇਸਲਾਮ ਦੀ ਕੱਟੜਤਾ ਦੇ ਪ੍ਰਤਿਕਰਮ ਵਜੋਂ ਉਪਜੇ ਸੂਫ਼ੀ ਮਤ ਵਾਂਗ ਹੀ ਹੋਇਆ। ਜਿਵੇਂ ਸੂਫ਼ੀ ਮਤ ਦੇ ਨਿਕਾਸ ਸਮੇਂ ਇਸਲਾਮ ਕੇਵਲ ਰਾਜ-ਸ਼੍ਰੇਣੀ ਦਾ ਧਰਮ ਬਣ ਕੇ ਰਹਿ ਗਿਆ ਸੀ ਇਸੇ ਤਰ੍ਹਾਂ ਭਾਰਤੀ ਧਰਮ ਆਪਣੀ ਕੱਟੜਤਾ ਦੇ ਗੁੰਝਲ਼ਦਾਰ ਕਰਮ-ਕਾਂਡ ਦੇ ਕਾਰਨ ਕੇਵਲ ਹਾਕਮ ਸ਼੍ਰੇਣੀ ਦੇ ਹੀ ਧਰਮ ਬਣਦੇ ਚਲੇ ਗਏ ਤੇ ਲੋਕਾਂ ਦੀ ਪਹੁੰਚ ਤੋਂ ਦੂਰ ਹੋ ਗਏ। ਸੂਫ਼ੀ-ਮਤ ਵੀ ਲੋਕ-ਧਰਮ ਦੇ ਰੂਪ ਵਿੱਚ ਉੱਭਰਿਆ ਤੇ ਭਗਤੀ-ਲਹਿਰ ਵੀ ਲੋਕ-ਧਰਮ ਦੇ ਰੂਪ ਵਿੱਚ ਸਮੁੱਚੇ ਭਾਰਤ ਵਿੱਚ ਫੈਲ ਗਈ। ਬ੍ਰਾਹਮਣਵਾਦ ਦੀ ਕੱਟੜਤਾ ਦਾ ਮੁੱਖ ਕਾਰਨ ਮਨੂ ਦੁਆਰਾ ਸਥਾਪਿਤ ਕੀਤੀ ਵਰਨ-ਵੰਡ ਸੀ ਤੇ ਇਸ ਵੰਡ ਨੇ ਸਮਾਜ ਨੂੰ ਅਜਿਹੇ ਚਾਰ ਹਿੱਸਿਆਂ ਵਿੱਚ ਵੰਡ ਦਿੱਤਾ ਸੀ ਜੋ ਇੱਕ ਸਮਾਜ ਵਿੱਚ ਰਹਿੰਦੇ ਹੋਏ ਵੀ ਵਿਹਾਰਿਕ ਪੱਧਰ 'ਤੇ ਇੱਕ ਦੂਜੇ ਤੋਂ ਬਿਲਕੁਲ ਭਿੰਨ ਸਨ। ਇਹ ਚਾਰ ਵਰਨ ਸਨ: ਬ੍ਰਾਹਮਣ, ਖੱਤਰੀ, ਵੈਸ਼, ਸ਼ੂਦਰ। ਬ੍ਰਾਹਮਣ ਪੂਜਨੀਕ ਸਮਝਿਆ ਜਾਂਦਾ ਸੀ, ਕਸ਼ਤਰੀ ਰਾਜ-ਸ਼ਕਤੀ ਦਾ ਮਾਲਕ, ਵੈਸ਼ ਕਾਰੀਗਰ ਤੇ ਸ਼ੂਦਰ ਬਹੁਤ ਨੀਵੀਂ ਪੱਧਰ ਦਾ ਦਾਸ। ਇਹਨਾਂ ਚਾਰਾਂ ਵਰਨਾਂ ਵਿੱਚੋਂ ਸ਼ੂਦਰ ਦੀ ਸਥਿਤੀ ਬੜੀ ਤਰਸਯੋਗ ਸੀ। ਉਸ ਨੂੰ ਸਮੂਹਿਕ ਥਾਂਵਾਂ 'ਤੇ ਜਾਣ ਦੀ, ਵਿੱਦਿਆ ਪੜ੍ਹਨ ਦੀ ਤੇ ਧਾਰਮਿਕ ਰਸਮਾਂ ਨਿਭਾਉਣ ਦੀ ਸਖ਼ਤ ਮਨਾਹੀ ਸੀ। ਇਹਨਾਂ ਤੋਂ ਇਲਾਵਾ ਚੰਡਾਲ ਆਦਿ ਜਾਤੀਆਂ ਵੀ ਸਨ ਜਿਨ੍ਹਾਂ ਨੂੰ ਬਿਲਕੁਲ ਅਛੂਤ ਸਮਝਿਆ ਜਾਂਦਾ ਸੀ। ਇਸ ਵਰਨ-ਵੰਡ ਤੋਂ ਬਗ਼ਾਵਤ ਭਗਤੀ ਲਹਿਰ ਦੇ ਹੋਂਦ ਵਿੱਚ ਆਉਣ ਤੋਂ ਪਹਿਲਾਂ ਵੀ ਕੀਤੀ ਗਈ ਸੀ। ਜੋਗਮੱਤ ਤੇ ਬੁੱਧਮਤ ਨੇ ਵੀ ਸਰਬ-ਸਾਂਝੇ ਧਰਮ ਦਾ ਹੋਕਾ ਦਿੱਤਾ ਸੀ, ਪਰ ਇਹ ਦੋਵੇਂ ਮੱਤ ਆਪਣੀਆਂ ਅੰਦਰੂਨੀ ਵਿਰੋਧਤਾਈਆਂ ਕਾਰਨ ਆਪਣੀ ਸਮਾਜਿਕ ਪਕੜ ਗੁਆ ਬੈਠੇ ਸਨ। ਭਗਤੀ ਲਹਿਰ ਪਹਿਲੀ ਵਾਰੀ ਇੱਕ ਅਜਿਹੀ ਸਮਾਜਿਕ ਲਹਿਰ ਦੇ ਰੂਪ ਵਿੱਚ ਉਦੈ ਹੋਈ, ਜਿਸ ਨੇ ਸਮਾਜਿਕ ਮੁਕਤੀ ਦਾ ਨਾਅਰਾ ਦਿੱਤਾ ਤੇ ਹਰ ਪ੍ਰਕਾਰ ਦੇ ਕਰਮ-ਕਾਂਡ, ਤਿਆਗ, ਅੰਧ-ਵਿਸ਼ਵਾਸ ਤੇ ਛੂਤ-ਛਾਤ ਦਾ ਵਿਰੋਧ ਕਰਕੇ ਇੱਕ ਅਜਿਹੇ ਧਰਮ ਦੀ ਨੀਂਹ ਰੱਖੀ ਜਿਸ ਦਾ ਆਧਾਰ ਮਾਨਵਵਾਦ ਸੀ। ਇਸ ਮਾਨਵੀ-ਧਰਮ ਦਾ ਉਦੇਸ਼ ਸੀ 'ਸਰਬੱਤ ਦਾ ਭਲਾ'। ਇਸ ਉਦੇਸ਼ ਦੀ ਪੂਰਤੀ ਲਈ ਪ੍ਰੇਮ-ਭਗਤੀ ਦਾ ਸੰਕਲਪ ਹੋਂਦ ਵਿੱਚ ਆਇਆ। ਇਸ ਦਾ ਭਾਵ ਇਹ ਸੀ ਕਿ ਜੇ ਇਨਸਾਨ ਬਿਨਾਂ ਕਿਸੇ ਭੇਦ-ਭਾਵ ਦੇ ਸਭ ਨੂੰ ਪ੍ਰੇਮ ਕਰੇ ਤਾਂ ਇਸ ਪ੍ਰੇਮ ਦੁਆਰਾ ਹੀ ਪਰਮਾਤਮਾ ਨੂੰ ਪ੍ਰਾਪਤ ਕਰ ਸਕਦਾ ਹੈ। ਇਸ ਦੇ ਲਈ ਹੋਰ ਕਿਸੇ ਤਪੱਸਿਆ ਜਾਂ ਕਰਮ-ਕਾਂਡ ਦੀ ਲੋੜ ਨਹੀਂ। ਭਗਤੀ ਦੇ ਇਸ ਸੰਕਲਪ ਕਾਰਨ ਹੀ ਇਸ ਲਹਿਰ ਨੂੰ ਭਗਤੀ-ਲਹਿਰ ਕਿਹਾ ਜਾਣ ਲੱਗਾ।

ਗੁਰਮਤਿ ਦਾ ਆਧਾਰ ਇਹੀ ਭਗਤੀ-ਲਹਿਰ ਸੀ। ਭਗਤੀ-ਲਹਿਰ ਰੱਬ ਜਾਂ ਅੰਤਿਮ-ਸੱਚ ਦੀ ਪ੍ਰਾਪਤੀ ਲਈ ਗਿਆਨ ਤੇ ਪ੍ਰੇਮ ਦੇ ਸੁਮੇਲ 'ਤੇ ਜ਼ੋਰ ਦਿੰਦੀ ਸੀ। ਪ੍ਰੇਮ ਦਾ ਧਾਰਮਿਕ ਰੂਪ ਭਗਤੀ ਹੈ ਤੇ ਭਗਤੀ ਕਿਸੇ ਕਰਮ-ਕਾਂਡ ਜਾਂ ਅਡੰਬਰ ਤੋਂ ਬਿਨਾਂ ਕੀਤੀ ਜਾ ਸਕਦੀ ਹੈ। ਭਗਤੀ ਕਰਨ ਵਿੱਚ ਉੱਚੀ-ਨੀਵੀਂ ਜਾਤ ਦਾ ਵੀ ਕੋਈ ਵਿਚਾਰ ਨਹੀਂ। ਇਉਂ ਭਗਤੀ-ਲਹਿਰ ਨੇ ਉੱਚੇ ਵਰਨਾਂ ਦੁਆਰਾ ਛੇਕੇ ਹੋਏ,



Downloaded from https:// www.studiestoday.com

Downloaded from https:// www.studiestoday.com

ਸਮਾਜ ਦੇ ਇੱਕ ਵੱਡੇ ਹਿੱਸੇ ਨੂੰ ਪ੍ਰੇਰਿਤ ਕੀਤਾ ਤੇ ਨੀਵੀਂਆਂ ਕਹੀਆਂ ਜਾਂਦੀਆਂ ਸ਼੍ਰੇਣੀਆਂ ਵਿੱਚੋਂ ਕਈ ਭਗਤ ਆਗੂ ਹੋਏ ਜਿਵੇਂ ਕਬੀਰ, ਰਵਿਦਾਸ, ਨਾਮਦੇਵ ਅਤੇ ਸੈਣ ਆਦਿ। ਸਿੱਖ ਗੁਰੂਆਂ ਨੇ ਵੀ ਭਗਤੀ-ਲਹਿਰ ਦੇ ਅਸੂਲਾਂ ਨੂੰ ਆਪਣੀ ਬਾਣੀ ਰਾਹੀਂ ਪ੍ਰਚਾਰਿਆ।

**ਗੁਰੂ-ਕਾਵਿ**: ਦਸ ਸਿੱਖ ਗੁਰੂਆਂ ਵਿੱਚੋਂ 7 ਗੁਰੂ ਕਵੀ ਸਨ ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਦੇਵ ਜੀ, ਗੁਰੂ ਅਮਰ ਦਾਸ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ, ਗੁਰੂ ਤੇਗ਼ ਬਹਾਦਰ ਜੀ ਤੇ ਗੁਰੂ ਗੋਬਿੰਦ ਸਿੰਘ ਜੀ। ਗੁਰੂ ਗੋਬਿੰਦ ਸਿੰਘ ਜੀ ਨੂੰ ਛੱਡ ਕੇ ਬਾਕੀ ਦੇ ਛੇ ਗੁਰੂਆਂ ਦੀ ਬਾਣੀ ਸਿੱਖਾਂ ਦੇ ਪਵਿੱਤਰ ਧਾਰਮਿਕ ਗ੍ਰੰਥ (ਸ੍ਰੀ ਗੁਰੂ ਗ੍ਰੰਥ) ਵਿੱਚ ਦਰਜ ਕੀਤੀ ਗਈ ਹੈ। ਇਸ ਗ੍ਰੰਥ ਦੀ ਸੰਪਾਦਨਾ 1604 ਈ. ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕੀਤੀ। ਇਸ ਗ੍ਰੰਥ ਦੇ ਲਿਖਾਰੀ ਗੁਰੂ ਘਰ ਦੇ ਸ਼ਰਧਾਲੂ ਸਿੱਖ, ਭਾਈ ਗੁਰਦਾਸ ਜੀ ਸਨ। ਆਪ ਗੁਰੂ ਅਮਰਦਾਸ ਦੇ ਭਤੀਜੇ ਤੇ ਗੁਰੂ ਅਰਜਨ ਦੇਵ ਜੀ ਦੇ ਮਾਮਾ ਜੀ ਲਗਦੇ ਸਨ। ਭਾਈ ਗੁਰਦਾਸ ਆਪ ਵੀ ਕਵੀ ਸਨ, ਪਰ ਉਹਨਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਨਹੀਂ। ਆਦਿ ਗ੍ਰੰਥ ਵਿੱਚ 6 ਸਿੱਖ ਗੁਰੂਆਂ ਤੇ ਉਹਨਾਂ ਦੇ ਸਮਕਾਲੀ ਤੇ ਪੂਰਵਕਾਲੀ ਲਗ-ਪਗ 35 ਭਗਤਾਂ, ਸੰਤਾਂ, ਸੂਫ਼ੀਆਂ, ਗੁਰੂ-ਘਰ ਦੇ ਨਿਕਟਵਰਤੀ ਸ਼ਰਧਾਲੂਆਂ ਤੇ ਭੱਟਾਂ ਦੀ ਬਾਣੀ ਸ਼ਾਮਲ ਹੈ, ਜਿਨ੍ਹਾਂ ਵਿੱਚ ਸੂਫ਼ੀ ਕਵੀ ਬਾਬਾ ਫ਼ਰੀਦ ਜੀ ਨੂੰ ਪ੍ਰਥਮ ਸਥਾਨ ਹਾਸਲ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਮੱਧਯੁਗੀ ਭਾਰਤ ਦੀ ਅਧਿਆਤਮਿਕ, ਸਮਾਜਿਕ ਤੇ ਇਤਿਹਾਸਿਕ ਮਹਾਨਤਾ ਨੂੰ ਉਜਾਗਰ ਕਰਨ ਵਾਲ਼ਾ ਇੱਕ ਮਹਾਨ ਗ੍ਰੰਥ ਹੈ। ਇਸ ਵਿੱਚ ਮਨੁੱਖੀ ਜੀਵਨ ਤੇ ਅੰਤਿਮ ਉਦੇਸ਼, ਸ੍ਰਿਸ਼ਟੀ ਦੀ ਰਚਨਾ ਤੇ ਵਿਕਾਸ ਦੇ ਨਿਯਮ, ਵਿਅਕਤੀ ਦੀ ਸਮਾਜਿਕ ਭੂਮਿਕਾ, ਸਮਕਾਲੀ ਸਮਾਜ ਦੀ ਨਿੱਘਰੀ ਹੋਈ ਹਾਲਤ ਤੇ ਭਾਰਤ ਦੀ ਉਸ ਸਮੇਂ ਦੀ ਰਾਜਸੀ ਅਵਸਥਾ ਵਰਗੇ ਵਿਸ਼ਿਆਂ ਨੂੰ ਆਧਾਰ ਬਣਾ ਕੇ ਮਹਾਨ ਬਾਣੀ ਦੀ ਰਚਨਾ ਕੀਤੀ ਗਈ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਭਾਈ ਗੁਰਦਾਸ ਜੀ ਨੂੰ ਛੱਡ ਕੇ, ਗੁਰਮਤਿ ਕਾਵਿ-ਧਾਰਾ ਦੇ ਸਾਰੇ ਰਚਨਹਾਰਾਂ ਦੀ ਬਾਣੀ ਇਸੇ ਗ੍ਰੰਥ ਵਿੱਚ ਦਰਜ ਹੈ।

****



Downloaded from https:// www.studiestoday.com

Downloaded from https:// www.studiestoday.com

# ਪ੍ਰਮੁੱਖ ਗੁਰਮਤਿ ਕਵੀ

**(ਗੁਰਮਤਿ-ਕਾਵਿ ਦੇ ਪ੍ਰਮੁੱਖ ਕਵੀਆਂ ਦੀ ਜਾਣ-ਪਛਾਣ)**

## (1) ਸ੍ਰੀ ਗੁਰੂ ਨਾਨਕ ਦੇਵ ਜੀ (1469-1539)

**ਜੀਵਨ**: ਸ੍ਰੀ ਗੁਰੂ ਨਾਨਕ ਦੇਵ ਜੀ ਸਿੱਖ ਧਰਮ ਦੇ ਬਾਨੀ ਗੁਰੂ ਤੇ ਮੱਧ-ਕਾਲੀ ਭਾਰਤ ਦੇ ਇੱਕ ਮਹਾਨ ਚਿੰਤਕ ਸਨ। ਆਪ ਦਾ ਜਨਮ 1469 ਈ. ਵਿੱਚ ਰਾਇ ਭੋਇੰ ਦੀ ਤਲਵੰਡੀ (ਅੱਜ-ਕੱਲ੍ਹ ਨਨਕਾਣਾ ਸਾਹਿਬ) ਵਿਖੇ ਸ੍ਰੀ ਮਹਿਤਾ ਕਲਿਆਣ ਦਾਸ ਦੇ ਘਰ ਹੋਇਆ। ਆਪ ਦੀ ਮਾਤਾ ਦਾ ਨਾਂ ਮਾਤਾ ਤ੍ਰਿਪਤਾ ਸੀ। ਆਪ ਦੇ ਪਿਤਾ ਕਿੱਤੇ ਵਜੋਂ ਪਟਵਾਰੀ ਸਨ ਪਰ ਗੁਰੂ ਸਾਹਿਬ ਨੇ ਆਪਣੇ ਫ਼ਕੀਰੀ ਸੁਭਾਅ ਕਾਰਨ ਨਾ ਤਾਂ ਪਿਤਾ ਪੁਰਖੀ ਕਿੱਤੇ ਨੂੰ ਹੀ ਅਪਣਾਇਆ ਤੇ ਨਾ ਹੀ ਟਿਕ ਕੇ ਕੋਈ ਹੋਰ ਕੰਮ ਕੀਤਾ। 18 ਵਰ੍ਹੇ ਦੀ ਆਯੂ ਵਿੱਚ ਆਪ ਦਾ ਵਿਆਹ ਬਟਾਲੇ ਦੇ ਵਸਨੀਕ ਮੂਲ ਚੰਦ ਚੋਣੇ ਦੀ ਸਪੁੱਤਰੀ ਬੀਬੀ ਸੁਲੱਖਣੀ ਨਾਲ਼ ਹੋਇਆ ਜਿਸ ਦੇ ਉਦਰ ਤੋਂ ਗੁਰੂ ਨਾਨਕ ਦੇ ਦੋ ਪੁੱਤਰ (ਸ੍ਰੀ ਚੰਦ ਤੇ ਲੱਖਮੀ ਦਾਸ) ਪੈਦਾ ਹੋਏ। ਪਰੰਤੂ ਪਰਿਵਾਰਿਕ ਬੰਧਨ ਵੀ ਆਪ ਨੂੰ ਬਹੁਤਾ ਚਿਰ ਬੰਨ੍ਹ ਕੇ ਨਾ ਰੱਖ ਸਕੇ ਤੇ ਲਗ-ਪਗ ਤੀਹ ਵਰ੍ਹੇ ਦੀ ਉਮਰ ਵਿੱਚ ਆਪ ਘਰ-ਬਾਰ ਤਿਆਗ ਕੇ ਉਦਾਸੀਆਂ 'ਤੇ ਨਿਕਲ਼ ਪਏ। ਆਪ ਨੇ ਨਾ ਸਿਰਫ਼ ਭਾਰਤ ਸਗੋਂ ਅਫ਼ਗਾਨਿਸਤਾਨ, ਈਰਾਨ ਤੇ ਮੱਧ ਪੂਰਬ ਦੇ ਕਈ ਦੇਸਾਂ ਦੀ ਯਾਤਰਾ ਕੀਤੀ। ਅਖ਼ੀਰਲੀ ਉਮਰ ਵਿੱਚ ਆਪ ਰਾਵੀ ਦਰਿਆ ਦੇ ਕੰਢੇ ਆਪਣੇ ਵਸਾਏ ਨਗਰ ਕਰਤਾਰਪੁਰ ਵਿਖੇ ਆ ਗਏ ਤੇ ਖੇਤੀ ਕਰਨ ਲੱਗੇ। ਇੱਥੇ ਹੀ 1539 ਈ. ਵਿੱਚ ਆਪ ਜੋਤੀ-ਜੋਤ ਸਮਾ ਗਏ।

**ਰਚਨਾ**: ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਾਰੀ ਕਾਵਿ-ਰਚਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸੰਗ੍ਰਹਿਤ ਹੈ। ਆਪ ਦੀਆਂ ਪ੍ਰਮੁੱਖ ਰਚਨਾਵਾਂ ਇਸ ਪ੍ਰਕਾਰ ਹਨ :- ਜਪੁਜੀ, ਸਿਧ ਗੋਸਟਿ, ਪੱਟੀ, ਵਾਰ ਰਾਗ ਆਸਾ, ਵਾਰ ਰਾਗ ਮਾਝ, ਵਾਰ ਰਾਗ ਮਲਾਰ, ਬਾਰਾਂਮਾਹ ਤੁਖਾਰੀ, ਸੋਹਿਲਾ, ਅਲਾਹੁਣੀਆਂ, ਬਾਬਰਵਾਣੀ, ਅਸ਼ਟਪਦੀਆਂ, ਦੱਖਣੀ ਓਅੰਕਾਰ, ਪਹਿਰੇ, ਕੁਝ ਸ਼ਬਦ ਤੇ ਸਲੋਕ ਆਦਿ।

ਗੁਰੂ ਨਾਨਕ ਬਾਣੀ ਦੇ ਵਿਸ਼ੇ ਅਨੇਕ ਪੱਖੀ ਹਨ। ਵਰਗੀਕਰਨ ਦੇ ਆਧਾਰ 'ਤੇ ਇਹਨਾਂ ਵਿਸ਼ਿਆਂ ਨੂੰ ਅਸੀਂ ਤਿੰਨ ਵਰਗਾਂ ਵਿੱਚ ਵੰਡ ਸਕਦੇ ਹਾਂ: ਅਧਿਆਤਮਿਕ, ਸਮਾਜਿਕ ਤੇ ਰਾਜਨੀਤਿਕ।

ਗੁਰੂ ਨਾਨਕ ਦੇਵ ਜੀ ਮੂਲ ਰੂਪ ਵਿੱਚ ਇੱਕ ਅਧਿਆਤਮਿਕ ਤੇ ਰਹੱਸਵਾਦੀ ਕਵੀ ਸਨ। ਇਸ ਲਈ ਉਹਨਾਂ ਦੀ ਰਚਨਾ ਦਾ ਮੂਲ ਸੁਰ ਦਾਰਸ਼ਨਿਕ ਹੈ ਉਹਨਾਂ ਦੇ ਦਰਸ਼ਨ ਦਾ ਆਧਾਰ ਪੰਦ੍ਰਵੀਂ ਸਦੀ ਤੱਕ ਦੀਆਂ ਸਾਰੀਆਂ ਵਿਚਾਰਧਾਰਾਵਾਂ (ਵਿਗਿਆਨਿਕ ਤੇ ਧਾਰਮਿਕ) ਹਨ। ਉਹਨਾਂ ਦੀ ਬਾਣੀ ਵਿੱਚ ਸਾਰੇ ਭਾਰਤੀ ਦਰਸ਼ਨਾਂ ਦਾ ਨਿਚੋੜ ਵੀ ਮਿਲ਼ਦਾ ਹੈ ਤੇ ਵੱਖ-ਵੱਖ ਭਾਰਤੀ ਫਿਲ਼ਾਸਫ਼ੀਆਂ ਨਾਲ਼ ਸੰਵਾਦ ਵੀ ਰਚਾਇਆ ਗਿਆ ਹੈ। ਇਸ ਲਈ ਅਧਿਆਤਮਿਕ ਵਿਸ਼ਿਆਂ ਨਾਲ਼ ਸੰਬੰਧਿਤ ਬਾਣੀ ਵਿੱਚ ਗੁਰੂ ਸਾਹਿਬ ਨੇ ਬ੍ਰਹਮ, ਸ੍ਰਿਸ਼ਟੀ-ਰਚਨਾ, ਮਨੁੱਖੀ ਜੀਵਨ ਦਾ ਪ੍ਰਯੋਜਨ ਆਦਿ ਵਿਸ਼ਿਆਂ ਨੂੰ ਸਪਸ਼ਟ ਕੀਤਾ ਹੈ। ਉਹਨਾਂ ਦਾ ਬ੍ਰਹਮ ਦੀ ਹੋਂਦ ਵਿੱਚ ਪੂਰਨ ਵਿਸ਼ਵਾਸ ਸੀ ਪਰ ਉਹ ਕਿਸੇ ਇੱਕ ਰੂਪ ਵਿੱਚ ਬ੍ਰਹਮ ਦੀ ਹੋਂਦ ਨੂੰ ਸੀਮਿਤ ਨਹੀਂ ਸਨ ਮੰਨਦੇ। ਉਹਨਾਂ ਅਨੁਸਾਰ ਬ੍ਰਹਮ ਦੀ ਹੋਂਦ ਸਮੁੱਚੇ ਬ੍ਰਹਿਮੰਡ ਵਿੱਚ ਹੈ ਤੇ ਉਸ ਦਾ ਕੋਈ ਇੱਕ ਰੂਪ ਨਹੀਂ ਹੈ।



Downloaded from https:// www.studiestoday.com

Downloaded from https:// www.studiestoday.com

ਸਹਸ ਤਵ ਨੈਨ ਨਨ ਨੈਨ ਹਹਿ ਤੋਹਿ ਕਉ
ਸਹਸ ਮੂਰਤਿ ਨਨਾ ਏਕ ਤੋਹੀ ।। (13)

ਗੁਰੂ ਸਾਹਿਬ ਦਾ ਬ੍ਰਹਮ ਨਿਰਗੁਣ ਵੀ ਹੈ ਤੇ ਸਰਗੁਣ ਵੀ। ਨਿਰਗੁਣ ਇਸ ਲਈ ਕਿ ਉਹ ਕਿਸੇ ਇੱਕ ਰੂਪ ਵਿੱਚ ਨਹੀਂ ਦਿਸਦਾ, ਸਰਗੁਣ ਇਸ ਲਈ ਕਿ ਉਹ ਸਾਰੀ ਸ੍ਰਿਸ਼ਟੀ ਵਿੱਚ ਮੌਜੂਦ ਹੈ ਤੇ ਇਹ ਬ੍ਰਹਿਮੰਡ ਉਸ ਦਾ ਹੀ ਰੂਪ ਹੈ। ਬ੍ਰਹਮ ਦੇ ਇਸ ਦਵੰਦਮਈ ਰੂਪ ਦਾ ਸੰਕਲਪ ਜਾਂ ਸੂਫ਼ੀਆਂ ਨੇ ਚਿਤਵਿਆ ਸੀ ਤੇ ਜਾਂ ਭਗਤ ਤੇ ਗੁਰੂ-ਕਵੀਆਂ ਨੇ। ਬ੍ਰਹਮ ਦੇ ਇਸੇ ਰੂਪ ਦਾ ਤੀਖਣ ਅਨੁਭਵ ਹੀ ਅਸਲ ਵਿੱਚ ਰੱਬ ਦੀ ਪ੍ਰਾਪਤੀ ਹੈ ਤੇ ਇਹੀ ਅੰਤਿਮ ਸੱਚ ਹੈ, ਜਿਸ ਦੀ ਮਨੁੱਖ ਨੂੰ ਭਾਲ਼ ਹੈ। ਇਹ ਬ੍ਰਹਮ ਨਿਰਭੌ, ਨਿਰਵੈਰ ਤੇ ਨਿਰਾਕਾਰ ਹੈ ਤੇ ਸਾਰੀ ਸ੍ਰਿਸ਼ਟੀ ਉਸ ਦੇ ਭਾਣੇ ਅੰਦਰ ਚੱਲ ਰਹੀ ਹੈ। ਇਸ ਭਾਣੇ ਨੂੰ ਕਿਤੇ ਭੈ ਕਿਹਾ ਗਿਆ ਹੈ ਤੇ ਕਿਤੇ ਹੁਕਮ, ਜਿਵੇਂ:

ਭੈ ਵਿਚਿ ਪਵਣੁ ਵਹੈ ਸਦ ਵਾਉ ।।
ਭੈ ਵਿਚਿ ਚਲਹਿ ਲਖ ਦਰੀਆਉ ।। (464)

ਜਾਂ

ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ ।।
ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ ।। (1)

ਮਨੁੱਖੀ ਜੀਵਨ ਦਾ ਮੂਲ ਪ੍ਰਯੋਜਨ ਇਸ ਹੁਕਮ ਅੰਦਰ ਰਹਿ ਕੇ ਅੰਤਿਮ ਸੱਚ ਦੀ ਪ੍ਰਾਪਤੀ ਕਰਨਾ ਹੈ। ਇਹ ਹੁਕਮ ਰਾਜੇ ਜਾਂ ਹਾਕਮ ਦੇ ਹੁਕਮ ਤੋਂ ਵੱਖਰਾ ਹੈ। ਇੱਥੇ ਹੁਕਮ ਤੋਂ ਭਾਵ ਸਮੁੱਚੇ ਬ੍ਰਹਿਮੰਡ ਵਿੱਚ ਵਿਆਪਤ ਉਸ ਨਿਯਮ ਤੋਂ ਹੈ ਜੋ ਸਮੁੱਚੀ ਪ੍ਰਕਿਰਤੀ (ਮਨੁੱਖ ਸਮੇਤ) ਉੱਪਰ ਲਾਗੂ ਹੁੰਦਾ ਹੈ ਤੇ ਜਿਸ ਨੂੰ ਇਕੱਲਾ ਵਿਅਕਤੀ ਤਬਦੀਲ ਨਹੀਂ ਕਰ ਸਕਦਾ।

ਇਹਨਾਂ ਦਾਰਸ਼ਨਿਕ ਮਸਲਿਆਂ ਤੋਂ ਬਿਨਾਂ ਗੁਰੂ ਨਾਨਕ ਬਾਣੀ ਦਾ ਸਮਾਜਿਕ ਪੱਖ ਵੀ ਘੱਟ ਮਹੱਤਤਾ ਵਾਲ਼ਾ ਨਹੀਂ। ਆਪ ਦੀ ਰਚਨਾ ਵਿੱਚ ਉਹਨਾਂ ਦਾ ਸਮੁੱਚਾ ਯੁੱਗ ਜਿਊਂਦੇ-ਜਾਗਦੇ ਰੂਪ ਵਿੱਚ ਰੂਪਮਾਨ ਹੁੰਦਾ ਹੈ। ਇਸ ਪੱਖੋਂ ਆਪ ਦੀ ਰਚਨਾ 'ਆਸਾ ਦੀ ਵਾਰ' ਵਿਚਾਰਨ ਯੋਗ ਹੈ ਕਿਉਂਕਿ ਇਸ ਰਚਨਾ ਵਿੱਚ ਉਸ ਸਮੇਂ ਦੀ ਅਤਿ ਦੀ ਨਿੱਘਰੀ ਹੋਈ ਸਮਾਜਿਕ ਵਿਵਸਥਾ ਬਾਰੇ ਬੜੀਆਂ ਸਾਰਥਕ ਟਿੱਪਣੀਆਂ ਹਨ। ਗੁਰੂ ਸਾਹਿਬ ਦੇ ਸਮਕਾਲੀ ਸਮਾਜ ਵਿੱਚ ਸਾਰੀਆਂ ਸੱਭਿਆਚਾਰਿਕ ਸੰਸਥਾਵਾਂ, ਜਿਵੇਂ ਧਰਮ, ਵਿੱਦਿਆ, ਪਰਿਵਾਰ ਆਦਿ ਘੋਰ ਪਤਨ ਦੀ ਅਵਸਥਾ ਵਿੱਚ ਪਹੁੰਚ ਚੁੱਕੀਆਂ ਸਨ। ਵੇਲ਼ੇ ਦੇ ਧਰਮ (ਜਿਵੇਂ ਬ੍ਰਾਹਮਣ ਮੱਤ, ਜੋਗ ਮਤ ਤੇ ਇਸਲਾਮ) ਆਪਣੇ ਅਸਲੀ ਮਨੋਰਥ ਤੋਂ ਭਟਕ ਕੇ ਕੇਵਲ ਕਰਮ-ਕਾਂਡੀ ਧਰਮ ਬਣ ਗਏ ਸਨ ਤੇ ਇਹਨਾਂ ਦੇ ਪ੍ਰਚਾਰਕ ਆਚਰਨਹੀਣ ਹੋ ਚੁੱਕੇ ਸਨ। ਰਾਗ ਧਨਾਸਰੀ ਵਿੱਚ ਵੀ ਅਜਿਹੀ ਆਚਰਨਹੀਣਤਾ ਉੱਤੇ ਕਟਾਖਸ਼ ਕੀਤਾ ਗਿਆ ਹੈ।

ਕਾਦੀ ਕੂੜੁ ਬੋਲਿ ਮਲੁ ਖਾਇ ।। ਬ੍ਰਾਹਮਣੁ ਨਾਵੈ ਜੀਆ ਘਾਇ ।।
ਜੋਗੀ ਜੁਗਤਿ ਨ ਜਾਣੈ ਅੰਧੁ ।। ਤੀਨੇ ਓਜਾੜੇ ਕਾ ਬੰਧੁ ।। (662)

ਗੁਰੂ ਤੇ ਸ਼ਿਸ਼ ਦਾ ਰਿਸ਼ਤਾ ਆਪਣੀ ਪਵਿੱਤਰਤਾ ਗੁਆ ਬੈਠਾ ਸੀ ਤੇ ਚੇਲਿਆਂ ਦੇ ਇਸ਼ਾਰਿਆਂ 'ਤੇ ਨੱਚਦੇ ਗੁਰੂਆਂ ਦੀ ਤਸਵੀਰ ਰਾਗ ਆਸਾ ਵਿੱਚ ਦੇਖੋ :



Downloaded from https:// www.studiestoday.com

Downloaded from https:// www.studiestoday.com

ਵਾਇਨਿ ਚੇਲੇ ਨਚਨਿ ਗੁਰ।। ਪੈਰ ਹਲਾਇਨਿ ਫੇਰਨਿ ਸਿਰ।।

ਉਡਿ ਉਡਿ ਰਾਵਾ ਝਾਟੈ ਪਾਇ।। ਵੇਖੈ ਲੋਕੁ ਹਸੈ ਘਰਿ ਜਾਇ।। (465)

ਪਰਿਵਾਰਿਕ ਮੋਹ-ਪਿਆਰ ਮੁੱਕ ਚੁੱਕਾ ਸੀ ਤੇ ਪਤੀ-ਪਤਨੀ, ਮਾਪਿਆਂ ਤੇ ਧੀਆਂ-ਪੁੱਤਰਾਂ ਦੀ ਆਪੋ-ਵਿਚਲੀ ਮਨੁੱਖੀ ਸਾਂਝ ਖ਼ਤਮ ਹੋ ਚੁੱਕੀ ਸੀ।

ਕਲੀ ਅੰਦਰਿ ਨਾਨਕਾ ਜਿੰਨਾ ਦਾ ਅਉਤਾਰੁ।।

ਪੁਤੁ ਜਿਨੂਰਾ ਧੀਅ ਜਿੰਨੂਰੀ ਜੋਰੂ ਜਿੰਨਾ ਦਾ ਸਿਕਦਾਰੁ।। (556)

ਅਜਿਹੇ ਸਮਾਜ ਦਾ ਗੁਰੂ ਸਾਹਿਬ ਨੇ ਸੰਪੂਰਨ ਤਿਆਗ ਕੀਤਾ ਹੈ ਤੇ ਇੱਕ ਨਵੇਂ ਸਮਾਜ ਦਾ ਆਦਰਸ਼ ਉਸਾਰਿਆ ਹੈ। ਇਹ ਆਦਰਸ਼ਕ ਸਮਾਜ ਜਾਤ-ਪਾਤ ਰਹਿਤ, ਪਦਾਰਥਿਕ ਤੇ ਆਤਮਕ ਪੱਖੋਂ ਖ਼ੁਸ਼ਹਾਲ ਇੱਕ ਅਜਿਹਾ ਸਮਾਜ ਹੈ ਜਿਸ ਦਾ ਹਰ ਸ਼ਖ਼ਸ ਨੇਕ ਤੇ ਚਰਿੱਤਰਵਾਨ ਹੈ। ਅਜਿਹੇ ਸਮਾਜ ਨੂੰ ਆਪ ਨੇ ਸੰਤ-ਸਭਾ ਦਾ ਨਾਂ ਦਿੱਤਾ ਹੈ ਤੇ ਉਸ ਦੀ ਪਰਿਭਾਸ਼ਾ ਇਉਂ ਕੀਤੀ ਹੈ:

ਸਤਸੰਗਤਿ ਕੈਸੀ ਜਾਣੀਐ।।

ਜਿਥੈ ਏਕੋ ਨਾਮੁ ਵਖਾਣੀਐ।। (72)

'ਏਕੋ ਨਾਮ' ਤੋਂ ਭਾਵ ਇੱਕ ਰੱਬ ਵਿੱਚ ਵਿਸ਼ਵਾਸ ਤੋਂ ਵੀ ਹੈ ਤੇ ਸਮਾਜਿਕ ਏਕਤਾ ਤੋਂ ਵੀ। ਅਰਥਾਤ ਅਜਿਹੇ ਸਮਾਜ ਵਿੱਚ ਜਾਤ, ਧਰਮ, ਵਰਨ ਆਦਿ ਦੇ ਝਗੜੇ ਨਹੀਂ ਹੋਣਗੇ। ਮਨੁੱਖਤਾ ਦੀ ਸਾਂਝ ਹੀ ਸਭ ਤੋਂ ਵੱਡੀ ਸਾਂਝ ਹੋਵੇਗੀ।

ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚਲੀ ਰਾਜਨੀਤਿਕ ਚੇਤਨਾ ਇਸ ਗੱਲ ਦੀ ਸੂਚਕ ਹੈ ਕਿ ਉਹ ਆਪਣੇ ਯੁੱਗ ਦੇ ਨਾ ਕੇਵਲ ਧਾਰਮਿਕ, ਸਗੋਂ ਬੜੇ ਵੱਡੇ ਰਾਜਨੀਤਿਕ ਚਿੰਤਕ ਵੀ ਸਨ। ਉਹਨਾਂ ਨੇ ਆਪਣੀ ਬਾਣੀ ਵਿੱਚ ਆਪਣੇ ਸਮੇਂ ਦੇ ਸਮੁੱਚੇ ਰਾਜਨੀਤਿਕ ਦ੍ਰਿਸ਼ ਨੂੰ ਸਾਕਾਰ ਕਰਕੇ, ਆਪਣੇ ਵੇਲ਼ੇ ਦੇ ਅਯੋਗ ਰਾਜਿਆਂ ਉੱਪਰ ਵਿਅੰਗ ਕੀਤਾ ਹੈ। ਰਾਜਿਆਂ ਤੇ ਉਹਨਾਂ ਦੇ ਵਜ਼ੀਰਾਂ ਲਈ ਕੁੱਤਾ, ਸ਼ੀਂਹ ਤੇ ਕਸਾਈ ਵਰਗੇ ਸ਼ਬਦ ਵਰਤੇ ਹਨ। ਬਾਬਰ ਦੇ ਹਮਲੇ ਵੇਲ਼ੇ ਉਹ ਦੇਸੀ ਰਾਜਿਆਂ ਨੂੰ ਲੋਥਾਂ (ਮੁਇਆਂ), ਨਾਲ਼ ਤੁਲਨਾ ਦਿੰਦੇ ਹਨ:

ਰਤਨ ਵਿਗਾੜਿ ਵਿਗੋਏ ਕੁਤੀ ਮੁਇਆ ਸਾਰ ਨ ਕਾਈ।। (360)

ਇਸੇ ਤਰ੍ਹਾਂ 'ਵਾਰ ਮਲਾਰ ਕੀ' ਵਿੱਚ ਲਿਖਦੇ ਹਨ :

ਰਾਜੇ ਸੀਹ ਮੁਕਦਮ ਕੁਤੇ।।

ਜਾਇ ਜਗਾਇਨ ਬੈਠੇ ਸੁਤੇ।। (1288)

ਅਤੇ 'ਵਾਰ ਮਾਝ ਕੀ' ਵਿੱਚ ਰਾਜਿਆਂ ਨੂੰ ਕਸਾਈ ਕਹਿੰਦੇ ਹਨ।

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ।। (145)

ਪੰਜਾਬੀ ਸਾਹਿਤ ਵਿੱਚ ਗੁਰੂ ਨਾਨਕ ਦੇਵ ਜੀ ਪਹਿਲੇ ਅਜਿਹੇ ਸ਼ਾਇਰ ਹਨ, ਜਿਨ੍ਹਾਂ ਨੇ ਅਧਿਆਤਮਵਾਦੀ ਚਿੰਤਕ ਹੋਣ ਦੇ ਬਾਵਜੂਦ ਆਪਣੇ ਸਮੇਂ ਦੀ ਰਾਜਨੀਤੀ ਨਾਲ਼ ਇੰਨਾ ਸਰੋਕਾਰ ਦਰਸਾਇਆ ਤੇ ਸਮਕਾਲੀ ਹਾਕਮਾਂ ਦੇ ਕਿਰਦਾਰ (ਚਰਿੱਤਰ) ਨੂੰ ਜ਼ੋਰਦਾਰ ਸ਼ਬਦਾਂ ਵਿੱਚ ਨਿੰਦਿਆ ਹੈ। ਇਸੇ ਕਰਕੇ ਗੁਰੂ ਨਾਨਕ-ਬਾਣੀ ਕੇਵਲ ਅਧਿਆਤਮਿਕ ਤੇ ਉਪਦੇਸ਼ਾਤਮਿਕ-ਕਾਵਿ ਨਾ ਹੋ ਕੇ ਮੱਧ ਕਾਲ ਦੀ ਸਮੁੱਚੀ ਜੀਵਨ-ਜੁਗਤ ਲਈ ਇੱਕ ਵੰਗਾਰ ਵੀ ਸੀ, ਜਿਸ ਨੇ ਇੱਕ ਨਵੀਂ ਜੀਵਨ-ਜਾਚ



Downloaded from https:// www.studiestoday.com

Downloaded from https:// www.studiestoday.com

ਦਾ ਆਦਰਸ਼ ਦਿੱਤਾ ਅਤੇ ਇਸੇ ਆਦਰਸ਼ 'ਤੇ ਚੱਲ ਕੇ ਆਉਣ ਵਾਲ਼ੇ ਸਿੱਖ-ਗੁਰੂਆਂ ਨੇ ਅਮਲੀ ਸੰਘਰਸ਼ ਦਾ ਰਾਹ ਚੁਣਿਆ।

**ਰੂਪਕ ਪੱਖ**: ਨਾਨਕ-ਬਾਣੀ ਨਾ ਕੇਵਲ ਵਿਸ਼ੇ ਪੱਖੋਂ, ਸਗੋਂ ਰੂਪ ਦੇ ਪੱਖੋਂ ਵੀ ਮਹਾਨ ਤੇ ਸਨਾਤਨੀ (ਕਲਾਸਿਕ) ਰਚਨਾ ਹੈ। ਇਹ ਸਾਰੀ ਬਾਣੀ ਰਾਗ ਬੱਧ ਹੈ (ਜਪੁਜੀ ਨੂੰ ਛੱਡ ਕੇ) ਤੇ ਇਸ ਵਿੱਚ 19 ਰਾਗਾਂ ਦੀ ਵਰਤੋਂ ਕੀਤੀ ਗਈ ਹੈ। ਇਸ ਬਾਣੀ ਦੀ ਕਾਵਿਕ ਸੁੰਦਰਤਾ (ਜਿਸ ਦਾ ਆਧਾਰ ਇਸ ਦੇ ਕਾਵਿ-ਬਿੰਬ, ਪ੍ਰਤੀਕ, ਸਰੋਦੀ ਅੰਸ਼, ਬੋਲੀ ਤੇ ਸ਼ੈਲੀ ਹਨ) ਇਸ ਨੂੰ ਮਹਾਨ ਕਵਿਤਾ ਦਾ ਦਰਜਾ ਦਿੰਦੀ ਹੈ। ਨਾਨਕ-ਬਾਣੀ ਦੀ ਬਿੰਬਾਵਲੀ ਬੜੀ ਵੰਨ-ਸੁਵੰਨੀ ਹੈ ਤੇ ਇਸ ਦੇ ਬਿੰਬ (ਸ਼ਬਦ-ਚਿੱਤਰ) ਆਲ਼ੇ-ਦੁਆਲ਼ੇ ਦੇ ਸਮਾਜਿਕ ਤੇ ਪ੍ਰਕਿਰਤਕ ਜੀਵਨ ਵਿੱਚੋਂ ਲਏ ਗਏ ਹਨ, ਜਿਵੇਂ:

ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ ॥
ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ ॥ (14)

ਪ੍ਰਕਿਰਤਕ ਜੀਵਨ ਦੇ ਬਿੰਬਾਂ ਦੀ ਉਦਾਹਰਨ ਆਪ ਦੀ ਰਚਨਾ ਬਾਰਾਮਾਹ ਤੁਖਾਰੀ ਵਿੱਚ ਦੇਖੀ ਜਾ ਸਕਦੀ ਹੈ :

ਚੇਤੁ ਬਸੰਤੁ ਭਲਾ ਭਵਰ ਸੁਹਾਵੜੇ ॥
ਬਨ ਫੂਲੇ ਮੰਝ ਬਾਰਿ ਮੈ ਪਿਰੁ ਘਰਿ ਬਾਹੁੜੈ ॥ (1108)

ਭਗਤ ਤੇ ਰੱਬ ਦੇ ਰਿਸ਼ਤੇ ਲਈ ਆਪ ਨੇ ਪਤੀ-ਪਤਨੀ ਦੇ ਰਿਸ਼ਤੇ ਨੂੰ ਪ੍ਰਤੀਕ ਵਜੋਂ ਵਰਤਿਆ ਹੈ। ਆਪ ਦੀ ਰਚਨਾ ਵਿੱਚ 'ਮੁੱਧ', 'ਧਨ', ਬਾਲੜੀ' ਆਦਿ ਸ਼ਬਦ ਜੀਵ-ਆਤਮਾ ਲਈ ਆਏ ਹਨ ਤੇ 'ਪਿਰੁ', 'ਸਹੁ' ਆਦਿ ਪਰਮਾਤਮਾ ਲਈ, ਜਿਵੇਂ :

ਪਿਰੁ ਘਰਿ ਨਹੀਂ ਆਵੈ ਧਨ ਕਿਉ ਸੁਖੁ ਪਾਵੈ
ਬਿਰਹਿ ਬਿਰੋਧ ਤਨੁ ਛੀਜੈ ॥ (1108)

ਨਾਨਕ-ਬਾਣੀ ਦੀ ਭਾਸ਼ਾ ਉਸ ਸਮੇਂ ਦੀ ਲੋਕ-ਭਾਸ਼ਾ ਹੈ, ਜਿਸ ਵਿੱਚ ਅਰਬੀ, ਫ਼ਾਰਸੀ, ਸੰਸਕ੍ਰਿਤ, ਅਪਭਰੰਸ਼ ਤੇ ਸਾਧ-ਭਾਸ਼ਾ ਦੀ ਸ਼ਬਦਾਵਲੀ ਮਿਲ਼ੀ ਹੋਈ ਹੈ। ਇਹ ਭਾਸ਼ਾ ਸੁੰਦਰ ਤੇ ਅਲੰਕ੍ਰਿਤ ਹੈ। ਗੁਰੂ ਸਾਹਿਬ ਦੀ ਸ਼ੈਲੀ ਉਪਦੇਸ਼ਾਤਮਿਕ, ਦਾਰਸ਼ਨਿਕ ਤੇ ਵਿਅੰਗਾਤਮਿਕ ਹੈ।

### (2) ਸ੍ਰੀ ਗੁਰੂ ਅੰਗਦ ਦੇਵ ਜੀ (1504-1552)

**ਜੀਵਨ** : ਗੁਰੂ ਅੰਗਦ ਦੇਵ ਜੀ ਦਾ ਜਨਮ ਜ਼ਿਲ੍ਹਾ ਫ਼ਿਰੋਜ਼ਪੁਰ ਦੇ ਇੱਕ ਪਿੰਡ (ਮੱਤੇ ਦੀ ਸਰਾਏ) ਵਿੱਚ ਹੋਇਆ। ਗੁਰੂ ਨਾਨਕ ਦੇਵ ਜੀ ਦੇ ਸੰਪਰਕ ਵਿੱਚ ਆਉਣ ਤੋਂ ਪਹਿਲਾਂ ਆਪ ਸ਼ਾਕਤ ਮਤ ਦੇ ਅਨੁਯਾਈ ਸਨ ਤੇ ਆਪ ਦਾ ਪਹਿਲਾ ਨਾਂ ਭਾਈ ਲਹਿਣਾ ਸੀ। ਗੁਰੂ ਨਾਨਕ ਦੇਵ ਜੀ ਦੇ ਸੰਪਰਕ ਵਿੱਚ ਆਉਣ ਤੋਂ ਬਾਅਦ ਆਪ ਸਿੱਖ ਬਣ ਗਏ। ਗੁਰੂ ਸਾਹਿਬ ਨੇ ਆਪ ਦਾ ਨਾਂ ਅੰਗਦ ਰੱਖਿਆ ਤੇ ਆਪ ਦੀ ਸ਼ਰਧਾ ਤੇ ਭਗਤੀ-ਭਾਵਨਾ ਤੋਂ ਖ਼ੁਸ਼ ਹੋ ਕੇ, ਆਪਣੇ ਪੁੱਤਰਾਂ (ਸ੍ਰੀ ਚੰਦ ਤੇ ਲੱਖਮੀ ਦਾਸ) ਨੂੰ ਛੱਡ ਕੇ, ਆਪ ਨੂੰ ਗੁਰਿਆਈ ਬਖ਼ਸ਼ੀ। ਆਪ 1552 ਈ. ਵਿੱਚ ਜੋਤੀ-ਜੋਤ ਸਮਾਏ।

**ਰਚਨਾ**:- ਗੁਰੂ ਅੰਗਦ ਦੇਵ ਜੀ ਦੀ ਕਾਵਿ-ਰਚਨਾ ਕੇਵਲ 62 ਸਲੋਕਾਂ ਦੇ ਰੂਪ ਵਿੱਚ ਹੈ ਜੋ ਆਦਿ-ਗ੍ਰੰਥ ਵਿੱਚ ਵੱਖ-ਵੱਖ ਗੁਰੂਆਂ ਦੀਆਂ ਵਾਰਾਂ ਵਿੱਚ ਦਰਜ ਹਨ। ਪੰਜਾਬੀ ਭਾਸ਼ਾ ਦੇ ਖੇਤਰ ਵਿੱਚ ਆਪ ਦਾ ਇੱਕ ਵੱਡਾ ਯੋਗਦਾਨ ਗੁਰਮੁਖੀ ਲਿਪੀ ਨੂੰ ਅਜੋਕੀ ਤਰਤੀਬ ਦੇਣ ਵਿੱਚ ਹੈ। ਆਪ



Downloaded from https:// www.studiestoday.com

Downloaded from https:// www.studiestoday.com

ਤੋਂ ਪਹਿਲਾਂ ਇਸ ਲਿਪੀ ਦੀ ਇਹ ਤਰਤੀਬ ਨਹੀਂ ਸੀ। ਗੁਰੂ ਨਾਨਕ ਦੇਵ ਜੀ ਦੀ ਇੱਕ ਬਾਣੀ, ਪੱਟੀ ਵਿੱਚ ਇਹ 'ਸ' ਅੱਖਰ ਤੋਂ ਸ਼ੁਰੂ ਹੁੰਦੀ ਹੈ।

ਸਸੈ ਸੋਇ ਸ੍ਰਿਸਟਿ ਜਿਨਿ ਸਾਜੀ ਸਭਨਾ ਸਾਹਿਬੁ ਏਕੁ ਭਇਆ।। (432)

ਆਪ ਨੇ ਇਸ ਲਿਪੀ ਨੂੰ ਜੋ ਤਰਤੀਬ ਦਿੱਤੀ, ਉਹ ਤਰਤੀਬ ਹੁਣ ਤੱਕ ਪ੍ਰਚਲਿਤ ਹੈ। ਇਸੇ ਕਰਕੇ ਇਸ ਦਾ ਨਾਂ ਗੁਰਮੁਖੀ ਪਿਆ।

ਗੁਰੂ ਅੰਗਦ ਦੇਵ ਜੀ ਦੀ ਰਚਨਾ ਭਗਤੀ-ਰਸ ਦੀ ਰਚਨਾ ਹੈ। ਇਸ ਸਾਰੀ ਬਾਣੀ ਦਾ ਕੇਂਦਰ ਗੁਰੂ ਹੈ ਤੇ ਇਸ ਦਾ ਵਿਸ਼ਾ ਗੁਰੂ ਦੀ ਵਡਿਆਈ ਤੇ ਗੁਰੂ-ਸਿੱਖ ਦੀ ਸਾਂਝ ਦੇ ਅਨੁਭਵ ਨੂੰ ਪੇਸ਼ ਕਰਨ ਵਿੱਚ ਹੈ। ਆਪ ਦੇ ਆਦਰਸ਼ ਗੁਰੂ, ਗੁਰੂ ਨਾਨਕ ਦੇਵ ਜੀ ਹਨ। ਸਿੱਖ ਮਤ ਵਿੱਚ ਸਿਧਾਂਤਕ ਪੱਧਰ 'ਤੇ ਭਾਵੇਂ ਦੇਹਧਾਰੀ ਗੁਰੂ ਨੂੰ ਸਵੀਕਾਰ ਨਹੀਂ ਕੀਤਾ ਗਿਆ, ਪਰ ਵਿਹਾਰਿਕ ਪੱਧਰ ਉੱਪਰ ਗੁਰੂ ਨਾਨਕ ਦੇਵ ਤੋਂ ਬਾਅਦ ਆਉਣ ਵਾਲ਼ੇ ਗੁਰੂਆਂ ਨੇ ਆਪਣੇ ਤੋਂ ਪਹਿਲੇ ਗੁਰੂ ਨੂੰ ਆਦਰਸ਼ ਗੁਰੂ ਤੇ ਆਪਣੇ ਆਪ ਨੂੰ ਆਦਿ ਗੁਰੂ ਨਾਨਕ ਦੀ ਜੋਤ ਮੰਨਿਆ ਹੈ। ਇਸ ਲਈ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਸਾਰੇ ਗੁਰੂਆਂ ਦੀ ਬਾਣੀ 'ਨਾਨਕ' ਨਾਮ ਥੱਲੇ ਹੀ ਲਿਖੀ ਹੋਈ ਹੈ। ਗੁਰੂ ਅੰਗਦ ਦੇਵ ਨੇ ਗੁਰੂ ਨੂੰ ਗਿਆਨ ਦਾ ਸੂਰਜ ਦੱਸਿਆ ਹੈ :

ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ।।

ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ।। (463)

ਗੁਰੂ ਦੀ ਮਹਿਮਾ ਕਰਦਿਆਂ ਉਹ ਹੋਰ ਉਚਾਰਦੇ ਹਨ:

ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ।।

ਨਾਨਕ ਗੁਰ ਬਿਨ ਮਨ ਕਾ ਤਾਕੁ ਨ ਉਘੜੈ ਅਵਰ ਨ ਕੁੰਜੀ ਹਥਿ।। (1237)

ਗੁਰੂ ਅੰਗਦ ਦੇਵ ਜੀ ਨੇ ਗੁਰੂ ਘਰ ਦੇ ਇੱਕ ਅਨਿੰਨ ਭਗਤ ਭਾਈ ਪੈੜਾ ਮੋਖਾ ਕੋਲ਼ੋਂ ਗੁਰੂ ਨਾਨਕ ਦੇਵ ਦੇ ਜੀਵਨ ਬਾਰੇ ਇੱਕ ਜਨਮ-ਸਾਖੀ ਵੀ ਲਿਖਵਾਈ। ਇਸ ਨੂੰ ਸਭ ਤੋਂ ਪਹਿਲੀ ਜਨਮ-ਸਾਖੀ ਮੰਨਿਆ ਜਾਂਦਾ ਹੈ।

**ਰੂਪਕ ਪੱਖ** : ਗੁਰੂ ਅੰਗਦ ਦੇਵ ਜੀ ਦੀ ਬਾਣੀ ਵਿੱਚ ਫ਼ਰੀਦ ਜੀ ਦੇ ਸਲੋਕਾਂ ਵਰਗੀ ਸੰਖੇਪਤਾ, ਸੰਜਮ ਤੇ ਰਵਾਨੀ ਹੈ। ਇਹਨਾਂ ਸਲੋਕਾਂ ਦੀ ਭਾਸ਼ਾ ਆਪਣੇ ਸਮੇਂ ਦੀ ਸ਼ੁੱਧ ਤੇ ਟਕਸਾਲੀ ਪੰਜਾਬੀ ਹੈ। ਕੁਝ ਸਲੋਕਾਂ ਵਿੱਚ ਜੀਵਨ ਦੀਆਂ ਅਟੱਲ ਸਚਾਈਆਂ ਹਨ, ਜਿਸ ਕਾਰਨ ਇਹ ਸਲੋਕ ਅਖਾਣ ਬਣ ਗਏ ਹਨ।

1. ਨਾਲਿ ਇਆਣੇ ਦੋਸਤੀ ਕਦੇ ਨ ਆਵੈ ਰਾਸਿ।। (474)
2. ਰੋਗੁ ਦਾਰੂ ਦੋਵੈ ਬੁਝੈ ਤਾ ਵੈਦੁ ਸੁਜਾਣੁ।। (148)

## (3) ਸ੍ਰੀ ਗੁਰੂ ਅਮਰਦਾਸ ਜੀ (1479-1574)

**ਜੀਵਨ**: ਗੁਰੂ ਅਮਰਦਾਸ ਜੀ ਦਾ ਜਨਮ 1479 ਈਸਵੀ ਵਿੱਚ ਪਿੰਡ ਬਾਸਰਕੇ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਹੋਇਆ। ਆਪ ਗੁਰੂ ਅੰਗਦ ਦੇਵ ਜੀ ਦੇ ਸੰਪਰਕ ਵਿੱਚ ਆਉਣ ਤੋਂ ਪਹਿਲਾਂ ਵੈਸ਼ਨੋ ਮੱਤ ਦੇ ਅਨੁਯਾਈ ਸਨ। ਗੁਰੂ ਅੰਗਦ ਦੇਵ ਜੀ ਦੀ ਸੰਗਤ ਵਿੱਚ ਆ ਕੇ ਆਪ ਗੁਰੂ-ਘਰ



Downloaded from https:// www.studiestoday.com

Downloaded from https:// www.studiestoday.com

ਦੇ ਸ਼ਰਧਾਲੂ ਬਣ ਗਏ। ਆਪ ਦੀ ਸੇਵਾ-ਭਾਵਨਾ, ਭਗਤੀ ਤੇ ਨਿਮਰਤਾ ਤੋਂ ਖ਼ੁਸ਼ ਹੋ ਕੇ ਗੁਰੂ ਅੰਗਦ ਦੇਵ ਨੇ ਆਪ ਨੂੰ ਗੁਰਿਆਈ ਬਖ਼ਸ਼ੀ। ਗੁਰੂ ਅਮਰਦਾਸ ਜੀ 1574 ਈ. ਵਿੱਚ ਜੋਤੀ-ਜੋਤ ਸਮਾਏ।

**ਰਚਨਾ**:- ਗੁਰਮਤਿ ਦੇ ਪ੍ਰਚਾਰ ਤੇ ਆਪਣੇ ਤੋਂ ਪਹਿਲੇ ਦੋ ਗੁਰੂਆਂ ਦੀ ਬਾਣੀ ਸਾਂਭਣ ਵਿੱਚ ਗੁਰੂ ਅਮਰਦਾਸ ਜੀ ਦਾ ਵੱਡਾ ਹੱਥ ਹੈ। ਆਪ ਨੇ ਗੁਰੂ ਨਾਨਕ ਦੇਵ, ਗੁਰੂ ਅੰਗਦ ਤੇ ਭਗਤਾਂ ਦੀ ਬਾਣੀ ਨੂੰ ਆਪ ਦੇ ਪੋਤੇ ਸਹੰਸਰ ਰਾਮ ਪਾਸੋਂ ਲਿਖਵਾ ਕੇ ਇੱਕ ਥਾਂ ਇਕੱਤਰ ਕੀਤਾ। ਗੁਰੂ ਅਮਰਦਾਸ ਦੀ ਆਪਣੀ ਰਚਨਾ ਵੀ ਹਰ ਪੱਖੋਂ ਬਹੁਤ ਮਹੱਤਵਪੂਰਨ ਹੈ। ਆਪ ਨੇ 17 ਰਾਗਾਂ ਵਿੱਚ ਰਚਨਾ ਕੀਤੀ ਜੋ ਚੌਪਦਿਆਂ ਅਸ਼ਟਪਦੀਆਂ, ਸੋਹਿਲੇ, ਛੰਦ, ਅਲਾਹੁਣੀਆਂ, ਪੱਟੀ, ਅਨੰਦ ਸਾਹਿਬ ਤੇ ਵਾਰਾਂ ਦੇ ਰੂਪ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ।

ਗੁਰੂ ਅਮਰਦਾਸ ਜੀ ਦੀ ਬਾਣੀ ਦਾ ਮੁੱਖ ਵਿਸ਼ਾ ਗੁਰਮਤਿ ਦੀ ਸ੍ਰੇਸ਼ਟਤਾ ਨੂੰ ਸਿੱਧ ਕਰਨਾ ਤੇ ਗੁਰੂ ਦੇ ਮਹੱਤਵ ਨੂੰ ਉਜਾਗਰ ਕਰਨਾ ਹੈ। ਧਾਰਮਿਕ ਕਰਮ-ਕਾਂਡ ਦਾ ਖੰਡਨ ਤੇ ਗੁਰੂ ਨਾਨਕ ਦੇਵ ਜੀ ਦੇ ਸਥਾਪਿਤ ਕੀਤੇ ਸਿਧਾਂਤਾਂ ਦੀ ਵਿਆਖਿਆ ਇਸ ਬਾਣੀ ਦਾ ਮੂਲ ਸਰੋਕਾਰ ਹੈ, ਜਿਵੇਂ:

ਕਰਮ ਕਾਂਡ ਬਹੁ ਕਰਹਿ ਅਚਾਰ।।
ਬਿਨ ਨਾਵੈ ਧ੍ਰਿਗੁ ਅਹੰਕਾਰ।।(162)
ਕਾਇਆ ਅੰਦਰਿ ਸਭੁ ਕਿਛੁ ਵਸੈ
ਖੰਡ ਮੰਡਲ ਪਾਤਾਲਾ।।(754)

ਗੁਰਬਾਣੀ ਗੁਰੂ ਅਮਰਦਾਸ ਜੀ ਲਈ ਅਜਿਹਾ ਪੈਗ਼ੰਬਰੀ ਬੋਲ ਸੀ, ਜਿਸ ਨੂੰ ਸੁਣ ਅਤੇ ਸਮਝ ਕੇ ਗਿਆਨ ਦਾ ਚਾਨਣ ਹਾਸਲ ਕੀਤਾ ਜਾ ਸਕਦਾ ਹੈ।

ਗੁਰਬਾਣੀ ਇਸੁ ਜਗ ਮਹਿ ਚਾਨਣੁ
ਕਰਮਿ ਵਸੈ ਮਨਿ ਆਏ।।(67)

ਆਪ ਦੀ ਸਭ ਤੋਂ ਪ੍ਰਸਿੱਧ ਰਚਨਾ ਰਾਗ ਰਾਮਕਲੀ ਵਿੱਚ ਲਿਖੀ 'ਅਨੰਦੁ' (ਸਾਹਿਬ) ਹੈ ਤੇ ਇਸ ਦਾ ਪਾਠ ਸਿੱਖ ਪਰਿਵਾਰਾਂ ਵਿੱਚ ਹਰ ਖ਼ੁਸ਼ੀ-ਗ਼ਮੀ ਦੇ ਮੌਕੇ ਕੀਤਾ ਜਾਂਦਾ ਹੈ।

ਗੁਰਮਤਿ ਨੂੰ ਸੰਸਥਾ ਰੂਪ ਵਿੱਚ ਸਥਾਪਿਤ ਕਰਨ ਵਿੱਚ ਗੁਰੂ ਅਮਰਦਾਸ ਦਾ ਬੜਾ ਯੋਗਦਾਨ ਹੈ। ਸਿੱਖਾਂ ਨੂੰ ਜਥੇਬੰਦ ਕਰ ਕੇ ਆਪ ਨੇ 22 ਇਲਾਕੇ ਬਣਾਏ। ਹਰ ਇੱਕ ਇਲਾਕੇ ਨੂੰ 'ਮੰਜੀ' ਕਿਹਾ ਜਾਂਦਾ ਸੀ। ਹਰ ਇਲਾਕੇ ਦਾ ਇੱਕ ਮਸੰਦ ਥਾਪਿਆ ਗਿਆ ਤੇ ਸਿੱਖੀ ਦੇ ਪ੍ਰਚਾਰ ਦੇ ਨਾਲ਼-ਨਾਲ਼ ਆਪਣੀ ਮੰਜੀ 'ਤੇ ਇਕੱਤਰ ਹੋਈ ਭੇਟਾ ਨੂੰ ਗੁਰੂ ਸਾਹਿਬ ਤੱਕ ਪਹੁੰਚਾਉਂਦਾ ਸੀ। ਲੰਗਰ ਦੀ ਪ੍ਰਥਾ ਵੀ ਆਪ ਦੇ ਸਮੇਂ ਹੀ ਸ਼ੁਰੂ ਹੋਈ। ਆਪ ਨੇ ਕਈ ਹਿੰਦੂ ਕੁਰੀਤੀਆਂ ਜਿਵੇਂ ਮੂਰਤੀ ਪੂਜਾ,ਸਤੀ ਪ੍ਰਥਾ ਆਦਿ ਦੀ ਅਮਲੀ ਤੌਰ 'ਤੇ ਵਿਰੋਧਤਾ ਕੀਤੀ।

**ਰੂਪਕ ਪੱਖ**:- ਗੁਰੂ ਅਮਰਦਾਸ ਦੀ ਕਾਵਿ-ਸ਼ੈਲੀ ਉਹਨਾਂ ਦੀ ਸ਼ਖ਼ਸੀਅਤ ਵਾਂਗ ਹੀ ਸਹਿਜ ਦੀ ਸ਼ੈਲੀ ਹੈ। ਇਹ ਪਿੰਗਲ ਦੇ ਕਰੜੇ ਨੇਮਾਂ, ਮਾਤਰਾਵਾਂ ਦੀ ਗਿਣਤੀ-ਮਿਣਤੀ, ਬਿੰਬਾਂ, ਪ੍ਰਤੀਕਾਂ ਤੇ ਅਲੰਕਾਰਾਂ ਦੀ ਚੰਚਲਤਾ ਦੀ ਕਲਾ ਨਹੀਂ। ਉਹਨਾਂ ਨੇ ਆਪਣੇ ਵਿਚਾਰਾਂ ਨੂੰ ਸਰੋਦੀ ਬਣਾ ਕੇ ਪੇਸ਼ ਕੀਤਾ ਹੈ। ਉਹਨਾਂ ਦੀ ਬਾਣੀ ਵਿੱਚ ਕੇਂਦਰੀ ਪੰਜਾਬੀ (ਬੋਲੀ) ਦਾ ਮੁਹਾਵਰਾ ਪ੍ਰਧਾਨ ਹੈ।



Downloaded from https:// www.studiestoday.com

Downloaded from https:// www.studiestoday.com

## (4) ਸ੍ਰੀ ਗੁਰੂ ਰਾਮਦਾਸ ਜੀ (1534-1581)

**ਜੀਵਨ**: ਗੁਰੂ ਰਾਮਦਾਸ ਜੀ ਦਾ ਪਹਿਲਾ ਨਾਂ ਭਾਈ ਜੇਠਾ ਸੀ ਤੇ ਆਪ ਦਾ ਜਨਮ ਚੂਨਾ ਮੰਡੀ ਲਾਹੌਰ ਵਿਖੇ 1534 ਈ. ਵਿੱਚ ਹੋਇਆ। ਭਾਈ ਜੇਠਾ ਗੁਰੂ ਅਮਰਦਾਸ ਦੇ ਅਨੁਯਾਈ ਸਨ ਤੇ ਜਦੋਂ ਗੁਰੂ ਸਾਹਿਬ ਗੋਇੰਦਵਾਲ ਵਿਖੇ ਬਾਉਲ਼ੀ ਬਣਵਾ ਰਹੇ ਸਨ, ਭਾਈ ਜੇਠਾ ਉਸ ਦੀ ਕਾਰ-ਸੇਵਾ ਲਈ ਉੱਥੇ ਆਏ। ਭਾਈ ਜੇਠਾ ਦੀ ਗੁਰੂ ਘਰ ਪ੍ਰਤਿ ਸ਼ਰਧਾ ਵੇਖ ਕੇ ਗੁਰੂ ਅਮਰਦਾਸ ਜੀ ਉਹਨਾਂ ਵੱਲ ਏਨੇ ਖਿੱਚੇ ਗਏ ਕਿ ਆਪਣੀ ਸਪੁੱਤਰੀ ਬੀਬੀ ਭਾਨੀ ਦੀ ਸ਼ਾਦੀ ਉਹਨਾਂ ਨਾਲ਼ ਕਰ ਦਿੱਤੀ। ਆਪਣੇ ਅੰਤ ਸਮੇਂ ਗੁਰੂ ਅਮਰਦਾਸ ਜੀ ਨੇ ਸਿੱਖ-ਰਵਾਇਤ ਨੂੰ ਕਾਇਮ ਰੱਖਦਿਆਂ ਆਪ ਨੂੰ ਗੁਰੂ ਥਾਪਿਆ ਅਤੇ ਆਪ ਦਾ ਨਾਂ ਗੁਰੂ ਰਾਮਦਾਸ ਰੱਖਿਆ। 1581 ਈ. ਵਿੱਚ ਆਪ ਜੋਤੀ-ਜੋਤ ਸਮਾ ਗਏ।

**ਰਚਨਾ**:- ਗੁਰੂ ਰਾਮਦਾਸ ਨੇ 30 ਰਾਗਾਂ ਵਿੱਚ ਬਾਣੀ ਰਚੀ। ਆਪ ਦੀਆਂ ਪ੍ਰਮੁੱਖ ਰਚਨਾਵਾਂ ਹਨ-ਚੌਪਦੇ, ਅਸ਼ਟਪਦੀਆਂ, ਛੰਦ, ਸੋਹਿਲੇ, ਪਹਿਰੇ, ਕਰਹਲੇ, ਲਾਂਵਾਂ, ਵਣਜਾਰਾ, ਘੋੜੀਆਂ ਤੇ ਅੱਠਵਾਰਾਂ।

ਗੁਰੂ ਰਾਮਦਾਸ ਜੀ ਦੀ ਬਾਣੀ ਦਾ ਵੀ ਕੇਂਦਰੀ ਵਿਸ਼ਾ ਗੁਰੂ-ਪ੍ਰੇਮ ਹੀ ਹੈ। ਇਸ ਤਰ੍ਹਾਂ ਆਪ ਗੁਰੂ ਅੰਗਦ ਤੇ ਗੁਰੂ ਅਮਰਦਾਸ ਦੀ ਪਰੰਪਰਾ ਨੂੰ ਹੀ ਅੱਗੇ ਤੋਰਦੇ ਹਨ। ਗੁਰੂ ਨੂੰ ਪ੍ਰੀਤਮ, ਪਤੀ ਤੇ ਪਿਤਾ ਦਾ ਰੂਪ ਮੰਨਦਿਆਂ ਉਸ ਪ੍ਰਤਿ ਸ਼ਰਧਾ ਦੀ ਭਾਵਨਾ ਦਾ ਪ੍ਰਗਟਾਵਾ ਆਪ ਦੀ ਰਚਨਾ ਵਿੱਚ ਥਾਂ-ਥਾਂ ਹੋਇਆ ਹੈ। ਗੁਰੂ ਦਾ ਦੇਹਧਾਰੀ ਸਰੂਪ ਉਹਨਾਂ ਸਾਮ੍ਹਣੇ ਗੁਰੂ ਅਮਰਦਾਸ ਜੀ ਸਨ ਤੇ ਉਹਨਾਂ ਨਾਲ਼ ਆਪ ਦੀ ਤੀਬਰ ਭਾਵਕ ਸਾਂਝ ਕਾਰਨ ਹੀ ਆਪ ਦੀ ਗੁਰੂ-ਪ੍ਰੇਮ ਦੇ ਵਿਸ਼ੇ ਨਾਲ਼ ਸੰਬੰਧਿਤ ਰਚਨਾ ਕਾਵਿਕਤਾ ਪੱਖੋਂ ਮਹਾਨ ਰਚਨਾ ਦਾ ਦਰਜਾ ਰੱਖਦੀ ਹੈ। ਗੁਰੂ ਤੇ ਗੁਰੂ ਦੇ ਉਪਦੇਸ਼ (ਜਾਂ ਗੁਰਬਾਣੀ) ਵਿੱਚ ਕੋਈ ਅੰਤਰ ਨਹੀਂ ਕਿਉਂਕਿ ਆਪ ਦੇ ਸਾਹਮਣੇ ਕਥਨੀ ਤੇ ਕਰਨੀ ਵਿੱਚ ਇਕਸੁਰ ਗੁਰੂ ਅਮਰਦਾਸ ਦੀ ਉਦਾਹਰਨ ਸੀ:

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ।।
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ।। (982)

ਸਿਧਾਂਤਿਕ ਪੱਖ ਤੋਂ ਆਪ ਦੀ ਰਚਨਾ ਗੁਰਮਤਿ ਫ਼ਿਲਾਸਫ਼ੀ ਦੇ ਅਨੁਕੂਲ ਹੈ ਤੇ ਆਪ ਨੇ ਗੁਰੂ ਨਾਨਕ ਦੀ ਸਿਧਾਂਤਿਕ ਸੇਧ ਅਨੁਸਾਰ ਹੀ ਰਚਨਾ ਕੀਤੀ ਹੈ।

ਆਪੇ ਆਪਿ ਵਰਤਦਾ ਪਿਆਰਾ ਆਪੇ ਆਪਿ ਅਪਾਹੁ।।
ਵਣਜਾਰਾ ਜਗੁ ਆਪਿ ਹੈ ਪਿਆਰਾ ਆਪੇ ਸਾਚਾ ਸਾਹੁ।। (604)

**ਰੂਪਕ ਪੱਖ**:- ਪਹਿਲੇ ਗੁਰੂ ਸਾਹਿਬਾਨ ਵਾਂਗ ਹੀ ਗੁਰੂ ਰਾਮਦਾਸ ਜੀ ਦੀ ਬਾਣੀ ਵਿੱਚ ਵੀ ਲੋਕ-ਪਰੰਪਰਾ ਵਿੱਚੋਂ ਲਏ ਗਏ ਕਾਵਿ-ਰੂਪ ਬਿੰਬ ਤੇ ਅਲੰਕਾਰ ਵਰਤੇ ਗਏ ਹਨ। ਗੁਰੂ ਸਾਹਿਬ ਦੀ ਰਚਨਾ ਵਿੱਚ ਸਰੋਦੀ ਅੰਸ਼ ਵਧੇਰੇ ਉੱਘੜਵਾਂ ਹੈ, ਵਿਸ਼ੇਸ਼ ਤੌਰ 'ਤੇ ਛੰਤ ਕਾਵਿ-ਭੇਦ ਅਧੀਨ ਆਉਂਦੀ ਰਚਨਾ ਵਿੱਚ:

ਚੜਿ ਚੇਤੁ ਬਸੰਤੁ ਮੇਰੇ ਪਿਆਰੇ ਭਲੀਅ ਰੁਤੇ।।
ਪਿਰ ਬਾਝੜਿਅਹੁ ਮੇਰੇ ਪਿਆਰੇ ਆਂਗਣਿ ਧੂੜਿ ਲੁਤੇ।। (452)



Downloaded from https:// www.studiestoday.com

Downloaded from https:// www.studiestoday.com

ਆਪ ਨੇ ਬਹੁਤੇ ਬਿੰਬ ਘਰੋਗੀ ਜੀਵਨ ਤੇ ਕੁਦਰਤ ਵਿੱਚੋਂ ਲਏ ਹਨ, ਜਿਵੇਂ ; ਮੁੰਧ, ਵੀਆਹੁ, ਜੰਞ, ਦਾਜ, ਕਿਰਸਾਣ, ਦੁੱਧ, ਨਾਰੀ, ਬਿਸੀਅਰ, ਹੰਸ, ਕਮਲ, ਚਾਤ੍ਰਿਕ ਆਦਿ। ਆਪ ਦੀ ਬਾਣੀ ਵਿੱਚ ਅਨੰਦ ਤੇ ਹਰਸ਼ ਦੀ ਭਾਵਨਾ ਦਾ ਪ੍ਰਗਟਾਵਾ ਬਹੁਤਾ ਹੋਇਆ ਹੈ। ਇਹ ਅਨੰਦ ਵਿਆਹ ਤੇ ਮਿਲ਼ਾਪ ਦੀ ਅਵਸਥਾ ਵਰਗਾ ਅਨੰਦ ਹੈ। ਸੂਹੀ ਰਾਗ ਵਿੱਚ ਲਿਖੇ ਇੱਕ ਸ਼ਬਦ ਵਿੱਚ ਚਾਰ ਲਾਂਵਾਂ ਦਾ ਬਿਆਨ ਹੈ ਤੇ ਇਹ ਸ਼ਬਦ ਸਿੱਖ ਰੀਤੀ ਅਨੁਸਾਰ ਕੀਤੇ ਜਾਂਦੇ ਅਨੰਦ-ਕਾਰਜ ਸਮੇਂ ਪੜ੍ਹਿਆ ਜਾਂਦਾ ਹੈ।

ਕਾਵਿ-ਰਚਨਾ ਤੋਂ ਛੁੱਟ ਗੁਰੂ ਰਾਮਦਾਸ ਜੀ ਨੇ ਗੁਰੂ ਅਮਰਦਾਸ ਜੀ ਵਾਂਗ ਹੀ, ਸਿੱਖ ਮਤ ਨੂੰ ਸੰਸਥਾਬੱਧ ਕਰਨ ਵਿੱਚ ਕਾਫ਼ੀ ਯਤਨ ਕੀਤੇ। ਅੰਮ੍ਰਿਤਸਰ ਵਿਖੇ ਅੰਮ੍ਰਿਤ ਸਰੋਵਰ ਦੀ ਉਸਾਰੀ ਇਹਨਾਂ ਜਤਨਾਂ ਵਿੱਚੋਂ ਇੱਕ ਹੈ। ਇੱਥੇ ਹੀ ਬਾਅਦ ਵਿੱਚ ਅੰਮ੍ਰਿਤਸਾਰ ਸ਼ਹਿਰ ਦੀ ਨੀਂਹ ਵੀ ਰੱਖੀ ਗਈ।

## (5) ਸ੍ਰੀ ਗੁਰੂ ਅਰਜਨ ਦੇਵ ਜੀ (1563-1606)

**ਜੀਵਨ**- ਗੁਰੂ ਅਰਜਨ ਦੇਵ ਜੀ ਦਾ ਜਨਮ 15 ਅਪ੍ਰੈਲ, 1563 ਈਸਵੀ ਨੂੰ ਪਿੰਡ ਗੋਇੰਦਵਾਲ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਗੁਰੂ ਰਾਮਦਾਸ ਜੀ ਦੇ ਘਰ, ਬੀਬੀ ਭਾਨੀ ਦੀ ਕੁੱਖੋਂ ਹੋਇਆ। ਆਪ ਗੁਰੂ ਰਾਮਦਾਸ ਜੀ ਦੇ ਤੀਜੇ ਤੇ ਸਭ ਤੋਂ ਛੋਟੇ ਪੁੱਤਰ ਸਨ। ਆਪ ਦੇ ਦੋ ਵੱਡੇ ਭਰਾ ਸਨ ਪ੍ਰਿਥੀ ਚੰਦ ਤੇ ਮਹਾਂਦੇਵ। ਪ੍ਰਿਥੀ ਚੰਦ ਈਰਖਾਲੂ ਤੇ ਹੰਕਾਰੀ ਸੁਭਾਅ ਦੇ ਅਤੇ ਮਹਾਂਦੇਵ ਬਿਲਕੁਲ ਤਿਆਗੀ ਪੁਰਸ਼ ਸਨ। ਇਸ ਲਈ ਗੁਰੂ ਰਾਮਦਾਸ ਨੇ ਗੁਰੂ ਅਰਜਨ ਦੇਵ ਜੀ ਨੂੰ ਹੀ ਗੁਰਗੱਦੀ ਦਾ ਸਹੀ ਵਾਰਸ ਸਮਝਿਆ ਤੇ ਸਤੰਬਰ, 1581 ਈ. ਵਿੱਚ ਆਪ ਨੂੰ ਗੁਰਿਆਈ ਬਖ਼ਸ਼ੀ।

ਗੁਰੂ ਅਰਜਨ ਦੇਵ ਜੀ ਦੇ ਸਮੇਂ ਸਿੱਖ ਧਰਮ ਇੱਕ ਸੰਸਥਾ ਦੇ ਰੂਪ ਵਿੱਚ ਪੱਕੇ ਪੈਰੀਂ ਹੋ ਚੁੱਕਾ ਸੀ। ਗੁਰੂ ਅਰਜਨ ਦੇਵ ਜੀ ਨੇ ਇਸ ਸੰਸਥਾ ਨੂੰ ਹੋਰ ਪਰਿਪੱਕ ਕੀਤਾ। 1588 ਈ. ਵਿੱਚ ਆਪ ਨੇ ਹਰਿਮੰਦਰ ਸਾਹਿਬ ਦੀ ਨੀਂਹ, ਸਿੱਖ ਮੱਤ ਦੀ ਉਦਾਰਵਾਦੀ ਨੀਤੀ 'ਤੇ ਚਲਦਿਆਂ, ਇੱਕ ਮੁਸਲਮਾਨ ਫ਼ਕੀਰ ਮੀਆਂ ਮੀਰ ਦੇ ਹੱਥੋਂ ਰਖਵਾਈ। ਇਸ ਤੋਂ ਬਿਨਾਂ ਤਰਨਤਾਰਨ ਤੇ ਕਰਤਾਰਪੁਰ ਨਗਰ ਵੀ ਵਸਾਏ। ਸਿੱਖੀ ਦੇ ਵਧਦੇ ਪ੍ਰਭਾਵ ਕਾਰਨ ਸਮੇਂ ਦੀ ਮੁਗ਼ਲ ਹਕੂਮਤ ਨੇ ਗੁਰੂ ਘਰ ਨਾਲ਼ ਈਰਖਾ ਕਰਨੀ ਸ਼ੁਰੂ ਕਰ ਦਿੱਤੀ। ਸਮੇਂ ਦੇ ਮੁਗ਼ਲ ਬਾਦਸ਼ਾਹ ਜਹਾਂਗੀਰ ਨੇ ਆਪਣੇ ਬਾਗ਼ੀ ਪੁੱਤਰ ਖੁਸਰੋ ਨੂੰ ਪਨਾਹ ਦੇਣ ਦੇ ਦੋਸ਼ ਵਿੱਚ ਗੁਰੂ ਅਰਜਨ ਦੇਵ ਜੀ ਨੂੰ ਗਰਿਫ਼ਤਾਰ ਕਰ ਲਿਆ ਤੇ 30 ਮਈ, 1606 ਈ. ਨੂੰ ਲਾਹੌਰ ਵਿਖੇ ਰਾਵੀ ਦੇ ਕਿਨਾਰੇ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ। ਗੁਰੂ ਅਰਜਨ ਦੇਵ ਜੀ ਗੁਰੂ-ਘਰ ਦੇ ਪਹਿਲੇ ਸ਼ਹੀਦ ਸਨ, ਜਿਨ੍ਹਾਂ ਨੇ ਸ਼ਾਂਤਮਈ ਰਹਿ ਕੇ ਮੁਗ਼ਲ ਸਲਤਨਤ ਦੇ ਜ਼ੁਲਮ ਨੂੰ ਨੰਗਾ ਕੀਤਾ। ਇਸ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਤੱਕ ਗੁਰੂ-ਘਰ ਦੀ ਮੁਗ਼ਲ ਸਾਮਰਾਜ ਨਾਲ਼ ਟੱਕਰ ਰਹੀ ਤੇ ਇਸ ਟੱਕਰ ਕਾਰਨ ਹੀ ਗੁਰੂ ਹਰਿਗੋਬਿੰਦ ਜੀ (ਛੇਵੇਂ ਗੁਰੂ ਤੇ ਗੁਰੂ ਅਰਜਨ ਦੇ ਸਪੁੱਤਰ) ਨੂੰ ਹਥਿਆਰਬੰਦ ਹੋਣਾ ਪਿਆ।

**ਰਚਨਾ**- ਗੁਰੂ ਅਰਜਨ ਦੇਵ ਜੀ ਦੀ ਰਚਨਾ ਆਕਾਰ ਤੇ ਗੁਣ, ਦੋਹਾਂ ਪੱਖਾਂ ਤੋਂ ਮਹੱਤਵਪੂਰਨ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਆਏ ਕੁੱਲ 31 ਰਾਗਾਂ ਵਿੱਚੋਂ ਗੁਰੂ ਅਰਜਨ ਦੇਵ ਜੀ ਨੇ ਤੀਹ ਰਾਗਾਂ ਵਿੱਚ ਬਾਣੀ ਰਚੀ। ਇਹ ਬਾਣੀ ਪਦੇ, ਅਸ਼ਟਪਦੀਆਂ, ਪਹਿਰੇ, ਛੰਤ, ਬਾਰਾਮਾਂਹ, ਦਿਨ ਰੈਣਿ, ਬਾਵਨ ਅਖਰੀ, ਥਿਤੀ, ਵਾਰਾਂ, ਸਲੋਕ, ਆਦਿ ਦੇ ਰੂਪ ਵਿੱਚ ਹੈ। ਵਿਸ਼ੇਸ਼ ਸਿਰਲੇਖ ਅਧੀਨ ਰਚੀਆਂ



Downloaded from https:// www.studiestoday.com

Downloaded from https:// www.studiestoday.com

ਗਈਆਂ ਬਾਣੀਆਂ ਵਿੱਚੋਂ ਸੁਖਮਨੀ ਵਿਸ਼ੇਸ਼ ਤੌਰ 'ਤੇ ਵਰਨਣਯੋਗ ਹੈ। ਮੌਲਿਕ ਬਾਣੀ ਤੋਂ ਇਲਾਵਾ ਆਪ ਦੀ ਮਹਾਨਤਾ ਇੱਕ ਸੁਘੜ, ਸੁਯੋਗ ਤੇ ਨਿਰਪੱਖ ਸੰਪਾਦਕ ਹੋਣ ਵਿੱਚ ਵੀ ਹੈ। ਆਪ ਨੇ ਆਪਣੀ ਤੇ ਆਪਣੇ ਤੋਂ ਪਹਿਲਾਂ ਦੇ ਗੁਰੂਆਂ ਦੀ ਬਾਣੀ ਅਤੇ ਹੋਰ 30-35 ਸੰਤਾਂ ਭਗਤਾਂ ਦੀ ਰਚਨਾ ਨੂੰ ਆਦਿ-ਗ੍ਰੰਥ ਵਿੱਚ ਸੰਕਲਿਤ ਕੀਤਾ। ਆਦਿ-ਗ੍ਰੰਥ ਦੀ ਪਹਿਲੀ ਬੀੜ ਆਪ ਨੇ ਆਪਣੇ ਮਾਮਾ ਤੇ ਗੁਰੂ ਘਰ ਦੇ ਸ਼ਰਧਾਲੂ ਭਾਈ ਗੁਰਦਾਸ ਜੀ ਤੋਂ ਲਿਖਵਾਈ। ਇਹ ਕੰਮ 1604 ਈਸਵੀ ਵਿੱਚ ਸੰਪੰਨ ਹੋਇਆ ਤੇ ਆਪ ਨੇ ਹਰਿਮੰਦਰ ਸਾਹਿਬ ਵਿਖੇ ਇਸ ਦਾ ਪ੍ਰਕਾਸ਼ ਕਰ ਕੇ ਬਾਬਾ ਬੁੱਢਾ ਜੀ ਨੂੰ ਇਸ ਦਾ ਪਹਿਲਾ ਗ੍ਰੰਥੀ ਥਾਪਿਆ। ਬਾਅਦ ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ ਆਦਿ ਗ੍ਰੰਥ ਨੂੰ ਹੀ ਗੁਰੂ ਮੰਨਣ ਦੀ ਹਿਦਾਇਤ ਕੀਤੀ। ਆਦਿ ਗ੍ਰੰਥ ਦਾ ਸੰਕਲਨ ਸਿੱਖ-ਮਤ ਨੂੰ ਸੰਸਥਾ ਰੂਪ ਵਿੱਚ ਸਥਾਪਿਤ ਕਰਨ ਲਈ ਕੀਤਾ ਗਿਆ ਇੱਕ ਵਡਮੁੱਲਾ ਜਤਨ ਸੀ।

**ਰਚਨਾ ਦਾ ਵਿਸ਼ਾ ਤੇ ਰੂਪਕ ਪੱਖ**:- ਗੁਰੂ ਅਰਜਨ ਦੇਵ ਜੀ ਦੀ ਬਾਣੀ ਗੁਰਮਤਿ ਦੇ ਸਿਧਾਂਤਾਂ ਦੀ ਸਰਲ ਵਿਆਖਿਆ ਹੈ। ਇਸ ਬਾਣੀ ਦੀ ਸੁਰ ਉਪਦੇਸ਼ਾਤਮਿਕ ਤੇ ਸ਼ੈਲੀ ਵਿਆਖਿਆਤਮਿਕ ਹੈ। ਇਸੇ ਲਈ ਆਕਾਰ ਪੱਖੋਂ ਗੁਰੂ ਅਰਜਨ ਦੇਵ ਜੀ ਦੀ ਬਾਣੀ ਸਾਰੇ ਗੁਰੂਆਂ ਨਾਲ਼ੋਂ ਵੱਧ ਹੈ। ਲੰਮੀਆਂ ਰਚਨਾਵਾਂ ਵਿੱਚੋਂ ਬਾਰਾਂਮਾਹ, ਮਾਝ, ਸੁਖਮਨੀ ਤੇ ਬਾਵਨ ਅੱਖਰੀ ਗੁਰੂ ਸਾਹਿਬ ਦੀਆਂ ਸ਼ਾਹਕਾਰ ਰਚਨਾਵਾਂ ਹਨ, ਜਿਨ੍ਹਾਂ ਵਿੱਚ ਸ੍ਰਿਸ਼ਟੀ ਦੀ ਹੋਂਦ, ਇਸ ਵਿੱਚ ਮਨੁੱਖ ਦਾ ਸਥਾਨ ਤੇ ਮਨੁੱਖ ਦਾ ਅੰਤਿਮ ਉਦੇਸ਼ ਤੇ ਪਰਮਾਤਮਾ ਤੇ ਮਨੁੱਖ ਦੀ ਸਾਂਝ ਆਦਿ ਵਿਸ਼ਿਆਂ ਨੂੰ ਲਿਆ ਗਿਆ ਹੈ। ਸੁਖਮਨੀ ਦੀਆਂ 24 ਅਸ਼ਟਪਦੀਆਂ ਵਿੱਚ ਗੁਰਮਤਿ ਦਰਸ਼ਨ ਦੀ ਸਿਧਾਂਤਿਕ ਵਿਆਖਿਆ ਪੇਸ਼ ਕੀਤੀ ਗਈ ਹੈ। ਇਸ ਵਿੱਚ ਨਾਮ-ਸਿਮਰਨ ਦੀ ਮਹਿਮਾ, ਪ੍ਰਭੂ ਦੀ ਉਸਤਤ, ਗੁਰਬਾਣੀ ਦੇ ਆਦਰਸ਼ ਮਨੁੱਖ, ਅਰਥਾਤ ਬ੍ਰਹਮ-ਗਿਆਨੀ ਦਾ ਚਰਿੱਤਰ, ਸਾਧ ਦੀ ਵਡਿਆਈ, ਬਾਣੀ ਪੜ੍ਹਨ ਦਾ ਫਲ਼ ਆਦਿ ਮਸਲਿਆਂ ਨੂੰ ਬੜੇ ਕਾਵਿਮਈ ਅੰਦਾਜ਼ ਵਿੱਚ ਬਿਆਨਿਆ ਗਿਆ ਹੈ।

ਚਾਰਿ ਪਦਾਰਥ ਜੇ ਕੋ ਮਾਗੈ।। ਸਾਧ ਜਨਾ ਕੀ ਸੇਵਾ ਲਾਗੈ।।
ਜੇ ਕੋ ਆਪੁਨਾ ਦੂਖੁ ਮਿਟਾਵੈ।। ਹਰਿ ਹਰਿ ਨਾਮੁ ਰਿਦੈ ਸਦ ਗਾਵੈ।। (266)

ਸੁਖਮਨੀ, ਆਦਿ ਗ੍ਰੰਥ ਵਿੱਚ ਸ਼ਾਮਲ ਸਾਰੇ ਗੁਰੂਆਂ ਤੇ ਭਗਤਾਂ ਦੀਆਂ ਲੰਬੀਆਂ ਰਚਨਾਵਾਂ ਵਿੱਚੋਂ ਸਭ ਤੋਂ ਲੰਮੀ ਰਚਨਾ ਹੈ ਤੇ ਇਸ ਸਾਰੀ ਰਚਨਾ ਵਿੱਚ ਭਾਵ ਦੀ ਇਕਾਗਰਤਾ ਤੇ ਵਿਚਾਰ ਦੀ ਇਕਸਾਰਤਾ ਕਾਇਮ ਰਹਿੰਦੀ ਹੈ। ਇਸ ਵਿਚਲੇ ਕਈ ਵਾਕ ਅਟੱਲ ਸਚਾਈਆਂ ਬਣ ਕੇ ਲੋਕ-ਮਨਾਂ ਦਾ ਅੰਗ ਬਣ ਗਏ ਹਨ।

ਕਰਤੂਤਿ ਪਸੂ ਕੀ ਮਾਨਸ ਜਾਤਿ।।
ਲੋਕ ਪਚਾਰਾ ਕਰੈ ਦਿਨੁ ਰਾਤਿ।। (267)

ਇਸੇ ਤਰ੍ਹਾਂ ਬਾਵਨ ਅੱਖਰੀ ਵਿੱਚ ਵੀ ਬ੍ਰਹਮ ਦੇ ਨਿਰਗੁਣ ਤੇ ਸਰਗੁਣ ਸਰੂਪ ਦੀ ਵਿਆਖਿਆ, ਉਸ ਨੂੰ ਮਿਲ਼ਨ ਲਈ ਨਾਮ ਦੇ ਸਿਮਰਨ ਦੀ ਆਵੱਸ਼ਕਤਾ, ਗੁਰੂ ਦੀ ਸੇਵਾ ਅਤੇ ਹਉਮੈ ਨੂੰ ਮਾਰਨ ਦੀ ਲੋੜ ਆਦਿ ਵਿਸ਼ਿਆਂ ਨੂੰ ਲਿਆ ਗਿਆ ਹੈ। ਬਾਵਨ ਅੱਖਰੀ ਦਾ ਭਾਵ ਹੈ, 52 ਅੱਖਰ ਅਰਥਾਤ ਇਹ ਬਾਣੀ ਦੇਵਨਾਗਰੀ ਦੇ 52 ਅੱਖਰਾਂ 'ਤੇ ਆਧਾਰਿਤ ਹੈ। ਇਹਨਾਂ ਅੱਖਰਾਂ ਦਾ ਉਚਾਰਨ ਭਾਵੇਂ ਪੰਜਾਬੀ ਵਾਲ਼ਾ ਹੈ ਪਰ ਇਸ ਰਚਨਾ ਦੀ ਭਾਸ਼ਾ ਹਿੰਦੀ ਰਲ਼ੀ ਪੰਜਾਬੀ ਜਾਂ ਇਉਂ ਕਹਿ ਲਵੋ ਕਿ ਮਿਸ਼ਰਤ ਭਾਸ਼ਾ ਹੈ।



Downloaded from https:// www.studiestoday.com

Downloaded from https:// www.studiestoday.com

ਛਛਾ ਛੋਹਰੇ ਦਾਸ ਤੁਮਾਰੇ।। ਦਾਸ ਦਾਸਨ ਕੇ ਪਾਨੀਹਾਰੇ।।
ਛਛਾ ਛਾਰੁ ਹੋਤ ਤੇਰੇ ਸੰਤਾ।। ਅਪਨੀ ਕ੍ਰਿਪਾ ਕਰਹੁ ਭਗਵੰਤਾ।। (254)

ਬਾਰਾਮਾਂਹ ਮਾਝ ਆਪ ਦੀ ਇੱਕ ਹੋਰ ਪ੍ਰਸਿੱਧ ਰਚਨਾ ਹੈ। ਜਿਸ ਦਾ ਪਾਠ ਹਰ ਸੰਗਰਾਂਦ ਨੂੰ ਗੁਰਦਵਾਰਿਆਂ ਤੇ ਸਿੱਖ-ਘਰਾਂ ਵਿੱਚ ਕੀਤਾ ਜਾਂਦਾ ਹੈ । ਇਸ ਵਿੱਚ ਵੀ ਸਾਲ ਦੇ ਬਾਰਾਂ ਮਹੀਨਿਆਂ ਵਿੱਚ ਬਦਲਦੀ ਪ੍ਰਕਿਰਤੀ ਦੇ ਨਾਲ਼-ਨਾਲ਼ ਜੀਵ-ਆਤਮਾ ਦੀ ਪ੍ਰਭੂ ਮਿਲ਼ਨ ਲਈ ਤੜਪ ਤੇ ਤੀਬਰਤਾ ਨੂੰ ਬਿਆਨ ਕੀਤਾ ਗਿਆ ਹੈ। ਗੁਰੂ ਨਾਨਕ ਦੇਵ ਜੀ ਨੇ ਵੀ ਤੁਖਾਰੀ ਰਾਗ ਵਿੱਚ ਲਿਖੇ ਬਾਰਾਮਾਂਹ ਵਿੱਚ ਇਸੇ ਤਰ੍ਹਾਂ ਦਾ ਵਿਸ਼ਾ ਲਿਆ ਹੈ।

ਗੁਰੂ ਅਰਜਨ ਦੇਵ ਜੀ ਦੀ ਸਮੁੱਚੀ ਬਾਣੀ ਦੇ ਅਧਿਐਨ ਤੋਂ ਇੱਕ ਗੱਲ ਇਹ ਸਪਸ਼ਟ ਹੁੰਦੀ ਹੈ ਕਿ ਇਸ ਵਿੱਚ ਗੁਰੂ ਭਗਤੀ-ਭਾਵਨਾ ਤੇ ਭਾਵਕਤਾ ਵਧੇਰੇ ਹੈ। ਗੁਰੂ-ਭਗਤੀ ਦੀ ਭਾਵਨਾ ਤਾਂ ਗੁਰੂ ਨਾਨਕ ਤੋਂ ਬਾਅਦ ਆਉਣ ਵਾਲ਼ੇ ਸਾਰੇ ਗੁਰੂ-ਕਵੀਆਂ ਦਾ ਮੁੱਖ ਵਿਸ਼ਾ ਹੈ, ਪਰ ਗੁਰੂ ਅਰਜਨ ਤੋਂ ਪਹਿਲਾਂ ਆਉਣ ਵਾਲ਼ੇ ਤਿੰਨੇ ਕਵੀ (ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਦਾਸ ਜੀ) ਸਿਧਾਂਤਿਕ ਵਧੇਰੇ ਹਨ। ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿੱਚ ਭਾਵਕਤਾ ਤੇ ਸਰੋਦੀ ਅੰਸ਼ ਵਧ ਜਾਂਦਾ ਹੈ ਤੇ ਇਉਂ ਆਪ ਦੀ ਰਚਨਾ ਸਿਧਾਂਤ ਤੇ ਕਵਿਤਾ ਦਾ ਸੁੰਦਰ ਸੁਮੇਲ ਹੋ ਨਿੱਬੜਦੀ ਹੈ।

ਖੰਭ ਵਿਕਾਂਦੜੇ ਜੇ ਲਹਾਂ ਘਿੰਨਾ ਸਾਵੀ ਤੋਲਿ।।
ਤਨਿ ਜੜਾਈ ਆਪਣੇ ਲਹਾਂ ਸੁ ਸਜਣੁ ਟੋਲਿ।। (1426)

ਜਾਂ

ਭਿੰਨੀ ਰੈਨੜੀਐ, ਚਮਕਨਿ ਤਾਰੇ।।
ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ।। (459)

ਗੁਰੂ ਅਰਜਨ ਦੇਵ ਜੀ ਦੀ ਜ਼ਿੰਦਗੀ, ਸਮੁੱਚੀ ਰਚਨਾ ਤੇ ਆਦਿ ਗ੍ਰੰਥ ਦਾ ਸੰਕਲਨ ਸਿੱਧ ਕਰਦਾ ਹੈ ਕਿ ਆਪ ਉੱਚ-ਕੋਟੀ ਦੇ ਵਿਦਵਾਨ, ਮਹਾਨ ਕਵੀ, ਮਹਾਨ ਸੰਪਾਦਕ ਤੇ ਮਹਾਨ ਸ਼ਹੀਦ ਸਨ ਜਿਨ੍ਹਾਂ ਨੇ ਗੁਰਬਾਣੀ ਦੀ ਦਾਰਸ਼ਨਿਕ ਪਰੰਪਰਾ ਨੂੰ ਗੁਰਬਾਣੀ ਦੀ ਹੀ ਸਾਹਿਤਿਕ ਪਰੰਪਰਾ ਰਾਹੀਂ ਅੱਗੇ ਤੋਰਿਆ। ਇਸ ਲਈ ਨਾ ਕੇਵਲ ਸਿਧਾਂਤਿਕ ਸਗੋਂ ਸਾਹਿਤਿਕ ਪੱਖੋਂ ਵੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਗੁਰੂ-ਕਾਵਿ ਪਰੰਪਰਾ ਦਾ ਅਦੁੱਤੀ ਸਿਖਰ ਹੈ ਕਿਉਂਕਿ ਆਪ ਨੇ ਕਾਵਿ-ਭੇਦ, ਅਲੰਕਾਰ, ਬਿੰਬ ਤੇ ਛੰਦ ਲੋਕ-ਪਰੰਪਰਾ ਵਿੱਚੋਂ ਹੀ ਲਏ ਹਨ ਤੇ ਸਾਦੀ, ਸਰਲ ਭਾਸ਼ਾ ਰਾਹੀਂ ਦਾਰਸ਼ਨਿਕ ਮਸਲਿਆਂ ਦੀ ਵਿਆਖਿਆ ਕੀਤੀ ਹੈ।

### (6) ਭਾਈ ਗੁਰਦਾਸ ਜੀ (1559-1637)

**ਜੀਵਨ**-ਪੰਜ ਗੁਰੂ ਕਵੀਆਂ ਤੋਂ ਬਾਅਦ ਭਾਈ ਗੁਰਦਾਸ ਜੀ ਗੁਰਮਤਿ-ਕਾਵਿ ਪਰੰਪਰਾ ਦੇ ਪ੍ਰਮੁੱਖ ਕਵੀ ਹਨ। ਆਪ ਦਾ ਜਨਮ 1559 ਈ. ਵਿੱਚ ਈਸਰ ਦਾਸ ਜੀ ਦੇ ਘਰ ਹੋਇਆ। ਈਸਰ ਦਾਸ ਗੁਰੂ ਅਮਰਦਾਸ ਦੇ ਚਚੇਰੇ ਭਰਾ ਸਨ। ਇਉਂ ਭਾਈ ਗੁਰਦਾਸ ਜੀ ਅਮਰਦਾਸ ਦੇ ਭਤੀਜੇ ਤੇ ਗੁਰੂ ਅਰਜਨ ਦੇਵ ਦੇ ਮਾਮਾ ਲੱਗਦੇ ਸਨ। ਪੰਜਾਬੀ ਕਵਿਤਾ ਦੇ ਇਤਿਹਾਸ ਵਿੱਚ ਭਾਈ ਗੁਰਦਾਸ ਜੀ ਦੀ ਮਹਾਨਤਾ ਦੋ ਕਾਰਨਾਂ ਕਰਕੇ ਹੈ। ਇੱਕ ਤਾਂ ਆਪ ਗੁਰੂ ਗ੍ਰੰਥ ਸਾਹਿਬ ਦੀ ਪਹਿਲੀ ਬੀੜ ਦੇ ਕਾਤਬ



Downloaded from https:// www.studiestoday.com

Downloaded from https:// www.studiestoday.com

(ਲਿਖਾਰੀ) ਸਨ ਕਿਉਂਕਿ ਗੁਰੂ ਅਰਜਨ ਦੇਵ ਜੀ ਨੇ ਜਦੋਂ ਆਦਿ ਗ੍ਰੰਥ ਸਾਹਿਬ ਦਾ ਸੰਪਾਦਨ ਕਾਰਜ ਅਰੰਭਿਆ ਤਾਂ ਮੂਲ ਪਾਠ ਦੀ ਲਿਖਾਈ ਦਾ ਕੰਮ ਭਾਈ ਗੁਰਦਾਸ ਜੀ ਨੂੰ ਸੌਂਪਿਆ, ਜਿਸ ਨੂੰ ਭਾਈ ਗੁਰਦਾਸ ਜੀ ਨੇ ਬੜੀ ਸਿਆਣਪ ਤੇ ਸ਼ਰਧਾ ਨਾਲ਼ ਕਬੂਲਿਆ ਤੇ ਪੂਰਾ ਕੀਤਾ। ਦੂਜੇ ਆਪ ਨੇ ਆਪਣੀ ਕਵਿਤਾ ਦੁਆਰਾ ਗੁਰਮਤਿ ਦੇ ਸਿਧਾਂਤਾਂ ਦੀ ਸਰਲ ਵਿਆਖਿਆ ਕੀਤੀ।

**ਰਚਨਾ**-ਭਾਈ ਗੁਰਦਾਸ ਜੀ ਦੀ ਕੁੱਲ ਰਚਨਾ 40 ਵਾਰਾਂ ਤੇ 556 ਕਬਿੱਤ, ਸਵਈਏ ਹਨ। ਇਹਨਾਂ ਵਿੱਚੋਂ ਕਬਿੱਤ, ਸਵਈਏ ਬ੍ਰਿਜ ਭਾਸ਼ਾ ਵਿੱਚ ਹਨ ਤੇ ਵਾਰਾਂ ਪੰਜਾਬੀ ਵਿੱਚ। ਇਹ ਵਾਰਾਂ ਵਿਸ਼ੇ ਤੇ ਰੂਪ ਦੋਹਾਂ ਪੱਖਾਂ ਤੋਂ ਮਹੱਤਵਪੂਰਨ ਤੇ ਵਿਸ਼ੇਸ਼ ਹਨ। ਇਹਨਾਂ ਵਿੱਚ ਗੁਰਮਤਿ ਫ਼ਲਸਫ਼ੇ ਦੇ ਸਿਧਾਂਤਾਂ ਦੀ ਵਿਆਖਿਆ ਗੁਰੂ ਚੇਲੇ ਦਾ ਸੰਬੰਧ, ਸੇਵਾ, ਭਗਤੀ, ਨਿਮਰਤਾ, ਗੁਰਮੁਖ ਦੀ ਵਡਿਆਈ ਅਤੇ ਸਮਕਾਲੀ ਸਮਾਜ ਦਾ ਯਥਾਰਥ ਆਦਿ ਅਨੇਕਾਂ ਵਿਸ਼ੇ ਲਏ ਗਏ ਹਨ। ਭਾਈ ਗੁਰਦਾਸ ਗੁਰਮਤਿ ਫਲਸਫ਼ੇ ਦੇ ਪ੍ਰਚਾਰਕ ਸਨ। ਇਸ ਲਈ ਉਹਨਾਂ ਨੇ ਆਪਣੀਆਂ ਵਾਰਾਂ ਰਾਹੀਂ ਗੁਰਮਤਿ ਦੇ ਸਿਧਾਂਤਾਂ ਦੀ ਵਿਆਖਿਆ ਸਰਲ ਬੋਲੀ ਵਿੱਚ ਕੀਤੀ। ਇਹੀ ਕਾਰਨ ਹੈ ਕਿ ਆਪ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਦੀ ਕੁੰਜੀ ਕਿਹਾ ਜਾਂਦਾ ਹੈ। ਗੁਰੂ-ਕਾਵਿ ਵਿੱਚ ਜਿਹੜੇ ਸਿਧਾਂਤ ਦਾਰਸ਼ਨਿਕ ਪੱਧਰ 'ਤੇ ਪੇਸ਼ ਹੋਏ ਸਨ, ਭਾਈ ਗੁਰਦਾਸ ਨੇ ਉਹਨਾਂ ਨੂੰ ਲੋਕ-ਜੀਵਨ ਵਿੱਚੋਂ ਲਏ ਹਵਾਲਿਆਂ ਤੇ ਲੋਕ-ਕਾਵਿ ਦੀਆਂ ਜੁਗਤਾਂ ਰਾਹੀਂ ਸਮਝਾਇਆ। ਕਿਤੇ-ਕਿਤੇ ਤਾਂ ਇਉਂ ਲੱਗਦਾ ਹੈ ਜਿਵੇਂ ਗੁਰਬਾਣੀ ਦਾ ਕਵਿਤਾ ਵਿੱਚ ਟੀਕਾ ਕੀਤਾ ਗਿਆ ਹੋਵੇ, ਜਿਵੇਂ:

> ਅੰਮ੍ਰਿਤ ਵੇਲਾ, ਸਚੁ ਨਾਉ ਵਡਿਆਈ ਵੀਚਾਰੁ।। (ਆਦਿ ਗ੍ਰੰਥ ਪੰ.2)
> ਸਿਫ਼ਤ ਸਲਾਹਣੁ ਅੰਮ੍ਰਿਤ ਵੇਲਾ। (ਭਾਈ ਗੁਰਦਾਸ)
> ਜੇਹਾ ਬੀਜੇ ਸੋ ਲੁਣੇ ਕਰਮਾ ਸੰਦੜਾ ਖੇਤੁ।। (ਆਦਿ ਗ੍ਰੰਥ ਪੰ. 134)
> ਜੇਹਾ ਬੀਓ ਤੇਹਾ ਫਲ ਪਾਯਾ। (ਭਾਈ ਗੁਰਦਾਸ)

ਇਸੇ ਤਰ੍ਹਾਂ ਗੁਰੂ-ਕਾਵਿ ਵਿੱਚ ਆਏ ਹੋਰ ਸੰਕਲਪਾਂ, ਜਿਵੇਂ : ਸਤਿਗੁਰੂ, ਨਾਮ, ਭਗਤੀ, ਸਾਧ-ਸੰਗਤ, ਮਨਮੁਖ-ਗੁਰਮੁਖ ਆਦਿ ਨੂੰ ਭਾਈ ਗੁਰਦਾਸ ਨੇ ਲੋਕ-ਮੁਹਾਵਰੇ ਰਾਹੀਂ ਸਮਝਾਉਣ ਦਾ ਯਤਨ ਕੀਤਾ ਹੈ :

> ਕੁਤਾ ਰਾਜਿ ਬਹਾਲੀਐ ਫਿਰਿ ਚਕੀ ਚਟੈ।
> ਸਪੈ ਦੁਧੁ ਪੀਆਲੀਐ, ਵਿਹੁ ਮੁਖਹੁ ਸਟੈ।

**ਰੂਪਕ ਪੱਖ**-ਭਾਈ ਗੁਰਦਾਸ ਦੀ ਕਵਿਤਾ ਸਰੋਦੀ ਗੁਣਾਂ ਨਾਲ਼ ਭਰਪੂਰ ਹੈ। ਇਸ ਦੇ ਬਿਆਨ ਵਿੱਚ ਰਵਾਨੀ ਹੈ ਤੇ ਸ਼ੈਲੀ ਦ੍ਰਿਸ਼ਟਾਂਤਮਿਕ, ਉਪਦੇਸ਼ਾਤਮਿਕ ਤੇ ਵਿਆਖਿਆਤਮਿਕ ਹੈ। ਕਿਤੇ-ਕਿਤੇ ਇਸ ਸ਼ੈਲੀ ਵਿੱਚ ਵਿਅੰਗਾਤਮਿਕਤਾ ਭਾਰੂ ਹੋ ਜਾਂਦੀ ਹੈ ਤੇ ਇਹ ਵਿਅੰਗ ਬੜਾ ਤਰਕ-ਸੰਗਤ ਲੱਗਦਾ ਹੈ। ਵਿਸ਼ੇਸ਼ ਤੌਰ 'ਤੇ ਜਦੋਂ ਆਪ ਧਾਰਮਿਕ ਪਖੰਡ, ਕਰਮ-ਕਾਂਡ ਤੇ ਸਮਾਜਿਕ ਬੁਰਾਈਆਂ ਬਾਰੇ ਲਿਖਦੇ ਹਨ :

> ਮਿਲੈ ਜਿ ਤੀਰਥ ਨਾਤਿਆ ਡਡਾਂ ਜਲ ਵਾਸੀ।
> ਵਾਲ ਵਧਾਇਆ ਪਾਈਐ ਬੜ ਜਟਾਂ ਪਲਾਸੀ। (ਪਉੜੀ 14)



Downloaded from https:// www.studiestoday.com

Downloaded from https:// www.studiestoday.com

ਘੰਟੁ ਘੜਾਇਆ ਚੂਹਿਆਂ ਗਲਿ ਬਿਲੀ ਪਾਈਐ।

ਮਤਾ ਮਤਾਇਆ ਮਖੀਆਂ ਘਿਅ ਅੰਦਰਿ ਨਾਈਐ। (ਪਉੜੀ 16)

ਭਾਈ ਗੁਰਦਾਸ ਉੱਚ-ਕੋਟੀ ਦੇ ਵਿਦਵਾਨ ਹੋਣ ਦੇ ਨਾਲ਼-ਨਾਲ਼ ਭਾਰਤੀ ਮਿਥਿਹਾਸ ਤੇ ਇਤਿਹਾਸ ਦੇ ਗਿਆਤਾ ਵੀ ਸਨ। ਇਸ ਲਈ ਉਹਨਾਂ ਨੇ ਆਪਣੀਆਂ ਵਾਰਾਂ ਵਿੱਚ ਪ੍ਰਚਲਿਤ ਸਿੱਖ-ਕਥਾਵਾਂ ਨੂੰ ਕਵਿਤਾ ਦਾ ਰੂਪ ਦਿੱਤਾ ਤੇ ਉਹਨਾਂ ਰਾਹੀਂ ਗੁਰਮਤਿ ਦੇ ਅਸੂਲਾਂ ਦੀ ਪ੍ਰੋੜ੍ਹਤਾ ਕੀਤੀ। ਧਰੂ ਭਗਤ, ਪ੍ਰਹਿਲਾਦ, ਹਰੀ ਚੰਦ ਤੇ ਤਾਰਾ ਰਾਣੀ, ਦ੍ਰੋਪਤੀ, ਸੁਦਾਮਾ, ਜੈਦੇਉ, ਨਾਮਦੇਵ, ਰਵਿਦਾਸ, ਅਹਿਲਿਆ, ਗੌਤਮ, ਗਣਿਕਾ ਆਦਿ ਨਾਲ਼ ਸੰਬੰਧਿਤ ਪੁਰਾਣ-ਕਥਾਵਾਂ ਨੂੰ ਗੁਰਮਤਿ-ਵਿਚਾਰਧਾਰਾ ਦੀ ਪ੍ਰੋੜ੍ਹਤਾ ਲਈ ਵਰਤਿਆ।

ਭਾਈ ਗੁਰਦਾਸ ਜੀ ਦੇ ਕਾਵਿ ਦੀ ਇਤਿਹਾਸਿਕ ਵਿਸ਼ੇਸ਼ਤਾ ਵੀ ਵਰਨਣਯੋਗ ਹੈ। ਉਹਨਾਂ ਨੇ ਨਾ ਕੇਵਲ ਗੁਰੂ-ਵਿਅਕਤੀਆਂ ਦੀਆਂ ਜੀਵਨੀਆਂ ਨੂੰ ਕਵਿਤਾ ਦਾ ਵਿਸ਼ਾ ਬਣਾਇਆ, ਸਗੋਂ ਸਮਕਾਲੀ ਸਿੱਖ-ਇਤਿਹਾਸ ਸੰਬੰਧੀ ਵੀ ਬੜੀਆਂ ਠੀਕ ਤੇ ਸਾਰਥਕ ਟਿੱਪਣੀਆਂ ਕੀਤੀਆਂ। ਆਪ ਦੀ ਪਹਿਲੀ ਵਾਰ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ਼ ਸੰਬੰਧਿਤ ਹੈ ਤੇ ਦਸਵੀਂ ਵਾਰ ਵਿੱਚ ਬਹੁਤ ਸਾਰੇ ਪ੍ਰਸਿੱਧ ਭਗਤਾਂ ਦੇ ਜੀਵਨ ਤੇ ਵਿਚਾਰਧਾਰਾ ਨੂੰ ਪ੍ਰਗਟਾਇਆ ਗਿਆ ਹੈ।

ਭਾਈ ਗੁਰਦਾਸ ਜੀ ਨੇ ਇੱਕ ਪ੍ਰਚਾਰਕ ਹੋਣ ਦੇ ਨਾਲ਼-ਨਾਲ਼ ਹਰਿਮੰਦਰ ਸਾਹਿਬ, ਅੰਮਿਤ੍ਰਸਰ ਵਿਖੇ ਗ੍ਰੰਥੀ (ਬਾਬਾ ਬੁੱਢਾ ਜੀ ਦੇ ਅਕਾਲ-ਚਲਾਣੇ ਮਗਰੋਂ) ਦੀ ਸੇਵਾ ਵੀ ਨਿਭਾਈ। ਇਸ ਲਈ ਉਹਨਾਂ ਦਾ ਆਮ ਲੋਕਾਂ ਨਾਲ਼ ਸੰਪਰਕ ਵਧੇਰੇ ਸੀ ਤੇ ਇਹੀ ਕਾਰਨ ਹੈ ਕਿ ਉਹਨਾਂ ਨੇ ਆਪਣੀ ਕਵਿਤਾ ਦੇ ਰੂਪਕ-ਪੱਖ ਲਈ ਲੋਕ-ਬੋਲੀ, ਲੋਕ-ਮੁਹਾਵਰੇ, ਲੋਕ ਕਾਵਿ-ਰੂਪ (ਵਾਰ) ਤੇ ਲੋਕ-ਸੱਭਿਆਚਾਰ ਨੂੰ ਆਧਾਰ ਬਣਾਇਆ। ਭਾਈ ਸਾਹਿਬ ਨੂੰ ਜੇ ਗੁਰਮਤਿ ਵਿਚਾਰਧਾਰਾ ਦਾ ਲੋਕ-ਕਵੀ ਕਹਿ ਲਈਏ ਤਾਂ ਅਤਿਕਥਨੀ ਨਹੀਂ ਹੋਵੇਗੀ ਕਿਉਂਕਿ ਆਪ ਦੀ ਰਚਨਾ ਦੀ ਪਹੁੰਚ ਸਿੱਧੀ ਲੋਕ-ਮਨਾਂ ਤੱਕ ਸੀ। ਕਈ ਕਾਵਿ-ਵਾਕ ਤਾਂ ਲੋਕ-ਉਕਤੀਆਂ ਨਾਲ਼ ਇੰਨੇ ਰਲ਼ ਮਿਲ਼ ਗਏ ਹਨ ਕਿ ਪਛਾਣ ਕਰਨੀ ਔਖੀ ਹੋ ਜਾਂਦੀ ਹੈ ਕਿ ਇਹ ਕਿਸੇ ਵਿਅਕਤੀ ਵਿਸ਼ੇਸ਼ ਦੀ ਰਚਨਾ ਹਨ ਜਾਂ ਲੋਕ - ਸਮੂਹ ਦੀ :

(1) ਗਿੱਦੜ ਦਾਖ ਨ ਅੱਪੜੈ, ਆਖੈ ਥੂਹ ਕਉੜੀ।

(2) ਕੁੱਤਾ ਰਾਜ ਬਹਾਲੀਐ ਫਿਰਿ ਚੱਕੀ ਚਟੈ।

(3) ਮੂਰਖ ਨਾਲ਼ ਚੰਗੇਰੀ ਚੁਪੈ।

## (7) ਸ੍ਰੀ ਗੁਰੂ ਤੇਗ਼ ਬਹਾਦਰ (1621-1675)

**ਜੀਵਨ** - ਸਿੱਖਾਂ ਦੇ ਨੌਂਵੇਂ ਗੁਰੂ, ਗੁਰੂ ਤੇਗ਼ ਬਹਾਦਰ ਦਾ ਜਨਮ 1621 ਈ. ਵਿੱਚ ਛੇਵੇਂ ਗੁਰੂ ਹਰਗੋਬਿੰਦ ਜੀ ਦੇ ਘਰ ਅੰਮ੍ਰਿਤਸਰ ਵਿਖੇ ਹੋਇਆ। ਆਪ ਦੀ ਮਾਤਾ ਦਾ ਨਾਂ ਮਾਤਾ ਨਾਨਕੀ ਜੀ ਸੀ। ਕੁਝ ਦੇਰ ਆਪ ਬਾਬਾ ਬਕਾਲਾ ਰਹੇ ਅਤੇ ਗੁਰਗੱਦੀ ਪ੍ਰਾਪਤ ਕਰਨ ਤੋਂ ਬਾਅਦ ਆਪ ਆਪਣੇ ਵਡੇਰੇ ਗੁਰੂ ਸਾਹਿਬਾਨ ਦੇ ਵਸਾਏ ਹੋਏ ਸ਼ਹਿਰ ਗੋਇੰਦਵਾਲ, ਖਡੂਰ ਸਾਹਿਬ, ਤਰਨਤਾਰਨ ਹੁੰਦੇ ਹੋਏ ਅੰਮ੍ਰਿਤਸਰ ਪਹੁੰਚੇ। ਅੰਮ੍ਰਿਤਸਰ ਦਰਬਾਰ ਸਾਹਿਬ ਉੱਤੇ ਉਸ ਸਮੇਂ ਗੁਰੂ ਘਰ ਦੇ ਦੋਖੀਆਂ ਦਾ ਕਬਜ਼ਾ ਸੀ, ਅਤੇ ਦਰਬਾਰ ਸਾਹਿਬ ਦੇ ਦਰਵਾਜ਼ੇ ਬੰਦ ਕਰ ਦਿੱਤੇ ਗਏ ਸਨ। ਉਸ ਤੋਂ ਬਾਅਦ ਆਪ ਨੇ



Downloaded from https:// www.studiestoday.com

Downloaded from https:// www.studiestoday.com

ਪਹਾੜੀ ਰਾਜਿਆਂ ਤੋਂ ਜ਼ਮੀਨ ਖ਼ਰੀਦ ਕੇ ਅਨੰਦਪੁਰ ਸਾਹਿਬ ਸ਼ਹਿਰ ਵਸਾਇਆ। ਜਦੋਂ ਔਰੰਗਜ਼ੇਬ ਵੱਲੋਂ ਗ਼ੈਰ-ਮੁਸਲਮਾਨਾਂ ਦਾ ਜਿਊਂਣਾ ਦੁੱਭਰ ਕਰ ਦਿੱਤਾ ਗਿਆ ਤਾਂ ਹਿੰਦੁਸਤਾਨੀ ਜਨਤਾ ਦੀ ਨੁਮਾਇੰਦਗੀ ਅਤੇ ਰਖਵਾਲੀ ਕਰਨ ਲਈ ਆਪ ਨੇ ਜ਼ੁਲਮ ਅਤੇ ਜਬਰ ਦੇ ਖਿਲਾਫ਼ ਡਟ ਕੇ ਲੜਾਈ ਲੜੀ। ਔਰੰਗਜ਼ੇਬ ਦੇ ਹੁਕਮਾਂ ਅਨੁਸਾਰ ਜਿੱਥੇ ਮੁਸਲਿਮ ਵਪਾਰੀ ਹਰ ਪ੍ਰਕਾਰ ਦੀ ਮਹਿਸੂਲ-ਚੁੰਗੀ ਤੋਂ ਮੁਕਤ ਕਰ ਦਿੱਤੇ ਗਏ ਸਨ, ਉੱਥੇ ਹੀ ਹਿੰਦੂ ਵਪਾਰੀਆਂ ਕੋਲੋਂ ਇਹ ਦੁੱਗਣਾ ਲਿਆ ਜਾਂਦਾ ਸੀ। ਸਭ ਫ਼ਕੀਰਾਂ, ਸੰਨਿਆਸੀਆਂ, ਸੂਫ਼ੀਆਂ ਅਤੇ ਖ਼ੁਦਾਪ੍ਰਸਤਾਂ ਨੂੰ ਜਾਂ ਤਾਂ ਦੇਸ਼-ਨਿਕਾਲ਼ਾ ਦੇ ਦਿੱਤਾ ਗਿਆ ਜਾਂ ਫਿਰ ਕਤਲ ਕਰ ਦਿੱਤਾ ਗਿਆ ਸੀ। ਅਜਿਹੇ ਡਰਾਉਣੇ ਹਾਲਾਤ ਪੈਦਾ ਕਰ ਦਿੱਤੇ ਗਏ ਕਿ ਹਿੰਦੂ ਧਰਮ ਦੇ ਆਗੂ ਥਰ-ਥਰ ਕੰਬਣ ਲੱਗੇ। ਅਜਿਹੇ ਜ਼ਾਲਮਾਨਾ ਵਤੀਰੇ ਤੋਂ ਤੰਗ ਆਏ ਹਿੰਦੂ ਧਰਮ ਦੇ ਚੌਧਰੀਆਂ ਨੇ ਕਿਰਪਾ ਰਾਮ ਦੀ ਅਗਵਾਈ ਵਿੱਚ ਸ੍ਰੀ ਅਨੰਦਪੁਰ ਸਾਹਿਬ ਗੁਰੂ ਤੇਗ ਬਹਾਦਰ ਜੀ ਕੋਲ਼ ਫ਼ਰਿਆਦ ਕੀਤੀ। ਅਜਿਹੀ ਸੰਕਟ ਦੀ ਘੜੀ ਵਿੱਚ ਗੁਰੂ ਜੀ ਨੇ ਮਜ਼ਲੂਮਾਂ ਦੀ ਰੱਖਿਆ ਲਈ ਔਰੰਗਜ਼ੇਬ ਦਾ ਡਟ ਕੇ ਮੁਕਾਬਲਾ ਕੀਤਾ ਅਤੇ ਦਿੱਲੀ ਦੇ ਚਾਂਦਨੀ-ਚੌਕ ਵਿੱਚ ਤਿੰਨ ਸਿੰਘਾਂ ਸਮੇਤ 11 ਨਵੰਬਰ 1675 ਨੂੰ ਸ਼ਹੀਦੀ ਪ੍ਰਾਪਤ ਕੀਤੀ।

**ਰਚਨਾ** - ਆਪ ਦੀ ਸਮੁੱਚੀ ਬਾਣੀ 59 ਸ਼ਬਦ ਵੱਖਰੇ-ਵੱਖਰੇ 15 ਰਾਗਾਂ ਵਿੱਚ ਅਤੇ 57 ਸਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹਨ। ਆਪ ਦੀ ਰਚਨਾ ਵਿੱਚ ਸੰਸਾਰ ਦੀ ਨਾਸ਼ਮਾਨਤਾ, ਆਤਮਾ ਦੇ ਪਰਮਾਤਮਾ ਨਾਲ਼ ਮੇਲ ਅਤੇ ਪ੍ਰਭੂ-ਭਗਤੀ ਵਿੱਚ ਲੀਨ ਹੋਣ ਦੇ ਵਿਚਾਰ ਨੂੰ ਉਜਾਗਰ ਕੀਤਾ ਗਿਆ ਹੈ।

**ਰੂਪਕ ਪੱਖ** - ਗੁਰੂ ਤੇਗ਼ ਬਹਾਦਰ ਜੀ ਦੁਆਰਾ ਰਚਿਤ ਸਮੁੱਚੀ ਰਚਨਾ ਹੀ ਵੈਰਾਗਮਈ ਹੈ ਅਤੇ ਸਰੋਦੀ ਗੁਣਾਂ ਨਾਲ ਭਰਪੂਰ ਹੈ। ਆਪ ਦੀ ਸ਼ੈਲੀ ਉਪਦੇਸ਼ਾਤਮਿਕ ਹੈ।

## (8) ਸ੍ਰੀ ਗੁਰੂ ਗੋਬਿੰਦ ਸਿੰਘ (1666-1708)

**ਜੀਵਨ** - ਸਿੱਖਾਂ ਦੇ ਦਸਵੇਂ ਗੁਰੂ, ਗੁਰੂ ਗੋਬਿੰਦ ਸਿੰਘ ਦਾ ਜਨਮ 1666 ਈ. ਵਿੱਚ ਨੌਂਵੇਂ ਗੁਰੂ ਤੇਗ਼ ਬਹਾਦਰ ਜੀ ਦੇ ਘਰ ਪਟਨਾ ਵਿਖੇ ਹੋਇਆ। ਆਪ ਦੀ ਮਾਤਾ ਦਾ ਨਾਂ ਮਾਤਾ ਗੁਜਰੀ ਸੀ। ਆਪ ਦੀ ਉਮਰ ਅਜੇ ਨੌਂ ਸਾਲ ਦੀ ਹੀ ਸੀ ਕਿ ਪਿਤਾ ਗੁਰੂ ਤੇਗ਼ ਬਹਾਦਰ ਨੂੰ ਉਸ ਸਮੇਂ ਦੇ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਨੇ ਇਸਲਾਮ ਨਾ ਕਬੂਲਣ ਦੇ ਜੁਰਮ ਵਿੱਚ ਸ਼ਹੀਦ ਕਰਵਾ ਦਿੱਤਾ। ਦਿੱਲੀ ਦੇ ਚਾਂਦਨੀ-ਚੌਕ ਵਿੱਚ ਆਪ ਨੂੰ ਸ਼ਹੀਦ ਕਰਵਾਇਆ ਗਿਆ। ਇਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਦੀ ਬਚਪਨ ਤੋਂ ਹੀ ਮੁਗ਼ਲ ਹਕੂਮਤ ਨਾਲ਼ ਟੱਕਰ ਸ਼ੁਰੂ ਹੋ ਗਈ ਤੇ ਆਪ ਸਰਗਰਮ ਰਾਜਨੀਤਿਕ ਜੀਵਨ ਵਿੱਚ ਪੈ ਗਏ। 1699 ਈ. ਵਿੱਚ ਆਪ ਨੇ ਵਿਸਾਖੀ ਵਾਲ਼ੇ ਦਿਨ ਖ਼ਾਲਸਾ ਪੰਥ ਦੀ ਸਾਜਨਾ ਕੀਤੀ। ਸਾਰੀ ਉਮਰ ਆਪ ਨੇ ਮੁਗ਼ਲ ਸਲਤਨਤ ਵਿਰੁੱਧ ਸੰਘਰਸ਼ ਕਰਦਿਆਂ ਬਿਤਾ ਦਿੱਤੀ। ਆਪ ਦੇ ਦੋ ਵੱਡੇ ਸਾਹਿਬਜ਼ਾਦੇ ਮੁਗ਼ਲ ਸਾਮਰਾਜ ਦੀਆਂ ਸ਼ਾਹੀ ਫ਼ੌਜਾਂ ਨਾਲ਼ ਲੜਦਿਆਂ ਸ਼ਹੀਦ ਹੋ ਗਏ ਤੇ ਛੋਟੇ ਦੋ ਸਾਹਿਬਜ਼ਾਦਿਆਂ ਨੂੰ ਸੂਬਾ ਸਰਹਿੰਦ ਨੇ ਨੀਹਾਂ ਵਿੱਚ ਚਿਣਵਾ ਕੇ ਸ਼ਹੀਦ ਕਰ ਦਿੱਤਾ। ਗੁਰੂ ਸਾਹਿਬ 1708 ਈ: ਨੂੰ ਹਜ਼ੂਰ ਸਾਹਿਬ ਵਿਖੇ ਜੋਤੀ-ਜੋਤ ਸਮਾ ਗਏ।

**ਰਚਨਾ**-ਗੁਰੂ ਗੋਬਿੰਦ ਸਿੰਘ ਇੱਕ ਸੂਰਬੀਰ ਤੇ ਨਿਪੁੰਨ ਨੀਤੀਵੇਤਾ ਹੋਣ ਦੇ ਨਾਲ਼-ਨਾਲ਼ ਉੱਚ ਕੋਟੀ ਦੇ ਕਵੀ ਵੀ ਸਨ। ਆਪ ਨੇ ਬ੍ਰਿਜ ਭਾਸ਼ਾ ਵਿੱਚ ਕਾਫ਼ੀ ਮਾਤਰਾ ਵਿੱਚ ਰਚਨਾ ਕੀਤੀ। ਆਪ ਦੀ ਸਾਰੀ ਬਾਣੀ ਦਸਮ-ਗ੍ਰੰਥ ਵਿੱਚ ਸੰਗ੍ਰਹਿਤ ਹੈ। ਪੰਜਾਬੀ ਵਿੱਚ ਆਪ ਦੇ ਦੋ ਸ਼ਬਦ ਤੇ ਚੰਡੀ ਦੀ ਵਾਰ



Downloaded from https:// www.studiestoday.com

Downloaded from https:// www.studiestoday.com

ਮਿਲ਼ਦੇ ਹਨ। (ਚੰਡੀ ਦੀ ਵਾਰ ਬਾਰੇ ਚਰਚਾ ਅਸੀਂ ਬੀਰ-ਕਾਵਿ ਵਿੱਚ ਕਰਾਂਗੇ) ਇਹ ਦੋ ਸ਼ਬਦ ਹਨ: (1) ਮਿਤਰ ਪਿਆਰੇ ਨੂੰ (2) ਸੁਣ ਕੇ ਸੱਦ ਮਾਹੀ ਦਾ।

**ਰੂਪਕ ਪੱਖ**-ਗੁਰੂ ਗੋਬਿੰਦ ਸਿੰਘ ਜੀ ਦੁਆਰਾ ਲਿਖੇ ਇਹ ਦੋ ਸ਼ਬਦ ਬੜੇ ਸੰਖੇਪ ਤੇ ਪ੍ਰਭਾਵਪੂਰਨ ਹਨ। 'ਮਿਤਰ ਪਿਆਰੇ ਨੂੰ' ਸ਼ਬਦ ਆਪਣੇ ਆਦਰਸ਼ ਲਈ ਜੂਝਦੇ ਅਜਿਹੇ ਮਾਨਵ ਦਾ ਸੰਕਲਪ ਪੇਸ਼ ਕਰਦਾ ਹੈ, ਜੋ ਸਾਰੇ ਸੁੱਖ-ਅਰਾਮ, ਐਸ਼ੋ-ਇਸ਼ਰਤ ਦੇ ਸਾਧਨਾਂ ਨੂੰ ਠੁਕਰਾ ਕੇ ਆਪਣੇ ਆਦਰਸ਼ ਤੱਕ ਪਹੁੰਚਣ ਦਾ ਦ੍ਰਿੜ੍ਹ ਇਰਾਦਾ ਰੱਖਦਾ ਹੈ। ਇਸ ਸ਼ਬਦ ਵਿਚਲੇ ਬਿੰਬ, ਪੰਜਾਬ ਦੀ ਰਜਵਾੜਾ-ਕਲਚਰ ਤੇ ਹੀਰ ਦੀ ਲੋਕ-ਕਥਾ ਵਿੱਚੋਂ ਲਏ ਗਏ ਹਨ। ਇਸ ਸ਼ਬਦ ਵਿੱਚ ਸਰੋਦੀ ਅੰਸ਼ ਹੋਣ ਕਰਕੇ ਇਸ ਵਿੱਚ ਗੀਤ ਵਰਗੀ ਰਵਾਨੀ ਤੇ ਕਾਵਿਕ ਸੁੰਦਰਤਾ ਹੈ:

ਮਿਤ੍ਰ ਪਿਆਰੇ ਨੂੰ ਹਾਲੁ ਮੁਰੀਦਾਂ ਦਾ ਕਹਣਾ।
ਤੁਧੁ ਬਿਨ ਰੋਗੁ ਰਜਾਈਆਂ ਦਾ ਓਢਣੁ ਨਾਗ ਨਿਵਾਸਾਂ ਤੇ ਰਹਿਣਾ।
ਸੂਲ ਸੁਰਾਹੀ ਖੰਜਰੁ ਪਿਯਾਲਾ, ਬਿੰਗੁ ਕਸਾਈਆਂ ਦਾ ਸਹਣਾ।
ਯਾਰੜੇ ਦਾ ਸਾਨੂੰ ਸਥਰ ਚੰਗਾ, ਭਠ ਖੇੜਿਆਂ ਦਾ ਰਹਿਣਾ।

ਇਸ ਨਿੱਕੀ ਜਿਹੀ ਰਚਨਾ ਨੂੰ ਸੰਗੀਤ ਦੀ ਭਾਸ਼ਾ ਵਿੱਚ ਖ਼ਿਆਲ ਕਿਹਾ ਜਾਂਦਾ ਹੈ। ਇਹ ਇੱਕ ਅਜਿਹੀ ਬਲਵਾਨ ਆਤਮਾ ਦੀ ਅਵਾਜ਼ ਹੈ ਜੋ ਐਸ਼ੋ-ਅਰਾਮ ਤੇ ਦੁਨਿਆਵੀ ਭੋਗਾਂ ਦੇ ਵੱਡੇ-ਵੱਡੇ ਲਾਲਚਾਂ ਦੇ ਸਾਹਮਣੇ ਵੀ ਕਦੇ ਨਹੀਂ ਝੁਕਦੀ ਤੇ ਸਮਝੌਤਾ ਨਹੀਂ ਕਰਦੀ। ਇਹੋ ਆਤਮਕ ਬਲ ਇਸ ਦੇ ਸਰੋਦੀ ਅੰਸ਼ ਦਾ ਜ਼ਾਮਨ ਹੈ, ਜਿਹੜਾ ਤਰਲ-ਸ਼ਬਦਾਵਲੀ ਰਾਹੀਂ ਪਾਠਕ ਜਾਂ ਸਰੋਤੇ ਦੀ ਆਤਮਾ ਵਿੱਚ ਰਮ ਜਾਂਦਾ ਹੈ।

## ਅਭਿਆਸ

1. ਗੁਰਮਤਿ ਕਾਵਿ-ਧਾਰਾ ਦੀਆਂ ਕਾਵਿਕ ਵਿਸ਼ੇਸ਼ਤਾਵਾਂ ਨਾਲ਼ ਜਾਣ-ਪਛਾਣ ਕਰਾਓ।
2. ਗੁਰੂ ਨਾਨਕ ਦੇਵ ਜੀ ਜਾਂ ਗੁਰੂ ਅਰਜਨ ਦੇਵ ਜੀ ਦੇ ਜੀਵਨ ਅਤੇ ਰਚਨਾ ਬਾਰੇ ਨੋਟ ਲਿਖੋ।
3. ਹੇਠਾਂ ਲਿਖਿਆਂ ਵਿਚੋਂ ਕਿਸੇ ਇੱਕ ਦੇ ਜੀਵਨ ਅਤੇ ਰਚਨਾ ਬਾਰੇ ਨੋਟ ਲਿਖੋ।
   (ੳ) ਗੁਰੂ ਅੰਗਦ ਦੇਵ ਜੀ
   (ਅ) ਗੁਰੂ ਅਮਰਦਾਸ ਜੀ
4. ਭਾਈ ਗੁਰਦਾਸ ਜਾਂ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਅਤੇ ਰਚਨਾ ਬਾਰੇ ਸੰਖੇਪ ਜਾਣਕਾਰੀ ਦਿਓ।

****



Downloaded from https:// www.studiestoday.com

Downloaded from https:// www.studiestoday.com

# ਕਿੱਸਾ-ਕਾਵਿ

**ਆਮ ਜਾਣਕਾਰੀ :**

ਕਿੱਸਾ ਕੀ ਹੈ ? ਕਿੱਸਾ ਸ਼ਬਦ ਅਰਬੀ ਭਾਸ਼ਾ ਦਾ ਹੈ ਤੇ ਇਸ ਦਾ ਅਰਥ ਹੈ ਕਹਾਣੀ। ਇੱਕ ਸਾਹਿਤਿਕ ਰੂਪ ਵਜੋਂ ਕਿੱਸਾ ਕਿਸੇ ਪ੍ਰੇਮ-ਕਹਾਣੀ ਦਾ ਕਾਵਿਕ ਬਿਰਤਾਂਤ ਹੁੰਦਾ ਹੈ। ਫ਼ਾਰਸੀ ਵਿੱਚ ਕਿੱਸੇ ਨੂੰ ਮਸਨਵੀ ਤੇ ਹਿੰਦੀ ਵਿੱਚ ਪ੍ਰੇਮਾਖਿਆਨ ਕਿਹਾ ਜਾਂਦਾ ਹੈ। ਕਿੱਸੇ ਦਾ ਰੂਪ ਬਿਰਤਾਂਤਿਕ ਹੁੰਦਾ ਹੈ ਤੇ ਇਹ ਦੋ ਵਿਅਕਤੀਆਂ (ਔਰਤ ਤੇ ਮਰਦ) ਦੇ ਦੁਨਿਆਵੀ ਪਿਆਰ (ਇਸ਼ਕ-ਮਿਜ਼ਾਜੀ) ਨੂੰ ਆਧਾਰ ਬਣਾ ਕੇ ਲਿਖਿਆ ਜਾਂਦਾ ਹੈ। ਇਸ ਲਈ ਕਿੱਸਾ ਇੱਕ ਸ਼ਿੰਗਾਰ-ਰਸੀ ਰਚਨਾ ਹੁੰਦੀ ਹੈ।

ਕਿੱਸੇ ਦੀ ਕਹਾਣੀ ਇਤਿਹਾਸਿਕ ਕਾਲ-ਕ੍ਰਮ ਅਨੁਸਾਰ ਚੱਲਦੀ ਹੈ, ਅਰਥਾਤ ਇਸ ਵਿੱਚ ਕੇਂਦਰੀ ਪਾਤਰਾਂ ਜਾਂ ਨਾਇਕ-ਨਾਇਕਾਵਾਂ ਦੇ ਜਨਮ ਤੋਂ ਲੈ ਕੇ ਮੌਤ ਤੱਕ ਦੀਆਂ ਘਟਨਾਵਾਂ ਨੂੰ ਉਹਨਾਂ ਦੀ ਇਤਿਹਾਸਕ ਗਤੀ ਵਿੱਚ ਪੇਸ਼ ਕੀਤਾ ਜਾਂਦਾ ਹੈ। ਇਸ ਦੇ ਨਾਇਕ-ਨਾਇਕਾਵਾਂ ਭਾਵੇਂ ਹੁੰਦੇ ਤਾਂ ਆਮ ਮਨੁੱਖ ਹੀ ਹਨ ਪਰ ਉਹ ਅਸਧਾਰਨ ਗੁਣਾਂ ਦੇ ਮਾਲਕ ਹੁੰਦੇ ਹਨ, ਇਸ ਲਈ ਉਹ ਵਿਸ਼ੇਸ਼ ਵਿਅਕਤੀ ਹੁੰਦੇ ਹਨ। ਉਦਾਹਰਨ ਵਜੋਂ ਸਾਰੇ ਕਿੱਸਿਆਂ ਦੀਆਂ ਨਾਇਕਾਵਾਂ ਅਸਧਾਰਨ ਸੁੰਦਰਤਾ ਦੀਆਂ ਮਾਲਕ ਹਨ ਤੇ ਨਾਇਕ-ਸੁੰਦਰ, ਸਜੀਲੇ ਤੇ ਵੀਰ ਪੁਰਸ਼। ਉਹਨਾਂ ਵਿੱਚ ਸਮਾਜ ਨਾਲ਼ ਟੱਕਰ ਲੈਣ ਦੀ ਹਿੰਮਤ ਹੈ ਤੇ ਉਹ ਆਪਣੇ ਪਿਆਰ ਲਈ ਕੁਰਬਾਨੀ ਕਰ ਸਕਦੇ ਹਨ।

ਕਿੱਸੇ ਵਿਚ ਨਾਇਕ/ਨਾਇਕਾ ਦਾ ਸਮਾਜ ਦੀਆਂ ਰਵਾਇਤਾਂ ਵੱਲ ਵਿਰੋਧ ਪ੍ਰਗਟ ਕੀਤਾ ਜਾਂਦਾ ਹੈ। ਕਿੱਸੇ ਦੇ ਨਾਇਕ/ਨਾਇਕਾ ਸਮਾਜ ਤੋਂ ਬਾਗ਼ੀ ਪੁਰਸ਼-ਇਸਤਰੀਆਂ ਹੁੰਦੇ ਹਨ ਜੋ ਸਮਾਜ ਵੱਲੋਂ ਸਥਾਪਿਤ ਕੀਤੀ ਮਰਯਾਦਾ ਨੂੰ ਵੰਗਾਰਦੇ ਹਨ। ਇਉਂ ਕਿੱਸਾ ਪੰਜਾਬੀ ਦਾ ਉਹ ਪਹਿਲਾ ਸਾਹਿਤ-ਰੂਪ ਹੈ ਜਿਸ ਵਿੱਚ ਵਿਅਕਤੀ ਤੇ ਸਮਾਜ ਇੱਕ-ਦੂਜੇ ਤੋਂ ਅੱਡ ਨਜ਼ਰ ਆਉਂਦੇ ਹਨ ਤੇ ਕਿੱਸਾ ਹੀ ਉਹ ਪਹਿਲਾ ਸਾਹਿਤ-ਰੂਪ ਹੈ, ਜਿਸ ਵਿੱਚ ਕਹਾਣੀ ਦਾ ਕੇਂਦਰ ਮਨੁੱਖ ਬਣਦਾ ਹੈ। ਕਿੱਸੇ ਤੋਂ ਪਹਿਲਾਂ ਰਚਿਆ ਜਾਣ ਵਾਲ਼ਾ ਸੂਫ਼ੀ ਤੇ ਗੁਰਮਤਿ-ਕਾਵਿ ਮਨੁੱਖ ਨੂੰ ਕੇਵਲ ਰੱਬ ਦੇ ਪ੍ਰਸੰਗ ਵਿੱਚ ਹੀ ਪੇਸ਼ ਕਰਦਾ ਸੀ ਤੇ ਮਨੁੱਖੀ ਜੀਵਨ ਦਾ ਮਨੋਰਥ ਕੇਵਲ ਨੇਕ ਬਣਨਾ, ਸਰੀਰਿਕ ਤੇ ਆਤਮਿਕ ਸ਼ੁੱਧੀ ਪ੍ਰਾਪਤ ਕਰਨਾ ਤੇ ਰੱਬ ਨੂੰ ਪਾਉਣਾ ਹੀ ਸਮਝਿਆ ਜਾਂਦਾ ਸੀ। ਸੰਸਾਰ, ਸੰਸਾਰਿਕ ਪਦਾਰਥ ਤੇ ਦੁਨਿਆਵੀ ਭੋਗ ਅਜਿਹੇ ਮਾਇਆਜਾਲ਼ ਸਮਝੇ ਜਾਂਦੇ ਸਨ, ਜੋ ਮਨੁੱਖ ਨੂੰ ਦੈਵੀ ਰਾਹ 'ਤੇ ਚੱਲਣ ਤੋਂ ਹੋੜਦੇ ਤੇ ਉਸ ਦੇ ਮਨ ਨੂੰ ਭਟਕਾਉਂਦੇ ਸਨ। ਇਸ ਲਈ ਉਹਨਾਂ ਦੀ ਨਾਸ਼ਮਾਨਤਾ ਉੱਪਰ ਜ਼ੋਰ ਦੇ ਕੇ ਦੁਨਿਆਵੀ ਭੋਗਾਂ ਤੋਂ ਉੱਪਰ ਉੱਠਣ ਦੀ ਸਿੱਖਿਆ ਦਿੱਤੀ ਜਾਂਦੀ ਸੀ ਪਰ ਕਿੱਸਾ ਕਾਵਿ ਨੇ ਪਹਿਲੀ ਵਾਰੀ ਮਨੁੱਖ ਨੂੰ ਮਨੁੱਖ ਦੇ ਤੌਰ 'ਤੇ ਪੇਸ਼ ਕੀਤਾ ਤੇ ਉਸ ਦੀਆਂ ਸੰਸਾਰਿਕ ਤੇ ਸਰੀਰਿਕ ਲੋੜਾਂ ਦੀ ਪੂਰਤੀ ਨੂੰ ਮਾਨਤਾ ਦਿੱਤੀ। ਇਸ ਲਈ ਕਿੱਸਾ-ਕਾਵਿ ਵਿੱਚ ਪੇਸ਼ ਕੀਤਾ ਗਿਆ ਪਿਆਰ ਦਾ ਸੰਕਲਪ ਦੁਨਿਆਵੀ ਹੈ। ਸੂਫ਼ੀ ਸ਼ਬਦਾਵਲੀ ਵਿੱਚ ਇਸੇ ਨੂੰ ਇਸ਼ਕ ਮਿਜ਼ਾਜੀ ਕਿਹਾ ਜਾਂਦਾ ਹੈ।

ਕਿੱਸਾ-ਕਾਵਿ ਤੋਂ ਬਿਨਾਂ ਵਾਰ-ਕਾਵਿ ਵਿੱਚ ਵੀ ਕੇਂਦਰ ਮਨੁੱਖ ਹੀ ਹੁੰਦਾ ਹੈ, ਪਰ ਵਾਰ ਵਿਚਲਾ ਮਨੁੱਖ ਜਾਂ ਨਾਇਕ ਕਿੱਸਾ-ਕਾਵਿ ਦੇ ਨਾਇਕ ਨਾਲੋਂ ਵੱਖਰੀ ਤਰ੍ਹਾਂ ਦਾ ਹੁੰਦਾ ਹੈ। ਵਾਰ ਦਾ ਨਾਇਕ ਆਪਣੇ ਕਬੀਲੇ, ਕੌਮ ਜਾਂ ਜਾਤੀ ਦਾ ਆਗੂ ਹੁੰਦਾ ਹੈ ਤੇ ਉਹ ਆਪਣੀ ਕੌਮ ਜਾਂ ਕਬੀਲੇ ਦੀ ਸੁਰੱਖਿਆ ਲਈ ਲੜਦਾ



Downloaded from https:// www.studiestoday.com

Downloaded from https:// www.studiestoday.com

ਹੈ, ਇਸ ਲਈ ਵਾਰ ਦਾ ਨਾਇਕ ਆਪਣੇ ਸਮਾਜ ਦੇ ਸਤਿਕਾਰ ਦਾ ਪਾਤਰ ਹੁੰਦਾ ਹੈ, ਪਰ ਕਿੱਸਾ-ਕਾਵਿ ਦਾ ਨਾਇਕ ਕਿਉਂਕਿ ਸਮਾਜ ਦਾ ਬਾਗ਼ੀ ਪਾਤਰ ਹੁੰਦਾ ਹੈ ਤੇ ਉਹ ਆਪਣੇ ਵਿਅਕਤੀਗਤ ਭਲੇ ਲਈ ਸਮੁੱਚੇ ਸਮਾਜ ਨਾਲ਼ ਟੱਕਰ ਲੈਂਦਾ ਹੈ, ਇਸ ਲਈ ਉਸ ਦਾ ਸਮਾਜ, ਭਾਈਚਾਰਾ ਤੇ ਬਿਰਾਦਰੀ ਉਸ ਦੇ ਵਿਰੋਧੀ ਹੁੰਦੇ ਹਨ। ਉਂਞ ਕਿੱਸਾ-ਕਾਵਿ ਦਾ ਨਾਇਕ ਵੀ ਸੂਰਮਾ ਹੁੰਦਾ ਹੈ, ਚੰਗੇ ਚਰਿੱਤਰ ਦਾ ਮਾਲਕ ਹੁੰਦਾ ਹੈ ਤੇ ਕਿੱਸਾ-ਲੇਖਕ ਦੀ ਹਮਦਰਦੀ ਉਸ ਨਾਲ਼ ਹੁੰਦੀ ਹੈ। ਪਰ ਉਸ ਦੀ ਟੱਕਰ ਕਿਉਂਕਿ ਆਪਣੇ ਤੋਂ ਕਿਤੇ ਵੱਡੀ ਸ਼ਕਤੀ (ਸਮਾਜ) ਨਾਲ ਹੁੰਦੀ ਹੈ, ਇਸ ਲਈ ਉਸ ਦਾ ਅੰਤ ਆਮ ਤੌਰ 'ਤੇ ਮੌਤ ਨਾਲ਼ ਹੁੰਦਾ ਹੈ ਅਤੇ ਕਿੱਸਾ ਦੁਖਾਂਤ ਸਾਹਿਤ ਦਾ ਇੱਕ ਰੂਪ ਹੋ ਨਿੱਬੜਦਾ ਹੈ।

ਕਿੱਸੇ ਵਿੱਚ ਪਰਾਸਰੀਰਿਕ, ਗ਼ੈਰ ਕੁਦਰਤੀ ਜਾਂ ਦੈਵੀ ਘਟਨਾਵਾਂ ਵੀ ਹੁੰਦੀਆਂ ਹਨ। ਇਸ ਦਾ ਕਾਰਨ ਇੱਕ ਤਾਂ ਲੇਖਕ ਦੀ ਆਪਣੇ ਨਾਇਕ ਨਾਲ਼ ਹਮਦਰਦੀ ਹੋਣਾ ਹੈ। ਉਹ ਘਟਨਾਵਾਂ ਦੇ ਆਸਰੇ ਆਪਣੇ ਨਾਇਕ ਨੂੰ ਠੀਕ ਸਿੱਧ ਕਰਦਾ ਹੈ ਤੇ ਉਸ ਨੂੰ ਮੁਸ਼ਕਲਾਂ ਵਿੱਚੋਂ ਪਾਰ ਵੀ ਲੰਘਾਉਂਦਾ ਹੈ। ਦੂਜਾ ਕਾਰਨ ਇਹ ਹੈ ਕਿ ਕਿੱਸਾ ਆਮ ਤੌਰ 'ਤੇ ਲੋਕ-ਕਾਵਿ ਵਰਗਾ ਹੁੰਦਾ ਹੈ। ਇਸ ਲਈ ਇਸ ਵਿੱਚ ਆਮ ਲੋਕਾਂ ਦੇ ਵਿਸ਼ਵਾਸਾਂ ਤੇ ਮਨੋਰੰਜਨ ਦਾ ਧਿਆਨ ਰੱਖਿਆ ਜਾਂਦਾ ਹੈ। ਦੈਵੀ ਘਟਨਾਵਾਂ ਮਨੋਰੰਜਕ ਵੀ ਹੁੰਦੀਆਂ ਹਨ ਕਿਉਂਕਿ ਇਹਨਾਂ ਰਾਹੀਂ ਪਾਠਕਾਂ ਦੀ ਉਤਸੁਕਤਾ ਜਗਾਈ ਜਾਂਦੀ ਹੈ ਅਤੇ ਲੋਕਾਂ ਦਾ ਦੈਵੀ ਸ਼ਕਤੀਆਂ ਵਿੱਚ ਵਿਸ਼ਵਾਸ ਵੀ ਹੁੰਦਾ ਹੈ। ਇਸ ਤਰ੍ਹਾਂ ਦੀਆਂ ਅਦਭੁਤ ਘਟਨਾਵਾਂ ਨਾਲ਼ ਕਿੱਸਾ ਰੁਮਾਂਟਿਕ ਬਣ ਜਾਂਦਾ ਹੈ।

ਸਾਹਿਤਿਕ ਤੌਰ 'ਤੇ ਕਿੱਸਾ ਇੱਕ ਲੰਮੀ ਬਿਰਤਾਂਤਿਕ ਕਵਿਤਾ ਹੁੰਦੀ ਹੈ ਪਰ ਇਸ ਵਿੱਚ ਨਾਟਕੀ ਅੰਸ਼ ਵੀ ਹੁੰਦੇ ਹਨ ਜੋ ਕਿੱਸੇ ਨੂੰ ਮਨੋਰੰਜਕ ਬਣਾਉਂਦੇ ਹਨ। ਇਸ ਦੀ ਭਾਸ਼ਾ ਆਮ ਬੋਲ-ਚਾਲ ਦੀ ਭਾਸ਼ਾ ਹੁੰਦੀ ਹੈ ਤੇ ਇਹ ਲੋਕਾਂ ਦੀ ਸਮਝ ਵਿੱਚ ਆਉਣ ਵਾਲ਼ੀ ਬੋਲੀ ਹੁੰਦੀ ਹੈ। ਕਿੱਸੇ ਦੀ ਸ਼ੈਲੀ ਅਲੰਕਾਰਿਕ ਹੁੰਦੀ ਹੈ ਤੇ ਇਹ ਲੋਕਾਂ ਦੀ ਸਮਝ ਵਿੱਚ ਆਉਣ ਵਾਲ਼ੀ ਬੋਲੀ ਹੁੰਦੀ ਹੈ। ਕਿੱਸੇ ਦੀ ਸ਼ੈਲੀ ਅਲੰਕਾਰਿਕ ਹੁੰਦੀ ਹੈ ਤੇ ਇਸ ਵਿੱਚ ਸ਼ਿੰਗਾਰ-ਰਸ ਦੀ ਪ੍ਰਧਾਨਤਾ ਹੁੰਦੀ ਹੈ। ਇਸ ਲਈ ਕਿੱਸਾ ਰੋਚਕ ਤੇ ਮਨੋਰੰਜਕ ਹੁੰਦਾ ਹੈ।

**ਕਿੱਸਾ-ਕਾਵਿ ਦੀਆਂ ਵਿਸ਼ੇਸ਼ਤਾਈਆਂ —**

1. ਕਿੱਸਾ ਇੱਕ ਲੰਮੀ ਬਿਰਤਾਂਤਿਕ ਕਵਿਤਾ ਹੁੰਦੀ ਹੈ ਤੇ ਇਸ ਦਾ ਆਧਾਰ ਕੋਈ ਲੋਕ ਪ੍ਰਚਲਿਤ ਪ੍ਰੇਮ-ਕਹਾਣੀ ਜਾਂ ਔਰਤ-ਮਰਦ ਦੇ ਰਿਸ਼ਤੇ ਹੁੰਦੇ ਹਨ।
2. ਕਿੱਸੇ ਦੇ ਨਾਇਕ/ਨਾਇਕਾ ਅਸਧਾਰਨ ਗੁਣਾਂ ਦੇ ਮਾਲਕ ਹੁੰਦੇ ਹਨ।
3. ਕਿੱਸੇ ਵਿੱਚ ਦੈਵੀ ਘਟਨਾਵਾਂ ਦਾ ਬਿਆਨ ਹੁੰਦਾ ਹੈ।
4. ਕਿੱਸਾ ਲੋਕ-ਕਾਵਿ ਦੇ ਨੇੜੇ ਹੁੰਦਾ ਹੈ।
5. ਕਿੱਸੇ ਦੀ ਭਾਸ਼ਾ ਲੋਕ-ਭਾਸ਼ਾ ਹੁੰਦੀ ਹੈ।
6. ਕਿੱਸਾ ਇੱਕ ਸ਼ਿੰਗਾਰ-ਰਸੀ ਰਚਨਾ ਹੁੰਦੀ ਹੈ।
7. ਕਿੱਸਾ ਇੱਕ ਪ੍ਰਕਾਰ ਦਾ ਦੁਖਾਂਤਿਕ ਰੁਮਾਂਸ ਹੁੰਦਾ ਹੈ।



Downloaded from https:// www.studiestoday.com

Downloaded from https:// www.studiestoday.com

**ਪੰਜਾਬੀ ਕਿੱਸਾ-ਕਾਵਿ ਦਾ ਵਿਕਾਸ—**

ਪੰਜਾਬੀ ਕਿੱਸਾ–ਕਾਵਿ ਦੀ ਹੋਂਦ ਦੇ ਮੁਢਲੇ ਸਬੂਤ ਮੁਗ਼ਲ–ਕਾਲ ਤੋਂ ਮਿਲ਼ਦੇ ਹਨ। ਇਸਲਾਮ ਦੇ ਆਉਣ ਤੋਂ ਬਾਅਦ ਮੁਸਲਿਮ ਸਾਹਿਤ ਦਾ ਪ੍ਰਵੇਸ਼ ਪੰਜਾਬੀ ਕਿੱਸਾ–ਕਾਵਿ ਦੇ ਜਨਮ ਦਾ ਮੁੱਖ ਕਾਰਨ ਬਣਿਆ ਪਰ ਮੁਗ਼ਲਾਂ ਦੇ ਰਾਜ ਤੋਂ ਪਹਿਲਾਂ ਪੰਜਾਬੀ ਸਾਹਿਤ ਵਿੱਚ ਕੋਈ ਕਿੱਸਾ ਲਿਖਤੀ ਰੂਪ ਵਿੱਚ ਪ੍ਰਾਪਤ ਨਹੀਂ ਹੁੰਦਾ। ਸਿਰਫ਼ ਲੋਕ–ਕਾਵਿ ਵਿੱਚ ਕਿੱਸਿਆਂ ਦੀ ਕੱਚੀ ਸਮਗਰੀ ਦੇ ਕੁਝ ਨਮੂਨੇ ਮਿਲ਼ਦੇ ਹਨ ਤੇ ਲੋਕ ਕਹਾਣੀਆਂ, ਜਿਨ੍ਹਾਂ ਦਾ ਵਿਸ਼ਾ ਪ੍ਰੇਮ ਸੀ, ਦੇ ਪ੍ਰਚਲਿਤ ਹੋਣ ਦੇ ਸਬੂਤ ਮਿਲਦੇ ਹਨ ਪਰ ਇਹ ਪ੍ਰੇਮ–ਕਥਾਵਾਂ ਆਪਣੇ ਲਿਖਤੀ ਰੂਪ ਵਿੱਚ ਮੁਗ਼ਲ–ਕਾਲ ਵਿੱਚ ਹੀ ਸਾਮ੍ਹਣੇ ਆਈਆਂ। ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਲੋਕ–ਵਾਰਤਾ (Folklore) ਵਿੱਚ ਭਾਵੇਂ ਕਿੱਸਾ–ਰੂਪ ਕਥਾਵਾਂ ਪ੍ਰਚਲਿਤ ਸਨ, ਸਾਹਿਤਿਕ–ਰੂਪ ਵਿੱਚ ਕਿੱਸਾ ਮੁਗ਼ਲ–ਕਾਲ ਦੀ ਹੀ ਦੇਣ ਹੈ ਜਿਵੇਂ ਹੀਰ ਰਾਂਝਾ, ਸੋਹਣੀ ਮਹੀਂਵਾਲ, ਮਿਰਜ਼ਾ ਸਾਹਿਬਾਂ ਆਦਿ ਦੀਆਂ ਕਹਾਣੀਆਂ ਪੰਜਾਬੀ ਵਿੱਚ ਦੇਰ ਤੋਂ ਆਮ ਪ੍ਰਚਲਿਤ ਲੋਕ–ਪਿਆਰੀਆਂ ਕਥਾਵਾਂ ਸਨ ਪਰ ਕਿੱਸਾ–ਕਾਵਿ ਦੇ ਰੂਪ ਵਿੱਚ ਇਹ ਮੁਗ਼ਲ–ਕਾਲ ਵਿੱਚ ਹੀ ਸਾਹਮਣੇ ਆਈਆਂ।

ਪੰਜਾਬੀ ਕਿੱਸਾ–ਕਾਵਿ ਦਾ ਮੁੱਢ ਦਮੋਦਰ ਦੀ ਹੀਰ ਤੋਂ ਬੱਝਿਆ। ਉਸ ਤੋਂ ਬਾਅਦ ਪੀਲੂ, ਹਾਫ਼ਿਜ਼ ਬਰਖ਼ੁਰਦਾਰ, ਮੁਕਬਲ, ਵਾਰਿਸ, ਹਾਸ਼ਮ, ਅਹਿਮਦਯਾਰ, ਕਾਦਰਯਾਰ, ਫ਼ਜ਼ਲ ਸ਼ਾਹ ਆਦਿ ਪ੍ਰਮੁੱਖ ਕਿੱਸਾਕਾਰ ਹੋਏ ਹਨ ਇਹਨਾਂ ਸਾਰੇ ਕਵੀਆਂ ਨੇ ਕੁਝ ਪੰਜਾਬੀ ਜਨ–ਜੀਵਨ ਵਿੱਚ ਪ੍ਰਚਲਿਤ ਲੋਕ–ਕਥਾਵਾਂ ਜਿਵੇਂ ਹੀਰ–ਰਾਂਝਾ, ਸੋਹਣੀ–ਮਹੀਂਵਾਲ, ਮਿਰਜ਼ਾ–ਸਾਹਿਬਾਂ, ਪੂਰਨ ਭਗਤ ਆਦਿ ਨੂੰ ਆਪਣੇ ਕਿੱਸਿਆਂ ਦਾ ਆਧਾਰ ਬਣਾਇਆ ਤੇ ਕੁਝ ਵਿਦੇਸ਼ੀ ਕਹਾਣੀਆਂ ਨੂੰ ਅਪਣਾਇਆ ਜਿਵੇਂ ਸ਼ੀਰੀ ਫ਼ਰਿਹਾਦ, ਯੂਸਫ਼ ਜ਼ੁਲੈਖ਼ਾਂ ਆਦਿ। ਇਹਨਾਂ ਸਾਰੀਆਂ ਕਥਾਵਾਂ ਵਿੱਚੋਂ ਹੀਰ–ਰਾਂਝੇ ਦੀ ਕਹਾਣੀ ਵਧੇਰੇ ਪ੍ਰਸਿੱਧ ਹੋਈ ਤੇ ਸਭ ਤਂ ਵੱਧ ਕਿੱਸਾਕਾਰਾਂ ਨੇ ਹੀਰ–ਰਾਂਝੇ ਦਾ ਕਿੱਸਾ ਲਿਖਿਆ।

ਪੰਦ੍ਹਰਵੀਂ–ਸੋਲ੍ਹਵੀਂ ਸਦੀ ਤੋਂ ਲੈ ਕੇ ਉੱਨ੍ਹੀਵੀਂ ਸਦੀ ਤੱਕ 30 ਤੋਂ ਵੱਧ ਕਿੱਸਾਕਾਰਾਂ ਨੇ ਕਿੱਸਾ ਰਚਨਾ ਕੀਤੀ। ਸਿਖਰਲੇ ਮੁਗ਼ਲ–ਕਾਲ (1707 ਈ. ਤੱਕ) ਵਿੱਚ ਦਮੋਦਰ, ਪੀਲੂ, ਹਾਫ਼ਿਜ਼ ਬਰਖ਼ੁਰਦਾਰ ਤੇ ਅਹਿਮਦ ਗੁੱਜਰ, ਚਾਰ ਕਿੱਸਾ ਕਵੀਆਂ ਦੀਆਂ ਰਚਨਾਵਾਂ ਮਿਲ਼ਦੀਆਂ ਹਨ। ਦਮੋਦਰ ਤੇ ਅਹਿਮਦ ਗੁੱਜਰ ਨੇ ਹੀਰ, ਪੀਲੂ ਨੇ ਮਿਰਜ਼ਾ–ਸਾਹਿਬਾਂ ਤੇ ਹਾਫ਼ਿਜ਼ ਬਰਖ਼ੁਰਦਾਰ ਨੇ ਮਿਰਜ਼ਾ–ਸਾਹਿਬਾਂ, ਸੱਸੀ–ਪੁੰਨੂੰ ਤੇ ਯੂਸਫ਼–ਜ਼ੁਲੈਖ਼ਾਂ ਦੇ ਕਿੱਸੇ ਲਿਖੇ। ਇਉਂ ਕਿੱਸਾ–ਕਾਵਿ ਦੇ ਅਰੰਭਿਕ ਕਾਲ ਵਿੱਚ ਵੀ ਭਾਰਤੀ ਜਾਂ ਪੰਜਾਬੀ ਮੂਲ ਦੀਆਂ ਕਹਾਣੀਆਂ ਦੇ ਨਾਲ਼ ਇੱਕ ਵਿਦੇਸ਼ੀ ਕਹਾਣੀ ਵੀ ਕਿੱਸਾ–ਰਚਨਾ ਦਾ ਆਧਾਰ ਬਣ ਗਈ। ਇਹਨਾਂ ਕਿੱਸਿਆਂ ਦੀ ਬਣਤਰ, ਰੂਪ ਤੇ ਬੋਲੀ ਦੇ ਅਧਿਐਨ ਤੋਂ ਸਪਸ਼ਟ ਹੁੰਦਾ ਹੈ ਕਿ ਆਪਣੇ ਲਿਖਤੀ ਰੂਪ ਵਿੱਚ ਕਿੱਸਾ–ਕਾਵਿ ਮੁਗ਼ਲ ਕਾਲ ਵਿੱਚ ਹੀ ਇੱਕ ਤਕੜੀ ਸਾਹਿਤਿਕ ਪਰੰਪਰਾ ਦੇ ਰੂਪ ਵਿੱਚ ਸਥਾਪਿਤ ਹੋ ਚੁੱਕਾ ਸੀ।

ਮੁਗ਼ਲ–ਕਾਲ ਦੇ ਕਿੱਸਾ–ਕਵੀਆਂ ਦੀਆਂ ਰਚਨਾਵਾਂ ਵਿੱਚ ਸੂਫ਼ੀ ਵਿਚਾਰਾਂ ਦਾ ਪ੍ਰਭਾਵ ਪ੍ਰਤੱਖ ਹੈ। ਦਮੋਦਰ ਤੇ ਪੀਲੂ ਦੀਆਂ ਰਚਨਾਵਾਂ ਪੰਜਾਬੀ ਲੋਕ–ਜੀਵਨ ਦੇ ਵਧੇਰੇ ਨੇੜੇ ਹਨ ਪਰ ਹਾਫ਼ਿਜ਼ ਬਰਖ਼ੁਰਦਾਰ ਦੇ ਪ੍ਰਵੇਸ਼ ਨਾਲ਼ ਕਿੱਸਾ–ਕਾਵਿ, ਫ਼ਾਰਸੀ ਦੀ ਰਵਾਇਤੀ ਕਿੱਸਾ–ਕਲਾ ਤੋਂ ਪ੍ਰਭਾਵਿਤ ਹੋਣਾ ਸ਼ੁਰੂ ਹੋ ਗਿਆ ਅਤੇ



Downloaded from https:// www.studiestoday.com

Downloaded from https:// www.studiestoday.com

ਇਹ ਰੁਝਾਨ ਅਗਲੇ ਕਵੀਆਂ ਵਿੱਚ ਵਧਦਾ ਹੀ ਚਲਾ ਗਿਆ। ਇਸੇ ਤਰ੍ਹਾਂ ਇਸ ਕਾਲ ਵਿੱਚ ਸੁਖਾਂਤ ਤੇ ਦੁਖਾਂਤ ਦੋਵੇਂ ਰੂਪ ਪੰਜਾਬੀ ਕਿੱਸਾ-ਕਾਵਿ ਵਿੱਚ ਆਏ। ਦਮੋਦਰ ਦੀ ਹੀਰ ਸੁਖਾਂਤਿਕ ਹੈ, ਪਰ ਪੀਲੂ ਦਾ ਮਿਰਜ਼ਾ-ਸਾਹਿਬਾਂ ਦੁਖਾਂਤਿਕ ਹੈ। ਛੰਦ ਦੇ ਪੱਖ ਤੋਂ ਇਸ ਕਾਲ ਵਿੱਚ ਤਿੰਨ ਪ੍ਰਕਾਰ ਦੇ ਛੰਦ ਅਪਣਾਏ ਗਏ- ਦਵਈਆ, ਸੱਦ ਤੇ ਬੈਂਤ। ਦਮੋਦਰ ਦੀ ਹੀਰ ਤੇ ਹਾਫ਼ਿਜ਼ ਬਰਖ਼ੁਰਦਾਰ ਦਾ ਯੂਸਫ਼-ਜ਼ੁਲੈਖ਼ਾਂ ਦਵਈਆ ਛੰਦ ਵਿੱਚ ਲਿਖੇ ਗਏ। ਪੀਲੂ ਨੇ ਮਿਰਜ਼ਾ-ਸਾਹਿਬਾਂ ਤੇ ਹਾਫ਼ਿਜ਼ ਨੇ ਮਿਰਜ਼ਾ-ਸਾਹਿਬਾਂ ਤੇ ਸੱਸੀ-ਪੁੰਨੂੰ ਸੱਦ ਵਿੱਚ ਲਿਖੇ ਤੇ ਅਹਿਮਦ ਗੁੱਜਰ ਨੇ ਹੀਰ ਬੈਂਤ ਛੰਦ ਵਿੱਚ ਲਿਖੀ। ਦਮੋਦਰ ਦੀ ਰਚਨਾ ਲਹਿੰਦੀ ਪੰਜਾਬੀ (ਝਾਂਗੀ) ਵਿੱਚ ਹੈ ਪਰ ਉਸ ਤੋਂ ਬਾਅਦ ਇਸ ਕਾਲ ਦੇ ਕਵੀਆਂ ਨੇ ਕਿੱਸਾ-ਰਚਨਾ ਕੇਂਦਰੀ ਪੰਜਾਬੀ ਵਿੱਚ ਹੀ ਕੀਤੀ।

ਅਠਾਰ੍ਹਵੀਂ ਸਦੀ ਨੂੰ ਪੰਜਾਬੀ ਕਿੱਸਾ-ਕਾਵਿ ਦਾ ਸੁਨਹਿਰੀ ਕਾਲ ਮੰਨਿਆ ਜਾਂਦਾ ਹੈ। ਇਸ ਕਾਲ ਵਿੱਚ ਹੀ ਤਿੰਨ ਪ੍ਰੀਤ ਕਥਾਵਾਂ ਹੀਰ ਰਾਂਝਾ, ਸੱਸੀ ਪੁੰਨੂੰ ਤੇ ਯੂਸਫ਼ ਜ਼ੁਲੈਖਾਂ ਨੂੰ ਕਵਿਤਾਇਆ ਗਿਆ ਪਰ ਆਮ ਤੌਰ 'ਤੇ ਇਹ ਸਦੀ ਹੀਰ-ਸਾਹਿਤ ਦੀ ਸਦੀ ਅਖਵਾਉਂਦੀ ਹੈ ਕਿਉਂਕਿ ਇਸ ਕਾਲ ਦੇ ਬਹੁ-ਗਿਣਤੀ ਕਿੱਸਾ-ਕਵੀਆਂ ਨੇ ਹੀਰ ਦੇ ਕਿੱਸੇ ਹੀ ਲਿਖੇ, ਜਿਵੇਂ ਚਰਾਗ ਅਵਾਨ, ਮੁਕਬਲ, ਵਾਰਿਸ, ਬਿਹਬਲ, ਹਾਮਦ। ਵਾਰਿਸ ਸ਼ਾਹ ਇਸ ਕਾਲ ਦਾ ਸਿਰਮੌਰ ਕਵੀ ਹੈ ਤੇ ਕਿੱਸਾ ਸਾਹਿਤ ਦਾ ਸਿਖਰ ਆਖਿਆ ਜਾ ਸਕਦਾ ਹੈ। ਆਡਿਤ, ਸੁੰਦਰ ਦਾਸ ਆਰਾਮ ਤੇ ਬਿਹਬਲ ਨੇ ਸੱਸੀ-ਪੁੰਨੂੰ ਤੇ ਸਦੀਕ ਲਾਲੀ ਨੇ ਯੂਸਫ਼-ਜ਼ੁਲੈਖ਼ਾਂ ਦੇ ਕਿੱਸੇ ਲਿਖੇ। ਹੀਰ-ਸਾਹਿਤ ਵਿੱਚੋਂ ਵਧੇਰੇ ਪ੍ਰਸਿੱਧ ਮੁਕਬਲ ਤੇ ਵਾਰਿਸ ਦੇ ਕਿੱਸੇ ਹਨ। ਇਹ ਦੋਵੇਂ ਕਵੀ ਕਾਵਿ-ਕੁਸ਼ਲਤਾ ਦੇ ਪੱਖੋਂ ਉੱਤਮ ਤੇ ਸਮਰੱਥ ਕਵੀ ਹਨ ਤੇ ਇਸ ਸਮੇਂ ਹੀਰ ਦਾ ਕਿੱਸਾ, ਇਹਨਾਂ ਕਵੀਆਂ ਕਾਰਨ ਹੀ ਪੰਜਾਬ ਦੇ ਲੋਕ-ਜੀਵਨ ਦਾ ਹਿੱਸਾ ਬਣ ਗਿਆ, ਵਿਸ਼ੇਸ਼ ਤੌਰ 'ਤੇ ਵਾਰਿਸ ਦੀ ਹੀਰ ਲੋਕ-ਕਾਵਿ ਵਾਂਗ ਲੋਕ-ਮਨਾਂ ਵਿੱਚ ਘਰ ਕਰ ਗਈ। ਸੱਸੀ ਪੁੰਨੂੰ ਤੇ ਯੂਸਫ਼-ਜ਼ੁਲੈਖ਼ਾਂ ਦੇ ਕਿੱਸੇ ਬਹੁਤੇ ਪ੍ਰਸਿੱਧ ਨਹੀਂ ਹੋਏ।

ਇਸ ਕਾਲ ਵਿੱਚ ਹੀਰ ਦੇ ਕਿੱਸਿਆਂ ਵਿੱਚ ਚਰਾਗ ਅਵਾਨ ਨੂੰ ਛੱਡ ਕੇ ਬਾਕੀ ਸਾਰੇ ਕਵੀਆਂ ਨੇ ਬੈਂਤ ਛੰਦ ਦੀ ਵਰਤੋਂ ਕੀਤੀ। ਚਰਾਗ ਅਵਾਨ ਦੀ ਹੀਰ ਦਵਈਆ ਛੰਦ ਵਿੱਚ ਹੈ। ਇਸ ਕਾਲ ਦੇ ਕਵੀਆਂ ਦੀ ਭਾਸ਼ਾ ਆਮ ਤੌਰ 'ਤੇ ਕੇਂਦਰੀ ਪੰਜਾਬੀ ਹੈ। ਹਾਂ, ਫ਼ਾਰਸੀ ਦੀ ਤਤਸਮ ਤੇ ਤਦਭਵ ਸ਼ਬਦਾਵਲੀ ਤੇ ਇਸਲਾਮੀ ਮਿਥਿਹਾਸਿਕ ਹਵਾਲੇ ਇਸ ਸਮੇਂ ਦੇ ਕਿੱਸਾ-ਸਾਹਿਤ ਵਿੱਚ ਭਰਪੂਰ ਮਾਤਰਾ ਵਿੱਚ ਮਿਲਦੇ ਹਨ।

ਉੱਨੀਵੀਂ ਸਦੀ ਵਿੱਚ ਗਿਣਤੀ ਦੇ ਪੱਖ ਤੋਂ ਸਭ ਤੋਂ ਵਧੇਰੇ ਕਿੱਸਾ-ਰਚਨਾ ਹੋਈ ਤੇ ਡੇਢ ਦਰਜਨ ਦੇ ਲਗ-ਪਗ ਕਿੱਸਾ-ਕਵੀਆਂ ਨੇ ਨਵੀਆਂ-ਪੁਰਾਣੀਆਂ ਕਹਾਣੀਆਂ ਉੱਪਰ ਕਿੱਸੇ ਲਿਖੇ। ਜਿਵੇਂ ਹਾਸ਼ਮ, ਅਹਿਮਦਯਾਰ, ਇਮਾਮ ਬਖ਼ਸ਼, ਕਾਦਰਯਾਰ, ਮੌਲਵੀ ਗ਼ੁਲਾਮ ਰਸੂਲ, ਅਬਦੁਲ ਸੱਤਾਰ, ਫ਼ਜ਼ਲ ਸ਼ਾਹ, ਬਖ਼ਸ਼ ਫ਼ਕੀਰ, ਮੀਆਂ ਮੁਹੰਮਦ ਬਖ਼ਸ਼, ਮਾਹੀ ਕੰਬੋ, ਗੰਗਾ ਰਾਮ, ਅਹਿਮਦ ਅਲੀ ਸਾਈਆਂ, ਮੌਲਵੀ ਰੌਸ਼ਨ ਦੀਨ, ਭਗਵਾਨ ਸਿੰਘ, ਕਿਸ਼ਨ ਸਿੰਘ ਆਰਿਫ਼, ਗੁਪਾਲ ਸਿੰਘ ਗੋਪਾਲ, ਬਰਦਾ ਪਿਸ਼ੌਰੀ, ਪਿਆਰੇ ਸਾਹਿਬ। ਇਹਨਾਂ ਵਿੱਚੋਂ ਪ੍ਰਸਿੱਧੀ ਕੁਝ ਕੁ ਕਿੱਸਾਕਾਰਾਂ ਨੂੰ ਹੀ ਮਿਲ਼ੀ। ਇਸ ਸਦੀ ਦੇ ਪ੍ਰਮੁੱਖ ਕਿੱਸਾਕਾਰ ਹਨ : ਹਾਸ਼ਮ, ਅਹਿਮਦਯਾਰ, ਫ਼ਜ਼ਲ ਸ਼ਾਹ, ਕਾਦਰਯਾਰ ਤੇ ਮੀਆਂ ਮੁਹੰਮਦ ਬਖ਼ਸ਼।



Downloaded from https:// www.studiestoday.com

Downloaded from https:// www.studiestoday.com

ਉੱਨ੍ਹੀਵੀਂ ਸਦੀ ਦੇ ਕਿੱਸਾ–ਕਾਵਿ ਦੀਆਂ ਦੋ ਪ੍ਰਮੁੱਖ ਵਿਸ਼ੇਸ਼ਤਾਵਾਂ ਹਨ— ਇੱਕ ਤਾਂ ਇਸ ਸਮੇਂ ਕਿੱਸਾ–ਕਾਵਿ ਵਿੱਚ ਕੁਝ ਨਵੀਂਆਂ ਪ੍ਰੀਤ–ਕਥਾਵਾਂ ਨੇ ਪ੍ਰਵੇਸ਼ ਕੀਤਾ, ਜਿਵੇਂ : ਸੋਹਣੀ–ਮਹੀਂਵਾਲ ਤੇ ਸੈਫ਼ੁਲ–ਮਲੂਕ ਦੀ ਕਹਾਣੀ। ਦੂਜੇ ਇਸ ਸਮੇਂ ਕਿੱਸਾਕਾਰਾਂ ਦਾ ਰੁਝਾਨ ਪ੍ਰੇਮ–ਕਥਾਵਾਂ ਤੋਂ ਹਟ ਕੇ, ਭਾਰਤੀ ਮਿਥਿਹਾਸਿਕ ਘਟਨਾਵਾਂ ਵੱਲ ਹੋ ਗਿਆ ਤੇ ਕੁਝ ਧਾਰਮਿਕ ਤੇ ਮਿਥਿਹਾਸਿਕ ਘਟਨਾਵਾਂ ਨੂੰ ਆਧਾਰ ਬਣਾ ਕੇ ਕਿੱਸੇ ਲਿਖੇ ਗਏ। ਵਿਸ਼ੇਸ਼ ਤੌਰ ’ਤੇ ਹਿੰਦੀ ਕਿੱਸਾਕਾਰਾਂ ਨੇ ਹਿੰਦੂ–ਮਿਥਿਹਾਸ ਨਾਲ਼ ਸੰਬੰਧਿਤ ਕਿੱਸੇ ਲਿਖੇ— ਜਿਵੇਂ ਗੰਗਾ ਰਾਮ ਨੇ ਰੂਪ–ਬਸੰਤ, ਗੋਪੀ ਚੰਦ, ਹਕੀਕਤ ਰਾਏ ਤੇ ਰਾਜਾ ਭਰਥਰੀ। ਕਿਸ਼ਨ ਸਿੰਘ ਆਰਿਫ਼ ਨੇ ਰਾਜਾ ਰਸਾਲੂ, ਪੂਰਨ ਭਗਤ, ਰਾਜਾ ਭਰਥਰੀ, ਆਦਿ ਕਿੱਸੇ ਲਿਖੇ। ਧਾਰਮਿਕ ਰੰਗ ਦੇ ਕਿੱਸਿਆਂ ਵਿੱਚੋਂ ਸਭ ਤੋਂ ਵੱਧ ਪ੍ਰਸਿੱਧੀ ਕਾਦਰਯਾਰ ਦੇ ਪੂਰਨ ਭਗਤ ਨੂੰ ਹੀ ਮਿਲੀ। ਪੰਜਾਬੀ ਜਨ–ਜੀਵਨ ਵਿੱਚ ਪ੍ਰਚਲਿਤ ਕੁਝ ਕੁ ਹੋਰ ਸੂਰਮਗਤੀ ਦੀਆਂ ਕਹਾਣੀਆਂ ਵੀ ਕਿੱਸਿਆਂ ਦਾ ਆਧਾਰ ਬਣੀਆਂ, ਜਿਵੇਂ ਦੁੱਲਾ : ਭੱਟੀ (ਕਿਸ਼ਨ ਸਿੰਘ ਆਰਿਫ਼) ਤੇ ਜਿਊਣਾ ਮੌੜ (ਭਗਵਾਨ ਸਿੰਘ)। ਇਸ ਸਦੀ ਵਿੱਚ ਪ੍ਰੀਤ–ਕਥਾਵਾਂ ਨਾਲ਼ ਸੰਬੰਧਿਤ ਕਿੱਸਿਆਂ ਵਿੱਚ ਪਰੀ–ਕਹਾਣੀਆਂ ਤੇ ਪਰਾਸਰੀਰਿਕ ਘਟਨਾਵਾਂ ਉੱਪਰ ਵੀ ਵਧੇਰੇ ਬਲ ਦਿੱਤਾ ਗਿਆ, ਜਿਵੇਂ : ਮੁਹੰਮਦ ਬਖ਼ਸ਼ ਦਾ ਸੈਫ਼ਲ–ਮਲੂਕ, ਇਮਾਮ ਬਖ਼ਸ਼ ਦਾ ਸ਼ਾਹ ਬਹਿਰਾਮ, ਚੰਦਰ ਬਦਨ ਅਤੇ ਮਈਆਰ ਆਦਿ।

ਇਸ ਸਦੀ ਦੇ ਕਿੱਸਾ ਕਾਵਿ ਵਿੱਚ ਕਈ ਨਵੇਂ ਛੰਦ ਤੇ ਕਾਵਿ–ਰੂਪ ਵੀ ਅਪਣਾਏ ਗਏ, ਜਿਵੇਂ : ਦੋਹਿੜਾ, ਡਿਉਢ, ਕਬਿੱਤ ਤੇ ਸੀਹਰਫ਼ੀ ਆਦਿ ਪਰ ਸਮੁੱਚੇ ਤੌਰ ’ਤੇ 19ਵੀਂ ਸਦੀ ਕਿੱਸਾ–ਕਾਵਿ ਦੇ ਪਤਨ ਦੀ ਸਦੀ ਹੈ।

ਵੀਹਵੀਂ ਸਦੀ ਵਿੱਚ ਆ ਕੇ ਤਾਂ ਕਿੱਸਾ–ਕਾਵਿ ਪਰੰਪਰਾ ਇੱਕ ਪ੍ਰਕਾਰ ਦੇ ਚਿੱਠਾ–ਸਾਹਿਤ ਤੇ ਕਵੀਸ਼ਰੀ ਦੇ ਰੂਪ ਵਿੱਚ ਪ੍ਰਵਾਹਿਤ ਹੋ ਜਾਂਦੀ ਹੈ ਤੇ ਪੁਰਾਣੀ ਕਿੱਸਾਕਾਰੀ ਦਮ ਤੋੜ ਜਾਂਦੀ ਹੈ। ਇਹ ਮੱਧ–ਯੁੱਗ ਦੀ ਸਾਹਿਤਿਕ ਪਰੰਪਰਾ ਦੀ ਸਮਾਪਤੀ ਤੇ ਆਧੁਨਿਕ ਕਾਵਿ ਦੇ ਅਰੰਭ ਦਾ ਹੀ ਇੱਕ ਲੱਛਣ ਹੈ।

****



Downloaded from https:// www.studiestoday.com

Downloaded from https:// www.studiestoday.com

# ਪ੍ਰਮੁੱਖ ਕਿੱਸਾ ਕਵੀ

## 1. ਦਮੋਦਰ (ਅਕਬਰ ਦਾ ਸਮਕਾਲੀ)

ਦਮੋਦਰ ਪੰਜਾਬੀ ਦਾ ਪਹਿਲਾ ਕਿੱਸਾਕਾਰ ਹੈ। ਉਸ ਨੇ ਹੀਰ-ਰਾਂਝੇ ਦਾ ਕਿੱਸਾ ਲਿਖਿਆ। ਦਮੋਦਰ ਦੇ ਜੀਵਨ-ਕਾਲ ਬਾਰੇ ਸਾਨੂੰ ਕਿਸੇ ਪ੍ਰਮਾਣਿਕ ਸੋਮੇ ਤੋਂ ਕੋਈ ਜਾਣਕਾਰੀ ਨਹੀਂ ਮਿਲ਼ਦੀ। ਉਸ ਦੇ ਕਿੱਸੇ ਅੰਦਰਲੀਆਂ ਗਵਾਹੀਆਂ ਤੋਂ ਹੀ ਅਸੀਂ ਉਸ ਦੇ ਜੀਵਨ-ਕਾਲ ਬਾਰੇ ਅੰਦਾਜ਼ਾ ਲਾ ਸਕਦੇ ਹਾਂ ਕਿ ਉਹ ਅਕਬਰ ਦਾ ਸਮਕਾਲੀ ਸੀ, ਜ਼ਾਤ ਦਾ ਗੁਲਾਟੀ ਅਰੋੜਾ ਸੀ ਤੇ ਕਿੱਤੇ ਵਜੋਂ ਝੰਗ ਸਿਆਲ ਦੇ ਇਲਾਕੇ ਦਾ ਇੱਕ ਦੁਕਾਨਦਾਰ ਸੀ। ਦਮੋਦਰ ਦੇ ਕਿੱਸੇ ਅੰਦਰਲੇ ਪ੍ਰਮਾਣ ਇਉਂ ਹਨ—

ਨਾਉਂ ਦਮੋਦਰ ਜਾਤ ਗੁਲਾਟੀ ਆਇਆ ਸਿਕ ਸਿਆਲੀ
ਆਪਣੇ ਮਨ ਵਿੱਚ ਮਸਲਤ ਕੀਤੀ ਬੈਠ ਇਥਾਈ ਜਾਲੀ

..............................................

ਚੂਚਕ ਬਹੁੰ ਦਿਲਾਸਾ ਕੀਤਾ ਤਾਂ ਦਿਲਗੀਰੀ ਲਾਹੀ
ਆਖ ਦਮੋਦਰ ਹੋਇਆ ਦਿਲਾਸਾ ਹੱਟੀ ਓਥੇ ਪਾਈ

..............................................

ਪਾਤਸ਼ਾਹੀ ਜੋ ਅਕਬਰ ਸੰਦੀ ਦਿਨ ਦਿਨ ਚੜ੍ਹੇ ਸਵਾਈ।

**ਕਿੱਸੇ ਦੀ ਕਹਾਣੀ—** ਦਮੋਦਰ-ਰਚਿਤ ਹੀਰ ਦੇ ਕਿੱਸੇ ਦੀ ਕਹਾਣੀ ਕਾਫ਼ੀ ਦਿਲਚਸਪ ਹੈ। ਰਾਂਝਾ, ਤਖ਼ਤ ਹਜ਼ਾਰੇ ਦੇ ਚੌਧਰੀ ਮੌਜਮ ਦਾ ਸਾਰਿਆਂ ਤੋਂ ਛੋਟਾ ਪੁੱਤਰ ਹੈ। ਮਾਂ-ਪਿਓ ਦੀ ਮੌਤ ਪਿੱਛੋਂ ਭਾਬੀਆਂ ਦੇ ਮਿਹਣਿਆਂ ਤੋਂ ਤੰਗ ਆ ਕੇ ਘਰੋਂ ਨਿਕਲ਼ ਜਾਂਦਾ ਹੈ ਤੇ ਝੰਗ-ਸਿਆਲ ਆ ਕੇ ਹੀਰ ਦੇ ਘਰ ਪਾਲ਼ੀ ਲੱਗ ਜਾਂਦਾ ਹੈ। ਉੱਥੇ ਹੀ ਦੋਂਹਾਂ ਦਾ ਇਸ਼ਕ ਹੁੰਦਾ ਹੈ ਪਰ ਇਹ ਸਿਰੇ ਨਹੀਂ ਚੜ੍ਹਦਾ ਕਿਉਂਕਿ ਰਾਂਝਾ ਭਾਵੇਂ ਚੌਧਰੀ ਦਾ ਪੁੱਤਰ ਹੈ ਪਰ ਇਸ ਵੇਲ਼ੇ ਉਹ ਹੀਰ ਦੇ ਬਾਪ ਦਾ ਨੌਕਰ ਹੈ। ਹੀਰ ਰੰਗਪੁਰ ਦੇ ਖੇੜਿਆਂ ਦੇ ਪੁੱਤਰ ਸੈਦੇ ਨੂੰ ਵਿਆਹ ਦਿੱਤੀ ਜਾਂਦੀ ਹੈ। ਰਾਂਝਾ ਜੋਗੀ ਬਣ ਕੇ ਹੀਰ ਦੇ ਪਿੰਡ ਰੰਗਪੁਰ ਜਾਂਦਾ ਹੈ ਤੇ ਉਸ ਦੀ ਨਣਦ ਸਹਿਤੀ ਦੀ ਮਦਦ ਨਾਲ਼ ਹੀਰ ਨੂੰ ਉਧਾਲਣ ਵਿੱਚ ਕਾਮਯਾਬ ਹੋ ਜਾਂਦਾ ਹੈ। ਖੇੜੇ ਵਾਹਰ ਲੈ ਕੇ ਪਿੱਛੇ ਜਾਂਦੇ ਹਨ ਤੇ ਹੀਰ ਤੇ ਰਾਂਝੇ ਨੂੰ ਫੜ ਕੇ ਕੋਟ ਕਬੂਲੇ ਦੇ ਕਾਜ਼ੀ ਕੋਲ਼ ਫ਼ੈਸਲੇ ਲਈ ਲੈ ਜਾਂਦੇ ਹਨ। ਕਾਜ਼ੀ ਹੀਰ ਨੂੰ ਬੁਰਾ-ਭਲਾ ਕਹਿੰਦਾ ਹੈ ਤੇ ਉਸ ਨੂੰ ਖੇੜਿਆਂ ਦੇ ਹਵਾਲੇ ਕਰ ਦਿੰਦਾ ਹੈ। ਪਰ ਇਸ ਫ਼ੈਸਲੇ ਮਗਰੋਂ ਸ਼ਹਿਰ ਨੂੰ ਅੱਗ ਲੱਗ ਜਾਂਦੀ ਹੈ ਅਤੇ ਕਾਜ਼ੀ ਇਸ ਘਟਨਾ ਨੂੰ ਆਪਣੇ ਅਨਿਆਂ ਦਾ ਫਲ਼ ਸਮਝ ਕੇ ਹੀਰ ਰਾਂਝੇ ਨੂੰ ਸੌਂਪ ਦਿੰਦਾ ਹੈ। ਉਹ ਦੋਵੇਂ ਲੰਮੇ ਰਾਹ ਪੈ ਜਾਂਦੇ ਹਨ।

**ਹੀਰ ਦਮੋਦਰ ਦੇ ਕਾਵਿ-ਗੁਣ —** ਇੱਕ ਸਾਹਿਤਿਕ ਕਿਰਤ ਵਜੋਂ ਦਮੋਦਰ-ਰਚਿਤ ਹੀਰ ਦਾ ਕਿੱਸਾ ਪੰਜਾਬੀ ਕਵਿਤਾ ਵਿੱਚ ਇੱਕ ਨਵੀਂ ਪਰੰਪਰਾ ਦੀ ਮੁਢਲੀ ਰਚਨਾ ਹੋਣ ਕਰਕੇ ਅਤੇ ਆਪਣੀਆਂ ਕਾਵਿਕ ਵਿਸ਼ੇਸ਼ਤਾਵਾਂ ਕਰ ਕੇ ਮਹੱਤਵਪੂਰਨ ਹੈ। ਕਿੱਸਾ-ਕਾਵਿ ਦੀਆਂ ਸਾਰੀਆਂ ਸ਼ਰਤਾਂ (ਜਿਵੇਂ ਨਾਇਕ-ਨਾਇਕਾ ਦੇ ਜੀਵਨ ਨਾਲ਼ ਸੰਬੰਧਿਤ ਮੁੱਖ ਘਟਨਾਵਾਂ ਦਾ ਬਿਆਨ, ਨਾਇਕ-ਨਾਇਕਾ



Downloaded from https:// www.studiestoday.com

Downloaded from https:// www.studiestoday.com

ਦੀ ਸੁੰਦਰਤਾ ਦਾ ਵਰਨਣ, ਕਹਾਣੀ ਦੀ ਰੋਚਿਕਤਾ ਆਦਿ) ਪੂਰੀਆਂ ਕਰਨ ਦੇ ਨਾਲ਼-ਨਾਲ਼ ਦਮੋਦਰ ਦੀ ਹੀਰ ਆਪਣੇ ਬਿਆਨ-ਢੰਗ, ਅਲੰਕਾਰਿਕ ਖ਼ੂਬਸੂਰਤੀ ਤੇ ਬੋਲੀ ਦੀ ਮਿਠਾਸ ਕਰਕੇ ਪ੍ਰਸਿੱਧ ਹੋ ਗਈ ਹੈ। ਇਸ ਵਿੱਚ ਕਵੀ ਨੇ ਇੱਕ ਨਵੀਂ ਕਥਾ-ਰੂੜ੍ਹੀ ਦਾ ਪ੍ਰਯੋਗ ਵੀ ਕੀਤਾ ਹੈ। ਉਹ ਇਹ ਕਿ ਹਰ ਬੰਦ ਦੇ ਅੰਤ ਵਿੱਚ ਕਵੀ ਨੇ ਆਖ ਦਮੋਦਰ ਅੱਖੀਂ ਡਿੱਠਾ ਦਾ ਵਾਕਾਂਸ਼ ਵਰਤ ਕੇ, ਪਾਠਕਾਂ ਨੂੰ ਇਸ ਕਥਾ ਦੇ ਸੱਚੇ ਹੋਣ ਤੇ ਆਪਣੀ ਅੱਖੀਂ ਵੇਖੇ ਹੋਣ ਦਾ ਭੁਲੇਖਾ ਪਾਇਆ ਹੈ। ਉਂਞ ਇਹ ਕੋਈ ਜ਼ਰੂਰੀ ਨਹੀਂ ਕਿ ਹੀਰ ਰਾਂਝੇ ਦੀ ਕਥਾ ਸੱਚ-ਮੁੱਚ ਵਾਪਰੀ ਹੋਵੇ ਤੇ ਦਮੋਦਰ ਦੇ ਜੀਵਨ-ਕਾਲ ਜਾਂ ਉਸ ਦੀਆਂ ਅੱਖਾਂ ਸਾਹਮਣੇ ਹੀ ਵਾਪਰੀ ਹੋਵੇ।

ਦਮੋਦਰ ਦਾ ਬਿਆਨ—ਢੰਗ ਨਾਟਕੀ ਤੇ ਦਿਲ-ਖਿੱਚਵਾਂ ਹੈ। ਉਸ ਦੀ ਬੋਲੀ ਅਲੰਕਾਰਿਕ ਹੈ। ਰਾਂਝੇ ਦੀ ਸੁੰਦਰਤਾ ਦਾ ਬਿਆਨ ਕਰਦਾ ਉਹ ਲਿਖਦਾ ਹੈ—

ਜੇ ਚੜ੍ਹੇ ਧੀਦੋ ਘੋੜੇ ਉੱਤੇ ਬਾਹਰ ਪੰਖੀ ਨਾ ਠਹਿਰਾਇਨ।
ਮਿਹਰ ਪਰਿੰਦੇ ਮੋਨੀ ਸਹੀਅੜਿ ਪੈਰ ਨ ਮੂਲੇ ਚਾਇਨ।
ਨਰ ਨਾਰੀ ਜੇ ਕੋਈ ਵੇਖੇ ਪਲ ਨਾ ਪਲਕਾਂ ਲਾਇਨ।
ਆਖ ਦਮੋਦਰ ਰਾਠ ਜ਼ਿਮੀਂ ਦੇ ਧੀਦੋ ਨੂੰ ਵੇਖਣ ਆਇਨ।।

ਦਮੋਦਰ ਦੇ ਕਿੱਸੇ ਵਿੱਚ ਹੀਰ ਤੇ ਰਾਂਝੇ ਦੇ ਪਾਤਰਾਂ ਨੂੰ ਆਦਰਸ਼ਕ ਦ੍ਰਿਸ਼ਟੀਕੋਣ ਤੋਂ ਪੇਸ਼ ਕੀਤਾ ਗਿਆ ਹੈ। ਦਮੋਦਰ ਨੂੰ ਮਨੁੱਖੀ ਮਨ ਦੀ ਸਮਝ ਹੈ ਤੇ ਉਹ ਆਪਣੇ ਪਾਤਰਾਂ ਦੇ ਕਿਰਦਾਰ ਨੂੰ ਮਨੋਵਿਗਿਆਨਿਕ ਦ੍ਰਿਸ਼ਟੀ ਤੋਂ ਚਿਤਰਦਾ ਹੈ। ਹੀਰ ਤੇ ਉਸਦੀ ਮਾਂ ਦਾ ਸੰਵਾਦ, ਕੈਦੋਂ ਦੀ ਸ਼ਰਾਰਤ, ਹੀਰ ਦਾ ਕਾਜ਼ੀ ਨਾਲ਼ ਝਗੜਾ, ਆਦਿ ਸਾਰੀਆਂ ਘਟਨਾਵਾਂ ਨੂੰ ਦਮੋਦਰ ਨੇ ਉਸ ਸਮੇਂ ਦੇ ਸਮਾਜ ਦੇ ਪ੍ਰਸੰਗ ਵਿੱਚ ਬੜੇ ਸਹਿਜ ਢੰਗ ਨਾਲ਼ ਪੇਸ਼ ਕੀਤਾ ਹੈ। ਦਮੋਦਰ ਦੇ ਕਿੱਸੇ ਦੀ ਇੱਕ ਵਿਸ਼ੇਸ਼ਤਾ ਇਹ ਵੀ ਹੈ ਕਿ ਇਸ ਵਿੱਚੋਂ ਉਸ ਸਮੇਂ ਦੇ ਸਮਾਜ ਵਿੱਚ ਹਿੰਦੂ-ਮੁਸਲਿਮ ਸੱਭਿਆਚਾਰ ਦੀ ਨਵੀਂ ਬਣੀ ਸਾਂਝ ਬਾਰੇ ਵੀ ਜਾਣਕਾਰੀ ਮਿਲਦੀ ਹੈ। ਹੀਰ ਦੇ ਵਿਆਹ ਦੀਆਂ ਰਸਮਾਂ ਹਿੰਦੂ ਤੇ ਮੁਸਲਿਮ ਦੋਹਾਂ ਰੀਤੀਆਂ ਅਨੁਸਾਰ ਦਿਖਾਈਆਂ ਗਈਆਂ ਹਨ।

ਦਮੋਦਰ ਦੇ ਕਿੱਸੇ ਦਾ ਛੰਦ ਦਵਈਆ ਹੈ ਤੇ ਸਾਰਾ ਕਿੱਸਾ 960 ਚੌਤੁਕੇ ਬੰਦਾਂ ਵਿੱਚ ਲਿਖਿਆ ਗਿਆ ਹੈ। ਕਿੱਸੇ ਦੀ ਬੋਲੀ ਲਹਿੰਦੀ (ਝਾਂਗੀ) ਹੈ ਤੇ ਇਸ ਵਿੱਚ ਬਾਰ ਦੀ ਜਾਂਗਲ਼ੀ ਸ਼ਬਦਾਵਲੀ ਤੇ ਕਿਤੇ-ਕਿਤੇ ਫ਼ਾਰਸੀ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ—

ਤਾਂ ਸ਼ਾਦੀਆਂ ਨੇ ਚੂਚਕ ਕੀਤੇ ਟੰਮਕ ਢੋਲ ਧਰਾਇਆ
ਸ਼ਾਦੀ ਹੋਈ ਘਰ ਚੂਚਕਾਣੇ ਆਲਮ ਉੱਛਲ ਆਇਆ।

ਦਮੋਦਰ-ਰਚਿਤ ਹੀਰ ਆਪਣੀ ਕਹਾਣੀ, ਬਿਆਨ-ਢੰਗ ਤੇ ਭਾਸ਼ਾਈ ਸੁੰਦਰਤਾ ਸਦਕਾ ਆਉਣ ਵਾਲ਼ੇ ਪੰਜਾਬੀ ਕਿੱਸਾਕਾਰਾਂ ਲਈ ਇੱਕ ਪ੍ਰਤਿਮਾਨ ਬਣ ਗਈ ਭਾਵੇਂ ਅਗਲੇ ਕਿੱਸਾਕਾਰਾਂ ਨੇ ਇਸ ਵਿੱਚ ਕੁਝ ਤਬਦੀਲੀਆਂ ਕੀਤੀਆਂ ਪਰ ਸਮੁੱਚੇ ਤੌਰ 'ਤੇ ਹੀਰ-ਕਥਾ ਦਾ ਚੌਖਟਾ ਦਮੋਦਰ ਵਾਲ਼ਾ ਹੀ ਰਿਹਾ।



Downloaded from https:// www.studiestoday.com

Downloaded from https:// www.studiestoday.com

## 2. ਪੀਲੂ (ਅਕਬਰ ਦਾ ਸਮਕਾਲੀ)

ਪੀਲੂ ਸਤਾਰ੍ਹਵੀਂ ਸਦੀ ਦਾ ਇਕ ਪ੍ਰਸਿੱਧ ਕਿੱਸਾ-ਕਵੀ ਹੈ। ਉਸ ਦੇ ਜਨਮ-ਮਰਨ ਦੀਆਂ ਤਰੀਕਾਂ ਬਾਰੇ ਕੋਈ ਠੀਕ ਗਵਾਹੀ ਨਹੀਂ ਮਿਲ਼ਦੀ ਪਰ ਉਸ ਦੀ ਰਚਨਾ ਵਿਚਲੇ ਕੁਝ ਵੇਰਵਿਆਂ ਤੋਂ ਉਸ ਦੇ ਗੁਰੂ ਅਰਜਨ ਦੇਵ ਜੀ ਤੇ ਅਕਬਰ ਦਾ ਸਮਕਾਲੀ ਹੋਣ ਦਾ ਸਬੂਤ ਮਿਲ਼ਦਾ ਹੈ।

ਪੀਲੂ ਨੇ ਮਿਰਜ਼ਾ-ਸਾਹਿਬਾਂ ਦਾ ਕਿੱਸਾ ਲਿਖਿਆ। ਇਹ ਕਿੱਸਾ ਬੜੀ ਦੇਰ ਤੱਕ ਲਿਖਤੀ ਰੂਪ ਵਿੱਚ ਪ੍ਰਾਪਤ ਨਹੀਂ ਸੀ। ਪੰਜਾਬੀ ਦੇ ਲੋਕ-ਗਾਇਕਾਂ ਦੀ ਜ਼ਬਾਨੀ ਇਹ ਕਿੱਸਾ ਅਧੂਰੇ ਰੂਪ ਵਿੱਚ ਹੀ ਪ੍ਰਚਲਿਤ ਰਿਹਾ। ਇਸ ਕਿੱਸੇ ਨੂੰ ਪਹਿਲੀ ਵਾਰ ਲਿਖਤੀ ਰੂਪ ਇੱਕ ਅੰਗਰੇਜ਼ ਵਿਦਵਾਨ ਰਿਚਰਡ ਟੈਂਪਲ ਨੇ ਦਿੱਤਾ, ਜੋ ਉਸ ਦੀ ਪੁਸਤਕ ਲੀਜੈਂਡਜ਼ ਆਫ਼ ਦੀ ਪੰਜਾਬ ਵਿੱਚ ਅੰਕਿਤ ਹੈ। ਪੰਜਾਬੀ ਵਿਦਵਾਨ ਬਾਵਾ ਬੁੱਧ ਸਿੰਘ ਨੇ ਆਪਣੀ ਪੁਸਤਕ 'ਬੰਬੀਹਾ ਬੋਲ' ਵਿੱਚ ਇਸ ਦਾ ਗੁਰਮੁਖੀ ਲਿਪੀ ਵਿੱਚ ਉਤਾਰਾ ਕੀਤਾ।

**ਕਿੱਸੇ ਦੀ ਕਹਾਣੀ—** ਮਿਰਜ਼ਾ-ਸਾਹਿਬਾਂ ਦੀ ਕਹਾਣੀ ਇਸ ਪ੍ਰਕਾਰ ਹੈ:

ਮਿਰਜ਼ਾ ਆਪਣੇ ਨਾਨਕੇ ਪੜ੍ਹਦਾ ਸੀ। ਉੱਥੇ ਉਸ ਦਾ ਪਿਆਰ ਆਪਣੇ ਮਾਮੇ ਦੀ ਧੀ ਸਾਹਿਬਾਂ ਨਾਲ਼ ਹੋ ਗਿਆ। ਸਾਹਿਬਾਂ ਪਹਿਲਾਂ ਹੀ ਚੰਧੜਾਂ ਦੇ ਮੁੰਡੇ ਨਾਲ਼ ਮੰਗੀ ਹੋਈ ਸੀ। ਇਸ ਲਈ ਸਾਹਿਬਾਂ ਦੇ ਬਾਪ (ਖੀਵਾ ਖ਼ਾਨ) ਨੇ ਮਿਰਜ਼ੇ ਨੂੰ ਘਰੋਂ ਕੱਢ ਦਿੱਤਾ। ਸਾਹਿਬਾਂ ਦਾ ਵਿਆਹ ਧਰ ਦਿੱਤਾ ਗਿਆ ਤੇ ਵਿਆਹ ਵਾਲ਼ੇ ਦਿਨ ਸਾਹਿਬਾਂ ਮਿਰਜ਼ੇ ਨਾਲ਼ ਘਰੋਂ ਦੌੜ ਜਾਂਦੀ ਹੈ। ਮਿਰਜ਼ਾ ਥੱਕਿਆ ਹੋਣ ਕਾਰਨ ਰਾਹ ਵਿੱਚ ਜੰਡ ਹੇਠਾਂ ਸੌਂ ਗਿਆ। ਪਿੱਛੋਂ ਸਾਹਿਬਾਂ ਦੇ ਭਰਾ ਵਾਹਰ ਲੈ ਕੇ ਆ ਪਏ। ਸਾਹਿਬਾਂ ਉਹਨਾਂ ਨੂੰ ਵੇਖ ਕੇ ਡਰ ਗਈ ਤੇ ਮਿਰਜ਼ੇ ਦਾ ਤਰਕਸ਼ (ਤੀਰਾਂ ਦਾ ਭੱਥਾ) ਉਸ ਨੇ ਇਹ ਸੋਚ ਕੇ ਕਿ ਉਹ ਕਿਤੇ ਉਸ ਦੇ ਭਰਾਵਾਂ ਨੂੰ ਮਾਰ ਨਾ ਦੇਵੇ, ਜੰਡ ਉੱਤੇ ਟੰਗ ਦਿੱਤਾ। ਮਿਰਜ਼ਾ ਨਿਹੱਥਾ ਹੀ ਸਾਹਿਬਾਂ ਦੇ ਭਰਾਵਾਂ ਦੇ ਹੱਥੋਂ ਮਾਰਿਆ ਗਿਆ ਤੇ ਸਾਹਿਬਾਂ ਵੀ ਆਪਣੇ-ਆਪ ਨੂੰ ਕਟਾਰ ਮਾਰ ਕੇ ਮਰ ਗਈ।

**ਕਾਵਿ-ਗੁਣ—** ਪੀਲੂ ਦਾ ਇਹ ਕਿੱਸਾ ਦੁਖਾਂਤਿਕ ਹੈ। ਇਸ ਕਿੱਸੇ ਦੀ ਕਹਾਣੀ ਬੜੀ ਜ਼ੋਰਦਾਰ ਹੈ ਤੇ ਯਥਾਰਥ ਦੇ ਵਧੇਰੇ ਨੇੜੇ ਹੈ। ਇਹੀ ਕਾਰਨ ਹੈ ਕਿ ਸੰਪੂਰਨ ਰੂਪ ਵਿੱਚ ਇਸ ਰਚਨਾ ਦੇ ਪ੍ਰਾਪਤ ਨਾ ਹੋਣ ਦੇ ਬਾਵਜੂਦ ਪੀਲੂ, ਇਸੇ ਰਚਨਾ ਕਾਰਨ ਪ੍ਰਸਿੱਧ ਹੋਇਆ। ਕਿੱਸੇ ਵਿਚਲੀਆਂ ਘਟਨਾਵਾਂ ਦਾ ਬਿਆਨ, ਮਿਰਜ਼ੇ ਦਾ ਚਰਿੱਤਰ ਤੇ ਸਾਹਿਬਾਂ ਦੀ ਸੁੰਦਰਤਾ ਦਾ ਵਰਨਣ ਕੁਝ ਅਜਿਹੇ ਪੱਖ ਹਨ, ਜਿਨ੍ਹਾਂ ਕਰਕੇ ਇਹ ਕਿੱਸਾ ਪ੍ਰਸਿੱਧ ਹੋਇਆ। ਸਾਹਿਬਾਂ ਦੇ ਮਿਰਜ਼ੇ ਨਾਲ਼ ਦੌੜ ਜਾਣ ਤੋਂ ਬਾਅਦ ਸਾਹਿਬਾਂ ਦੇ ਘਰ ਦੀ ਹਾਲਤ ਬੜੇ ਪ੍ਰਭਾਵਪੂਰਨ ਢੰਗ ਨਾਲ਼ ਬਿਆਨ ਕੀਤੀ ਗਈ ਹੈ—

> ਬੂਹੇ ਤੇ ਟੰਮਕ ਵਜਿਆ, ਸਾਹਿਬਾਂ ਘਤੇ ਤੇਲ।
> ਅੰਦਰ ਬੈਠੇ ਨਾਨਕੇ, ਬੂਹੇ ਬੈਠਾ ਮੇਲ।
> ਥਾਲੀ ਬਟੂਆ ਰਹਿ ਗਿਆ, ਕੁੱਪੇ ਅਤਰ ਫੁਲੇਲ।
> ਗਹਿਣੇ ਸਣੇ ਪਟਾਰੀਆਂ, ਝਾਂਜਰ ਸਣੇ ਹਮੇਲ।

ਮਿਰਜ਼ੇ ਦੀ ਸੂਰਮਗਤੀ ਦਾ ਬਿਆਨ ਵੀ ਬੜਾ ਜ਼ੋਰਦਾਰ ਤੇ ਪੰਜਾਬੀ ਸੁਭਾਅ ਦੇ ਅਨੁਕੂਲ ਹੈ—

> ਕੋਈ ਨਾ ਦੀਂਹਦਾ ਸੂਰਮਾ, ਜਿਹੜਾ ਮੈਨੂੰ ਹੱਥ ਕਰੇ।
> ਕਟਕ ਭਿੜਾ ਦਿਆਂ ਟੱਕਰੀਂ, ਮੈਥੋਂ ਵੱਡੇ ਰਾਠ ਡਰੇ।



Downloaded from https:// www.studiestoday.com

Downloaded from https:// www.studiestoday.com

ਵਲ-ਵਲ ਵਢ ਦਿਆਂ ਸੂਰਮੇ, ਜਿਉਂ ਖੇਤੀ ਨੂੰ ਪੈਣ ਗੜੇ।
ਸਿਰ ਸਿਆਲਾਂ ਦੇ ਵੱਢ ਕੇ, ਸਿਟੂੰਗਾ ਵਿੱਚ ਰੜੇ।

ਇਹ ਕਿੱਸਾ ਲੋਕ-ਕਾਵਿ ਰੂਪ 'ਸੱਦ' ਵਿੱਚ ਲਿਖਿਆ ਗਿਆ ਹੈ। 'ਸੱਦ' ਕਾਵਿ-ਰੂਪ ਕਰੁਣਾਤਮਿਕ ਜਾਂ ਸੋਗੀ ਰਚਨਾਵਾਂ ਲਈ ਉੱਤਮ ਮੰਨਿਆ ਜਾਂਦਾ ਹੈ। ਇਸ ਰਚਨਾ ਵਿੱਚ ਭਾਵੇਂ ਬੀਰ-ਰਸ ਤੇ ਸ਼ਿੰਗਾਰ-ਰਸ ਦੀਆਂ ਅਨੇਕ ਮਿਸਾਲਾਂ ਹਨ ਪਰ ਸਮੁੱਚੇ ਤੌਰ 'ਤੇ ਇਸ ਕਿੱਸੇ ਦਾ ਪ੍ਰਭਾਵ ਕਰੁਣਾ-ਰਸ ਵਾਲ਼ਾ ਹੈ।

ਇਸ ਰਚਨਾ ਦੀ ਬੋਲੀ ਸਿੱਧੀ-ਸਾਦੀ ਕੇਂਦਰੀ ਪੇਂਡੂ ਪੰਜਾਬੀ ਹੈ ਤੇ ਇਸ ਉੱਪਰ ਫ਼ਾਰਸੀ, ਬ੍ਰਿਜੀ ਜਾਂ ਸੰਸਕ੍ਰਿਤ ਦਾ ਕੋਈ ਪ੍ਰਭਾਵ ਨਹੀਂ, ਜਿਹੜਾ ਕਿ ਉਸ ਸਮੇਂ ਦੀਆਂ ਰਚਨਾਵਾਂ ਵਿੱਚ ਆਮ ਦੇਖਣ ਨੂੰ ਮਿਲ਼ਦਾ ਹੈ। ਇਹ ਬੋਲੀ ਸਧਾਰਨ, ਸਰਲ ਤੇ ਲੋਕ-ਬੋਲੀ ਹੈ ਅਤੇ ਕੇਂਦਰੀ ਪੰਜਾਬ ਦੇ ਪਿੰਡਾਂ ਵਿੱਚ ਅੱਜ ਤੱਕ ਵੀ ਲਗ-ਪਗ ਇਸੇ ਤਰ੍ਹਾਂ ਹੀ ਬੋਲੀ ਜਾਂਦੀ ਹੈ। ਇਹ ਵੀ ਇੱਕ ਕਾਰਨ ਹੈ ਕਿ ਇਹ ਕਿੱਸਾ ਏਨਾ ਹਰਮਨ ਪਿਆਰਾ ਹੋਇਆ। ਪੀਲੂ ਦੇ ਕਈ ਕਥਨ ਤਾਂ ਬੋਲੀ ਦੀ ਸਾਦਗੀ ਕਾਰਨ ਹੀ ਲੋਕ-ਉਕਤੀਆਂ ਬਣ ਗਏ ਹਨ :

ਇਸ਼ਕ ਲਿਤਾੜੇ ਆਦਮੀ, ਬਰਫ਼ ਲਿਤਾੜੇ ਰੁੱਖ।
ਨੀਂਦ ਨਾ ਆਉਂਦੀ ਚੋਰ ਨੂੰ, ਆਸ਼ਕ ਨਾ ਲੱਗੇ ਭੁੱਖ।

### 3. ਹਾਫ਼ਿਜ਼ ਬਰਖ਼ੁਰਦਾਰ (ਸ਼ਾਹਜਹਾਨ ਦਾ ਸਮਕਾਲੀ)

ਹਾਫ਼ਿਜ਼ ਬਰਖ਼ੁਰਦਾਰ ਸ਼ਾਹਜਹਾਨ ਦਾ ਸਮਕਾਲੀ ਸੀ। ਉਸ ਦਾ ਪਿੰਡ ਮੁਸਲਮਾਨੀ (ਪਰਗਣਾ ਚੀਮਾ ਚੱਠਾ) ਤੇ ਜ਼ਿਲ੍ਹਾ ਲਾਹੌਰ ਸੀ। ਹਾਫ਼ਿਜ਼ ਨੇ ਤਿੰਨ ਕਿੱਸੇ ਲਿਖੇ— ਮਿਰਜ਼ਾ ਸਾਹਿਬਾਂ, ਸੱਸੀ ਪੁੰਨੂੰ ਅਤੇ ਯੁਸਫ਼ ਜ਼ੁਲੈਖ਼ਾਂ।

**ਮਿਰਜ਼ਾ-ਸਾਹਿਬਾਂ—** ਹਾਫ਼ਿਜ਼ ਨੇ ਮਿਰਜ਼ਾ-ਸਾਹਿਬਾਂ ਦਾ ਕਿੱਸਾ ਪੀਲੂ ਤੋਂ ਪ੍ਰਭਾਵਿਤ ਹੋ ਕੇ ਲਿਖਿਆ ਜਾਪਦਾ ਹੈ। ਇਸ ਦੀ ਕਹਾਣੀ ਪੀਲੂ ਦੀ ਕਹਾਣੀ ਨਾਲ਼ ਮਿਲ਼ਦੀ-ਜੁਲਦੀ ਹੈ। ਹਾਫ਼ਿਜ਼ ਆਪ ਵੀ ਪੀਲੂ ਦੇ ਪ੍ਰਭਾਵ ਨੂੰ ਮੰਨਦਾ ਹੈ ਅਤੇ ਆਪਣੇ ਕਿੱਸੇ ਨੂੰ ਨਾਟਕੀ ਢੰਗ ਨਾਲ਼ ਸ਼ੁਰੂ ਕਰਦਾ ਹੈ। ਕਿੱਸਾ ਅਰੰਭ ਕਰਨ ਤੋਂ ਪਹਿਲਾਂ ਉਹ ਇੱਕ ਗ਼ੈਰਕੁਦਰਤੀ ਘਟਨਾ ਦਾ ਬਿਆਨ ਕਰਦਾ ਹੈ ਕਿ ਸਾਹਿਬਾਂ ਦੀ ਰੂਹ ਪੀਲੂ ਦੀ ਕਬਰ ਤੇ ਜਾ ਕੇ ਰੋਂਦੀ ਹੈ ਤੇ ਆਪਣੀ ਕਥਾ ਨੂੰ ਮੁੜ ਕਿੱਸੇ ਦੇ ਰੂਪ ਵਿੱਚ ਲਿਖਣਾ ਮੰਗਦੀ ਹੈ। ਪੀਲੂ ਉਸ ਨੂੰ ਹਾਫ਼ਿਜ਼ ਬਰਖ਼ੁਰਦਾਰ ਦੇ ਪਿੰਡ ਮੁਸਲਮਾਨੀ ਜਾਣ ਲਈ ਕਹਿੰਦਾ ਹੈ। ਇਉਂ ਹਾਫ਼ਿਜ਼ ਆਪਣੇ ਕਿੱਸੇ ਦੀ ਰਚਨਾ ਲਈ ਪੀਲੂ ਤੋਂ ਥਾਪਣਾ ਲੈਂਦਾ ਹੈ।

ਹਾਫ਼ਿਜ਼ ਦੀ ਰਚਨਾ ਵਿੱਚ ਪੀਲੂ ਦੇ ਕਿੱਸੇ ਨਾਲ਼ ਮਿਲ਼ਦੀਆਂ ਕਈ ਤੁਕਾਂ ਹਨ, ਜਿਵੇਂ—

ਚੜ੍ਹਦੇ ਮਿਰਜ਼ੇ ਖ਼ਾਨ ਨੂੰ ਵੰਝਲ ਦਿੰਦਾ ਮੱਤ (ਪੀਲੂ)
ਚੜ੍ਹਦੇ ਮਿਰਜ਼ੇ ਖ਼ਾਨ ਨੂੰ ਜੱਟ ਵੰਝਲ ਦੇਵੇ ਮੱਤ (ਹਾਫ਼ਿਜ਼)

ਹਾਫ਼ਿਜ਼ ਦੇ ਮਿਰਜ਼ਾ ਸਾਹਿਬਾਂ ਦਾ ਛੰਦ ਵੀ ਪੀਲੂ ਵਾਲ਼ਾ ਹੀ ਹੈ-ਸੱਦ। ਇਸ ਕਿੱਸੇ ਦੀ ਬੋਲੀ ਵੀ ਕੇਂਦਰੀ ਪੰਜਾਬੀ ਹੈ।



Downloaded from https:// www.studiestoday.com

Downloaded from https:// www.studiestoday.com

**ਸੱਸੀ-ਪੁੰਨੂੰ—** ਹਾਫ਼ਿਜ਼ ਬਰਖ਼ੁਰਦਾਰ ਦੀ ਦੂਜੀ ਰਚਨਾ ਸੱਸੀ-ਪੁੰਨੂੰ ਦਾ ਕਿੱਸਾ ਹੈ। ਸੱਸੀ-ਪੁੰਨੂੰ ਦੀ ਕਹਾਣੀ ਦੰਦ-ਕਥਾ ਦੇ ਰੂਪ ਵਿੱਚ ਭਾਵੇਂ ਪਹਿਲਾਂ ਹੀ ਪ੍ਰਚਲਿਤ ਸੀ ਪਰ ਲਿਖਤੀ ਰੂਪ ਵਿੱਚ ਇਸ ਕਿੱਸੇ ਦਾ ਮੋਢੀ ਹਾਫ਼ਿਜ਼ ਹੀ ਹੈ। ਉਸ ਨੇ ਪ੍ਰਚਲਿਤ ਦੰਦ-ਕਥਾ ਨੂੰ ਹੀ ਆਧਾਰ ਬਣਾਇਆ ਤੇ ਇਸੇ ਕਹਾਣੀ ਨੂੰ ਮਾਮੂਲੀ ਫ਼ਰਕ ਨਾਲ਼ ਹਾਫ਼ਿਜ਼ ਤੋਂ ਬਾਅਦ ਆਉਣ ਵਾਲ਼ੇ ਲੇਖਕਾਂ (ਜਿਵੇਂ ਹਾਸ਼ਮ ਤੇ ਅਹਿਮਦਯਾਰ) ਨੇ ਅਪਣਾਇਆ ਹੈ। ਇਹ ਕਿੱਸਾ ਸੰਖੇਪ ਤੇ ਸੰਜਮ ਭਰਪੂਰ ਹੈ ਤੇ ਇਸ ਦਾ ਛੰਦ ਵੀ ਸੱਦ ਹੀ ਹੈ, ਪਰ ਇਹ ਕਿੱਸਾ ਵਧੇਰੇ ਪ੍ਰਸਿੱਧ ਨਹੀਂ ਹੋ ਸਕਿਆ।

**ਯੂਸਫ਼-ਜ਼ੁਲੈਖ਼ਾਂ—** ਹਾਫ਼ਿਜ਼ ਦੀ ਤੀਜੀ ਪ੍ਰਸਿੱਧ ਰਚਨਾ ਯੂਸਫ਼-ਜ਼ੁਲੈਖ਼ਾਂ ਹੈ। ਇਹ ਇੱਕ ਵਿਦੇਸ਼ੀ ਕਹਾਣੀ ਹੈ। ਹਾਫ਼ਿਜ਼ ਦੇ ਕਹਿਣ ਅਨੁਸਾਰ ਉਸ ਨੇ ਇਹ ਕਿੱਸਾ ਨਵਾਬ ਜਾਫ਼ਰ ਖ਼ਾਨ ਦੇ ਕਹਿਣ 'ਤੇ ਲਿਖਿਆ ਤੇ ਉਸ ਤੋਂ ਇਨਾਮ ਪ੍ਰਾਪਤ ਕੀਤਾ:

ਨਵਾਬ ਜਾਫ਼ਰ ਖ਼ਾਨ ਇਹ ਖ਼ਾਹਿਸ਼ ਕੀਤੀ, ਤਾਂ ਇਹ ਕਿੱਸਾ ਬਣਿਆ।  
ਜ਼ਾਹਰ-ਬਾਤਨ ਰਾਜ਼ੀ ਹੋਇਆ, ਜਾਂ ਇਹ ਪੜ੍ਹਿਆ-ਸੁਣਿਆ।  
ਇੱਕ ਜ਼ਮੀਨ ਅਨਾਇਤ ਕੀਤੀ, ਬੀਘਾ ਸੱਤ ਪਵਾਣੀ।  
ਜੋੜਾ ਘੋੜਾ ਨਕਦ ਦਵਾਇਆ, ਸੌ ਰੁਪਿਆ ਜਾਨੀ।

ਯੂਸਫ਼-ਜ਼ੁਲੈਖ਼ਾਂ ਦੇ ਕਿੱਸੇ ਨਾਲ਼ ਪੰਜਾਬੀ ਕਿੱਸੇ ਉੱਪਰ ਅਰਬੀ-ਫ਼ਾਰਸੀ ਦੀ ਕਿੱਸਾ-ਪਰੰਪਰਾ ਦਾ ਪ੍ਰਭਾਵ ਪੈਣਾ ਸ਼ੁਰੂ ਹੋਇਆ। ਪੰਜਾਬੀ ਭਾਸ਼ਾ ਵਿੱਚ ਵੀ ਫ਼ਾਰਸੀ ਸ਼ਬਦਾਵਲੀ, ਫ਼ਾਰਸੀ ਉਪਮਾਵਾਂ ਤੇ ਅਲੰਕਾਰ ਪ੍ਰਵੇਸ਼ ਕਰ ਗਏ। ਹਾਫ਼ਿਜ਼ ਨੇ ਇਹ ਕਿੱਸਾ ਭਾਵੇਂ ਕੇਂਦਰੀ ਪੰਜਾਬੀ ਵਿੱਚ ਲਿਖਿਆ ਪਰ ਉਸ ਦੀ ਭਾਸ਼ਾ ਤੇ ਕਿੱਸਾ ਕਹਿਣ ਦੇ ਢੰਗ ਤੋਂ ਫ਼ਾਰਸੀ ਪ੍ਰਭਾਵ ਸਪਸ਼ਟ ਹੈ :

ਸੂਰਤ ਏਸ ਹਿਸਾਬੋਂ ਬਾਹਰ ਕਿਆ ਕਿਆ ਸਿਫ਼ਤ ਕਰੀਵੇ।  
ਮੂੰਹ ਮਹਿਤਾਬ, ਸਨੋਬਰ ਕਾਮਤ, ਅੱਖੀਂ ਰੋਸ਼ਨ ਦੀਵੇ।  
ਪਲਕਾਂ ਤੀਰ, ਕਮਾਨਾਂ, ਅਬਰੂ, ਦੰਦ ਚੰਬੇ ਦੀਆਂ ਕਲੀਆਂ।  
ਨਾਜ਼ਕ ਬਦਨ, ਸੁਰਾਹੀ ਗਰਦਨ, ਉਂਗਲੀਆਂ ਜਿਉਂ ਫਲੀਆਂ।

ਇਹ ਕਿੱਸਾ ਹੀਰ-ਦਮੋਦਰ ਵਾਂਗ ਦਵਈਏ ਛੰਦ ਵਿੱਚ ਲਿਖਿਆ ਗਿਆ ਹੈ।

**ਕਾਵਿ-ਗੁਣ—** ਹਾਫ਼ਿਜ਼ ਦੇ ਤਿੰਨੇ ਕਿੱਸੇ ਬਣਤਰ ਦੇ ਪੱਖੋਂ ਵਧੀਆ ਰਚਨਾਵਾਂ ਹਨ ਤੇ ਇਹਨਾਂ ਵਿੱਚ ਪਰਾਸਰੀਰਿਕ ਘਟਨਾਵਾਂ, ਨਾਟਕੀ ਬਿਰਤਾਂਤ ਤੇ ਨਾਇਕ-ਨਾਇਕਾ ਦੀ ਬਾਹਰਮੁਖੀ ਸੁੰਦਰਤਾ ਦਾ ਅਲੰਕਾਰਿਕ ਵਰਨਣ ਹੋਣ ਕਰਕੇ ਇਹ ਫ਼ਾਰਸੀ ਦੀ ਪਰੰਪਰਾਗਤ ਮਸਨਵੀ ਕਲਾ ਨਾਲ਼ ਜਾ ਮਿਲਦੇ ਹਨ।

## 4. ਅਹਿਮਦ ਗੁੱਜਰ (ਔਰੰਗਜ਼ੇਬ ਦਾ ਸਮਕਾਲੀ)

ਅਹਿਮਦ ਗੁੱਜਰ ਔਰੰਗਜ਼ੇਬ ਦਾ ਸਮਕਾਲੀ ਸੀ। ਉਸ ਨੇ 1693 ਈ. ਵਿੱਚ 'ਹੀਰ' ਦਾ ਕਿੱਸਾ ਲਿਖਿਆ। ਅਹਿਮਦ ਨੇ ਹੀਰ ਦੀ ਕਥਾ ਨੂੰ ਦਮੋਦਰ ਨਾਲ਼ੋਂ ਕੁਝ ਵੱਖਰੇ ਢੰਗ ਨਾਲ਼ ਪੇਸ਼ ਕੀਤਾ ਤੇ ਕੁਝ ਨਵੀਆਂ ਘਟਨਾਵਾਂ ਤੇ ਪਾਤਰ ਇਸ ਵਿੱਚ ਜੋੜੇ ਜਿਵੇਂ ਅਯਾਲੀ ਤੇ ਬਲੋਚ। ਕਾਵਿ-ਕਲਾ ਦੀ ਦ੍ਰਿਸ਼ਟੀ ਤੋਂ ਇਹ ਰਚਨਾ ਕੋਈ ਬਹੁਤੀ ਮਹੱਤਵਪੂਰਨ ਨਹੀਂ ਪਰ ਅਹਿਮਦ ਦੀ ਹੀਰ ਦੀ ਵਿਸ਼ੇਸ਼ਤਾ ਇੱਕ ਤਾਂ ਇਸ ਕਰਕੇ ਹੈ ਕਿ ਕਵੀ ਨੇ ਘਟਨਾਵਾਂ ਦੇ ਵੇਰਵਿਆਂ ਵਿੱਚ ਫ਼ਰਕ ਪਾਉਣ ਦੇ ਨਾਲ਼-ਨਾਲ਼ ਇਸ ਰਚਨਾ ਨੂੰ ਦੁਖਾਂਤਿਕ ਬਣਾਇਆ ਹੈ। ਦੂਜੇ ਅਹਿਮਦ ਨੇ ਪਹਿਲੀ ਵਾਰੀ ਇਸ ਕਿੱਸੇ ਵਿੱਚ



Downloaded from https:// www.studiestoday.com

Downloaded from https:// www.studiestoday.com

ਬੈਂਤ ਛੰਦ ਦੀ ਵਰਤੋਂ ਕੀਤੀ ਹੈ, ਜੋ ਮਗਰੋਂ ਜਾ ਕੇ ਕਿੱਸਾ-ਕਾਵਿ ਦਾ ਹਰਮਨ-ਪਿਆਰਾ ਛੰਦ ਬਣ ਗਿਆ। 236 ਬੰਦਾਂ ਵਾਲ਼ੇ ਸੰਖੇਪ ਜਿਹੇ ਕਿੱਸੇ ਵਿੱਚ ਭਾਵੇਂ ਬੈਂਤ ਦਾ ਤੋਲ ਤੇ ਸਤਰਾਂ ਦੀ ਗਿਣਤੀ ਇਕਸਾਰ ਨਹੀਂ ਰੱਖੀ ਗਈ ਪਰ ਬਹੁਤੇ ਬੰਦ ਚਾਰ-ਚਾਰ ਤੁਕਾਂ ਦੇ ਹਨ।

## 5. ਮੁਕਬਲ (ਮੁਹੰਮਦ ਸ਼ਾਹ ਦਾ ਸਮਕਾਲੀ)

ਮੁਕਬਲ ਦਾ ਪੂਰਾ ਨਾਂ ਹਾਫ਼ਿਜ਼ ਸ਼ਾਹ ਜਹਾਨ ਮੁਕਬਲ ਸੀ। ਉਹ ਨੇਤਰਹੀਣ ਸੀ। ਉਹ ਮੁਹੰਮਦ ਸ਼ਾਹ (ਰੰਗੀਲਾ) ਦਾ ਸਮਕਾਲੀ ਸੀ ਤੇ ਉਸ ਦਾ ਜਨਮ 1744-45 ਈ. ਦਾ ਮੰਨਿਆ ਜਾਂਦਾ ਹੈ। ਮੁਕਬਲ ਨੇ ਹੀਰ ਦਾ ਕਿੱਸਾ ਲਿਖਿਆ।

ਮੁਕਬਲ ਨੇ ਆਪਣੇ ਕਿੱਸੇ ਦਾ ਆਧਾਰ ਅਹਿਮਦ ਗੁੱਜਰ ਦੀ ਰਚਨਾ ਨੂੰ ਬਣਾਇਆ ਜਾਪਦਾ ਹੈ ਕਿਉਂਕਿ ਇਸ ਕਿੱਸੇ ਵਿਚਲੀਆਂ ਘਟਨਾਵਾਂ, ਅਹਿਮਦ ਦੁਆਰਾ ਪੇਸ਼ ਕਹਾਣੀ ਨਾਲ਼ ਮਿਲ਼ਦੀਆਂ ਹਨ ਪਰ ਮੁਕਬਲ ਨੇ ਕਿੱਸੇ ਦਾ ਅੰਤ ਅਹਿਮਦ ਗੁੱਜਰ ਤੋਂ ਵੱਖਰੇ ਢੰਗ ਨਾਲ਼ ਕੀਤਾ ਹੈ। ਅਹਿਮਦ ਦੀ ਹੀਰ ਦਾ ਅੰਤ ਦੁਖਾਂਤਿਕ ਹੈ ਜਦੋਂ ਕਿ ਮੁਕਬਲ ਨੇ ਇਸ ਨੂੰ ਸੁਖਾਂਤਿਕ ਰੱਖਿਆ ਹੈ।

ਮੁਕਬਲ ਦਾ ਕਿੱਸਾ ਇੱਕ ਵਧੀਆ ਸਾਹਿਤਿਕਕ੍ਰਿਤ ਹੈ। ਦਮੋਦਰ ਤੇ ਵਾਰਿਸ ਦੋਹਾਂ ਦੀਆਂ ਹੀਰਾਂ ਨਾਲ਼ੋਂ ਇਹ ਰਚਨਾ ਸੰਖੇਪ ਹੈ। ਇਸ ਦੇ ਕੁੱਲ 430 ਬੰਦ ਹਨ ਤੇ ਕਹਾਣੀ ਵਿੱਚ ਬੇਲੋੜੇ ਵਿਸਤਾਰ ਤੋਂ ਸੰਕੋਚ ਕੀਤਾ ਗਿਆ ਹੈ। ਕਿੱਸੇ ਦਾ ਅਰੰਭ ਮੁਕਬਲ ਕਿੱਸਾਕਾਰੀ ਦੇ ਰਵਾਇਤੀ ਢੰਗ ਅਰਥਾਤ ਮੰਗਲਾਚਰਨ ਨਾਲ਼ ਕਰਦਾ ਹੈ :

> ਪਹਿਲੇ ਆਖ ਤੂੰ ਸਿਫ਼ਤ ਖ਼ੁਦਾ ਦੀ ਜੀ,
> ਸਾਹਿਬ ਪਰਵਾਹ ਬੇਅੰਤ ਮੀਤਾ।
> ਚੌਦਾਂ ਤਬਕ ਦਾ ਬਾਦਸ਼ਾਹ ਹੋਇਆ ਹਜ਼ਰਤ,
> ਜਿਸ ਰੱਬ ਦੇ ਨਾਮ ਦਾ ਵਿਰਦ ਕੀਤਾ।

ਮੁਕਬਲ ਅਨੁਸਾਰ ਰਾਂਝੇ ਦੇ ਘਰੋਂ ਨਿਕਲ਼ਨ ਦੇ ਦੋ ਕਾਰਨ ਸਨ। ਇੱਕ ਤਾਂ ਹੀਰ ਦਾ ਸੁਪਨੇ ਵਿੱਚ ਆਉਣਾ ਤੇ ਦੂਜਾ ਬਾਪ ਦੀ ਮੌਤ ਤੋਂ ਪਿੱਛੋਂ ਵੰਡ ਵਿੱਚ ਮਾੜੀ ਜ਼ਮੀਨ ਮਿਲ਼ਨੀ :

1. ਨੈਣਾਂ ਹੀਰ ਦਿਆਂ ਖ਼ਾਬ ਵਿੱਚ ਜ਼ਿਬਾਹ ਕੀਤਾ,
   ਭੇਦ ਕਿਸੇ ਨੂੰ ਮੂਲ ਨਾ ਦੱਸਦਾ ਸੀ।
   ਦਿਨ ਰਾਤ ਮਹਿਬੂਬ ਦੇ ਦੇਖਣੇ ਨੂੰ
   ਪਿਆ ਮੁਕਬਲੇ ਵਾਂਗ ਤਰਸਦਾ ਸੀ।

2. ਜਿੱਥੇ ਦੱਭ ਸਰਕੜਾ ਉੱਗਿਆ ਸੀ,
   ਸੋਈ ਜ਼ਿਮੀ ਰੰਝੇਟੇ ਦੀ ਵੰਡ ਆਈ।

ਮੁਕਬਲ ਦੇ ਕਿੱਸੇ ਵਿੱਚ ਆਪਣੇ ਸਮਕਾਲੀ ਪੰਜਾਬ ਦੇ ਸੱਭਿਆਚਾਰਿਕ ਜੀਵਨ ਦੀ ਭਰਪੂਰ ਤਸਵੀਰ ਮਿਲ਼ਦੀ ਹੈ। ਵਿਆਹ-ਸ਼ਾਦੀਆਂ ਦੀਆਂ ਰਸਮਾਂ, ਸ਼ਗਨ, ਲਾਗੀਆਂ ਦੀ ਕਾਰਗੁਜ਼ਾਰੀ, ਜੰਞਾਂ ਦਾ ਸੁਆਗਤ, ਖੱਟ, ਦਾਜ ਦੇ ਰਿਵਾਜ ਆਦਿ ਦਾ ਵਰਨਣ, ਉਸ ਸਮੇਂ ਦੇ ਜਗੀਰਦਾਰੀ, ਪੇਂਡੂ ਸਮਾਜ ਦੀ ਸਹੀ ਤਸਵੀਰ ਪੇਸ਼ ਕਰਦਾ ਹੈ:



Downloaded from https:// www.studiestoday.com

Downloaded from https:// www.studiestoday.com

ਰੋਜ਼ ਤੀਸਰੇ ਚੂਚਕ ਖੱਟ ਰੱਖੀ,
ਮੁਕਬਲ ਦਾਜ ਦਿੱਤਾ ਸਾਰਾ ਕਾਰਖ਼ਾਨਾ।
ਜਾਂ
ਇੱਕੀ ਝੋਟੀਆਂ ਹੀਰ ਨੂੰ ਦਾਜ ਦਿੱਤਾ।
ਨਕਦ ਜਿਨਸ ਦਾ ਕੁਝ ਸ਼ੁਮਾਰ ਨਾਹੀਂ।

**ਹੀਰ ਮੁਕਬਲ ਦੇ ਕਾਵਿ-ਗੁਣ—** ਮੁਕਬਲ ਦੇ ਕਿੱਸੇ ਦੀ ਬੋਲੀ ਕੇਂਦਰੀ ਪੰਜਾਬੀ ਹੈ। ਇਹ ਬੋਲੀ ਸਰਲ ਹੈ ਪਰ ਬੜੀ ਮਾਂਜੀ—ਸੁਆਰੀ ਹੋਈ ਤੇ ਅਲੰਕਾਰਿਕ ਖ਼ੂਬੀਆਂ ਨਾਲ਼ ਭਰਪੂਰ ਹੈ। ਇਸ਼ਕ, ਬਿਰਹਾ, ਵਸਲ ਜਿਹੇ ਸੂਖਮ ਭਾਵਾਂ ਨੂੰ ਪ੍ਰਗਟਾਉਣ ਤੇ ਵੱਖ-ਵੱਖ ਪਾਤਰਾਂ ਦੇ ਚਰਿੱਤਰ ਉਘਾੜਨ ਵਿੱਚ ਇਹ ਬੋਲੀ ਕਾਮਯਾਬ ਹੈ :

ਚਾਟ ਬਿਰਹੋਂ ਦੀ ਰਾਂਝੇ ਨੂੰ ਜ਼ੋਰ ਲੱਗੀ
ਜਿਉਂ ਦੁੱਧ ਦੁਧਾਨੇ ਦੇ ਵਿੱਚ ਕੜ੍ਹਦਾ।
ਜਾਂ
ਤਸਬੀ ਆਸ਼ਕਾਂ ਦੀ ਮੋਤੀ ਹੰਝੂਆਂ ਦੇ,
ਧਾਗੇ ਆਹੀਂ ਦੇ ਨਾਲ਼, ਪਰੋਂਵਦੀ ਏ।

ਇਸ ਕਿੱਸੇ ਦਾ ਛੰਦ ਬੈਂਤ ਹੈ ਅਤੇ ਅਹਿਮਦ ਗੁੱਜਰ ਤੋਂ ਬਾਅਦ ਮੁਕਬਲ ਨੇ ਇਸ ਛੰਦ ਨੂੰ ਪੂਰੀ ਸਫ਼ਲਤਾ ਨਾਲ਼ ਵਰਤਿਆ ਹੈ। ਹਰ ਬੰਦ ਚਾਰ ਸਤਰਾਂ ਦਾ ਹੈ ਤੇ ਮਾਤਰਾ ਦੀ ਬੰਦਸ਼ ਦਾ ਪੂਰਾ-ਪੂਰਾ ਧਿਆਨ ਰੱਖਿਆ ਗਿਆ ਹੈ।

## 6. ਸੱਯਦ ਵਾਰਿਸ ਸ਼ਾਹ (1735-1795 ਈ:)

ਵਾਰਿਸ ਸ਼ਾਹ ਦਾ ਜਨਮ 1735 ਈ. ਵਿੱਚ ਜੰਡਿਆਲਾ ਸ਼ੇਰ ਖ਼ਾਂ (ਜ਼ਿਲ੍ਹਾ ਸ਼ੇਖ਼ੂਪੁਰਾ) ਵਿੱਚ ਹੋਇਆ। ਉਸ ਦੀ ਮੁਢਲੀ ਵਿੱਦਿਆ ਕਸੂਰ ਵਿੱਚ ਹੋਈ ਤੇ ਪਾਕਪਟਨ ਤੋਂ ਉਸ ਨੇ ਉਚੇਰੀ ਵਿੱਦਿਆ ਪ੍ਰਾਪਤ ਕੀਤੀ। ਉਸ ਦੀ ਮੌਤ 1795 ਈ. ਵਿੱਚ ਹੋਈ।

ਵਾਰਿਸ ਦੀ ਇੱਕੋ-ਇੱਕ ਲੰਮੀ ਰਚਨਾ 'ਹੀਰ' ਮਿਲ਼ਦੀ ਹੈ। ਇਸ ਦਾ ਰਚਨਾ-ਕਾਲ 1766-67 ਈ. ਹੈ ਤੇ ਇਹ ਖਰਲ ਹਾਂਸ ਵਿਖੇ ਲਿਖੀ ਗਈ।

ਖਰਲ ਹਾਂਸ ਦਾ ਮੁਲਕ ਮਸ਼ਹੂਰ ਮਲਕਾਂ,

ਜਿੱਥੇ ਸ਼ੇਅਰ ਕੀਤਾ ਯਾਰਾਂ ਵਾਸਤੇ ਮੈਂ।

**'ਹੀਰ' ਦੀ ਕਹਾਣੀ ਦਾ ਵਿਸ਼ਲੇਸ਼ਣ—** ਵਾਰਿਸ ਦੀ 'ਹੀਰ' ਪੰਜਾਬੀ ਕਿੱਸਾ-ਕਾਵਿ ਦੀ ਤੇ ਸਮੁੱਚੇ ਪੰਜਾਬੀ ਸਾਹਿਤ ਦੀ ਵੀ ਇੱਕ ਸ਼ਾਹਕਾਰ ਰਚਨਾ ਹੈ। ਇਹ ਰਚਨਾ ਆਕਾਰ ਵਿੱਚ ਕਾਫ਼ੀ ਵੱਡੀ ਹੈ। ਇਸ ਦੇ ਲਗ-ਪਗ 611 ਬੰਦ ਹਨ ਤੇ ਇਹਨਾਂ ਬੰਦਾਂ ਵਿੱਚ ਸਤਰਾਂ ਦੀ ਗਿਣਤੀ ਇਕਸਾਰ ਨਹੀਂ ਹੈ। ਹੀਰ-ਕਥਾ ਨੂੰ ਆਧਾਰ ਬਣਾ ਕੇ ਲਿਖੇ ਗਏ ਸਾਰੇ ਕਿੱਸਿਆਂ ਨਾਲ਼ੋਂ, ਵਾਰਿਸ ਦੀ ਹੀਰ ਵਧੇਰੇ ਯਥਾਰਥਿਕ ਹੈ ਤੇ ਉਸ ਸਮੇਂ ਦੇ ਸਮਾਜ, ਅਰਥਾਤ ਮੱਧ-ਕਾਲੀ ਜਗੀਰਦਾਰੀ ਪੰਜਾਬ ਦੇ ਲੋਕ-ਜੀਵਨ ਦਾ ਨਿਰੂਪਣ ਕਰਨ ਵਾਲ਼ੀ ਇੱਕ ਸ਼ਕਤੀਸ਼ਾਲੀ ਰਚਨਾ ਹੈ। ਇਹ ਕਿੱਸਾ ਦੁਖਾਂਤਿਕ ਹੈ ਤੇ ਵਾਰਿਸ ਨੇ ਆਪਣੇ ਨਾਇਕਾਂ ਦੇ ਜੀਵਨ ਵਿੱਚ ਵਾਪਰਦੇ ਦੁਖਾਂਤ ਦੇ ਕਾਰਨ ਸਮਾਜ ਵਿੱਚੋਂ ਲੱਭੇ



Downloaded from https:// www.studiestoday.com

Downloaded from https:// www.studiestoday.com

ਹਨ। ਰਾਂਝੇ ਦੇ ਹੋਸ਼ ਸੰਭਾਲਣ ਵੇਲ਼ੇ ਤੋਂ ਹੀ ਇਸ ਦੁਖਾਂਤ ਦਾ ਮੁੱਢ ਬੱਝ ਜਾਂਦਾ ਹੈ ਕਿਉਂਕਿ ਉਸ ਦਾ ਪਿਤਾ ਮਰ ਜਾਂਦਾ ਹੈ ਤੇ ਭਰਾ ਸ਼ਰੀਕ ਬਣ ਜਾਂਦੇ ਹਨ। ਉਹ ਕਾਜ਼ੀਆਂ ਤੇ ਪਟਵਾਰੀਆਂ ਆਦਿ ਨੂੰ ਰਿਸ਼ਵਤ ਦੇ ਕੇ ਚੰਗੀ ਜ਼ਮੀਨ ਆਪ ਸਾਂਭ ਲੈਂਦੇ ਹਨ ਤੇ ਰਾਂਝੇ ਦੇ ਹਿੱਸੇ ਬੰਜਰ ਜ਼ਮੀਨ ਆਉਂਦੀ ਹੈ—

ਹਜ਼ਰਤ ਕਾਜ਼ੀ ਤੇ ਪੈਂਚ ਸਦਾਇ ਸਾਰੇ<br>
ਭਾਈਆਂ ਜ਼ਿਮੀ ਨੂੰ ਕੱਛ ਪਵਾਈਆ ਈ।<br>
ਵੱਢੀ ਦੇ ਕੇ ਭੁਇੰ ਦੇ ਬਣੇ ਵਾਰਸ<br>
ਬੰਜਰ ਜ਼ਿਮੀ ਰੰਝੇਟੇ ਨੂੰ ਆਈਆ ਈ।

ਬੰਜਰ ਜ਼ਮੀਨ ਦੇ ਹਿੱਸੇ ਆਉਣ ਦਾ ਕਾਰਨ ਭਰਾਵਾਂ ਦੁਆਰਾ ਦਿੱਤੀ ਗਈ ਰਿਸ਼ਵਤ ਹੈ ਜੋ ਇੱਕ ਸਮਾਜਿਕ ਕਾਰਨ ਹੈ। ਇਸ ਤੋਂ ਬਾਅਦ ਰਾਂਝੇ ਤੇ ਹੀਰ ਦੀ ਜ਼ਿੰਦਗੀ ਵਿੱਚ ਵਾਪਰੀਆਂ ਸਾਰੀਆਂ ਘਟਨਾਵਾਂ ਦੇ ਪਿੱਛੇ ਉਸ ਸਮੇਂ ਦਾ ਸਮਾਜਿਕ ਵਿਧਾਨ ਹੈ। ਵਾਰਿਸ ਸ਼ਾਹ ਇੱਕ ਚੇਤੰਨ ਤੇ ਸੂਝ-ਬੂਝ ਵਾਲ਼ਾ ਸ਼ਾਇਰ ਸੀ ਤੇ ਉਹ ਜਾਣਦਾ ਸੀ ਕਿ ਉਸ ਸਮੇਂ ਦੀ ਸਮਾਜਿਕ-ਮਰਯਾਦਾ ਅਨੁਸਾਰ ਹੀਰ ਤੇ ਰਾਂਝੇ ਦਾ ਇਸ਼ਕ ਪ੍ਰਵਾਨ ਨਹੀਂ ਸੀ ਚੜ੍ਹ ਸਕਦਾ। ਇਸੇ ਲਈ ਉਸ ਨੇ ਆਪਣੇ ਕਿੱਸੇ ਨੂੰ ਦੁਖਾਂਤਿਕ ਰੰਗਣ ਦਿੱਤੀ ਹੈ। ਮੁਕਬਲ਼ ਦਾ ਕਿੱਸਾ ਵੀ ਤ੍ਰਾਸਦਿਕ-ਸੁਖਾਂਤ ਹੈ ਪਰ ਉਸ ਨੇ ਇਸ ਦੇ ਸਮਾਜਿਕ ਪਿਛੋਕੜ ਵੱਲ ਬਹੁਤਾ ਧਿਆਨ ਨਹੀਂ ਦਿੱਤਾ। ਇਸੇ ਲਈ ਵਾਰਿਸ ਦਾ ਕਿੱਸਾ ਵਧੇਰੇ ਯਥਾਰਥਿਕ ਲੱਗਦਾ ਹੈ ਕਿਉਂਕਿ ਉਸ ਨੇ ਦੁਖਾਂਤ ਦੇ ਕਾਰਨ ਜਗੀਰਦਾਰੀ ਯੁੱਗ ਦੇ ਭਾਈਚਾਰਿਕ ਜੀਵਨ, ਸਦਾਚਾਰਿਕ ਕੀਮਤਾਂ, ਧਰਮ ਤੇ ਰਾਜ-ਪ੍ਰਬੰਧ ਵਿੱਚੋਂ ਲੱਭੇ ਹਨ। ਹੀਰ ਤੇ ਰਾਂਝੇ ਦੀ ਸਮਾਜਿਕ ਸਥਿਤੀ ਇਕਸਾਰ ਨਹੀਂ ਸੀ। ਚੌਧਰੀ ਦਾ ਪੁੱਤਰ ਹੁੰਦਾ ਹੋਇਆ ਵੀ ਰਾਂਝਾ ਹੀਰ ਦੇ ਬਾਪ ਦਾ ਨੌਕਰ ਸੀ। ਇਸ ਲਈ ਬਰਾਦਰੀ ਨੂੰ ਉਹ ਮਨਜ਼ੂਰ ਨਹੀਂ ਸੀ ਤੇ ਚੂਚਕ ਚਾਹੁੰਦਾ ਹੋਇਆ ਵੀ ਹੀਰ ਨੂੰ ਰਾਂਝੇ ਨਾਲ਼ ਨਹੀਂ ਵਿਆਹ ਸਕਦਾ ਸੀ ਕਿਉਂਕਿ:

ਰਾਂਝਿਆਂ ਨਾਲ ਨਾ ਕਦੇ ਹੈ ਸਾਕ ਕੀਤਾ,<br>
ਨਹੀਂ ਕੀਤੀਆਂ ਅਸਾਂ ਕੁੜਮਾਈਆਂ ਵੋ।<br>
ਕਿੱਥੋਂ ਰੁਲਦਿਆਂ ਗੋਲਿਆਂ ਆਇਆਂ ਨੂੰ,<br>
ਦੇਸੋ ਇਹ ਸਿਆਲਾਂ ਦੀਆਂ ਜਾਈਆਂ ਵੋ।

ਵਾਰਿਸ ਦੇ ਕਿੱਸੇ ਦੀ ਦੂਜੀ ਵੱਡੀ ਵਿਸ਼ੇਸ਼ਤਾ ਹੈ: ਮੱਧ-ਕਾਲੀ ਪੰਜਾਬ ਦਾ ਸੱਭਿਆਚਾਰਿਕ ਚਿਤਰਨ। ਵਾਰਿਸ ਨੇ ਉਸ ਸਮੇਂ ਦੇ ਪੰਜਾਬੀ ਸੱਭਿਆਚਾਰ ਨੂੰ ਭਰਪੂਰ ਰੂਪ ਵਿੱਚ ਚਿਤਰਿਆ ਹੈ। ਜਨਮ, ਵਿਆਹ ਆਦਿ ਦੇ ਜਸ਼ਨ, ਜਗੀਰਦਾਰੀ ਯੁੱਗ ਦੀ ਜੀਵਨ-ਜਾਚ, ਔਰਤ ਦੀ ਸਥਿਤੀ, ਕਾਜ਼ੀਆਂ ਤੇ ਮੌਲਵੀਆਂ ਆਦਿ ਦੇ ਕਿਰਦਾਰ ਨੂੰ ਅਜਿਹੇ ਢੰਗ ਨਾਲ਼ ਪੇਸ਼ ਕੀਤਾ ਗਿਆ ਹੈ ਕਿ ਇਹ ਰਚਨਾ ਕੇਵਲ ਕਿੱਸਾ ਨਾ ਰਹਿ ਕੇ, ਸਮੁੱਚੇ ਮੱਧ-ਕਾਲੀ ਪੰਜਾਬ ਦੇ ਸਮਾਜ ਦਾ ਦਰਪਣ ਬਣ ਗਈ ਹੈ।

**ਕਾਵਿ-ਗੁਣ**: ਕਲਾਤਮਿਕ ਪੱਖੋਂ ਹੀਰ ਵਾਰਿਸ ਇੱਕ ਕਲਾਸੀਕਲ (ਸਨਾਤਨੀ) ਰਚਨਾ ਹੈ। ਇਹ ਰਚਨਾ ਨਾ ਕੇਵਲ ਕਿੱਸਾ-ਕਾਵਿ ਦੀ ਹੀ ਸਿਖਰ ਹੈ ਸਗੋਂ ਸਮੁੱਚੀ ਕਵਿਤਾ ਲਈ ਇੱਕ ਕਸਵੱਟੀ ਵੀ ਬਣੀ ਰਹੀ ਹੈ। ਇਸ ਦੀ ਭਾਸ਼ਾ ਸ਼ਕਤੀਸ਼ਾਲੀ ਹੈ। ਇਹ ਉਸ ਸਮੇਂ ਦੀ ਕੇਂਦਰੀ ਪੰਜਾਬੀ ਹੈ ਤੇ ਸਾਹਿਤਿਕ ਗੁਣਾਂ ਨਾਲ਼ ਭਰਪੂਰ ਹੈ। ਵਾਰਿਸ ਸ਼ਾਹ ਦਾ ਬਿਰਤਾਂਤ-ਢੰਗ ਲੋਕ ਮੁਹਾਵਰੇ ਵਾਲ਼ਾ ਤੇ



Downloaded from https:// www.studiestoday.com

Downloaded from https:// www.studiestoday.com

ਦਿਲ-ਧੂਹਵਾਂ ਹੈ। ਪਿਆਰ ਤੇ ਬਿਰਹਾ ਦੇ ਭਾਵਾਂ ਦਾ ਵਰਨਣ ਅਜਿਹੀ ਕਲਾਤਮਿਕ ਭਾਸ਼ਾ ਵਿੱਚ ਕੀਤਾ ਗਿਆ ਹੈ ਕਿ ਅੱਜ ਵੀ ਪ੍ਰਭਾਵਪੂਰਨ ਹੈ :

ਹੀਰ ਆਖਦੀ ਜੋਗੀਆ ਝੂਠ ਆਖੇਂ,
ਕੌਣ ਰੁੱਠੜੇ ਯਾਰ ਮਿਲਾਂਵਦਾ ਈ।
ਏਹਾ ਕੋਈ ਨਾ ਮਿਲਿਆ ਮੈਂ ਭਾਲ ਥੱਕੀ,
ਜਿਹੜਾ ਗਿਆ ਨੂੰ ਮੋੜ ਲਿਆਂਵਦਾ ਈ।
ਭਲਾ ਦੱਸ ਖਾਂ ਚਿਰੀਂ ਵਿਛੁੰਨਿਆਂ ਨੂੰ,
ਕਦੋਂ ਰੱਬ ਸੱਚਾ ਘਰੀਂ ਲਿਆਂਵਦਾ ਈ।
ਭਲਾ ਮੋਏ ਤੇ ਵਿੱਛੜੇ ਕੌਣ ਮੇਲੇ,
ਐਵੇਂ ਜੀਉੜਾ ਲੋਕ ਵਲਾਂਵਦਾ ਈ।

ਵਾਰਿਸ ਦੀ ਸ਼ੈਲੀ ਨਾਟਕੀ ਹੈ ਤੇ ਇਹ ਨਾਟਕੀਅਤਾ ਉਸ ਦੇ ਕਿੱਸੇ ਨੂੰ ਰੋਚਕ ਬਣਾਉਂਦੀ ਹੈ। ਵਿਸ਼ੇਸ਼ ਤੌਰ 'ਤੇ ਰਾਂਝੇ ਤੇ ਬਾਲ ਨਾਥ, ਰਾਂਝੇ ਤੇ ਸਹਿਤੀ, ਰਾਂਝੇ ਤੇ ਅਯਾਲੀ ਅਤੇ ਰਾਂਝੇ ਜੋਗੀ ਤੇ ਹੀਰ ਦੇ ਸੰਵਾਦ ਵਰਨਣਯੋਗ ਹਨ। ਹੀਰ-ਵਾਰਿਸ ਬੈਂਤ ਛੰਦ ਵਿੱਚ ਲਿਖੀ ਗਈ ਹੈ ਤੇ ਸਾਰੇ ਕਿੱਸੇ ਵਿੱਚ ਛੰਦ-ਚਾਲ ਭਾਵੇਂ ਇੱਕੋ-ਜਿਹੀ ਨਹੀਂ ਤਾਂ ਵੀ ਇਸ ਵਿਚਲੀ ਰਵਾਨੀ ਤੇ ਇਸ ਦਾ ਨਿਭਾਅ ਵਾਰਿਸ ਨੂੰ ਉਸਤਾਦ ਸ਼ਾਇਰ ਸਿੱਧ ਕਰਦੇ ਹਨ। ਵਾਰਿਸ ਦੀਆਂ ਕਈ ਤੁਕਾਂ ਅਟੱਲ-ਸਚਾਈਆਂ ਦੇ ਰੂਪ ਵਿੱਚ ਅੱਜ ਵੀ ਪ੍ਰਸਿੱਧ ਹਨ:

1. ਦੋਸਤ ਸੋਈ ਜੋ ਬਿਪਤ ਵਿੱਚ ਭੀੜ ਕੱਟੇ, ਯਾਰ ਸੋਈ ਜੋ ਯਾਰ ਕੁਰਬਾਨ ਹੋਵੇ।
2. ਵਾਰਿਸ ਸ਼ਾਹ ਛੁਪਾਈਏ ਖਲਕ ਕੋਲੋਂ, ਭਾਵੇਂ ਆਪਣਾ ਹੀ ਗੁੜ ਖਾਈਏ ਜੀ।

ਸਮੁੱਚੇ ਤੌਰ 'ਤੇ ਵਾਰਿਸ ਪੰਜਾਬੀ ਕਿੱਸਾ-ਕਾਵਿ ਦਾ ਸਿਖ਼ਰ ਹੈ ਕਿਉਂਕਿ ਵਾਰਿਸ ਤੋਂ ਬਾਅਦ ਪੰਜਾਬੀ ਕਿੱਸਾ ਕਾਵਿ-ਧਾਰਾ ਹੌਲ਼ੀ-ਹੌਲ਼ੀ ਆਪਣੀ ਢਲਾਣ ਵੱਲ ਜਾਣੀ ਸ਼ੁਰੂ ਹੋ ਗਈ।

## ਅਠਾਰ੍ਹਵੀਂ ਸਦੀ ਦੇ ਹੋਰ ਕਿੱਸਾਕਾਰ

ਅਠਾਰ੍ਹਵੀਂ ਸਦੀ ਦੇ ਕੁਝ ਹੋਰ ਪ੍ਰਸਿੱਧ ਕਿੱਸਾਕਾਰ ਹਨ : ਚਰਾਗ ਅਵਾਨ, ਆਡਤ, ਸੁੰਦਰ ਦਾਸ ਆਰਾਮ, ਬਿਹਬਲ ਤੇ ਸਦੀਕ ਲਾਲੀ।

ਚਰਾਗ ਅਵਾਨ ਨੇ ਹੀਰ ਦਾ ਕਿੱਸਾ, ਦਮੋਦਰ ਤੋਂ ਪ੍ਰਭਾਵਿਤ ਹੋ ਕੇ ਲਿਖਿਆ ਪਰ ਚਰਾਗ ਦੀ ਰਚਨਾ ਸਾਦੀ ਜਿਹੀ ਤੁਕਬੰਦੀ ਹੋਣ ਕਾਰਨ ਕਾਵਿ-ਗੁਣਾਂ ਤੋਂ ਸੱਖਣੀ ਹੈ।

ਆਡਤ ਨੇ ਸੱਸੀ-ਪੁੰਨੂੰ ਦਾ ਕਿੱਸਾ ਲਿਖਿਆ। ਪੰਜਾਬੀ ਕਿੱਸਾ-ਕਾਵਿ ਵਿੱਚ ਇੱਕ ਨਵੀਂ ਕਹਾਣੀ ਦੇ ਪ੍ਰਵੇਸ਼ ਕਾਰਨ ਆਡਤ ਇੱਕ ਵਰਨਣਯੋਗ ਕਵੀ ਹੈ ਪਰ ਕਲਾ-ਪੱਖ ਤੋਂ ਉਸਦੀ ਰਚਨਾ ਕਮਜ਼ੋਰ ਹੈ। ਆਡਤ ਦੀ ਭਾਸ਼ਾ ਤੇ ਸ਼ੈਲੀ ਉੱਪਰ ਦਮੋਦਰ ਦਾ ਪ੍ਰਭਾਵ ਹੈ। ਉਸ ਦਾ ਕਿੱਸਾ ਮਸਨਵੀ-ਰੂਪ ਦੇ ਨੇੜੇ ਹੈ।



Downloaded from https:// www.studiestoday.com

Downloaded from https:// www.studiestoday.com

ਸੁੰਦਰ ਦਾਸ ਆਰਾਮ ਨੇ ਵੀ 'ਸੱਸੀ-ਪੁੰਨੂੰ' ਦੀ ਰਚਨਾ ਮਸਨਵੀ-ਰੂਪ ਵਿੱਚ ਹੀ ਕੀਤੀ। ਇਹ ਰਚਨਾ ਵੀ ਬਹੁਤੀ ਪ੍ਰਸਿੱਧ ਨਹੀਂ ਹੋਈ। ਫ਼ਾਰਸੀ ਸ਼ਬਦਾਂ ਦੀ ਭਰਮਾਰ ਕਾਰਨ ਆਰਾਮ ਦੀ ਭਾਸ਼ਾ ਲੋਕਾਂ ਦੀ ਪਹੁੰਚ ਤੋਂ ਦੂਰ ਰਹੀ।

'ਸੱਸੀ' ਦਾ ਤੀਜਾ ਕਿੱਸਾ ਬਿਹਬਲ ਨੇ ਲਿਖਿਆ। ਬਿਹਬਲ ਦੀ ਭਾਸ਼ਾ ਭਾਵੇਂ ਸਰਲ ਤੇ ਠੇਠ ਹੈ ਪਰ ਉਸ ਦਾ ਬਿਆਨ ਪ੍ਰਭਾਵਸ਼ਾਲੀ ਨਹੀਂ।

ਸਦੀਕ ਲਾਲੀ ਨੇ 'ਯੂਸਫ਼-ਜ਼ੁਲੈਖ਼ਾਂ' ਦਾ ਕਿੱਸਾ ਲਿਖਿਆ। ਸਦੀਕ ਲਾਲੀ ਅਰਬੀ ਦਾ ਵਿਦਵਾਨ ਸੀ ਤੇ ਧਾਰਮਿਕ ਬਿਰਤੀ ਦਾ ਹੋਣ ਕਾਰਨ ਉਸ ਦੀ ਰਚਨਾ ਕਿੱਸਾ ਹੋਣ ਦੇ ਨਾਲ਼-ਨਾਲ਼ ਉਪਦੇਸ਼ਾਤਮਿਕ ਵੀ ਹੈ। ਇਸ ਕਿੱਸੇ ਵਿੱਚ ਪਰਾਸਰੀਰਿਕ ਘਟਨਾਵਾਂ ਦੀ ਬਹੁਲਤਾ ਵੀ ਹੈ ਤੇ ਮਨੁੱਖਾਂ ਤੋਂ ਛੁੱਟ, ਪੈਗ਼ੰਬਰ, ਫ਼ਰਿਸ਼ਤੇ, ਸ਼ੈਤਾਨ, ਜਿੰਨ, ਪਸ਼ੂ, ਪੰਛੀ ਆਦਿ ਪਾਤਰਾਂ ਦੀ ਇਸ ਵਿੱਚ ਵਰਨਣਯੋਗ ਭੂਮਿਕਾ ਹੈ। ਇਹ ਕਿੱਸਾ ਵੀ ਬਹੁਤਾ ਪ੍ਰਚਲਿਤ ਨਹੀਂ ਹੋ ਸਕਿਆ ਕਿਉਂਕਿ ਕਲਾ-ਕੁਸ਼ਲਤਾ ਦੀ ਘਾਟ ਕਾਰਨ ਇੱਕ ਤਾਂ ਕਹਾਣੀ ਦੀ ਤੋਰ ਢਿੱਲੀ ਹੈ ਤੇ ਦੂਜੇ ਅਰਬੀ-ਫ਼ਾਰਸੀ ਸ਼ਬਦਾਵਲੀ ਦੀ ਭਰਮਾਰ ਹੋਣ ਕਾਰਨ ਇਹ ਕਿੱਸਾ ਲੋਕ-ਜੀਵਨ ਤੋਂ ਦੂਰ ਹੋ ਗਿਆ। ਅਠਾਰ੍ਹਵੀਂ ਸਦੀ ਦੇ ਅੰਤ ਤੇ ਉੱਨ੍ਹੀਵੀਂ ਸਦੀ ਦੇ ਅਰੰਭ ਵਿੱਚ ਕਵੀ ਹਾਮਦ ਨੇ ਵੀ 'ਹੀਰ' ਦਾ ਕਿੱਸਾ ਲਿਖਿਆ।

### 7. ਹਾਸ਼ਮ

ਹਾਸ਼ਮ ਸਾਹ ਦਾ ਜਨਮ ਪਿੰਡ ਜਗਦੇਉ ਕਲਾਂ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹਾਜੀ ਮੁਹੰਮਦ ਸ਼ਰੀਫ਼ ਦੇ ਘਰ ਹੋਇਆ। ਉਸ ਦੇ ਜੀਵਨ-ਕਾਲ ਸੰਬੰਧੀ ਪੰਜਾਬੀ ਵਿਦਵਾਨਾਂ ਵਿੱਚ ਮੱਤ-ਭੇਦ ਹਨ। ਕਈ ਵਿਦਵਾਨ ਉਸ ਦਾ ਜੀਵਨ-ਕਾਲ 1752-53 ਈ. ਤੋਂ 1821 ਈ. ਤੱਕ ਮੰਨਦੇ ਹਨ ਅਤੇ ਕਈ ਵਿਦਵਾਨ 1735 ਈ. ਤੋਂ 1843 ਈ. ਤੱਕ ਮੰਨਦੇ ਹਨ। ਇਹ ਵੀ ਮੰਨਿਆ ਜਾਂਦਾ ਹੈ ਕਿ ਉਹ ਮਹਾਰਾਜਾ ਰਣਜੀਤ ਸਿੰਘ ਦਾ ਦਰਬਾਰੀ ਕਵੀ ਸੀ। ਪਰ ਇਸ ਤੱਥ ਬਾਰੇ ਵੀ ਸਾਰੇ ਪੰਜਾਬੀ ਵਿਦਵਾਨ ਇੱਕਮਤ ਨਹੀਂ ਹਨ।

**ਹਾਸ਼ਮ ਨੇ ਪੰਜ ਕਿੱਸੇ ਲਿਖੇ—** ਸੱਸੀ-ਪੁੰਨੂੰ, ਸ਼ੀਰੀ-ਫ਼ਰਹਾਦ, ਲੈਲਾ-ਮਜਨੂੰ, ਸੋਹਣੀ-ਮਹੀਂਵਾਲ ਤੇ ਹੀਰ-ਰਾਂਝੇ ਕੀ ਬਿਰਤੀ। ਇਹਨਾਂ ਵਿੱਚੋਂ ਕਿੱਸਾ ਸੱਸੀ-ਪੁੰਨੂੰ ਨੂੰ ਵਧੇਰੇ ਲੋਕ-ਪ੍ਰਿਅਤਾ ਹਾਸਲ ਹੋਈ।

1. **ਸੱਸੀ-ਪੁੰਨੂੰ—** ਸੱਸੀ-ਪੁੰਨੂੰ ਦੀ ਕਹਾਣੀ ਬੜੀ ਸਨਸਨੀਖ਼ੇਜ਼ ਹੈ। ਸੱਸੀ ਭੰਬੋਰ ਸ਼ਹਿਰ ਦੇ ਰਾਜੇ ਆਦਮਜਾਮ ਦੀ ਇਕਲੌਤੀ ਧੀ ਸੀ। ਜੋਤਸ਼ੀਆਂ ਨੇ ਉਸ ਦੇ ਜੰਮਣ 'ਤੇ ਭਵਿੱਖਬਾਣੀ ਕੀਤੀ ਕਿ ਉਹ ਵੱਡੀ ਹੋ ਕੇ ਇਸ਼ਕ ਕਰੇਗੀ ਤੇ ਆਪਣੇ ਖ਼ਾਨਦਾਨ ਲਈ ਬਦਨਾਮੀ ਦਾ ਕਾਰਨ ਬਣੇਗੀ। ਰਾਜੇ ਨੇ ਉਸ ਨੂੰ ਇੱਕ ਸੰਦੂਕ ਵਿੱਚ ਪਾ ਕੇ ਤੇ ਨਾਲ਼ ਕਾਫ਼ੀ ਦੌਲਤ ਰੱਖ ਕੇ ਦਰਿਆ ਵਿੱਚ ਰੋੜ੍ਹ ਦਿੱਤਾ। ਕੁਝ ਦੂਰੀ 'ਤੇ ਅੱਤਾ ਨਾਂ ਦਾ ਬੇਉਲਾਦ ਧੋਬੀ ਕੱਪੜੇ ਧੋ ਰਿਹਾ ਸੀ। ਉਸ ਨੇ ਸੰਦੂਕ ਕੱਢ ਲਿਆ ਤੇ ਦੌਲਤ ਸਮੇਤ ਸੱਸੀ ਨੂੰ ਘਰ ਲੈ ਆਇਆ। ਪਿਤਾ ਦੀ ਦੌਲਤ ਸਦਕਾ ਸੱਸੀ ਧੋਬੀ ਦੇ ਘਰ ਰਾਜਕੁਮਾਰੀਆਂ ਵਾਂਗ ਪਲ਼ੀ ਤੇ ਜਵਾਨ ਹੋਈ। ਸ਼ਹਿਰ ਦੇ ਕਿਸੇ ਸੁਦਾਗਰ ਦੇ ਬਾਗ਼ ਵਿੱਚ ਕਿਸੇ ਕਾਰੀਗਰ ਦੁਆਰਾ ਚਿਤਰੀ, ਕੇਚਮ ਸ਼ਹਿਰ ਦੇ ਸ਼ਹਿਜ਼ਾਦੇ, ਪੁੰਨੂੰ ਦੀ ਤਸਵੀਰ ਦੇਖ ਕੇ ਉਸ ਉੱਤੇ ਮੋਹਿਤ ਹੋ ਗਈ। ਪੁੰਨੂੰ ਨੂੰ ਮੰਗਵਾਇਆ ਗਿਆ। ਦੋਂਹਾਂ ਦਾ ਇਸ਼ਕ ਹੋਇਆ ਤੇ ਪੁੰਨੂੰ ਦੇ ਭਰਾ ਪੁੰਨੂੰ ਨੂੰ ਸ਼ਰਾਬ ਪਿਲਾਅ ਕੇ ਬੇਹੋਸ਼ ਪੁੰਨੂੰ ਨੂੰ ਸੁੱਤੀ ਹੋਈ ਸੱਸੀ ਦੇ ਲਾਗਿਓਂ ਚੁੱਕ ਕੇ ਲੈ ਗਏ। ਜਾਗ ਆਉਣ 'ਤੇ ਸੱਸੀ ਉਸ ਮਗਰ ਦੌੜੀ ਪਰ ਮਾਰੂਥਲ ਦੀ ਗਰਮੀ ਨੇ ਰਾਹ ਵਿੱਚ ਹੀ ਉਸ ਦੀ ਜਾਨ ਲੈ ਲਈ।



Downloaded from https:// www.studiestoday.com

Downloaded from https:// www.studiestoday.com

ਇਸ ਦੁਖਾਂਤਿਕ ਕਹਾਣੀ ਨੂੰ ਹਾਸ਼ਮ ਨੇ ਬੜੇ ਕਰੁਣਾਮਈ ਢੰਗ ਨਾਲ਼ ਬਿਆਨ ਕੀਤਾ ਹੈ। ਉਸ ਦਾ ਬਿਆਨ ਰੋਚਕ ਤੇ ਸੰਖੇਪ ਹੈ। ਇਹ ਸੰਖੇਪਤਾ ਹੀ ਉਸ ਨੂੰ ਹੋਰ ਪੰਜਾਬੀ ਕਿੱਸਾ-ਕਵੀਆਂ ਨਾਲ਼ੋਂ ਵਖਿਆਉਂਦੀ ਹੈ। ਥਲਾਂ ਵਿੱਚ ਪੁੰਨੂੰ ਦੀ ਭਾਲ਼ ਵਿੱਚ ਤੁਰੀ ਜਾਂਦੀ ਸੱਸੀ ਦਾ ਚਿੱਤਰ ਉਹ ਇਉਂ ਖਿੱਚਦਾ ਹੈ:

ਨਾਜ਼ਕ ਪੈਰ ਮਲੂਕ ਸੱਸੀ ਦੇ ਮਹਿੰਦੀ ਨਾਲ਼ ਸ਼ਿੰਗਾਰੇ।
ਬਾਲੂ ਰੇਤ ਤਪੇ ਵਿੱਚ ਥਲ ਦੇ, ਜਿਉਂ ਜੌਂ ਭੁੰਨਣ ਭਠਿਆਰੇ।
ਸੂਰਜ ਭੱਜ ਵੜਿਆ ਵਿੱਚ ਬੱਦਲੀਂ ਡਰਦਾ ਲਿਸ਼ਕ ਨਾ ਮਾਰੇ।
ਹਾਸ਼ਮ ਵੇਖ ਯਕੀਨ ਸੱਸੀ ਦਾ, ਸਿਦਕੋਂ ਮੂਲ ਨ ਹਾਰੇ।

ਹਾਸ਼ਮ ਦੇ ਕਿੱਸੇ ਦਾ ਛੰਦ ਦਵਈਆ ਹੈ। ਉਸ ਦੀ ਭਾਸ਼ਾ ਠੇਠ ਮਾਝੀ ਤੇ ਲੋਕ-ਮੁਹਾਵਰੇ ਵਾਲ਼ੀ ਹੈ। ਨਾਲ਼ ਹੀ ਇਹ ਭਾਸ਼ਾ ਸ਼ੁੱਧ ਤੇ ਸਾਫ਼-ਸੁਥਰੀ ਵੀ ਹੈ ਜਿਸ ਵਿੱਚ ਅਰਬੀ ਤੇ ਫ਼ਾਰਸੀ ਦੀ ਸ਼ਬਦਾਵਲੀ ਨੂੰ ਪੰਜਾਬੀ ਰੰਗ ਵਿੱਚ ਢਾਲ਼ ਕੇ ਵਰਤਿਆ ਗਿਆ ਹੈ:

ਥਲ ਮਾਰੂ ਤਪ ਦੋਜ਼ਖ਼ ਹੋਇਆ, ਆਤਸ਼ ਸੋਜ਼ ਹਿਜਰ ਦੀ।
ਜਬ ਲਗ ਸਾਸ ਨਿਰਾਸ ਨ ਹੋਸਾਂ, ਯੂਸਫ਼ ਤਾਂਘ ਮਿਸਰ ਦੀ।

ਆਪਣੇ ਕਾਵਿ-ਗੁਣਾਂ ਕਾਰਨ ਹਾਸ਼ਮ ਦੀ ਸੱਸੀ, ਵਾਰਿਸ ਦੀ ਹੀਰ ਦੇ ਮੁਕਾਬਲੇ ਦੀ ਰਚਨਾ ਹੈ।

**ਹੋਰ ਕਿੱਸੇ—** ਸੱਸੀ-ਪੁੰਨੂੰ ਤੋਂ ਬਿਨਾਂ ਹਾਸ਼ਮ ਨੇ ਸੋਹਣੀ-ਮਹੀਂਵਾਲ ਤੇ ਸ਼ੀਰੀ-ਫ਼ਰਹਾਦ ਦੇ ਕਿੱਸੇ ਦਵਈਆ ਛੰਦ ਵਿੱਚ ਤੇ ਹੀਰ ਦਾ ਕਿੱਸਾ (ਹੀਰ ਹਾਸ਼ਮ ਜਾਂ ਹੀਰ-ਰਾਂਝੇ ਕੀ ਬਿਰਤੀ) ਸੀਹਰਫ਼ੀ-ਰੂਪ ਬੈਂਤ ਵਿੱਚ ਲਿਖਿਆ ਪਰ ਪ੍ਰਸਿੱਧੀ ਕੇਵਲ ਸੱਸੀ-ਪੁੰਨੂੰ ਨੂੰ ਹੀ ਪ੍ਰਾਪਤ ਹੋਈ।

## 8. **ਅਹਿਮਦਯਾਰ** (1768-1804 ਈ.)

ਅਹਿਮਦਯਾਰ ਦਾ ਜਨਮ ਮੁਰਾਲਾ, ਜ਼ਿਲ੍ਹਾ ਗੁਜਰਾਤ (ਪਾਕਿਸਤਾਨ) ਵਿੱਚ, 1768 ਈ. ਵਿੱਚ ਹੋਇਆ। ਉਸ ਦੀ ਮੌਤ ਕਿਲ੍ਹਾ ਇਸਲਾਮਗੜ੍ਹ ਵਿੱਚ 1848 ਈ. ਵਿੱਚ ਹੋਈ।

ਅਹਿਮਦਯਾਰ ਉੱਨ੍ਹਵੀਂ ਸਦੀ ਦਾ ਇੱਕ ਮਹੱਤਵਪੂਰਨ ਕਿੱਸਾ-ਕਵੀ ਹੈ। ਉਸ ਨੇ ਗਿਣਤੀ ਵਿੱਚ ਸਭ ਤੋਂ ਵੱਧ ਕਿੱਸੇ ਲਿਖੇ। ਉਹ ਆਪ ਲਿਖਦਾ ਹੈ:

ਜਿਤਨੇ ਕਿੱਸੇ ਅਤੇ ਕਿਤਾਬਾਂ, ਉਮਰ ਸਾਰੀ ਮੈਂ ਜੋੜੇ।

ਗਿਣਨ ਲੱਗਾਂ ਤੇ ਯਾਦ ਨਾ ਆਵਣ, ਜੋ ਦੱਸਾਂ ਸੋ ਥੋੜ੍ਹੇ।

ਅਹਿਮਦਯਾਰ ਦੇ ਕਿੱਸਿਆਂ ਨੂੰ ਅਸੀਂ ਦੋ ਭਾਗਾਂ ਵਿੱਚ ਵੰਡ ਸਕਦੇ ਹਾਂ: ਰੁਮਾਂਟਿਕ ਕਿੱਸੇ ਤੇ ਇਤਿਹਾਸਿਕ ਇਸਲਾਮੀ ਕਿੱਸੇ।

1. **ਰੁਮਾਂਟਿਕ ਕਿੱਸੇ—** ਹੀਰ-ਰਾਂਝਾ, ਸੱਸੀ-ਪੁੰਨੂੰ, ਲੈਲਾ-ਮਜਨੂੰ, ਸੋਹਣੀ-ਮਹੀਂਵਾਲ, ਕਾਮਰੂਪ, ਯੂਸਫ਼-ਜ਼ਲੈਖ਼ਾਂ, ਚੰਦਰ-ਬਦਨ, ਰਾਜਬੀਰ, ਸੈਫ਼ੁਲ-ਮਲੂਕ।



Downloaded from https:// www.studiestoday.com

Downloaded from https:// www.studiestoday.com

2. **ਇਤਿਹਾਸਿਕ ਤੇ ਇਸਲਾਮੀ ਕਿੱਸੇ—** ਹਾਤਮਤਾਈ, ਤਮੀਮ ਅਨੁਸਾਰੀ ਵਫ਼ਾਤ ਨਾਮਾ, ਜੰਗ ਅਹਿਮਦ, ਜੰਗ ਬਦਰ।

ਅਹਿਮਦਯਾਰ ਦੇ ਕਿੱਸਿਆਂ ਦੀ ਵਿਸ਼ੇਸ਼ਤਾ ਉਸ ਦੀ ਸਾਦਗੀ ਤੇ ਸਰਲਤਾ ਹੈ। ਭਾਵੇਂ ਅਹਿਮਦਯਾਰ ਨੇ ਕਿਤੇ-ਕਿਤੇ ਫ਼ਾਰਸੀ ਸ਼ਬਦਾਵਲੀ ਤੇ ਫ਼ਾਰਸੀ ਬਿੰਬ-ਅਲੰਕਾਰ ਵੀ ਵਰਤੇ ਹਨ ਪਰ ਸਮੁੱਚੇ ਤੌਰ 'ਤੇ ਉਸ ਦੇ ਕਿੱਸੇ ਸਰਲਤਾ ਦੀ ਹੱਦ ਵਿੱਚ ਹੀ ਰਹਿੰਦੇ ਹਨ:

ਹੀਰ ਸਿਆਲ ਚੂਚਕ ਦੀ ਬੇਟੀ, ਜੋਬਨ ਹੁਸਨ ਜਵਾਨੀ।
ਆਪ ਲਿਖੀ ਤਸਵੀਰ ਮੁਸੱਵਰ ਕੁਦਰਤ ਦੀ ਫੱੜ ਕਾਨੀ।

ਅਹਿਮਦਯਾਰ ਦੇ ਬਹੁਤੇ ਕਿੱਸਿਆਂ ਦਾ ਛੰਦ ਦਵਈਆ ਹੈ। ਕੇਵਲ ਸੱਸੀ-ਪੁੰਨੂੰ ਦਾ ਕਿੱਸਾ ਬੈਂਤ ਵਿੱਚ ਲਿਖਿਆ ਹੈ। ਉਸਦੇ ਇਸਲਾਮੀ ਕਿੱਸਿਆਂ ਅਤੇ ਵਿਦੇਸ਼ੀ ਕਹਾਣੀਆਂ 'ਤੇ ਆਧਾਰਿਤ ਕਿੱਸਿਆਂ ਵਿੱਚ ਇਸਲਾਮੀ ਮਿਥਿਹਾਸਿਕ ਹਵਾਲਿਆਂ ਅਤੇ ਫ਼ਾਰਸੀ ਸ਼ਬਦਾਵਲੀ ਦੀ ਭਰਪੂਰਤਾ ਹੈ। ਇਹਨਾਂ ਕਿੱਸਿਆਂ ਵਿੱਚ ਅਹਿਮਦਯਾਰ ਦੀ ਸੁਰ ਵੀ ਉਪਦੇਸ਼ਾਤਮਿਕ ਹੋ ਗਈ ਹੈ।

ਅਹਿਮਦਯਾਰ ਦੀ ਵਿਸ਼ੇਸ਼ਤਾ ਇੱਕ ਹੋਰ ਪੱਖ ਤੋਂ ਵੀ ਹੈ। ਉਹ ਇਹ ਕਿ ਅਹਿਮਦਯਾਰ ਇੱਕ ਚੇਤੰਨ ਤੇ ਵਿਦਵਾਨ ਲੇਖਕ ਹੋਣ ਕਾਰਨ ਇੱਕ ਵਧੀਆ ਆਲੋਚਕ ਵੀ ਸੀ। ਉਸ ਨੇ ਆਪਣੇ ਤੋਂ ਪਹਿਲੇ ਕਿੱਸਾਕਾਰਾਂ ਨੂੰ ਚੰਗੀ ਤਰ੍ਹਾਂ ਪੜ੍ਹਿਆ ਤੇ ਉਹਨਾਂ ਦੀ ਰਚਨਾ ਵਿਚਲੀ ਕਲਾਤਮਿਕਤਾ ਉੱਪਰ ਵਿਦਵਤਾ ਭਰਪੂਰ ਟਿੱਪਣੀਆਂ ਵੀ ਕੀਤੀਆਂ :

ਪੀਲੂ ਨਾਲ਼ ਨਾ ਰੀਸ ਕਿਸੇ ਦੀ, ਇਸ ਵਿੱਚ ਸੋਜ਼ ਅਲਹਿਦੀ।
ਮਸਤ ਨਿਗਾਹ ਕੀਤੀ ਉਸ ਪਾਸੇ ਕਿਸੇ ਫ਼ਕੀਰ ਵਲੀ ਦੀ।
ਵਾਰਿਸ ਸ਼ਾਹ ਸੁਖਨ ਦਾ ਵਾਰਸ ਕਿਸੇ ਨਾ ਹਟਕਿਆ ਵਲਿਆ।
ਪਰ ਮਿਨਰਾਹੀ ਚੱਕੀ ਵਾਂਗੂੰ, ਉਸ ਨਿੱਕਾ ਮੋਟਾ ਦਲਿਆ।

## 9. ਇਮਾਮ ਬਖ਼ਸ਼ (1778-1863 ਈ:)

ਇਮਾਮ ਬਖ਼ਸ਼ ਦਾ ਜਨਮ 1778 ਈ. ਵਿੱਚ ਹੋਇਆ। ਉਹ ਪੱਸੀਆਂ ਵਾਲ਼ੇ ਜਿਲ੍ਹਾ ਸਿਆਲਕੋਟ (ਪਾਕਿਸਤਾਨ) ਦਾ ਵਸਨੀਕ ਸੀ। ਇਮਾਮ ਬਖ਼ਸ਼ ਦਾ ਦੇਹਾਂਤ 1863 ਈ. ਵਿੱਚ ਪੱਸੀਆਂ ਵਾਲ਼ੇ ਵਿਖੇ ਹੋਇਆ। ਉਸ ਦੇ ਕੁਝ ਪ੍ਰਸਿੱਧ ਕਿੱਸੇ ਹਨ: ਸ਼ਾਹ ਬਹਿਰਾਮ, ਚੰਦਰ ਬਦਨ, ਲੈਲਾ-ਮਜਨੂੰ, ਗੁਲ-ਸਨੋਬਰ, ਬਦਰ-ਉਲ-ਜਮਾਲ। ਸ਼ਾਹ ਬਹਿਰਾਮ ਤੇ ਚੰਦਰ ਬਦਨ ਦੇ ਕਿੱਸੇ ਨੂੰ ਵਧੇਰੇ ਪ੍ਰਸਿੱਧੀ ਮਿਲ਼ੀ ਹੈ। ਸ਼ਾਹ ਬਹਿਰਾਮ ਇਰਾਕ ਦੇ ਇੱਕ ਬਾਦਸ਼ਾਹ ਮੋਰ ਬਹਿਰਾਮ ਉੱਪਰ ਲਿਖਿਆ ਗਿਆ ਹੈ ਤੇ ਚੰਦਰ ਬਦਨ ਦੀ ਕਹਾਣੀ ਬਿਲਕੁੱਲ ਨਵੀਂ ਹੈ ਪਰ ਇਹ ਸਮਝਿਆ ਜਾਂਦਾ ਹੈ ਕਿ ਇਹ ਕਿੱਸਾ ਕਿਸੇ ਰਾਜਸਥਾਨੀ ਬੀਰ ਗਾਥਾ ਦਾ ਬਦਲਿਆ ਹੋਇਆ ਰੂਪ ਹੈ।

**ਕਿੱਸੇ—** ਅਹਿਮਦਯਾਰ ਵਾਂਗ ਹੀ ਇਮਾਮ ਬਖ਼ਸ਼ ਦੇ ਕਿੱਸਿਆਂ ਵਿੱਚ ਵੀ ਪਰਾਸਰੀਰਿਕ ਘਟਨਾਵਾਂ ਤੇ ਕਰਾਮਾਤੀ ਅੰਸ਼ ਦੀ ਪ੍ਰਧਾਨਤਾ ਹੈ ਜੋ ਇਸ ਗੱਲ ਦਾ ਪ੍ਰਮਾਣ ਹੈ ਕਿ ਉਸ ਸਮੇਂ ਪੰਜਾਬੀ ਕਿੱਸਾ ਯਥਾਰਥਿਕ ਕਹਾਣੀਆਂ ਤੋਂ ਪਾਸੇ ਹਟ ਕੇ ਨਿਰੋਲ ਰੁਮਾਂਸ ਤੇ ਕਲਪਨਾ ਆਧਾਰਿਤ ਕਥਾਵਾਂ



Downloaded from https:// www.studiestoday.com

Downloaded from https:// www.studiestoday.com

ਨੂੰ ਅਪਣਾ ਰਿਹਾ ਸੀ। ਇਸ ਲਈ ਇਹਨਾਂ ਕਿੱਸਿਆਂ ਵਿੱਚ ਨਿਰੋਲ-ਕਹਾਣੀ-ਰਸ ਦੀ ਪ੍ਰਧਾਨਤਾ ਹੈ। ਕਵਿਤਾ ਦੇ ਗੁਣਾਤਮਿਕ ਪੱਖ ਵੱਲ ਬਹੁਤਾ ਧਿਆਨ ਨਹੀਂ ਦਿੱਤਾ ਗਿਆ। ਕਿੱਸਿਆਂ ਦੇ ਪਾਤਰ ਵੀ ਧਰਤੀ ਦੇ ਸਧਾਰਨ ਜੀਵ ਨਾ ਹੋ ਕੇ ਕਰਾਮਤੀ ਵਿਸ਼ੇਸ਼ ਪੁਰਸ਼ ਹਨ ਜਿਵੇਂ ਸ਼ਹਿਜ਼ਾਦਾ, ਸਫ਼ੈਦ ਦਿਉ ਤੇ ਪਰੀ ਹੁਸਨਬਾਨੋ। ਇਮਾਮ ਬਖ਼ਸ਼ ਨੇ ਆਪਣੇ ਕਿੱਸਿਆਂ ਵਿੱਚ ਕਿਤੇ-ਕਿਤੇ ਪ੍ਰਕਿਰਤੀ ਵਰਨਣ ਬੜੀ ਅਸਰਦਾਰ ਸ਼ਬਦਾਵਲੀ ਵਿੱਚ ਕੀਤਾ ਹੈ:

ਛਾਇਆਦਾਰ ਦਰਖ਼ਤਾਂ ਵਿੱਚੋਂ, ਵਗਣ ਸਰਦ ਹਵਾਈ।

ਰੰਗ ਮਹੱਲ ਸੁਨਹਿਰੀ ਕੰਧਾਂ, ਵਾਂਗ ਬਹਿਸ਼ਤ ਬਣਾਈ।

ਸ਼ਾਹ ਬਹਿਰਾਮ ਦਾ ਛੰਦ ਦਵਈਆ ਹੈ ਤੇ ਚੰਦਰ ਬਦਨ ਦਾ ਬੈਂਤ।

### 10. ਕਾਦਰਯਾਰ (1805-1850 ਈ:)

ਕਾਦਰਯਾਰ ਦਾ ਜਨਮ ਪਿੰਡ ਮਾਛੀਕੇ, ਜ਼ਿਲ੍ਹਾ ਸ਼ੇਖ਼ੂਪੁਰਾ (ਪਾਕਿਸਤਾਨ) ਵਿਖੇ 1805 ਈ. ਵਿੱਚ ਤੇ ਦਿਹਾਂਤ 1850 ਈ. ਵਿੱਚ ਹੋਇਆ। ਉਸ ਨੇ ਪੂਰਨ ਭਗਤ, ਰਾਜਾ-ਰਸਾਲੂ, ਸੋਹਣੀ-ਮਹੀਂਵਾਲ, ਰਾਣੀ ਕੋਕਿਲਾਂ ਆਦਿ ਕਿੱਸੇ ਲਿਖੇ। ਇਹਨਾਂ ਤੋਂ ਬਿਨਾਂ ਕਾਦਰਯਾਰ ਦੀਆਂ ਦੋ ਹੋਰ ਰਚਨਾਵਾਂ, ਮਹਿਰਾਜਨਾਮਾ ਤੇ ਰੋਜ਼ਨਾਮਾ ਵੀ ਮਿਲ਼ਦੀਆਂ ਹਨ ਪਰ ਇਹਨਾਂ ਸਾਰੀਆਂ ਰਚਨਾਵਾਂ ਵਿੱਚੋਂ ਪ੍ਰਸਿੱਧੀ ਪੂਰਨ ਭਗਤ ਨੂੰ ਹੀ ਮਿਲ਼ੀ।

**ਪੂਰਨ ਭਗਤ—** ਪੂਰਨ ਭਗਤ ਦੀ ਕਥਾ ਸ਼ੁੱਧ ਭਾਰਤੀ ਬਲਕਿ ਪੰਜਾਬੀ ਮੂਲ ਦੀ ਹੈ ਤੇ ਇਸ ਦਾ ਮੁੱਖ ਵਿਸ਼ਾ ਪ੍ਰੇਮ ਨਾ ਹੋ ਕੇ ਨੈਤਿਕਤਾ ਹੈ। ਕਾਦਰਯਾਰ ਨੇ ਇਸ ਨੈਤਿਕਤਾ ਆਧਾਰਿਤ ਕਥਾ ਰਾਹੀਂ ਪੰਜਾਬੀ ਕਿੱਸਾ-ਕਾਵਿ ਨੂੰ ਇੱਕ ਨਵਾਂ ਮੋੜ ਦਿੱਤਾ। ਇਹ ਕਥਾ ਦੁਖਾਂਤਿਕ ਹੈ ਤੇ ਇਸ ਵਿੱਚ ਕਾਦਰਯਾਰ ਨੇ ਮੱਧ-ਕਾਲੀ ਸਦਾਚਾਰ ਤੇ ਵਿਭਚਾਰ ਦਾ ਟਾਕਰਾ ਕੀਤਾ ਹੈ। ਪੂਰਨ ਸਦਾਚਾਰੀ ਕੀਮਤਾਂ ਦਾ ਪ੍ਰਤੀਕ ਹੈ ਤੇ ਉਸ ਦੀ ਮਤ੍ਰੇਈ ਮਾਂ ਲੂਣਾ ਗ਼ੈਰ-ਸਦਾਚਾਰਿਕ ਤੇ ਆਪਹੁਦਰੇ ਜੀਵਨ-ਮੁੱਲਾਂ ਦਾ ਪ੍ਰਤੀਕ ਬਣਦੀ ਹੈ। ਇੱਛਰਾਂ ਦੇ ਪਾਤਰ ਰਾਹੀਂ ਵਾਤਸਲ ਪ੍ਰੇਮ ਦੀ ਮਹਾਨਤਾ ਦਾ ਬਿਆਨ ਕੀਤਾ ਗਿਆ ਹੈ।

ਦੁਖਾਂਤਿਕ ਹੋਣ ਕਰਕੇ ਇਸ ਕਿੱਸੇ ਦਾ ਬਿਆਨ ਰਵਾਨੀ ਭਰਪੂਰ ਤੇ ਪ੍ਰਭਾਵਸ਼ਾਲੀ ਹੈ:

ਸੀਮ ਸਮਝ ਰਾਜਾ ਬੁਧਿ ਹਾਰ ਨਾਹੀਂ।
ਕਹਿੰਦੀ ਇੱਛਰਾਂ ਵਾਸਤਾ ਪਾਇ ਕੇ ਜੀ।
ਅੰਬ ਵੱਢ ਕੇ ਅੱਕ ਨੂੰ ਵਾੜ ਦੇਵੇਂ।
ਪਛੋਤਾਵੇਂਗਾ ਵਕਤ ਵਿਹਾਇ ਕੇ ਜੀ।
ਬੂਟਾ ਆਪਣਾ ਆਪ ਪੁਟਾਣ ਲੱਗੋਂ
ਜੜ੍ਹਾਂ ਮੁੱਢ ਤਾਈਂ ਉਕਰਾਇ ਕੇ ਜੀ।
ਕਾਦਰਯਾਰ ਜੇ ਪੂਰਨ ਨੂੰ ਮਾਰਿਓ ਈ
ਬਾਪ ਕੌਣ ਬੁਲਾਊਗਾ ਆਇ ਕੇ ਜੀ।

ਇਸ ਕਿੱਸੇ ਦਾ ਛੰਦ ਬੈਂਤ ਹੈ ਤੇ ਇਹ ਸੀਹਰਫ਼ੀ ਕਾਵਿ-ਭੇਦ ਵਿੱਚ ਲਿਖਿਆ ਗਿਆ ਹੈ। ਇਸ ਦੀ ਭਾਸ਼ਾ ਸਰਲ ਤੇ ਲੋਕ-ਮੁਹਾਵਰੇ ਦੀ ਪ੍ਰਧਾਨਤਾ ਵਾਲ਼ੀ ਹੈ। ਇਹਨਾਂ ਸਾਹਿਤਿਕ ਗੁਣਾਂ



Downloaded from https:// www.studiestoday.com

Downloaded from https:// www.studiestoday.com

ਕਾਰਨ ਕਾਦਰਯਾਰ ਦਾ ਕਿੱਸਾ 'ਪੂਰਨ ਭਗਤ', ਇਸ ਕਥਾ ਨੂੰ ਆਧਾਰ ਬਣਾ ਕੇ ਲਿਖੇ ਗਏ ਹੋਰ ਸਾਰੇ ਕਿੱਸਿਆਂ ਨਾਲੋਂ ਵਧੇਰੇ ਮਸ਼ਹੂਰ ਹੋਇਆ।

## 11. ਫ਼ਜ਼ਲ ਸ਼ਾਹ (1828-1890 ਈ:)

ਫ਼ਜ਼ਲ ਸ਼ਾਹ ਦਾ ਜਨਮ 1828 ਈ. ਤੇ ਦਿਹਾਂਤ 1890 ਈ. ਵਿੱਚ ਹੋਇਆ। ਉਹ ਨਵਾਂ ਕੋਟ, ਜ਼ਿਲ੍ਹਾ ਲਾਹੌਰ (ਪਾਕਿਸਤਾਨ) ਦਾ ਵਸਨੀਕ ਸੀ। ਉਸ ਨੇ ਹੀਰ-ਰਾਂਝਾ, ਲੈਲਾ-ਮਜਨੂੰ, ਯੂਸਫ਼-ਜ਼ੁਲੈਖ਼ਾਂ, ਸੱਸੀ-ਪੁੰਨੂੰ, ਸੋਹਣੀ-ਮਹੀਂਵਾਲ, ਪੰਜ ਕਿੱਸੇ ਲਿਖੇ ਪਰ ਪ੍ਰਸਿੱਧੀ ਕੇਵਲ ਸੋਹਣੀ-ਮਹੀਂਵਾਲ ਦੇ ਕਿੱਸੇ ਨੂੰ ਹੀ ਮਿਲੀ।

**ਸੋਹਣੀ-ਮਹੀਂਵਾਲ ਦੀ ਕਹਾਣੀ—** ਗੁਜਰਾਤ ਸ਼ਹਿਰ ਦੇ ਘੁਮਿਆਰ, ਤੁੱਲੇ, ਦੀ ਧੀ ਸੋਹਣੀ ਅਤੇ ਬਲਖ਼ ਬੁਖਾਰੇ ਦੇ ਸੁਦਾਗਰ ਮਿਰਜ਼ਾ ਇੱਜ਼ਤਬੇਗ ਦਾ ਇਸ਼ਕ ਹੋ ਜਾਂਦਾ ਹੈ। ਸੋਹਣੀ ਪਿੱਛੇ ਮਿਰਜ਼ਾ ਇੱਜ਼ਤਬੇਗ ਕੰਗਾਲ ਹੋ ਕੇ ਸੋਹਣੀ ਦੇ ਬਾਪ ਦੀਆਂ ਮੱਝਾਂ ਦਾ ਮਹੀਂਵਾਲ ਬਣ ਜਾਂਦਾ ਹੈ ਪਰ ਸੋਹਣੀ ਕਿਸੇ ਹੋਰ ਨਾਲ਼ ਵਿਆਹੀ ਜਾਂਦੀ ਹੈ। ਮਹੀਂਵਾਲ ਝਨਾਂ ਦਰਿਆ ਦੇ ਕਿਨਾਰੇ ਝੁੱਗੀ ਪਾ ਕੇ ਫ਼ਕੀਰ ਬਣ ਕੇ ਰਹਿਣ ਲੱਗ ਜਾਂਦਾ ਹੈ 'ਤੇ ਸੋਹਣੀ ਰਾਤ ਨੂੰ ਘੜੇ 'ਤੇ ਝਨਾਂ ਨੂੰ ਤਰ ਕੇ ਉਸ ਨੂੰ ਮਿਲ਼ਨ ਜਾਂਦੀ ਹੈ। ਇੱਕ ਦਿਨ ਸੋਹਣੀ ਦੀ ਨਣਦ ਪੱਕੇ ਘੜੇ ਦੀ ਥਾਂ ਕੱਚਾ ਰੱਖ ਜਾਂਦੀ ਹੈ ਤੇ ਸੋਹਣੀ ਡੁੱਬ ਕੇ ਮਰ ਜਾਂਦੀ ਹੈ। ਮਹੀਂਵਾਲ ਉਸ ਨੂੰ ਬਚਾਉਣ ਲਈ ਦਰਿਆ ਵਿੱਚ ਛਾਲ਼ ਮਾਰਦਾ ਹੈ ਤੇ ਉਹ ਵੀ ਨਾਲ਼ ਹੀ ਡੁੱਬ ਜਾਂਦਾ ਹੈ। ਇਉਂ ਇਹ ਕਿੱਸਾ ਦੁਖਾਂਤਿਕ ਬਣ ਜਾਂਦਾ ਹੈ।

ਇਹ ਕਿੱਸਾ ਆਕਾਰ ਦੇ ਪੱਖੋਂ ਸੰਖੇਪ ਹੈ ਤੇ ਇੱਕ ਤੋਂ ਪਿੱਛੋਂ ਇੱਕ ਘਟਨਾ ਦਾ ਸਰਲ ਜਿਹਾ ਵਰਨਣ ਹੈ। ਇਸ ਦਾ ਛੰਦ ਬੈਂਤ ਹੈ ਤੇ ਭਾਸ਼ਾ ਵਿੱਚ ਅਰਬੀ-ਫ਼ਾਰਸੀ ਦੇ ਸ਼ਬਦਾਂ ਦੀ ਭਰਮਾਰ ਹੋਣ ਕਾਰਨ, ਲੋਕ-ਮੁਹਾਵਰੇ ਵਾਲ਼ੀ ਕਾਵਿ-ਭਾਸ਼ਾ ਤੋਂ ਦੂਰ ਹੈ ਪਰ ਤਾਂ ਵੀ ਇਹ ਕਿੱਸਾ ਕਾਫ਼ੀ ਪ੍ਰਸਿੱਧ ਹੋ ਗਿਆ। ਫ਼ਜ਼ਲ ਸ਼ਾਹ ਦੀ ਰਚਨਾ ਦੀ ਵਿਸ਼ੇਸ਼ਤਾ ਤੋਲ-ਤੁਕਾਂਤ ਦਾ ਠੀਕ ਨਿਭਾਅ ਤੇ ਅਲੰਕਾਰਾਂ ਦੀ ਭਰਪੂਰ ਵਰਤੋਂ ਹੈ। ਵਿਸ਼ੇਸ਼ ਤੌਰ 'ਤੇ ਸ਼ਬਦ-ਅਲੰਕਾਰ ਦੀ ਵਰਤੋਂ ਕਿੱਸੇ ਵਿੱਚ ਰੋਚਕਤਾ ਭਰਦੀ ਹੈ:

ਜੇਕਰ ਸੰਗ ਰੱਖੀ ਕੀਕਰ ਸੰਗ ਮਿਲਸਾਂ

ਸੰਗ ਵਾਲੜੇ ਸੰਗ ਗਵਾ ਬੇਲੀ।

19ਵੀਂ ਸਦੀ ਦੇ ਫ਼ਜ਼ਲ ਸ਼ਾਹ ਤੋਂ ਬਾਅਦ ਆਉਣ ਵਾਲੇ ਕਿੱਸਾ-ਕਵੀਆਂ ਨੇ ਫ਼ਜ਼ਲ ਸ਼ਾਹ ਦਾ ਇਹ ਪ੍ਰਭਾਵ ਕਬੂਲਿਆ।

## 12. ਮੀਆਂ ਮੁਹੰਮਦ ਬਖ਼ਸ਼ (1829-1909 ਈ:)

ਮੀਆਂ ਮੁਹੰਮਦ ਬਖ਼ਸ਼ ਦਾ ਜਨਮ 1829 ਈ. ਵਿੱਚ ਜ਼ਿਲ੍ਹਾ ਜਿਹਲਮ (ਪਾਕਿਸਤਾਨ) ਵਿੱਚ ਹੋਇਆ ਤੇ ਦਿਹਾਂਤ 1909 ਈ. ਵਿੱਚ।

ਮਹੰਮਦ ਬਖ਼ਸ਼ ਅਰਬੀ, ਫ਼ਾਰਸੀ ਤੇ ਉਰਦੂ ਦਾ ਵਿਦਵਾਨ ਸੀ। ਉਸ ਨੇ ਸੋਹਣੀ-ਮਹੀਂਵਾਲ, ਸ਼ੀਰੀ-ਫ਼ਰਹਾਦ, ਮਿਰਜ਼ਾ-ਸਾਹਿਬਾਂ ਤੇ ਸੈਫ਼ੁਲ-ਮਲੂਕ ਦੇ ਕਿੱਸੇ ਲਿਖੇ। ਇਹਨਾਂ ਵਿੱਚੋਂ ਸਿਰਫ਼ ਸੈਫ਼ੁਲ



Downloaded from https:// www.studiestoday.com

Downloaded from https:// www.studiestoday.com

ਮਲੂਕ ਹੀ ਪ੍ਰਸਿੱਧ ਹੋਇਆ। ਸੈਫ਼ੁਲ-ਮਲੂਕ ਦੀ ਕਹਾਣੀ ਕਾਮਰੂਪ ਨਾਲ਼ ਮਿਲਦੀ ਹੈ। ਸ਼ਹਿਜ਼ਾਦਾ ਸੈਫ਼ੁਲ-ਮਲੂਕ ਸ਼ਹਿਜ਼ਾਦੀ ਬਦੀ-ਉਲ-ਜਮਾਲ ਦੀ ਤਸਵੀਰ ਦੇਖ ਕੇ ਮੋਹਿਤ ਹੋ ਗਿਆ ਤੇ ਸੁਪਨੇ ਵਿੱਚ ਸ਼ਹਿਜ਼ਾਦੀ ਨੂੰ ਮਿਲ਼ਨ ਤੋਂ ਬਾਅਦ ਉਸ ਨੂੰ ਲੱਭਣ ਤੁਰ ਪਿਆ। ਇਸ ਭਾਲ਼ ਦੌਰਾਨ ਉਸ ਨਾਲ਼ ਵਾਪਰੇ ਦੁੱਖਾਂ, ਕਰਾਮਾਤਾਂ ਆਦਿ ਦਾ ਇਸ ਕਿੱਸੇ ਵਿੱਚ ਵਿਸਤਾਰਮਈ ਵਰਨਣ ਹੈ। ਆਕਾਰ ਵਿੱਚ ਇਹ ਰਚਨਾ ਬਹੁਤ ਲੰਮੀ ਹੈ। ਇਸ ਦੇ ਕੁੱਲ 9128 ਬੰਦ ਹਨ ਤੇ ਇਹਨਾਂ ਵਿੱਚ ਫ਼ਰਿਸ਼ਤਿਆਂ, ਦੈਂਤਾਂ, ਪਰੀਆਂ, ਜਨੌਰਾਂ ਆਦਿ ਨੂੰ ਪਾਤਰ ਬਣਾਇਆ ਗਿਆ ਹੈ। ਇਸ ਲਈ ਇਹ ਹਿੱਸਾ ਯਥਾਰਥ ਤੋਂ ਦੂਰ ਹੈ ਪਰ ਪਰਾਸਰੀਰਿਕ ਘਟਨਾਵਾਂ ਕਾਰਨ ਦਿਲਚਸਪ ਹੈ।

ਕਿੱਸੇ ਦਾ ਛੰਦ ਦਵਈਆ ਹੈ ਤੇ ਲੇਖਕ ਕਥਾ-ਵਰਨਣ ਦੇ ਨਾਲ਼-ਨਾਲ਼ ਉਪਦੇਸ਼ਾਤਮਿਕ ਟਿੱਪਣੀਆਂ ਵੀ ਕਰਦਾ ਹੈ:

ਜੀਵਨ-ਜੀਵਨ ਝੂਠਾ ਨਾਵਾਂ, ਮੌਤ ਖਲੀ ਸਿਰ ਉੱਤੇ ।

ਲੱਖ ਕਰੋੜ ਤੇਰੇ ਥੀਂ ਸੋਹਣੇ, ਖ਼ਾਕ ਅੰਦਰ ਰਲਿ ਸੁੱਤੇ।

ਅਲੰਕਾਰਾਂ ਵਿੱਚ ਨਵੀਨਤਾ, ਰਵਾਨੀ ਤੇ ਸੋਜ਼ ਹੈ:

ਟਿੰਡਾਂ ਭਰ-ਭਰ ਪਾਣੀ ਡੋਲ੍ਹਣ, ਵਾਂਗਣ ਦੁਖੀਏ ਨੈਣਾਂ।

ਮੁੜ ਜਾਵਣ ਜਿਉਂ ਤੋਰ ਭਰਾਵਾਂ, ਘਰ ਵੱਲ ਜਾਵਣ ਭੈਣਾਂ।

ਭਾਸ਼ਾ ਦੇ ਪੱਖੋਂ ਇਸ ਕਿੱਸੇ ਨੂੰ ਪੰਜਾਬੀ ਬੋਲੀ ਦਾ ਸ਼ਬਦ-ਕੋਸ਼ ਆਖਿਆ ਜਾ ਸਕਦਾ ਹੈ ਪਰ ਇਹਨਾਂ ਕਾਵਿਕ ਗੁਣਾਂ ਦੇ ਹੁੰਦਿਆਂ ਵੀ ਇਹ ਰਚਨਾ ਸਾਰੇ ਪੰਜਾਬ ਵਿੱਚ ਹਰਮਨ-ਪਿਆਰੀ ਨਹੀਂ ਹੋ ਸਕੀ। ਇਸ ਦਾ ਕਾਰਨ ਇਸ ਦਾ ਪੱਛਮੀ ਪੰਜਾਬੀ ਵਿੱਚ ਲਿਖੇ ਹੋਣਾ ਹੈ। ਪੱਛਮੀ ਪੰਜਾਬ ਵਿੱਚ ਇਹ ਕਾਫ਼ੀ ਪ੍ਰਸਿੱਧ ਹੋਈ ਹੈ।

### 13. **ਭਗਵਾਨ ਸਿੰਘ** (1850-1902 ਈ:)

ਭਗਵਾਨ ਸਿੰਘ ਦਾ ਜਨਮ 1850 ਈ. ਵਿੱਚ ਮਰ੍ਹਾਜ ਤਹਿਸੀਲ ਨਥਾਣਾ, ਜ਼ਿਲ੍ਹਾ ਬਠਿੰਡਾ ਵਿੱਚ ਹੋਇਆ ਤੇ ਦਿਹਾਂਤ 1902 ਈ. ਵਿੱਚ।

ਭਗਵਾਨ ਸਿੰਘ ਨੇ ਹੀਰ, ਸੋਹਣੀ-ਮਹੀਂਵਾਲ, ਮਿਰਜ਼ਾ-ਸਾਹਿਬਾਂ, ਜਿਊਣਾ ਮੌੜ ਆਦਿ ਕਿੱਸੇ ਲਿਖੇ। ਉਹ ਆਪਣੀ ਰਚਨਾ 'ਹੀਰ' ਦੇ ਕਿੱਸੇ ਕਰਕੇ ਮਾਲਵੇ ਵਿੱਚ ਬਹੁਤ ਲੋਕ-ਪ੍ਰਿਆ ਹੋਇਆ। ਉਸ ਦੀ ਇਹ ਰਚਨਾ ਆਪਣੇ ਕਾਵਿ-ਗੁਣਾਂ ਕਰਕੇ ਪੰਜਾਬੀ ਸਾਹਿਤ ਵਿੱਚ ਸ਼੍ਰੇਸ਼ਟ ਸਥਾਨ ਰੱਖਦੀ ਹੈ। ਇਸ ਦੇ ਕੁੱਲ 531 ਬੰਦ ਹਨ ਅਤੇ ਇਹ ਰਚਨਾ ਕਬਿੱਤ ਛੰਦ ਵਿੱਚ ਲਿਖੀ ਗਈ ਹੈ। ਇਸਦੀ ਬੋਲੀ ਕੇਂਦਰੀ ਪੰਜਾਬੀ ਦੇ ਨੇੜੇ ਹੋਣ ਦੇ ਬਾਵਜੂਦ ਮਲਵਈ ਡਲ੍ਹਕ ਮਾਰਦੀ ਹੈ:

ਭਾਬੀ, ਸੁੰਦਰ ਸਰੂਪ ਨੀ, ਅਨੂਪ ਰੂਪ ਰਾਂਝਣੇ ਦਾ,
ਪਤਲਾ ਪਤੰਗ ਜਾਣੀ ਦੇਖਦਿਆਂ ਹੀ ਰਹੀਏ ਨੀ।
ਕੰਨੀ ਵਾਲ਼ੇ ਬੁੰਦੇ ਨੀ ਫੁਲੇਲ ਤਿੰਨ ਜੁੰਡੇ ਓਸ,
ਸੋਹਣੇ ਜੇਹੇ ਮੁੰਡੇ ਦੀ ਸਿਫ਼ਤ ਕੀਕੂੰ ਕਹੀਏ ਨੀ।
ਛੱਡੀਏ ਨਾ ਬਾਂਹ ਜੇ ਪਨਾਹ ਹੋਵੇ ਦੋਸਤੀ ਦੀ,



Downloaded from https:// www.studiestoday.com

Downloaded from https:// www.studiestoday.com

ਐਹੋ ਜੇਹੇ ਯਾਰਾਂ ਦੇ ਹਜ਼ਾਰਾਂ ਦੁੱਖ ਸਹੀਏ ਨੀ।
ਖੌਫ਼ ਮੈਨੂੰ ਮਾਪਿਆਂ ਤੋਂ ਆਵੇ ਭਗਵਾਨ ਸਿੰਘਾ,
ਨਹੀਂ ਤਾਂ ਬਿਭੂਤ ਲਾ ਕੇ, ਦੁਆਰੇ ਡਿਗੇ ਰਹੀਏ ਨੀ।

### ਉੱਨ੍ਹੀਵੀਂ ਸਦੀ ਦੇ ਹੋਰ ਕਿੱਸਾਕਾਰ

ਇਸ ਸਦੀ ਵਿੱਚ ਹੀ ਕੁਝ ਹਿੰਦੂ-ਸਿੱਖ ਕਿੱਸਾਕਾਰਾਂ ਨੇ ਕਿੱਸਾ-ਰਚਨਾ ਕੀਤੀ। ਗੰਗਾ ਰਾਮ ਨੇ ਹਿੰਦੂ ਕਥਾਵਾਂ, ਜਿਵੇਂ ; ਰੂਪ-ਬਸੰਤ, ਗੋਪੀ ਚੰਦ, ਹਕੀਕਤ ਰਾਇ, ਰਾਜਾ ਭਰਥਰੀ ਆਦਿ ਨੂੰ ਕਿੱਸਿਆਂ ਦਾ ਰੂਪ ਦਿੱਤਾ। ਕਿਸ਼ਨ ਸਿੰਘ ਆਰਿਫ਼ ਨੇ ਰਾਜਾ ਰਸਾਲੂ, ਪੂਰਨ ਭਗਤ, ਰਾਜਾ ਭਰਥਰੀ, ਦੁੱਲਾ ਭੱਟੀ, ਸ਼ੀਰੀ-ਫ਼ਰਹਾਦ ਤੇ ਕਲੀਆਂ ਵਾਲ਼ੀ ਹੀਰ ਆਦਿ ਕਿੱਸੇ ਲਿਖੇ। ਗਿਆਨੀ ਦਿੱਤ ਸਿੰਘ ਨੇ ਵੀ ਸ਼ੀਰੀ-ਫ਼ਰਹਾਦ ਦਾ ਕਿੱਸਾ ਲਿਖਿਆ।

## ਅਭਿਆਸ

1. ਪੰਜਾਬੀ ਕਿੱਸਾ ਕਾਵਿ-ਧਾਰਾ ਦੇ ਮੁੱਢ ਤੇ ਵਿਕਾਸ ਬਾਰੇ ਦੱਸੋ।
2. ਵਾਰਿਸ ਸ਼ਾਹ ਦੇ ਕਿੱਸੇ ਦਾ ਵਿਸ਼ਲੇਸ਼ਣ ਕਰਦਿਆਂ ਉਸ ਦੇ ਕਾਵਿਕ ਗੁਣਾਂ ਦਾ ਵਰਨਣ ਕਰੋ।

******



Downloaded from https:// www.studiestoday.com

Downloaded from https:// www.studiestoday.com

# ਬੀਰ-ਕਾਵਿ

## ਆਮ ਜਾਣਕਾਰੀ

ਬੀਰ-ਕਾਵਿ ਤੋਂ ਭਾਵ ਉਹਨਾਂ ਕਾਵਿ-ਰਚਨਾਵਾਂ ਤੋਂ ਹੈ ਜਿਨ੍ਹਾਂ ਵਿੱਚ ਬੀਰਤਾ ਦਾ ਵਰਨਣ ਹੋਵੇ। ਅਜਿਹੀਆਂ ਰਚਨਾਵਾਂ ਦਾ ਵਿਸ਼ਾ ਯੁੱਧ-ਵਰਨਣ ਤੇ ਯੋਧਿਆਂ ਦਾ ਜਸ-ਗਾਇਨ ਹੁੰਦਾ ਹੈ। ਇਹਨਾਂ ਦਾ ਪ੍ਰਧਾਨ ਰਸ ਬੀਰ-ਰਸ ਹੈ ਪਰ ਯੁੱਧ-ਭੂਮੀ ਨਾਲ਼ ਸੰਬੰਧਿਤ ਹੋਰ ਰਸ, ਜਿਵੇਂ ਕਿ ਭਿਆਨਕ ਰਸ, ਰੌਦਰ ਰਸ, ਵੀਭਤਸ ਰਸ ਆਦਿ ਸਹਾਇਕ ਰਸਾਂ ਦੇ ਰੂਪ ਵਿੱਚ ਆਉਂਦੇ ਹਨ। ਬੀਰ-ਕਾਵਿ ਦਾ ਰੂਪ, ਕਿੱਸੇ ਵਾਂਗ ਹੀ, ਬਿਰਤਾਂਤਿਕ ਹੁੰਦਾ ਹੈ। ਬੀਰ-ਕਾਵਿ ਦੇ ਦੋ ਭੇਦ ਮੰਨੇ ਗਏ ਹਨ:

1. ਵਾਰ
2. ਜੰਗਨਾਮਾ

**ਵਾਰ ਦੀ ਪਰਿਭਾਸ਼ਾ—** ਵਾਰ ਸ਼ਬਦ ਦੇ ਕਈ ਅਰਥ ਹਨ, ਜਿਵੇਂ : ਵਾਰ ਕਰਨਾ, ਟੱਕਰ ਲੈਣੀ, ਪ੍ਰਸੰਸਾ ਕਰਨੀ (ਵਾਰਾਂ ਗਾਉਣਾ) ਆਦਿ। ਵਾਰ ਕਾਵਿ-ਰੂਪ ਵਿੱਚ ਦੋ ਧਿਰਾਂ ਦੀ ਟੱਕਰ ਨੂੰ ਵਿਸ਼ਾ ਬਣਾਇਆ ਜਾਂਦਾ ਹੈ। ਇੱਕ ਨਾਇਕ ਧਿਰ ਹੁੰਦੀ ਹੈ ਤੇ ਦੂਜੀ ਖਲਨਾਇਕ। ਨਾਇਕ ਧਿਰ ਨੂੰ ਆਮ ਤੌਰ 'ਤੇ ਜੇਤੂ ਦਿਖਾ ਕੇ ਪਾਠਕਾਂ ਤੇ ਸਰੋਤਿਆਂ ਦੇ ਹੌਸਲੇ ਬੁਲੰਦ ਕੀਤੇ ਜਾਂਦੇ ਹਨ। ਯੋਧਿਆਂ ਤੇ ਸੂਰਬੀਰ ਨਾਇਕਾਂ ਦੀ ਪ੍ਰਸੰਸਾ ਕੀਤੀ ਜਾਂਦੀ ਹੈ।

**ਜੰਗਨਾਮਾ ਕੀ ਹੈ ? —** ਜੰਗਨਾਮਾ ਦੋ ਧਿਰਾਂ ਵਿਚਕਾਰ ਲੜੀ ਕਿਸੇ ਜੰਗ ਦਾ ਬਿਰਤਾਂਤ ਹੁੰਦਾ ਹੈ। ਇਸ ਕਾਵਿ-ਭੇਦ ਦੇ ਕੁਝ ਲੱਛਣ ਵਾਰ ਵਾਲ਼ੇ ਹੀ ਹਨ ਪਰ ਇਸ ਦੇ ਲਈ ਇਹ ਜ਼ਰੂਰੀ ਨਹੀਂ ਕਿ ਲੇਖਕ ਨਾਇਕ ਧਿਰ ਨੂੰ ਜੇਤੂ ਹੀ ਵਿਖਾਏ। ਉਸਦਾ ਮਨੋਰਥ ਤਾਂ ਕੇਵਲ ਜੰਗ ਦਾ ਬਿਆਨ ਕਰਨਾ ਹੀ ਹੁੰਦਾ ਹੈ। ਜੰਗਨਾਮੇ ਵਿੱਚ ਕਈ ਵਾਰੀ ਨਾਇਕ ਧਿਰ ਹਾਰਦੀ ਵੀ ਦਿਖਾਈ ਜਾਂਦੀ ਹੈ।

ਬੀਰ-ਕਾਵਿ ਲਈ ਕਈ ਛੰਦ ਵਰਤੇ ਗਏ ਹਨ, ਜਿਵੇਂ; ਨਿਸ਼ਾਨੀ, ਬੈਂਤ, ਸਵਈਆ, ਕੁੰਡਲੀਆ ਆਦਿ। ਪਰ ਵਾਰ ਲਈ ਆਮ ਤੌਰ 'ਤੇ ਨਿਸ਼ਾਨੀ ਛੰਦ (ਪਉੜੀ ਰੂਪ ਵਿੱਚ) ਹੀ ਵਧੇਰੇ ਵਰਤਿਆ ਜਾਂਦਾ ਰਿਹਾ ਹੈ। ਵਾਰਾਂ, ਵਿਸ਼ੇਸ਼ ਤੌਰ 'ਤੇ ਗਾਉਣ ਲਈ ਰਚੀਆਂ ਜਾਂਦੀਆਂ ਹਨ। ਪੰਜਾਬ ਵਿੱਚ ਹੁਣ ਤੱਕ ਭੱਟ ਤੇ ਢਾਡੀ ਵਾਰਾਂ ਗਾਉਂਦੇ ਰਹੇ ਹਨ।

ਜਿਵੇਂ ਕਿ ਇਸੇ ਪਾਠ-ਪੁਸਤਕ ਦੇ 'ਕਵਿਤਾ ਦੇ ਇਤਿਹਾਸ' ਭਾਗ ਦੀ ਆਦਿਕਾ ਵਿੱਚ ਤੁਸੀਂ ਪੜ੍ਹਿਆ ਹੈ ਕਿ ਪੰਜਾਬੀ ਬੀਰ-ਕਾਵਿ ਦਾ ਮੁੱਢ ਪੂਰਵ-ਮੁਗ਼ਲ-ਕਾਲ ਵਿੱਚ ਹੀ ਬੱਝ ਗਿਆ ਸੀ ਪਰ ਇਸ ਕਾਲ ਦੀਆਂ ਵਾਰਾਂ ਆਪਣੇ ਸੰਪੂਰਨ ਲਿਖਤੀ ਰੂਪ ਵਿੱਚ ਪ੍ਰਾਪਤ ਨਹੀਂ ਹੁੰਦੀਆਂ। ਇਹ ਭੱਟਾਂ ਦੁਆਰਾ ਮੌਖਿਕ ਰੂਪ ਵਿੱਚ ਗਾਇਣ ਵਿੱਚ ਹੀ ਪ੍ਰਚਲਿਤ ਰਹੀਆਂ ਹੋਣਗੀਆਂ। ਗੁਰੂ ਗ੍ਰੰਥ ਸਾਹਿਬ ਵਿੱਚ ਇਹਨਾਂ ਵਾਰਾਂ ਦੇ ਹਵਾਲੇ ਆਉਂਦੇ ਹਨ। ਇਹ ਵਾਰਾਂ ਉਸ ਸਮੇਂ ਦੇ ਰਾਜਪੂਤ ਰਾਜੇ-ਰਜਵਾੜਿਆਂ ਦੀਆਂ ਆਪਸੀ ਲੜਾਈਆਂ ਉੱਤੇ ਆਧਾਰਿਤ ਹਨ। ਇਹਨਾਂ ਦੇ ਆਪਸੀ ਯੁੱਧਾਂ ਦਾ ਕਾਰਨ ਜ਼ਰ, ਜੋਰੂ ਤੇ ਜ਼ਮੀਨ ਹੈ। ਇਹ ਵਾਰਾਂ ਇੱਕ ਤਰ੍ਹਾਂ ਲੋਕ-ਕਾਵਿ ਦਾ ਹੀ ਨਮੂਨਾ ਹਨ ਕਿਉਂਕਿ ਇਹਨਾਂ ਦੇ ਲੇਖਕਾਂ ਬਾਰੇ ਕੋਈ ਪੱਕੀ ਗਵਾਹੀ ਨਹੀਂ ਮਿਲ਼ਦੀ।

**ਅਧਿਆਤਮਿਕ ਵਾਰਾਂ** : ਮੁਗ਼ਲ ਕਾਲ ਵਿੱਚ ਸਿੱਖ ਗੁਰੂਆਂ ਨੇ ਜੋ ਅਧਿਆਤਮਿਕ ਵਾਰਾਂ ਲਿਖੀਆਂ ਇਹਨਾਂ ਦੀ ਗਿਣਤੀ 22 ਹੈ। ਇਹਨਾਂ ਵਿੱਚੋਂ ਤਿੰਨ ਵਾਰਾਂ ਗੁਰੂ ਨਾਨਕ ਦੇਵ, ਚਾਰ ਗੁਰੂ ਅਮਰਦਾਸ, ਅੱਠ ਗੁਰੂ ਰਾਮਦਾਸ, ਛੇ ਗੁਰੂ ਅਰਜਨ ਦੇਵ ਤੇ ਇੱਕ ਵਾਰ ਸੱਤਾ-ਬਲਵੰਡ ਦੀ ਹੈ।



Downloaded from https:// www.studiestoday.com

Downloaded from https:// www.studiestoday.com

ਇਹਨਾਂ ਵਾਰਾਂ ਨੂੰ ਸ਼ੁੱਧ ਬੀਰ-ਕਾਵਿ ਦੇ ਵਰਗ ਵਿੱਚ ਨਹੀਂ ਰੱਖਿਆ ਜਾਂਦਾ ਕਿਉਂਕਿ ਇਹਨਾਂ ਵਿੱਚ ਨਾ ਤਾਂ ਕਿਸੇ ਬਾਹਰਮੁਖੀ ਯੁੱਧ ਦਾ ਬਿਆਨ ਹੈ ਤੇ ਨਾ ਦੋ ਵੀਰ ਪੁਰਸ਼ਾਂ ਵਿੱਚ ਟੱਕਰ। ਇਹਨਾਂ ਵਿਚਲੀ ਟੱਕਰ ਮਨੁੱਖੀ ਚਰਿੱਤਰ ਦੇ ਵਿਕਾਰਾਂ ਤੇ ਗੁਣਾਂ ਵਿਚਾਲੇ ਹੈ, ਜਿਵੇਂ : ਨੇਕੀ-ਬਦੀ, ਸੱਚ-ਝੂਠ ਆਦਿ। ਇਹ ਵਾਰਾਂ ਉਪਦੇਸ਼ਾਤਮਿਕ ਸਾਹਿਤ ਵਿੱਚ ਆਉਂਦੀਆਂ ਹਨ ਤੇ ਇਹਨਾਂ ਵਿੱਚ ਜਸ-ਗਾਇਨ ਰੱਬ ਦਾ ਜਾਂ ਰੱਬ-ਰੂਪ ਭਗਤਾਂ, ਸੰਤਾਂ, ਗੁਰੂਆਂ ਦਾ ਹੈ ਪਰ ਆਪਣੇ ਛੰਦ ਕਾਰਨ ਤੇ ਰੂਪਕ ਬਣਤਰ ਕਾਰਨ ਇਹਨਾਂ ਨੂੰ ਵਾਰਾਂ ਹੀ ਆਖਿਆ ਜਾਂਦਾ ਹੈ। ਇਸੇ ਤਰ੍ਹਾਂ ਭਾਈ ਗੁਰਦਾਸ ਦੀਆਂ 39 ਵਾਰਾਂ ਵੀ ਆਪਣੇ ਛੰਦ, ਰੂਪ ਤੇ ਗੁਰੂਆਂ, ਭਗਤਾਂ ਆਦਿ ਦੇ ਜਸ-ਗਾਇਨ ਕਾਰਨ ਵਾਰਾਂ ਕਹੀਆਂ ਜਾਂਦੀਆਂ ਹਨ।

## ਪ੍ਰਮੁੱਖ ਵਾਰਾਂ

ਪੰਜਾਬੀ ਬੀਰ-ਕਾਵਿ ਦੇ ਇਤਿਹਾਸ ਵਿੱਚ ਜਿਹੜੀਆਂ ਵਾਰਾਂ ਤੇ ਜੰਗਨਾਮਿਆਂ ਨੂੰ ਪ੍ਰਸਿੱਧੀ ਪ੍ਰਾਪਤ ਹੋਈ, ਉਹ ਹਨ : (1) ਚੰਡੀ ਦੀ ਵਾਰ (2) ਵਾਰ ਨਾਦਰ ਸ਼ਾਹ, (3) ਚੱਠਿਆਂ ਦੀ ਵਾਰ (4) ਜੰਗਨਾਮਾ ਸ਼ਾਹ ਮੁਹੰਮਦ।

### 1. ਚੰਡੀ ਦੀ ਵਾਰ

ਗੁਰੂ ਗੋਬਿੰਦ ਸਿੰਘ ਦੇ ਜੀਵਨ ਅਤੇ ਗੁਰਮਤਿ-ਕਾਵਿ ਰਚਨਾ ਬਾਰੇ ਜਾਣਕਾਰੀ ਤੁਸੀਂ ਇਸੇ ਪੁਸਤਕ ਦੇ 'ਪੰਜਾਬੀ ਕਵਿਤਾ ਦਾ ਇਤਿਹਾਸ' ਭਾਗ ਵਿੱਚ ਗੁਰਮਤਿ ਕਾਵਿ ਦੇ 'ਪ੍ਰਮੁੱਖ ਗੁਰਮਤਿ ਕਵੀ' ਸਿਰਲੇਖ ਅਧੀਨ ਪ੍ਰਾਪਤ ਕਰ ਚੁੱਕੇ ਹੋ। ਇੱਥੇ ਅਸੀਂ ਉਹਨਾਂ ਦਾ ਜ਼ਿਕਰ ਬੀਰ-ਕਾਵਿ ਦੇ ਕਵੀ ਰੂਪ ਵਿੱਚ ਕਰਾਂਗੇ।

ਪੰਜਾਬੀ ਬੀਰ-ਕਾਵਿ ਦਾ ਠੇਠ ਰੂਪ ਗੁਰੂ ਗੋਬਿੰਦ ਸਿੰਘ ਦੁਆਰਾ ਰਚੀ 'ਚੰਡੀ ਦੀ ਵਾਰ' ਹੈ। 'ਚੰਡੀ ਦੀ ਵਾਰ' ਪੰਜਾਬੀ ਸਾਹਿਤ ਦੀ ਪਹਿਲੀ ਬੀਰ-ਰਸੀ ਰਚਨਾ ਹੈ। ਇਸ ਵਾਰ ਵਿੱਚ ਗੁਰੂ ਗੋਬਿੰਦ ਸਿੰਘ ਨੇ ਤ੍ਰੇਤੇ ਯੁੱਗ ਦੀ ਇੱਕ ਮਿਥਿਹਾਸਿਕ ਕਥਾ ਨੂੰ ਆਧਾਰ ਬਣਾਇਆ ਹੈ। ਇਹ ਕਹਾਣੀ ਦੁਰਗਾ ਤੇ ਦੈਂਤਾਂ ਵਿੱਚ ਹੋਈਆਂ ਛੇ ਲੜਾਈਆਂ 'ਤੇ ਆਧਾਰਿਤ ਹੈ ਜੋ ਦੁਰਗਾ ਨੇ ਦੈਂਤਾਂ ਤੋਂ ਰਾਜ ਖੋਹ ਕੇ ਇਸ ਦੇ ਅਸਲੀ ਹੱਕਦਾਰ ਦੇਵਤਾ ਇੰਦਰ ਨੂੰ ਦੇਣ ਲਈ ਲੜੀਆਂ।

'ਚੰਡੀ ਦੀ ਵਾਰ' ਦੇ ਕੁੱਲ 55 ਬੰਦ ਹਨ। ਇਹਨਾਂ ਵਿੱਚੋਂ54 ਪਉੜੀਆਂ ਹਨ ਤੇ ਇੱਕ ਦੋਹਿਰਾ। 'ਚੰਡੀ ਦੀ ਵਾਰ' ਦੀ ਵਿਸ਼ੇਸ਼ਤਾ ਦੋ ਕਾਰਨਾਂ ਕਰਕੇ ਹੈ: ਸਮਾਜਿਕ ਤੇ ਸਾਹਿਤਿਕ। ਇਸ ਦੀ ਸਮਾਜਿਕ ਵਿਸ਼ੇਸ਼ਤਾ ਗੁਰੂ ਸਾਹਿਬ ਦੇ ਸਮਕਾਲੀ ਸਮਾਜ ਦੇ ਪ੍ਰਸੰਗ ਵਿੱਚ ਹੈ। ਉਸ ਸਮੇਂ ਇੱਕ ਪਾਸੇ ਜਾਬਰ ਤੇ ਜ਼ਾਲਮ ਮੁਗ਼ਲੀਆ ਰਾਜ ਸੀ ਤੇ ਦੂਜੇ ਪਾਸੇ ਨਿਰਬਲ ਤੇ ਮਸੂਮ ਜਨਤਾ ਜੋ ਮੁਗ਼ਲੀਆ ਹਕੂਮਤ ਦੇ ਜ਼ੁਲਮਾਂ ਦਾ ਸ਼ਿਕਾਰ ਸੀ। ਇਸ ਵਾਰ ਦੀ ਰਚਨਾ ਪਿੱਛੇ ਗੁਰੂ ਗੋਬਿੰਦ ਸਿੰਘ ਦਾ ਇੱਕ ਵਿਸ਼ੇਸ਼ ਉਦੇਸ਼ ਸੀ, ਭਾਰਤ ਦੀ ਨਿਰਬਲ ਜਨਤਾ ਨੂੰ ਜ਼ੁਲਮ ਨਾਲ਼ ਟੱਕਰ ਲੈਣ ਲਈ ਤਿਆਰ ਕਰਨਾ। ਇਸ ਲਈ ਸਾਰੀ ਵਾਰ ਵਿੱਚ ਯੁੱਧ ਲਈ ਉਤਸ਼ਾਹ, ਮਰ ਮਿਟਣ ਦੇ ਚਾਅ ਤੇ ਨਿਰਭੈਤਾ ਦੇ ਭਾਵਾਂ ਦਾ ਸੰਚਾਰ ਕੀਤਾ ਗਿਆ ਹੈ। ਯੁੱਧ ਦੇ ਮੈਦਾਨ ਦੇ ਦ੍ਰਿਸ਼ ਭੈ-ਭੀਤ ਨਹੀਂ ਕਰਦੇ ਸਗੋਂ ਇਸ ਵਾਰ ਨੂੰ ਪੜ੍ਹ-ਸੁਣ ਕੇ ਯੁੱਧ ਇੱਕ ਪਵਿੱਤਰ ਜਿਹੀ ਚੀਜ਼ ਲੱਗਣ ਲੱਗ ਪੈਂਦਾ ਹੈ। ਵਾਰ ਦੀ ਨਾਇਕਾ ਦਾ ਇੱਕ ਇਸਤਰੀ ਹੋਣਾ, ਪਾਠਕ-ਸਰੋਤੇ ਦੇ ਉਤਸ਼ਾਹ ਵਿੱਚ ਹੋਰ ਵਾਧਾ ਕਰਦਾ ਹੈ ਕਿਉਂਕਿ ਮੁਗ਼ਲ ਸਾਮਰਾਜ ਸਮੇਂ ਇਸਤਰੀ ਸਭ ਤੋਂ ਵੱਧ ਜ਼ੁਲਮ ਦਾ ਸ਼ਿਕਾਰ ਸੀ, ਇਸ ਲਈ ਦੁਰਗਾ ਨੂੰ ਸ਼ੇਰ ਦੀ ਸਵਾਰੀ ਕਰਦਿਆਂ ਤੇ ਲੜਦਿਆਂ ਦਿਖਾ ਕੇ ਗੁਰੂ ਸਾਹਿਬ ਨੇ ਨਿਰਬਲ ਵਰਗਾਂ ਨੂੰ ਉਤਸ਼ਾਹਿਤ ਕਰਨ ਦਾ



Downloaded from https:// www.studiestoday.com

Downloaded from https:// www.studiestoday.com

ਜਤਨ ਕੀਤਾ। ਇਸੇ ਲਈ ਉਹਨਾਂ ਨੇ ਯੁੱਧ ਨੂੰ ਵੀ ਇੱਕ ਜਸ਼ਨ ਵਾਂਗ ਚਿਤਰਿਆ ਹੈ—

ਜੰਗ ਮੁਸਾਫਾ ਬੱਜਿਆ ਰਣ ਘੁਰੇ ਨਗਾਰੇ ਚਾਵਲੇ।
ਝੂਲਣ ਨੇਜੇ ਬੈਰਕਾਂ ਨੀਸਾਣਿ ਲਸਨਿ ਲਸਾਵਲੇ।
ਢੋਲ ਨਗਾਰੇ ਪਉਣ ਦੇ ਊਂਘਣ ਘਣ ਜਾਣ ਜਟਾਵਲੇ।

ਸਾਹਿਤਿਕ ਪੱਖੋਂ 'ਚੰਡੀ ਦੀ ਵਾਰ' ਦੇ ਬਰਾਬਰ ਦੀ ਇੱਕ ਵੀ ਹੋਰ ਰਚਨਾ ਪੰਜਾਬੀ ਸਾਹਿਤ ਵਿੱਚ ਨਹੀਂ ਲੱਭਦੀ। ਇਸ ਵਾਰ ਦੀ ਭਾਸ਼ਾ, ਇਸ ਦਾ ਛੰਦ-ਪ੍ਰਬੰਧ ਤੇ ਇਸ ਦਾ ਬਿਆਨ-ਢੰਗ ਸਮੁੱਚੀ ਵਾਰ ਨੂੰ ਮਹਾਨ ਰਚਨਾ ਬਣਾ ਦਿੰਦਾ ਹੈ। ਅਲੰਕਾਰਿਕ ਖ਼ੂਬੀਆਂ ਤੇ ਭਾਸ਼ਾ ਦੀ ਠੇਠਤਾ ਦੇ ਪੱਖੋਂ ਇਹ ਇੱਕ ਬੇਮਿਸਾਲ ਰਚਨਾ ਹੈ ਅਤੇ ਇਸ ਵਿੱਚ ਉਪਮਾ, ਰੂਪਕ ਤੇ ਅਤਿਕਥਨੀ ਅਲੰਕਾਰ ਦੀ ਭਰਪੂਰ ਵਰਤੋਂ ਹੋਈ ਹੈ। ਅਤਿਕਥਨੀ ਅਲੰਕਾਰ ਦੀ ਉਦਾਹਰਨ ਵੇਖੋ:

ਕੋਪਰ ਚੂਰ ਚਵਾਣੀ ਲੱਥੀ ਕਰਗ ਲੈ
ਪਾਖਰ ਤੁਰਾ ਪਲਾਣੀ ਰੜਕੀ ਧਰਤ ਜਾਇ,
ਲੈਂਦੀ ਅਘਾ ਸਿਧਾਣੀ ਸਿੰਗਾਂ ਧਉਲ ਦਿਆਂ,
ਕੂਰਮ ਸਿਰ ਲਹਿਲਾਣੀ ਦੁਸ਼ਮਨ ਮਾਰਿ ਕੈ।

ਯੁੱਧ ਦੇ ਦ੍ਰਿਸ਼ਾਂ ਨੂੰ ਤੇ ਦੇਵੀ ਦੇ ਵਾਰ ਨਾਲ਼ ਘਾਇਲ ਹੁੰਦੇ ਮਰਦ ਦੈਤਾਂ ਦੇ ਦ੍ਰਿਸ਼ਾਂ ਨੂੰ ਵਿਆਹ, ਖ਼ੁਸ਼ੀ ਤੇ ਮੌਜ ਦੇ ਰੂਪਕਾਂ ਰਾਹੀਂ ਦਰਸਾ ਕੇ ਯੁੱਧ ਦੀ ਭਿਆਨਕਤਾ ਨੂੰ ਵੀ ਘਟਾਇਆ ਗਿਆ ਹੈ ਤੇ ਯੁੱਧ ਨੂੰ ਇੱਕ ਕਰਮ ਵੀ ਸਿੱਧ ਕੀਤਾ ਗਿਆ ਹੈ:

ਡੁਬ ਰਤੂ ਨਾਲਹੁ ਨਿਕਲੀ ਬਰਛੀ ਦੁਧਾਰੀ
ਜਾਣ ਰਜਾਦੀ ਉਤਰੀ ਪੈਨ੍ਹ ਸੂਹੀ ਸਾਰੀ।

ਜਾਂ

ਹੂਰਾਂ ਸ੍ਰਣਵਤ ਬੀਜ ਨੂੰ ਘਤਿ ਘੇਰਿ ਖਲੋਈਆਂ
ਲਾੜਾ ਦੇਖਨਿ ਲਾੜੀਆਂ ਚਉਗਰਦੇ ਹੋਈਆਂ।

ਇਸ ਵਾਰ ਦਾ ਛੰਦ ਨਿਸ਼ਾਨੀ ਤੇ ਪਉੜੀ ਕਾਵਿ-ਰੂਪ ਹੈ ਅਤੇ ਇਸ ਵਿੱਚ ਪਉੜੀ ਦੇ ਵੱਖ-ਵੱਖ ਰੂਪਾਂ ਨੂੰ ਵਰਤਿਆ ਗਿਆ ਹੈ। ਵਿਸ਼ੇਸ਼ ਤੌਰ 'ਤੇ ਪਉੜੀ ਦੇ ਹੀ ਇੱਕ ਰੂਪ ਸਿਰਖੰਡੀ ਨੂੰ ਬੜੀ ਸਫ਼ਲਤਾ ਨਾਲ਼ ਵਰਤਿਆ ਗਿਆ ਹੈ:

ਦੇਵੀ ਦਸਤ ਨਚਾਈ ਸੀਹਣ ਸਾਰ ਦੀ।
ਪੇਟ ਮਲੰਦੇ ਲਾਈ ਮਹਿਖੇ ਦੈਂਤ ਨੂੰ
ਗੁਰਦੇ ਆਂਦਾਂ ਖਾਈ ਨਾਲੇ ਰੁਕੜੇ।

ਆਪਣੇ ਉਪਰੋਕਤ ਗੁਣਾਂ ਕਾਰਨ 'ਚੰਡੀ ਦੀ ਵਾਰ' ਸਮੁੱਚੇ ਪੰਜਾਬੀ ਬੀਰ-ਕਾਵਿ ਵਿੱਚ ਇੱਕ ਸਰਬੋਤਮ ਰਚਨਾ ਹੈ।



Downloaded from https:// www.studiestoday.com

Downloaded from https:// www.studiestoday.com

2. **ਵਾਰ ਨਾਦਰ ਸ਼ਾਹ**

ਵਾਰ ਨਾਦਰ ਸ਼ਾਹ ਨਜਾਬਤ ਦੀ ਲਿਖੀ ਹੋਈ ਹੈ। ਨਜ਼ਾਬਤ ਪਿੰਡ ਮਦੀਲਾ ਹਰਲਾਂ, ਜ਼ਿਲ੍ਹਾ ਸ਼ਾਹਪੁਰ ਦਾ ਵਸਨੀਕ ਸੀ। ਉਸ ਦਾ ਸਮਾਂ 19ਵੀਂ ਸਦੀ ਦਾ ਅਰੰਭ ਮੰਨਿਆ ਜਾਂਦਾ ਹੈ। ਇਸ ਵਾਰ ਨੂੰ 'ਨਜਾਬਤ ਦੀ ਵਾਰ' ਵੀ ਕਿਹਾ ਜਾਂਦਾ ਹੈ।

ਇਸ ਵਾਰ ਵਿੱਚ ਨਾਦਰ ਸ਼ਾਹ ਦੇ ਹਮਲੇ ਨੂੰ ਵਿਸ਼ਾ ਬਣਾਇਆ ਗਿਆ ਹੈ। ਨਾਦਰ ਸ਼ਾਹ ਨੇ ਪਿਛਲੇਰੇ ਮੁਗ਼ਲ-ਕਾਲ (1739 ਈ.) ਵਿੱਚ ਭਾਰਤ 'ਤੇ ਹਮਲਾ ਕੀਤਾ। ਦਿੱਲੀ ਦੇ ਤਖ਼ਤ 'ਤੇ ਉਸ ਸਮੇਂ ਮੁਹੰਮਦ ਸ਼ਾਹ ਰੰਗੀਲੇ ਦਾ ਰਾਜ ਸੀ। ਰੰਗੀਲਾ ਇੱਕ ਐਸ਼-ਪ੍ਰਸਤ ਬਾਦਸ਼ਾਹ ਸੀ। ਉਸ ਦੇ ਰਾਜ-ਕਾਲ ਦੌਰਾਨ ਦਿੱਲੀ-ਦਰਬਾਰ ਫੁੱਟ ਦਾ ਸ਼ਿਕਾਰ ਹੋ ਚੁੱਕਾ ਸੀ ਤੇ ਫ਼ੌਜੀ ਸ਼ਕਤੀ ਢਿੱਲੀ ਪੈ ਗਈ ਸੀ। ਅਜਿਹੇ ਨਾਜ਼ਕ ਸਮੇਂ ਨਾਦਰ ਸ਼ਾਹ ਨੇ ਭਾਰਤ 'ਤੇ ਹਮਲਾ ਕੀਤਾ। ਨਜਾਬਤ ਨੇ ਇਹ ਵਾਰ ਦਿੱਲੀ-ਦਰਬਾਰ ਦੀ ਫੁੱਟ ਤੋਂ ਸ਼ੁਰੂ ਕੀਤੀ ਹੈ। ਵਾਰ ਦਾ ਅਰੰਭ ਬੜਾ ਨਾਟਕੀ ਹੈ। ਲੇਖਕ ਨੇ ਕਲ ਤੇ ਨਾਰਦ ਨਾਂ ਦੇ ਦੋ ਮਿਥਿਹਾਸਿਕ ਪਾਤਰ ਘੜ ਕੇ ਉਹਨਾਂ ਦੀ ਆਪਸੀ ਲੜਾਈ ਰਾਹੀਂ ਇਸ ਫੁੱਟ ਨੂੰ ਮੂਰਤੀਮਾਨ ਕੀਤਾ ਹੈ। ਕਲ ਨਾਰਦ ਨਾਲ਼ ਲੜ ਕੇ ਨਾਦਰ ਸ਼ਾਹ ਦੇ ਦਰਬਾਰ ਵਿੱਚ ਜਾਂਦੀ ਹੈ ਤੇ ਉਸ ਨੂੰ ਭਾਰਤ 'ਤੇ ਹਮਲਾ ਕਰਨ ਲਈ ਉਕਸਾਉਂਦੀ ਹੈ। ਇਸੇ ਤਰ੍ਹਾਂ ਨਾਰਦ ਮੁਹੰਮਦ ਸ਼ਾਹ ਰੰਗੀਲੇ ਨੂੰ ਭੜਕਾਉਂਦਾ ਹੈ। ਕਲ ਤੇ ਨਾਰਦ ਅਸਲ ਵਿੱਚ ਉਹਨਾਂ ਰਾਜਿਆਂ ਤੇ ਵਜ਼ੀਰਾਂ ਦੇ ਪ੍ਰਤੀਕ ਹਨ, ਜਿਨ੍ਹਾਂ ਨੇ ਆਪਣੇ ਸੁਆਰਥ ਲਈ ਸਾਰੇ ਭਾਰਤ ਨੂੰ ਜੰਗ ਦੇ ਮੂੰਹ ਵਿੱਚ ਧਕੇਲ ਦਿੱਤਾ। ਕਲ ਅਰਥਾਤ ਕਲੇਸ ਦੀ ਤਸਵੀਰ ਨਜਾਬਤ ਨੇ ਬੜੇ ਸੁੰਦਰ ਢੰਗ ਨਾਲ਼ ਖਿੱਚੀ ਹੈ:

ਬਾਦਸ਼ਾਹ ਆਖੇ ਵਜ਼ੀਰ ਨੂੰ ਇੱਕ ਅਜਬ ਜ਼ਨਾਨੀ।
ਉਹ ਆਵੇ ਸਾਡੇ ਸਾਹਮਣੇ ਹਰ ਰੋਜ਼ ਮੁਦਾਮੀ।
ਉਹਦਾ ਸਿਰ ਖੁੱਲ੍ਹਾ ਦੰਦ ਦਰਾਜ਼ ਤੇ ਸਿਆਹ ਪੇਸ਼ਾਨੀ
ਉਹ ਆਦਮੀਆਂ ਦੀ ਰੱਤ ਮਿਝ ਮੰਗੇ ਮਿਜ਼ਮਾਨੀ

ਇਹ ਮੰਨਿਆ ਜਾਂਦਾ ਹੈ ਕਿ ਨਜਾਬਤ ਦੀ ਵਾਰ ਆਪਣੇ ਅਧੂਰੇ ਰੂਪ ਵਿੱਚ ਪ੍ਰਾਪਤ ਹੋਈ ਹੈ। ਪ੍ਰਾਪਤ ਵਾਰ ਦੀਆਂ ਕੁੱਲ 86 ਪਉੜੀਆਂ ਹਨ ਤੇ ਇਸ ਵਿੱਚ ਦਿੱਲੀ ਦੇ ਭਿਆਨਕ ਕਤਲੇਆਮ ਦਾ ਕੋਈ ਜ਼ਿਕਰ ਨਹੀਂ। ਇਸ ਤੋਂ ਜਾਪਦਾ ਹੈ ਕਿ ਸ਼ਾਇਦ ਇਸ ਵਾਰ ਦਾ ਕੁਝ ਹਿੱਸਾ ਗੁੰਮ ਹੋ ਗਿਆ ਹੋਵੇ। ਉਂਞ ਨਜਾਬਤ ਨੂੰ ਵਾਰ-ਰਚਨਾ ਦੀ ਕਾਫ਼ੀ ਸੂਝ ਹੈ ਤੇ ਇਸ ਵਾਰ ਦੀ ਮਹਾਨਤਾ ਯੁੱਧ-ਵਰਨਣ ਦੀ ਦ੍ਰਿਸ਼ਟੀ ਤੋਂ ਹੈ। ਕਵੀ ਦਾ ਬਿਆਨ-ਢੰਗ ਰਸ-ਭਰਪੂਰ ਹੈ। ਨਾਦਰਸ਼ਾਹ ਦੀ ਫ਼ੌਜ ਦੇ ਜ਼ੁਲਮਾਂ ਦਾ ਵਰਨਣ ਉਸ ਨੇ ਬੜੇ ਕਰੁਣਾਮਈ ਢੰਗ ਨਾਲ਼ ਕੀਤਾ ਹੈ:

ਇੱਕ ਚੜ੍ਹੇ ਪਠਾਨ ਵਲਾਇਤੀ ਲਹੂ ਤਿਰਹਾਏ।
ਉਨ੍ਹਾਂ ਮਾਂਵਾਂ ਤੋਂ ਬੱਚੇ ਪਕੜ ਕੇ ਚੁੱਕ ਜ਼ਿਬ੍ਹਾ ਕਰਾਏ।

ਯੁੱਧ-ਭੂਮੀ ਦੇ ਦ੍ਰਿਸ਼, ਦੋਂਹਾਂ ਧਿਰਾਂ ਦੀ ਆਪਸੀ ਟੱਕਰ ਤੇ ਯੁੱਧ-ਵਰਨਣ ਲਈ ਵਰਤੀਆਂ ਉਪਮਾਵਾਂ ਤੇ ਅਲੰਕਾਰਾਂ ਦੀ ਮੌਲਿਕਤਾ ਕਾਰਨ 'ਨਜਾਬਤ ਦੀ ਵਾਰ' ਨੂੰ 'ਚੰਡੀ ਦੀ ਵਾਰ' ਤੋਂ ਦੂਜੇ ਨੰਬਰ 'ਤੇ ਰੱਖਿਆ ਜਾਂਦਾ ਹੈ। ਸਾਰੀ ਵਾਰ ਅਲੰਕਾਰਿਕ ਖ਼ੂਬੀਆਂ ਨਾਲ਼ ਭਰਪੂਰ ਹੈ:



Downloaded from https:// www.studiestoday.com

Downloaded from https:// www.studiestoday.com

ਦੋਹੀਂ ਦਲੀਂ ਮੁਕਾਬਲਾ ਰਣ ਸੂਰੇ ਗੜਕਣ।
ਚੜ੍ਹ ਤੋਪਾਂ ਗੱਡੀਂ ਢੁੱਕੀਆਂ ਲੱਖ ਸੰਗਲ ਖੜਕਣ।
ਉਹ ਦਾਗ਼ ਪਲੀਤੇ ਛੱਡੀਆਂ, ਵਾਂਗ ਬੱਦਲ ਕੜਕਣ।
ਜਿਉਂ ਦਰ ਖੁੱਲ੍ਹੇ ਦੋਜ਼ਖਾਂ ਮੂੰਹ ਭਾਹੀਂ ਭੜਕਣ।

ਵਾਰ ਦਾ ਛੰਦ ਨਿਸ਼ਾਨੀ, ਸਿਰਖੰਡੀ ਤੇ ਦਵਈਆ ਹੈ ਤੇ ਬੋਲੀ ਉਸ ਸਮੇਂ ਦੀ ਕੇਂਦਰੀ ਪੰਜਾਬੀ ਹੈ ਪਰ ਇੱਕ ਵਧੀਆ ਬੀਰ-ਰਸੀ ਰਚਨਾ ਹੋਣ ਦੇ ਬਾਵਜੂਦ ਇਹ ਵਾਰ ਪੰਜਾਬੀ ਲੋਕ-ਮਨਾਂ ਦਾ ਹਿੱਸਾ ਨਹੀਂ ਬਣ ਸਕੀ ਕਿਉਂਕਿ ਇਸ ਵਿਚਲਾ ਨਾਇਕ (ਨਾਦਰ ਸ਼ਾਹ) ਭਾਰਤੀ ਇਤਿਹਾਸ ਦਾ ਖਲਨਾਇਕ ਹੈ। ਕਿਸੇ ਵੀ ਦੇਸ ਜਾਂ ਕੌਮ ਦੀ ਬਰਬਾਦੀ ਕਰਨ ਵਾਲ਼ਾ ਮਨੁੱਖ ਭਾਵੇਂ ਕਿੰਨਾ ਵੀ ਬਹਾਦਰ ਕਿਉਂ ਨਾ ਹੋਵੇ, ਉਸ ਕੌਮ ਦਾ ਨਾਇਕ ਨਹੀਂ ਬਣ ਸਕਦਾ। ਇਹੀ ਕਾਰਨ ਹੈ ਕਿ ਨਜਾਬਤ ਦੀ ਵਾਰ ਨੂੰ ਲੋਕ-ਪ੍ਰਸਿੱਧੀ ਨਹੀਂ ਮਿਲ਼ ਸਕੀ।

### 3. ਚੱਠਿਆਂ ਦੀ ਵਾਰ

'ਚੱਠਿਆਂ ਦੀ ਵਾਰ' ਦਾ ਕਰਤਾ ਗੁਜਰਾਤ ਦਾ ਵਸਨੀਕ ਪੀਰ ਮੁਹੰਮਦ ਹੈ। ਇਸ ਵਾਰ ਵਿੱਚ 1770 ਤੋਂ 1790 ਈ. ਦੇ ਦੌਰਾਨ ਮਹਾਰਾਜਾ ਰਣਜੀਤ ਸਿੰਘ ਦੇ ਪਿਤਾ ਮਹਾਂ ਸਿੰਘ ਸ਼ੁਕਰਚਕੀਆ ਤੇ ਗ਼ੁਲਾਮ ਮੁਹੰਮਦ ਚੱਠਾ ਵਿੱਚ ਹੋਈਆਂ ਦੋ ਲੜਾਈਆਂ ਨੂੰ ਆਧਾਰ ਬਣਾਇਆ ਗਿਆ ਹੈ। ਇਹਨਾਂ ਵਿੱਚੋਂ ਇੱਕ ਲੜਾਈ ਸੈਦ ਨਗਰ ਤੇ ਦੂਜੀ ਮਨਚਰ ਵਿੱਚ ਹੋਈ। ਆਮ ਸਮਝਿਆ ਜਾਂਦਾ ਹੈ ਕਿ ਇਹ ਵਾਰ ਜੰਗ ਤੋਂ 60 ਕੁ ਸਾਲ ਬਾਅਦ 1856 ਈ. ਦੇ ਨੇੜੇ-ਤੇੜੇ ਲਿਖੀ ਗਈ। ਇਸ ਵਾਰ ਦਾ ਮੁਹਾਂਦਰਾ ਪੂਰਬ ਮੁਗ਼ਲ ਕਾਲ ਦੀਆਂ ਲੋਕ-ਵਾਰਾਂ ਨਾਲ਼ ਮਿਲ਼ਦਾ ਹੈ ਕਿਉਂਕਿ ਇਸ ਵਿੱਚ ਵੀ ਉਹਨਾਂ ਵਾਰਾਂ ਵਾਂਗ ਹੀ ਦੋ ਰਜਵਾੜਿਆਂ ਦੀ ਆਪਸੀ ਖਹਿਬਾਜ਼ੀ ਤੇ ਉਹਨਾਂ ਦੇ ਜੰਗ ਦਾ ਜ਼ਿਕਰ ਹੈ।

'ਚੱਠਿਆਂ ਦੀ ਵਾਰ' ਦੀਆਂ ਕੁੱਲ 95 ਪਉੜੀਆਂ ਹਨ। ਵਾਰ ਦੇ ਅਰੰਭ ਵਿੱਚ ਰੱਬ ਦੀ ਉਸਤਤ, ਅਰਬੀ ਮਿਥਿਹਾਸ ਬਾਰੇ ਜਾਣਕਾਰੀ ਤੇ ਇਸਲਾਮੀ ਇਤਿਹਾਸਿਕ ਤੇ ਮਿਥਿਹਾਸਿਕ ਸ਼ਖ਼ਸੀਅਤਾਂ ਦਾ ਬਿਆਨ ਹੈ। ਇਸ ਵਾਰ ਵਿੱਚ ਭਾਵੇਂ ਦੋ ਨਾਇਕਾਂ ਵਿਚਾਲ਼ੇ ਲੜੀ ਗਈ ਇੱਕ ਛੋਟੀ ਜਿਹੀ ਜੰਗ ਦਾ ਬਿਆਨ ਹੈ ਪਰ ਯੁੱਧ-ਵਰਨਣ, ਨਾਇਕਾਂ ਦੀ ਸੂਰਬੀਰਤਾ, ਬਿੰਬਾਵਲੀ ਤੇ ਅਲੰਕਾਰਿਕ ਵਿਸ਼ੇਸ਼ਤਾਵਾਂ ਕਰ ਕੇ ਇਹ ਰਚਨਾ ਪੰਜਾਬੀ ਦੇ ਹੋਰ ਬੀਰ-ਕਾਵਿ ਨਾਲ਼ੋਂ ਕਿਸੇ ਤਰ੍ਹਾਂ ਵੀ ਘੱਟ ਨਹੀਂ, ਜਿਵੇਂ:

ਲੱਗੀ ਸੱਟ ਨਗਾਰਿਆਂ ਪਏ ਮਾਰੂ ਵੱਜਣ।
ਤੋਪਾਂ ਹੋਰ ਜੰਬੂਰਚੇ, ਜਿਉਂ ਬੱਦਲ ਗੱਜਣ।
ਘੋੜੇ ਕਰਨ ਸ਼ਿਤਾਬੀਆਂ, ਉੱਠ ਕਟਕੇ ਭੱਜਣ।
ਤੇਗ਼ਾਂ ਬਹੁਤ ਪਿਆਸੀਆਂ, ਨਾ ਰੱਤੋਂ ਰੱਜਣ।

ਪੀਰ ਮੁਹੰਮਦ ਦੀ ਬੋਲੀ ਠੇਠ ਪੰਜਾਬੀ ਮੁਹਾਵਰੇ ਵਾਲ਼ੀ ਹੈ ਭਾਵੇਂ ਕਿਤੇ-ਕਿਤੇ ਫ਼ਾਰਸੀ ਸ਼ਬਦਾਵਲੀ ਦੀ ਭਰਮਾਰ ਰੜਕਦੀ ਹੈ ਪਰ ਸਮੁੱਚੇ ਤੌਰ 'ਤੇ ਇਹ ਭਾਸ਼ਾ ਲੋਕ-ਮੁਹਾਵਰੇ ਵਾਲ਼ੀ ਹੈ, ਜਿਵੇਂ:



Downloaded from https:// www.studiestoday.com

Downloaded from https:// www.studiestoday.com

ਲਸ਼ਕਰ ਮਹਾਂ ਸਿੰਘ ਦਾ ਜਿਉਂ ਸਾਵਣ ਹਾਠਾਂ।
ਟੁਰੀਆਂ ਫ਼ੌਜਾਂ ਜੋੜ ਕੇ, ਦਰਿਆਵੀ ਠਾਠਾਂ।
ਰਾਹ ਛਿਪਾਇਆ ਗਰਦ ਨੇ, ਨ ਦੱਸਣ ਵਾਟਾਂ।
ਲਸ਼ਕਰ ਪਾਰ ਚੜ੍ਹੇਂਦੀਆਂ, ਨ ਵਾਰੀ ਘਾਟਾਂ।

ਇਸ ਵਾਰ ਨੂੰ ਇਤਿਹਾਸਿਕ ਤੌਰ 'ਤੇ ਕੁਝ ਘੱਟ ਪ੍ਰਮਾਣਿਕ ਮੰਨਿਆ ਜਾਂਦਾ ਹੈ ਕਿਉਂਕਿ ਕਵੀ ਨੇ ਕੁਝ ਘਟਨਾਵਾਂ ਨੂੰ ਰਲ਼ਗੱਡ ਵੀ ਕਰ ਦਿੱਤਾ ਹੈ ਤੇ ਪੱਖ-ਪਾਤ ਤੋਂ ਕੰਮ ਵੀ ਲਿਆ ਹੈ। ਪੀਰ ਮੁਹੰਮਦ ਚੱਠੇ ਸਰਦਾਰਾਂ ਦਾ ਕਵੀਸ਼ਰ ਸੀ ਤੇ ਮੁਸਲਮਾਨ ਸੀ। ਇਸ ਲਈ ਉਸ ਨੇ ਮਹਾਂ ਸਿੰਘ ਤੇ ਸਿੱਖ ਫ਼ੌਜ ਦੇ ਮੁਕਾਬਲੇ ਗ਼ੁਲਾਮ ਮੁਹੰਮਦ ਤੇ ਉਸ ਦੀ ਫ਼ੌਜ ਦੀ ਸੂਰਬੀਰਤਾ ਨੂੰ ਵਧੇਰੇ ਉਭਾਰਿਆ ਹੈ ਪਰ ਆਪਣੀਆਂ ਸਾਹਿਤਿਕ ਖ਼ੂਬੀਆਂ ਕਾਰਨ ਇਹ ਵਾਰ ਪੰਜਾਬੀ ਬੀਰ-ਕਾਵਿ ਦੀ ਇੱਕ ਪ੍ਰਾਪਤੀ ਹੈ।

### 4. ਜੰਗਨਾਮਾ ਸ਼ਾਹ ਮੁਹੰਮਦ

ਸ਼ਾਹ ਮੁਹੰਮਦ ਦਾ ਜਨਮ 1782 ਈ. ਵਿੱਚ ਵਡਾਲਾ, ਜ਼ਿਲ੍ਹਾ ਅੰਮ੍ਰਿਤਸਰ ਵਿੱਚ ਹੋਇਆ। ਉਹ ਕੁਰੈਸ਼ੀ ਘਰਾਣੇ ਨਾਲ਼ ਸੰਬੰਧ ਰੱਖਦਾ ਸੀ। ਉਸ ਨੇ ਅੰਗਰੇਜ਼ਾਂ ਤੇ ਸਿੱਖਾਂ ਦੀ ਲੜਾਈ ਨੂੰ ਵਿਸ਼ਾ ਬਣਾ ਕੇ ਇੱਕ ਜੰਗਨਾਮਾ ਲਿਖਿਆ। ਇਹ ਰਚਨਾ 'ਜੰਗ ਸਿੰਘਾਂ ਤੇ ਫ਼ਰੰਗੀਆਂ', 'ਸਿੰਘਾਂ ਤੇ ਅੰਗਰੇਜ਼ਾਂ ਦੀ ਲੜਾਈ', 'ਵਾਰ ਸ਼ਾਹ ਮੁਹੰਮਦ' ਤੇ 'ਜੰਗਨਾਮਾ ਸ਼ਾਹ ਮੁਹੰਮਦ' ਆਦਿ ਕਈ ਨਾਂਵਾਂ ਨਾਲ਼ ਪ੍ਰਸਿੱਧ ਹੈ।

ਇਹ ਰਚਨਾ ਇੱਕ ਜੰਗਨਾਮਾ ਹੈ ਕਿਉਂਕਿ ਇਸ ਵਿੱਚ ਦੋ ਧਿਰਾਂ ਦੀ ਲੜਾਈ ਦਾ ਕੇਵਲ ਬਿਆਨ ਹੈ। ਸ਼ਾਹ ਮੁਹੰਮਦ ਦੀ ਹਮਦਰਦੀ ਸਿੱਖਾਂ ਨਾਲ਼ ਹੈ ਤੇ ਉਹ ਮਹਾਰਾਜਾ ਰਣਜੀਤ ਸਿੰਘ ਨੂੰ ਸਿੱਖਾਂ ਤੇ ਪੰਜਾਬੀਆਂ ਦਾ ਨਾਇਕ ਮੰਨਦਾ ਹੋਇਆ ਉਸ ਪ੍ਰਤਿ ਸ਼ਰਧਾਵਾਨ ਹੈ ਪਰ ਉਸ ਦੀ ਮੌਤ ਮਗਰੋਂ ਸਿੱਖ-ਰਾਜ ਦੇ ਵਾਰਸ ਆਪਸੀ ਫੁੱਟ ਤੇ ਘਟਦੀ ਫ਼ੌਜੀ ਸ਼ਕਤੀ ਕਾਰਨ ਇੱਕ ਹਾਰੀ ਹੋਈ ਕੌਮ ਦੇ ਨੁਮਾਇੰਦੇ ਬਣ ਕੇ ਰਹਿ ਗਏ। ਇਸ ਲਈ ਇਸ ਰਚਨਾ ਵਿੱਚ ਵਾਰ ਦੀਆਂ ਵਿਸ਼ੇਸ਼ਤਾਵਾਂ ਘੱਟ ਹਨ ਕਿਉਂਕਿ ਨਾ ਤਾਂ ਸਿੱਖ-ਫ਼ੌਜ ਜੇਤੂ ਹੈ ਤੇ ਨਾ ਹੀ ਪ੍ਰਸੰਸਾਯੋਗ। ਕੁਝ ਕੁ ਆਗੂ ਜਿਵੇਂ ਸ. ਸ਼ਾਮ ਸਿੰਘ ਅਟਾਰੀ ਆਦਿ ਜ਼ਰੂਰ ਜਾਨ-ਹੂਲਵੀਂ ਲੜਾਈ ਲੜੇ ਤੇ ਸ਼ਾਹ ਮੁਹੰਮਦ ਨੇ ਉਹਨਾਂ ਦੀ ਪ੍ਰਸੰਸਾ ਵੀ ਕੀਤੀ ਹੈ ਪਰ ਸਮੁੱਚੇ ਤੌਰ 'ਤੇ ਇਹ ਵਾਰ ਪੰਜਾਬੀਆਂ ਦੇ ਖੁੱਸ ਚੁੱਕੇ ਰਾਜ ਵਾਸਤੇ ਲਿਆ ਇੱਕ ਹਉਕਾ ਹੀ ਹੈ। ਸ਼ਾਹ ਮੁਹੰਮਦ ਨੇ ਸਿੱਖ ਫ਼ੌਜ ਨੂੰ ਕਈ ਥਾਂਈਂ ਲਾਹਨਤਾਂ ਵੀ ਪਾਈਆਂ ਹਨ:

ਸੁਖੀ ਵੱਸਦਾ ਸ਼ਹਿਰ ਲਾਹੌਰ ਸਾਰਾ ਸਗੋਂ ਕੁੰਜੀਆਂ ਹੱਥ ਫੜਾਇ ਆਏ।
ਸ਼ਾਹ ਮੁਹੰਮਦਾ ਕਹਿੰਦੇ ਨੇ ਲੋਕ ਸਿੰਘ ਜੀ ਤੁਸੀਂ ਚੰਗੀਆਂ ਪੂਰੀਆਂ ਪਾਇ ਆਇ।

ਪਰ ਸ਼ਾਹ ਮੁਹੰਮਦ ਇੱਕ ਦੇਸ-ਭਗਤ ਕਵੀ ਸੀ। ਉਸ ਨੇ ਹਿੰਦੂਆਂ-ਮੁਸਲਮਾਨਾਂ ਦੀ ਸਾਂਝ, ਪੰਜਾਬੀਆਂ ਦੀ ਬਹਾਦਰੀ ਤੇ ਮਹਾਰਾਜਾ ਰਣਜੀਤ ਸਿੰਘ ਦੀ ਤਾਰੀਫ਼ ਬੜੀ ਜ਼ੋਰਦਾਰ ਸ਼ਬਦਾਵਲੀ ਵਿੱਚ ਕੀਤੀ ਹੈ। ਅੰਗਰੇਜ਼ਾਂ ਨੂੰ ਉਹ ਪੰਜਾਬ ਦੀ ਏਕਤਾ ਦੇ ਸਿਰ 'ਤੇ ਖ਼ਤਰਾ ਸਮਝਦਾ ਹੋਇਆ ਲਿਖਦਾ ਹੈ:



Downloaded from https:// www.studiestoday.com

Downloaded from https:// www.studiestoday.com

ਰਾਜ਼ੀ ਬਹੁਤ ਰਹਿੰਦੇ ਮੁਸਲਮਾਨ ਹਿੰਦੂ,
ਸਿਰ ਦੋਹਾਂ ਦੇ ਉੱਤੇ ਅਫ਼ਾਤ ਆਈ।
ਸ਼ਾਹ ਮੁਹੰਮਦਾ ਵਿੱਚ ਪੰਜਾਬ ਦੇ ਜੀ,
ਕਦੇ ਨਹੀਂ ਸੀ ਤੀਸਰੀ ਜ਼ਾਤ ਆਈ।

ਸ਼ਾਹ ਮੁਹੰਮਦ ਦੀ ਇਤਿਹਾਸਿਕ ਸੂਝ ਵੀ ਬੜੀ ਕਮਾਲ ਦੀ ਹੈ। ਉਸਨੇ ਸਿੱਖ ਰਾਜ ਦੇ ਖ਼ਾਤਮੇ ਦਾ ਜ਼ੁੰਮੇਵਾਰ ਮਹਾਰਾਜਾ ਰਣਜੀਤ ਸਿੰਘ ਦੇ ਵਾਰਸਾਂ ਦੀ ਫੁੱਟ, ਡੋਗਰੇ ਭਰਾਵਾਂ ਦੀ ਗ਼ੱਦਾਰੀ, ਵਜ਼ੀਰਾਂ, ਅਹਿਲਕਾਰਾਂ ਦੇ ਲੋਭ ਤੇ ਫ਼ੌਜ ਦੀ ਬੁਰਛਾਗਰਦੀ ਨੂੰ ਠਹਿਰਾਇਆ ਹੈ ਜੋ ਕਿ ਇਤਿਹਾਸਿਕ ਤੌਰ 'ਤੇ ਠੀਕ ਹੈ।

**ਕਾਵਿ-ਗੁਣ—** ਇਹ ਰਚਨਾ ਬੈਂਤ ਛੰਦ ਵਿੱਚ ਲਿਖੀ ਗਈ ਹੈ। ਇਸੇ ਲਈ ਕਈ ਵਾਰੀ ਇਸ ਨੂੰ ਕਿੱਸਾ ਵੀ ਕਹਿ ਲਿਆ ਜਾਂਦਾ ਹੈ ਕਿਉਂਕਿ ਬੈਂਤ ਛੰਦ ਦੀ ਵਰਤੋਂ ਆਮ ਤੌਰ 'ਤੇ ਕਿੱਸੇ ਲਈ ਕੀਤੀ ਜਾਂਦੀ ਰਹੀ ਹੈ। ਸ਼ਾਹ ਮੁਹੰਮਦ ਦੀ ਬੋਲੀ ਕੇਂਦਰੀ ਪੰਜਾਬੀ ਹੈ ਤੇ ਅਜੋਕੀ ਬੋਲੀ ਦੇ ਵਧੇਰੇ ਨੇੜੇ ਹੈ। ਸ਼ਾਹ ਮੁਹੰਮਦ ਪੰਜਾਬੀ ਦਾ ਪਹਿਲਾ ਕਵੀ ਹੈ, ਜਿਸ ਨੇ ਅੰਗਰੇਜ਼ੀ ਭਾਸ਼ਾ ਦੇ ਸ਼ਬਦ ਪੰਜਾਬੀ ਕਵਿਤਾ ਵਿੱਚ ਲਿਆਂਦੇ, ਜਿਵੇਂ : ਪਲਟਨ, ਲਾਟ, ਕੌਂਸਲ, ਕੰਪਨੀ ਆਦਿ।

ਇਸ ਰਚਨਾ ਦਾ ਸਮੁੱਚਾ ਪ੍ਰਭਾਵ ਕਰੁਣਾਤਮਿਕ ਹੈ ਤੇ ਇਹ ਪੰਜਾਬੀ ਮਨਾਂ ਨੂੰ ਪ੍ਰਭਾਵਿਤ ਕਰਦੀ ਹੈ।

## ਅਭਿਆਸ

1. ਪੰਜਾਬੀ ਬੀਰ-ਕਾਵਿ ਧਾਰਾ ਦੀਆਂ ਪ੍ਰਾਪਤੀਆਂ ਸੰਬੰਧੀ ਸੰਖੇਪ ਵਿੱਚ ਲਿਖੋ।
2. 'ਚੰਡੀ ਦੀ ਵਾਰ' ਉੱਤੇ ਨੋਟ ਲਿਖੋ।
3. 'ਜੰਗਨਾਮਾ ਸ਼ਾਹ ਮੁਹੰਮਦ' ਜਾਂ 'ਵਾਰ ਨਾਦਰਸ਼ਾਹ' ਦੇ ਕਾਵਿਕ ਗੁਣਾਂ ਦਾ ਵਰਨਣ ਕਰਦੇ ਹੋਏ ਸੰਖੇਪ ਜਾਣਕਾਰੀ ਦਿਓ।

*****



Downloaded from https:// www.studiestoday.com